
# ਪੁਆਧ ਕੀਆਂ ਝਲਕਾਂ

ਪਰਾਗਾ ਤੀਜਾ

ਸੰਪਾਦਕ

ਮਨਮੋਹਨ ਸਿੰਘ ਦਾਊਂ



# ਪੁਆਧ ਕੀਆਂ ਝਲਕਾਂ

(ਖੋਜ-ਪੁਸਤਕ)

300/-

## ਮਨਮੋਹਨ ਸਿੰਘ ਦਾਊਂ ਦੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ

| | | |
|---|---|---|
| 1. ਖ਼ਾਮੋਸ਼ ਚਸ਼ਮਾ | 1971 | |
| 2. ਦਰਦ ਸੰਗ ਦੋਸਤੀ | 1975 | |
| 3. ਮਿੱਟੀ ਦਾ ਰੁਦਨ | 1986 | |
| 4. ਰਾਤਾਂ ਪ੍ਰਭਾਤਾਂ | 1988 | |
| 5. ਅਗੰਮ ਅਗੋਚਰ | 2003 | |
| 6. ਸ਼ਾਇਰੀ ਦਾ ਸਰਵਰ | 2007 | |
| 7. ਸ਼ਾਇਰੀ ਸਾਗਰ | 2011 | (ਇਨਾਮੀ) |
| 8. ਉਦਾਸੀਆਂ ਦਾ ਬੂਹਾ : ਸੁਲਖਣੀ | 2014 | |
| 9. ਪੰਛੀ ਬਿਰਖ ਸੁਹਾਵੜਾ | 2016 | (ਇਨਾਮੀ) |
| 10. ਤਿੱਪ ਤੇ ਕਾਇਨਾਤ | 2018 | |
| 11. ਚਾਨਣ ਦੀ ਪੈੜ | 2019 | |
| 12. ਸਮਿਆਂ ਦੇ ਨਾਇਕ | 2020 | |

# ਪੁਆਧ ਕੀਆਂ ਝਲਕਾਂ
## ਪਰਾਗਾ ਤੀਜਾ

(ਖੋਜ-ਪੁਸਤਕ)

ਸੰਪਾਦਕ
ਮਨਮੋਹਨ ਸਿੰਘ ਦਾਊਂ

**Puadh Keian Jalkaan (III Volume)**
(A Reserach Book)
Discription Fiction
**Edited by : Manmohan Singh Daon**
# 280 Phase 6
S.A.S. Nagar Mohali (Punjab)-160055
Mob. 9815123900
Mail : m.s.daonpoet@gmail.com

2021
Published by Lokgeet Parkashan
printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

© *2021*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਪੰਜਾਬੀ ਮਾਂ-ਬੋਲੀ ਦੇ ਹਿਤੈਸ਼ੀ
ਮਾਨਯੋਗ
**ਸ. ਮੋਤਾ ਸਿੰਘ ਸਰਾਏ, ਐਡਵੋਕੇਟ**
ਸੰਚਾਲਕ
ਯੂਰਪੀਨ ਪੰਜਾਬੀ ਸੱਥ ਵਾਲਸਾਲ (ਯੂ.ਕੇ.)

## ਮਨਮੋਹਨ ਸਿੰਘ ਦਾਊਂ ਦਾ ਪੁਆਧ ਬਾਰੇ ਸੰਪਾਦਿਤ ਅਤੇ ਖੋਜ-ਕਾਰਜ

1. ਪੁਆਧ ਦਰਪਣ (ਅਤੀਤ ਦੇ ਝਰੋਖੇ ਥੀਂ) ਖੋਜ-ਪੁਸਤਕ
   (ਪਰਾਗਾ ਪਹਿਲਾ) (ਸੰਪਾਦਿਤ) 2006
2. ਮੇਰਾ ਪੁਆਧ (ਸੰਪਾਦਿਤ)
   ਲੇਖਕ ਡਾ: ਐਸ.ਐਸ.ਕਿਸ਼ਨਪੁਰੀ
3. ਕਥਾ ਪੁਰਾਤਨ ਪੁਆਧ ਕੀ (ਸੰਪਾਦਿਤ)
   ਲੇਖਕ : ਗਿਆਨੀ ਧਰਮ ਸਿੰਘ ਭੰਖਰਪੁਰ
4. ਧਰਤ ਪੁਆਧ (ਸੰਪਾਦਿਤ) 2016
   (ਪਰਾਗਾ ਦੂਜਾ)
5. ਨਿਰਾਲੀ ਚਮਕ (ਸੰਪਾਦਿਤ) 2017
   ਲੇਖਕ : ਗਿਆਨੀ ਰਤਨ ਸਿੰਘ ਸਹੌੜਾਂ ਵਾਲਾ
6. ਨੂਰੀ ਦਰ ਦਾ ਰਹੱਸ (ਸੰਪਾਦਿਤ)
   ਲੇਖਕ : ਗਿਆਨੀ ਰਤਨ ਸਿੰਘ ਸਹੌੜਾਂ ਵਾਲਾ
7. ਨਵਤੇਜ ਪੁਆਧੀ ਦੀਆਂ ਕੁੱਲ ਕਹਾਣੀਆਂ
   (ਸੰਪਾਦਿਤ) 2018
8. ਕਹਾਣੀਕਾਰ ਨਵਤੇਜ ਪੁਆਧੀ : ਜੀਵਨ ਤੇ ਰਚਨਾ
   (ਸੰਪਾਦਿਤ) 2018
9. ਚੰਡੀਗੜ੍ਹ, ਲੋਪ ਕੀਤੇ ਪੁਆਧੀ ਪਿੰਡ
10 ਸੱਤ ਸਾਦਿਕ (ਸੰਪਾਦਿਤ)
   ਲੇਖਕ : ਗੁਰਬਖ਼ਸ਼ ਸਿੰਘ ਕੇਸਰੀ
11 ਪੁਆਧ ਦੇ ਜੰਮੇ-ਜਾਏ
   (ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਪ੍ਰਕਾਸ਼ਿਤ) 2020
12 ਪੁਆਧ ਤੇ ਪੁਆਧ ਦੇ ਲੇਖਕਾਂ 'ਤੇ ਖੋਜ ਕਾਰਜ :
   ਸੰਦਰਭ ਕੋਸ਼-2020

# ਪ੍ਰਾਕਥਨ

ਪੁਆਧ ਖੇਤਰ ਹਰ ਪੱਖੋਂ ਪਛੜਿਆ ਰਿਹਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਭਾਰਤ ਦੀ ਅਜ਼ਾਦੀ (1947) ਤੋਂ ਪਹਿਲਾਂ ਪੁਆਧ ਖਿੱਤਾ ਬਹੁਤ ਵੱਡਾ ਭੂ-ਖੰਡ ਹੁੰਦਾ ਸੀ। ਰਾਜਸੀ-ਚੇਤਨਾ ਤੋਂ ਅਣਭਿੱਜ ਹੋਣ ਕਾਰਨ, ਇਸ ਖੇਤਰ ਬਾਰੇ ਬਹੁਤ ਘੱਟ ਜ਼ਿਕਰ ਹੋਇਆ ਹੈ। ਅੰਗਰੇਜ਼ੀ-ਕਾਲ ਸਮੇਂ ਬਰਤਾਨਵੀਂ-ਹਕੂਮਤ ਨੇ ਜਦੋਂ ਮਹਾਂ-ਪੰਜਾਬ 'ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਇਸ ਖੇਤਰ ਨੂੰ ਆਪਣੀ ਪ੍ਰਸ਼ਾਸਨੀ-ਨੀਤੀ ਅਧੀਨ ਰੱਖਣ ਲਈ ਰਾਜੇ, ਮਹਾਰਾਜਿਆਂ ਅਤੇ ਸਰਦਾਰਾਂ ਨੂੰ ਹੱਕ-ਹਕੂਕ ਦੇ ਕੇ ਲੋਕ-ਅਵਾਜ਼ ਨੂੰ ਦਬਾਈ ਰੱਖਿਆ ਜਿਸ ਕਾਰਨ ਇੱਥੋਂ ਦੀ ਸੰਸਕ੍ਰਿਤੀ, ਸਭਿਆਚਾਰ, ਉਪ-ਭਾਸ਼ਾ, ਸਾਹਿਤ ਨੂੰ ਵਿਗਸਣ ਤੇ ਮੌਲਣ ਦਾ ਅਵਸਰ ਨਹੀਂ ਮਿਲਿਆ। ਕੇਵਲ ਮਹਾਰਾਜਾ ਪਟਿਆਲਾ ਦੀ ਰਿਆਸਤ ਵਿਚ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਉਚੇਚੇ ਜਤਨ ਕੀਤੇ ਗਏ ਜਿਸ ਦਾ ਵੱਡਾ ਪ੍ਰਮਾਣ ਭਾਈ ਕਾਨ੍ਹ ਸਿੰਘ ਨਾਭਾ ਦੀ ਸਰਵੋਤਮ ਰਚਨਾ 'ਮਹਾਨ ਕੋਸ਼' ਹੈ। ਪੰਜਾਬੀ ਮਹਿਕਮਾ ਰਿਆਸਤ ਪਟਿਆਲਾ 'ਚ ਹੀ ਉਦਭਵ ਹੋਇਆ।

ਉਦੋਂ ਜ਼ਿਲ੍ਹਾ ਅੰਬਾਲਾ ਪੁਆਧ ਖੇਤਰ ਦਾ ਸਭ ਤੋਂ ਵੱਡਾ ਜ਼ਿਲ੍ਹਾ ਹੁੰਦਾ ਸੀ ਤੇ ਪੁਆਧ ਦਾ ਕੇਂਦਰ ਮੰਨਿਆ ਜਾਂਦਾ ਸੀ। ਇਸ ਜ਼ਿਲ੍ਹੇ ਵਿੱਚ ਖਰੜ ਤਹਿਸੀਲ ਸਭ ਤੋਂ ਵੱਡੇ ਖੇਤਰ ਵਾਲੀ ਹੁੰਦੀ ਸੀ। ਅਜ਼ਾਦੀ ਤੋਂ ਬਾਅਦ ਦਰਿਆ ਸਤਲੁਜ 'ਤੇ ਭਾਖੜਾ ਡੈਮ ਬਣਨਾ, ਸਰਹਿੰਦ ਨਹਿਰ ਦਾ ਨਿਕਲਣਾ, ਪੰਜਾਬ ਦੀ ਰਾਜਧਾਨੀ ਬਣਾਉਣ ਲਈ ਚੰਡੀਗੜ੍ਹ ਵਸਾਉਣ ਲਈ ਪੁਆਧ ਦੇ ਪੰਜਾਹ ਪਿੰਡਾਂ ਨੂੰ ਉਜਾੜਨਾ, ਕੁਝ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਦੇ ਫਲ ਸਰੂਪ ਪੁਆਧ ਦਾ ਪੁਰਾਣਾ ਮੁਹਾਂਦਰਾ ਬਦਲਣਾ ਸ਼ੁਰੂ ਹੋਇਆ।

1966 'ਚ ਪੰਜਾਬੀ ਸੂਬਾ ਬਣਨ ਨਾਲ, ਇਸ ਖੇਤਰ ਦਾ ਨਕਸ਼ਾ ਹੀ ਬਦਲ ਗਿਆ। ਕਿੱਥੇ ਮਹਾਂ-ਪੰਜਾਬ ਕਦੇ ਲਹਿੰਦੇ ਪੰਜਾਬ ਤੋਂ ਲੈ ਕੇ ਚੜ੍ਹਦੇ ਪੰਜਾਬ ਦਿੱਲੀ ਦੀਆਂ ਜੂਹਾਂ ਨੂੰ ਛੋਂਹਦਾ ਸੀ। ਇਸੇ ਕਰ ਕੇ ਪੰਜਾਬ ਦੇ ਪੂਰਬ-ਅਰਧ ਦਾ ਨਾਂ ਬਦਲਦਾ ਹੋਇਆ ਪੁਆਧ ਬਣ ਗਿਆ ਜਿਸ ਨੂੰ Eastern Part of the Great Punjab ਕਰ ਕੇ ਮੰਨਿਆ ਜਾਂਦਾ ਸੀ।

1966 ਦੀ ਭਾਸ਼ਾਈ ਵੰਡ ਨੇ ਪੰਜਾਬ 'ਚੋਂ ਯੂ.ਟੀ. ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੋਂਦ ਵਿੱਚ ਲਿਆਂਦੇ ਤੇ ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਹੱਥੋਂ ਖੋਹ ਲਏ ਗਏ। ਇਸ ਲਈ ਪੁਆਧ-ਖੇਤਰ ਦੀ ਭੂਗੋਲਿਕ ਰੂਪ-ਰੇਖਾ ਹੀ ਬਦਲ ਗਈ। ਅਜ਼ਾਦੀ ਤੋਂ ਬਾਅਦ ਸਭ ਤੋਂ ਵੱਧ ਮਾਰ ਪੁਆਧ ਖੇਤਰ ਨੂੰ ਝੱਲਣੀ ਪਈ। ਪੁਆਧੀ ਭਾਸ਼ਾਈ ਖੇਤਰ ਚਾਰ ਟੁਕੜਿਆਂ ਵਿੱਚ ਵੰਡਿਆ ਗਿਆ।

**ਮਨਮੋਹਨ ਸਿੰਘ ਦਾਊਂ**
ਮੁਖੀ, ਪੁਆਧੀ ਪੰਜਾਬੀ ਸੱਥ ਮੁਹਾਲੀ
ਮੋਬਾ. 9815123900

## ਤਤਕਰਾ


- ਪ੍ਰਕਾਥਨ

### ਖੰਡ - ਪਹਿਲਾ

1. 'ਪੁਆਧ ਕੀਆਂ ਝਲਕਾਂ' ਦੇ ਪ੍ਰਸੰਗ 'ਚ 15
 *- ਮਨਮੋਹਨ ਸਿੰਘ ਦਾਊਂ*
2. ਬਾਤਾਂ ਦੇਸ ਪੁਆਧ ਦੀਆਂ 20
 *- ਡਾ. ਨਿਰਮਲ ਸਿੰਘ (ਲਾਂਬੜਾ) ਜਲੰਧਰ*
3. ਪੰਜਾਬੀ ਪੀਡੀਆ ਰਾਹੀਂ ਪੁਆਧੀ ਬਾਰੇ ਜਾਣਕਾਰੀ 24
 *- ਪੰਜਾਬੀ ਯੂਨੀਵਰਸਿਟੀ, ਪਟਿਆਲਾ*
4. ਪੁਆਧ ਦੀਆਂ ਲੋਪ ਹੋ ਰਹੀਆਂ ਲੋਕ-ਕਹਾਣੀਆਂ 28
 *- ਪ੍ਰੋ. ਰਾਕੇਸ਼ ਕੁਮਾਰ*
5. ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚਲੇ ਵਖਰੇਵੇਂ 33
 *- ਡਾ. ਅਮਨਦੀਪ ਕੌਰ*
6. ਪੁਆਧੀ ਦੀ ਧੁਨੀ ਵਿਉਂਤ 47
 *- ਜਗਰੂਪ ਸਿੰਘ ਜਗਰਾਉਂ*
7. ਪੁਆਧੀ ਲੋਕ-ਗੀਤਾਂ 'ਚ ਜਨ-ਜੀਵਨ ਦੀ ਝਲਕ 59
 *- ਸੁਖਦੇਵ ਮਾਦਪੁਰੀ*
8. ਉਪ-ਬੋਲੀ ਪੁਆਧੀ ਤੇ ਇਸ ਦੀ ਸੰਭਾਲ 64
 *- ਗੁਰਪ੍ਰੀਤ ਸਿੰਘ ਅੰਟਾਲ*
9. ਪੁਂਆਧੀ ਕਵੀਸ਼ਰੀ ਪਰੰਪਰਾ 67
 *- ਪ੍ਰੋ. ਅਤੈ ਸਿੰਘ*
10 ਪੁਆਧ ਅਤੇ ਪੁਆਧੀ ਨਾਲ ਸਬੰਧਤ ਖੋਜ ਪੁਸਤਕਾਂ 74
 *- ਡਾ. ਅਮਨਦੀਪ ਕੌਰ*
11 ਜਪੁਜੀ ਸਾਹਿਬ 'ਚ ਪੁਆਧੀ-ਸ਼ਬਦ ਪ੍ਰਯੋਜਨ-ਇਕ ਸਰਵੇਖਣ 78
 *- ਦਲਜੀਤ ਕੌਰ ਦਾਊਂ*
12 ਲੋਪ ਹੋ ਰਹੀ ਪੁਆਧੀ ਲੋਕ-ਕਲਾ : ਪੱਤਲ 83
 *- ਦਿਨੇਸ਼ ਕੁਮਾਰ*
13 ਪੁਆਧ ਦੀਆਂ ਜਲਗਾਹਾਂ 86
 *- ਡਾ. ਜਗੀਰ ਸਿੰਘ ਢੇਸਾ*

## ਖੰਡ - ਦੂਜਾ


- ਪੁਆਧ ਦੇ ਕਿਲ੍ਹਿਆਂ ਦੇ ਖੰਡਰਾਂ 'ਚੋਂ ਬੋਲਦਾ ਇਤਿਹਾਸ

1. ਪਿੰਡ ਬੜੈਲ ਦਾ ਇਤਿਹਾਸਕ ਕਿਲ੍ਹਾ 90
*- ਕਸ਼ਮੀਰ ਕੌਰ ਸੰਧੂ*
2. ਪਿੰਡ ਮਨੌਲੀ ਦੇ ਕਿਲ੍ਹੇ ਦੇ ਬੋਲਦੇ ਖੰਡਰ 93
*- ਸੁਖਵਿੰਦਰਜੀਤ ਸਿੰਘ ਮਨੌਲੀ*
3. ਸਿੱਖ ਇਤਿਹਾਸ ਦੀ ਵਿਰਾਸਤ ਕੋਟਲਾ ਨਿਹੰਗ ਦਾ ਕਿਲ੍ਹਾ 96
*- ਡਾ. ਰਾਜਿੰਦਰ ਸਿੰਘ ਕੁਰਾਲੀ*
4. ਕਿਲ੍ਹਾ ਭਰਤਗੜ੍ਹ : ਅਤੀਤ ਤੇ ਵਰਤਮਾਨ 101
*- ਪ੍ਰੋ. ਸੁਖਵਿੰਦਰ ਸਿੰਘ*
5. ਕਿਲ੍ਹਾ ਰਾਮਗੜ੍ਹ ਦੀ ਰੋਚਿਕ ਕਹਾਣੀ 105
*- ਗਿ. ਧਰਮ ਸਿੰਘ ਭੰਖਰਪੁਰ*
6. ਖਰੜ ਦੇ ਲੋਪ ਹੋਏ ਕਿਲ੍ਹੇ ਦੀ ਦਾਸਤਾਨ 110
*- ਹਰਬੰਸ ਸੋਢੀ*
7. ਪਿੰਡ ਖੇੜਾ ਦਾ ਖੰਡਰ ਹੋਇਆ ਕਿਲ੍ਹਾ 114
*- ਮਨਮੋਹਨ ਸਿੰਘ ਦਾਊਂ*
8. ਸੂਰਜਗੜ੍ਹ ਕਿਲ੍ਹਾ ਮਨੀਮਾਜਰਾ 117
*- ਉੱਤਮਵੀਰ ਸਿੰਘ ਦਾਊਂ*
9. ਕਿਲ੍ਹਾ ਸੁਹਾਣਾ ਦੀ ਦਾਸਤਾਨ 119
*- ਕੇਸਰ ਸਿੰਘ ਬੈਦਵਾਨ*
10. ਕਿਲ੍ਹਾ ਬੇਲਾ ਦੀ ਥਾਂ ਉਸਰੇ ਸਿੱਖਿਆ ਅਦਾਰੇ 121
*- ਪ੍ਰੋ. ਹਰਪ੍ਰੀਤ ਸਿੰਘ ਭਿਓਰਾ*
11. ਕਿਲ੍ਹਾ ਮਨੌਲੀ ਸਿੱਖ ਮਿਸਲ ਦੀ ਜਿੱਤ 123
*- ਪ੍ਰੋ. ਸਤਵੀਰ ਕੌਰ*
12. ਕਿਲ੍ਹਾ ਫਤਿਹਪੁਰ ਦੇ ਲੋਪ ਹੋਣ ਦੀ ਦਾਸਤਾਨ 126
*- ਡਾ. ਰਾਜਿੰਦਰ ਸਿੰਘ ਕੁਰਾਲੀ*
13. ਅਣਗੌਲਿਆ ਇਤਿਹਾਸ-ਤਿੰਨ ਕਿਲ੍ਹੇ : ਭੰਖਰਪੁਰ, ਬਸੀ ਤੇ ਡੇਰਾ 127
*- ਗਿ. ਧਰਮ ਸਿੰਘ ਭੰਖਰਪੁਰ*
14. ਇਤਿਹਾਸਕ ਕਿਲ੍ਹਾ ਠਰਵਾ 131
*- ਗਿ. ਜੁਝਾਰ ਸਿੰਘ ਅਜ਼ਾਦ*

## ਖੰਡ - ਤੀਜਾ

- ਬਾਤਾਂ ਪਾਉਂਦੇ ਪੁਆਧ ਦੇ ਕੁਝ ਪਿੰਡ/ਨਗਰ/ਸ਼ਹਿਰ
  (ਇਤਿਹਾਸਕ-ਝਰੋਖਾ)


1. ਸ਼ਿਵਾਲਿਕ ਪਹਾੜੀਆਂ ਦੀ ਝਾਂਜਰ-ਨੰਗਲ 135
   - *ਅਭੀ ਰਾਣਾ*
2. ਮਾਣਕਪੁਰ ਸ਼ਰੀਫ਼ ਦੀ ਇਤਿਹਾਸਕ ਦਰਗਾਹ 138
   - *ਜਗਦੀਪ ਸਿੰਘ ਬੈਦਵਾਨ*
3. ਮੁੱਲਾਂਪੁਰ ਗਰੀਬਦਾਸ ਦਾ ਇਤਿਹਾਸਕ ਝਰੋਖਾ 139
   - *ਮਲਕੀਤ ਸਿੰਘ ਔਜਲਾ*
4. ਮਨੀਮਾਜਰਾ ਦਾ ਇਤਿਹਾਸਕ ਪਿਛੋਕੜ-ਇੱਕ ਝਾਤ 150
   - *ਇੰਜ. ਜਸਵੀਰ ਸਿੰਘ*
5. ਪਿੰਡ ਬੰਨ੍ਹ ਮਾਜਰਾ ਪ੍ਰਾਪਤੀਆਂ ਦਾ ਇਤਿਹਾਸ 155
   - *ਮਨਮੋਹਨ ਸਿੰਘ ਦਾਊਂ*
6. ਮਹਾਂ ਢਾਬ ਵਾਲਾ ਪਿੰਡ ਮੋਟੇਮਾਜਰਾ 158
   - *ਮਨਮੋਹਨ ਸਿੰਘ ਦਾਊਂ*
7. ਮੈਂ ਸਤਲੁਜ ਬੋਲਦਾਂ 161
   - *ਸਰੂਪ ਸਿਆਲਵੀ*
8. ਪਿੰਡ ਖਿਜਰਾਬਾਦ ਦੀ ਵਿਲੱਖਣਤਾ 173
   - *ਸੁਖਜਿੰਦਰ ਸੋਢੀ ਮਾਜਰੀ*
9. ਭਾਖੜਾ ਡੈਮ ਦੀ ਦਿਲਚਸਪ ਕਹਾਣੀ 178
   - *ਪ੍ਰੋ. ਬਸੰਤ ਸਿੰਘ ਬਰਾੜ*

10 ਮਿੱਟੀ ਦੇ ਭਾਂਡੇ ਬਣਾਉਂਦਾ ਪਿੰਡ ਕੰਬਾਲਾ 185
   - *ਸੁਖਵਿੰਦਰਜੀਤ ਸਿੰਘ ਮਨੌਲੀ*

11 ਨਵੀਨ ਭਾਰਤ ਦਾ ਆਧੁਨਿਕ ਮੰਦਰ ਭਾਖੜਾ ਡੈਮ 188
   - *ਗੁਰਨਾਮ ਸਿੰਘ ਭੱਲੜੀ*

12 ਪਿੰਡ ਅਧਰੇੜਾ ਜਿੱਥੇ ਇੱਕੋ ਵਿਹੜਾ 192
   - *ਪ੍ਰਿੰ. ਬਹਾਦਰ ਸਿੰਘ ਗੋਸਲ*

13 ਅੰਬਾਂ ਵਾਲਾ ਪਿੰਡ : ਅੱਲਾਪੁਰ 196
   - *ਪ੍ਰਿੰ. ਬਹਾਦਰ ਸਿੰਘ ਗੋਸਲ*

14 ਮੀਰਖਾਨ ਨੇ ਵਸਾਇਆ ਪਿੰਡ ਖਾਨਪੁਰ (ਖਰੜ) 199
- *ਪ੍ਰਿੰ. ਬਹਾਦਰ ਸਿੰਘ ਗੋਸਲ*
15 ਕਬੂਲਪੁਰ-ਹਸਨਪੁਰ ਦਾ ਮੇਲਾ 202
- *ਗੁਰਮੋਹਨ ਸਿੰਘ ਸੰਧਾਰਸੀ*
16 ਸੰਧਾਰਸੀ ਦਾ ਮੇਲਾ 206
- *ਗੁਰਮੋਹਨ ਸਿੰਘ ਸੰਧਾਰਸੀ*
17 ਘਾੜ ਦਾ ਪਿੰਡ ਹਿਰਦਾਪੁਰ 210
- *ਮਨਮੋਹਨ ਸਿੰਘ ਦਾਊਂ*
18 ਪਿੰਡ ਭੰਖਰਪੁਰ ਦਾ ਅਤੀਤ ਤੇ ਵਰਤਮਾਨ 213
- *ਅਤਰ ਸਿੰਘ*
19 ਫਤਿਹਪੁਰ ਥੇੜੀ ਆਦਰਸ਼ਕ ਪਿੰਡ 216
- *ਮਨਮੋਹਨ ਸਿੰਘ ਦਾਊਂ*
20 ਮਾਂ-ਬੋਲੀ ਨੂੰ ਪ੍ਰਣਾਇਆ! ਪਿੰਡ ਸਾਰੰਗਪੁਰ 219
- *ਮਨਮੋਹਨ ਸਿੰਘ ਦਾਊਂ*

## ਖੰਡ - ਚੌਥਾ

- ਪੁਆਧ ਦੀਆਂ ਕੁਝ ਪ੍ਰਮੁੱਖ ਸ਼ਖ਼ਸੀਅਤਾਂ

1. ਮਹਾਂ ਵਿੱਦਿਆ ਦਾਨੀ (ਸਰ) ਇੰਦਰਾ ਸਿੰਘ 223
- *ਮਨਮੋਹਨ ਸਿੰਘ ਦਾਊਂ*
2. ਪ੍ਰੋ. ਲਖਮੀਰ ਸਿੰਘ ਅੰਗਰੇਜ਼ੀ ਪ੍ਰੋਫੈਸਰ/ਲੇਖਕ 226
- *ਡਾ. ਬਲਜੀਤ ਸਿੰਘ*
3. ਉੱਘੇ ਸਮਾਜ-ਸੇਵੀ ਸੁੱਚਾ ਸਿੰਘ ਐਡਵੋਕੇਟ 229
- *ਡਾ. ਗੁਰਬਚਨ ਸਿੰਘ ਮਾਵੀ*
4. ਪੁਆਧੀ ਕਵੀਸ਼ਰ: ਨੱਥਾ ਸਿੰਘ ਨਰੜ 234
- *ਮਨਦੀਪ ਸਿੰਘ*
5. ਘੜਾਮ ਦੇ ਭੀਖਣ ਸ਼ਾਹ ਮੀਰਾਂ ਜੀ 237
- *ਜਗਦੀਸ਼ ਸਿੰਘ ਸੋਹਲ*
6. ਕਰਨਲ ਅੱਛਰਾ ਸਿੰਘ ਦੀ ਯਾਦ ਚਟੌਲੀ ਰੇਲਵੇ ਸਟੇਸ਼ਨ 242
- *ਮਨਮੋਹਨ ਸਿੰਘ ਦਾਊਂ*

7. ਜੀਵਨ ਸੰਕਲਪਾਂ ਦਾ ਨਿਬੰਧਕਾਰ-ਡਾ. ਕਰਨੈਲ ਸਿੰਘ ਸੋਮਲ 246
*- ਮਨਮੋਹਨ ਸਿੰਘ ਦਾਊਂ*
8. ਅਜ਼ਾਦੀ ਘੁਲਾਟੀਆ ਪ੍ਰਤਾਪ ਸਿੰਘ ਬੈਦਵਾਨ 251
*- ਕਮਲਪ੍ਰੀਤ ਕੌਰ*

## ਖੰਡ - ਪੰਜਵਾਂ

- **ਪੁਆਧੀ ਵਾਰਤਕ ਰੰਗ ਵਾਲੀਆਂ ਤੇ ਪੁਆਧ ਬਾਰੇ ਕਾਵਿ-ਰਚਨਾਵਾਂ**

1. ਸ਼ੇਰਨੀ ਦਾ ਦੁੱਧ-ਸੋਨੇ ਦਾ ਕਟੋਰਾ 255
*- ਗਿ. ਧਰਮ ਸਿੰਘ ਭੰਖਰਪੁਰ*
2. ਪੁਆਧੀ ਕਾ ਮਲਵੈਣ ਗੈਲ ਵਿਆਹ 259
*- ਗੁਰਦੇਵ ਸਿੰਘ ਭੁੱਲਰ*
3. ਹਮੇਂ ਪੁਆਧੀ ਹੋਆਂ 262
*- ਅਰਵਿੰਦਰ ਜੌਹਲ*
4. ਕੁੜਤਾ ਨੌ ਮਹੀਨੇ ਮਾ ਬਣਿਆ- ਨੰਦ ਦਰਜੀ 265
*- ਗਿ. ਰਾਮ ਸਿੰਘ ਨੰਡਿਆਲੀ*
5. ਮਾਰ੍ਹੇ ਪਿੰਡ ਕਾ ਫ਼ੱਕਰ ਬੰਦਾ 266
*- ਉੱਤਮਵੀਰ ਸਿੰਘ ਦਾਊਂ*
6. ਬੂਏ ਕੀ ਸਭਾ 269
*- ਡਾ. ਰਾਜਿੰਦਰ ਸਿੰਘ ਕੰਬੋਜ*
7. ਬੜੈਲ ਨੇ ਝੱਲਿਆ ਸ਼ਹਿਰ ਦਾ ਕਹਿਰ 277
*- ਕਸ਼ਮੀਰ ਕੌਰ ਸੰਧੂ*
8. ਦਾਸਤਾਨਿ-ਪੁਆਧ 279
*- ਮਨਮੋਹਨ ਸਿੰਘ ਦਾਊਂ*

## ਖੰਡ - ਛੇਵਾਂ- ਅੰਤਿਕਾ

1. ਦੁਰਲੱਭ ਲਿਖਤ 283
*- ਕੈਪਟਨ ਧਰਮ ਸਿੰਘ ਬਡਾਲਾ*
2. ਡਾ. ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ 290
*- ਮਨਮੋਹਨ ਸਿੰਘ ਦਾਊਂ*

## ਖੰਡ-ਪਹਿਲਾ

"ਪ੍ਰਸਿੱਧ ਭਾਸ਼ਾ ਵਿਗਿਆਨੀ R.H. Robins ਅਨੁਸਾਰ ਜਦੋਂ ਕਿਸੇ ਉਪਭਾਸ਼ਾਈ ਸਮੂਹ ਦਾ ਜਿਨ੍ਹਾਂ ਵਿੱਚ ਆਪਸੀ ਸਾਂਝ ਨਿੱਗਰ ਹੋਵੇ, ਉਸ ਦਾ ਬਾਕੀ ਉਪਭਾਸ਼ਾਈ ਸਮੂਹਾਂ ਨਾਲੋਂ ਮਾਨਤਾ ਅਤੇ ਮਿਆਰ ਵੱਧ ਜਾਂਦਾ ਹੈ।

ਇਸ ਕਥਨ ਦੇ ਪ੍ਰਸੰਗ ਵਿੱਚ ਪੁਆਧੀ ਭਾਸ਼ਾ ਆਪਣੇ ਖਿੱਤੇ ਦੇ ਸਭਿਆਚਾਰ ਦੀ ਆਂਚਲਿਕਤਾ ਨੂੰ ਸਜੱਗ ਕਰਦੀ ਹੈ।

# 'ਪੁਆਧ ਕੀਆਂ ਝਲਕਾਂ' ਦੇ ਪ੍ਰਸੰਗ 'ਚ

ਪੁਆਧ ਦਾ ਖੇਤਰ ਵੱਡ ਪਸਾਰੀ ਹੈ। ਪੁਰਾਣੇ ਸਮਿਆਂ ਵਿੱਚ ਮਹਾਂ ਪੰਜਾਬ ਦਾ ਇਹ ਪੂਰਬੀ ਅਰਧ ਕਰ ਕੇ ਜਾਣਿਆ ਜਾਂਦਾ ਸੀ। ਪੂਰਬ-ਅਰਧ ਤੋਂ ਇਸ ਦਾ ਨਾਮ ਪੁਆਧ ਬਣਿਆ। ਲੋਕ ਭਾਸ਼ਾ (ਬੋਲੀ) ਪੁਆਧੀ ਅਖਵਾਈ। ਉਡਦੀ ਨਜ਼ਰੇ ਦਰਿਆ ਸਤਲੁੱਜ ਤੋਂ ਉੱਤਰ-ਪੂਰਬ ਨੂੰ ਚਲਦਿਆਂ ਦਰਿਆ ਘੱਗਰ ਲੰਘ ਕੇ ਅੰਬਾਲੇ ਤੋਂ ਅੱਗੇ ਦਿੱਲੀ ਤੋਂ ਉਰਾਂ, ਇਹ ਸਾਰਾ ਖਿੱਤਾ ਪੁਆਧ ਅਖਵਾਉਂਦਾ ਰਿਹਾ ਹੈ। ਭਾਰਤ ਦੀ ਅਜ਼ਾਦੀ 1947 ਤੋਂ ਬਾਅਦ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲਈ, ਪੁਆਧ ਦੇ 50 ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਸ਼ਹਿਰ ਵਸਾਇਆ ਗਿਆ। ਉਜੜਨ ਤੋਂ ਬਚੇ 22 ਪਿੰਡਾ ਨੂੰ ਕੇਂਦਰੀ ਪ੍ਰਸ਼ਾਸਨ ਅਧੀਨ ਯੂ.ਟੀ. ਚੰਡੀਗੜ੍ਹ 'ਚ ਸ਼ਾਮਲ ਕਰ ਲਿਆ ਗਿਆ। ਇਹ ਉਜਾੜੇ ਦਾ ਦੁਖਾਂਤ ਪੁਆਧ ਨੇ ਝੱਲਿਆ। ਪੰਜਾਬੀ ਸੂਬੇ ਦੀ ਮੰਗ ਦੇ ਨਤੀਜੇ ਵੱਜੋਂ 1966 'ਚ ਪੁਆਧ ਦੀ ਵੰਡ ਹੋਈ, ਜਿਸ 'ਚੋਂ ਹਰਿਆਣਾ ਪ੍ਰਾਂਤ ਅਤੇ ਹਿਮਾਚਲ-ਪ੍ਰਾਂਤ ਹੋਂਦ ਵਿੱਚ ਆਏ। ਇੰਜ ਪੁਆਧ ਤਕਸੀਮ -ਦਰ ਤਕਸੀਮ ਚਾਰ ਖੰਡਾਂ ਵਿੱਚ ਵੰਡਿਆ ਗਿਆ। ਹੁਣ ਪੰਜਾਬ ਦਾ ਪੁਆਧ, ਯੂ.ਟੀ. ਚੰਡੀਗੜ੍ਹ ਦਾ ਪੁਆਧ, ਹਰਿਆਣਾ ਪ੍ਰਾਂਤ ਵਾਲਾ ਪੁਆਧ ਤੇ ਕੁੱਝ ਹਿੱਸਾ ਹਿਮਾਚਲ-ਪ੍ਰਾਂਤ ਵਾਲਾ ਪੁਆਧ ਬਣ ਗਿਆ ਹੈ। ਇਨ੍ਹਾਂ ਖਿੱਤਿਆਂ ਵਿੱਚ ਪੁਆਧੀ ਬੋਲੀ ਦੇ ਕਈ ਵੱਖਰੇ-ਵੱਖਰੇ ਰੰਗ ਮੌਜੂਦ ਹਨ ਜਿਨ੍ਹਾਂ ਨੂੰ ਪੁਆਧੀ ਲੋਕ-ਸਾਹਿਤ ਅਤੇ ਲੇਖਕਾਂ ਦੀਆਂ ਰਚਨਾਵਾਂ 'ਚ ਮਾਣਿਆ ਜਾ ਸਕਦਾ ਹੈ। ਇੱਥੇ ਇੱਕ ਗੱਲ ਵਰਨਣ ਕਰਨੀ ਜ਼ਰੂਰੀ ਹੈ ਕਿ ਪੁਆਧ ਦੀ ਜੱਦੀ ਵੱਸੋਂ (ਪੁਸ਼ਤੀਨੀ-ਵਿਰਸਾ) ਨਾਲੋਂ ਇਸ ਖੇਤਰ 'ਚ ਹੋ ਰਿਹਾ ਪ੍ਰੀਵਰਤਨ, ਨਵੀਂ ਵੱਸੋਂ ਕਾਰਨ ਇੱਕ ਨਵੀਂ ਦੁਨੀਆਂ, ਮਿਲਗੋਭਾ ਸਭਿਆਚਾਰ ਤੇ ਜੀਵਨ-ਸ਼ੈਲੀ ਕਾਰਨ ਵੱਖਰਾ ਹੀ ਸੰਸਾਰ ਸਿਰਜਿਆ ਤੇ ਸਥਾਪਤ ਕੀਤਾ ਜਾ ਰਿਹਾ ਹੈ। ਕਾਰਪੋਰੇਟ-ਸਿਸਟਮ ਦਾ ਬੋਲ-ਬਾਲਾ ਵਧ ਰਿਹਾ ਹੈ ਤੇ ਸਰਮਾਏਦਾਰੀ ਬਹੁ-ਮੰਤਵੀਂ ਕੰਪਨੀਆਂ ਦੀ ਭਰਮਾਰ ਨੇ ਮੂਲੋਂ ਹੀ ਪੁਆਧ ਖੇਤਰ ਦਾ ਮੁਹਾਂਦਰਾ ਬਦਲ ਦਿੱਤਾ ਹੈ। ਇਹ ਤਬਦੀਲੀ ਪੂਰੀ ਜ਼ੋਰਾਂ 'ਤੇ ਹੈ। ਪੁਰਾਣਾ ਪੁਆਧ ਗੁਆਚ ਰਿਹਾ ਹੈ ਅਤੇ ਆਧੁਨਿਕ-ਸਭਿਆਚਾਰ ਵਿਗਸ

ਰਿਹਾ ਹੈ। ਤਬਦੀਲੀ ਦੇ ਨਿਯਮ ਕੁਦਰਤੀ ਵੀ ਹਨ ਅਤੇ ਮਨੁੱਖ ਦੇ ਕੀਤੇ ਵੀ ਹਨ।

ਪੁਆਧ ਦਾ ਨਵਾਂ ਬਣਿਆ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਜਿਸ ਨੂੰ ਲੋਕ ਮੁਹਾਲੀ-ਕਹਿੰਦੇ ਹਨ) ਇਸ ਵੇਲੇ ਦੁਨੀਆਂ ਦੇ ਗਲੋਬ 'ਤੇ ਬਹੁਤ ਉੱਘਾ ਹੋ ਗਿਆ ਹੈ। ਇਸ ਜ਼ਿਲ੍ਹੇ ਦੇ ਮੌਜੂਦਾ ਪਿੰਡ ਕਾਰਪੋਰੇਟ ਕੰਪਨੀਆਂ ਤੇ ਸਰਕਾਰ ਦੀਆਂ ਨਵੀਆਂ ਯੋਜਨਾਵਾਂ ਕਾਰਨ ਮਾਰੂ ਪ੍ਰਭਾਵਾਂ 'ਚ ਗ੍ਰਸੇ ਜਾ ਰਹੇ ਹਨ। ਕਈ ਸੰਮੱਸਿਆਵਾਂ ਚਿੰਤਾ ਦਾ ਵਿਸ਼ਾ ਹਨ। ਵਿਰਸਾ ਇਤਿਹਾਸ, ਖੇਤਰੀ ਸਭਿਆਚਾਰ ਤੇ ਭਾਸ਼ਾ ਨੂੰ ਸੰਭਾਲਣ ਲਈ ਜਤਨ ਕਰਨੇ ਜ਼ਰੂਰੀ ਹਨ।

ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ 'ਪੁਆਧ ਦਰਪਣ' (ਪਰਾਗ੍ਹਾ ਪਹਿਲਾ- 2006) ਅਤੇ 'ਧਰਤ ਪੁਆਧ' (ਪਰਾਗਾ ਦੂਜਾ- 2016) ਤੇ ਕੁਝ ਹੋਰ ਪੁਆਧ ਤੇ ਪੁਆਧੀ ਬਾਰੇ ਛਪੀਆਂ ਪੁਸਤਕਾਂ ਦਾ ਪਾਠਕਾਂ, ਲੇਖਕਾਂ, ਸਾਹਿਤਕਾਰਾਂ, ਆਲੋਚਕਾਂ, ਖੋਜਾਰਥੀਆਂ, ਅਕਾਦਮੀਆਂ, ਸਾਹਿਤਕ-ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨੇ ਪ੍ਰਸੰਸਾਮਈ ਹੁੰਗਾਰਾ ਦਿੱਤਾ ਅਤੇ ਖੋਜ-ਕਾਰਜਾਂ ਵੱਲ ਧਿਆਨ ਦਿੱਤਾ, ਜੋ ਅਜੇ ਹੋਰ ਖੋਜ-ਕਾਰਜ ਚੱਲ ਰਹੇ ਹਨ। ਅਜਿਹਾ ਰੁਝਾਨ ਪੁਆਧ ਲਈ ਗੌਰਵਮਈ ਹੈ।

'ਪੁਆਧ ਕੀਆਂ ਝਲਕਾਂ' ਪਰਾਗਾ ਤੀਜਾ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਇੱਕ ਹੋਰ ਪੁਲਾਂਘ ਹੈ। ਇਸ ਹਥਲੀ ਖੋਜ-ਪੁਸਤਕ ਨੂੰ ਛੇ ਖੰਡਾਂ ਵਿੱਚ ਵੰਡਿਆ ਗਿਆ ਹੈ।

**ਖੰਡ ਪਹਿਲਾ :**

ਇਸ ਖੰਡ ਵਿੱਚ ਪੁਆਧੀ ਭਾਸ਼ਾ ਦੀ ਮਹੱਤਤਾ ਦੇ ਪ੍ਰਸੰਗ ਵਿੱਚ ਵੱਖੋ-ਵੱਖ ਵਿਸ਼ਿਆਂ ਰਾਹੀਂ ਜਾਣਕਾਰੀ ਦਿੱਤੀ ਗਈ ਹੈ। ਪੁਆਧ ਖੇਤਰ ਦੀ ਜਾਣਕਾਰੀ ਲਈ ਇੱਥੋਂ ਦੀ ਭਾਸ਼ਾ (ਪੁਆਧੀ) ਨੂੰ ਵਿਆਕਰਣ ਅਤੇ ਲੋਕ-ਜੀਵਨ ਦੀ ਦ੍ਰਿਸ਼ਟੀ ਤੋਂ ਘੋਖਣਾ ਜ਼ਰੂਰੀ ਹੈ। ਆਲੋਚਕਾਂ ਅਤੇ ਖੋਜਾਰਥੀਆਂ ਲਈ ਇਹ ਖੰਡ ਵਿਸ਼ੇਸ਼ ਮਹੱਤਤਾ ਰੱਖਦਾ ਹੈ ਤਾਂ ਜੋ ਇਸ ਪਾਸੇ ਹੋਰ ਤੁਲਨਾਤਮਿਕ ਅਧਿਐਨ ਤੇ ਖੋਜ-ਕਾਰਜ ਹੋ ਸਕੇ। ਭਾਸ਼ਾ ਵਿਗਿਆਨ ਦੇ ਪੱਖੋਂ ਇਹ ਖੋਜ-ਪੱਤਰ (ਰਚਨਾਵਾਂ) ਬਹੁਤ ਮਿਹਨਤ ਤੇ ਮੌਲਿਕਤਾ 'ਤੇ ਆਧਾਰਤ ਹਨ।

**ਖੰਡ ਦੂਜਾ :**

ਕਿਸੇ ਖੇਤਰ ਦੇ ਵਿਰਸੇ ਅਤੇ ਵਿਰਾਸਤ ਨੂੰ ਜਾਣੇ ਬਿਨਾਂ ਵਰਤਮਾਨ ਤੇ ਭਵਿੱਖ ਦੇ ਵਿਕਾਸ ਲਈ ਯੋਜਨਾ ਉਲੀਕੀ ਨਹੀਂ ਜਾ ਸਕਦੀ। ਅਤੀਤ 'ਚੋਂ ਹੀ ਅਗਲੇ ਪੰਧ ਲਈ ਅਗਵਾਈ ਲਈ ਜਾ ਸਕਦੀ ਹੈ। ਤਜਰਬਿਆਂ ਤੋਂ ਹੀ ਮਨੁੱਖ ਅੱਗੇ ਤੁਰਨ ਦਾ ਸਾਹਸ ਕਰ ਸਕਦਾ ਹੈ। ਇਸ ਖੰਡ ਵਿੱਚ ਪੰਦਰਾਂ ਕਿਲ੍ਹਿਆਂ ਦੇ ਸਥੱਲ ਢੂੰਡ ਕੇ ਉਨ੍ਹਾਂ ਕਿਲ੍ਹਿਆਂ ਦਾ ਪਿਛੋਕੜ, ਇਤਿਹਾਸ ਤੇ ਮਹੱਤਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਖੰਡਰਾਂ 'ਚੋਂ ਇਤਿਹਾਸ ਢੂੰਡਣਾ ਮੁਸ਼ਕਲ ਹੁੰਦਾ ਹੈ। ਲਿਖਤੀ ਦਸਤਾਵੇਜ਼ ਨਾ ਹੋਣ ਕਾਰਨ ਕਈ ਕਿਲ੍ਹਿਆਂ ਬਾਰੇ ਮੁਕੰਮਲ ਅਤੇ ਪੁਖਤਾ ਜਾਣਕਾਰੀ ਨਾ ਮਿਲਣਾ, ਇੱਕ ਅਧੂਰੇ ਸੁਪਨੇ ਵਾਂਗ ਹੈ। ਹੋ ਸਕਦਾ ਹੈ, ਕਈ ਕਿਲ੍ਹੇ ਇਸ ਖੋਜ ਦੇ ਦਾਇਰੇ 'ਚ ਨਾ ਆਏ ਹੋਣ।

**ਖੰਡ ਤੀਜਾ :**

ਇਸ ਖੰਡ ਵਿੱਚ ਪੁਆਧ ਦੀਆਂ 20 ਥਾਵਾਂ ਭਾਵ ਪਿੰਡ, ਨਗਰ ਤੇ ਸ਼ਹਿਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਨ੍ਹਾਂ ਰਾਹੀਂ ਸਾਨੂੰ ਜਨ-ਜੀਵਨ ਦੀ ਝਲਕ ਦੇ ਨਾਲ-ਨਾਲ ਇਤਿਹਾਸਕ, ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਜਾਣਕਾਰੀ ਉਪਲਬਧ ਹੋ ਸਕੇ। ਹਰ ਥਾਂ ਦੀ ਆਪਣੀ ਵੱਖਰੀ ਪਛਾਣ ਅਤੇ ਮਹੱਤਤਾ ਹੁੰਦੀ ਹੈ, ਜਿਸ ਦੀ ਵੰਨ-ਸਵੰਨਤਾ ਖੇਤਰੀ ਆਂਚਲਿਕਤਾ ਦੇ ਦਰਸ਼ਨ ਕਰਵਾਉਂਦੀ ਹੈ। ਵੱਖਰਤਾ ਦਾ ਇਹ ਰੰਗ ਇਨ੍ਹਾਂ ਥਾਵਾਂ 'ਚੋਂ ਝਲਕਦਾ ਹੈ ਤੇ 'ਪੁਆਧ ਕੀਆਂ ਝਲਕਾਂ' ਮੂਰਤੀਮਾਨ ਹੁੰਦੀਆਂ ਹਨ। ਵਿਸ਼ਵੀਕਰਨ ਦੇ ਦੌਰ ਨੇ ਪਿੰਡਾਂ ਦੀ ਹੋਂਦ ਨੂੰ ਹੜੱਪਣਾ ਸ਼ੁਰੂ ਕਰ ਦਿੱਤਾ ਹੈ।

**ਖੰਡ ਚੌਥਾ :**

ਪੁਆਧ ਦੀਆਂ ਕੁਝ ਪ੍ਰਮੁੱਖ ਸ਼ਖ਼ਸੀਅਤਾਂ ਆਪਣੇ ਆਪਣੇ ਸਮੇਂ, ਵੱਖੋ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਹਨ ਜਿਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਚੇਤੇ ਕਰਨਾ ਜ਼ਰੂਰੀ ਹੈ। ਇਸ ਖੰਡ ਵਿੱਚ ਅਜਿਹੀਆਂ ਅੱਠ ਨਾਮਵਰ ਸ਼ਖ਼ਸੀਅਤਾਂ ਨੂੰ ਪਾਠਕਾਂ ਦੇ ਸਨਮੁਖ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਪੂਰਨ ਜਾਣਕਾਰੀ ਲਈ ਵਿਸਥਾਰ ਦੀ ਲੋੜ ਹੁੰਦੀ ਹੈ ਪਰੰਤੂ ਸੰਪਾਦਨਾ ਕਾਰਜ ਦੀਆਂ ਕਈ ਮਜਬੂਰੀਆਂ ਅਤੇ ਮੁਸ਼ਕਲਾਂ ਵੀ ਹੁੰਦੀਆਂ ਹਨ। ਸਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕੁਝ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਜੋ ਅਗਲੇ ਪਰਾਗੇ ਦਾ ਹਿੱਸਾ ਬਣਨਗੀਆਂ। 'ਪੁਆਧ ਦੇ ਜੰਮੇ

ਜਾਏ' ਪੁਸਤਕ ਵਿੱਚ ਅਜਿਹੀਆਂ 27 ਸ਼ਖ਼ਸੀਅਤਾਂ ਬਾਰੇ ਪੜ੍ਹਿਆ ਜਾ ਸਕਦਾ ਹੈ।

**ਖੰਡ ਪੰਜਵਾਂ :**

ਇਸ ਖੰਡ ਨੂੰ ਉਚੇਚੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਪੁਆਧੀ ਰੰਗ ਵਾਲੀਆਂ ਰਚਨਾਵਾਂ ਨੂੰ ਲੋਕ-ਬੋਲੀ ਵਿੰਚ ਲਿੱਪੀ-ਬਧ ਕੀਤਾ ਜਾ ਸਕੇ। ਵੱਖ-ਵੱਖ ਇਲਾਕਿਆਂ ਵਿੱਚ ਬੋਲੀ ਜਾਂਦੀ ਪੁਆਧੀ ਸਾਡੇ ਕੋਲੋਂ ਖੁੱਸਦੀ ਜਾ ਰਹੀ ਹੈ। ਟਕਸਾਲੀ ਬੋਲੀ ਪ੍ਰਧਾਨ ਹੁੰਦੀ ਜਾ ਰਹੀ ਹੈ। ਮੂਲ ਪੁਆਧੀ ਬੋਲਣ ਵਾਲੇ ਲੋਕ ਗੁਆਚਦੇ ਜਾ ਰਹੇ ਹਨ। ਫਿਰ ਵੀ ਅਸੀਂ ਜਤਨ ਕੀਤਾ ਹੈ ਕਿ ਇਸ ਭਾਸ਼ਾ ਨੂੰ ਅੱਖਰੀ ਰੂਪ ਦੇ ਕੇ ਸਾਂਭਿਆ ਜਾ ਸਕੇ। ਭਾਸ਼ਾ ਦੀ ਵੱਖਰਤਾ ਉਸ ਦੇ ਆਂਚਲਿਕ ਖੇਤਰ ਦੀ ਪਛਾਣ ਹੁੰਦੀ ਹੈ। ਇਸ ਖੰਡ ਵਿੱਚ ਦੋ ਕਾਵਿ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਪਾਠਕ ਨੂੰ ਪੁਆਧ ਦੇ ਝੱਲੇ ਦੁਖਾਂਤ ਦਾ ਪ੍ਰਮਾਣ ਮਿਲ ਸਕੇ ਅਤੇ ਪੁਆਧ ਵਿੱਚ ਆਈ ਤਬਦੀਲੀ ਬਾਰੇ ਪਤਾ ਲਗ ਸਕੇ। ਪੁਆਧ ਦੇ ਬਦਲਦੇ ਮੁਹਾਂਦਰੇ ਦੀਆਂ ਝਲਕਾਂ ਦ੍ਰਿਸ਼ਟਮਾਨ ਹੋ ਸਕਣ। ਇਹ ਮੰਨਣਾ ਪਵੇਗਾ ਕਿ 1947 ਤੋਂ ਬਾਅਦ ਸ਼ਾਇਦ ਪੁਆਧ ਹੀ ਅਜਿਹਾ ਭੂ-ਖੰਡ ਹੈ ਜਿੱਥੇ ਵੱਧ ਤੋਂ ਵੱਧ ਪ੍ਰੀਵਰਤਨ ਤੇ ਵਿਕਾਸ ਹੋਇਆ। ਇਸ ਵਿਸ਼ੇ ਬਾਰੇ ਵਿਸਥਾਰ-ਪੂਰਵਕ ਵੱਖਰੇ ਤੌਰ 'ਤੇ ਲਿਖਣ ਦੀ ਲੋੜ ਹੈ।

**ਖੰਡ ਛੇਵਾਂ :**

ਅੰਤਿਕਾ ਵੱਜੋਂ ਖੰਡ ਛੇਵਾਂ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਇੱਕ ਦੁਰਲਭ ਲਿਖਤ ਪੰਜਾਬ ਦੇ ਇਤਿਹਾਸ ਵਿਸ਼ੇਸ਼ ਤੌਰ 'ਤੇ ਸਿੱਖ-ਪੰਥ ਦੇ ਸੰਘਰਸ਼, ਪ੍ਰਾਪਤੀਆਂ ਅਤੇ ਔਕੜਾਂ 'ਤੇ ਝਾਤ ਪਾਉਂਦੀ ਹੈ ਅਤੇ ਵਰਤਮਾਨ ਸਮਿਆਂ 'ਚ ਪੰਜਾਬ ਦੀ ਹੋਣੀ ਦੇ ਸੰਦਰਭ 'ਚ ਸੋਚਣ ਲਈ ਮਜਬੂਰ ਕਰਦੀ ਹੈ। ਗੁਰਦੁਆਰਾ ਸੁਧਾਰ ਲਹਿਰ (ਸਾਕਾ ਨਨਕਾਣਾ) ਅਤੇ ਅਜ਼ਾਦੀ ਅੰਦੋਲਨ ਦੇ ਕੁਝ ਵੇਰਵੇ ਦਿੱਤੇ ਗਏ ਹਨ। ਦੂਜੀ ਰਚਨਾ ਡਾ. ਦੀਵਾਨ ਸਿੰਘ ਕਾਲੇਪਾਣੀ ਯਾਦਗਾਰੀ ਮਿਊਜ਼ੀਅਮ ਬਾਰੇ ਹੈ ਜਿਸ ਨੂੰ ਵੇਖਿਆਂ ਹੀ ਜਾਣਿਆ ਅਤੇ ਮਾਣਿਆ ਜਾ ਸਕਦਾ ਹੈ। ਇਹ ਮਿਊਜ਼ੀਅਮ ਪੁਆਧ ਲਈ ਇੱਕ ਵਚਿਤਰ ਪ੍ਰਾਪਤੀ ਕਹੀ ਜਾ ਸਕਦੀ ਹੈ।

ਇਸ ਪਰਾਗੇ ਵਿੱਚ ਮੈਂ ਉਨ੍ਹਾਂ ਸਮੁੱਚੇ ਰਚਨਾਕਾਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਮੁੱਲਵਾਨ ਤੇ ਖੋਜ ਭਰਪੂਰ ਰਚਨਾਵਾਂ ਨੇ ਇਸ ਪੁਸਤਕ ਨੂੰ ਸੰਪੂਰਨ ਕਰਨ ਵਿੱਚ ਯੋਗਦਾਨ ਪਾਇਆ। ਸੱਥਾਂ ਦੇ ਸੰਚਾਕਲ ਡਾ. ਨਿਰਮਲ ਸਿੰਘ ਲਾਂਬੜਾ (ਜਲੰਧਰ) ਦਾ ਮਿਲਿਆ ਸਹਿਯੋਗ ਤੇ ਪ੍ਰੇਰਨਾ ਮੇਰੇ ਲਈ ਰਾਹ-ਦਸੇਰਾ ਦਾ ਕੰਮ ਕਰਦਾ ਹੈ, ਜਿਸ ਲਈ ਮੈਂ ਉਨ੍ਹਾਂ ਦਾ ਸਦਾ ਹੀ ਰਿਣੀ ਹਾਂ। ਮੇਰੇ ਪਰਿਵਾਰ ਨੇ ਜਿੱਥੇ ਇਸ ਪੁਸਤਕ ਲਈ ਰਚਨਾਤਮਿਕ - ਸਹਿਯੋਗ ਦਿੱਤਾ, ਉਥੇ ਮੇਰੇ ਇਸ ਕਾਰਜ ਲਈ ਉਤਸ਼ਾਹਤ ਵੀ ਕੀਤਾ ਹੈ। ਜਿਨ੍ਹਾਂ ਸਜਨਾਂ ਨੇ ਇਸ ਪੁਸਤਕ ਲਈ ਸੁਝਾਅ ਦਿੱਤੇ ਹਨ ਉਨ੍ਹਾਂ 'ਚੋਂ ਡਾ. ਗੁਰਨਾਇਬ ਸਿੰਘ, ਨਾਵਲਕਾਰ ਜਸਬੀਰ ਮੰਡ, ਡਾ. ਗੁਰਮੀਤ ਸਿੰਘ (ਲੋਕ-ਯਾਨ ਵਿਦਵਾਨ), ਪ੍ਰਿੰ. ਗੁਰਮੀਤ ਸਿੰਘ ਖਰੜ, ਡਾ. ਮੁਖਤਿਆਰ ਸਿੰਘ, ਡਾ. ਕਰਨੈਲ ਸਿੰਘ ਸੋਮਲ ਤੇ ਡਾ. ਬਲਜੀਤ ਸਿੰਘ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਪਾਠਕਾਂ, ਵਿਦਵਾਨਾਂ, ਲੇਖਕਾਂ ਤੇ ਖੋਜਾਰਥੀਆਂ ਦੇ ਸੁਝਾਅ ਮੇਰੇ ਲਈ ਮੁੱਲਵਾਨ ਹੋਣਗੇ। ਤਰੁਟੀਆਂ ਅਤੇ ਖ਼ਾਮੀਆਂ ਲਈ ਖ਼ਿਮਾ ਚਾਹਾਂਗਾ।

ਪੁਅਧ ਦੀ ਸੁੱਖ ਲੋੜਦਾ,
ਮਨਮੋਹਨ ਸਿੰਘ ਦਾਊਂ
ਮੋਬਾ. 98151-23900

# ਬਾਤਾਂ ਦੇਸ ਪੁਆਧ ਦੀਆਂ

-ਡਾ. ਨਿਰਮਲ ਸਿੰਘ (ਲਾਂਬੜਾ-ਜਲੰਧਰ)
ਮੋਬਾ. 9815256266

ਦੁਨੀਆਂ ਦੀਆਂ ਅਤਿ ਪ੍ਰਾਚੀਨ ਸਭਿਆਤਾਵਾਂ ਵਿੱਚੋਂ ਮਿਸਰ, ਦਜ਼ਲਾ, ਫ਼ਰਾਤ ਅਤੇ ਚੀਨ ਦੇ ਨਾਲ ਪੰਜਾਬ ਹੀ ਇੱਕ ਅਜਿਹਾ ਖੇਤਰ ਹੈ ਜਿੱਥੋਂ ਲੱਖਾਂ ਵਰ੍ਹੇ ਪਹਿਲੋਂ ਦੀ ਮਨੁੱਖੀ ਵਸੋਂ ਦੇ ਸਬੂਤ ਮਿਲਦੇ ਹਨ। ਇਸ ਧਰਤੀ ਉੱਤੇ ਮਨੁੱਖ ਦੀ ਆਮਦ ਤੋਂ ਪਹਿਲਾਂ ਵੀ ਅਨੇਕਾਂ ਕਿਸਮ ਦੇ ਜੀਵ ਜੰਤੂ ਅਤੇ ਰੁੱਖਾਂ ਜੰਗਲਾਂ ਦੀਆਂ ਅਣਗਿਣਤ ਨਸਲਾਂ ਉਗਮ ਕੇ ਵਿਣਸਦੀਆਂ ਰਹੀਆਂ ਨੇ ਜਿਨ੍ਹਾਂ ਦੇ ਸਪਸ਼ਟ ਸਬੂਤ ਡਾਇਨੋਸਾਰ ਵਰਗੇ ਧੜਵੈਲ ਪਰ ਅਲੋਪ ਹੋ ਚੁੱਕੇ ਜੀਵਾਂ ਦੇ ਪੱਥਰਾਟਾਂ ਦੀ ਸ਼ਕਲ ਵਿਚ ਮਿਲਦੇ ਹਨ। ਏਸ ਪੰਜਾਬ ਦੇ ਨਕਸ਼ੇ ਨੂੰ ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਨਜ਼ਰਾਂ ਨਾਲ ਵੇਖਣ ਤੋਂ ਪਤਾ ਲਗਦਾ ਏ ਕਿ ਇਹਦੇ ਸਿਰ ਉੱਤੇ ਹਿਮਾਲੀਆ ਪਹਾੜ ਦਾ ਛਤਰ, ਮੋਢਿਆਂ 'ਤੇ ਬਰਫਾਂ ਲੱਦੀਆਂ ਚੋਟੀਆਂ ਦੀ ਚਾਦਰ ਤੇ ਛਾਤੀ ਵਿੱਚ ਜਵਾਲਾ ਦੀ ਨਿੱਘੀ ਜੋਤ ਦੇ ਆਲੇ-ਦੁਆਲੇ ਪੋਠੋਹਾਰ ਤੇ ਪੁਆਧ ਦੇ ਬੇਹੱਦ ਰਮਣੀਕ, ਹਰੇ ਭਰੇ ਤੇ ਕੁਦਰਤ ਦੀਆਂ ਵਨ-ਸੁਵੰਨੀਆਂ ਦਾਤਾਂ ਨਾਲ ਭਰਪੂਰ ਖਿੱਤੇ ਹਨ।

ਧੁਰ ਉੱਤਰ ਪੱਛਮ ਵੱਲ ਪ੍ਰੋ. ਮੋਹਨ ਸਿੰਘ ਦਾ ਹੁਸੀਨ ਵਤਨ ਏ ਪੋਠੋਹਾਰ ਤੇ ਪੂਰਬ ਵਾਲਾ ਅੱਧ ਅਰਥਾਤ 'ਪੁਆਧ' ਪੰਜਬ ਦੇ ਭੂਗੋਲਿਕ ਨਕਸ਼ੇ ਵਿਚ ਐਨ ਦਿਲ ਵਾਲੀ ਥਾਂ ਉੱਤੇ ਸੀਨੇ ਦੇ ਖੱਬੇ ਪਾਸੇ ਹੈ। ਪੁਆਧ ਦੇ ਸ਼ਾਬਦਿਕ ਅਰਥ ਵੀ ਪੱਛਮ ਤੋਂ ਦੂਜੇ ਵਾਲੇ ਪੂਰਬੀ ਅਧਵਾੜ ਦੇ ਹੀ ਬਣਦੇ ਹਨ। ਅਜੋਕੇ ਰੋਪੜ, ਫਤਿਹਗੜ੍ਹ ਸਾਹਿਬ, ਪਟਿਆਲਾ, ਪੰਚਕੂਲੇ, ਅੰਬਾਲਾ ਤੇ ਯਮਨਾਨਗਰ ਜ਼ਿਲ੍ਹਿਆਂ ਦੇ ਬਹੁਤੇ ਇਲਾਕੇ ਪੁਆਧ ਅਖਵਾਂਦੇ ਨੇ। ਰਮਣੀਕ ਪਹਾੜੀ ਤਰਾਈ ਦੇ ਸਰ ਸਬਜ਼ ਏਸ ਇਲਾਕੇ ਦੀ ਆਪਣੀ ਸ਼ਾਨਾਂ ਮੱਤੀ ਨਿਵੇਕਲੀ ਪਛਾਣ ਹੈ। ਅਤਿ ਦਰਜੇ ਦੀ ਮਿੱਠੀ, ਰਸੀਲੀ ਤੇ ਸੰਗੀਤਮਈ ਪੁਆਧੀ ਉਪਬੋਲੀ ਪੰਜਾਬੀ ਦੀ ਅਮੀਰ ਵਿਰਾਸਤ ਦਾ ਮਾਣ ਹੈ । ਏਥੋਂ ਦੇ ਵਸਨੀਕਾਂ ਵਾਂਗ ਹੀ ਪੁਆਧੀ ਲਹਿਜਾ ਵੀ ਬਹੁਤ ਨਿੱਘਾ, ਮਿਲਾਪੜਾ, ਅਪਣੱਤ ਭਰਿਆ ਤੇ ਭਲੇਮਾਣਸਾਂ ਵਾਲਾ ਸਲੀਕਾ ਤੇ ਆਚਾਰ ਵਿਚਾਰ ਆਪਣੀ ਬੁੱਕਲ ਵਿੱਚ ਸਮੋਈ ਬੈਠਾ ਹੈ। ਪਸ਼ੂ ਪੰਛੀਆਂ ਦੀਆਂ ਅਨੇਕ ਜਾਤੀਆਂ, ਬਨਸਪਤੀ ਦੀਆਂ ਦੁਰਲੱਭ ਕਿਸਮਾਂ,

ਦਰਿਆਵਾਂ, ਨਦੀਆਂ, ਚੋਇਆਂ ਵਾਲੀ ਇਹ ਰਮਣੀਕ ਧਰਤੀ ਹਰ ਪੱਖੋਂ ਮਾਲਾ ਮਾਲ ਤੇ ਅਮੀਰ ਵਿਰਾਸਤ ਦਾ ਖ਼ਜ਼ਾਨਾ ਸਾਂਭੀ ਬੈਠੀ ਹੈ।

ਪੁਆਧ ਨੂੰ ਬਾਗ਼ਾਂ, ਫਲਾਂ, ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਸ਼ਾਇਦ ਏਹੋ ਕਾਰਨ ਹੈ ਕਿ ਸਾਰੇ ਪੁਆਧੜੇ ਮੋਰਿੰਡੇ ਸ਼ਹਿਰ ਨੂੰ ਅੱਜ ਤੱਕ 'ਬਾਗਾਂ ਵਾਲਾ ਹੀ' ਕਹਿੰਦੇ ਨੇ। ਰਸੀਲੇ ਅੰਬਾਂ ਦੇ ਨਾਲੋ-ਨਾਲ ਏਥੇ ਜਾਮਣ ਦਾ ਨਰ ਰੂਪ 'ਜਮੋਏ' ਦਾ ਫਲ ਵੀ ਅਜੇ ਕੱਲ੍ਹ ਤੀਕ ਵਰਖ਼ਾ ਰੁੱਤ ਦੀ ਸ਼ਾਨ ਬਣਿਆ ਰਿਹਾ ਹੈ। ਏਥੋਂ ਦੇ 'ਇੱਖ' ਦਾ ਗੁੜ ਜੀਹਨੇ ਇੱਕ ਵਾਰੀ ਚੱਖ ਲਿਆ ਉਹ ਦੁਨੀਆਂ ਭਰ ਵਿੱਚ ਕਿਧਰੇ ਵੀ ਅਜਿਹਾ ਸਵਾਦ ਨਹੀਂ ਲੱਭ ਸਕੇਗਾ। ਪੁਆਧ ਦਾ ਗੱਡਾ ਪੰਜਾਬ ਭਰ ਵਿੱਚ ਸਦੀਆਂ ਤੀਕਰ ਪ੍ਰਸਿੱਧ ਰਿਹਾ ਹੈ। ਏਸ ਗੱਡੇ ਦੇ ਪਹੀਆਂ ਦੀ ਜੋੜੀ, ਏਹਦਾ ਹਲਕਾ-ਫੁਲਕਾ ਕੋਕਿਆਂ ਕਿੱਲਾਂ ਨਾਲ ਸ਼ਿੰਗਾਰਿਆ ਵਜੂਦ ਤੇ ਬਹੁਤ ਹੀ ਮਜ਼ਬੂਤ ਵਿੱਢ ਸਮੁੱਚੇ ਪੰਜਾਬ ਖਾਸ ਕਰ ਮਾਲਵੇ ਵਿੱਚ ਢੋ-ਢੁਆਈ ਤੇ ਆਵਾਜਾਈ ਦਾ ਬੇਹਤਰੀਨ ਸਾਧਨ ਰਿਹਾ ਹੈ। ਪੁਆਧ ਖਾਸਕਰ ਰੋਪੜ-ਨਾਲਾਗੜ੍ਹ ਦੇ ਬੌਲਦ ਕਿਰਸਾਣੀ ਧੰਦੇ ਦੀ ਰੀੜ੍ਹ ਦੀ ਹੱਡੀ ਬਣੇ ਰਹੇ ਹਨ। ਪੁਆਧੜਿਆਂ ਦੀ ਡੀਲ ਡੌਲ ਤੇ ਏਥੋਂ ਦੀਆਂ ਮੁਟਿਆਰਾਂ ਦਾ ਹੁਸਨ ਸਾਡੇ ਸਾਹਿਤ ਤੇ ਸਭਿਆਚਾਰ ਵਿੱਚ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਬਣੇ ਰਹੇ ਹਨ। ਮਾਲਵੇ ਦੇ, ਜੰਗਲ-ਪੁਆਧ ਦਾ ਜ਼ਿਕਰ ਅਕਸਰ ਹੀ ਸਾਡੇ ਲੋਕ ਗੀਤਾਂ ਦਾ ਸ਼ਿੰਗਾਰ ਮੰਨਿਆ ਜਾਂਦਾ ਹੈ।

ਕੁਦਰਤੀ ਅਮੀਰੀ ਦੇ ਨਾਲ ਈ ਪੁਆਧ ਦੀ ਇਤਿਹਾਸਕ ਦੇਣ ਨੂੰ ਕੁਲ ਆਲਮ ਦੇ ਤਾਰੀਖਦਾਨ ਭੁੱਲ ਕੇ ਵੀ ਅੱਖੋਂ ਓਹਲੇ ਨਹੀਂ ਕਰ ਸਕਦੇ, ਖਾਲਸੇ ਦੀ ਜਨਮ ਭੂਮੀ ਅਨੰਦਪੁਰ ਸਾਹਿਬ ਤੋਂ ਚਮਕੌਰ, ਸਰਹਿੰਦ ਤੀਕ ਦੀ ਇਸ ਧਰਤੀ ਦਾ ਨਾਂ ਇਤਿਹਾਸ ਦੇ ਪੰਨਿਆਂ ਤੋਂ ਕੋਈ ਨਹੀਂ ਮੇਟ ਸਕਦਾ। ਮਨੁੱਖਤਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਇਨਕਲਾਬੀ ਕਾਰਨਾਮਾ ਖਾਲਸੇ ਦੀ ਸਿਰਜਣਾ ਏਸੇ ਧਰਤੀ ਉੱਤੇ ਵਾਪਰਿਆ। ਇੱਕੋ ਝਟਕੇ ਵਿੱਚ ਬੰਦਿਆਂ ਨੂੰ ਸ਼ੇਰ ਤੇ ਬੀਬੀਆਂ ਨੂੰ ਕੰਵਰਾਣੀਆਂ ਬਣਾ ਕੇ ਜਾਤ-ਪਾਤ, ਊਚ-ਨੀਚ, ਰੰਗ-ਨਸਲ ਦੀਆਂ ਸਫ਼ਾਂ ਏਥੋਂ ਹੀ ਵਲ੍ਹੇਟੀਆਂ ਗਈਆਂ। ਇੱਕ ਦੂਜੇ ਦੇ ਅਕੀਦੇ ਦੀ ਇੱਜ਼ਤ ਕਰਦਿਆਂ ਉਹਦੇ ਲਈ ਜਾਨਾਂ ਵਾਰ ਦੇਣ ਤੱਕ ਦਾ ਸਬਕ ਵੀ ਸਾਨੂੰ ਪੁਆਧ ਦੇ ਜੰਮੇ ਜਾਏ ਨਿਹੰਗ ਖਾਨ, ਪੀਰ ਬੁੱਧੂ ਸ਼ਾਹ ਵਰਗੇ ਯੋਧਿਆਂ ਨੇ ਹੀ ਪੜ੍ਹਾਇਆ। ਮੁਗਲੀਆ ਸਲਤਨਤ ਦੀਆਂ ਜੜ੍ਹਾਂ ਪੁੱਟਣ ਦੀ ਸ਼ੁਰੂਆਤ ਵੀ

ਖਰੜ ਦੇ ਨੇੜਿਓਂ ਜਿਸ ਨੂੰ ਪੁਆਧ ਵਾਲੇ 'ਖੇੜ' ਕਹਿੰਦੇ ਨੇ ਤੇ ਕੋਲੋਂ 'ਚਪੜ-ਚਿੜੀ' ਦੇ ਮੈਦਾਨ-ਜੰਗ ਤੋਂ ਹੀ ਹੋਈ। ਹਿੰਦ-ਪੰਜਾਬ ਦਾ ਇਤਿਹਾਸਕ ਸਮਝੌਤਾ ਜਿਸ ਨੇ ਅੱਧੀ ਸਦੀ ਤਾਂਈ ਪੰਜਾਬ ਵਿਚ ਅੰਗਰੇਜ਼ੀ ਹੜ੍ਹ ਨੂੰ ਠੱਲ ਪਾਈ ਰੱਖੀ ਰੋਪੜ ਵਿਖੇ ਹੀ ਹੋਇਆ। ਰੋਪੜ ਅਤੇ ਸੰਘੋਲ ਦੇ ਥੇਹ, ਸਰਹਿੰਦ ਦੀ ਦਾਸਤਾਂ ਪੁਆਧ ਦੇ ਇਤਿਹਾਸ ਦੀਆਂ ਕਦੀਮ ਗਵਾਹੀਆਂ ਨੇ। ਛੱਤ, ਬਨੂੜ, ਸਢੌਰਾ, ਅੰਬਾਲਾ, ਡੇਰਾ ਬਸੀ, ਲਾਲੜੂ, ਪੰਚਕੂਲਾ ਆਪਣੀਆਂ ਬੁੱਕਲਾਂ ਵਿੱਚ ਪਤਾ ਨਹੀਂ ਕਿੰਨਾ ਕੁ ਇਤਿਹਾਸ ਲਕੋਈ ਬੈਠੇ ਨੇ। ਕਿਹਾ ਤੇ ਇਹ ਵੀ ਜਾਂਦਾ ਹੈ ਕਿ ਪਾਂਡਵਾਂ ਪਿੰਜੌਰ ਤੋਂ ਹੀ ਪਹਾੜੀਆਂ 'ਤੇ ਚੜ੍ਹੇ ਸਨ ਅਤੇ ਪਾਪਾਂ ਤੋਂ ਮੁਕਤ ਹੋਣ ਲਈ ਕਪਾਲ ਮੋਚਨ ਦਾ ਤੀਰਥ ਵੀ ਪੁਆਧ ਵਿੱਚ ਹੀ ਹੈ। ਪੁਆਧ ਦੀ ਇੱਕ ਨੁੱਕਰ ਵਿੱਚ ਅਜੋਕੀ ਦੁਨੀਆਂ ਦਾ ਮੰਦਰ ਭਾਖੜਾ ਤੇ ਦੂਜੇ ਪਾਸੇ ਗਿਆਨ ਵਿਦਿਆ ਤੇ ਸਾਹਿਤ ਦੇ ਫ਼ਲਸਫੇ ਦੇ ਮੰਦਰ ਪਾਉਂਟਾ, ਪੰਜਾਬੀ ਜ਼ੁਬਾਨ ਦੇ ਥੰਮ੍ਹ ਬ੍ਰਿਜ ਲਾਲ ਸਾਸ਼ਤਰੀ, ਹਿੰਦੁਸਤਾਨ ਵਿੱਚ ਸਨਅੱਤੀ ਇਨਕਲਾਬ ਦੇ ਮੋਢੀ ਸ. ਇੰਦਰ ਸਿੰਘ ਦੁਮਣਾ ਤੇ ਉਨ੍ਹਾਂ ਦਾ ਪਰਿਵਾਰ, ਪੰਜਾਬ ਦੇ ਸਭ ਤੋਂ ਵੱਧ ਚੇਤੰਨ ਚਿੰਤਕ, ਲੇਖਕ ਤੇ ਵਿਗਿਆਨੀ ਡਾ. ਮਹਿੰਦਰ ਸਿੰਘ ਰੰਧਾਵਾ ਦਾ ਬਹੁਤ ਜੀਵਨ ਤੇ ਰੈਣ ਬਸੇਰਾ ਵੀ ਪੁਆਧ ਰਿਹਾ ਹੈ। ਪੰਡਤ ਕਾਂਸ਼ੀ ਰਾਮ ਮੜੌਲੀ ਦੀ ਸਾਡੀ ਆਜ਼ਾਦੀ ਨੂੰ ਦੇਣ ਪੁਆਧ ਦੀ ਅਮੀਰ ਵਿਰਾਸਤ ਹੈ। ਪੁਆਧੀ ਵਿੱਚ ਰਚਿਆ ਸਾਹਿਤ, ਲੋਕਗੀਤ, ਲੋਕ ਨਾਚ ਖਾਸ ਕਰਕੇ 'ਜਲਸੇ' 'ਅਖਾੜੇ' ਸਾਡੇ ਕੱਲ੍ਹ ਦੀਆਂ ਇਤਿਹਾਸਕ ਦਸਤਾਵੇਜ਼ਾਂ ਹਨ। ਕੀਹਦਾ ਕੀਹਦਾ ਮਾਣ ਰੱਖਾਂ, ਏਥੇ ਸੂਝਵਾਨਾਂ, ਸਿਆਣਿਆਂ, ਗੁਣੀਆਂ, ਗਿਆਨੀਆਂ ਦੀ ਸੂਚੀ ਏਨੀ ਲੰਮੀ ਹੈ ਕਿ ਪੁਆਧ ਸਬੰਧੀ ਲਿਖਤਾਂ ਦੇ ਢੇਰ ਲੱਗ ਸਕਦੇ ਹਨ।

ਪਿਛਲੇ ਪੰਜਾਹ ਕੁ ਵਰ੍ਹੇ ਪਹਿਲਾਂ ਇੱਕ ਭਾਣਾ ਵਾਪਰਿਆ ਜਦੋਂ ਘੁੱਗ ਵੱਸਦੇ ਪੁਆਧੀਆਂ ਨੂੰ ਬਗੈਰ ਕਿਸੇ ਜੰਗ-ਜੁੱਧ, ਕੁਦਰਤੀ ਆਫ਼ਤ ਤੇ ਬਿਮਾਰੀ-ਠਿਮਾਰੀ ਤੋਂ ਬਿਨਾਂ ਹੀ ਸਦੀਆਂ ਤੋਂ ਆਬਾਦ ਆਪਣੇ ਪੁਸ਼ਤੈਨੀ ਪਿੰਡਾਂ ਸਰਾਵਾਂ ਨੂੰ ਛੱਡਣ ਲਈ ਨਿਮਾਣੇ, ਨਿਤਾਣੇ ਤੇ ਨਿਥਾਵੇਂ ਬਣਨ ਲਈ ਮਜਬੂਰ ਹੋਣਾ ਪਿਆ। ਇਹ ਭਾਣਾ ਅਖਾਉਤੀ ਅਤਿ ਆਧੁਨਿਕ, ਅਤਿ ਸੁੰਦਰ ਸ਼ਹਿਰ ਚੰਡੀਗੜ੍ਹ ਦੀਆਂ ਨੀਹਾਂ ਵਿੱਚ ਪਤਾ ਨਹੀਂ ਕਿੰਨੇ ਕੁ ਬੇਗੁਨਾਹ, ਮਾਸੂਮ ਪੁਆਧੀਆਂ ਦੀਆਂ ਆਹਾਂ ਸਦਾ ਸਦਾ ਲਈ ਦੱਬੀਆਂ ਗਈਆਂ। ਜਦੋਂ ਉਨ੍ਹਾਂ ਦੇ ਪਿੰਡ, ਗਰਾਂ, ਡੇਰੇ, ਸਮਾਧਾਂ, ਮੜ੍ਹੀਆਂ, ਮੰਦਰ-ਮਸੀਤਾਂ, ਗੁਰਦੁਆਰੇ। ਉਨ੍ਹਾਂ ਦੇ ਆਪਣੇ ਦੇਸ ਦੇ

ਜਰਵਣਿਆਂ ਨੇ ਹੀ ਨਿਰੇ ਨੇਸਤੋ-ਨਾਂਮੂਦ ਹੀ ਨਹੀਂ ਕੀਤੇ, ਉਨ੍ਹਾਂ ਦਾ ਨਾਂ -ਥੇਹ ਹੀ ਮਿਟਾ ਦਿੱਤਾ ਗਿਆ। ਉਨ੍ਹਾਂ ਦੀ ਆਪਣੀ ਰਹਿਤਲ, ਜ਼ੁਬਾਨ, ਰਾਹ-ਗਲੀਆਂ, ਗੱਲ ਕੀ ਸੱਭੋ-ਕੁਝ ਹੀ ਸਾਡੇ ਵੇਖਦਿਆਂ-ਵੇਖਦਿਆਂ ਲੋਪ ਹੀ ਗਿਆ। ਵਿਕਾਸ ਦੇ ਨਾਂ ਉੱਤੇ ਵਿਨਾਸ਼ ਦਾ ਇਹ ਤਾਂਡਵ ਨਾਚ ਵਿਗਿਆਨਕ-ਅੱਗੇਵਧੂ ਸੋਚ ਵਾਲਿਆਂ ਦੀ ਕਾਲੀ ਕਰਤੂਤ ਦੀ ਅਜਬ ਦਾਸਤਾਨ ਏ। ਅੱਜ ਚੰਡੀਗੜ੍ਹ ਦੇ ਨਾਂ ਹੇਠ ਪੁਆਧ ਦੀ ਛਾਤੀ ਉੱਤੇ ਰਮਣੀਕ ਕੁਦਰਤੀ ਜੰਗਲਾਂ ਬਾਗਾਂ ਦੀ ਥਾਂ ਪੱਥਰਾਂ ਵਰਗੇ ਮਨੁੱਖਾਂ ਨੇ ਪੱਥਰ ਦਾ ਸ਼ਹਿਰ ਉਸਾਰ ਕੇ ਸਮੁੱਚੇ ਪੁਆਧੀ ਸਭਿਆਚਾਰ ਨੂੰ ਲਹੂ ਲੁਹਾਨ ਕਰ ਦਿੱਤਾ ਹੈ। ਉਹਦਾ ਚਿਹਰਾ ਮੋਹਰਾ ਵੀ ਬੇਪਛਾਣ ਕਰ ਦਿੱਤਾ ਹੈ। ਉੱਘੇ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਦੀ ਖੋਜ ਪੁਸਤਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਪੜ੍ਹਿਆਂ ਇਹ ਦੁਖਾਂਤ ਮਹਿਸੂਸ ਕੀਤਾ ਜਾ ਸਕਦਾ ਹੈ। ਹੋਰ ਨਹੀਂ ਤਾਂ ਪੜ੍ਹ ਕੇ ਤਾਂ ਵੇਖੋ।

ਏਸ ਆਧੁਨਿਕ ਉਸਾਰੀ ਨੂੰ ਮੁੜ ਢਾਹੁਣਾ ਤਾਂ ਸ਼ਾਇਦ ਸਾਡੇ ਵਸ ਵਿੱਚ ਨਹੀਂ ਪਰ ਏਹਦੇ ਹੁੰਦਿਆਂ ਸੁੰਦਿਆਂ ਆਪਣੇ ਸੋਹਣੇ ਪੁਆਧ ਨੂੰ ਕਿਵੇਂ ਬਚਾਉਣਾ ਹੈ, ਸਾਡੇ ਲਈ ਚਿੰਤਾ ਦਾ ਵਿਸ਼ਾ ਏ। ਏਥੋਂ ਦੇ ਅੰਸ਼ ਲੈਣ ਆਏ ਘਰ ਵਾਲੇ ਬਣ ਬੈਠੇ ਵਸਨੀਕਾਂ ਨੂੰ ਪੁਆਧੀ ਸਭਿਆਚਾਰ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਜਾਣੂ ਕਰਵਾ ਕੇ ਇਨਸਾਨਾਂ ਵਾਂਗ ਜੀਣ ਦੀ ਜਾਚ ਸਿੱਖਣੀ ਸਿਖਾਉਣੀ ਕਿਵੇਂ ਹੈ ਕਿ ਸਾਡਾ ਆਉਣ ਵਾਲਾ ਕੱਲ੍ਹ ਖੁਸ਼ਹਾਲ ਹੋਵੇ-ਸਭ ਤੋਂ ਵੱਡਾ ਸਵਾਲ ਏ। ਬੜੀ ਹੇਠਲੀ ਪੱਧਰ ਤੋਂ, ਲੋਕਾਂ ਨਾਲ ਜੁੜ ਬੈਠ ਕੇ 'ਪੁਆਧੀ ਪੰਜਾਬੀ ਸੱਥ' ਰਾਹੀਂ ਪੁਆਧ ਦੇ ਨਿਵੇਕਲੀ ਦੱਖ, ਅੱਡਰੀ ਪਛਾਣ ਤੇ ਅਮੀਰ ਵਿਰਾਸਤ ਨੂੰ ਜਾਨਣ, ਪਛਾਨਣ, ਸੰਭਾਲਣ ਤੇ ਅਗਲੇਰੀਆਂ ਪੀੜ੍ਹੀਆਂ ਨੂੰ ਸੌਂਪਣ ਦੇ ਇਸ ਉਪਰਾਲੇ ਵਿੱਚ ਸਾਨੂੰ ਆਸ ਹੈ ਕਿ ਨਿਰੇ ਪੁਆਧ ਵਾਲੇ ਹੀ ਨਹੀਂ ਸਮੁੱਚੇ ਪੰਜਾਬੀ ਸਾਡਾ ਹੱਥ ਵਟਾਉਣਗੇ। ਕਾਦਰ ਦੀ ਕੁਦਰਤ ਦੀ ਵੰਨ ਸੁਵੰਨਤਾ ਨੂੰ ਬਚਾ ਕੇ ਹੀ ਅਸੀਂ ਸਿਹਤਮੰਦ ਸਮਾਜ ਦੀ ਉਸਾਰੀ ਦਾ ਪਰਉਪਕਾਰੀ ਕਾਰਜ ਤੋੜ ਚਾੜ੍ਹਨ ਵਿੱਚ ਆਪਣਾ ਬਣਦਾ ਸਰਦਾ ਸੀਰ ਪਾ ਕੇ ਪੁੰਨ ਖੱਟ ਸਕਦੇ ਹਾਂ।

* * *

# ਪੰਜਾਬੀ ਪੀਡੀਆ ਰਾਹੀਂ ਪੁਆਧੀ ਬਾਰੇ ਜਾਣਕਾਰੀ

**ਪੁਆਧੀ**

ਪੁਆਧੀ (ਨਾਂਇ) ਪੁਆਧ ਦੀ ਬੋਲੀ (ਨਾਪੁ) ਪੁਆਧ ਦਾ ਵਸਨੀਕ (ਵਿਸ਼ੇ) ਪੁਆਧ ਨਾਲ ਸੰਬੰਧਿਤ।

**ਪੁਆਧੀ** : ਪੰਜਾਬ ਦੀ ਸਭ ਤੋਂ ਪੂਰਬ ਵੱਲ ਦੀ ਬੋਲੀ ਪੁਆਧੀ ਹੈ। ਇਹ ਹਿੰਦੀ ਵਾਲੇ ਇਲਾਕੇ ਦੇ ਨਾਲ ਲੱਗਦੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ। ਗਰੀਅਰਸਨ ਨੇ ਪੁਆਧੀ ਦੇ ਖੇਤਰ ਬਾਰੇ ਕਾਫੀ ਜਾਣਕਾਰੀ ਦਿੱਤੀ ਹੈ। ਉਸ ਨੇ ਰੋਪੜ ਤੋਂ ਲੈ ਕੇ ਬਿਆਸ ਦਰਿਆ ਦੇ ਕੰਢਿਆਂ ਤੱਕ ਪੁਆਧੀ ਦਾ ਪਸਾਰ ਮੰਨਿਆ ਹੈ। ਪਰ ਪੁਆਧੀ ਏਨੀ ਦੂਰ ਤੱਕ ਨਹੀਂ ਮੰਨੀ ਜਾ ਸਕਦੀ। ਪੁਆਧੀ ਦਾ ਖੇਤਰ ਜ਼ਿਲ੍ਹਾ ਰੋਪੜ, ਫਤਿਹਗੜ੍ਹ ਸਾਹਿਬ, ਜ਼ਿਲ੍ਹਾ ਪਟਿਆਲਾ ਅਤੇ ਸੰਗਰੂਰ ਦਾ ਪੂਰਬੀ ਅੱਧ, ਜ਼ਿਲ੍ਹਾ ਲੁਧਿਆਣਾ ਅਤੇ ਰੋਪੜ ਦੀ ਦਰਿਆ ਸਤਲੁਜ ਦੇ ਨਾਲ ਲੱਗਦੀ ਨੁੱਕਰ ਦੀ ਬੋਲੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਰੋਪੜ ਨਾਲ ਲੱਗਦੇ ਇਲਾਕੇ ਵਿੱਚ ਵੀ ਪੁਆਧੀ ਹੀ ਬੋਲੀ ਜਾਂਦੀ ਹੈ। ਹਰਿਆਣੇ ਵਿੱਚ ਜ਼ਿਲ੍ਹਾ ਅੰਬਾਲਾ ਦੇ ਥਾਣੇ-ਸਦਰ ਵਾਲਾ ਪਾਸਾ ਅਤੇ ਜ਼ਿਲ੍ਹਾ ਜੀਂਦ ਦੇ ਕੁਝ ਪਿੰਡ ਸ਼ਾਮਲ ਹਨ।

ਗਰੀਅਰਸਨ ਨੇ 'ਪੁਆਧ' ਦਾ ਅਰਥ ਪੂਰਬ ਲਿਖਿਆ ਹੈ। ਪਰ ਇਹ ਪੂਰਾ ਠੀਕ ਨਹੀਂ ਜਾਪਦਾ। ਪੁਆਧ ਦੀ ਵਿਉਤਪਤੀ ਸੰਸਕ੍ਰਿਤ ਸ਼ਬਦ 'ਪੂਰਬ-ਅਰਧ' ਤੋਂ ਸੰਭਵ ਹੈ ਜਿਸ ਦਾ ਅਰਥ ਹੈ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ' ਅਰਥਾਤ ਪੂਰਬੀ ਪੰਜਾਬ ਦਾ ਅੱਧ।

ਭਾਈ ਕਾਨ੍ਹ ਸਿੰਘ 'ਨਾਭਾ' ਦੇ ਗੁਰਸ਼ਬਦ ਰਤਨਾਕਰ ਵਿਚ 'ਪੁਆਧ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ-ਪਹਾੜ ਦੇ ਪੈਰਾਂ ਦਾ ਦੇਸ਼, ਦਾਮਨੇ ਕੋਹ, ਉਹ ਦੇਸ ਜੋ ਖੂਹ ਦੇ ਪਾਣੀ ਨਾਲ ਸਿੰਜਿਆ ਜਾਵੇ, ਜ਼ਿਲ੍ਹਾ ਪਟਿਆਲਾ ਦੇ ਆਸ-ਪਾਸ ਦਾ ਦੇਸ। ਭਾਈ ਸਾਹਿਬ ਦੀ ਇਸ ਵਿਆਖਿਆ ਅਨੁਸਾਰ ਤਾਂ 'ਪੁਆਧ' ਪੰਜਾਬ ਦੇ ਉੱਤਰ-ਪੂਰਬ ਵਿਚਲੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚਲਾ ਮੈਦਾਨ ਹੀ ਹੋਵੇਗਾ, ਭਾਵੇਂ ਅਸਲੀਅਤ ਇਹ ਹੈ ਕਿ ਇਸ ਇਲਾਕੇ ਦਾ ਥੋੜ੍ਹਾ ਭਾਗ ਹੀ ਪੁਆਧ ਵਿਚ ਆਉਂਦਾ ਹੈ।

ਪੁਆਧੀ ਮਲਵਈ ਨਾਲੋਂ ਵਧੇਰੇ ਵਖਰੇਵੇਂ ਵਾਲੀ ਨਹੀਂ, ਇਸ ਵਿੱਚ ਸਿਰਫ਼ ਪੱਛਮੀ ਬਾਂਗਰੂ ਦਾ ਰਲਾ ਹੈ। ਟਕਸਾਲੀ ਪੰਜਾਬੀ, ਮਾਝੀ ਤੇ ਮਲਵਈ ਨਾਲੋਂ ਪੁਆਧੀ ਦੇ ਵਿਸ਼ੇਸ਼ ਫਰਕ ਹੇਠਾਂ ਦਿੱਤੇ ਗਏ ਹਨ।

**ਪੁਆਧੀ ਦੀਆਂ ਧੁਨੀਆਤਮਿਕ ਵਿਸ਼ੇਸ਼ਤਾਵਾਂ ਇਹ ਹਨ:**

1. ਬਲਬੀਰ ਸਿੰਘ ਸੰਧੂ ਨੇ ਜੋ ਪੁਆਧ ਇਲਾਕੇ ਦੇ ਜੰਮਪਲ ਸਨ, ਉਹਨਾਂ ਨੇ ਪੁਆਧੀ ਵਿੱਚ 24 ਵਿਅੰਜਨ ਅਤੇ 10 ਸ੍ਵਰ ਦੱਸੇ ਹਨ। ਪੁਆਧੀ ਵਿੱਚ ਕੰਠੀ ਅਤੇ ਤਾਲਵੀ ਨਾਸਿਕੀ ਵਿਅੰਜਨ 'ਙ' ਤੇ 'ਞ' ਨਹੀਂ ਉਚਾਰੇ ਜਾਂਦੇ। ਤਾਲਵੀ ਸੰਘਰਸ਼ੀ ਵਿਅੰਜਨ /ਸ਼/ਵੀ ਨਹੀਂ ਹੈ ਸਿਰਫ਼ ਦੰਤੀ /ਸ/ਹੀ ਹੈ।
2. ਪੁਆਧੀ ਦੀ ਧੁਨੀ ਵਿਉਂਤ ਬਿਲਕੁਲ ਮਲਵਈ ਵਾਲੀ ਹੈ। ਪੁਆਧੀ ਵਿੱਚ, ਮਲਵਈ ਵਾਂਗ ਹੀ ਉੱਚੀ ਸੁਰ ਦੀ ਵਰਤੋਂ ਮਾਝੀ ਨਾਲੋਂ ਘੱਟ ਹੁੰਦੀ ਹੈ ਪਰ ਨੀਵੀਂ ਸੁਰ ਦੀ ਵਰਤੋਂ ਮਾਝੀ ਆਦਿ ਪੰਜਾਬੀ ਉਪ-ਬੋਲੀਆਂ ਦੀ ਤਰ੍ਹਾਂ ਹੀ ਹੈ। ਕਈਆਂ ਪ੍ਰਸੰਗਾਂ ਵਿੱਚ ਮਲਵਈ ਅਤੇ ਪੁਆਧੀ ਸ਼ਬਦਾਂ ਦਾ ਵਿਚਕਾਰਲਾ ਅਤੇ ਅੰਤਲਾ /ਹ/ਸੁਰ ਵਿੱਚ ਨਹੀਂ ਬਦਲਦਾ ਬਲਕਿ ਜਿਉਂ ਦੀ ਤਿਉਂ ਹੀ ਉਚਾਰਿਆ ਜਾਂਦਾ ਹੈ ਜਿਵੇਂ: 'ਚਾਹ', 'ਰਾਹ', 'ਉਹ', 'ਕਹੀ' ਅਤੇ 'ਪਹਾੜ', 'ਬਹਾਰ', 'ਮਹੀਨਾ' ਆਦਿ।
3. ਉਲਟ-ਜੀਤੀ /ਲ/ਜਿਹੜਾ ਪੱਛਮੀ ਹਿੰਦੀ ਦੇ ਵਧੇਰੇ ਇਲਾਕੇ ਵਿੱਚ ਨਹੀਂ ਉਚਾਰਿਆ ਜਾਂਦਾ, ਪੁਆਧੀ ਵਿੱਚ ਪੰਜਾਬੀ ਜਿੰਨੀ ਵਿਆਪਕਤਾ ਨਾਲ ਹੀ ਵਰਤਿਆ ਜਾਂਦਾ ਹੈ। ਕੁਝ ਸ਼ਬਦਾਂ ਵਿਚ /ਲ/ਦੀ ਥਾਂ /ਲ਼/ ਵਰਤਿਆ ਸ਼ਬਦ ਦੇ ਅਰਥ ਬਦਲ ਜਾਂਦੇ ਹਨ।
4. ਨਾਦੀ ਮਹਾਪ੍ਰਾਣ ਵਿਅੰਜਨਾਂ/ਘ,ਝ,ਢ,ਧ,ਭ/ ਦਾ ਉਚਾਰਨ ਮਾਝੀ, ਮਲਵਈ ਵਾਲਾ ਹੀ ਹੈ ਇਹ ਵਿਅੰਜਨ ਪੁਆਧੀ ਵਿੱਚ ਵੀ ਸੁਰ ਵਿਚ ਬਦਲ ਜਾਂਦੇ ਹਨ। ਇਹ ਸ਼ਬਦਾਂ ਦੇ ਵਿਚਕਾਰ, ਜੋ ਪਿੱਛੋਂ ਕੋਈ ਦੀਰਘ ਸੁਰ ਆਏ, ਤਾਂ ਇਹਨਾਂ ਵਿਅੰਜਨਾ ਦਾ ਨਾਦੀ, ਮਹਾਂਪ੍ਰਾਣ ਲੱਛਣ, ਕਾਇਮ ਰਹਿੰਦਾ ਹੈ, ਜਿਵੇਂ 'ਕਢਾਈ', ਸੰਭਾਲ', 'ਖੰਘਾਰ' ਆਦਿ ਸ਼ਬਦਾਂ ਵਿੱਚ।

5. ਪੁਆਧੀ ਵਿੱਚ 'ਵ' ਦਾ 'ਬ' ਤੇ 'ਮ' ਵਿੱਚ ਰੂਪਾਂਤਰ ਮਲਵਈ ਨਾਲੋਂ ਜ਼ਿਆਦਾ ਮਾਤਰਾ ਵਿੱਚ ਮਿਲਦਾ ਹੈ। ਦੋ ਸੁਰਾਂ ਵਿਚਕਾਰ 'ਵ' ਅਕਸਰ 'ਮ' ਵਿੱਚ ਬਦਲਦਾ ਹੈ।

ਜਿਵੇਂ ਬਾਲ (ਵਾਲ), ਸਬੇਰਾ (ਸਵੇਰਾ), ਤਬੀਤ (ਤਵੀਤ), ਬੀਹ (ਵੀਹ), ਤੀਮੀ (ਤੀਵੀਂ), ਜਮਾਈ (ਜਵਾਈ), ਐਮੇਂ (ਐਵੇਂ), ਸਿਰਨਾਮਾ (ਸਿਰਨਾਵਾਂ), ਜਾਮਾਂਗਾ (ਜਾਵਾਂਗਾ)।

## ਪੁਆਧੀ ਦੀਆਂ ਵਿਆਕਰਨਿਕ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ:

1. ਪੁਆਧੀ ਦੇ ਕੁਝ ਇਲਾਕਿਆਂ ਵਿੱਚ ਕਿਰਿਆ ਰੂਪ ਸਟੈਂਡਰਡ ਪੰਜਾਬੀ ਅਤੇ ਮਲਵਈ ਨਾਲੋਂ ਵੀ ਵੱਖਰੇ ਹਨ। ਜਿਵੇਂ 'ਖਾਂਦਾ ਹਾਂ', 'ਜਾਂਦਾ ਹਾਂ' ਦੀ ਥਾਂ ਕੁਝ ਖੇਤਰਾਂ ਵਿੱਚ 'ਖਾਹਾਂ', 'ਜਾਹਾਂ' ਬੋਲਿਆ ਜਾਂਦਾ ਹੈ।
2. ਪੁਆਧੀ ਦੇ ਸੰਬੰਧਕ ਵੀ ਖ਼ਾਸ ਹਨ, ਜੋ ਬਾਕੀ ਪੰਜਾਬੀ ਉਪ-ਬੋਲੀਆਂ ਨਾਲੋਂ ਬਿਲਕੁਲ ਵੱਖਰੇ ਹਨ : 'ਗੈਲ' (ਨਾਲ, ਲਾਗੇ), 'ਪਰ' (ਉੱਤੇ), 'ਲਵੇਂ' (ਨੇੜੇ, ਕੋਲ, ਲਾਗੇ), 'ਬਿਚਮਾ' (ਵਿੱਚ), 'ਕਨਿਓ' (ਪਾਸਿਓ) ਸੰਬਧਕ 'ਨੇ' ਦੀ ਵਰਤੋਂ ਮਾਝੀ ਅਤੇ ਮਲਵਈ ਵਾਂਗ ਹੀ ਹੁੰਦੀ ਹੈ।
3. ਪੰਜਾਬੀ ਦੀਆਂ ਉਪਭਾਸ਼ਾਵਾਂ ਅਤੇ ਉਪਬੋਲੀਆਂ ਨਾਲੋਂ ਪੁਆਧੀ ਸਭ ਤੋਂ ਵੱਧ ਵਿਜੋਗਾਤਮਿਕ ਹੈ, ਇੱਥੋਂ ਤੱਕ ਕਿ ਇਹ ਮਲਵਈ ਨਾਲੋਂ ਵੀ ਵਧੇਰੇ ਵਿਜੋਗਾਤਮਿਕ ਹੈ। ਮਲਵਈ ਵਿੱਚ ਕੁਝ ਥੋੜ੍ਹੇ ਜਿਹੇ ਸੰਜੋਗਤਾਮਿਕ ਰੂਪ ਅਜੇ ਵੀ ਵਰਤੇ ਜਾਂਦੇ ਹਨ, ਜਿਵੇਂ 'ਸ਼ਹਿਰੋਂ ਆਇਆ', 'ਅੱਖੀਂ ਦੇਖਿਆ' ਆਦਿ ਵਿੱਚ 'ਸ਼ਹਿਰੋਂ' ਅਤੇ 'ਅੱਖੀਂ' ਸੰਜੋਗਾਤਮਿਕ ਰੂਪ ਹਨ। ਪੁਆਧੀ ਵਿੱਚ ਇਹਨਾਂ ਦੀ ਥਾਂ ਵਿਜੋਗਾਤਮਿਕ ਰੂਪ ਵਰਤੇ ਜਾਂਦੇ ਹਨ- 'ਸ਼ਹਿਰ ਤੇ ਆਇਆ', 'ਅੱਖਾਂ ਗੈਲ ਦੇਖਿਆ'।
4. ਪੁਆਧੀ ਵਿੱਚ ਕਈ ਪੜਨਾਵੀਂ ਰੂਪ ਵੀ ਫ਼ਰਕ ਵਾਲੇ ਹਨ। ਪੁਆਧੀ ਦੇ ਕੁਝ ਖੇਤਰਾਂ ਵਿੱਚ 'ਅਸੀਂ', 'ਤੁਸੀਂ' ਦੀ ਥਾਂ 'ਹਮੇਂ', 'ਤੁਮੇਂ ਬੋਲਿਆ ਜਾਂਦਾ ਹੈ। 'ਤੂੰ' ਲਈ ਕਈ ਥਾਂਈਂ ਤਉ" ਉਚਾਰਿਆ ਜਾਂਦਾ ਹੈ। ਇੱਕ ਪਾਸੇ ਸ਼ੁੱਧ ਪੰਜਾਬੀ ਰੂਪ 'ਸਾਨੂੰ', 'ਤੈਨੂੰ' ਹਨ ਅਤੇ ਕੁਝ ਇਲਾਕਿਆਂ ਵਿਚ 'ਹਮਾਨੂੰ', 'ਮ੍ਹਾਨੂੰ', 'ਤੁਮ੍ਹਾਨੂੰ ਵੀ ਬੋਲੇ ਜਾਂਦੇ ਹਨ।

5. ਭੂਤ-ਕਾਲ ਦੀ ਸਹਾਇਕ ਕਿਰਿਆ ਦਾ ਰੂਪ ਪੰਜਾਬੀ ਦੀਆਂ ਸਾਰੀਆਂ ਉਪ-ਬੋਲੀਆਂ ਨਾਲੋਂ ਫ਼ਰਕ ਵਾਲਾ ਹੈ। ਪੁਆਧੀ ਵਿੱਚ ਇਹ ਸਹਾਇਕ ਕਿਰਿਆ ਤਾ, ਤੇ, ਤੀ, ਤੀਆਂ ਹੈ। ਜਿਵੇਂ : 'ਉਹ ਆਇਆ ਤਾ', 'ਉਹ ਆਏ ਤੇ', 'ਉਹ ਆਈ ਤੀ', 'ਉਹਹੋ ਆਈਆਂ ਤੀਆਂ'। ਇਹ ਸਹਾਇਕ ਕਿਰਿਆ ਲਿੰਗ-ਵਚਨ ਅਨੁਸਾਰ ਬਦਲਦੀ ਹੈ। ਮਾਝੀ ਦੀ ਇਹੋ ਕਿਰਿਆ (ਸਾਂ,ਸੈਂ, ਸਉ, ਸੀ, ਸਣ) ਪੁਰਖ-ਵਚਨ ਅਨੁਸਾਰ ਬਦਲਦੀ ਹੈ, ਲਿੰਗ ਦਾ ਕਿਰਿਆ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ। ਮਲਵਈ ਵਿੱਚ ਹਰ ਥਾਂ ਇਕੱਲੀ 'ਸੀ' ਹੀ ਵਰਤੀ ਜਾਂਦੀ ਹੈ। ਕਈ ਪੁਆਧੀ ਇਲਾਕਿਆਂ ਵਿੱਚ ਥੀ, ਥੀਆਂ, ਥਾ, ਥੇ ਵੀ ਉਚਾਰਦੇ ਹਨ।

6. ਪੁਆਧੀ ਦੇ ਕਿਰਿਆ ਵਿਸ਼ੇਸ਼ਣ ਦੀ ਵੱਖਰੇ ਹਨ, ਜੋ ਤਿੰਨ ਤਰ੍ਹਾਂ ਦੇ ਹਨ- ਪੰਜਾਬੀ., ਹਿੰਦੀ-ਨੁਮਾ ਅਤੇ ਸਥਾਨਿਕ, ਜਿਹੜੇ ਹੇਠਾਂ ਦਰਸਾਏ ਜਾਂਦੇ ਹਨ: 'ਇਬ' (ਹੁਣ), 'ਇਬੀ' (ਹੁਣੇ), ਇੰਕਣ (ਇਵੇਂ), 'ਓਗਲ (ਓਦੋ), 'ਕੌਗਲ (ਕਦੋਂ), 'ਜੌਗਲ' (ਜਦੋਂ), 'ਤੌਗਲ' (ਤਦੋਂ) ਆਦਿ।

7. ਸ਼ਬਦਾਵਲੀ ਦਾ ਵੀ ਸਟੈਂਡਰਡ ਪੰਜਾਬੀ ਨਾਲੋਂ ਅੰਤਰ ਹੈ : 'ਗੈਂ' (ਗਾਂ), 'ਮੈਸ' (ਮੱਝ), 'ਛੋਹਰਾ/ਛੋਕਰਾ' (ਮੁੰਡਾ), 'ਚਾਂਸਣੀ' (ਕੜਾਹੀ), 'ਭੱਤ' (ਚੌਲ), 'ਥੌੜ' (ਥਾਂ/ਸਥਾਨ)। 'ਕਚਰਾ' (ਖਰਬੂਜਾ), 'ਭਲੇਟ' (ਚਿਰਗਾਂ ਦੀ ਸੂਈ ਮੱਝ), 'ਊਜਲ' (ਬੁੱਕ/ਓਕ) ਆਦਿ।

*(ਪੰਜਾਬੀ ਪੀਡੀਆ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਰੋਤ 'ਚੋਂ ਧੰਨਵਾਦ ਸਹਿਤ)*

* * *

# ਪੁਆਧ ਦੀਆਂ ਲੋਪ ਹੋ ਰਹੀਆਂ ਲੋਕ ਕਹਾਣੀਆਂ

- ਪ੍ਰੋ. ਰਾਕੇਸ਼ ਕੁਮਾਰ

ਜੀਵਨ ਨੂੰ ਵਧੇਰੇ ਸੁਖਮਈ ਅਤੇ ਸੁਖਾਲਾ ਬਣਾਉਣ ਦੇ ਯਤਨ ਮਨੁੱਖ ਦੁਆਰਾ ਆਰੰਭ ਤੋਂ ਹੀ ਕੀਤੇ ਜਾਂਦੇ ਰਹੇ ਹਨ, ਜਿਸਦੇ ਫਲਸਰੂਪ ਕਈ ਕਲਾਵਾਂ ਹੋਂਦ ਵਿੱਚ ਆਈਆਂ, ਜਿਹਨਾਂ ਵਿਚੋਂ ਸਾਹਿਤ ਰਚਨਾ ਸ੍ਰੇਸ਼ਟ ਹੈ। ਸਾਹਿਤ ਮਨੁੱਖੀ ਮਨ ਦੀ ਉਪਜ ਹੈ ਅਤੇ ਮਨੁੱਖੀ ਮਨ ਸਮਾਜਿਕ ਪ੍ਰਸਥਿਤੀਆਂ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ। ਮੋਟੇ ਤੌਰ ਤੇ ਸਾਹਿਤ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਮੌਖਿਕ ਸਾਹਿਤ ਜਿਸਨੂੰ ਲੋਕ-ਸਾਹਿਤ ਕਿਹਾ ਜਾ ਸਕਦਾ ਹੈ ਅਤੇ ਲਿਖਤੀ ਸਾਹਿਤ ਜਿਸਨੂੰ ਵਾਸ਼ਿਸ਼ਟ ਸਾਹਿਤ ਦਾ ਨਾਂ ਦਿੱਤਾ ਗਿਆ ਹੈ। ਵਾਸ਼ਿਸ਼ਟ-ਸਾਹਿਤ ਦੀ ਆਧਾਰਸ਼ਿਲਾ ਲੋਕ-ਸਾਹਿਤ ਹੀ ਰਿਹਾ ਹੈ। ਲੋਕ-ਸਾਹਿਤ ਲੋਕਾਂ ਦਾ, ਲੋਕਾਂ ਲਈ, ਲੋਕਾਂ ਦੁਆਰਾ ਸਿਰਜਿਆ ਜਾਂਦਾ ਹੈ, ਇਸ ਲਈ ਇਹ ਕਿਸੇ ਕੌਮ ਦਾ ਸਾਂਝਾ ਵਿਰਸਾ ਹੁੰਦਾ ਹੈ। ਲੋਕ-ਸਾਹਿਤ ਲਿਖਤੀ ਸਾਹਿਤ ਵਾਂਗ ਕਾਗਜ਼ਾਂ ਦੇ ਆਸਰੇ ਨਹੀਂ ਜਿਉਂਦਾ ਸਗੋਂ ਇਹ ਲੋਕਾਂ ਦੇ ਦਿਲਾਂ ਅਤੇ ਬੁੱਲ੍ਹਾਂ ਉਤੇ ਉੱਕਰਿਆ ਹੁੰਦਾ ਹੈ। ਲੋਕ-ਕਾਵਿ, ਲੋਕ-ਕਥਾ, ਲੋਕ-ਨਾਟਕ, ਚੁਟਕਲਾ, ਬੁਝਾਰਤਾਂ ਅਤੇ ਅਖਾਣ ਲੋਕ-ਸਾਹਿਤ ਦੇ ਵਿਭਿੰਨ ਰੂਪ ਹਨ। ਲੋਕ-ਸਾਹਿਤ ਦੇ ਇਹਨਾਂ ਵਿਭਿੰਨ ਰੂਪਾਂ ਵਿੱਚੋਂ ਅਸੀਂ ਇੱਥੇ ਲੋਕ-ਸਾਹਿਤ ਦੀ ਇੱਕੋ-ਇਕ ਵੰਨਗੀ ਲੋਕ-ਕਹਾਣੀਆਂ ਬਾਰੇ ਗੱਲ ਕਰਦੇ ਹੋਏ ਪੁਆਧੀ ਖਿੱਤੇ ਦੀਆਂ ਲੋਪ ਹੋ ਰਹੀਆਂ ਲੋਕ-ਕਹਾਣੀਆਂ ਦੀਆਂ ਵੰਨਗੀਆਂ ਬਾਰੇ ਵੀ ਵਿਸਥਾਰ ਸਹਿਤ ਚਾਨਣਾ ਪਾਵਾਂਗੇ।

ਲੋਕ-ਕਹਾਣੀ, ਲੋਕ ਸਾਹਿਤ ਦੀਆਂ ਦੂਜੀਆਂ ਵੰਨਗੀਆਂ ਵਾਂਗ ਬਹੁਤ ਹੀ ਮਹੱਤਵਪੂਰਨ ਵੰਨਗੀ ਹੈ। ਲੋਕ-ਕਹਾਣੀ ਲੋਕਾਂ ਵਿਚ ਪ੍ਰਚਲਿਤ ਆਮ ਤੌਰ ਤੇ ਮੂੰਹ ਜ਼ੁਬਾਨੀ ਬਿਰਤਾਂਤ ਹੁੰਦੀ ਹੈ। ਇਸ ਵਿੱਚ ਲੋਕਾਂ ਦੇ ਦੁੱਖ, ਸੁੱਖ, ਆਸ਼ਾਵਾਂ, ਇੱਛਾਵਾਂ, ਖੁਸ਼ੀ, ਗਮੀ ਅਤੇ ਉਨ੍ਹਾਂ ਦੇ ਜੀਵਨ ਦਾ ਪਤਾ ਲੱਗਦਾ ਹੈ। ਲੋਕ-ਕਹਾਣੀ ਦੀ ਪਰਿਭਾਸ਼ਾ ਦਿੰਦੇ ਹੋਏ ਡਾ. ਕਰਨੈਲ ਸਿੰਘ ਥਿੰਦ ਲਿਖਦੇ ਹਨ ਕਿ "ਲੋਕ-ਕਹਾਣੀ ਲੋਕ-ਸਾਹਿਤ ਦਾ ਅਜਿਹਾ ਅੰਗ ਹੈ, ਜਿਸ ਵਿਚ ਬਿਰਤਾਂਤ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓਂ-ਪੀੜ੍ਹੀ ਅੱਗੇ ਚਲਦਾ ਹੈ।"[1] ਡਾ. ਵਣਜਾਰਾ ਬੇਦੀ ਦੇ ਸ਼ਬਦਾਂ ਵਿਚ, "ਜਿਸ ਰਚਨਾ ਵਿੱਚ

ਲੋਕ ਮਨ ਦੀ ਬਿਰਤਾਂਤ ਅਭਿਵਿਅਕਤੀ ਹੋਵੇ ਅਤੇ ਜੋ ਰਚਨਾ ਪਰੰਪਰਾਗਤ ਰੂੜੀਆਂ ਨਾਲ ਸਿਰਜੀ ਗਈ ਹੋਵੇ, ਉਹ ਭਾਵੇਂ ਸਾਖੀ ਹੋਵੇ, ਭਾਵੇਂ ਨੀਤੀ ਕਥਾ, ਉਹ ਲੋਕ ਕਹਾਣੀ ਦਾ ਹੀ ਇਕ ਰੂਪ ਹੈ।"[2] ਕਿਸੇ ਦੇਸ ਦੀ ਸੰਸਕ੍ਰਿਤੀ ਦੀ ਮੂਲ ਨੁਹਾਰ ਇਹਨਾਂ ਲੋਕ-ਕਹਾਣੀਆਂ ਵਿਚੋਂ ਪਛਾਣੀ ਜਾ ਸਕਦੀ ਹੈ। ਹਰ ਇਕ ਕਹਾਣੀ ਕਿਸੇ ਸੋਚ ਸੰਕਲਪ, ਮਨੌਤ ਅਤੇ ਧਾਰਨਾ ਦਾ ਗਲਪ ਬਿੰਬ ਹੋਣ ਕਰਕੇ ਇਕ ਵਿਸ਼ੇਸ਼ ਅਰਥ ਰੱਖਦੀ ਹੈ। ਕੋਈ ਲੋਕ-ਕਹਾਣੀ ਨਿਰੋਲ ਕਲਪਨਾ ਦਾ ਫ਼ਲ ਹੋਣ ਦੇ ਬਾਵਜੂਦ ਵੀ ਮਨੁੱਖ ਦੀ ਕਿਸੇ ਸੋਚ ਨੂੰ ਪ੍ਰਗਟਾਂਦੀ ਹੈ। ਕੋਈ ਕਿਸੇ ਇਤਿਹਾਸਕ ਘਟਨਾ ਦਾ ਵਿਕ੍ਰਿਤ ਰੂਪ ਹੈ। ਕਿਸੇ ਕਹਾਣੀ ਵਿਚ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕੀਤਾ ਗਿਆ ਹੈ। ਕਿਸੇ ਹੋਰ ਵਿਚ ਕੋਈ ਵਿਹਾਰਕ ਗਿਆਨ ਹੈ। ਕੋਈ ਸੰਸਕ੍ਰਿਤੀ ਦੇ ਕਿਸੇ ਵਿਸ਼ੇਸ਼ ਪੱਖ ਨੂੰ ਉਘਾੜਦੀ ਹੈ। ਕੋਈ ਕਹਾਣੀ ਕਿਸੇ ਗੀਤ ਸੰਸਕਾਰ ਦਾ ਮੁੱਢ ਪੇਸ਼ ਕਰਦੀ ਹੈ। ਇਸ ਤਰ੍ਹਾਂ ਕੋਈ ਲੋਕ-ਕਹਾਣੀ ਰਹੱਸ ਸਿਰਜਦੀ ਹੈ, ਕੋਈ ਰਹੱਸ ਖੋਲ੍ਹਦੀ ਹੈ। ਇਸੇ ਵਿਵਿਧਤਾ ਸਦਕਾ ਲੋਕ-ਕਹਾਣੀਆਂ ਵਿੱਚ ਸੰਸਕ੍ਰਿਤੀ ਆਪਣੇ ਪੂਰੇ ਪੱਖ-ਪਸਾਰ ਵਿਚ ਫੈਲੀ ਹੋਈ ਮਿਲਦੀ ਹੈ।

ਮਨੁੱਖ ਆਲਾ-ਦੁਆਲਾ ਇਨ੍ਹਾਂ ਲੋਕ-ਕਹਾਣੀਆਂ ਨਾਲ ਭਰਿਆ ਪਿਆ ਹੈ। ਦਾਦਾ, ਦਾਦੀ, ਨਾਨਾ, ਨਾਨੀ ਜਾਂ ਵੱਡੇ-ਵਡੇਰੇ ਬੱਚਿਆਂ ਨੂੰ ਰਾਤ ਨੂੰ ਸੌਣ ਤੋਂ ਪਹਿਲਾਂ ਉਨ੍ਹਾਂ ਦੇ ਮਨੋਰੰਜਨ ਲਈ ਲੋਕ-ਕਹਾਣੀਆਂ ਸੁਣਾਉਂਦੇ ਸਨ। ਇਹ ਲੋਕ-ਕਹਾਣੀਆਂ ਉਹ ਹੁੰਦੀਆਂ ਹਨ ਜੋ ਸਦੀਆਂ ਪਹਿਲਾਂ ਸਾਡੇ ਵੱਡੇ ਵਡੇਰਿਆਂ ਨੇ ਆਪਣੇ ਜਿਉਣ ਲਈ ਕੁਦਰਤ ਨਾਲ ਜਾਂ ਆਪਣੇ ਦੁਸ਼ਮਣ ਨਾਲ ਟੱਕਰ ਲੈਣ ਸਮੇਂ ਦੁੱਖਾਂ-ਮੁਸੀਬਤਾਂ ਦਾ ਵਰਨਣ ਕਰਦੀਆਂ ਹਨ। ਉਨ੍ਹਾਂ ਨੇ ਅਤਿ ਦੀ ਗਰਮੀ ਜਾਂ ਸਰਦੀ ਨੂੰ ਆਪਣੇ ਸਰੀਰਾਂ ਤੇ ਸਹਾਰਿਆ ਹੁੰਦਾ ਹੈ। ਜੰਗਲੀ ਜੀਵਾਂ ਦਾ ਟਾਕਰਾ ਕੀਤਾ ਹੁੰਦਾ ਹੈ। ਘਰੋਂ ਬੇਘਰ ਹੋ ਕੇ ਜੀਵਨ ਜੀਵਿਆ ਹੁੰਦਾ ਹੈ। ਲੋਕ-ਕਹਾਣੀਆਂ ਇਨ੍ਹਾਂ ਖੁਸ਼ੀਆਂ ਗਮੀਆਂ ਅਤੇ ਮੁਸੀਬਤਾਂ ਦਾ ਵਰਨਣ ਕਰਦੀਆਂ ਹਨ। ਮਨੋਰੰਜਨ ਅਤੇ ਗਿਆਨ ਦੇ ਪੱਖ ਤੋਂ ਵੀ ਲੋਕ-ਕਹਾਣੀਆਂ ਦਾ ਮਹੱਤਵ ਆਦਿ ਕਾਲ ਤੋਂ ਲੈ ਕੇ ਅੱਜ ਤੱਕ ਬਣਿਆ ਹੋਇਆ ਹੈ। ਲੋਕ-ਕਹਾਣੀਆਂ ਮੁੱਢੋਂ ਹੀ ਮਨੁੱਖ ਲਈ ਵਿਹਲੇ ਸਮੇਂ ਅਤੇ ਥਕਾਵਟ ਤੋਂ ਬਾਅਦ ਸਰੀਰ ਅਤੇ ਮਨ ਦੀ ਬੋਝਲਤਾ, ਰੁੱਖੇਪਣ ਅਤੇ ਉਦਾਸੀ ਨੂੰ ਮਨੋਰੰਜਨ ਦੇ ਨਾਲ-ਨਾਲ ਇਨ੍ਹਾਂ ਲੋਕ-ਕਹਾਣੀਆਂ ਵਿਚ ਜੀਵਨ ਦੇ ਅਨੇਕਾਂ

ਕਲਿਆਣਕਾਰੀ ਨੁਕਤੇ ਵੀ ਸਮਾਏ ਹੋਏ ਹੁੰਦੇਹਨ, ਜਿਨ੍ਹਾਂ ਨੂੰ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਹਿਜ ਸੁਭਾਅ ਗ੍ਰਹਿਣ ਕਰਦੇ ਹਨ। ਬੱਚਿਆਂ ਦੇ ਚਰਿੱਤਰ ਨਿਰਮਾਣ, ਬੌਧਿਕ ਵਿਕਾਸ, ਸੋਚ ਸ਼ਕਤੀ, ਤੇਜ ਬੁੱਧੀ ਅਤੇ ਕਲਪਨਾ ਸ਼ਕਤੀ ਦੇ ਵਿਕਾਸ ਵਿੱਚ ਲੋਕ-ਕਹਾਣੀਆਂ ਦਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਨ੍ਹਾਂ ਲੋਕ-ਕਹਾਣੀਆਂ ਵਿਚੋਂ ਸਮਾਜ ਦਾ ਰਿਸ਼ਤਾ-ਨਾਤਾ ਪ੍ਰਬੰਧ, ਸ਼ਰੀਕੇਦਾਰੀ ਪ੍ਰਬੰਧ ਅਤੇ ਇਸ ਦੀ ਪਿੱਠ ਭੂਮੀ ਵਿੱਚ ਕੰਮ ਕਰਦੇ ਨਿਯਮ ਆਦਿ ਵੀ ਵਾਚੇ ਜਾਂਦੇ ਹਨ। ਦਰਅਸਲ ਲੋਕ-ਕਹਾਣੀਆਂ ਰਾਹੀਂ ਵਿਅਕਤੀ ਆਪਣੇ ਅੰਦਰ ਲੁਪਤ ਅਧੂਰੀਆਂ ਰੀਝਾਂ, ਆਪਣੀਆਂ ਸਮੱਸਿਆਵਾਂ ਅਤੇ ਆਪਣੇ ਮਨ ਦੇ ਵਲਵਲੇ ਆਦਿ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਯਤਨ ਵਿਚੋਂ ਉਹ ਆਪਣੇ ਇਰਦ ਗਿਰਦ ਦੀਆਂ ਪ੍ਰਾਕਿਰਤਕ ਵਸਤਾਂ ਜਿਵੇਂ ਜੰਗਲ, ਦਰੱਖਤ, ਦਰਿਆ, ਪਹਾੜ ਆਦਿ ਅਤੇ ਜਿਊਂਦੀਆਂ ਵਸਤੂਆਂ ਵਿਚ ਪਸ਼ੂ ਪੰਛੀ ਤੇ ਹੋਰ ਸਾਰੇ ਜਾਨਵਰਾਂ ਨੂੰ ਅਰਥ ਪ੍ਰਦਾਨ ਕਰਕੇ ਆਪਣੇ ਅਨੁਭਵ ਦਾ ਹਿੱਸਾ ਬਣਾ ਲੈਂਦਾ ਹੈ।

ਪੁਆਧ ਦੇ ਲੋਕਾਂ ਨੂੰ ਪੁਆਧੀਏ, ਇਥੋਂ ਦੀ ਬੋਲੀ ਨੂੰ ਪੁਆਧੀ ਬੋਲੀ ਤੇ ਇਹਨਾਂ ਦੀਆਂ ਲੋਕ-ਕਹਾਣੀਆਂ ਨੂੰ ਪੁਆਧੀ ਲੋਕ-ਕਹਾਣੀਆਂ ਆਖਿਆ ਜਾਂਦਾ ਹੈ। ਪੁਆਧੀ ਲੋਕ-ਕਹਾਣੀਆਂ ਇਕੱਤਰ ਕਰਨ ਦਾ ਕਾਰਜ ਸਭ ਤੋਂ ਪਹਿਲਾਂ ਦੇਵਿੰਦਰ ਸਿੰਘ ਨੇ ਕੀਤਾ। ਉਹਨਾਂ ਨੇ ਪੁਆਧੀ ਲੋਕ- ਕਹਾਣੀਆਂ : ਪਾਠ ਅਤੇ ਸਮੀਖਿਆ ਵਿਸ਼ੇ ਉੱਤੇ ਡਾ. ਕੇਸਰ ਸਿੰਘ ਕੇਸਰ ਨਿਗਰਾਨ ਹੇਠ (1986) ਈਸਵੀ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਫਿਲ. ਦੀ ਡਿਗਰੀ ਪ੍ਰਾਪਤ ਕੀਤੀ। ਉਹਨਾਂ ਦਾ ਇਹ ਸਾਰਾ ਕਾਰਜ ਖੇਤਰੀ ਸਰਵੇਖਣ ਨਾਲ ਸਬੰਧਤ ਹੈ। ਉਨ੍ਹਾਂ ਨੂੰ ਖੇਤਰੀ ਖੋਜ ਕਾਰਜ ਦੌਰਾਨ ਪੁਆਧ ਖਿੱਤੇ ਤੇ ਲੋਕ-ਕਹਾਣੀਆਂ ਦੀਆਂ ਜਿਹੜੀਆਂ ਵੰਨਗੀਆਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

(ੳ) ਪੁਆਧੀ ਮਿੱਥ-ਕਹਾਣੀਆਂ
(ਅ) ਪੁਆਧੀ ਦੰਤ-ਕਥਾਵਾਂ/ਕਹਾਣੀਆਂ
(ੲ) ਪੁਆਧੀ ਪਰੀ-ਕਹਾਣੀਆਂ
(ਸ) ਪੁਆਧੀ ਜਨੌਰ-ਕਹਾਣੀਆਂ
(ਹ) ਪੁਆਧੀ ਹਸਾਉਣੀਆਂ-ਕਹਾਣੀਆਂ

(ਕ) ਪੁਆਧੀ ਗੰਦੀ-ਗੰਦੀ ਬਾਤਾਂ

(ਖ) ਫੁਟਕਲ ਲੋਕ-ਕਹਾਣੀਆਂ।"[3]

ਦੇਵਿੰਦਰ ਸਿੰਘ ਦੁਆਰਾ ਖੇਤਰੀ ਖੋਜ ਕਾਰਜ ਦੌਰਾਨ ਜਿਹੜੀਆਂ ਲੋਕ-ਕਹਾਣੀਆਂ ਪੁਆਧ ਖੇਤਰ ਤੋਂ ਇਕੱਤਰ ਕੀਤੀਆਂ ਹਨ, ਜਦੋਂ ਅਸੀਂ ਉਹਨਾਂ ਲੋਕ-ਕਹਾਣੀਆਂ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਇਨ੍ਹਾਂ ਲੋਕ-ਕਹਾਣੀਆਂ ਰਾਹੀਂ ਪੁਆਧੀ ਖਿੱਤੇ ਦੇ ਲੋਕਾਂ ਦੇ ਚਰਿੱਤਰ, ਸੁਭਾਅ, ਸੱਭਿਅਤਾ ਆਦਿ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਲੋਕ-ਕਹਾਣੀਆਂ ਵਿਚੋਂ ਲੋਕ ਸਾਧਾਰਨ ਜੀਵਨ ਦੇ ਵੇਰਵੇ, ਰੋਜ਼ਾਨਾ ਦੇ ਕੰਮਕਾਰ, ਨਫ਼ਰਤ, ਦੁੱਖ-ਸੁੱਖ, ਬੀਰਤਾ, ਕਾਇਰਤਾ, ਲਾਲਚ, ਸਿਆਣਪ, ਕਦਰਾਂ-ਕਮੀਤਾਂ ਆਦਿ ਸਭ ਕੁਝ ਦੇਖਿਆ ਜਾ ਸਕਦਾ ਹੈ। ਇਸ ਤੋਂ ਉਪਰੰਤ ਇਨ੍ਹਾਂ ਲੋਕ-ਕਹਾਣੀਆਂ ਵਿਚੋਂ ਸਮਾਜ ਦਾ ਰਿਸ਼ਤਾ-ਨਾਤਾ ਪ੍ਰਬੰਧ ਅਤੇ ਇਸ ਦੀ ਪਿੱਠ ਭੂਮੀ ਵਿੱਚ ਕੰਮ ਕਰਦੇ ਨਿਯਮ ਆਦਿ ਵੀ ਵਾਚੇ ਜਾਂਦੇ ਹਨ। ਦਵਿੰਦਰ ਸਿੰਘ ਤੋਂ ਬਾਅਦ ਜਦੋਂ ਮੈਂ (2014) ਈਸਵੀ ਵਿੱਚ ਪੁਆਧੀ ਲੋਕ-ਕਹਾਣੀਆਂ ਇਕੱਤਰ ਕਰਨ ਦਾ ਕਾਰਜ ਆਰੰਭ ਕੀਤਾ ਸੀ ਤਾਂ ਮੈਨੂੰ ਪੁਆਧ ਖੇਤਰ ਦੇ ਲੋਕ-ਕਹਾਣੀਆਂ ਦੀਆਂ ਹੇਠ ਲਿਖੀਆਂ ਵੰਨਗੀਆਂ ਪ੍ਰਾਪਤ ਹੋਈਆਂ:

(ੳ) ਪੁਆਧੀ ਪਰੀ-ਕਹਾਣੀਆਂ

(ਅ) ਪੁਆਧੀ ਜਨੌਰ-ਕਹਾਣੀਆਂ

(ਖ) ਪੁਆਧੀ ਗੰਦੀ-ਗੰਦੀ ਬਾਤਾਂ

ਉਪਰੋਕਤ ਪੁਆਧੀ ਲੋਕ-ਕਹਾਣੀਆਂ ਦੀਆਂ ਵੰਨਗੀਆਂ ਦੇ ਲੋਪ ਹੋ ਜਾਣ ਦਾ ਕਾਰਨ, ਇਹ ਹੈ ਕਿ ਅੱਜ ਅਸੀਂ ਆਪਣੇ ਸਭਿਆਚਾਰ ਤੋਂ ਦਿਨ ਪ੍ਰਤੀ ਦਿਨ ਦੂਰ ਹੁੰਦੇ ਜਾ ਰਹੇ ਹਾਂ। ਅੱਜ ਸਾਡੇ ਰਹਿਣ-ਸਹਿਣ ਅਤੇ ਖਾਣ-ਪੀਣ ਵਿਚ ਬਿਲਕੁਲ ਹੀ ਪਰਿਵਰਤਨ ਆ ਚੁੱਕਿਆ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਉਪਭਾਸ਼ਾਵਾਂ ਖਤਮ ਹੋ ਰਹੀਆਂ ਹਨ। ਲੋਕ-ਸਾਹਿਤ ਦੇ ਅਨੇਕਾਂ ਰੂਪ ਸਮੇਂ ਦੀ ਮਾਰ ਨਾ ਸਹਾਰਦੇ ਹੋਏ ਆਪਣਾ ਅਸਤਿਤਵ ਗਵਾ ਚੁੱਕੇ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਭ ਕੁਝ ਪਰਿਵਰਤਿਤ ਹੋ ਰਿਹਾ ਹੈ। ਸਮੁੱਚੀ ਲੋਕ-ਜੀਵਨ ਸ਼ੈਲੀ ਵਿਚ ਵੱਡੇ ਪਰਿਵਰਤਨ ਵਾਪਰ ਰਹੇ ਹਨ। ਇਸ ਪਰਿਵਰਤਨ ਦੇ ਯੁੱਗ ਵਿਚ ਸੰਚਾਰ ਸਾਧਨਾਂ ਦੇ ਪ੍ਰਭਾਵ ਤੇ ਤਕਨੀਕੀ ਤਰੱਕੀ ਨੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਪਣੇ ਲੋਕ ਵਿਰਸੇ ਤੋਂ ਦੂਰ ਕਰ ਦਿੱਤਾ ਹੈ। ਇਸ ਲੋਕ

ਵਿਰਸੇ ਦੇ ਸ੍ਰੋਤ ਸਾਡੇ ਬਜ਼ੁਰਗ ਜਿਨ੍ਹਾਂ ਨੇ ਇਸ ਖਜ਼ਾਨੇ ਨੂੰ ਆਪਣੇ ਸੀਨੇ ਅੰਦਰ ਸਾਂਭੀ ਰੱਖਿਆ ਹੈ, ਇਸ ਜਹਾਨ ਤੋਂ ਬਾਰੋ-ਬਾਰੀ ਰੁਖਸਤ ਹੋ ਰਹੇ ਹਨ। ਅਜਿਹੀ ਸਥਿਤੀ ਵਿਚ ਇਹਨਾਂ ਲੋਕ-ਕਹਾਣੀਆਂ ਦੀ ਸਾਂਭ-ਸੰਭਾਲ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਸਾਡਾ ਇਹ ਆਸਾ ਬਣ ਜਾਂਦਾ ਹੈ, ਕਿ ਸਭ ਤੋਂ ਪਹਿਲਾਂ ਇਸ ਲੋਪ ਹੋ ਰਹੇ ਲੋਕ-ਸਰਮਾਏ ਦੀ ਸਾਂਭ-ਸੰਭਾਲ ਕਰੀਏ। ਜੇਕਰ ਅਸੀਂ ਇਸ ਪ੍ਰਤੀ ਅਣਗਹਿਲੀ ਕੀਤੀ ਤਾਂ ਆਉਣ ਵਾਲੇ ਸਮੇਂ ਵਿਚ ਪੁਆਧੀ ਲੋਕ-ਕਹਾਣੀਆਂ ਦੀਆਂ ਬਾਕੀ ਬਚਦੀਆਂ ਵੰਨਗੀਆਂ ਦੇ ਵੀ ਲੋਪ ਹੋ ਜਾਣ ਦਾ ਖਦਸ਼ਾ ਬਣਿਆ ਹੋਇਆ ਹੈ।

* * *

# ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚਲੇ ਵਖਰੇਵੇਂ

-ਡਾ. ਅਮਨਦੀਪ ਕੌਰ

ਹਰ ਇਕ ਵਿਕਸਿਤ ਬੋਲੀ ਦੀਆਂ ਅੱਗੋਂ ਆਪਣੀਆਂ ਉਪਬੋਲੀਆਂ ਹੁੰਦੀਆਂ ਹਨ। ਕਿਸੇ ਬੋਲੀ ਦੀ ਇਲਾਕਾਈ ਵੰਨਗੀ ਨੂੰ ਹੀ ਉਪਬੋਲੀ ਕਿਹਾ ਜਾਂਦਾ ਹੈ। ਉਪਬੋਲੀਆਂ ਆਪਣੀ ਮੂਲ ਬੋਲੀ ਨਾਲ ਅੰਤਰ ਸਬੰਧਤ ਹੁੰਦੀਆਂ ਹਨ।

ਪੰਜਾਬੀ ਭਾਸ਼ਾ ਪੰਜਾਬ ਦੀ ਭਾਸ਼ਾ ਹੈ। ਪੰਜਾਬੀ ਭਾਸ਼ਾ ਅੱਗੋਂ ਉਪਭਾਸ਼ਾਵਾਂ ਵਿਚ ਵੰਡੀ ਗਈ ਹੈ। ਉਪਭਾਸ਼ਾ ਕੀ ਹੈ ? ਉਪਭਾਸ਼ਾ ਕਿਸੇ ਭਾਸ਼ਾ ਦੀ ਖੇਤਰੀ ਜਾਂ ਸਮਾਜਿਕ ਤੌਰ ਤੇ ਨਿਖੜਵੀਂ ਇਕ ਕਿਸਮ ਹੈ। ਜਿਸਦੀ ਪਛਾਣ ਖ਼ਾਸ ਤਰ੍ਹਾਂ ਦੀ ਸ਼ਬਦਾਵਲੀ ਅਤੇ ਵਿਆਕਰਨਕ ਬਣਤਰ ਕਾਰਨ ਸਥਾਪਿਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਉਪਭਾਸ਼ਾਵਾਂ ਦੀ ਉਤਪੱਤੀ ਲਈ ਲੋਕਾਂ ਦੀਆਂ ਵੱਖੋ-ਵੱਖਰੀਆਂ ਸ਼੍ਰੇਣੀਆਂ ਵਿਚ ਸਮਾਜਿਕ ਵੰਡਾਂ ਦੀ ਜ਼ਿੰਮੇਵਾਰ ਹੋ ਸਕਦੀਆਂ ਹਨ।

ਅੱਜ ਪੰਜਾਬ ਉਹ ਨਹੀਂ ਜੋ ਗ੍ਰੀਅਰਸਨ ਦੇ ਸਮੇਂ ਸੀ। ਗ੍ਰੀਅਰਸਨ ਦੇ ਸਮੇਂ ਇਸ ਅਖਾਣ ਵਿਚ ਪੂਰਾ ਸੱਚ ਸੀ ਕਿ ਬੋਲੀ ਬਾਰਾਂ ਕੋਹਾਂ ਤੇ ਬਦਲ ਜਾਂਦੀ ਹੈ ਕਿਉਂਕਿ ਉਸ ਸਮੇਂ ਸਾਡੇ ਕੋਲ ਆਵਾਜਾਈ ਦੇ ਸਾਧਨ ਮੌਜੂਦ ਨਹੀਂ ਸਨ। ਇਕ ਮਨੁੱਖ ਦੀ ਪੈਦਲ ਜਾਂ ਗੱਡੇ ਉਤੇ ਪਹੁੰਚ ਚਾਰੇ ਪਾਸੇ ਬਾਰਾਂ ਬਾਰਾਂ ਕੋਹਾਂ ਤੋਂ ਵੱਧ ਨਹੀਂ ਸੀ। ਜੇ ਕੋਈ ਨਾਲਾ ਜਾਂ ਦਰਿਆ ਆ ਗਿਆ ਤਾਂ ਉਸਨੂੰ ਪਾਰ ਕਰਨ ਦੇ ਵਸੀਲੇ ਬਹੁਤ ਘੱਟ ਸਨ ਇਸ ਲਈ ਮੇਲ-ਮਿਲਾਪ ਬਹੁਤ ਘੱਟ ਸੀ। ਇਕ ਬੋਲੀ ਦੀ ਹੱਦ ਇਕ ਨਦੀ ਜਾਂ ਪਹਾੜ ਤੱਕ ਸੀਮਤ ਸੀ ਅਤੇ ਅਗੋਂ ਬੋਲੀ ਵਿਚ ਫ਼ਰਕ ਸ਼ੁਰੂ ਹੋ ਜਾਂਦਾ ਸੀ। ਪਰ ਅੱਜ ਆਵਾਜਾਈ ਦੇ ਸਾਧਨ ਉੱਨਤ ਹੋ ਚੁੱਕੇ ਹਨ ਇਸ ਕਾਰਨ ਮਿਲਾਪ ਵੱਧ ਗਿਆ ਹੈ ਅਤੇ ਹਰੇਕ ਸਕੂਲ ਵਿਚ ਭਾਵੇਂ ਉਹ ਕਿਸੇ ਵੀ ਇਲਾਕੇ ਦਾ ਹੈ ਵਿਦਿਆ ਟਕਸਾਲੀ/ਮਿਆਰੀ ਪੰਜਾਬੀ ਵਿਚ ਦਿੱਤੀ ਜਾ ਰਹੀ ਹੈ ਜਿਸਦੇ ਫਲਸਰੂਪ ਪੜ੍ਹੇ ਲਿਖੇ ਤਬਕੇ ਤੇ ਆਮ ਪੈਂਡੂ ਦੀ ਬੋਲੀ ਦਾ ਅੰਤਰ ਘਟ ਰਿਹਾ ਹੈ।

ਸਭ ਤੋਂ ਵੱਧ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਅੱਜ ਦਾ ਪੰਜਾਬ ਉਹ ਨਹੀਂ ਜੋ ਅੱਜ ਤੋਂ ਅਠਵੰਜਾ ਸਾਲ ਪਹਿਲਾਂ ਸੀ। 1947 ਦੀ ਵੰਡ ਇਸ ਨੂੰ

ਵਿਚਾਲਿਓਂ ਕੱਟ ਦਿੱਤਾ। ਜੋ ਵਾਘੇ ਤੋਂ ਪਰ੍ਹਾਂ ਰਹਿ ਗਿਆ ਹੈ, ਉਹ ਵੀ ਪੰਜਾਬੀ ਬੋਲਦਾ ਹੈ ਅਤੇ ਜੋ ਵਾਘੇ ਤੋਂ ਉਰ੍ਹਾਂ ਹੈ ਉਹ ਵੀ। ਅੱਜ ਪੰਜਾਂ ਦਰਿਆਵਾਂ ਦਾ ਪੰਜਾਬ ਦੋ ਦਰਿਆਵਾਂ ਦਾ ਪੰਜਾਬ ਹੈ। ਹਜਾਰਾਂ ਮਲਵਈ, ਮਾਝੀ, ਦੁਆਬੀ, ਪੁਆਧੀ ਬੋਲਣ ਵਾਲੇ ਲੋਕ ਆਪਣੇ ਇਲਾਕੇ ਵਿਚੋਂ ਉਜੜ ਕੇ ਕਿਸੇ ਹੋਰ ਉਪਬੋਲੀ ਬੋਲਦੇ ਇਲਾਕੇ ਵਿਚ ਜਾ ਵੱਸੇ ਅਤੇ ਉਨ੍ਹਾਂ ਦੀ ਥਾਂ ਇਥੇ ਪਸ਼ੌਰੀ, ਪੋਠੋਹਾਰੀ, ਬਹਾਵਲਪੁਰੀ, ਮੁਲਤਾਨੀ, ਆਵਾਣਕਾਰੀ ਆਦਿ ਬੋਲੀ ਬੋਲਣ ਵਾਲਿਆਂ ਨੇ ਲੈ ਲਈ। ਐਧਰੋਂ ਗਏ ਲੋਕਾਂ ਨੇ ਉਧਰ ਜਾ ਕੇ ਬੋਲੀਆਂ ਤੇ ਕੀ ਪ੍ਰਭਾਵ ਪਾਇਆ ਇਹ ਵੇਖਣਾ ਸਾਡੇ ਵਸ ਦੀ ਗੱਲ ਨਹੀਂ ਪ੍ਰੰਤੂ ਜੋ ਲੱਖਾਂ ਲੋਕ ਉਧਰੋਂ ਆ ਕੇ ਐਥੇ ਵੱਸੇ ਉਨ੍ਹਾਂ ਦੀਆਂ ਬੋਲੀਆਂ ਨੂੰ ਜਾਂ ਉਨ੍ਹਾਂ ਦੇ ਪਏ ਪ੍ਰਭਾਵਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਪੂਰਬੀ ਪੰਜਾਬ ਵਿਚ ਕਈ ਇਲਾਕੇ ਅਜਿਹੇ ਵੀ ਹਨ ਜਿਥੇ ਪੂਰੀ ਦੀ ਪੂਰੀ ਅਬਾਦੀ ਕਿਸੇ ਇਕੋ ਇਲਾਕੇ ਤੋਂ ਆਏ ਲੋਕਾਂ ਦੀ ਹੈ। ਉਨ੍ਹਾਂ ਦੀ ਆਪਸ ਵਿਚ ਗੱਲਬਾਤ ਜਾਂ ਉਨ੍ਹਾਂ ਦੇ ਘਰਾਂ ਵਿਚ ਗੱਲਬਾਤ ਹਾਲਾਂ ਤੱਕ ਆਪਣੀ ਮੂਲ ਬੋਲੀ ਵਿਚ ਕੀਤੀ ਜਾਂਦੀ ਹੈ। ਰਾਜਪੁਰੇ ਦੀ ਨਵੀਂ ਕਾਲੋਨੀ ਅਤੇ ਪਟਿਆਲੇ ਦੇ ਤਰਿਪੜੀ ਦਾ ਇਲਾਕਾ ਬਹਾਵਲਪੁਰ ਤੋਂ ਆਏ ਲੋਕਾਂ ਨੇ ਅਬਾਦ ਕੀਤਾ ਹੈ ਜਿਥੇ ਹੁਣ ਤੱਕ ਬਹਾਵਲਪੁਰੀ ਉਚਾਰਨ ਸੁਣਾਈ ਦਿੰਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਬੋਲੀ ਸੰਸਾਰ ਦੀਆਂ ਵਿਕਸਿਤ ਬੋਲੀਆਂ ਵਿਚੋਂ ਇਕ ਹੈ। ਇਸਦੇ ਨਿਰੰਤਰ ਵਿਕਾਸ ਦੇ ਰਾਹ ਵਿਚ ਰੁਕਾਵਟ ਆਉਣ ਦੇ ਕੁਝ ਕਾਰਨ ਬਣੇ ਜਿਨ੍ਹਾਂ ਵਿਚੋਂ ਇਕ 1947 ਵਿਚਲੀ ਦੇਸ਼ ਦੀ ਵੰਡ ਸੀ। ਦੂਜਾ ਕਾਰਨ ਸਿਆਸੀ ਅਤੇ ਭਾਸ਼ਾਈ ਵੰਡ ਦਾ ਸੀ ਜਿਸਨੇ ਰਹਿੰਦੇ ਪੰਜਾਬ ਨੂੰ ਦੁਬਾਰਾ ਵੰਡ ਕੇ ਹਰਿਆਣਾ ਬਣਾ ਦਿੱਤਾ ਅਤੇ ਕੁਝ ਹਿੱਸਾ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਲ ਹੋ ਗਿਆ। ਪੰਜਾਬੀ ਭਾਸ਼ਾ ਦੇ ਦੋ ਵੱਡੇ ਹਿੱਸੇ ਹੋ ਗਏ। ਪੂਰਬੀ ਅਤੇ ਪੱਛਮੀ। ਇਹ ਵੰਡ ਇਲਾਕਾਈ ਸੀ, ਇਨ੍ਹਾਂ ਦੋਹਾਂ ਵਿਚ ਫ਼ਰਕ ਨਜ਼ਰ ਆਉਂਦਾ ਹੈ ਪ੍ਰੰਤੂ ਫਿਰ ਵੀ ਇਹ ਆਪਸ ਵਿਚ ਅੰਤਰ-ਸਬੰਧਤ ਹਨ। ਇਨ੍ਹਾਂ ਵਿਚ ਐਨਾ ਵੱਡਾ ਅੰਤਰ ਨਹੀਂ ਕਿ ਅਸੀਂ ਇਨ੍ਹਾਂ ਨੂੰ ਵੱਖੋ-ਵੱਖਰੀਆਂ ਬੋਲੀਆਂ ਦੇ ਨਾਂ ਦੇ ਸਕੀਏ। ਪੰਜਾਬੀ ਦੀਆਂ ਦੋਵੇਂ ਕਿਸਮਾਂ ਇਕੋ ਸਿੱਕੇ ਦੇ ਦੋ ਪਾਸਿਆਂ ਵਾਂਗ ਹਨ।

ਕਿਸੇ ਵੀ ਮੁੱਖ ਬੋਲੀ ਦੇ ਟਾਕਰੇ ਉਸ ਦੀਆਂ ਉਪਬੋਲੀਆਂ ਵਿਚ ਵਧੇਰੇ ਪੁਰਾਤਨ (ਠੇਠ) ਰੂਪ ਮਿਲਦੇ ਹਨ। ਇਨ੍ਹਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਬੋਲੀ ਦੇ ਅਜਿਹੇ ਰੂਪਾਂ ਨੂੰ ਸੰਭਾਲੀ ਬੈਠੀਆਂ ਹਨ। ਇੰਨਾਂ ਰੂਪਾਂ ਦੇ ਅਧਿਐਨ ਰਾਹੀਂ ਭਾਸ਼ਾ ਬਾਰੇ ਜਾਣੂ ਹੋਇਆ ਜਾ ਸਕਦਾ ਹੈ। ਅਧਿਐਨ ਰਾਹੀਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕਿਸੇ ਬੋਲੀ ਦੀਆਂ ਧੁਨੀਆਂ ਵਿਚ ਪਰੀਵਰਤਨ ਕਿਵੇਂ ਆਉਂਦਾ ਹੈ, ਸ਼ਬਦ ਅਤੇ ਵਾਕ ਪੱਧਰ ਤੇ ਵੀ ਇਹ ਪਰੀਵਰਤਨ ਨੋਟ ਕੀਤਾ ਜਾ ਸਕਦਾ ਹੈ।

ਪੰਜਾਬੀ ਬੋਲੀ ਦੀਆਂ ਉਪਬੋਲੀਆਂ ਬਾਰੇ ਪਹਿਲੀ ਜਾਣਕਾਰੀ ਅਲਬਰੂਨੀ ਵਲੋਂ ਦਿੱਤੀ ਗਈ ਸੀ। ਉਸ ਤੋਂ ਪਿੱਛੋਂ ਪੰਜਾਬੀ ਬੋਲੀ ਦੇ ਬਰਾਬਰ ਵੱਲ ਇਸ਼ਾਰਾ ਕਰਨ ਦਾ ਸਿਹਰਾ ਅਮੀਰ ਖੁਸਰੋ ਦੇ ਸਿਰ ਆਉਂਦਾ ਹੈ। 1916 ਵਿਚ ਇਸ ਭਾਸ਼ਾ ਦੀਆਂ ਉਪਬੋਲੀਆਂ ਦਾ ਸਰਵੇਖਣ ਸਰ ਜਾਰਜ ਗ੍ਰੀਅਰਸਨ ਨੇ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਗਿਆਨ ਵਿਭਾਗ ਨੇ ਇਕ ਸ਼ਲਾਘਾਯੋਗ ਕੰਮ ਕਰਕੇ ਇਕ ਭਾਸ਼ਾਈ ਐਟਲਸ ਤਿਆਰ ਕੀਤੀ। ਜਿਸ ਵਿਚ ਉਪਬੋਲੀਆਂ ਦਾ ਵੇਰਵਾ ਦਿੱਤਾ ਗਿਆ ਹੈ। ਪੰਜਾਬੀ ਅਤੇ ਉਸਦੀਆਂ ਉਪਭਾਸ਼ਾਵਾਂ ਬਾਰੇ ਯਥਾਰਥ ਪੱਖੋਂ ਜਾਣਕਾਰੀ ਯੂਰਪੀ ਵਿਦਵਾਨਾਂ ਦੀਆਂ ਖੋਜ ਲਿਖਤਾਂ ਨਾਲ ਸ਼ੁਰੂ ਹੁੰਦੀ ਹੈ। ਇਨ੍ਹਾਂ ਯੂਰਪੀ ਵਿਦਵਾਨਾਂ ਵਿਚੋਂ ਵਿਲੀਅਮ ਜੋਨਜ ਪਹਿਲਾਂ ਭਾਸ਼ਾ ਨਿਰੀਖਕ ਹੈ। 1786 ਈ. ਦੇ ਨੇੜੇ ਤੇੜੇ ਭਾਰਤੀ ਭਾਸ਼ਾਵਾਂ ਦੀ ਵਾਕਫ਼ੀ ਹਾਸਲ ਕਰਨ ਤੋਂ ਬਾਅਦ ਉਸ ਨੇ ਸਾਰੇ ਯੂਰਪ ਨੂੰ ਚਕ੍ਰਿਤ ਕਰ ਦਿੱਤਾ ਜਿਸਨੇ ਭਾਰਤ ਦੀ ਕਲਾਸੀਕਲ ਭਾਸ਼ਾ 'ਸੰਸਕ੍ਰਿਤ' ਬਾਰੇ ਜਾਣਕਾਰੀ ਪ੍ਰਦਾਨ ਕੀਤੀ। 1812 ਈ. ਵਿੱਚ ਵਿਲੀਅਮ ਕੇਰੇ ਨੇ ਪੰਜਾਬੀ ਦਾ ਵਿਆਕਰਨ ਵੀ ਲਿਖਿਆ। 1838 ਤੋਂ 1843 ਰਾਬਰਟ ਲੀਚ ਨੇ ਪੰਜਾਬੀ ਦੇ ਵਿਆਕਰਨ ਦੀ ਰਚਨਾ ਕੀਤੀ।

ਪੰਜਾਬੀ ਦੀਆਂ ਉਪਭਾਸ਼ਾਵਾਂ ਅਤੇ ਬੋਲੀਆਂ ਦੀਆਂ ਸਰਹੱਦਾਂ ਨੂੰ ਨਿਸਚਿਤ ਕਰਨ ਲਈ ਭਾਸ਼ਾ ਰੇਖਾਵਾਂ ਤੋਂ ਮੱਦਦ ਲਈ ਗਈ ਹੈ। ਇਨ੍ਹਾਂ ਭਾਸ਼ਾ ਰੇਖਾਵਾਂ ਰਾਹੀਂ ਭੂਗੋਲਿਕ ਐਟਲਸ ਉਤੇ 'ਸ਼ਬਦ ਭੇਦ' ਦੇ ਅਧਾਰ ਤੇ ਹੀ ਕਿਸੇ ਉਪਭਾਸ਼ਾ ਦੀ ਹੱਦ-ਬੰਦੀ ਤਹਿ ਕੀਤੀ ਗਈ ਹੈ। ਇਕੋ ਸ਼ਬਦ ਨੂੰ ਲੈ ਕੇ ਵੱਖੋ-ਵੱਖਰੇ ਇਲਾਕਿਆਂ ਦੇ ਲੋਕਾਂ ਤੋਂ ਉਸ ਸੰਬਦ ਬਾਰੇ ਪੁੱਛਣ ਤੇ ਜਦੋਂ ਇਕੋ ਭਾਸ਼ਾ ਅੰਦਰ ਉਸ ਸ਼ਬਦ ਦੇ ਵੱਖੋ-ਵੱਖਰੇ ਭੇਦ ਪਾਏ ਜਾਂਦੇ ਹਨ ਤਾਂ ਉਹਨਾਂ ਦੇ ਅਧਾਰ

ਤੇ ਐਟਲਸ ਉਤੇ ਭਾਸ਼ਾ ਰੇਖਾਵਾਂ ਖਿਚ ਕੇ ਕਿਸੇ ਉਪਭਾਸ਼ਾ ਦੀ ਹੱਦ ਬੰਦੀ ਨਿਰਧਾਰਿਤ ਕੀਤੀ ਜਾਂਦੀ ਹੈ ਜਿਵੇਂ ਟਕਸਾਲੀ ਪੰਜਾਬੀ ਦੇ ਸ਼ਬਦ 'ਭਰਾ' ਨੂੰ ਦੇਖਿਆਂ ਪਤਾ ਲੱਗਦਾ ਹੈ ਕਿ ਇਸਦੇ ਵੱਖ-ਵੱਖ ਇਲਾਕਿਆਂ ਵਿਚ ਭਾਈ, ਬਾਈ , ਭਾ, ਭਾਜੀ, ਵੀਰ, ਭਾਊ, ਆਦਿ ਅਨੇਕਾਂ ਉਚਾਰਨਾਂ ਦੀ ਵਰਤੋਂ ਕੀਤੀ ਮਿਲਦੀ ਹੈ। ਇਸੇ ਤਰ੍ਹਾਂ ਇਕ ਹੋਰ ਸ਼ਬਦ 'ਪਿਤਾ' ਦੇ ਉਚਾਰਨ ਵੀ ਵੱਖ ਵੱਖ ਮਿਲ ਸਕਦੇ ਹਨ ਜਿਵੇਂ ਦੁਆਬੇ ਦਾ 'ਪੇ' ਸ਼ਬਦ ਮਲਵਈ ਵਿਚ 'ਪਿਓ' ਅਤੇ ਮਾਝੀ ਵਿਚ 'ਭਾਈਆ' ਪਰ ਪੁਆਧੀ ਵਿਚ ਆ ਕੇ 'ਬਾਪੂ' ਜਾਂ 'ਬਾਈ' ਬਣ ਜਾਂਦਾ ਹੈ। ਨਕਸ਼ਿਆਂ ਉਤੇ ਇਨ੍ਹਾਂ ਰੇਖਾਵਾਂ ਦੁਆਰਾ ਹੀ ਸਾਨੂੰ ਪਤਾ ਚਲਦਾ ਹੈ ਕਿ ਕਿਹੜਾ ਸ਼ਬਦ ਕਿਹੜੇ ਇਲਾਕੇ ਵਿਚ ਤੇ ਕਿਹੜੀ ਉਪਭਾਸ਼ਾ ਵਿਚ ਵਰਤਿਆ ਜਾਂਦਾ ਹੈ।

ਹਰ ਖਿੱਤੇ ਦੀ ਬੋਲੀ ਦਾ ਦੂਜੇ ਖਿੱਤੇ ਦੀ ਬੋਲੀ ਤੇ ਅਸਰ ਪੈਂਦਾ ਹੈ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਕ ਖਿੱਤੇ ਦੇ ਕੁਝ ਸ਼ਬਦ ਦੂਜੇ ਖਿੱਤੇ ਵੱਲੋਂ ਜਾਂ ਤਾਂ ਪੂਰੀ ਤਰ੍ਹਾਂ ਆਪਣਾ ਲਏ ਜਾਂਦੇ ਹਨ ਜਾਂ ਕੁਝ ਸ਼ਬਦ ਉਧਾਰੇ ਲੈ ਲਏ ਜਾਂਦੇ ਹਨ। ਇਸ ਤੋਂ ਇਲਾਵਾ ਕੁਝ ਸ਼ਬਦਾਂ ਵਿਚ ਧੁਨੀ ਪਰਿਵਰਤਨ ਹੋ ਕੇ ਨਵੇਂ ਸ਼ਬਦ ਬਣ ਜਾਂਦੇ ਹਨ ਭਾਵੇਂ ਵਰਤੋਂ ਦੇ ਪੱਧਰ ਤੇ ਕੋਈ ਫ਼ਰਕ ਨਾ ਹੋਵੇ। ਕਈ ਵਾਰ ਇਹ ਵੀ ਕਿਹਾ ਜਾਂਦਾ ਹੈ ਕਿ ਕਿਸੇ ਉਪਬੋਲੀ ਵਿਚ ਵਰਤੇ ਜਾਣ ਵਾਲੇ ਸ਼ਬਦ ਮਿਆਰੀ ਬੋਲੀ ਦੇ ਰੂਪਾਂ ਦਾ ਵਿਗੜਿਆ ਰੂਪ ਹੁੰਦੇ ਹਨ ਪਰ ਇਹ ਧਾਰਨਾ ਠੀਕ ਨਹੀਂ।

ਕਈ ਵਾਰੀ ਇਹ ਸਮਝਿਆ ਜਾਂਦਾ ਹੈ ਕਿ 'ਉਪਭਾਸ਼ਾ' 'ਭਾਸ਼ਾ' ਵਿਚੋਂ ਨਿਕਲੀ ਹੋਈ ਹੁੰਦੀ ਹੈ। ਕਿਸੇ 'ਭਾਸ਼ਾ' ਅਤੇ ਉਸ ਦੀਆਂ ਉਪਭਾਸ਼ਾਵਾਂ ਵਿਚ ਇਸ ਕਿਸਮ ਦਾ ਸਬੰਧ ਸਥਾਪਿਤ ਕਰਨਾ ਅਣ-ਵਿਗਿਆਨਕ ਹੋਵੇਗਾ ਅਤੇ ਇਹ ਸਮਝਣਾ ਵੀ ਗਲਤ ਹੋਵੇਗਾ ਕਿ ਉਪਭਾਸ਼ਾ ਲਈ ਸਬੰਧਤ ਭਾਸ਼ਾ ਜਨਣੀ ਰੂਪ ਹੁੰਦੀ ਹੈ। ਇਸ ਦੇ ਵਿਪਰੀਤ 'ਭਾਸ਼ਾ' ਅਤੇ ਉਪਭਾਸ਼ਾਵਾਂ' ਇਕ ਭਾਸ਼ਾਈ ਇਲਾਕੇ ਵਿਚ ਇਕੋ ਸਮੇਂ ਵੱਖ ਵੱਖ ਛੋਟੇ ਖੇਤਰਾਂ ਵਿਚ ਪਰਫੁੱਲਤ ਹੁੰਦੀਆਂ ਹਨ। ਇਨ੍ਹਾਂ ਦਾ ਇਕ ਦੂਜੀ ਨਾਲ ਭੈਣਾਂ ਵਾਲਾ ਰਿਸ਼ਤਾ ਹੁੰਦਾ ਹੈ, ਮਾਪਿਆਂ ਅਤੇ ਸੰਤਾਨ ਵਾਲਾ ਨਹੀਂ। 'ਉਪਭਾਸ਼ਾ' ਅਤੇ 'ਭਾਸ਼ਾ' ਦੀ ਸਥਾਪਤੀ ਦਾ ਅਧਾਰ ਇਕੋ ਜਿਹਾ ਹੀ ਹੁੰਦਾ ਹੈ, ਪਰ 'ਉਪਭਾਸ਼ਾ' 'ਭਾਸ਼ਾ' ਦੇ ਮੁਕਾਬਲੇ ਤੇ ਥੋੜ੍ਹੀ ਗਿਣਤੀ ਵਿਚ ਬੋਲੀ ਜਾਂਦੀ ਹੈ। ਭਾਸ਼ਾ ਵਿਗਿਆਨੀ 'ਭਾਸ਼ਾ' ਅਤੇ ਉਪਭਾਸ਼ਾ ਦਾ

ਵਿਸ਼ਲੇਸ਼ਣ ਕਰਨ ਸਮੇਂ ਭਾਸ਼ਾ ਦੇ ਮੁਕਾਬਲੇ ਉਪਭਾਸ਼ਾ ਦੀ ਬਣਤਰ, ਉਚਾਰਨ ਅਤੇ ਗਠਨ ਨੂੰ ਵਧੇਰੇ ਨਿਸਚਿਤ ਢੰਗ ਨਾਲ ਉਲੀਕ ਸਕਦਾ ਹੈ।

ਜਿਥੇ ਅਸੀਂ ਉਪਭਾਸ਼ਾ ਦਾ ਜਿਕਰ ਕੀਤਾ ਹੈ ਉਥੇ ਟਕਸਾਲੀ ਪੰਜਾਬੀ ਦਾ ਜਿਕਰ ਕਰਨਾ ਵੀ ਲਾਜ਼ਮੀ ਬਣਦਾ ਹੈ। ਪ੍ਰਸਿੱਧ ਭਾਸ਼ਾ ਵਿਗਿਆਨੀ R.H.Robins ਅਨੁਸਾਰ ਜਦੋਂ ਕਿਸੇ ਉਪਭਾਸ਼ਾਈ ਸਮੂਹ ਦਾ ਜਿਨ੍ਹਾਂ ਵਿਚ ਆਪਸੀ ਸਾਂਝ ਨਿੱਗਰ ਹੋਵੇ, ਉਸਦਾ ਬਾਕੀ ਉਪਭਾਸ਼ਾਈ ਸਮੂਹਾਂ ਨਾਲੋਂ ਮਾਨਤਾ ਅਤੇ ਮਿਆਰ ਵੱਧ ਜਾਂਦਾ ਹੈ। ਉਨ੍ਹਾਂ ਦੀ ਭਾਸ਼ਾ ਪੜ੍ਹੇ ਲਿਖੇ ਸਮਾਜ ਦੀ, ਰਾਜ ਦੇ ਵਿਅਕਤੀਆਂ ਦੀ ਜਾਂ ਸਮਾਜਿਕ ਤੌਰ ਤੇ ਸ਼ੁਹਰਤ ਰੱਖਣ ਵਾਲੀ ਕਿਸੇ ਸ਼੍ਰੇਣੀ ਦੀ ਭਾਸ਼ਾ ਬਣਦੀ ਹੈ। ਉਸਨੂੰ ਟਕਸਾਲੀ ਭਾਸ਼ਾ ਦਾ ਨਾਂ ਦਿੱਤਾ ਜਾਂਦਾ ਹੈ।

ਪੰਜਾਬੀ ਉਪਭਾਸ਼ਾਵਾਂ ਦੀ ਟਕਸਾਲੀ ਪੰਜਾਬੀ ਦੇ ਰਿਸ਼ਤੇ ਵਿਚ ਬੱਝੀਆਂ ਹੋਈਆਂ ਕਾਰਜਸ਼ੀਲ ਹੁੰਦੀਆਂ ਹਨ। ਹਰ ਇਕ ਪੰਜਾਬੀ ਉਪਭਾਸ਼ਾ ਦੀ ਤਹਿ ਹੇਠ ਟਕਸਾਲੀ ਪੰਜਾਬੀ ਹਾਜ਼ਰ ਰਹਿੰਦੀ ਹੈ। ਮੁੱਖ ਟਕਸਾਲੀ ਪੰਜਾਬੀ ਦੀਆਂ ਜੱਦੀ ਵਿਸ਼ੇਸ਼ਤਾਵਾਂ ਇਸ ਦੀਆਂ ਸਾਰੀਆਂ ਉਪਭਾਸ਼ਾਵਾਂ ਭਾਸ਼ਿਕ ਬਣਤਰ ਵਿਚ ਥੋੜ੍ਹੀ-ਬਹੁਤੀ ਮਿਕਦਾਰ ਵਿਚ ਜ਼ਰੂਰ ਵਿਦਮਾਨ ਰਹਿੰਦੀਆਂ ਹਨ। ਇਨ੍ਹਾਂ ਉਪਭਾਸ਼ਾਵਾਂ ਦੇ ਦਰਮਿਆਨ ਸਾਝਾਂ ਦੇ ਦਾਇਰੇ ਵਧੇਰੇ ਹਨ ਤੇ ਵੱਖਰੇਵਿਆਂ ਦੇ ਦਾਇਰੇ ਘੱਟ ਹਨ।

ਇਸ ਪਰਚੇ ਵਿਚ ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚਲੇ ਵੱਖਰੇਵੇਂ ਉੱਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਟਕਸਾਲੀ ਪੰਜਾਬੀ ਬਾਰੇ ਅਸੀਂ ਸਾਰੇ ਪਹਿਲਾਂ ਹੀ ਜਾਣਦੇ ਹਾਂ ਕਿਉਂਕਿ ਇਹ ਸਾਹਿਤ ਦੀ ਭਾਸ਼ਾ ਹੈ ਅਤੇ ਸਾਹਿਤ ਬਾਰੇ ਹਰ ਪੜ੍ਹਿਆ ਲਿਖਿਆ ਵਿਅਕਤੀ ਭਲੀਭਾਂਤ ਜਾਣੂ ਹੈ। ਹਾਂ ਪੁਆਧੀ ਬਾਰੇ ਦੱਸਣਾ ਜ਼ਰੂਰੀ ਬਣਦਾ ਹੈ ਕਿਉਂਕਿ ਇਹ ਇਕ ਸਰਹੱਦੀ ਬੋਲੀ ਹੈ ਜਿਸ ਦੇ ਇਕ ਪਾਸੇ ਮਲਵਈ ਪ੍ਰਭਾਵਿਤ ਹੈ ਤੇ ਦੂਸਰੇ ਬਾਂਗਰੂ ਅਸਰ ਅੰਦਾਜ ਹੈ। ਪੁਆਧ ਇਕ ਅਜਿਹਾ ਇਲਾਕਾ ਹੈ ਜਿਥੇ ਅਜੇ ਬਾਂਗਰੂ ਬੋਲੀ ਮੁਕਦੀ ਨਹੀਂ ਅਤੇ ਮਲਵਈ ਸ਼ੁਰੂ ਨਹੀਂ ਹੁੰਦੀ, ਇਹੋ ਕਾਰਨ ਹੈ ਕਿ ਇਸ ਇਲਾਕੇ ਨੂੰ Shock Absor Bing ਕਿਹਾ ਜਾਂਦਾ ਹੈ। ਇਸੇ ਕਰਕੇ ਪੁਆਧੀ ਦੀ ਸ਼ਬਦਾਵਲੀ ਵਿਚ ਹਿੰਦੀ ਅਤੇ ਪੰਜਾਬੀ ਦਾ ਮਿਲਗੋਭਾ ਹੈ। ਡਾ. ਬਲਬੀਰ ਸਿੰਘ ਸੰਧੂ ਜੋ ਪੁਆਧ ਇਲਾਕੇ ਦੇ ਜੰਮਪਲ ਸਨ ਉਹ ਪਹਿਲੇ ਭਾਸ਼ਾ ਵਿਗਿਆਨੀ ਸਨ ਜਿਨ੍ਹਾਂ ਨੇ ਪਹਿਲੀ ਵਾਰ ਪੁਆਧੀ ਦਾ ਭਾਸ਼ਾ ਵਿਗਿਆਨਕ ਅਧਿਐਨ ਆਪਣੇ ਪੀਐਚ.ਡੀ.

ਥੀਸਿਸ (1968) " Descriptive Grammar of Puadhi" ਵਿੱਚ ਬੜੇ ਅਧਿਕਾਰ ਸਹਿਤ ਪੇਸ਼ ਕੀਤਾ। ਉਨ੍ਹਾਂ ਨੇ ਪੁਆਧੀ ਦੇ ਵਿਆਕਰਨ ਅਤੇ ਭਾਸ਼ਾਈ ਸੰਰਚਨਾ ਉਤੇ ਬੜਾ ਪ੍ਰਮਾਣਿਕ ਚਾਨਣਾ ਪਾਇਆ ਹੈ।

ਪੁਆਧੀ ਉਪਭਾਸ਼ਾ ਦੀਆਂ ਟਕਸਾਲੀ ਪੰਜਾਬੀ ਨਾਲੋਂ ਵਿਆਕਰਨਕ ਪੱਧਰ ਤੇ ਕਾਫ਼ੀ ਭਿੰਨਤਾਵਾਂ ਪਾਈਆਂ ਗਈਆਂ ਹਨ, ਜਿਨ੍ਹਾਂ ਨੂੰ ਅਸੀਂ ਵਿਚਾਰ ਰਹੇ ਹਾਂ। ਇਸ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ ਪੁਆਧੀ ਟਕਸਾਲੀ ਪੰਜਾਬੀ ਨਾਲੋਂ ਬਿਲਕੁਲ ਹੀ ਵੱਖਰੀ ਹੈ। ਜਿਹੜਾ ਅੰਤਰ ਪਾਇਆ ਜਾਂਦਾ ਹੈ ਉਸ ਨੂੰ ਇਨ੍ਹਾਂ ਉਪਭਾਸ਼ਾਵਾਂ ਦੇ ਨਾਵਾਂ, ਪੜਨਾਵਾਂ, ਕਿਰਿਆ ਅਤੇ ਸਹਾਇਕ ਕਿਰਿਆ ਦੇ ਰੂਪਾਂ ਦੀ ਤੁਲਨਾ ਕਰਕੇ ਸਪਸ਼ਟ ਕੀਤਾ ਗਿਆ ਹੈ।

ਪੁਆਧੀ ਨਾਂਵ ਦੇ ਕਾਰਕੀ ਰੂਪ :

ਪੁਆਧੀ ਨਾਂਵ ਕਾਰਕ, ਲਿੰਗ ਅਤੇ ਵਚਨ ਲਈ ਰੂਪਾਂਤਰਿਤ ਹੁੰਦਾ ਹੈ। ਪਰ ਬਹੁਤ ਸਾਰੇ ਨਾਵਾਂ ਦਾ ਲਿੰਗ ਅਤੇ ਵਚਨ ਰੂਪਾਂਤਮਕ (Morthemic) ਨਹੀਂ ਕੋਸ਼ਕ (Lexical) ਹੀ ਹੁੰਦਾ ਹੈ। ਪੁਆਧੀ ਨਾਂਵ ਸਾਧਾਰਨ, (Nominative) ਸਬੰਧਕੀ (Oblique) ਅਤੇ ਸੰਬੋਧਨੀ (Vocative) ਰੂਪਾਂ ਵਿਚ ਪ੍ਰਗਟ ਹੋ ਸਕਦਾ ਹੈ। ਸੰਬੋਧਨੀ ਰੂਪ ਤੋਂ ਭਾਵ ਸਬੰਧਕ ਤੋਂ ਪਹਿਲਾਂ ਆਉਣ ਵਾਲੇ ਰੂਪ ਨਾਲ ਹੈ।

ਜਿਵੇਂ ਛੋਕਰਾ – ਛੋਕਰੇ/– ਨੇ, ਨੂੰ ਆਦਿ

ਪੁਆਧੀ ਦੇ ਮੁਕਾਬਲੇ ਟਕਸਾਲੀ ਪੰਜਾਬੀ ਵਿਚ ਨਾਂਵ ਦੇ ਸਾਧਾਰਣ, ਸਬੰਧਕੀ, ਸੰਬੋਧਨੀ, ਅਪਾਦਾਨ ਅਤੇ ਅਧਿਕਰਣ (Locative) ਰੂਪ ਹਨ। ਸਬੰਧਕੀ ਰੂਪ ਤੋਂ ਭਾਵ ਸਬੰਧਕ ਤੋਂ ਪਹਿਲਾਂ ਆਉਣ ਵਾਲੇ ਰੂਪ ਨਾਲ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਟਕਸਾਲੀ ਪੰਜਾਬੀ ਵਿਚ ਨਾਂਵ ਦੇ ਪੰਜ ਸੰਭਵ ਕਾਰਕ ਰੂਪ ਹਨ ਜਦੋਂ ਕਿ ਪੁਆਧੀ ਵਿਚ ਕੇਵਲ ਤਿੰਨ ਕਾਰਕੀ ਰੂਪ ਹਨ। ਪੁਆਧੀ ਵਿਚ ਨਾਂਵ ਦੇ ਅਪਾਦਾਨ ਅਤੇ ਅਧਿਕਰਣ ਰੂਪ ਦੀ ਅਣਹੋਂਦ ਹੈ। ਨਾਂਵ ਦੇ ਅਪਾਦਾਨ ਰੂਪ ਦੀ ਥਾਂ ਸੰਬੋਧਕੀ ਬਣਤਰ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਅਧਿਕਰਣ ਦੀ ਥਾਂ ਸੰਬੰਧਕੀ ਬਣਤਰ ਦੀ।

ਅਪਾਦਾਨ

| ਟਕਸਾਲੀ ਪੰਜਾਬੀ | ਪੁਆਧੀ |
|---|---|
| ਘਰੋਂ | ਘਰ ਪਰ 'ਤੇ |
| ਸਿਰੋਂ | ਸਿਰ ਪਰ 'ਤੇ |

ਇਥੇ ਜ਼ਿਕਰਯੋਗ ਹੈ ਕਿ ਟਕਸਾਲੀ ਪੰਜਾਬੀ ਵਿਚ ਵੀ ਅਪਾਦਾਨ ਰੂਪ ਦੀ ਹੋਂਦ ਕੇਵਲ ਇਕਵਚਨ ਰੂਪ ਵਿਚ ਹੀ ਹੈ। ਬਹੁਵਚਨ ਰੂਪ ਵਿਚ ਟਕਸਾਲੀ ਪੰਜਾਬੀ ਵਿਚ ਵੀ ਨਾਂਵ ਦੇ ਅਪਾਦਾਨ ਰੂਪ ਦੀ ਅਣਹੋਂਦ ਹੈ:

| **ਇਕ ਵਚਨ** | **ਬਹੁ ਵਚਨ** |
|---|---|
| ਘਰੋਂ | ਘਰਾਂ ਤੋਂ |
| ਸਿਰੋਂ | ਸਿਰਾਂ ਤੋਂ |

ਇਨ੍ਹਾਂ ਦੋਹਾਂ ਬੋਲੀਆਂ ਦੀ ਤੁਲਨਾਤਮਕ ਸਾਰਣੀ ਨੂੰ ਦੇਖਿਆਂ ਇਨ੍ਹਾਂ ਵਿਚਲੇ ਅੰਤਰ ਨੂੰ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ।

**ਤੁਲਨਾਤਮਕ ਸਾਰਣੀ :**

ਇਨ੍ਹਾਂ ਦੋਹਾਂ ਬੋਲੀਆਂ ਦੀ ਤੁਲਨਾਤਮਕ ਸਾਰਣੀ ਨੂੰ ਦੇਖਿਆਂ ਇਨ੍ਹਾਂ ਵਿਚਲੇ ਅੰਤਰ ਨੂੰ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ।

**ਤੁਲਨਾਤਮਕ ਸਾਰਣੀ :**

| | **ਟਕਸਾਲੀ ਪੰਜਾਬੀ** | | **ਪੁਆਧੀ** | |
|---|---|---|---|---|
| | **ਇਕ ਵਚਨ** | **ਬਹੁ ਵਚਨ** | **ਇਕ ਵਚਨ** | **ਬਹੁ ਵਚਨ** |
| ਸਾਧਾਰਣ | ਮੁੰਡਾ | ਮੁੰਡੇ | ਛੋਕਰਾ | ਛੋਕਰੇ |
| ਸਬੰਧਕੀ | ਮੁੰਡੇ | ਮੁੰਡਿਆ | ਛੋਕਰੇ | ਛੋਕਰਿਆ |
| | ਸਵੇਰ | ਸਵੇਰਿਆ | ਸਵੇਰੇ | ਸਵੇਰਾਂ |
| ਸੰਬੋਧਨੀ | ਮੁੰਡਿਆ | ਮੁੰਡਿਓ | ਛੋਕਰੇ | ਛੋਕਰਿਓ |
| | ਕਾਲਿਆ | ਕਾਲਿਓ | ਕਾਲੇ | ਕਾਲਿਓ |
| ਆਪਾਦਾਨ | ਘਰੋਂ | ਘਰਾਂ ਤੋਂ | ਘਰ ਪਰ ਤੇ | ਘਰਾਂ ਪਰ ਤੇ |
| | ਕੋਠਿਓਂ | ਕੋਠਿਆਂ ਤੋਂ | ਕੋਠੇ ਪਰ ਤੇ | ਕੋਠਿਆਂ ਪਰ ਤੇ |
| ਅਧਿਕਰਣ | ਘਰੇ | ਘਰੀਂ/ਘਰਾਂ ਵਿੱਚ | ਘਰ ਮਾਂਹ | ਘਰਾਂ ਮਾਂਹ |
| | ਕੋਠੇ | ਕੋਠਿਆਂ 'ਤੇ | ਕੋਠੇ ਪਰ | ਕੋਠਿਆਂ ਪਰ |

**ਸੰਬੋਧਕੀ ਰੂਪ :**

ਉਪਰੋਕਤ ਸਾਰਣੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਟਕਸਾਲੀ ਪੰਜਾਬੀ ਅਤੇ ਪੁਆਧੀ ਵਿਚ ਨਾਂਵ ਦੇ ਇਕ ਵਚਨ ਸੰਬੋਧਨੀ ਰੂਪਾਂ ਵਿਚ ਅੰਤਰ ਹੈ। ਜਿਥੇ ਟਕਸਾਲੀ ਪੰਜਾਬੀ ਵਿਚ ਸੁਤੰਤਰ ਰੂਪ (ਕਾਲਾ-ਕਾਲਿਆ) ਹੈ ਉਥੇ ਪੁਆਧੀ ਵਿਚ ਇਸ ਉਦੇਸ਼ ਲਈ ਸੰਬਧਕੀ ਜਾਂ ਨਾਂਵ ਦਾ ਬਹੁ ਵਚਨ ਰੂਪ (ਕਾਲਾ-ਕਾਲੇ) ਵਰਤਿਆ ਜਾਂਦਾ ਹੈ।

ਉਪਰੋਕਤ ਸਾਰਣੀ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਪੁਆਧੀ ਦੇ ਕਈ ਨਾਵਾਂ ਦਾ ਸੰਬਧਕੀ ਰੂਪ ਵੀ ਟਕਸਾਲੀ ਪੰਜਾਬੀ ਨਾਲੋਂ ਵੱਖਰਾ ਹੈ। ਮਿਸਾਲ ਲਈ :

ਪੁਆਧੀ – ਸਵੇਰ ਕੇ ਪੰਜ ਬਜੇ
ਟਕਸਾਲੀ ਪੰਜਾਬੀ – ਸਵੇਰ ਦੇ ਪੰਜ ਵਜੇ

ਉਪਰੋਕਤ ਨਾਂਵ (ਸਵੇਰ-ਸਵੇਰਾ) ਦਾ ਪੁਆਧੀ ਵਿਚ ਸੰਬਧਕੀ ਰੂਪ ਸਵੇਰੇ ਹੈ, ਟਕਸਾਲੀ ਪੰਜਾਬੀ ਵਿਚ ਸਵੇਰ। ਯਾਨੀ ਕਿ ਟਕਸਾਲੀ ਪੰਜਾਬੀ ਵਿਚ ਸਾਧਾਰਣ ਰੂਪ ਨੂੰ ਹੀ ਸੰਬਧਕੀ ਰੂਪ ਵਜੋਂ ਵਰਤਿਆ ਗਿਆ ਹੈ। ਜਾਂ ਕਿਹਾ ਜਾ ਸਕਦਾ ਹੈ ਕਿ ਟਕਸਾਲੀ ਪੰਜਾਬੀ ਵਿਚ ਸਬੰਧਕੀ ਰੂਪ ਗਰਾਮ '$\emptyset$' ਹੈ ਪਰ ਪੁਆਧੀ ਵਿਚ-ਏ ਹੈ।

ਇਸੇ ਤਰ੍ਹਾਂ ਸਬੰਧਕੀ ਰੂਪ ਦੇ ਪ੍ਰਸੰਗ ਵਿਚ ਪੁਆਧੀ ਅਤੇ ਟਕਸਾਲੀ ਪੰਜਾਬੀ ਕਿਰਿਆਵੀ ਨਾਵਾਂ ਦਾ ਵਰਤਾਰਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਟਕਸਾਲੀ ਪੰਜਾਬੀ ਵਿਚ ਕਿਰਿਆਵੀ ਨਾਵਾਂ ਦੇ ਸਬੰਧਕੀ ਰੂਪ ਲਈ ਰੂਪ ਗਰਾਮ '$\emptyset$' ਹੈ:

ਭੱਜਣਾ – ਭੱਜਣ ਨੂੰ, ਆਦਿ
ਹੱਸਣਾ – ਹੱਸਣ ਨੂੰ ਤੋਂ, ਆਦਿ

ਪਰ ਪੁਆਧੀ ਵਿਚ ਅਜਿਹੇ ਨਾਵਾਂ ਦੇ ਸਬੰਧਕੀ ਰੂਪ ਲਈ ਰੂਪ ਗਰਾਮ (-ਏ) ਦੀ ਵਰਤੋਂ ਹੁੰਦੀ ਹੈ :

ਭੱਜਣਾ – ਭੱਜਣੇ ਨੂੰ, ਤੋਂ ਆਦਿ
ਹੱਸਣਾ – ਹੱਸਣੇ ਨੂੰ, ਤੋਂ ਆਦਿ

ਪੁਆਧੀ ਵਿਚ ਨਾਂਵ ਦਾ ਅਧਕਰਣ ਰੂਪ ਵਿਦਮਾਨ ਨਹੀਂ ਹੈ ਜਦੋਂ ਕਿ ਟਕਸਾਲੀ ਪੰਜਾਬੀ ਵਿੱਚ ਸਥਾਨਵਾਚਕ ਨਾਵਾਂ ਲਈ ਵਿਦਮਾਨ ਹੈ। ਪੁਆਧੀ ਵਿਚ ਇਸ ਕਾਰਜ ਲਈ ਸਬੰਧਕ ਪਦ ਦੀ ਵਰਤੋਂ ਹੁੰਦੀ ਹੈ:

| | | | | |
|---|---|---|---|---|
| ਪੁਆਧੀ | – | ਘਰ | – | ਘਰ/ਮਾਂ |
| ਟਕਸਾਲੀ ਪੰਜਾਬੀ | – | ਘਰ | – | ਘਰੇ/ਘਰ ਵਿਚ |
| ਪੁਆਧੀ | – | ਕੋਠਾ | – | ਕੋਠੇ ਪਰ |
| ਟਕਸਾਲੀ ਪੰਜਾਬੀ | – | ਕੋਠਾ | – | ਕੋਠੇ/ਕੋਠੇ 'ਤੇ |

ਦੋਹਾਂ ਬੋਲੀਆਂ ਦੇ ਕਾਰਕੀ ਰੂਪਾਂ ਦੀ ਤੁਲਨਾ ਕਰਨ ਉਪਰੰਤ ਸਾਰ-ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੁਆਧੀ ਵਿਚ ਨਾਂਵ ਦੇ ਅਪਾਦਾਨ ਅਤੇ ਅਧਿਕਰਣ ਰੂਪ ਬਿਲਕੁਲ ਨਹੀਂ ਮਿਲਦੇ। ਸੰਬੋਧਨੀ, ਸਬੰਧਕੀ ਅਤੇ ਕਿਰਿਆਵੀ ਨਾਵਾਂ ਦੇ ਸਬੰਧਕੀ ਰੂਪਾਂ ਪੱਖੋਂ ਵੀ ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚਕਾਰ ਵਖਰੇਵੇਂ ਪਾਏ ਜਾਂਦੇ ਹਨ।

ਪੜਨਾਵਾਂ ਦੇ ਸਬੰਧ ਵਿਚ ਵੀ ਪੁਆਧੀ ਦਾ ਟਕਸਾਲੀ ਪੰਜਾਬੀ ਨਾਲੋਂ ਫ਼ਰਕ ਇਹ ਹੈ ਕਿ ਅੰਨਪੁਰਖ ਦੇ ਸਾਧਾਰਣ ਕਾਰਕ ਵਿਚ ਵੀ ਇਕ ਵਚਨ ਰੂਪ ਵੱਖ ਵੱਖ ਹਨ। ਇਹ ਰੂਪ ਹਨ 'ਔਹ' (ਇਕ ਵਚਨ) ਅਤੇ 'ਔਂਹ' (ਬਹੁ ਵਚਨ) ਵਿਚ। 'ਔਂਹ' ਵਿਚ ਨਾਸਕਤਾ ਬਹੁ ਵਚਨ ਦੀ ਪ੍ਰਤੀਕ ਹੈ। ਪਰ ਟਕਸਾਲੀ ਪੰਜਾਬੀ ਵਿਚ ਅੰਨਪੁਰਖ ਦੇ ਸਾਧਾਰਣ ਕਾਰਕੀ ਰੂਪ ਵਿਚ ਵਚਨ ਦਾ ਵਖਰੇਵਾਂ ਨਹੀਂ ਮਿਲਦਾ। ਟਕਸਾਲੀ ਪੰਜਾਬੀ ਵਿਚ ਇਕ ਵਚਨ ਅਤੇ ਬਹੁਵਚਨ ਦੋਹਾਂ ਲਈ 'ਉਹ' ਮਿਲਦਾ ਹੈ ਜਿਵੇਂ ਕਿ ਹੇਠਲੇ ਵਾਕਾਂ ਵਿਚ ਵੇਖਿਆ ਜਾ ਸਕਦਾ ਹੈ

ਉਹ ਆ ਰਿਹਾ ਹੈ।
ਉਹ ਆ ਰਹੇ ਹਨ।

ਉਪਰੋਕਤ ਵਾਕਾਂ ਦੀ ਤੁਲਨਾ ਪੁਆਧੀ ਵਿਚ ਨਿਮਨ ਅਨੁਸਾਰ ਹੈ:

ਔਹ ਆ ਰਿਹਾ।
ਔਂਹ ਆ ਰਹੇ।

ਅੰਨਪੁਰਖ ਦੇ ਪ੍ਰਸੰਗ ਵਿਚ ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚ ਇਕ ਹੋਰ ਪੱਖੋਂ ਵੀ ਵਖਰੇਵਾਂ ਮਿਲਦਾ ਹੈ। ਉਹ ਇਹ ਕਿ ਟਕਸਾਲੀ ਪੰਜਾਬੀ ਵਿਚ ਅੰਨਪੁਰਖ ਦੇ ਚਾਰ ਰੂਪ ਮਿਲਦੇ ਹਨ:

1. ਐਹ
2. ਇਹ
3. ਔਹ
4. ਉਹ

ਪਰ ਪੁਆਧੀ ਵਿਚ ਕੇਵਲ ਦੋ ਰੂਪ ਹੀ ਹਨ:

1. ਔਹ
2. ਇਹੋ

ਪੁਆਧੀ ਅਤੇ ਟਕਸਾਲੀ ਪੰਜਾਬੀ ਦੇ ਪੁਰਖਵਾਚਕ ਪੜਨਾਂਵਾਂ ਨੂੰ ਦੇਖਿਆਂ ਇਨ੍ਹਾਂ ਵਿਚਲਾ ਫ਼ਰਕ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ :

| ਪੜਨਾਂਵ | ਕਾਰਕ | ਇਕ ਵਚਨ ਪੁਆਧੀ | ਇਕ ਵਚਨ ਟਕਸਾਲੀ ਪੰਜਾਬੀ | ਬਹੁ ਵਚਨ ਪੁਆਧੀ | ਬਹੁ ਵਚਨ ਟਕਸਾਲੀ ਪੰਜਾਬੀ |
|---|---|---|---|---|---|
| ਉਤਮਪੁਰਖ਼ | ਸਾਧਾਰਣ | ਮੈਂ | ਮੈਂ | ਹਮੇਂ | ਅਸੀਂ/ਅਸਾਂ |
| | ਕਰਮ | ਮੂੰਨੂ | ਮੈਨੂੰ | ਮ੍ਹਾਨੂੰ | ਸਾਨੂੰ-ਅਸਾਨੂੰ |
| | ਸਬੰਧਕੀ | ਮੇਰੇ | ਮੇਰੇ | ਮੇਰੇ | ਸਾਡੇ |
| | ਅਪਾਦਾਨ | – | ਮੈਥੋਂ | ਮੈਥੋਂ | ਸਾਥੋਂ |
| ਮੱਧਮ ਪੁਰਖ | ਸਾਧਾਰਣ | ਤੌਂਹ | ਤੂੰ | ਥ੍ਹਮੇਂ/ਤਮ੍ਹੇਂ | ਤੁਸੀਂ |
| | ਕਰਮ | ਤੇਨੂੰ | ਤੈਨੂੰ | ਥ੍ਹਾਨੂੰ | ਤੁਹਾਨੂੰ |
| | ਸਬੰਧਕੀ | ਤੇਰੇ | ਤੇਰੇ | ਥ੍ਹਾਰੇ | ਤੁਹਾਡੇ |
| | ਅਪਾਦਾਨ | – | ਤੈਥੋਂ | – | ਤੁਹਾਥੋਂ |
| ਅੰਨਪੁਰਖ | ਸਾਧਾਰਣ | ਔਂਹ | ਐਹ,ਉਹ | ਔਂਹ | ਐਹ, ਇਹ |
| | | ਇਹੋ | ਔਹ,ਉਹ | ਇਹੇ | ਔਹ, ਉਹ |
| | ਕਰਮ | ਔਹਨੂੰ | ਐਹਨੂੰ, | ਇਹਨੂੰ | – – |
| | ਸਬੰਧਕੀ | ਉਸ/ਇਸ | ਐਸ,ਉਸ | ਇਨ | ਉਹਨਾਂ, ਔਹਨਾਂ |

ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚ ਸਬੰਧਵਾਚਕ ਪੜਨਾਂਵਾਂ ਦੀ ਸਥਿਤੀ ਵੀ ਫ਼ਰਕ ਵਾਲੀ ਨਜ਼ਰ ਆਉਂਦੀ ਹੈ। ਹੇਠ ਲਿਖਿਆ ਵਾਕ ਇਸਦੀ ਪੁਸ਼ਟੀ ਕਰਦਾ ਹੈ:

ਪੁਆਧੀ : ਬੰਤਾ ਜਦ ਰੋਟੀ ਖਾਏਗਾ ਜਦ ਤੌਂਹ ਖਾਗਾ।

ਟਕਸਾਲੀ : ਬੰਤਾ ਉਦੋਂ ਰੋਟੀ ਖਾਏਗਾ ਜਦੋਂ ਤੂੰ ਖਾਏਂਗਾ।

ਪੁਆਧੀ ਵਾਕ ਵਿਚ ਸਬੰਧਵਾਚਕ 'ਜਦ' ਦੀ ਸਬੰਧਵਾਚਕ ਅਤੇ ਅਨੁਸਬੰਧਵਾਚਕ ਦੋਹਾਂ ਵਜੋਂ ਵਰਤੋਂ ਕੀਤੀ ਗਈ ਹੈ ਪਰ ਟਕਸਾਲੀ ਵਾਕ ਵਿਚ ਸਬੰਧਵਾਚਕ ਅਤੇ ਅਨੁਸਬੰਧਵਾਚਕ ਰੂਪ 'ਜਦੋਂ' ਅਤੇ ਉਦੋਂ ਵੱਖਰੇ ਵੱਖਰੇ ਹਨ। ਦੂਜੇ ਪੁਆਧੀ ਵਿਚ 'ਜਦ' ਦੇ ਸਾਧਾਰਣ ਰੂਪ ਦੀ ਹੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਟਕਸਾਲੀ ਪੰਜਾਬੀ ਵਿਚ 'ਜਦੋਂ' ਉਦੋਂ ਦੋਵੇਂ ਅਪਾਦਾਨ ਰੂਪਾਂ ਵਿਚ ਹਨ।

ਇਸੇ ਤਰ੍ਹਾਂ ਸਬੰਧਵਾਚਕਾਂ ਸਬੰਧੀ ਇਨ੍ਹਾਂ ਬੋਲੀਆਂ ਵਿਚ ਭਿੰਨਤਾ ਦਾ ਇਕ ਹੋਰ ਪੱਖ ਇਹ ਹੈ ਕਿ ਪੁਆਧੀ ਵਿਚ '∅' ਦੀ ਵੀ ਸਬੰਧਵਾਕਚ ਵਜੋਂ ਵਰਤੋਂ ਹੁੰਦੀ ਹੈ ਪਰ ਟਕਸਾਲੀ ਵਿਚ ਅਜਿਹਾ ਨਹੀਂ ਹੁੰਦਾ। ਹੇਠਲਾ ਵਾਕ ਇਸ ਭਿੰਨਤਾ ਨੂੰ ਸਾਹਮਣੇ ਲਿਆਉਂਦਾ ਹੈ:

ਪੁਆਧੀ : ਬੰਤ '∅' ਕੰਮ ਨਹੀਂ ਕਰਦਾ ਜੋ ਔਹ ਕਹਾ।

ਟਕਸਾਲੀ : ਬੰਤਾ ਉਹ ਕੰਮ ਨਹੀਂ ਕਰਦਾ ਜੋ ਉਹ ਕਹਿੰਦਾ ਹੈ।

ਅੰਤਮ ਵਾਕ ਦਰਸਾਉਂਦਾ ਹੈ ਕਿ ਟਕਸਾਲੀ ਪੰਜਾਬੀ ਵਿਚ ਸਬੰਧਵਾਚਕ 'ਉਹ' ਦਾ ਲੋਪ ਨਹੀਂ ਹੋ ਸਕਦਾ ਜਦੋਂ ਕਿ ਪਹਿਲੇ ਵਾਕ ਤੋਂ ਪਤਾ ਲੱਗਦਾ ਹੈ ਕਿ ਪੁਆਧੀ ਵਿਚ ਇਹ ਸੰਭਵ ਹੈ।

ਪੁਆਧੀ ਨਿਜਵਾਚਕਤਾ ਦੇ ਦ੍ਰਿਸ਼ਟੀਕੋਣ ਤੋਂ ਇਕ ਹੋਰ ਭਿੰਨਤਾ ਦਾ ਪ੍ਰਗਟਾਵਾ ਕਰਦੀ ਹੈ। ਪੁਆਧੀ ਵਿਚ ਨਿਜਵਾਚਕਾ ਲਈ ਸਬੰਧਬੋਧਕ 'ਮੇਰਾ' ਦੀ ਵਰਤੋਂ ਹੁੰਦੀ ਹੈ ਪਰ ਟਕਸਾਲੀ ਪੰਜਾਬੀ ਵਿਚ 'ਉਸਦਾ' ਦੀ ਵਰਤੋਂ ਕੀਤੀ ਜਾਂਦੀ ਹੈ। ਹੇਠਲੇ ਵਾਕ ਇਸ ਤੱਥ ਨੂੰ ਪ੍ਰਗਟਾਉਂਦੇ ਹਨ :

ਪੁਆਧੀ : ਨਿਉਂ ਕੌਣ ਚਾਹਾ ਕਿ ਮੇਰਾ ਬਾਪੂ ਗਰੀਬ ਹੋਏ।

ਟਕਸਾਲੀ ਪੰਜਾਬੀ : ਇੰਝ ਕੌਣ ਚਾਹੁੰਦਾ ਹੈ ਕਿ ਉਸਦਾ ਬਾਪ ਗਰੀਬ ਹੋਏ।

ਪੁਆਧੀ ਵਿਚਲੇ ਕਿਰਿਆ ਰੂਪ ਵੀ ਬਾਕੀ ਬੋਲੀਆਂ ਨਾਲੋਂ ਵੱਖਰੇ ਹਨ। ਜਿਥੇ ਟਕਸਾਲੀ ਪੰਜਾਬੀ ਵਿਚ 'ਖਾਂਦਾ ਹੈ', 'ਪੀਂਦਾ ਹੈ', 'ਕਹਿੰਦਾ ਹੈ', 'ਜਾਂਦਾ ਹੈ', 'ਸੁਣਦਾ ਹੈ', ਆਦਿ ਕਿਰਿਆ ਰੂਪਾਂ ਦੀ ਵਰਤੋਂ ਹੁੰਦੀ ਹੈ। ਉਥੇ ਇਹ ਰੂਪ ਪੁਆਧੀ ਵਿਚ ਬਿਲਕੁਲ ਵੱਖਰੇ ਹਨ ਜਿਵੇਂ :

| ਟਕਸਾਲੀ ਪੰਜਾਬੀ | 'ਪੁਆਧੀ' |
|---|---|
| ਖਾਂਦਾ ਹੈ। | 'ਖਾਹਾ' |
| ਪੀਂਦਾ ਹੈ। | 'ਪੀਆ' |
| ਕਹਿੰਦਾ ਹੈ। | 'ਕਾਹਾ' |
| ਜਾਂਦਾ ਹੈ। | 'ਜਾਹਾ' |
| ਸੁਣਦਾ ਹੈ। | 'ਸੁਣਾ' |
| ਹੱਸਦਾ ਹੈ। | 'ਹਸਾ' |
| ਰੋਂਦਾ ਹੈ। | 'ਰੋਆ' |
| ਵੇਖਦਾ ਹੈ। | ਦੇਖਾ' |

ਇਸ ਸਬੰਧੀ ਇਕ ਤੱਥ ਹੋਰ ਉੱਘੜਕੇ ਸਾਹਮਣੇ ਆਉਂਦਾ ਹੈ ਕਿ ਪੁਆਧੀ ਵਿਚਲੀ ਕਿਰਿਆ ਵਿਚ ਲਿੰਗ ਦਾ ਭੇਦ ਨਹੀਂ ਮਿਲਦਾ ਅਤੇ ਵਚਨ ਦਾ ਭੇਦ ਨਾਸਕਤਾ ਰਾਹੀਂ ਦਰਸਾਇਆ ਜਾਂਦਾ ਹੈ ਜਿਵੇਂ 'ਜਾਹਾ/ਜਾਹਾਂ', 'ਖਾਹਾ/ਖਾਹਾਂ', 'ਹਸਾ/ਹਸਾਂ' ਆਦਿ।

ਸੰਜੋਗਾਤਮਕਤਾ/ਵਿਜੋਗਾਤਮਕਤਾ ਦੇ ਪ੍ਰਸੰਗ ਤੋਂ ਦੇਖਿਆਂ ਪਤਾ ਲਗਦਾ ਹੈ ਕਿ ਦੋਹਾਂ ਬੋਲੀਆਂ ਵਿਚ ਮੌਲਿਕ ਅੰਤਰ ਹੈ। ਕਈ ਕਿਰਿਆਵੀ ਬਣਤਰਾਂ ਅਜਿਹੀਆਂ ਹਨ, ਜਿਥੇ ਟਕਸਾਲੀ ਪੰਜਾਬੀ ਵਿਚ ਵਿਜੋਗਾਤਮਕ ਰੂਪ ਮਿਲਦਾ ਹੈ ਅਤੇ ਸੁਤੰਤਰ ਸਹਾਇਕ ਕਿਰਿਆ ਦੀ ਵਰਤੋਂ ਹੁੰਦੀ ਹੈ, ਉਥੇ ਪੁਆਧੀ ਵਿਚ ਸਹਾਇਕ ਕਿਰਿਆ ਦੀ ਅਣਹੋਂਦ ਹੈ ਅਤੇ ਸੰਜੋਗਾਤਮਕ ਰੂਪ ਪਾਇਆ ਜਾਂਦਾ ਹੈ। ਇਨ੍ਹਾਂ ਵਿਚਲੀ ਭਿੰਨਤਾ ਨੂੰ ਦਰਸਾਉਣ ਲਈ ਹੇਠਾਂ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ। ਇਸ ਕੰਮ ਲਈ ਸਹਾਇਕ ਕਿਰਿਆ 'ਹੈ' ਦੇ ਵਰਤਮਾਨ ਰੂਪ ਨੂੰ ਲਿਆ ਗਿਆ ਹੈ:

| | | |
|---|---|---|
| ਪੁਆਧੀ | : | ਮੈਂ ਜਾ ਰਿਹਾਂ। |
| ਟਕਸਾਲੀ ਪੰਜਾਬੀ | : | ਮੈਂ ਜਾ ਰਿਹਾ ਹਾਂ। |
| ਪੁਆਧੀ | : | ਹਮੇਂ ਜਾ ਰਹੇ। |
| ਟਕਸਾਲੀ ਪੰਜਾਬੀ | : | ਅਸੀਂ ਜਾ ਰਹੇ ਹਾਂ। |
| ਪੁਆਧੀ | : | ਤੌਂਹ ਜਾ ਰਿਹਾ। |
| ਟਕਸਾਲੀ ਪੰਜਾਬੀ | : | ਤੂੰ ਜਾ ਰਿਹਾ ਹੈਂ। |
| ਪੁਆਧੀ | : | ਥਮੇਂ ਜ਼ਾ ਰਹੇ। |
| ਟਕਸਾਲੀ ਪੰਜਾਬੀ | : | ਤੁਸੀਂ ਜਾ ਰਹੇ ਹੋ। |
| ਪੁਆਧੀ | : | ਔਹ ਜਾ ਰਿਹਾ। |
| ਟਕਸਾਲੀ ਪੰਜਾਬੀ | : | ਉਹ ਜਾ ਰਿਹਾ ਹੈ। |
| ਪੁਆਧ | : | ਔਂਹ ਜਾ ਰਹੇ । |
| ਟਕਸਾਲੀ ਪੰਜਾਬੀ | : | ਉਹ ਜਾ ਰਹੇ ਹਨ। |

ਇਸੇ ਤਰ੍ਹਾਂ ਪੁਆਧੀ ਵਿਚ ਭੂਤ ਕਾਲ ਦੀ ਸਹਾਇਕ ਕਿਰਿਆ ਦਾ ਰੂਪ ਪੰਜਾਬੀ ਦੀਆਂ ਸਾਰੀਆਂ ਉਪਬੋਲੀਆਂ ਨਾਲੋਂ ਫ਼ਰਕ ਵਾਲਾ ਹੈ। ਪੁਆਧੀ

ਵਿਚ ਇਹ ਸਹਾਇਕ ਕਿਰਿਆ ਤਾ, ਤੇ, ਤੀ, ਤੀਆਂ ਹੈ। ਜਿਵੇਂ :

ਉਹ ਆਇਆ ਤਾ।

ਉਹ ਆਈ ਤੀ।

ਉਹ ਆਈਆਂ ਤੀਆਂ।

ਇਹ ਸਹਾਇਕ ਕਿਰਿਆ ਲਿੰਗ-ਵਚਨ ਅਨੁਸਾਰ ਬਦਲਦੀ ਹੈ। ਪਰ ਟਕਸਾਲੀ ਮਾਝੀ ਦੀ ਇਹੋ ਕਿਰਿਆ (ਸਾਂ, ਸੈਂ,ਸਉ, ਸੀ, ਸਣ) ਪੁਰਖ - ਵਚਨ ਅਨੁਸਾਰ ਬਦਲਦੀ ਹੈ, ਲਿੰਗ ਦਾ ਕਿਰਿਆ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇੱਥੇ ਇਸ ਗੱਲ ਦਾ ਜਿਕਰ ਕਰਨਾ ਜ਼ਰੂਰੀ ਬਣਦਾ ਹੈ ਕਿ ਮਲਵਈ ਬੋਲੀ ਵਿਚ ਹਰ ਥਾਂ ਇਕੱਲੀ 'ਸੀ' ਹੀ ਵਰਤੀ ਜਾਂਦੀ ਹੈ। ਕਈ ਪੁਆਧੀ ਇਲਾਕਿਆਂ ਵਿਚ 'ਥਾ, ਥੀ, ਥੇ, ਥੀਆਂ' ਵੀ ਉਚਾਰੇ ਜਾਂਦੇ ਹਨ।

ਇਸ ਤੋਂ ਇਲਾਵਾ ਇਨ੍ਹਾਂ ਬੋਲੀਆਂ ਵਿਚ ਕਿਰਿਆ ਵਿਸ਼ੇਸ਼ਣ ਵੀ ਕਾਫ਼ੀ ਭਿੰਨਤਾ ਵਾਲੇ ਹਨ, ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ:

| | | |
|---|---|---|
| ਹੁਣ | : | ਇਬ |
| ਕਿਸ ਤਰ੍ਹਾਂ | : | ਕੀਕਣ/ਕੀਤਰਾਂ |
| ਜਿਸ ਤਰ੍ਹਾਂ | : | ਜਿਕਣ |
| ਇਸ ਤਰ੍ਹਾਂ | : | ਈਕਣ/ਇਕਣ/ਇਤਰਾਂ |
| ਇਥੇ | : | ਇੱਥਾ |
| ਉਥੇ | : | ਉੱਥਾ |
| ਜਦੋਂ/ਜਦੇ | : | ਜੌਂਗਲ |
| ਤਦੋਂ/ਤਦੇ | : | ਤੌਂਗਲ |
| ਕਦੋਂ | : | ਕੌਂਗਲ |
| ਉਦੋਂ | : | ਓਗਲ |
| ਅੱਗੇ | : | ਗਾਹਾਂ |

ਪੁਆਧੀ ਉਪ ਬੋਲੀ ਸਰਹੱਦੀ ਬੋਲੀ ਹੈ ਕਿਉਂਕਿ ਇਸ ਦਾ ਇਕ ਪਾਸਾ ਮਾਲਵੇ ਨਾਲ ਲੱਗਦਾ ਹੈ ਅਤੇ ਦੂਸਰਾ ਬਾਂਗਰ ਨਾਲ, ਜਿਹੜਾ 'ਅੱਜ ਕੱਲ' ਹਰਿਆਣੇ ਦਾ ਇਲਾਕਾ ਹੈ। ਇਸੇ ਕਰ ਕੇ ਪੁਆਧੀ, ਮਲਵਈ ਅਤੇ ਬਾਂਗਰੂ ਦੀ ਸ਼ਬਦਾਵਲੀ ਦਾ ਮਿਲਗੋਭਾ ਹੈ। ਇਹੀ ਕਾਰਨ ਹੈ ਕਿ ਸ਼ਬਦਾਵਲੀ ਦੇ ਪੱਧਰ ਤੇ ਵੀ ਟਕਸਾਲੀ ਪੰਜਾਬੀ ਅਤੇ ਪੁਆਧੀ ਦਾ ਜ਼ਿਆਦਾ ਫ਼ਰਕ ਹੈ:

| ਟਕਸਾਲੀ ਪੰਜਾਬੀ | | ਪੁਆਧੀ | ਟਕਸਾਲੀ ਪੰਜਾਬੀ | | ਪੁਆਧੀ |
|---|---|---|---|---|---|
| ਗਾਂ | : | ਗੈਂ | ਬੁੱਕ/ਓਕ | : | ਊਂਜਲ |
| ਮੱਝ | : | ਮੈਸ | ਅਫਸੋਸ | : | ਰਮਾਨ |
| ਮੁੰਡਾ | : | ਛੋਕਰਾ/ਛੋਹਰਾ | ਹਵਾ | : | ਬਾ |
| ਕੜਾਹੀ | : | ਚਾਸਣੀ | ਗਰਮੀ | : | ਕਰਸਾਹ |
| ਭਰਵੱਟਾ | : | ਭੇਫਣ | ਸੋਨਾ | : | ਸਿਉਨਾ |
| ਕਹਿੰਦਾ | : | ਛਿਪਟਾ | ਬੱਚਾ | : | ਜੁਆਕ |
| ਚੌਲ | : | ਭੱਤ | ਗੰਨਾ | : | ਇੱਖ |
| ਖ਼ਰਬੂਜਾ | : | ਕਚਰਾ | ਗਲੀ | : | ਬੀਹੀ |
| ਚਿਰਾਂ ਦੀ ਸੂਈ ਮੱਝ | : | ਭਲੇਟ | ਡੱਡੂ | : | ਮੇਡਕ |

ਉਪਰੋਕਤ ਸਾਰੇ ਵਿਚਾਰ-ਵਟਾਂਦਰੇ ਤੋਂ ਪਤਾ ਲੱਗਦਾ ਹੈ ਕਿ ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚ ਵਿਆਕਰਨਕ ਪੱਧਰ ਉੱਤੇ ਭਿੰਨਤਾਵਾਂ ਪਾਈਆਂ ਗਈਆਂ ਹਨ। ਨਾਂਵ, ਪੜਨਾਂਵ, ਕਿਰਿਆ, ਸਹਾਇਕ ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਨੂੰ ਅਧਾਰ ਬਣਾ ਕੇ ਕੀਤੇ ਗਏ ਅਧਿਐਨ ਤੋਂ ਪ੍ਰਤੱਖ ਦਿਖਾਈ ਦਿੰਦਾ ਹੈ ਕਿ ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚ ਕਿੰਨਾ ਫ਼ਰਕ ਹੈ। ਇਹੀ ਫ਼ਰਕ ਬਹੁਤਾ ਕਰਕੇ ਉਚਾਰਨ, ਸ਼ਬਦਾਵਲੀ ਅਤੇ ਰੂਪਾਂਤਰ ਪੱਧਰ ਤੇ ਦ੍ਰਿਸ਼ਟੀਮਾਨ ਹੁੰਦਾ ਹੈ। ਇਹੀ ਵਖਰੇਵਾਂ ਇਨ੍ਹਾਂ ਉਪਭਾਸ਼ਾਵਾਂ ਨੂੰ ਵੱਖੋ-ਵੱਖਰੇ ਨਾਮ ਦੇਣ ਦਾ ਜ਼ਿੰਮੇਵਾਰ ਹੈ।

* * *

# ਪੁਆਧੀ ਦੀ ਧੁਨੀ-ਵਿਉਂਤ

- ਜਗਰੂਪ ਸਿੰਘ 'ਜਗਰਾਉਂ'

ਪੁਆਧੀ ਉਪਭਾਸ਼ਾ ਦੀ ਧੁਨੀ-ਵਿਉਂਤ ਤੋਂ ਪਹਿਲਾਂ ਪੁਆਧੀ ਬਾਰੇ ਅਤੇ ਇਸਦੇ ਭੂਗੋਲਿਕ ਖੇਤਰ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ।

ਭਾਰਤ ਦੇ ਸੁਨਹਿਰੀ ਪ੍ਰਾਂਤ ਦਾ ਨਾਂ ਹੈ, ਪੰਜਾਬ ਜਿਸ ਦਾ ਸ਼ਬਦਿਕ ਅਰਥ ਹੈ ਪੰਜ+ਆਬ ਭਾਵ ਪੰਜ ਦਰਿਆਵਾਂ ਦੀ ਧਰਤੀ। ਪੰਜਾਬ ਦੀ ਆਪਣੀ ਬੋਲੀ ਹੈ ਪਜੰਾਬੀ, ਅੱਗੇ ਜਾ ਕੇ ਭੂਗੋਲਿਕ ਹੱਦਬੰਦੀ, ਦਰਿਆਵਾਂ, ਆਵਾਜਾਈ ਦੇ ਸਾਧਨਾਂ ਦੀ ਘਾਟ ਦੇ ਕਾਰਨ ਇਹ ਅਲੱਗ-ਅਲੱਗ ਉਪਭਾਸ਼ਾਵਾਂ ਵਿੱਚ ਵੰਡੀ ਗਈ। ਅਜੋਕੇ ਪੰਜਾਬ ਵਿਚ ਪ੍ਰਮੁੱਖ ਚਾਰ ਉਪਭਾਸ਼ਾਵਾਂ ਮਲਵਈ, ਮਾਝੀ, ਦੁਆਬੀ ਤੇ ਪੁਆਧੀ ਹਨ। ਅਸੀਂ ਇੱਥੇ ਸਿਰਫ਼ ਪੁਆਧੀ ਦੀ ਹੀ ਗੱਲ ਕਰਾਂਗੇ।

ਪੁਆਧੀ :

ਪੁਆਧ ਦੇ ਖੇਤਰ ਜਾਂ ਇਲਾਕੇ ਵਿਚ ਬੋਲੀ ਜਾਂਦੀ ਭਾਸ਼ਾ ਜਾਂ ਬੋਲੀ ਨੂੰ 'ਪੁਆਧੀ ਬੋਲੀ' ਕਿਹਾ ਜਾਂਦਾ ਹੈ। ਪੁਆਧ ਸ਼ਬਦ ਦਾ ਅਰਥ ਹੈ ਪੂਰਬਆਧ ਅਰਥਾ ਪੂਰਬ ਵਾਲੇ ਪਾਸੇ ਦਾ ਅੱਧਾ ਹਿੱਸਾ। ਪੁਆਧੀ ਉਪਭਾਸ਼ਾ ਦੇ ਉੱਤਰ ਵਿੱਚ ਪੰਜਾਬੀ ਦੀ ਦੁਆਬੀ ਉਪਭਾਸ਼ਾ, ਪੱਛਮ ਵਿਚ ਸਤਲੁਜ ਦੇ ਕਿਨਾਰੇ ਦੇ ਖੇਤਰ ਦੀ ਮਲਵਈ, ਪੂਰਬ ਵਿਚ ਪਹਾੜੀ ਬੋਲੀਆਂ ਅਤੇ ਦੱਖਣ ਵਿਚ ਇਕ ਪਾਸੇ ਪੱਛਮੀਂ ਹਿੰਦੀ (ਅੰਬਾਲਾ) ਅਤੇ ਦੂਜੇ ਪਾਸੇ ਦੱਖਣ ਪੱਛਮ ਵਿਚ ਭਟਿਆਣੀ, ਬਾਂਗਰੂ ਤੇ ਰਾਠੀ ਉਪ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।

ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਸਰਵੇਖਣ ਵਿਚ ਸਭ ਤੋਂ ਵੱਡਾ ਯੋਗਦਾਨ ਪੱਛਮੀ ਭਾਸ਼ਾ ਵਿਗਿਆਨੀ ਗਰੀਅਰਸਨ ਨੇ ਦਿੱਤਾ ਹੈ। ਉਸ ਤੋਂ ਬਾਅਦ ਕਿਸੇ ਨੇ ਵੀ ਐਨੀ ਵਿਸਥਾਰ ਨਾਲ ਕੰਮ ਨਹੀਂ ਕੀਤਾ ਭਾਵੇਂ ਉਹ ਭੂਗੋਲਿਕ ਹੱਦਬੰਦੀ ਦੇ ਖੇਤਰ ਵਿਚ ਹੋਵੇ ਜਾਂ ਫਿਰ ਬੋਲੀ ਦੇ ਆਧਾਰ 'ਤੇ ਹੋਵੇ।

ਗਰੀਅਰਸਨ ਦੇ ਅਨੁਸਾਰ ਪੁਆਧ ਦਾ ਖੇਤਰ, "ਸਤਲੁਜ ਦਰਿਆ ਰੋਪੜ ਤੋਂ ਲੈ ਕੇ ਹਰੀਕੇ ਪੱਤਣ ਤੱਕ। ਇਸ ਦੇ ਉੱਤਰ ਵਾਲੇ ਪਾਸੇ ਦੁਆਬਾ ਭਾਵ ਜਲੰਧਰ ਜ਼ਿਲ੍ਹਾ ਹੈ ਅਤੇ ਦੱਖਣ ਵਾਲੇ ਪਾਸੇ ਲੁਧਿਆਣਾ ਤੇ ਫਿਰੋਜ਼ਪੁਰ ਜ਼ਿਲ੍ਹੇ ਹਨ। ਲੁਧਿਆਣੇ ਜ਼ਿਲ੍ਹੇ ਦੇਂ ਇਲਾਕੇ ਜੋ ਸਤਲੁਜ ਦਰਿਆ ਦੇ ਨਾਲ ਲੱਗਦੇ ਹਨ

ਉੱਥੇ ਪੁਆਧੀ ਬੋਲੀ ਜਾਂਦੀ ਹੈ। ਬਾਕੀ ਸਾਰਾ ਹਿੱਸਾ ਮਾਲਵੇ ਵਿਚ ਆਉਂਦਾ ਹੈ। ਪੂਰਬ ਵਾਲੇ ਪਾਸੇ ਪੁਆਧ ਦਾ ਇਲਾਕਾ ਅੰਬਾਲਾ ਵਿਚਲੇ ਘੱਗਰ ਦਰਿਆ ਤੱਕ ਫੈਲਿਆ ਹੋਇਆ ਹੈ। ਦੱਖਣ ਵਿੱਚ ਪੁਆਧ ਦੇ ਵਿਚ ਪਟਿਆਲਾ, ਨਾਭਾ ਤੇ ਜੀਂਦ ਦੇ ਇਲਾਕੇ ਸ਼ਾਮਲ ਹਨ।"

ਅਜੋਕੇ ਪੰਜਾਬ ਦੇ ਵਿਚ ਪੁਆਧ ਦੇ ਖੇਤਰ ਵਿਚ ਜ਼ਿਲ੍ਹਾ ਰੋਪੜ ਦਾ ਸਾਰਾ ਹਿੱਸਾ, ਪਟਿਆਲੇ ਦਾ ਪੂਰਬੀ ਹਿੱਸਾ, ਜ਼ਿਲ੍ਹਾ ਸੰਗਰੂਰ ਦੇ ਮਲੇਰਕੋਟਲੇ ਦੀ ਤਰਫ਼ ਦਾ ਇਲਾਕਾ, ਸਤਲੁਜ ਦੇ ਨਾਲ ਲਗਦੀ ਜ਼ਿਲ੍ਹਾ ਲੁਧਿਆਣਾ ਦੀ ਗੁਠ ਅਤੇ ਜੀਂਦ ਦੇ ਕੁਝ ਪਿੰਡ ਸ਼ਾਮਲ ਹਨ।

ਪ੍ਰੰਤੂ ਅਜਕੱਲ੍ਹ ਆਵਾਜਾਈ ਦੇ ਸਾਧਨਾਂ ਦੇ ਵਿਕਸਤ ਹੋਣ ਕਰਕੇ, ਦਰਿਆਵਾਂ ਉੱਪਰ ਪੁਲ ਬਣਨ ਕਰਕੇ ਅਤੇ ਸੰਚਾਰ ਦੇ ਸਾਧਨਾਂ ਦੇ ਵਿਕਸਤ ਹੋਣ ਕਰਕੇ ਸਾਰੇ ਹੀ ਇਲਾਕੇ ਇਕ ਦੂਜੇ ਦੇ ਨਾਲ ਜੁੜ ਗਏ ਹਨ। ਇਸ ਤਰ੍ਹਾਂ ਸਾਰੀਆਂ ਉਪਭਾਸ਼ਾਵਾਂ ਦੇ ਸ਼ਬਦ ਰਲ-ਮਿਲ ਗਏ ਹਨ। ਹਰੇਕ ਭਾਸ਼ਾ ਦੀਆਂ ਉਪਭਾਸ਼ਾਵਾਂ ਵਿਚ ਫ਼ਰਕ ਤਾਂ ਹੁੰਦਾ ਹੀ ਹੈ ਜਿਵੇਂ ਕਿਹਾ ਜਾਂਦਾ ਹੈ ਕਿ ਬੋਲੀ ਬਾਰ੍ਹਾਂ ਕੋਹ ਤੇ ਬਦਲ ਜਾਂਦੀ ਹੈ।

ਪੰਜਾਬੀ ਦੀਆਂ ਤਿੰਨ ਉਪਭਾਸ਼ਾਵਾਂ ਮਾਝੀ, ਮਲਵਈ ਅਤੇ ਦੁਆਬੀ ਦੀ ਸਾਹਿਤਕ ਖੇਤਰ ਵਿਚ ਕਾਫ਼ੀ ਚਰਚਾ ਹੈ ਪਰ ਇਨ੍ਹਾਂ ਤਿੰਨਾਂ ਉਪਭਾਸ਼ਾਵਾਂ ਦੇ ਨਾਲ ਚੌਥੀ ਉਪਭਾਸ਼ਾ ਪੁਆਧੀ ਵੀ ਆਪਣੀ ਨਿਵੇਕਲੀ ਹੋਂਦ ਰੱਖਦੀ ਹੈ ਪ੍ਰੰਤੂ ਇਸ ਉਪਭਾਸ਼ਾ ਉੱਪਰ ਦੂਸਰੀਆਂ ਉਪਭਾਸ਼ਾਵਾਂ ਦੇ ਮੁਕਾਬਲੇ ਨਾਂ-ਮਾਤਰ ਹੀ ਕੰਮ ਹੋਇਆ ਹੈ ਜੇਕਰ ਅਸੀਂ ਇਹ ਕਹਿ ਦੇਈਏ ਕੇ ਪੁਆਧੀ ਪੰਜਾਬ ਦੀ ਚੌਥੀ ਮੁਖ ਉਪਭਾਸ਼ਾ ਹੋਣ ਦੇ ਨਾਤੇ ਦੂਸਰੀਆਂ ਤਿੰਨ ਉਪਭਾਸ਼ਾਵਾਂ ਮਾਝੀ, ਮਲਵਈ ਅਤੇ ਦੁਆਬੀ ਨਾਲੋਂ ਸਾਹਿਤਕ ਖੇਤਰ ਵਿਚਲੀ ਪਛਾਣ ਪੱਖੋਂ ਬਹੁਤ ਹੀ ਪਿੱਛੇ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

1947 ਦੀ ਦੇਸ਼ ਦੀ ਵੰਡ ਤੋਂ ਪਹਿਲਾ ਪੂਰਬੀ ਪੰਜਾਬ ਸਮੇਂ ਪੁਆਧ ਦਾ ਖੇਤਰਫ਼ਲ ਵਿਸ਼ਾਲ ਸੀ। ਉਸ ਤੋਂ ਮਗਰੋਂ 1966 ਵਿੱਚ ਪੰਜਾਬ ਦੇ ਵਿੱਚੋਂ ਦੋ ਵੱਖਰੇ ਪ੍ਰਾਂਤ ਹਿਮਾਚਲ ਤੇ ਹਰਿਆਣਾ ਹੋਂਦ ਵਿਚ ਆਏ। ਇਸ ਤਰ੍ਹਾਂ ਅੰਬਾਲਾ ਹਰਿਆਣੇ ਵਿਚ ਜਾਣ ਕਰਕੇ ਤੇ ਚੰਡੀਗੜ੍ਹ ਰਾਜਧਾਨੀ ਦੇ ਨਿਰਮਾਣ ਸਮੇਂ ਦੀ ਪੁਆਧ ਦੇ 50 ਪਿੰਡਾਂ ਨੂੰ ਉਜਾੜਾ ਸਹਿਣਾ ਪਿਆ। ਇਸ ਤਰ੍ਹਾਂ ਦੇਸ਼ ਦੀ ਵੰਡ ਤੋਂ ਬਾਅਦ ਪੁਆਧ ਦੇ ਇਲਾਕੇ ਨੂੰ ਦੂਸਰੀ ਵਾਰ ਉਜਾੜਾ ਸਹਿਣਾ ਪਿਆ ਅਤੇ

ਆਪਣੀਆਂ ਜ਼ਮੀਨਾਂ ਰਾਜਧਾਨੀ ਚੰਡੀਗੜ੍ਹ ਨੂੰ ਦੇਣੀਆਂ ਪਈਆਂ ਇਸ ਤਰ੍ਹਾਂ ਇਹ ਲੋਕ ਹੋਰ ਪਿੰਡਾਂ ਵਿਚ ਵਸੇਬਾ ਕਰ ਗਏ। ਇਸ ਦੁਖਾਂਤ ਬਾਰੇ ਮਨਮੋਹਨ ਸਿੰਘ ਦਾਊਂ ਦੀ ਪੁਸਤਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਪੜ੍ਹਨ ਯੋਗ ਹੈ। ਚੰਡੀਗੜ੍ਹ ਵਰਗੇ ਅਗਾਂਹਵਧੂ ਸੱਭਿਆਚਾਰ ਵਾਲੇ ਸ਼ਹਿਰ ਦੀ ਬੋਲੀ ਦਾ ਵੀ ਪੁਆਧੀ ਉੱਪਰ ਅਸਰ ਪਿਆ। ਪ੍ਰੰਤੂ ਇਹ ਸਭ ਦੇ ਬਾਵਜੂਦ ਵੀ ਪੁਆਧੀ ਬੋਲੀ ਨੇ ਆਪਣੀ ਹੋਂਦ ਨੂੰ ਬਣਾਈ ਰੱਖਿਆ ਹੈ। ਪੁਆਧ ਦਾ ਇਲਾਕਾ ਇਤਿਹਾਸ ਦੇ ਪੰਨਿਆਂ ਵਿਚ ਇਸ ਕਰਕੇ ਵੀ ਵਿਲੱਖਣਤਾ ਰੱਖਦਾ ਹੈ ਕਿਉਂਕਿ ਖ਼ਾਲਸੇ ਦੀ ਜਨਮਭੂਮੀ ਅਨੰਦਪੁਰ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੀ ਇਸ ਇਲਾਕੇ ਵਿਚ ਹੈ। ਇਸ ਤੋਂ ਇਲਾਵਾ ਹੋਰ ਧਰਮਾਂ ਦੇ ਦੇਵੀ-ਦੇਵਤਿਆਂ ਦੀ ਛੋਹ ਵੀ ਇਸ ਭੂਮੀ ਨੂੰ ਪ੍ਰਾਪਤ ਹੈ। ਪ੍ਰੰਤੂ ਇਹ ਸਭ ਦੇ ਬਾਵਜੂਦ ਵੀ ਇਹ ਖ਼ੇਤਰ ਪ੍ਰਾਂਤਕ ਸਰਕਾਰਾਂ ਤੇ ਸਾਹਿਤਕ ਸ਼ਾਸ਼ਤਰੀਆਂ ਵੱਲੋਂ ਅਣਗੌਲਿਆ ਕੀਤਾ ਗਿਆ ਹੈ। ਮੇਰਾ ਆਪਣਾ ਇਲਾਕਾ ਭਾਵੇਂ ਪੁਆਧ ਵਿਚ ਨਹੀਂ ਹੈ, ਮੈਂ ਮਾਲਵੇ ਦੇ ਸ਼ਹਿਰ ਜਗਰਾਉਂ ਦਾ ਵਾਸੀ ਹਾਂ ਪ੍ਰੰਤੂ ਮੇਰਾ ਨਿਬੰਧ ਪੁਆਧੀ ਅਤੇ ਮਲਵਈ ਉਪਭਾਸ਼ਾ ਨਾਲ ਸਬੰਧਤ ਹੋਣ ਕਰਕੇ, ਮੈਂ ਇਸ ਉਪਭਾਸ਼ਾ ਬਾਰੇ ਆਪਣੇ ਸਤਿਕਾਰਯੋਗ ਅਧਿਆਪਕ ਡਾ. ਸੁਖਵਿੰਦਰ ਸਿੰਘ ਸੰਘਾ ਅਤੇ ਸ. ਮਨਮੋਹਨ ਸਿੰਘ ਦਾਊਂ ਦੀ ਪ੍ਰੇਰਨਾ ਸਦਕਾ, ਮੈਂ ਇਸ ਖੇਤਰ ਬਾਰੇ ਆਪਣੇ ਵਿਚਾਰ ਪੇਸ਼ ਕਰ ਸਕਿਆ ਹਾਂ।

**ਪੁਆਧੀ ਦੀ ਧੁਨੀ-ਵਿਉਂਤ:**

ਧੁਨੀ ਵਿਗਿਆਨ ਭਾਸ਼ਾ ਵਿਗਿਆਨ ਦੀ ਉਹ ਸ਼ਾਖ਼ਾ ਹੈ ਜਿਸ ਵਿਚ ਧੁਨੀਆਂ ਦੇ ਭੌਤਿਕ ਢਾਂਚਿਆਂ (Physical Forms) ਦਾ ਅਧਿਐਨ ਕੀਤਾ ਜਾਂਦਾ ਹੈ। ਅਰਥਾਤ ਇਸ ਅਧੀਨ ਮਨੁਖੀ ਭਾਸ਼ਾ ਦੇ ਬੋਲਾਂ (Speech) ਦੀ ਆਵਾਜ਼ (Sound) ਦਾ ਅਧਿਐਨ ਕੀਤਾ ਜਾਂਦਾ ਹੈ। ਧੁਨੀ-ਵਿਉਂਤ ਦੇ ਅੰਤਰਗਤ ਕਿਸੇ ਖ਼ਾਸ ਬੋਲੀ ਦੀਆਂ ਕਾਰਜ਼ੀ ਧੁਨੀਆਂ ਦਾ ਹੀ ਵਿਸ਼ਲੇਸ਼ਣ ਹੁੰਦਾ ਹੈ। ਧੁਨੀਆਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ- I ਸ੍ਵਰ II ਵਿਅੰਜਨ

ਹਰ ਭਾਸ਼ਾ ਦੇ ਬੁਲਾਰਿਆਂ ਅਤੇ ਸਰੋਤਿਆਂ ਨੂੰ ਅਚੇਤ ਤੌਰ ਤੇ ਆਪਣੀ ਭਾਸ਼ਾ ਦੀ ਧੁਨੀ-ਵਿਉਂਤ ਨਾਲ ਸੰਬੰਧਿਤ ਗਿਆਨ ਹੁੰਦਾ ਹੈ। ਜਿਸ ਨੂੰ ਉਹ ਆਪਣੇ ਭਾਸ਼ਾਈ ਸਮਾਜ ਵਿਚੋਂ ਗ੍ਰਹਿਣ ਕਰਦੇ ਹਨ। ਕਿਸੇ ਵੀ ਭਾਸ਼ਾ ਜਾਂ ਉਪਭਾਸ਼ਾ ਦੀਆਂ ਧੁਨੀਆਂ ਜਦੋਂ ਜੁਗਤ ਵਿਚ ਵਿਚਰਦੇ ਤੱਤਾਂ ਰਾਹੀਂ ਕਾਰਜ ਕਰਦੀਆਂ ਹਨ ਤਾਂ ਉਹ ਇਕ ਵਿਸ਼ੇਸ਼ ਸੰਗਮ (ਮੇਲ) ਵਿਚ ਵਿਉਂਤੀਆਂ ਹੁੰਦੀਆਂ

ਹਨ। ਜਦੋਂ ਅਸੀਂ ਕੋਈ ਭਾਸ਼ਾ ਸਿੱਖਦੇ ਹਾਂ ਤਾਂ ਭਾਸ਼ਾ ਦੀ ਜੁਗਤ ਬਾਰੇ ਵੀ ਧੁਨੀ-ਵਿਉਂਤ ਤੋਂ ਹੀ ਸਿਖਦੇ ਹਾਂ।

ਇਸ ਦੇ ਨਾਲ ਇਹ ਵੀ ਸਿੱਖਦੇ ਹਾਂ ਕਿ ਇਸ ਵਿਚ ਕਿਹੜੀਆਂ-ਕਿਹੜੀਆਂ ਧੁਨੀਆਂ ਉਚਾਰੀਆਂ ਜਾਂਦੀਆਂ ਹਨ, ਉਹਨਾਂ ਧੁਨੀਆਂ ਦੀ ਨਿਯਮਬੱਧ ਵਿਉਂਤ ਕਿਵੇਂ ਕੀਤੀ ਜਾਂਦੀ ਹੈ ? ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਧੁਨੀ-ਵਿਉਂਤ ਵਿਚ ਉਨ੍ਹਾਂ ਵਿਧੀਆਂ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਮਨੁੱਖੀ ਭਾਸ਼ਾ ਵਿਚ ਵਿਚਰਦੀਆਂ ਧੁਨੀਆਂ ਦੇ ਪ੍ਰਬੰਧ ਅਤੇ ਜੁਗਤਾਂ ਦੀ ਵਿਉਂਤ ਦਾ ਨਿਰਮਾਣ ਕਰਦੀਆਂ ਹਨ।


ਪੁਆਧੀ ਧੁਨੀ-ਵਿਉਂਤ ਦੇ ਵਿੱਚ ਪੁਆਧੀ ਉਪਭਾਸ਼ਾ ਦੀਆਂ ਧੁਨੀਆਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ- (ੳ) ਖੰਡੀ ਧੁਨੀਆਂ (ਅ) ਅਖੰਡੀ ਧੁਨੀਆਂ।

**(ੳ) ਖੰਡੀ ਧੁਨੀਆਂ :**

ਧੁਨੀ-ਵਿਉਂਤ ਵਿਚ ਕਿਸੇ ਭਾਸ਼ਾ ਦੀਆਂ ਸ੍ਵਰ, ਵਿਅੰਜਨ ਤੇ ਅਰਧ-ਸ੍ਵਰਾਂ ਨੂੰ ਖੰਡੀ ਧੁਨੀਆਂ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਨੂੰ ਸ਼ਬਦਾਂ ਵਿਚ ਇਕ ਦੂਜੀ ਧੁਨੀ ਨਾਲੋਂ ਵੱਖ ਕੀਤਾ ਜਾ ਸਕਦਾ ਹੈ। ਪੁਆਧੀ ਦੀਆਂ ਖੰਡੀ ਧੁਨੀਆਂ ਵਿਚ ੳ, ਅ, ੲ, ਸ੍ਵਰ, ਸਾਰੇ ਵਿਅੰਜਨ ਤੇ ਅਰਧ-ਸ੍ਵਰ ਯ, ਤੇ ਵ ਆਉਂਦੇ ਹਨ।

**(ੳ) ਖੰਡੀ ਧੁਨੀਆਂ :**

ਹਰੇਕ ਭਾਸ਼ਾ ਵਿਚ ਸ੍ਵਰ, ਵਿਅੰਜਨ ਤੇ ਅਰਧ ਸ੍ਵਰਾਂ ਤੋਂ ਇਲਾਵਾ ਕੁਝ ਸੰਗੀਤਕ ਤੱਤ ਵੀ ਹੁੰਦੇ ਹਨ ਜਿਨ੍ਹਾਂ ਨੂੰ ਅਖੰਡੀ ਧੁਨੀਆਂ ਕਿਹਾ ਜਾਂਦਾ ਹੈ। ਪੁਆਧੀ ਦੀਆਂ ਅਖੰਡੀ ਧੁਨੀਆਂ ਵਿਚ ਸੁਰ, ਬਲ, ਨਾਸਿਕਤਾ, ਪਿੱਚ, ਸੰਗਮ ਤੇ ਮਾਤਰਾ ਅਧਿਐਨ ਇਕਾਈਆਂ ਆਉਂਦੀਆਂ ਹਨ। ਇਨ੍ਹਾਂ ਨੂੰ ਸ੍ਵਰਾਂ ਤੇ ਵਿਅੰਜਨਾਂ ਵਾਂਗ ਸਬਦਾਂ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਤੱਤ ਹੋਰ ਧੁਨੀਆਂ ਨਾਲ ਜੁੜੇ ਹੁੰਦੇ ਹਨ।



ਪੁਆਧੀ ਸੂਰਾਂ ਦੀ ਵਰਤੋਂ ਵਿਉਂਤ :

ਪੁਆਧੀ ਦੇ 10 ਸੂਰ ਹਨ- ੳ,ਉ,ਊ,ਅ,ਆ,ਐ,ਔ,ਏ, ਇ,ਈ। ਇਨ੍ਹਾਂ ਵਿਚ ਤਿੰਨ ਹ੍ਰਸਵ ਸੂਰ-ਅ,ਇ,ਉ ਤੇ ਸੱਤ ਦੀਰਘ ਸੂਰ ਹਨ- ਈ, ਏ, ਐ, ਆ, ਔ, ੳ, ਊ। ਹਰੇਕ ਉਪਭਾਸ਼ਾ ਵਿਚ ਸੂਰਾਂ ਦੀ ਮਾਤਰਾ ਸੁਰ ਨਾਲ ਬਦਲਦੀ ਰਹਿੰਦੀ ਹੈ ਜਿਵੇਂ ਉੱਚੀ ਸੁਰ ਨਾਲ ਛੋਟੇ ਸੂਰ, ਵਿਚਕਾਰਲੀ ਨਾਲ ਲੰਮੇ ਸੂਰ ਤੇ ਨੀਵੀਂ ਸੁਰ ਨਾਲ ਲੰਮੇਰੇ ਸੂਰ ਹੋ ਜਾਂਦੇ ਹਨ ਜਿਵੇਂ :

| ਉੱਚ ਸੁਰ | ਵਿਚਕਾਰਲੀ ਸੁਰ | ਨੀਵੀਂ ਸੁਰ |
|---|---|---|
| ਪਾੜ੍ਹਾ (ਪ+ਆ+ੜ+ਰ+ਆ) | ਪਾੜ੍ਹਾ (ਪ+ਆ+ੜ+ਆ) | ਭਾੜਾ (ਭ+ਆ+ੜ+ਆ) |

ਇਨ੍ਹਾਂ ਤਿੰਨਾਂ ਸੁਰਾਂ ਵਿਚ /ਆ/ਸੂਰ ਉੱਚੀ ਸੁਰ ਨਾਲੋਂ ਛੋਟਾ, ਵਿਚਕਾਰਲੀ ਵਾਲਾ ਇਸ ਤੋਂ ਲੰਮਾ ਅਤੇ ਨੀਵੀਂ ਸੁਰ ਵਾਲਾ ਸੂਰ ਇਸ ਤੋਂ ਲੰਮੇਰਾ ਹੈ।

ਪੁਆਧੀ ਦੇ 10 ਸੂਰਾਂ ਦੀ ਸ਼ਬਦਾਵਲੀ ਤਿੰਨੇ ਸਥਿਤੀਆਂ ਮੁੱਢਲੀ, ਵਿਚਕਾਰਲੀ ਤੇ ਅੰਤਿਮ ਵਿਚ ਹੇਠ ਲਿਖੀ ਹੈ:

ੳ - ਓਹਲਾ, ਓਦਰਨਾ, ਓਗਲ, ਡੋਰ (ਡ+ਓਜਰ), ਛੋਰੀਓ (ਕੁੜੀਓ)

ਉ - ਉਸਮਾ, ਉਥੈ (ਉੱਥੇ), ਉਰੈ (ਉਰੇ), ਚੁਸਤ (ਚ+ਉ+ਸ+ਤ)

ਊ - ਊਹਕਾ (ਉਸਦਾ), ਊਠ, ਮਾਊ, ਸਾਊ, ਕਸੂਰ, ਹੂਰ, ਖਾਊ

ਅ - ਅਸਰ, ਖ਼ਬਰ (ਖ਼+ਅ+ਬ+ਰ), ਰੜਕ (ਰ+ਅ+ੜ+ਕ)

ਆ - ਆਗਲ, ਆਲਸੀ, ਮ੍ਹਾਰਾ (ਮ+ਆ+ਹ+ਰ+ਆ), ਥ੍ਹਾਰਾ, ਮ੍ਹਾਨੂੰ, ਸਾਡੇ (ਸਾਡੇ ਤੋਂ), ਕਾਸ ਮਾਂ (ਕਿਸ ਵਿਚ), ਜ੍ਹਾਗਾ (ਜਾਵੇਗਾ), ਕਾਸ ਤੇ (ਕਿਸ ਕਰਕੇ), ਕ੍ਹਾਤੇ (ਕਿਉ)

ਐ - ਐਬ, ਐਸ਼, ਐਨਕ, ਗੈਲ (ਨਾਲ) (ਗ+ਐ+ਲ), ਕੈਮਾ (ਕਿਨਵਾਂ) ਲਵੈ (ਨੇੜੇ), ਗੈ (ਗਊ) (ਗ+ਐ)।

ਔ - ਔਗੁਣ, ਔਕੜ, ਯੌ (ਇਹ) (ਯ+ਔ), ਜੌਹ (ਇਹ), ਕੌਣ ਮਾ (ਕਿਹੜਾ), ਜੌਣਮਾ (ਜਿਹੜਾ)

ਏ - ਏਸ, ਏਕਣ (ਇਸ ਤਰ੍ਹਾਂ), ਸੇਕ (ਸ+ਏ+ਕ), ਰਹੇ (ਰ+ਹ+ਏ), ਕਹੇ (ਕ+ਹ+ਏ)।

ਇ - ਇਬਕੇ (ਐਤਕੀ), ਇਸਮਾ, ਇਯੋ, ਇਬ (ਹੁਣੇ), ਧਿਰ (ਧ+ਇ+ਰ), ਇਊ (ਇਵੇ, ਇਸ ਤਰ੍ਹਾਂ), ਬਿਆਈ (ਬ+ਇ+ਆ+ਈ)

ਈ - ਈਖ (ਕਮਾਦ), ਈਹਕਾ (ਇਸਦਾ), ਬਿਆਈ (ਸੂਈ ਮੱਝ), ਤੀਮੀ ( ਤਾ+ਈ+ਮ+ਈ)

**ਪੁਆਧੀ ਦੇ ਦੂਹਰੇ ਸੁਰ (Diphtongs)**

ਇਹਨਾਂ ਨੂੰ ਦੁਸੰਧੀ ਸੁਰ ਜਾਂ ਸੰਧੀ ਸੁਰ ਵੀ ਕਿਹਾ ਜਾਂਦਾ ਹੈ। ਪੁਆਧੀ ਵਿਚ 10 ਸ਼ੁੱਧ ਸੁਰ ਹਨ ਜਿਨ੍ਹਾਂ ਦੀ ਗੱਲ ਹੋ ਚੁੱਕੀ ਹੈ। ਇਹ ਸਾਰੇ ਸੁਰ ਵਰਤੋਂ ਵਿਚ ਇਕਹਰੇ-ਇਕਹਰੇ ਆਉਂਦੇ ਹਨ ਪਰ ਵਰਤੋਂ ਵਿਚ ਇਕਹਰੇ ਸੁਰਾਂ ਤੋਂ ਇਲਾਵਾ ਦੂਹਰੇ ਜਾਂ ਤੀਹਰੇ ਸੁਰਾਂ ਦੇ ਸੰਯੋਗ ਵੀ ਪ੍ਰਾਪਤ ਹੁੰਦੇ ਹਨ। ਦੂਹਰੇ ਸੁਰ ਇਕ ਹੀ ਉਚਾਰਖੰਡ ਵਿਚ ਝਸਣ ਤੇ ਦੀਰਘ ਸੁਰਾਂ ਦਾ ਮੇਲ ਹੁੰਦਾ ਹੈ ਜਿਵੇਂ :

**ਦੂਹਰੇ ਸੁਰ (ਹ੍ਰਸਵ+ ਦੀਰਘ)**

ਆ/ਊ - ਗਊ (ਗ+ਅ+ਊ)
ਅ/ਈ - ਗਈ (ਗ+ਆ+ਈ)

**(ਦੀਰਘ+ਦੀਰਘ)**

ਆ/ਊ - ਜਾਊ (ਜ+ਆ+ਊ)
ਆ/ਈ - ਬਾਈ (ਬ+ਆ+ਈ)
ਊ/ਆ - ਭੂਆ (ਭ+ਊ+ਆ)

**ਪੁਆਧੀ ਸੁਰਾਂ ਦੀ ਨਾਸਿਕਤਾ-**

ਸੁਰ ਅਤੇ ਵਿਅੰਜਨ ਧੁਨੀਆਂ ਨੂੰ ਉਚਾਰਨ ਦਾ ਇਕ ਹੋਰ ਆਧਾਰ ਨਾਸਿਕਤਾ ਹੈ। ਜਦੋਂ ਨਰਮ ਤਾਲੂ ਨੀਵਾਂ ਹੁੰਦਾ ਹੈ ਤਾਂ ਨਾਸਿਕ ਪੋਲ ਵਿਚ ਸਾਹ ਦੀ ਹਵਾ ਜਾਂ ਸਾਹ ਕੰਠ ਮਾਰਗ ਰਾਹੀਂ ਨੱਕ ਤੇ ਮੂੰਹ ਵਿੱਚ ਦੀ ਲੰਘ ਜਾਂਦੀ ਹੈ ਤਾਂ ਇਸ ਸਥਿਤੀ ਵਿਚ ਨਾਸਿਕੀ ਧੁਨੀਆਂ ਪੈਦਾ ਹੁੰਦੀਆਂ ਹਨ। ਪੁਆਧੀ 10 ਨਾਸਕੀ ਸੁਰ ਧੁਨੀਆਂ ਦੀ ਹੇਠ ਲਿਖੀ ਸ਼ਬਦਾਵਲੀ ਵਰਤੋਂ ਵਿਚ ਆਉਂਦੀ ਹੈ।

ਅ/ਆਂ - ਸੱਟਾਂ, ਪੱਟਾਂ, ਜਟਾਂ
ਓ/ਓਂ - ਉਦੋਂ, ਤਦੋਂ, ਜਦੋਂ
ਐ/ਐਂ - ਗਾਂ, ਮੈਂ, ਮ੍ਹੈਂਸ
ਈ/ਈਂ - ਤੀਵੀਂ, ਨੀਵੀਂ,
ਊ/ਊਂ - ਥਮਾਨੂੰ, ਇਊਂ, ਜਿਊਂ, ਊਂਜਲ
ਏ/ਏਂ - ਥਮੇਂ, ਹਮ੍ਹੇਂ
ਇ - - - -
ਔ/ਔਂ - ਤੌਂ, ਗੌਂ
ਉ/ਊਂ - ਊਂਗਣ
ਅੰ - ਗੰਠ, ਕਮ

**ਪੁਆਧੀ ਵਿਅੰਜਨਾਂ ਦੀ ਵਰਤੋਂ ਵਿਉਂਤ-**

ਪੁਆਧੀ ਵਿਚ 24 ਵਿਅੰਜਨ ਅਤੇ 15 ਡੱਕਵੇ ਵਿਅੰਜਨ ਹਨ। ਜਿਨ੍ਹਾਂ ਦੇ ਉਚਾਰਨ ਦੀਆਂ ਸਥਿਤੀਆਂ ਹੋਂਠੀਂ, ਦੰਤੀ, ਉਲਟਜੀਭੀ, ਤਾਲਵੀ ਤੇ ਕੋਮਲ ਤਾਲਵੀ ਹਨ। ਉਚਾਰਨ ਰੋਕ ਦੇ ਆਧਾਰ ਤੇ ਵਿਅੰਜਨ ਧੁਨੀਆਂ ਦੋ ਤਰ੍ਹਾਂ ਦੀਆਂ ਹਨ ਡੱਕਵੀਆਂ ਤੇ ਅਡੱਕਵੀਆਂ।

**ਹੋਠੀ ਧੁਨੀਆਂ-**

ਫੇਫੜਿਆਂ ਵਿੱਚੋਂ ਆਉਂਦੀ ਹਵਾ ਨੂੰ ਜਦੋਂ ਹੋਂਠ ਰੋਕ ਕੇ ਛੱਡਦੇ ਹਨ ਤਾਂ ਇਹ ਧੁਨੀਆਂ ਪੈਦਾ ਹੁੰਦੀਆਂ ਹਨ। ਪੁਆਧੀ ਵਿੱਚ ਪ,ਫ,ਬ,ਭ,ਮ ਹੋਠੀ ਧੁਨੀਆਂ ਹਨ। ਪੁਆਧੀ ਵਿਚ /ਬ/ ਵਿਅੰਜਨ/ਵ/ ਦੀ ਜਗ੍ਹਾਂ ਤੇ ਵੀ ਵਰਤਿਆ ਜਾਂਦਾ ਹੈ। ਜਿਵੇਂ ਸਵੇਰਾ (ਟਕਸਾਲੀ ਪੰਜਾਬੀ)- ਸਬੇਰਾ, ਤਵੀਤ-ਤਬੀਤ। ਹੋਠੀ ਧੁਨੀਆਂ ਦੀ ਪੁਆਧੀ ਵਿਚ ਵਰਤੀ ਜਾਂਦੀ ਸ਼ਬਦਾਵਲੀ-

| | | | |
|---|---|---|---|
| **ਪੁਆਧੀ -** | ਪੇਡਾ - ਦਰਖਤ | ਮ੍ਹੈਂਸ - ਮੱਝ | |
| | ਪਰ - ਉੱਤੇ | ਮਾਨ੍ਹੂੰ - ਮੈਨੂੰ | |
| | ਬਾਈ - ਭਰਾ | ਬੂਆ - ਭੂਆ | |
| | ਬਾਂਸਣ - ਭਾਂਡੇ | | |

**ਉਲਟਜੀਭੀ ਜਾਂ ਮੂਰਧਨੀ ਧੁਨੀਆਂ -**

ਜਦੋਂ ਜੀਭ ਦੀ ਨੋਕ ਫੇਫੜਿਆਂ ਚੋਂ ਆਉਂਦੀ ਹਵਾ ਰੋਕ ਕੇ ਕਿਸੇ ਧੁਨੀ ਦ੍ਹਾ ਉਚਾਰਨ ਕਰਦੀ ਹੈ ਉਹ ਉਲਟੀ ਜੀਭੀ ਧੁਨੀ ਹੈ। ਪੁਆਧੀ ਵਿਚ ਟ,ਠ,ਡ,ਢ,ਣ ਮੂਰਧਨੀ ਧੁਨੀਆਂ ਹਨ। ਪੁਆਧੀ ਵਿਚ /ਣ/ ਨਾਸਿਕੀ ਵੀ ਹੈ ਤੇ ਮੂਰਧਨੀ ਵੀ। ਇਨ੍ਹਾਂ ਧੁਨੀਆਂ ਦੀ ਪੁਆਧੀ ਸ਼ਬਦਾਵਲੀ ਹੇਠ ਲਿਖੀ ਹੈ :-

ਓਟਾ - (ਕੰਧੋਲੀ)

ਗਠੀਆ - (ਬਿਆਈ)

**ਦੰਤੀ ਧੁਨੀਆਂ -**

ਜਦੋਂ ਜੀਭ ਦੀ ਨੋਕ ਦੰਦਾਂ ਦੇ ਉੱਪਰਲੇ ਹਿੱਸੇ ਨੂੰ ਸਪੱਰਸ਼ ਕਰਦੀ ਹੈ ਇਸ ਸਮੇਂ ਇਹ ਧੁਨੀਆਂ ਪੈਦਾ ਹੁੰਦੀਆਂ ਹਨ। ਪੁਆਧੀ ਵਿਚ ਤ,ਥ,ਦ,ਧ,ਨ ਦੰਤੀ ਧੁਨੀਆਂ ਹਨ। ਪੁਆਧੀ ਵਿਚ /ਨ/ ਵਿਅੰਜਨ ਦੰਤੀ ਵੀ ਹੈ ਤੇ ਨਾਸਕੀ ਵੀ। ਦੰਤੀ ਧੁਨੀਆਂ ਦੀ ਪੁਆਧੀ ਸ਼ਬਦਾਵਲੀ ਹੇਠ ਲਿਖੀ ਹੈ-

| | |
|---|---|
| ਤੀਮੀਂ - ਤੀਵੀਂ | ਦੇਹਾ - ਦਿੰਦਾ ਹੈ |

| | | | |
|---|---|---|---|
| ਤਲੈ | - ਥੱਲੇ | ਦੀਪਤੀ | - ਜੋੜਾ |
| ਤੂਮਤ | - ਤੁਹਮਤ | ਚਤੌਲੀਆ | - ਨਵਾਂ ਜੰਮਿਆ ਬੱਚਾ |

**ਤਾਲਵੀ ਧੁਨੀਆਂ-**

ਜਦੋਂ ਜੀਭ ਦਾ ਅਗਲਾ ਹਿਸਾ ਸਖ਼ਤ ਤਾਲੂਏ ਨੂੰ ਸਪਰਸ਼ ਕਰਦਾ ਹੈ ਉਸ ਸਮੇਂ ਇਹ ਧੁਨੀਆਂ ਪੈਦਾ ਹੁੰਦੀਆਂ ਹਨ। ਪੁਆਧੀ ਵਿਚ ਚ,ਛ,ਜ,ਝ,ਞ,ਸ਼ ਤਾਲਵੀ ਧੁਨੀਆਂ ਹਨ। ਪ੍ਰੰਤੂ ਪੁਆਧੀ ਵਿਚ /ਸ/ ਦੀ ਜਗ੍ਹਾ ਦੰਤੀ /ਸ/ ਉਚਾਰਿਆ ਜਾਂਦਾ ਹੈ। /ਞ/ ਤਾਲਵੀ ਦੇ ਨਾਲ-ਨਾਲ ਨਾਸਿਕੀ ਧੁਨੀ ਵੀ ਹੈ ਪ੍ਰੰਤੂ ਇਹ ਧੁਨੀ ਪੁਆਧੀ ਵਿਚ ਨਹੀਂ ਉਚਾਰੀ ਜਾਂਦੀ। ਇਨ੍ਹਾਂ ਧੁਨੀਆਂ ਦੀ **ਪੁਆਧੀ ਸ਼ਬਦਾਵਲੀ -**

ਚਾਹੀ - (ਖ਼ੂਹ ਨਾਲ ਸਿੰਜੀ ਗਈ ਜ਼ਮੀਨ)
ਚੁੰਭਾ - (ਚੁਰ)
ਚਿਚੜੀ - (ਹਲ ਦੇ ਮੁੰਨੇ ਦੀ ਮੇਖ)
ਛੇਮਾ - (ਛੇਵਾਂ)
ਜਾੜ - (ਦਾੜ)

**ਕੋਮਲ ਤਾਲਵੀ ਜਾਂ ਕੰਠੀ ਧੁਨੀਆਂ-**

ਜਦੋਂ ਜੀਭ ਦਾ ਪਿਛਲਾ ਹਿੱਸਾ ਸੰਘ ਜਾਂ ਨਰਮ ਤਾਲੂਏ ਨਾਲ ਸਪਰਸ਼ ਕਰਦਾ ਹੈ ਤਾਂ ਇਹ ਧੁਨੀਆਂ ਕ,ਖ,ਗ,ਘ ਉਚਾਰੀਆਂ ਜਾਂਦੀਆਂ ਹਨ। ਪੁਆਧੀ ਸ਼ਬਦਾਵਲੀ-

ਕੱਖ - ਪੱਠੇ
ਕੈਮਾਂ - ਕਿੰਨਵਾਂ
ਕਿੱਕਾ - ਕਿਸ
ਗਮਾਂਡ - ਗੁਆਂਢ
ਖਾਹਾ - (ਖਾਂਦਾ ਹੈ)

**ਡਕਵੇ ਜਾਂ ਸਪਰਸ਼ੀ ਵਿਅੰਜਨ**

ਮੂੰਹ ਪੋਲ ਜਦੋਂ ਫੇਫੜਿਆਂ ਚੋਂ ਆਉਂਦੀ ਹਵਾ ਰੋਕ ਕੇ ਛੱਡਦਾ ਹੈ ਇਹ ਵਿਅੰਜਨ ਪੈਦਾ ਹੁੰਦੇ ਹਨ। ਪੁਆਧੀ ਵਿਚ ਪ, ਬ, ਫ, ਤ, ਥ, ਟ, ਫ਼, ਡ, ਚ, ਜ, ਛ, ਕ, ਸ, ਖ, ਧ '15' ਡੱਕਵੇਂ ਵਿਅੰਜਨ ਹਨ।

**ਅਡੱਕਵੇ ਵਿਅੰਜਨ -**

ਪੁਆਧੀ ਵਿਚ ਚਾਰ ਤਰ੍ਹਾਂ ਦੇ ਅੱਡਕਵੇਂ ਵਿਅੰਜਨ ਵੀ ਮਿਲਦੇ ਹਨ ਸੰਘਰਸ਼ੀ (ਸ,ਹ), ਫਲੈਪ ਟਰਿਲ (ਰ,ੜ), ਨਾਸਿਕੀ (ਮ,ਨ,ਣ), ਪਾਰਸ਼ਵਿਕ (ਲ,ਲ਼)।

**ਨਾਸਿਕੀ ਵਿਅੰਜਨ -**

ਪੁਆਧੀ ਵਿਚ ਤਿੰਨ ਨਾਸਿਕੀ ਵਿਅੰਜਨ ਮ,ਨ,ਣ ਮਿਲਦੇ ਹਨ। ਪੁਆਧੀ ਵਿਚ /ਣ/ ਅਜਿਹਾ ਨਾਸਿਕੀ ਵਿਅੰਜਨ ਹੈ ਜਦੋਂ ਸ਼ਬਦ ਦੀ ਅਰੰਭਿਕ ਸਥਿਤੀ ਵਿਚ ਨਹੀਂ ਅਉਂਦਾ। ਬਾਕੀ ਦੋਵੇਂ ਵਿਅੰਜਨ ਪੁਆਧੀ ਵਿਚ ਤਿੰਨੇ ਸਥਿਤੀਆਂ ਵਿਚ ਉਚਾਰੇ ਜਾਂਦੇ ਹਨ। ਜਿਵੇਂ -

ਏਕਣ, ਜੀਕਣ, ਕੀਕਣ, ਮ੍ਹਾਰੇ, ਖਾਮਾਂਗਾ, ਜਾਮਾਂਗਾ, ਪੀਮਾਂਗਾ

**ਪੁਆਧੀ ਦੀਆਂ ਆਖੰਡੀ ਧੁਨੀਆਂ-**

ਪੁਆਧੀ ਭਾਸ਼ਾ ਵਿਚ ਵੀ ਬਾਕੀ ਉਪਭਾਸ਼ਾਵਾਂ ਵਾਂਗ ਅਖੰਡੀ ਧੁਨੀਆਂ ਮਿਲਦੀਆਂ ਹਨ ਜੋ ਕਿ ਸੰਗੀਤਕ ਤੱਤਾਂ ਦੇ ਨਾਂ ਨਾਲ ਵੀ ਜਾਣੀਆਂ ਜਾਂਦੀਆਂ ਹਨ ।

**ਸੁਰ (Tone)**

ਜਦੋਂ ਭਾਸ਼ਾਈ ਸ਼ਬਦ ਦੇ ਪਧਰ ਤੇ ਹੁੰਦਾ ਹੈ ਤਾਂ ਉਸ ਨੂੰ ਸੁਰ ਕਿਹਾ ਜਾਂਦਾ ਹੈ। ਪੁਆਧੀ ਵਿਚ ਸੁਰ ਤਿੰਨੇ ਸਥਿਤੀਆਂ ਉੱਚੀ, ਵਿਚਕਾਰਲੀ ਤੇ ਨੀਵੀਂ ਵਿਚ ਮਿਲਦੀ ਹੈ। ਪੰਜਾਬੀ ਭਾਸ਼ਾ ਸੁਰਆਤਮਕ ਭਾਸ਼ਾ ਹੈ। ਭਾਸ਼ਾ ਨੂੰ ਉਚਾਰਨ ਦੇ ਪੱਧਰ ਤੇ ਬਾਕੀ ਭਾਸ਼ਾਵਾਂ ਨਾਲੋਂ ਨਿਖੇੜਨ ਵਾਲੀ ਸ਼ਬਦ ਪੱਧਰ ਦੀ ਇਕੋ-ਇਕ ਭਾਸ਼ਾਈ ਵਿਸ਼ੇਸ਼ਤਾ 'ਸੁਰ' ਹੈ। ਪੁਆਧੀ ਵਿਚ ਨੀਵੀਂ ਸੁਰ ਦੀ ਵਰਤੋਂ ਬਾਕੀ ਭਾਸ਼ਾਵਾਂ ਦੀ ਤਰ੍ਹਾਂ ਹੀ ਹੈ ਪਰ ਉੱਚੀ ਸੁਰ ਮਲਵਈ ਨਾਲ ਮਿਲਦੀ ਜੁਲਦੀ ਤੇ ਮਾਝੀ ਨਾਲੋਂ ਘੱਟ ਹੈ।

**ਉੱਚੀ ਸੁਰ -**

ਮਾਘੀ - ਮ ਆ ਗ ਈ ( ਗ ਉੱਚੀ ਸੁਰ ਹੈ)

**ਵਿਚਕਾਰਲੀ ਸੁਰ -**

ਪੜ - ਪ ਅ ੜ (ਅ ਵਿਚਕਾਰਲੀ ਸੁਰ ਹੈ)

**ਨੀਵੀ ਸੁਰ -**

ਘਰ - ਕ+ਅ+ਰ

**ਬਲ- (Stress)**

ਪੁਆਧੀ ਵਿਚ 'ਬਲ' ਇਕ ਅਖੰਡੀ ਇਕਾਈ ਹੈ। ਜਿਸ ਨੂੰ ਧੁਨੀ-ਵਿਉਂਤ ਦੇ ਖਾਸ਼ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ। ਬਲ ਦੀ ਹੋਂਦ ਨਾਲ ਕਿਸੇ ਵੀ ਭਾਸ਼ਾ ਦੀ ਇਕਾਈ ਦੇ ਅਰਥਾਂ ਵਿਚ ਫ਼ਰਕ ਪੈਂਦਾ ਹੈ। ਆਮ ਤੌਰ ਤੇ ਬੋਲਣ ਵੇਲੇ ਅਸੀਂ ਵਾਕ ਦੇ ਸਾਰਿਆਂ ਅੰਸ਼ਾਂ ਉਪਰ ਇਕੋ ਜਿਹਾ ਜ਼ੋਰ ਨਹੀਂ ਦਿੰਦੇ। ਕਿਸੇ ਧੁਨੀ ਉੱਪਰ ਵੱਧ ਤੇ ਕਿਸੇ ਉੱਪਰ ਘੱਟ ਜੋਰ ਦਿੱਤਾ ਜਾਂਦਾ ਹੈ। ਜਿਸ ਧੁਨੀ ਉੱਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਉਹ 'ਬਲ' ਹੈ। ਪੁਆਧੀ ਵਿਚ ਬਲ ਦੁੱਤ ਵਿਅੰਜਨ ਅੱਧਕ ( ੱ )ਨਾਲ ਪਛਾਣਿਆ ਜਾਂਦਾ ਹੈ। ਇਸ ਦੇ ਨਾਲ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ

ਜਿਵੇਂ - ਗੱਠ (ਗੰਢ) - ਗਠ

ਸੱਜਾ (ਸੱਜਾ-ਖੱਬਾ) - ਸਜਾ

ਵਾਕ ਪੱਧਰ ਤੇ ਵੀ ਸਥਿਤੀ ਦੇ ਅਨੁਸਾਰ ਜਿਸ ਸ਼ਬਦ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਉਹ ਬਲ ਹੈ। ਜਿਵੇਂ

ਮੈਂ ਘਰ ਜਾਮਾਂਗਾ /ਮੈਂ (ਘਰ) ਜਾਮਾਂਗਾ

ਇਸ ਵਿਚ ਘਰ ਉੱਪਰ ਜ਼ਿਆਦਾ ਬਲ ਹੈ।

**ਨਾਸਿਕਤਾ (Nasality)-**

ਨਾਸਿਕਤਾ ਪੁਆਧੀ ਦਾ ਅਖੰਡੀ ਧੁਨੀਗ੍ਰਾਮ ਹੈ। ਇਹ ਭਾਸ਼ਾ ਦੀ ਅਜਿਹੀ ਵਿਸੇਸ਼ਤਾ ਹੈ ਜੋ ਭਾਸ਼ਾ ਵਿਚ ਵਿਰੋਧ ਸਿਰਜਣ ਦੇ ਸਮਰੱਥ ਹੈ। ਪੁਆਧੀ ਵਿਚ ਤਿੰਨ ਨਾਸਿਕੀ ਵਿਅੰਜਨ ਮ,ਨ,ਣ, ਮਿਲਦੇ ਹਨ। ਙ ਅਤੇ ਞ ਦੋ ਨਾਸਿਕੀ ਵਿਅੰਜਨਾਂ ਦਾ ਪੁਆਧੀ ਵਿਚ ਉਚਾਰਨ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਪੁਆਧੀ ਵਿਚ ਨਾਸਿਕਤਾ ਬਿੰਦੀ (ਂ) ਤੇ (ੰ) ਨਾਲ ਵੀ ਪ੍ਰਭਾਸ਼ਿਤ ਕੀਤੀ ਜਾਂਦੀ ਹੈ।

ਕ/ਕੰਤ - ਕਤ/ ਕੰਤ

ਸ/ਸੰ - ਸਤ/ ਸੰਤ

ਪੁਆਧੀ ਵਿਚ ਨਾਸਿਕੀ ਸੁਰ ਵੀ ਹਨ ਜਿੰਨ੍ਹਾਂ ਵਿਚ ਨਾਸਿਕਤਾ ਪਾਈ ਜਾਂਦੀ ਹੈ ਜਿਵੇਂ :

ਆਂ - ਕੈਮਾਂ

ਐਂ - ਮ੍ਹੈਂਸ

ਅੰ - ਕੰਮ, ਗੰਠ (ਗੰਢ)
ਊਂ - ਊਂਜਲ (ਓਕ, ਬੁੱਕ)
ਈਂ - ਤੀਮੀਂ

**ਸੰਗਮ (Junture)**

ਕਿਸੇ ਵਾਕ, ਭਾਸ਼ਣ ਜਾਂ ਸ਼ਬਦ ਨੂੰ ਵੱਖ ਕਰਕੇ, ਤੋੜਕੇ ਜਾਂ ਠਹਿਰਾਉ ਦੇ ਕੇ ਪੈਦਾ ਹੋਏ ਅਰਥ ਭੇਦ ਨੂੰ ਸੰਗਮ ਕਿਹਾ ਜਾਂਦਾ ਹੈ। ਪੁਆਧੀ ਵਿਚ ਵੀ ਸੰਗਮ ਦੀ ਪ੍ਰਵਿਰਤੀ ਵਾਕ ਤੇ ਸ਼ਬਦ ਦੋਨਾਂ ਪੱਧਰਾਂ ਤੇ ਹੈ। ਇਸਨੂੰ ਸ਼ਬਦ ਪੱਧਰ ਤੇ ਪ੍ਰਗਟਾਉਣ ਲਈ (+) ਚਿੰਨ੍ਹ ਤੇ ਵਾਕ ਪੱਧਰ ਤੇ (,) ਨਾਲ ਪ੍ਰਗਟਾਇਆ ਜਾਂਦਾ ਹੈ। ਜਿਵੇਂ -

**ਪੱਧਰ ਤੇ ਸੰਗਮ -**

ਕੀਕਣ - ਕੀ + ਕਣ
ਜੀਕਣ - ਜੀ + ਕਣ
ਇਬਕੇ - ਇਬ + ਕੇ

**ਵਾਕ ਪੱਧਰ ਤੇ ਸੰਗਮ-**

ਰਾਮ ਕਿੱਥੇ ਹੈ, ਸ਼ਾਮ।
ਰਾਮ, ਕਿੱਥੇ ਹੈ ਸ਼ਾਮ ?

**ਪਿੱਚ ਜਾਂ ਸੁਰ ਲਹਿਰ (Intonation)**

ਜਦੋਂ ਭਾਸ਼ਾਈ ਕਾਰਜ ਸ਼ਬਦ ਪੱਧਰ ਤੋਂ ਉੱਪਰ ਵਾਕ ਪੱਧਰ ਤੇ ਪਹੁੰਚਦਾ ਹੈ ਤਾਂ ਇਸਨੂੰ ਪਿੱਚ ਜਾਂ ਸੁਰ ਲਹਿਰ ਕਿਹਾ ਜਾਂਦਾ ਹੈ। ਪਿੱਚ ਦਾ ਸੰਬੰਧ ਸੁਰ ਤੰਦਾਂ ਦੀ ਕੰਬਣੀ ਨਾਲ ਹੈ। ਇਹ ਤਿੰਨੇ ਤਰ੍ਹਾਂ ਦੀ ਹੈ ਉੱਚੀ ਨੀਵੀਂ ਤੇ ਮੱਧਵਰਤੀ ਪਿੱਚ। ਜਦੋਂ ਨਾਦ ਤੰਤਰੀਆਂ ਦੀ ਕੰਬਣ ਰਫ਼ਤਾਰ ਜ਼ਿਆਦਾ ਹੁੰਦੀ ਹੈ ਉਸਨੂੰ ਉੱਚੀ ਪਿੱਚ ਤੇ ਜਦੋਂ ਰਫ਼ਤਾਰ ਘੱਟ ਹੁੰਦੀ ਹੈ ਤਾਂ ਨੀਵੀਂ ਪਿੱਚ ਤੇ ਇਨ੍ਹਾਂ ਦੀ ਵਿਚਕਾਰਲੀ ਕੰਬਾਹਟ ਨੂੰ ਮੱਧਵਰਤੀ ਪਿੱਚ ਕਿਹਾ ਜਾਂਦਾ ਹੈ। ਜਿਵੇਂ -

1. ਉਹ ਬੁਰਾ ਏ।
2. ਉਹ ਬੁਰਾ ਏ ?
3. ਉਹ ਬੁਰਾ ਏ !

### ਮਾਤਰਾ (Quantity)

ਪੁਆਧੀ ਵਿਚ ਮਾਤਰਾਵਾਂ ਦੋ ਤਰ੍ਹਾਂ ਦੀਆਂ ਹਨ। ਦੀਰਘ (ਵੱਡੀ) ਤੇ ਹ੍ਰਸਵ (ਛੋਟੀ)। ਦੀਰਘ ਦੀ ਵਰਤੋਂ ਸਮੇਂ ਅਖੰਡੀ ਧੁਨੀਆਂ ਦਾ ਉਚਾਰਣ ਲੰਮਾ ਹੁੰਦਾ ਹੈ । ਇਸ ਦੇ ਉਲਟ ਹ੍ਰਸਵ ਦੇ ਨਾਲ ਉਚਾਰਣ ਛੋਟਾ ਹੁੰਦਾ ਹੈ। ਇਸ ਵਿਚ ਦੋ ਮਾਤਰਾਵਾਂ ਬਿੰਦੀ ਤੇ ਟਿੱਪੀ ਆਉਂਦੀਆਂ ਹਨ। ਜਿਵੇਂ /ਤਾਂ/ ਵਿਚ ਬਿੰਦੀ ਦੀ ਮਾਤਰਾ ਨਾਲ ਉਚਾਰਣ ਲੰਬਾ ਹੈ। ਇਹ ਦੀਰਘ ਮਾਤਰਾ ਹੈ। ਇਸ ਦੇ ਉਲਟ /ਧੰਨ/ਵਿਚ ਟਿੱਪੀ ਦੀ ਵਰਤੋਂ ਨਾਲ ਇਹ ਛੋਟਾ ਹੈ। ਇਹ ਹ੍ਰਸਵ ਮਾਤਰਾ ਹੈ।

* * *

# ਪੁਆਧੀ ਲੋਕ-ਗੀਤਾਂ 'ਚ ਜਨ ਜੀਵਨ ਦੀ ਝਲਕ

-ਸੁਖਦੇਵ ਮਾਦਪੁਰੀ

ਲੋਕਗੀਤ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿੱਚ ਵਸਦੇ ਲੋਕਾਂ ਦੇ ਹਾਵਾਂ-ਭਾਵਾਂ, ਉਦਗਾਰਾਂ, ਗ਼ਮੀਆਂ-ਖੁਸ਼ੀਆਂ ਅਤੇ ਉਮੰਗਾਂ ਦਾ ਪ੍ਰਗਟਾਵਾ ਹੀ ਨਹੀਂ ਕਰਦੇ ਬਲਕਿ ਉਨ੍ਹਾਂ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਦੀ ਗਾਥਾ ਵੀ ਬਿਆਨ ਕਰਦੇ ਹਨ। ਇਨ੍ਹਾਂ ਵਿੱਚ ਕਿਸੇ ਜਨ ਸਮੂਹ ਅਥਵਾ ਜਾਤੀ ਦੇ ਪਰੰਪਰਾਗਤ, ਸਾਂਸਕ੍ਰਿਤਕ ਅਤੇ ਸੱਭਿਆਚਾਰਕ ਤੱਤ ਸਮੋਏ ਹੋਏ ਹਨ। ਲੋਕ ਗੀਤਾਂ ਦਾ ਕੇਵਲ ਸਾਹਿਤਕ ਮਹੱਤਵ ਹੀ ਨਹੀਂ ਬਲਕਿ ਇਨ੍ਹਾਂ ਨੂੰ ਸੱਭਿਆਚਾਰਕ ਅਤੇ ਲੋਕਧਾਰਾਈ ਦ੍ਰਿਸ਼ਟੀ ਤੋਂ ਵੀ ਸਮਝਣ ਦੀ ਲੋੜ ਹੈ। ਇਹ ਜੀਵਨ ਦੇ ਜੀਵਨ ਮੁੱਲਾਂ, ਸਰੋਕਾਰਾਂ, ਸਾਕਾਦਾਰੀਆਂ-ਸਬੰਧਾਂ ਅਤੇ ਮਾਨਵੀ ਰਿਸ਼ਤਿਆਂ ਦੇ ਪ੍ਰਮਾਣਿਕ ਵਾਹਨ ਹਨ। ਇਨ੍ਹਾਂ ਵਿੱਚ ਜਨ-ਜੀਵਨ ਦੀ ਆਤਮਾ ਵਿਦਮਾਨ ਹੈ।

ਪੁਆਧੀ ਲੋਕ ਗੀਤ ਪੰਜਾਬੀ ਲੋਕਧਾਰਾ ਦਾ ਅਨਿਖੜਵਾਂ ਅੰਗ ਹਨ। ਪੁਆਧ ਚੜ੍ਹਦੇ ਪੰਜਾਬ ਦਾ ਪੂਰਬ ਦੇ ਪਾਸੇ ਦਾ ਭਾਸ਼ਾਈ ਖੇਤਰ ਹੈ ਜਿੱਥੇ ਪੁਆਧੀ ਉਪਭਾਸ਼ਾ ਬੋਲੀ ਜਾਂਦੀ ਰਹੀ ਹੈ। ਪੁਆਧੀ ਪੰਜਾਬੀ ਭਾਸ਼ਾ ਦੀ ਹੀ ਉਪਭਾਸ਼ਾ ਹੈ। ਮੁੱਖ ਤੌਰ 'ਤੇ ਦਰਿਆ ਸਤਲੁਜ ਅਤੇ ਘੱਗਰ ਦਰਿਆ ਦੇ ਵਿਚਕਾਰਲੇ ਖੇਤਰ ਨੂੰ ਪੁਆਧ ਦਾ ਇਲਾਕਾ ਕਿਹਾ ਜਾਂਦਾ ਹੈ। ਇਸ ਵਿੱਚ ਰੋਪੜ ਸਬ. ਡਿਵੀਜ਼ਨ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦਾ ਖਮਾਣੋਂ ਦਾ ਇਲਾਕਾ, ਮੋਰਿੰਡਾ, ਖਰੜ, ਮੁਹਾਲੀ, ਡੇਰਾਬਸੀ, ਬਨੂੜ, ਰਾਜਪੁਰਾ, ਅੰਬਾਲਾ, ਜਗਾਧਰੀ, ਨਰਾਇਣਗੜ੍ਹ, ਯਮੁਨਾ ਨਗਰ, ਕੁਰੂਕਸ਼ੇਤਰ ਅਤੇ ਕੈਥਲ ਤਕ ਦੇ ਇਲਾਕੇ ਸ਼ਾਮਿਲ ਹਨ। ਹਿਮਾਚਲ ਪ੍ਰਦੇਸ਼ ਦੇ ਬੱਦੀ ਇਲਾਕੇ ਤੱਕ ਪੁਆਧ ਦੀ ਸੀਮਾ ਜਾ ਲੱਗਦੀ ਹੈ। ਦੇਸ਼ ਆਜ਼ਾਦ ਹੋਣ ਅਤੇ ਚੰਡੀਗੜ੍ਹ ਰਾਜਧਾਨੀ ਬਣਨ ਤੋਂ ਪਹਿਲਾਂ ਪੰਜਾਬ ਦਾ ਇਹ ਇਲਾਕਾ ਪਾਣੀ ਦੀ ਘਾਟ ਕਾਰਨ ਆਰਥਿਕ ਅਤੇ ਸਮਾਜਿਕ ਪੱਖੋਂ ਪਛੜਿਆ ਹੋਇਆ ਸੀ। ਕਿਸਾਨਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ ਜੋ ਕੁਦਰਤ ਦੇ ਸਹਾਰੇ ਹੋ ਰਹੀ ਸੀ। ਮਾਰੂ ਫ਼ਸਲਾਂ ਕਦੇ ਮੀਂਹ ਜ਼ਿਆਦਾ ਪੈਣ ਕਰਕੇ ਡੁੱਬ ਜਾਂਦੀਆਂ ਤੇ ਕਦੇ ਸੋਕੇ ਕਰਕੇ ਮਾਰੀਆਂ ਜਾਂਦੀਆਂ। ਨਦੀਆਂ-ਨਾਲਿਆਂ

ਅਤੇ ਚੋਆਂ ਉੱਤੇ ਪੁਲ ਨਹੀਂ ਸਨ। ਟੋਏ ਟਿੱਬੇ ਆਮ ਸਨ ਪਰ ਲੋਕ ਹਿੰਮਤੀ ਅਤੇ ਕੁਦਰਤ ਦੇ ਰੰਗਾਂ ਨੂੰ ਮਾਣਨ ਵਾਲੇ ਸਨ। ਤੰਗੀਆਂ-ਤੁਰਸ਼ੀਆਂ ਭਰਿਆ ਜੀਵਨ ਜੀਅ ਰਹੇ ਪੁਆਧ ਦੇ ਲੋਕਾਂ ਲਈ ਪੁਆਧੀ ਲੋਕ ਗੀਤ ਮਨੋਰੰਜਨ ਹੀ ਪ੍ਰਦਾਨ ਨਹੀਂ ਸੀ ਕਰਦੇ ਬਲਕਿ ਉਨ੍ਹਾਂ ਲਈ ਸਾਹਸ ਭਰਿਆ ਜੀਵਨ ਜੀਣ ਲਈ ਹਿੰਮਤ ਵੀ ਪ੍ਰਦਾਨ ਕਰਦੇ ਰਹੇ ਹਨ। ਇਨ੍ਹਾਂ ਲੋਕ ਗੀਤਾਂ ਵਿੱਚ ਉੱਥੋਂ ਦੇ ਜੀਵਨ ਦੀਆਂ ਝਲਕਾਂ ਸਾਫ਼ ਨਜ਼ਰੀਂ ਪੈਂਦੀਆਂ ਹਨ। ਖੁਸ਼ੀਆਂ-ਗ਼ਮੀਆਂ, ਵਿਆਹਾਂ, ਤਿੱਥਾਂ-ਤਿਉਹਾਰਾਂ, ਮੇਲਿਆਂ ਮਸਾਹਵਿਆਂ ਤੇ ਸਮਾਜਿਕ ਰਿਸ਼ਤੇ-ਨਾਤਿਆਂ ਸਬੰਧੀ ਅਨੇਕਾਂ ਲੋਕ ਗੀਤ ਮਿਲਦੇ ਹਨ। ਮਾਲਵਾ ਖੇਤਰ ਨਾਲ ਲੱਗਦੇ ਪਿੰਡਾਂ ਵਿੱਚ ਮਲਵਈ ਬੋਲੀ ਤੋਂ ਪ੍ਰਭਾਵਿਤ ਮਲਵਈ ਲੋਕ ਗੀਤ ਗਾਏ ਜਾਂਦੇ ਹਨ ਅਤੇ ਹਰਿਆਣਾ ਦੇ ਨਾਲ ਲੱਗਦਾ/ ਖੇਤਰ ਵਿਚ ਪੁਆਧੀ ਬਾਂਗਰੂ ਬੋਲੀ ਤੋਂ ਪ੍ਰਭਾਵਿਤ ਗੀਤ ਪ੍ਰਚਲੱਤ ਹਨ। ਪੁਆਧੀ ਲੋਕਧਾਰਾ ਦੀ ਵਿਦਵਾਨ ਡਾ. ਚਰਨਜੀਤ ਕੌਰ ਅਨੁਸਾਰ ਪੁਆਧ ਦੇ ਲੋਕ ਗੀਤਾਂ ਬਾਰੇ ਪਹਿਲਾਂ ਵੀ ਵਿਦਵਾਨਾਂ ਨੇ ਰਾਇ ਦਿੱਤੀ ਹੈ ਕਿ ਪੁਆਧੀ ਉਪ-ਭਾਸ਼ਾ ਵਿੱਚ ਬਹੁਤ ਘੱਟ ਲੋਕ ਗੀਤ ਮਿਲਦੇ ਹਨ। ਪੁਆਧ ਦੇ ਲੋਕ ਜਾਂ ਤਾਂ ਮਲਵਈ ਲੋਕ ਗੀਤ ਗਾਉਂਦੇ ਹਨ ਜਾਂ ਫਿਰ ਬਾਂਗਰੂ ਹਰਿਆਣਵੀ ਗੀਤ।

ਮਲਵਈ ਰੰਗ ਵਿੱਚ ਰੰਗਿਆ ਪੁਆਧੀ ਲੋਕਾਂ ਵੱਲੋਂ ਗਾਇਆ ਜਾਂਦਾ ਇੱਕ ਸਾਂਝੀ ਦਾ ਗੀਤ ਹੈ:

ਊਠਣ ਬੈਠਣ ਝੋਟੜੀਆਂ,
ਬੀਰ ਮੇਰੇ ਦੇ ਬਾੜੇ ਮਾਂ।
ਗੋਹਾ ਚੁਗਣ ਤੇਰੀਆਂ ਭੈਣੜੀਆਂ,
ਭਾਬੀਆਂ ਦੇ ਲਿਸ਼ਕਾਰੇ ਮਾਂ।
ਦੁੱਧ ਰਿੜਕਣ ਤੇਰੀਆਂ ਵਹੁਟੜੀਆਂ,
ਚੂੜੇ ਦੇ ਛਣਕਾਟੇ ਮਾਂ।

ਬਾਂਗਰੂ ਹਰਿਆਣਵੀ ਪ੍ਰਭਾਵ ਵਾਲੇ ਇਕ ਸੁਹਾਗ ਗੀਤ ਦੇ ਬੋਲ ਹਨ :

ਸੁਹਾਗ ਮਾਂਗਣ ਦਾਦੀ ਪਾ ਗਈ
ਨੀ ਦਾਦੀ ਭਰ ਦੇਨਾ ਮਾਂਗ ਸੰਧੂਰ
ਸੁਹਾਗ ਮੈਨੂੰ ਤੋਹੀ ਦੇਗੀ ਗੀ
ਸੁਹਾਗ ਮਾਂਗਣ ਅੰਮਾਂ ਪਾ ਗਈ

ਨੀ ਅੰਮਾਂ ਭਰ ਦੇਨਾ ਮਾਂਗ ਸੰਧੂਰ
ਸੁਹਾਗ ਮੈਨੂੰ ਤੇਹੀ ਦੇਗੀ ਰੀ।

ਪੁਆਧ ਦੇ ਆਰਥਿਕ ਪਛੜੇਵੇਂ ਕਾਰਨ ਮਾਲਵੇ ਦੇ ਲੋਕ ਆਪਣੀਆਂ ਧੀਆਂ ਦੇ ਸਾਕ ਪੁਆਧ ਦੇ ਇਲਾਕੇ ਵਿੱਚ ਘੱਟ-ਵੱਧ ਹੀ ਕਰਦੇ ਸਨ। ਪਰ ਪੁਆਧ ਦੀਆਂ ਕੁੜੀਆਂ ਦੇ ਸਾਕ ਅਕਸਰ ਲੈ ਲੈਂਦੇ ਸਨ। ਇਸ ਤਰ੍ਹਾਂ ਦੋਵਾਂ ਖੇਤਰਾਂ ਵਿੱਚ ਰਿਸ਼ਤੇਦਾਰੀਆਂ ਦਾ ਆਦਾਨ-ਪ੍ਰਦਾਨ ਹੋਣ ਕਰਕੇ ਭਾਵਆਤਮਿਕ ਤੇ ਸੱਭਿਆਚਾਰਕ ਸਾਂਝ ਦੀ ਤੰਦ ਜੁੜ ਜਾਂਦੀ ਸੀ। ਇਕ ਲੋਕ ਗੀਤ ਵਿੱਚ ਜੰਗਲ ਅਥਵਾ ਮਾਲਵਾ ਦੇ ਇਲਾਕੇ ਦੀ ਇਕ ਮੁਟਿਆਰ ਪੁਆਧ ਵਿੱਚ ਵਿਆਹੇ ਜਾਣ ਉਪਰੰਤ ਆਪਣੀ ਸੱਸ ਤੋਂ ਸਤੀ ਹੋਈ ਪੁਆਧ ਨੂੰ ਚੰਦਰਾ ਪੁਆਧ ਆਖ ਕੇ ਆਪਣੇ ਦਿਲ ਦੇ ਗੁਭ-ਗੁਭਾਰ ਕੱਢਦੀ ਹੋਈ ਉਥੋਂ ਦੇ ਜੀਵਨ ਦੀ ਇੱਕ ਝਲਕ ਪੇਸ਼ ਕਰਦੀ ਹੈ:

ਜੰਗਲ ਦੀ ਮੈਂ ਜੰਮੀ ਜਾਈ,
ਚੰਦਰੇ ਪੁਆਧ ਵਿਆਹੀ।
ਹੱਥ ਵਿਚ ਖੁਰਪਾ ਮੋਢੇ ਚਾਦਰ,
ਮੱਕੀ ਗੁੱਡਣ ਲਾਈ।
ਗੁੱਡਦੀ-ਗੁੱਡਦੀ ਦੇ ਪੈ ਗਏ ਛਾਲੇ,
ਆਥਣ ਨੂੰ ਘਰ ਆਈ।
ਆਉਂਦੀ ਨੂੰ ਸੱਸ ਦੇਵੇ ਗਾਲਾਂ,
ਘਾਹ ਦੀ ਪੰਡ ਨਾ ਲਿਆਈ।
ਵੱਡੇ ਕੱਟੇ ਵੱਗ ਰਲਾਵਾਂ,
ਮਹਿੰ ਨੂੰ ਲੈਣ ਕਸਾਈ।
ਪੰਜੇ ਬੁੱਢੀਏ ਤੇਰੇ ਪੁੱਤ ਮਰ ਜਾਣ,
ਛੇਵਾਂ ਮਰੇ ਜਵਾਈ।
ਗਾਲ ਭਰਾਵਾਂ ਦੀ,
ਕੀਹਨੇ ਦੇਣ ਸਿਖਾਈ।

ਉਨ੍ਹਾਂ ਸਮਿਆਂ ਵਿਚ ਜ਼ਨਾਨੀਆਂ ਨੂੰ ਹੱਥ ਚੱਕੀਆਂ ਨਾਲ ਰੋਜ਼ ਦੀ ਰੋਜ਼ ਆਟਾ ਪੀਹ ਕੇ ਆਪਣੇ ਟੱਬਰ ਦਾ ਢਿੱਡ ਭਰਨਾ ਪੈਂਦਾ ਸੀ। ਉਹ ਨਾਲੇ ਚੱਕੀ ਝੋਂਦੀਆਂ ਨਾਲੇ ਬ੍ਰਿਹਾ ਕੁੱਠੇ ਗੀਤ ਗਾ-ਗਾ ਕੇ ਆਪਣੇ ਮਨ ਦਾ ਭਾਰ ਹੌਲਾ ਕਰਦੀਆਂ:

ਪੀਹ ਪੀਹ ਵੇ ਮੈਂ ਭਰਦੀ ਪਰਾਤਾਂ,
ਆਪਣੀਆਂ ਮਾਵਾਂ ਬਾਝੋਂ
ਵੇ ਕੋਈ ਪੁੱਛਦਾ ਨਾ ਬਾਤਾਂ।
ਅੱਖੀਆਂ ਜਲ ਭਰ ਆਈਆਂ ਨੀ ਮਾਂਏਂ
ਪੀਹ ਪੀਹ ਵੇ ਮੈਂ ਭਰਦੀ ਭੜੋਲੇ,
ਆਪਣਿਆਂ ਵੀਰਾਂ ਬਾਝੋਂ
ਵੇ ਕੋਈ ਮੁੱਖੋਂ ਨਾ ਬੋਲੇ।
ਅੱਖੀਆਂ ਜਲ ਭਰ ਆਈਆਂ ਨੀ ਮਾਂਏਂ
ਅੱਖੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ ਨੀ ਮਾਂਏਂ।

ਪੁਰਾਣੇ ਸਮਿਆਂ ਦੇ ਵਿੱਚ ਆਉਣ ਜਾਣ ਦੇ ਸਾਧਨ ਸੀਮਿਤ ਸਨ। ਨਦੀਆਂ ਨਾਲਿਆਂ 'ਤੇ ਪੁਲ ਨਹੀਂ ਸਨ। ਪੰਜ ਦਸ ਕੋਹ ਦੀ ਵਾਟ 'ਤੇ ਵਿਆਹੀ ਮੁਟਿਆਰ ਆਪਣੇ-ਆਪ ਨੂੰ ਪਰਦੇਸਣ ਸਮਝਦੀ ਸੀ। ਵਰ੍ਹੇ ਛਿਮਾਹੀ ਮਗਰੋਂ ਹੀ ਕੋਈ ਮਿਲਣ ਆਉਂਦਾ। ਸਾਵਣ ਦੇ ਅਨੇਕਾਂ ਗੀਤ ਮਿਲਦੇ ਹਨ, ਜਿਨ੍ਹਾਂ ਰਾਹੀਂ ਸਹੁਰੇ ਬੈਠੀ ਧੀ ਜਿੱਥੋਂ ਆਪਣੇ ਦੂਰ ਵਸਦੇ ਮਾਪਿਆਂ ਦੇ ਦਰਦ ਦਾ ਸੱਲ ਸਹਿੰਦੀ ਹੈ, ਉਥੇ ਪਰਦੇਸੀ ਖੱਟੀ ਕਰਨ ਗਏ ਆਪਣੇ ਮਾਹੀ ਦੇ ਵਿਯੋਗ ਨੂੰ ਵੀ ਬੜੇ ਦਰਦੀਲੇ ਬੋਲਾਂ ਵਿੱਚ ਬਿਆਨ ਕਰਦੀ ਹੈ।

ਕਈ ਦਹਾਕੇ ਪਹਿਲਾਂ ਪੁਆਧ ਦੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਨਹੀਂ ਸੀ। ਪਾਣੀ ਦਾ ਪੱਧਰ ਡੂੰਘਾ ਹੋਣ ਕਰਕੇ ਖੂਹ-ਖੂਹੀਆਂ ਆਮ ਨਹੀਂ ਸਨ। ਔਰਤਾਂ ਦੂਰੋਂ-ਨੇੜਿਓਂ ਪਾਣੀ ਭਰਦੀਆਂ ਸਨ। ਕਿਸੇ ਸਾਧੂ ਸੰਤ ਨੇ ਪੇਂਡੂਆਂ ਦੇ ਸਾਂਝੇ ਯਤਨਾਂ ਨਾਲ ਕੁੱਟੀਆ ਦੇ ਨਾਲ ਖੂਹੀ ਉਸਾਰ ਲੈਣੀ ਜਿੱਥੋਂ ਔਰਤਾਂ ਪਾਣੀ ਭਰਦੀਆਂ ਅਤੇ ਕਈ ਵਾਰ ਰਮਤੇ ਜੋਗੀ ਵੀ ਕੁਟੀਆ ਵਿੱਚ ਆ ਜਾਂਦੇ। ਪੇਂਡੂ ਲੋਕਾਂ ਵਿੱਚ ਜੋਗੀਆਂ ਅਥਵਾ ਸਾਧੂਆਂ ਪ੍ਰਤੀ ਅਥਾਹ ਸ਼ਰਧਾ ਹੋਇਆ ਕਰਦੀ ਸੀ। ਇੱਕ ਗੀਤ ਵਿੱਚ ਪਾਣੀ ਭਰਨ ਦੇ ਪਜ ਨਣਦ ਭਰਜਾਈ ਕਿਸੇ ਜੋਗੀ ਨੂੰ ਦੇਖਣ ਜਾਂਦੀਆਂ ਹਨ। ਭਾਬੋ ਜੋਗੀ 'ਤੇ ਮੋਹਿਤ ਹੋ ਜਾਂਦੀ ਹੈ:

ਅੰਬਾਂ ਤੇ ਤੂਤੀਂ ਠੰਢੀ ਛਾਂ,
ਕੋਈ ਪਰਦੇਸ਼ੀ ਜੋਗੀ ਆਣ ਲੱਥੇ
ਚੱਲ ਨਣਦੇ ਪਾਣੀ ਨੂੰ ਚੱਲੀਏ,
ਪਾਣੀ ਦੇ ਪੱਜ ਜੋਗੀ ਦੇਖੀਏ ਨੀ

ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਨ ਸਦਕਾ ਪਿਛਲੇ ਕੁਝ ਸਮੇਂ ਤੋਂ ਪੁਆਧ ਦੇ ਆਰਥਿਕ ਅਤੇ ਸਮਾਜਿਕ ਜੀਵਨ ਵਿੱਚ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ ਹਨ। ਪੇਂਡੂ ਲੋਕਾਂ ਲਈ ਰੁਜ਼ਗਾਰ ਦੇ ਸਾਧਨਾਂ ਵਿੱਚ ਵਾਧਾ ਹੋਇਆ ਹੈ। ਨਦੀਆਂ ਉੱਤੇ ਪੁਲ ਬਣ ਗਏ ਹਨ। ਸੜਕਾਂ ਦਾ ਜਾਲ ਵਿਛ ਗਿਆ ਹੈ ਅਤੇ ਖੇਤੀਬਾੜੀ ਆਧੁਨਿਕ ਢੰਗ ਨਾਲ ਹੋਣ ਲੱਗੀ ਹੈ। ਵਪਾਰਿਕ ਘਰਾਣਿਆਂ ਨੇ ਮਹਿੰਗੇ ਭਾਅ ਜ਼ਮੀਨਾਂ ਖ਼ਰੀਦ ਕੇ ਪਿੰਡਾਂ ਵਿੱਚ ਤਕਨੀਕੀ ਕਾਲਜ ਖੋਲ੍ਹ ਦਿੱਤੇ ਹਨ। ਸਰਕਾਰੀ ਪੱਧਰ 'ਤੇ ਵੀ ਵਿੱਦਿਆ ਦਾ ਪਸਾਰ ਹੋਇਆ ਹੈ। ਆਰਥਿਕ ਵਿਕਾਸ ਹੋਣ ਸਦਕਾ ਪੁਆਧ ਦੇ ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਵਿੱਚ ਵੀ ਤਬਦੀਲੀ ਵਾਪਰੀ ਹੈ। ਨੌਜਵਾਨ ਪੀੜ੍ਹੀ ਪੁਆਧੀ ਉਪ ਭਾਸ਼ਾ ਤੋਂ ਮੁੱਖ ਮੋੜ ਗਈ ਹੈ। ਦੂਰ-ਦੁਰਾਡੇ ਪਿੰਡਾਂ ਵਿੱਚ ਪੁਰਾਣੀ ਪੀੜ੍ਹੀ ਦੇ ਬਜ਼ੁਰਗ ਹੀ ਪੁਆਧੀ ਬੋਲੀ ਦੀ ਵਰਤੋਂ ਕਰਦੇ ਹਨ। ਉਨ੍ਹਾਂ ਕੋਲ ਜਾ ਕੇ ਪੁਆਧੀ ਲੋਕ ਗੀਤ ਅਤੇ ਲੋਕ ਕਹਾਣੀਆਂ ਸੰਭਾਲਣ ਦੀ ਅਤਿਅੰਤ ਲੋੜ ਹੈ। ਪੁਆਧੀ ਲੋਕ ਗੀਤ ਪੰਜਾਬੀ ਲੋਕਧਾਰਾ ਦੇ ਬੇਸ਼ਕੀਮਤੀ ਮੋਤੀ ਹਨ।

* * *

# ਉਪ-ਬੋਲੀ ਪੁਆਧੀ ਤੇ ਇਸ ਦੀ ਸੰਭਾਲ

- ਗੁਰਪ੍ਰੀਤ ਸਿੰਘ ਅੰਟਾਲ
ਮੋਬਾ. 9815424647

ਪੰਜਾਬ ਵਿੱਚ ਘੱਗਰ ਪਾਰ ਦੇ ਇਲਾਕੇ ਨੂੰ ਪੁਆਧੀ ਕਿਹਾ ਜਾਂਦਾ ਹੈ। ਇਸ ਵਿੱਚ ਰੋਪੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲੇ ਦਾ ਪੂਰਬੀ ਭਾਗ, ਸੰਗਰੂਰ ਦਾ ਕੁੱਝ ਖੇਤਰ, ਫਤਿਹਗੜ੍ਹ ਸਾਹਿਬ ਦਾ ਪੂਰਬੀ ਹਿੱਸਾ ਤੇ ਅੰਬਾਲੇ ਦਾ ਪੱਛਮੀ ਹਿੱਸਾ ਆਉਂਦਾ ਹੈ। ਪੁਆਧ ਦੇ ਇਲਾਕੇ ਵਿਚ ਸਾਦ-ਮੁਰਾਦੀ ਤੇ ਫ਼ਕਰ ਕਿਸਮ ਦੀ ਬੋਲੀ ਪੁਆਧੀ ਬੋਲੀ ਜਾਂਦੀ ਹੈ। ਪੁਆਧੀ ਬੋਲੀ ਪੰਜਾਬੀ ਮਾਂ-ਬੋਲੀ ਦੇ ਗਲ ਪਏ ਉਪ-ਬੋਲੀਆਂ ਦੇ ਹਾਰ ਦਾ ਬੇਸ਼ਕੀਮਤੀ ਮਣਕਾ ਹੈ।

ਪੁਆਧੀ ਬੋਲੀ ਪੰਜਾਬੀ ਬੋਲੀ ਦੀ ਉਪ-ਬੋਲੀ ਹੁੰਦਿਆਂ ਹੋਇਆਂ ਵੀ ਕਾਫੀ ਵੱਖਰੀ ਜਿਹੀ ਜਾਪਦੀ ਹੈ। ਪੁਆਧ ਇਲਾਕੇ ਦੇ ਬਹੁਤ ਸਾਰੇ ਲੋਕ ਵੀ ਇਹ ਨਹੀਂ ਜਾਣਦੇ ਕਿ ਇਹ ਬੋਲੀ ਪੰਜਾਬੀ ਦੀ ਉਪ ਬੋਲੀ ਹੈ। ਬਹੁਤੇ ਪੰਜਾਬੀ ਲੋਕ ਵੀ ਇਸ ਨੂੰ ਹਿੰਦੀ ਦਾ ਇਕ ਰੂਪ ਸਮਝਦੇ ਹਨ। ਪੁਆਧੀ ਬੋਲੀ ਵਿੱਚ ਸਾਡੇ, ਤੁਹਾਡੇ, ਨੂੰ 'ਮਾਰਾ', 'ਥਾਰਾ' ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪਿੰਡ ਨੂੰ 'ਗੌਂ' ਕਿਹਾ ਜਾਂਦਾ ਹੈ। ਸਭ ਤੋਂ ਉਗੜਵਾਂ ਫ਼ਰਕ ਟਕਸਾਲੀ ਪੰਜਾਬੀ ਤੇ ਪੁਆਧੀ ਦਾ ਇਹ ਹੈ ਕਿ ਪੁਆਧੀ ਬੋਲੀ ਵਿੱਚ ਪੰਜਾਬੀ ਦੀ 'ਸ਼' 'ਵ' ਧੁਨੀਆਂ ਹੁੰਦੀਆਂ ਹੀ ਨਹੀਂ। ਪੁਆਧੀ ਲੋਕ ਸ਼ਹਿਰ ਨੂੰ 'ਸਹਿਰ'ਹੀ ਬੋਲਦੇ ਹਨ ਇਸ ਤਰ੍ਹਾਂ ਆਸ਼ਾ ਨੂੰ ਆਸਾ ਬੋਲਿਆ, ਲਿਖਿਆ ਜਾਂਦਾ ਹੈ। ਪੁਆਧੀ ਬੋਲਣ ਵਾਲੇ ਵਾਲੀਬਾਲ ਨੂੰ 'ਬਾਲੀਬਾਲ' ਹੀ ਬੋਲਦੇ ਹਨ। ਕਹਿਣ ਦਾ ਭਾਵ ਇਹ ਕੁਝ ਵਖਰੇਵੇਂ ਪੁਆਧੀ ਨੂੰ ਪੰਜਾਬੀ ਤੋਂ ਵੱਖ ਕਰਦੇ ਹਨ ਬਾਕੀ ਬਹੁਤ ਸਾਰੇ ਸ਼ਬਦ ਪੰਜਾਬੀ ਵਾਲੇ ਹੀ ਬੋਲੇ ਜਾਂਦੇ ਹਨ।

ਪੁਆਧੀ ਬੋਲੀ ਵਿਚ ਭਗਤ ਆਸਾ ਰਾਮ ਬੈਦਵਾਣ ਸੁਹਾਣਾ ਦਾ ਬਹੁਤ ਉੱਚਾ ਨਾਂਅ ਹੈ। ਅੱਜ ਵੀ ਪੁਆਧੀ ਅਖਾੜਿਆਂ ਵਿਚ ਉਨ੍ਹਾਂ ਦੀਆਂ ਲਿਖਤਾਂ ਨੂੰ ਜੱਥੇ ਗਾਉਂਦੇ ਵਜਾਉਂਦੇ ਹਨ। ਅੱਜ ਕੱਲ੍ਹ ਤੇ ਚਰਨ ਪੁਆਧੀ, ਲਖਵੀਰ ਦੌਦਪੁਰ, ਮੋਹਨੀ ਤੂਰ ਵਰਗੇ ਪੁਆਧੀ ਮਾਂ ਬੋਲੀ ਦੇ ਧੀ-ਪੁੱਤ ਕਵਿਤਾ

ਲਿਖ ਕੇ ਗਾ ਰਹੇ ਹਨ ਤੇ ਸਹਿਕ ਰਹੀ ਪੁਆਧੀ ਬੋਲੀ ਨੂੰ ਬਚਾਉਣ ਦਾ ਯਤਨ ਕਰ ਰਹੇ ਹਨ। ਪੁਆਧ ਦੇ ਇਲਾਕੇ ਵਿੱਚ ਘੁੱਗ ਵਸਦਾ ਮੇਰਾ ਪਿੰਡ ਨਲਿਓਲਾ ਪੁਆਧ ਦੇ ਇਲਾਕੇ ਦਾ ਸਿਰ ਕੱਢਵਾਂ ਪਿੰਡ ਹੈ। ਅਜ ਤੋਂ ਤਕਰੀਬਨ ਪੰਦਰਾਂ ਵੀਹ ਸਾਲ ਪਹਿਲਾਂ ਆਪਣੀ ਬੋਲੀ ਪੁਆਧੀ ਦੇ ਪ੍ਰਭਾਵ ਹੇਠ ਪੰਜਾਬੀ ਰੰਗ ਵਿੱਚ ਰੰਗਿਆ ਨਜ਼ਰ ਆਉਂਦਾ ਸੀ। ਸਾਈਨ ਬੋਰਡ, ਟੂਰਨਾਮੈਂਟ ਦੇ ਇਸ਼ਤਿਹਾਰ, ਖੁਸ਼ੀ ਗਮੀ ਦੇ ਕਾਰਡ ਪੰਜਾਬੀ ਵਿਚ ਲਿਖੇ ਜਾਂਦੇ ਸਨ, ਇਸੇ ਤਰ੍ਹਾਂ ਪੂਰੇ ਪੁਆਧ ਦੇ ਇਲਾਕੇ ਵਿਚ ਹੁੰਦਾ ਸੀ। ਪਰ ਹੁਣ ਇਹ ਵਰਤਾਰਾ ਪੁਆਧ ਤੇ ਹਰਿਆਣੇ ਵਾਲੇ ਇਲਾਕੇ ਵਿਚ ਹਿੰਦੀ ਵਿੱਚ ਲਿਖਿਆ ਨਜ਼ਰ ਆਉਂਦਾ ਹੈ। ਭਾਸ਼ਾਵਾਂ ਸਾਰੀਆਂ ਚੰਗੀਆਂ ਹਨ ਤੇ ਲਿਖੀਆਂ ਜਾਣੀਆਂ ਚਾਹੀਦੀਆਂ ਹਨ ਪਰ ਆਪਣੀ ਮਾਂ-ਬੋਲੀ ਨੂੰ ਤਿਆਗ ਕੇ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਪੁਆਧੀ ਬੋਲੀ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਸ ਦੇ ਜਾਏ ਇਸ ਨੂੰ ਗੰਵਾਰਾਂ ਦੀ ਬੋਲੀ ਸਮਝ ਕੇ ਛੱਡਦੇ ਜਾ ਰਹੇ ਹਨ। ਪੁਆਧੀ ਬੋਲਣ ਵਾਲੇ ਜਿਹੜੇ ਲੋਕ ਅੰਬਾਲੇ ਜਾ ਵਸੇ ਹਨ, ਉਹ ਹਿੰਦੀ ਬੋਲਣ ਲੱਗ ਪਏ ਹਨ ਤੇ ਪਟਿਆਲੇ ਆ ਕੇ ਵਸਣ ਵਾਲੇ ਪੰਜਾਬੀ ਬੋਲੀ ਬੋਲਣ ਲੱਗੇ ਹਨ। ਜਿਸ ਬੋਲੀ ਦੇ ਪੁੱਤ ਇਸ ਤਰ੍ਹਾਂ ਕਪੁੱਤ ਹੋ ਜਾਣ, ਉਹ ਬੋਲੀ ਬਹੁਤਾ ਚਿਰ ਜਿਊਂਦੀ ਨੀ ਰਹਿ ਸਕਦੀ।

ਮੇਰੀ ਪਤਨੀ ਮਾਝੇ ਤੋਂ ਜਰਨੈਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਦੀ ਪੋਤਰੀ ਹੈ। ਮੇਰਾ ਨਵਾਂ-ਨਵਾਂ ਵਿਆਹ ਹੋਇਆ ਤੇ ਮੈਂ ਆਪਣੀ ਪਤਨੀ ਦੇ ਪ੍ਰਭਾਵ ਹੇਠ ਉਸ ਨਾਲ ਪੰਜਾਬੀ ਵਿੱਚ ਗੱਲ ਕਰਦਾ-ਕਰਦਾ ਚਾਚੇ ਦੇ ਮੁੰਡੇ ਨਾਲ ਵੀ ਪੰਜਾਬੀ ਵਿਚ ਗੱਲ ਕਰਨ ਲੱਗਾ ਕਿ ਵਰਤਾਲਾਪ ਸੁਣ ਕੇ ਮੇਰੇ ਚਾਚਾ ਜੀ ਜਿਹੜੇ ਕਿ ਇਕ ਗਜ਼ਟਿਡ ਅਫ਼ਸਰ ਹੁੰਦਿਆਂ ਵੀ ਆਪਣੇ ਦਫ਼ਤਰ ਵਿਚ ਵੀ ਪੁਆਧੀ ਬੋਲਿਆ ਕਰਦੇ ਸਨ। ਉਹ ਗੁੱਸੇ ਵਿਚ ਆ ਕੇ ਮੈਨੂੰ ਕਹਿਣ ਲੱਗੇ, 'ਸਹੁਰਿਆਂ ਦੇ ਥੱਲੇ ਏਨਾ ਵੀ ਨੀ ਲੱਗੀ ਦਾ ਕਿ ਆਪਣੀ ਭਾਸ਼ਾ ਹੀ ਛੱਡ ਦੇਵੋ।' ਇਹ ਗੱਲ ਸੁਣ ਕੇ ਮੈਨੂੰ ਅਹਿਸਾਸ ਹੋਇਆ ਕਿ ਮਾਂ ਬੋਲੀ ਨਿਰਾ ਮਨ ਦੇ ਭਾਵ ਪ੍ਰਗਟਾਵੇ ਦਾ ਸਫ਼ਲ ਸਾਧਨ ਹੀ ਨਹੀਂ ਸਗੋਂ ਸਵੈਮਾਣ ਦਾ ਪ੍ਰਤੀਕ ਵੀ ਹੁੰਦੀ ਹੈ। ਉਸ ਦਿਨ ਤੋਂ ਮੈਂ ਫ਼ੈਸਲਾ ਕੀਤਾ ਸੀ ਕਿ ਮੈਂ ਆਪਣੇ ਬੱਚਿਆਂ ਨੂੰ ਆਪਣੀ ਮਾਂ-ਬੋਲੀ ਪੁਆਧੀ ਜ਼ਰੂਰ ਸਿਖਾਵਾਂਗਾ ਤੇ ਆਪ ਵੀ ਮਾਣ ਨਾਲ ਬੋਲਿਆ ਕਰਾਂਗਾ। ਅੱਜ ਮੇਰੇ ਬੱਚੇ ਭਾਵੇਂ ਪਟਿਆਲੇ ਰਹਿੰਦੇ ਹਨ ਤੇ ਪੜ੍ਹਦੇ ਹਨ ਤਾਂ ਵੀ ਪੁਆਧੀ ਨੂੰ ਬੜੇ ਮਾਣ ਨਾਲ ਤੇ ਚੰਗੀ ਤਰ੍ਹਾਂ ਬੋਲ ਲੈਂਦੇ ਹਨ।

ਅੱਜ ਪੁਆਧੀ ਬੋਲੀ ਨੂੰ ਪ੍ਰਫੁੱਲਤ ਕਰਨ ਦੀ ਲੋੜ ਹੈ ਤੇ ਸਭ ਨੂੰ ਇਸ ਨੂੰ ਮਾਣ ਨਾਲ ਬੋਲਣਾ ਚਾਹੀਦਾ ਹੈ। ਕੁਝ ਸੰਸਥਾਵਾਂ ਜਿਵੇਂ ਅੰਤਰਰਾਸ਼ਟਰੀ ਪੁਆਧੀ ਮੰਚ, ਪੁਆਧੀ ਪੰਜਾਬੀ ਸੱਥ ਮੁਹਾਲੀ, ਜਵੰਤ ਪੂਨੀਆਂ ਦੀ ਪੁਆਧੀ ਸੱਥ ਤੇ ਰਾਜਪੁਰੇ ਵਾਲੇ ਮਨਜੀਤ ਵਰਗੇ ਪੁਆਧੀ ਪਿਆਰੇ ਟੀ.ਵੀ. ਚੈਨਲ ਚਲਾ ਕੇ ਪੁਆਧੀ ਮਾਂ ਉਪ-ਬੋਲੀ ਨੂੰ ਬਚਾਉਣ ਤੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਭ ਦੇ ਯਤਨ ਸ਼ਲਾਘਾਯੋਗ ਹਨ ਪਰ ਕਾਫੀ ਨਹੀਂ ਹਨ। ਮੇਰੀ ਮਾਂ- ਬੋਲੀ ਪੁਆਧੀ ਨੂੰ ਆਪਣਿਆਂ ਦੀ ਬੇਰੁਖ਼ੀ ਤੋਂ ਬਚਾਉਣ ਲਈ ਤੇ ਇਸ ਤ੍ਰਾਸਦੀ ਤੋਂ ਕੱਢਣ ਲਈ ਸਭ ਲਿਖਾਰੀਆਂ ਤੇ ਪੁਆਧੀ ਮੰਚਾਂ ਤੇ ਵਿਦਵਾਨਾਂ ਨੂੰ ਰਲ ਕੇ ਪਿੰਡ-ਪਿੰਡ ਸੈਮੀਨਾਰ ਕਰਨੇ ਚਾਹੀਦੇ ਹਨ ਤੇ ਲੋਕਾਂ ਨੂੰ ਆਪਣੀ ਪੁਆਧੀ ਬੋਲੀ ਦੀ ਅਮੀਰੀ ਬਾਰੇ ਦੱਸਣਾ ਚਾਹੀਦਾ ਹੈ, ਤਾਂ ਜੋ ਪੁਆਧੀ ਪੰਜਾਬੀ ਮਾਂ ਬੋਲੀ ਦੇ ਮੁਕਟ ਦਾ ਸ਼ਿੰਗਾਰ ਹਮੇਸ਼ਾ ਬਣੀ ਰਹੇ।

ਪੁਆਧੀ ਤੇ ਪੁਆਧ ਦੇ ਸਭਿਆਚਾਰ ਤੇ ਇਤਿਹਾਸ ਨੂੰ ਜੋ ਮਹੱਤਤਾ ਦੇਣ ਲਈ ਪੁਆਧੀ ਪੰਜਾਬੀ ਸੱਥ ਮੁਹਾਲੀ ਨੇ 2004 ਤੋਂ ਨਿਰੰਤਰ ਜੋ ਸੇਵਾਵਾਂ ਨਿਭਾਈਆਂ, ਉਸ ਨਾਲ ਇਸ ਖੇਤਰ ਦੀ ਸੰਸਾਰ ਪਧਰ 'ਤੇ ਚਰਚਾ ਹੋਣ ਲੱਗ ਪਈ ਹੈ। ਪੰਜਾਬੀ ਸੱਥ ਲਾਂਬੜਾ ਜਲੰਧਰ ਦੇ ਸੰਚਾਲਕ ਡਾ. ਨਿਰਮਲ ਸਿੰਘ ਦੇ ਜਤਨਾਂ ਸਦਕਾ ਮਨਮੋਹਨ ਸਿੰਘ ਦਾਊਂ, ਮੁਖੀ, ਪੁਆਧੀ ਪੰਜਾਬੀ ਸੱਥ ਮੁਹਾਲੀ ਨੇ ਇਸ ਖੇਤਰ ਦੀ ਪੁਆਧੀ ਬੋਲੀ ਨੂੰ ਪੁਨਰ ਸੁਰਜੀਤ ਕਰ ਦਿੱਤਾ ਹੈ ਜਿਸ ਦੇ ਫਲ ਸਰੂਪ ਪੁਆਧ ਦਰਪਣ, ਧਰਤ ਪੁਆਧ, ਮੇਰਾ ਪੁਆਧ, ਕਥਾ ਪੁਰਾਤਨ ਪੁਆਧ ਕੀ, ਪੁਆਧ ਦੀ ਮਿੱਟੀ ਦਾ ਕ੍ਰਿਸ਼ਮਾ, ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ, ਰੰਗ ਪੁਆਧ ਕੇ, ਪੁਆਧ ਦੇ ਜੰਮੇ ਜਾਏ, ਪੁਆਧ ਤੇ ਪੁਆਧ ਦੇ ਲੇਖਕਾਂ'ਤੇ ਖੋਜ ਕਾਰਜ : ਸੰਦਰਭ ਕੋਸ਼, ਪੁਆਧ ਕੇ ਘਰਾਟਾਂ ਕਾ ਆਟਾ ਤੇ ਪੁਆਧ ਕੀਆਂ ਝਲਕਾਂ ਪੁਸਤਕਾਂ ਹੋਂਦ ਵਿਚ ਆਈਆਂ। ਇਨ੍ਹਾਂ ਪੁਸਤਕਾਂ ਦੀ ਭਰਪੂਰ ਚਰਚਾ ਹੋ ਰਹੀ ਹੈ। ਸੱਥ ਦਾ ਇਹ ਕਾਰਜ ਪ੍ਰਸੰਸਾਯੋਗ ਹੈ।

* * *

# ਪੁਆਧੀ ਕਵੀਸ਼ਰੀ ਪਰੰਪਰਾ

- ਪ੍ਰੋ. ਅਤੇ ਸਿੰਘ
ਮੋਬਾ. 9815177577

ਪਰੰਪਰਾ ਲੋਕਾਂ ਨਾਲ ਜੁੜੀ ਏ। ਮਨ ਨਾਲ ਜੁੜੀ ਏ। ਲੋਕ-ਮਨ ਨਾਲ ਜੁੜੀ ਏ। ਲੋਕ-ਮਨ ਪਰੰਪਰਾਈ ਮਨ ਏ। ਕਲਾ ਮਨ ਦੀ ਧੜਕਣ ਏ। ਇਹ ਧੜਕਣ ਦੁਵੱਲੀ ਏ। ਮਨ ਤੋਂ ਕਲਾ ਤੱਕ। ਕਲਾ ਤੋਂ ਮਨ ਤੱਕ। ਲੋਕ ਪੀੜ੍ਹੀ-ਦਰ-ਪੀੜ੍ਹੀ ਪਰੰਪਰਾ ਨੂੰ ਅੱਗੇ ਤੋਰਦੇ ਨੇ। ਕਲਾਕਾਰ ਪਰੰਪਰਾ ਨੂੰ ਕਲਾ ਵਿਚ ਪਲਟਦੇ ਨੇ। ਕਲਾ ਪਰੰਪਰਾ ਮੁਕਤ ਨਹੀਂ। ਪਰੰਪਰਾ ਦੀ ਪਛਾਣ ਏ।

ਮਨ ਦੀ ਗੱਲ ਆਪਣੇ ਨਾਲ ਹੁੰਦੀ ਏ। ਕਿਸੇ ਆਪਣੇ ਨਾਲ ਹੁੰਦੀ ਏ। ਆਪਣੀ ਹੁੰਦੀ ਏ। 'ਆਪਣੀ' ਸ਼ਬਦ ਜਦੋਂ ਸ਼ਬਦੋਂ ਪਾਰ ਜਾਂਦਾ ਏ ਤਾਂ ਸਾਂਝ, ਨੇੜਤਾ, ਪਛਾਣ ਦਾ ਚਿੰਨ੍ਹ ਬਣ ਜਾਂਦਾ ਏ। ਆਪਣੀ ਜੂਹ, ਆਪਣੀ ਰੂਹ; ਆਪਣੀ ਧੂਹ ਹੋ ਜਾਂਦਾ ਏ। ਸੁਚੇਤ, ਅਚੇਤ, ਅਰਧਚੇਤ ਮਨ ਸਿਮਰਤੀਆਂ ਦੀ ਸਮੁੱਚਤਾ ਏ। ਮੱਧਤਾ ਏ। ਆਪ- ਮੁਹਾਰਾਪਣ ਏ। ਕਿਤੇ ਧਰਤੀ ਹੇਠੋਂ ਆਪੇ ਪਾਣੀ ਸਿੰਮਣ ਵਾਂਗ, ਆਪੇ ਚੇਤੇ ਆਉਂਦੀਆਂ; ਚੇਤ ਹੋ ਜਾਂਦੀਆਂ ਨੇ। ਪਰੰਪਰਾ ਲੋਕ ਸਿਮਰਤੀਆਂ ਦਾ ਸਾਂਝਾ ਲੋਕ-ਚਿੱਤ ਏ।

ਪੁਆਧੀ ਕਵੀਸ਼ਰੀ ਪਰੰਪਰਾ ਪੁਆਧੀ ਲੋਕ ਮਨ ਦਾ ਕਲਾਤਮਕ ਪ੍ਰਗਟਾ ਏ। ਇਹ ਲੋਕ ਕਲਾ ਦੇ ਘੇਰੇ ਵਿਚ ਆਉਂਦੀ ਏ। ਲੋਕ ਕਲਾ ਲੋਕ ਮਨ ਦੀ ਪਛਾਣ ਏ। ਇਹ ਲੋਕਾਂ ਵਰਗੀ ਹੁੰਦੀ ਏ। ਲੋਕਾਂ ਦੀ ਹੁੰਦੀ ਏ। ਲੋਕਾਂ ਦੀ ਜ਼ਬਾਨ ਹੁੰਦੀ ਏ। ਲੋਕ ਕਲਾ ਲੋਕਾਂ ਲਈ ਓਪਰੀ ਨਹੀਂ ਹੁੰਦੀ। ਆਪਣੀ ਹੁੰਦੀ ਏ। ਠੇਠ ਪੁਆਧੀ ਜ਼ਬਾਨ ਵਿਚ ਰਚੀ ਤੇ ਗਾਈ ਪੁਆਧੀ ਕਵੀਸ਼ਰੀ ਲਿਖਿਤ ਤੇ ਮੌਖਿਕ ਰੂਪ ਵਿੱਚ ਪ੍ਰਚਲਿਤ ਤੇ ਪ੍ਰਵਾਨਤ ਹੋਈ। ਇਹ ਰਚਨਾਤਮਕ, ਸੁਹਜਾਤਮਕ, ਕਲਾਤਮਕ; ਲੋਕ ਕਲਾ ਪੁਆਧੀ ਲੋਕ ਦੀ ਸਮਾਜੀ ਸੱਭਿਆਚਾਰੀ ਪਛਾਣ ਚਿੰਨ੍ਹਤ ਕਰਦੀ ਏ। ਇਹ ਅਟੁੱਟ, ਅਖੁੱਟ; ਅਮੋਲ ਵਿਰਾਸਤੀ, ਸਭਿਅਤੀ; ਪਰੰਪਰੀ ਭੰਡਾਰ ਏ। ਇਹ ਮੂਲੋਂ ਈ ਵਿਸਰਦੀ, ਗੁਆਚਦੀ, ਭੁੱਲਦੀ ਨਹੀਂ ਪਰਿਵਰਤ ਭਾਵੇਂ ਹੁੰਦੀ ਏ। ਤਾਂ ਵੀ ਇਹਦੀ ਸੰਭਾਲ ਲਈ ਸੁਚੇਤਨਾ ਲੋੜੀਂਦੀ ਏ। ਪਰੰਪਰਾ ਲੋਕ ਕਲਾ ਜੁੜਤ ਵਿਰਾਸਤੀ ਹੋਂਦ ਏ ਕਿਸੇ ਖਿੱਤੇ ਦੇ ਲੋਕ ਮਨ ਦੀ। ਇਹ ਖ਼ੁਦਮੁਖਤਿਆਰ ਹੋਂਦ ਏ।

ਸਾਂਝੇ ਸਭਿਆਚਾਰ ਦੀ ਸਾਂਝੀ ਪਰੰਪਰਾ ਕਿਸੇ ਇਲਾਕੇ ਦੇ ਲੋਕ ਮਨ; ਲੋਕ-ਮਨ ਦੀ ਸਾਂਝੀ ਵਿਰਾਸਤੀ ਪਛਾਣ ਏ। ਇਹ ਕਿਸੇ ਖਿੱਤੇ ਦੀ ਭੂਗੋਲਿਕ ਹੱਦਬੰਦੀ ਨਾਲ ਜੁੜਦੀ ਏ। ਇਹ ਹੱਦਬੰਦੀ ਲਕੀਰੀ ਹੱਦ ਨਹੀਂ ਹੁੰਦੀ। ਇਹ ਸੰਬੰਧਿਤ ਇਲਾਕੇ ਦੇ ਸਾਂਝੇ ਪੌਣ-ਪਾਣੀ, ਰਲਦੇ-ਮਿਲਦੇ ਕੁਦਰਤੀ ਪਾਸਾਰੇ ਤੇ ਇਕੋ-ਜਿੱਕੇ ਰਹਿਣ-ਸਹਿਣ ਦੀ ਨਿਰੰਤਰ ਵਹਿੰਦੀ ਏ-ਲੋਕਧਾਰਾ। ਇਹ ਆਤਮਿਕ ਸਾਂਝ ਦੀ ਸੱਭਿਆਚਾਰਕ ਖੁਦਮੁਖਿਤਆਰ ਹੋਂਦ ਏ। ਡਾ. ਕਰਨਜੀਤ ਸਿੰਘ ਦਾ ਖ਼ਿਆਲ ਏ ਕਿ ਆਤਮਕ ਸੱਭਿਆਚਾਰ ਦੇ ਵਿਕਾਸ ਦੀ ਪ੍ਰਕਿਰਿਆ ਵਿਚ ਲੋਕਧਾਰਾ ਦੀ ਚੜ੍ਹਤ ਤੇ ਪ੍ਰਗਤੀ ਦੇ ਸਮਾਨਾਂਤਰ ਹੀ ਸੱਭਿਆਚਾਰ ਦੇ ਅਜਿਹੇ ਰੂਪ ਜਨਮ ਲੈਂਦੇ ਹਨ..।

ਪੁਆਧੀ ਲੋਕ ਕਾਵਿ ਕਲਾ ਕਵੀਸ਼ਰੀ ਦਾ ਆਧਾਰ ਬਿੰਦੂ ਪੁਆਧੀ ਕਿੱਸਾ ਕਾਵਿ ਏ। ਇਸ ਦੀ ਪਾਸਾਰੀ ਕੰਨੀ ਪੁਆਧੀ ਲੋਕ ਗੀਤ ਨਾਲ ਵੀ ਜਾ ਮਿਲਦੀ ਏ। ਪਰੰਪਰਾ ਇਸਦਾ ਮੂਲ ਏ। ਅਸਲ, ਇਹ ਖੁਦਮੁਖਤਿਆਰ ਲੋਕ ਕਾਵਿ ਰੂਪ ਏ ਜਿਸ ਨੇ ਆਪਣੀ ਮੌਲਿਕਤਾ ਕਾਇਮ ਰੱਖਦਿਆਂ ਹੋਰਨਾਂ ਨੇੜਲੇ ਕਾਵਿ ਰੂਪਾਂ ਦਾ ਅੰਸ਼ਿਕ ਪ੍ਰਭਾਵ ਵੀ ਕਬੂਲਿਆ। ਸੰਖਿਪਤ, ਬੱਝਵੀਂ ਤੇ ਪ੍ਰਸੰਗੀ ਲੋਕ ਕਾਵਿ ਕਲਾ ਪੁਆਧੀ ਕਵੀਸ਼ਰੀ ਲੋਕ ਮਨ ਦਾ ਅਕਸ ਏ। ਇਕਹਿਰੀ ਰਚਨਾ ਏ। ਛੰਦਬੱਧ ਏ। ਲੋਕਪ੍ਰਿਯ ਏ। ਪ੍ਰਸੰਗ ਦਰ ਪ੍ਰਸੰਗ ਛੇੜਦੀ, ਪ੍ਰਸੰਗ ਅੱਗੇ ਈ ਅੱਗੇ ਤੋਰਦੀ ਤੇ ਅਗਲੇ ਪ੍ਰਸੰਗ ਨਾਲ ਜੋੜਦੀ, ਆਪਣੀ ਨਿਵੇਕਲੀ ਨੁਹਾਰ ਕਾਇਮ ਕਰਦੀ ਏ। ਪ੍ਰਸੰਗ ਏਸ ਕਥਾ ਕਾਵਿ ਦਾ ਉਸਾਰ ਬਿੰਦੂ ਏ। ਪ੍ਰਸੰਗ ਨਾਲ ਪ੍ਰਸੰਗ ਜੁੜਦਾ ਐਹੋ ਜਿਹਾ ਨਾਟਕੀ, ਕਾਵਿਕ, ਕਥਾਤਮਕ ਮਾਹੌਲ ਸਿਰਜਦਾ ਕਿ ਨਾ ਤਾਂ ਪੇਸ਼ਕਾਰ ਕਿਤੇ ਅਟਕਦਾ ਤੇ ਨਾ ਹੀ ਸੁਣਤਾ ਵਿਚੋਂ ਉਠਦਾ। ਇਹ ਨਿਰੰਤਰਤਾ ਸਰੋਤੇ ਨੂੰ ਕੀਲ ਕੇ ਬਿਠਾਈ ਰੱਖਦੀ ਤੇ ਪੇਸ਼-ਕਰਤਾ ਦੀ ਗੜ੍ਹਕ ਸਿਖਰ ਵੱਲ ਲਈ ਜਾਂਦੀ। ਡਾ.ਅਜਮੇਰ ਸਿੰਘ ਨੇ ਤਾਂਹੀਓ ਇਸਨੂੰ 'ਕਵੀਸ਼ਰੀ ਦਾ ਬਹੁਤ ਵੱਡਾ ਕਾਰਜ' ਸਵੀਕਾਰਿਆ ਏ। ਪ੍ਰਸੰਗੀ ਰਚਨਾ, ਬਿਰਤਾਂਤੀ ਰਸਨਾ, ਨਾਟਕੀ ਲਚਕ ਪੁਆਧੀ ਕਵੀਸ਼ਰੀ ਦੇ ਵਿਲੱਖਣ ਪਛਾਣ ਚਿੰਨ੍ਹ ਨੇ। ਇਹ ਕਵੀਸ਼ਰੀ ਲੋਕ ਕਾਵਿ ਕਲਾ ਸਾਕਿਆਂ ਦਾ ਬਿਰਤਾਂਤ ਵੀ ਛੇੜਦੀ, ਪ੍ਰੇਮ ਗਾਥਾਵਾਂ ਵੀ ਛੋਂਹਦੀ ਤੇ ਇਤਿਹਾਸ-ਮਿਥਿਹਾਸ ਦੇ ਪੰਨੇ ਵੀ ਫਰੋਲਦੀ। ਬੀਰ ਰਸ, ਸ਼ਿੰਗਾਰ ਰਸ ਤੇ ਕਰੁਣਾ ਰਸ ਨਾਲ ਬਹਾਦਰੀ, ਸੁੰਦਰਤਾ ਤੇ ਨਾਸ਼ਮਾਨਤਾ ਪਰੁੱਚੇ ਇਹ ਪ੍ਰਸੰਗ ਲੋਕ ਮਨਾਂ ਵਿਚ ਘਰ ਕਰ ਜਾਂਦੇ। ਬਿਨਾਂ ਮਿੱਥੇ, ਬਿਨਾਂ ਬੰਧੇਜੀ ਸਮੇਂ

ਕਰਕੇ ਨਾ ਕਵੀਸ਼ਰੀ ਜੱਥੇ ਨੂੰ ਪ੍ਰਸੰਗ ਸਮੇਟਣ ਦੀ ਕੋਈ ਕਾਹਲ ਹੁੰਦੀ ਤੇ ਨਾ ਸਰੋਤੇ ਨੂੰ ਵਿਚੋਂ ਉੱਠ ਕੇ ਜਾਣ ਦੀ ਕੋਈ ਮਜਬੂਰੀ ਈ ਹੁੰਦੀ। ਖੁੱਲ੍ਹੇ ਸਮੇਂ ਵਿੱਚ, ਖੁੱਲ੍ਹੇ ਮਨ ਨਾਲ, ਖੁੱਲ੍ਹੇ ਮਾਹੌਲ ਵਿਚ ਪ੍ਰਸੰਗ-ਦਰ-ਪ੍ਰਸੰਗ ਪੁਆਧੀ ਕਵੀਸ਼ਰੀ ਪੁਆਧੀ ਲੋਕਧਾਰਾ ਦੇ ਕੋਨਿਆਂ ਤੋਂ ਲੈ ਕੇ ਕੰਨੀਆਂ ਤਕ ਪਸਰਦੀ ਪਸਰਦੀ ਪੇਸ਼ਕਾਰ ਤੇ ਸਰੋਤੇ ਦਰਮਿਆਨ ਇਕ ਸਾਂਝੀ ਕੜੀ ਉਸਾਰਦੀ ਅਲਾਪ, ਭੂਮਿਕਾ ਨਾਲ ਪ੍ਰਸੰਗ ਤੋਂ ਆਰੰਭ ਹੁੰਦੀ। ਮੁਖੀ ਪੁਆਧੀ ਕਵੀਸ਼ਰ ਸਭ ਤੋਂ ਪਹਿਲਾਂ ਧਰਤੀ ਨਮਸਕਾਰਕੇ, ਆਪਦੇ ਇਸ਼ਟ ਨੂੰ ਧਿਆਕੇ, ਸਰੋਤਿਆਂ ਨੂੰ ਪ੍ਰਣਾਮ ਕਰਕੇ ਆਪਣੀ ਲੈਅਬੱਧ, ਪ੍ਰਭਾਵੀ, ਬੁਲੰਦ ਆਵਾਜ਼ ਨਾਲ ਢੁਕਵਾਂ ਪ੍ਰਸੰਗ ਛੇੜ ਕੇ ਪੁਆਧੀ ਸਰੋਤਿਆਂ ਦਾ ਧਿਆਨ ਖਿਚਦਾ, ਜੋੜਦਾ, ਇਕਾਗਰਚਿਤ ਕਰਦਾ। ਕਾਵਿ, ਕਵੀਸ਼ਰ, ਸਰੋਤਾ ਇਕਮਿਕ ਹੋਏ ਅਨੰਦੀ ਮਨ ਅਵਸਥਾ ਵਿਚ ਡੂੰਘੇ ਲਹਿ ਜਾਂਦੇ। ਪੁਆਧੀ ਸੱਭਿਆਚਾਰ ਇਉਂ ਸਾਕਾਰ ਹੁੰਦਾ। ਚੇਤਨਾ ਇਉਂ ਜਾਗਰਿਤ ਹੁੰਦੀ। ਪ੍ਰਸੰਗ ਇਉਂ ਸਿਖਰ ਵੱਲ ਵਧਦਾ। ਲੈਅ, ਛੰਦ, ਰਾਗ, ਵਿੱਚ ਗੁੰਝੀ ਪੁਆਧੀ ਕਵੀਸਰੀ ਸਿਰਫ਼ ਮਨੋਰੰਜਨੀ ਕਲਾ ਨਹੀਂ। ਇਹ ਮੰਤਵੀ ਕਲਾ ਏ। ਕਾਵਿ ਰਚੇਤਾ ਜ਼ਿੰਦਗੀ ਦੀ ਮਹੱਤਤਾ, ਨਾਸ਼ਮਾਨਤਾ, ਸਦਾਚਾਰਕਤਾ ਨੂੰ ਨਸੀਹਤੀ ਪੁੱਠ ਦੇ ਕੇ ਮੰਨਣਯੋਗ ਬਣਾਕੇ ਵਿਆਖਿਆਉਂਦਾ। ਡਾ. ਅਜਮੇਰ ਸਿੰਘ ਦਾ ਆਖਣਾ ਸਹੀ ਏ ਕਿ 'ਕਵੀਸ਼ਰੀ ਦੀ ਆਪਣੀ ਨਿਆਰੀ ਗਾਇਨ ਸ਼ੈਲੀ ਹੈ। ਕਵੀਸ਼ਰੀ ਦਾ ਪੰਖੀ ਕਾਵਿ ਤੇ ਨਾਦ ਦੇ ਪੰਖਾਂ ਨਾਲ ਉੱਡਦਾ ਹੋਇਆ ਵਕਤ ਦੇ ਆਸਮਾਨ ਵਿਚ ਉੱਚੀਆਂ ਉਡਾਰੀਆਂ ਮਾਰਦਾ ਹੈ। ਬਿਨਾਂ ਸਾਜ਼ ਤੋਂ ਸੰਗੀਤ ਦੇ ਅਖਾੜੇ ਵਿਚ ਗਾਇਕੀ ਕਰਨਾ ਬਹੁਤ ਜੋਖਮ ਭਰਿਆ ਕਾਰਜ ਹੈ। ਇਸ ਪ੍ਰਥਾਇ ਵਿਚਾਰਿਆਂ ਕਵੀਸ਼ਰੀ ਪ੍ਰਸੰਗ ਤੇ ਗਾਇਕੀ, ਵਾਰਤਾ ਤੇ ਕਾਵਿ, ਸੁਰਤ ਤੇ ਉਚਾਰ ਦਾ ਸਮੁੱਚਾ ਸੁਮੇਲ ਲੱਗਦੀ ਏ। ਪੰਜਾਬੀ ਰਵਾਇਤੀ ਕਾਵਿ ਛੰਦਬੱਧ ਏ। ਪ੍ਰੋ. ਪੂਰਨ ਸਿੰਘ ਦਾ ਘੜਿਆ ਸੈਲਾਨੀ ਛੰਦ, ਛੰਦ-ਮੁਕਤ ਨਹੀਂ; ਮੁਕਤ-ਛੰਦ ਕਾਵਿ ਦੀ ਆਪਣੀ ਨਵੀਂ ਲੀਹ ਪਾਉਂਦਾ ਏ। ਕਵੀ ਕਵੀਸ਼ਰ ਲੋਕ-ਪ੍ਰਿਯ ਪ੍ਰਚਲਿੱਤ ਰਵਾਇਤੀ ਛੰਦਾਂ ਨਾਲ ਆਪਣੇ ਨਵੇਂ ਛੰਦ ਵੀ ਘੜਦੇ ਆਏ ਨੇ। ਪ੍ਰਚਲਿੱਤ ਮਿਥ ਅਨੁਸਾਰ, ਪਿੰਗਲ ਨਾਂ ਦੇ ਰਿਸ਼ੀ ਨੇ ਛੰਦ ਰਚੇ ਹੋਣ ਕਰਕੇ ਛੰਦ ਗਿਆਨ ਨੂੰ ਪਿੰਗਲ ਆਖਿਆ ਜਾਂਦਾ ਏ। ਗਣਿਕ ਛੰਦ ਵਿਚ ਗਣਾਂ, ਵਰਣਿਕ ਛੰਦ ਵਿਚ ਵਰਣਾਂ (ਅੱਖਰਾਂ) ਤੇ ਮਾਤਰਿਕ ਛੰਦ ਵਿਚ ਨਾਲ ਮਾਤਰਾਵਾਂ ਦੀ ਗਿਣਤੀ ਹੁੰਦੀ ਏ। ਪੁਆਧੀ ਕਵੀਸ਼ਰਾਂ ਦੀ ਸਕੂਲੀ ਵਿਦਿਆ

ਹੋਵੇ ਭਾਵੇਂ ਨਾ, ਪਰ ਉਹ ਛੰਦ ਵਿੱਦਿਆ ਜ਼ਰੂਰ ਗ੍ਰਹਿਣ ਕਰਦੇ ਪੁਆਧੀ ਕਵੀਸ਼ਰੀ ਵਿਚ ਢਾਲ ਛੰਦ, ਢਾਈਆ ਛੰਦ, ਝੋਕ ਛੰਦ, ਗੱਡੀ ਛੰਦ,ਦੋਹਿਰਾ ਛੰਦ, ਕਥਿੱਤ ਛੰਦ ਆਦਿ ਦੀ ਵਰਤੋਂ ਅਕਸਰ ਹੁੰਦੀ। ਕਥਿਤ ਛੰਦ ਦੀ ਵਰਤੋਂ ਜ਼ਿਆਦਾ ਹੋਣ ਕਰਕੇ ਕਈ ਵਾਰ ਕਵਿਤਾ ਰਚਣ ਨੂੰ ਕਥਿੱਤ ਰਚਣਾ ਵੀ ਆਖ ਲਿਆ ਜਾਂਦਾ।

ਪੁਆਧ ਦਾ ਭੂਗੋਲਿਕ ਪਾਸਾਰ ਇਕ ਪਾਸੇ ਪੰਜਾਬ ਦੇ ਮਲਵਈ ਇਲਾਕੇ ਨਾਲ ਤੇ ਦੂਜੇ ਪਾਸਿਓਂ ਪਹਾੜੀ ਇਲਾਕੇ ਨਾਲ ਜੁੜਿਆ ਏ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ (ਪੁਆਂਧੀ) ਕੋਲ, ਸਮੁੱਚੇ ਪੰਜਾਬ ਦੇ ਸਿਰੇ ਵੱਲ ਅਤੇ ਵਿਚਕਾਰੇ ਵਹਿੰਦੇ ਦਰਿਆ ਸਤਲੁਜ ਦੇ ਕੰਢਿਆਂ ਉੱਤੇ ਵੱਸਿਆ ਪੁਆਧ ਆਪਣੀ ਨਿਵੇਕਲੀ ਭੂਗੋਲਿਕ ਹੋਂਦ ਰੱਖਦਾ ਏ। ਇਹ ਨਿਵੇਕਲਾਪਣ ਏਥੋਂ ਦੀ ਮਲਵਈ ਪੁੱਠ ਵਾਲੀ ਤੇ ਹਿੰਦੀ ਪ੍ਰਭਾਵੀ ਪੰਜਾਬੀ ਉਪਬੋਲੀ ਵਿਚੋਂ ਵੀ ਝਲਕਦਾ ਏ। ਪੁਆਧੀ ਕਵੀਸ਼ਰੀ ਇਸ ਦੀ ਬੋਲੀ ਦਾ ਕੁਦਰਤੀ ਸੁਹੱਪਣ ਨਿਖਾਰਦੀ ਏ।

ਪਰੰਪਰਾ ਮਨੁੱਖ ਦੇ ਨਾਲ ਨਾਲ ਰਹਿੰਦੀ,ਤੁਰਦੀ, ਵਹਿੰਦੀ ਧਾਰਾ ਏ ਲੋਕ ਦੀ ਧਾਰਾ ਏ। ਲੋਕਧਾਰਾ ਏ। ਰੁੱਖ ਨਾ ਜੜ੍ਹੋਂ ਉਖੜ ਕੇ ਜਿਊਂਦਾ ਏ ਨਾ ਟੀਸੀਓ ਹੇਠਾਂ ਵੱਲ ਆਉਂਦਾ ਏ। ਇਹ ਕੁਦਰਤੀ ਵਰਤਾਰਾ ਏ। ਲੋਕਧਾਰਾ ਦੀ ਏਸੇ ਤਰ੍ਹਾਂ ਦਾ ਮਾਨਵੀ ਵਰਤਾਰਾ ਏ। ਬੋਲੀ ਦੇ ਆਧਾਰ ਉੱਤੇ ਮਨੁੱਖ ਨੂੰ ਕੁਦਰਤੀ ਸਮਾਜੀ ਜੀਵ ਦੇ ਨਾਲ ਨਾਲ ਭਾਸ਼ਾਈ ਜੀਵ ਵੀ ਆਖਿਆ ਜਾਂਦਾ ਏ। ਪੁਆਧੀ ਬੋਲੀ ਦਾ ਆਪਣਾ ਵੱਖਰਾ ਮਹੱਤਵ, ਮੁਹਾਵਰਾ ਤੇ ਮੁਹਾਂਦਰਾ ਏ। ਕਵੀਸ਼ਰੀ ਦੀ ਕਾਵਿ ਬੋਲੀ ਪੁਆਧੀ ਬੋਲੀ ਦਾ ਮਾਣ ਤੇ ਘੇਰਾ ਵਧਾਉਂਦੀ ਏ। ਇਹ ਉਪਬੋਲੀ ਤੋਂ ਲੋਕ ਬੋਲੀ ਤਕ ਦਾ ਪੈਂਡਾ ਕਰਦੀ ਏ। ਸਮੁੱਚੀ ਪੁਆਧੀ ਲੋਕ ਕਾਵਿ ਕਵੀਸ਼ਰੀ ਪੁਆਧੀ ਲੋਕ ਬੋਲੀ ਦੀ ਪਛਾਣ ਦ੍ਰਿੜ ਕਰਵਾਉਂਦੀ ਏ।

ਪੁਆਧੀ ਲੋਕ ਕਿਰਤੀ, ਕਸਬੀ, ਕਿਰਸੀ ਹੋਣ ਕਰਕੇ ਵਧੇਰੇ ਨਿਰਛਲ ਨੇ। ਨਿਰਛਲਤਾ ਮਨੁੱਖੀ ਮਨ ਦੀ ਸੁੱਚਤਾ ਦਾ ਪ੍ਰਤੀਕ ਏ। ਪੁਆਧੀ ਲੋਕ ਸੱਭਿਆਚਾਰ ਦੀ ਪਛਾਣ ਮਨ ਦੀ ਸ਼ੁੱਧਤਾ ਏ। ਇਹ ਕਿਰਤੀ ਲੋਕਾਂ ਦਾ ਕਿਰਤ ਸੱਭਿਆਚਾਰ ਏ। ਓਪਰਾ ਸਭਿਆਚਾਰ ਲੋਕ-ਪਛਾਣ ਨੂੰ ਵੀ ਓਪਰਾ ਬਣਾ ਦੇਂਦਾ ਏ। ਪੁਆਧੀ ਖੇਤਰ ਲੰਮਾ ਸਮਾਂ ਪੱਛਮੀ ਸੱਭਿਅਕ ਤੋਂ ਅਭਿੱਜ ਰਹਿਣ ਕਰਕੇ ਏਥੋਂ ਦੀ ਲੋਕ ਕਲਾ ਵਿਚ ਲੋਕ ਰੰਗ ਵਧੇਰੇ ਉੱਘੜਦਾ ਏ। ਪੁਆਧੀ ਕਵੀਸ਼ਰੀ ਇਸ ਦੀ ਪ੍ਰਤੱਖ ਮਿਸਾਲ ਏ। ਇਹ ਕੁਦਰਤ ਦੇ ਸਮਾਨਾਂਤਰ ਕਵੀਸ਼ਰ

ਦੀ ਰਚਨਾਤਮਕਤਾ ਏ। ਤਾਂ ਹੀ ਕਵੀਸ਼ਰੀ ਦਾ ਪੇਸ਼ਕਾਰ ਕਵੀਸ਼ਰੀ ਆਰੰਭਣ ਵੇਲੇ ਪਹਿਲਾਂ ਓਸ ਕਾਦਰ ਦੀ ਕੁਦਰਤ ਦੀ ਕੀਰਤੀ ਮੰਗਲਾਚਰੰਨ ਉਚਾਰ ਕੇ ਕਰਦਾ ਏ।

ਪੁਆਧੀ ਲੋਕ ਕਾਵਿ ਕਲਾ ਕਵੀਸ਼ਰੀ ਨੇ ਗੁਣ ਤੇ ਗਿਣ ਨੂੰ ਨਾਲ ਨਾਲ ਨਿਭਾਹਿਆ ਏ। ਪੁਆਧੀ ਉਪ-ਭਾਸ਼ਾਈ ਸ਼ਬਦਾਂ ਦੀ ਢੁਕਵੀਂ, ਜਚਵੀਂ, ਫਬਵੀਂ ਵਰਤੋਂ ਕਰਦਿਆਂ ਪੁਆਧੀ ਬੋਲੀ ਦੀ ਠੁੱਕ ਨੂੰ ਪ੍ਰਭਾਵੀ ਬਣਾਇਆ ਏ। ਕਿਸੇ ਵੀ ਖਿੱਤੇ ਦੀ ਕਲਾ ਉਪਰ ਉਸ ਦੇ ਬਾਹਰੀ ਆਲੇ ਦੁਆਲੇ ਅਤੇ ਅੰਦਰੂਨੀ ਮਾਨਸਿਕਤਾ ਦਾ ਪ੍ਰਭਾਵ ਪੈਂਦਾ ਏ। ਪੁਆਧੀ ਲੋਕਾਂ ਦੀ ਕਿਰਦਾਰ ਉਸਾਰੀ ਇਨ੍ਹਾਂ ਕਾਵਿ-ਉਸਾਰੀਆਂ ਵਿਚ ਨਾਲੋ ਨਾਲ ਹੁੰਦੀ ਏ। ਉਹ ਕਿਰਤੀ, ਕਸਬੀ, ਕਿਰਸੀ ਹੋਣ ਕਰਕੇ ਸਿਰੜੀ, ਸਿਦਕੀ, ਸੰਜਮੀ ਵੀ ਨੇ। ਘੱਟ ਵਿਚ ਵੀ ਉਨ੍ਹਾਂ ਵੱਧ ਕਰ ਵਿਖਾਇਆ। ਕਵੀਸ਼ਰੀ ਲੋਕ ਮੁਖੀ ਏ। ਇਹ ਲੋਕ ਸੰਕਟ, ਲੋਕ ਸਮੱਸਿਆਵਾਂ, ਲੋਕ ਸਿਆਣਪਾਂ ਨੂੰ ਆਪਣੀ ਰਚਨਾ ਦੇ ਘੇਰੇ ਵਿਚ ਲਿਆਉਂਦੀ ਏ। ਮਾਨਵੀ ਜੀਵਨ, ਮਾਨਵੀ ਹੋਂਦ, ਮਾਨਵੀ ਸੰਕਟ ਲਈ ਇਹ ਲੋਕ ਕਾਵਿ ਰੂਪ ਫਿਕਰਮੰਦ ਏ।

ਪੁਆਧੀ ਕਵੀਸ਼ਰੀ ਬਹੁ-ਰੂਪੀ ਏ। ਕਿਸੇ ਕਲਾ ਰੂਪ ਵਿਚ ਸੁਰ, ਸਾਜ਼, ਸੰਗੀਤ ਦਾ ਪ੍ਰਭਾਵ ਵਧੇਰੇ ਉਜਾਗਰ ਹੁੰਦਾ ਏ। ਕੁਝ ਕਾਵਿ ਰਚਨਾਵਾਂ ਸਿਰਫ਼ ਲਿਖਤ ਪੜ੍ਹਤ ਤਕ ਈ ਸੀਮਿਤ ਹੁੰਦੀਆਂ ਨੇ। ਕਈ ਪ੍ਰਦਰਸ਼ਿਤ ਹੋਣ ਵਾਲੀਆਂ ਵੀ ਹੁੰਦੀਆਂ ਨੇ। ਪੁਆਧੀ ਕਵੀਸ਼ਰੀ ਇਨ੍ਹਾਂ ਸਭਨਾਂ ਦਾ ਸੁਮੇਲ ਏ। ਇਹ ਬਿਨਾਂ ਸਾਜ਼ਾਂ ਦੇ ਛੰਦ-ਗਿਆਨ ਤੇ ਸੁਰ ਧਿਆਨ ਨਾਲ ਸਰੋਤਿਆਂ ਨੂੰ ਕੀਲਣ ਦੀ ਕਲਾ ਏ। ਗਾਇਨ ਕਲਾ ਸੰਗੀਤਕ ਧੁਨ, ਸੁਰੀਲੀ ਸੁਰ,ਰਾਗ ਬੰਦਿਸ਼ ਦਾ ਸੁਮਾਲ ਏ। ਗਾਇਕੀ ਆਵਾਜ਼ ਦੀ ਥਰਮਣ, ਧੁਨ ਦੀ ਧੜਕਣ, ਸੁਰ ਦੀ ਤੜਪਣ ਏ। ਝਰਨੇ, ਦਰਿਆ, ਵਹਿਣ ਵਾਂਗ ਏ ਗਾਇਨ ਕਲਾ ! ਲੈਅ, ਸੁਰ, ਤਾਲ ਗਾਇਕ ਦੇ ਅਚੇਤ-ਸਹਿਜ ਵਿਚ ਪਏ ਪੱਕੇ ਹੁੰਦੇ ਨੇ। ਲੋਕ ਗਾਇਕੀ ਹਿੱਕ ਦੇ ਜ਼ੋਰ ਨਾਲ ਗਾਈ ਜਾਣ ਵਾਲੀ ਲੋਕ ਕਲਾ ਏ। ਲੋਕ ਗਾਇਕ ਦੀ ਧੁਨ ਉਸ ਦੀ ਆਵਾਜ਼ ਵਿਚ ਗੁੰਨ੍ਹੀ, ਸੰਗੀਤ ਉਸ ਦੀਆਂ ਰਗਾਂ 'ਚ ਸਮਾਇਆ, ਰਾਗ ਉਸਦੇ ਜ਼ਿਹਨ ਵਿਚ ਪਿਆ ਹੁੰਦਾ ਏ। ਬਿਨਾਂ ਸਾਜ਼-ਜੰਤਰ ਦੇ ਇਉਂ ਨਿਭਾਈ ਜਾਂਦੀ ਏ ਪੁਆਧੀ ਲੋਕ ਕਾਵਿ ਕਲਾ ਕਵੀਸ਼ਰੀ ! ਪੜ੍ਹੇ, ਸੁਣੇ, ਅਨੁਭਵ ਕੀਤੇ ਇਤਿਹਾਸਕ-ਮਿਥਿਹਾਸਕ, ਸਮਾਜਿਕ ਸੱਭਿਆਚਾਰਕ, ਦਾਰਸ਼ਨਿਕ-ਮਾਨਸਿਕ ਗਿਆਨ ਨੂੰ

ਆਪਣੀ ਰਚਨਾ ਦਾ ਧੁਰਾ ਬਣਾਉਂਦੀ ਏ ਪੁਆਧੀ ਕਵੀਸ਼ਰੀ। ਵਿਚਾਰ, ਵਿਧੀ, ਵਿਵੇਕ ਦੀ ਇਕਜੁਟਦਾ ਪੁਆਧੀ ਲੋਕ ਕਾਵਿ ਕਲਾ ਦੀ ਵਿਲੱਖਣ ਪਛਾਣ ਏ। ਕਵੀਸ਼ਰੀ ਦੀ ਦਾਤ ਨੂੰ ਕਵੀਸ਼ਰ ਲੋਕ ਕਲਿਆਣ ਦੀ ਭਾਵਨਾ ਵਜੋਂ ਅੱਗੇ ਵਰਤਾਉਂਦਾ ਏ।

ਉਸਤਾਦੀ-ਸ਼ਾਗਿਰਦੀ ਪੰਜਾਬੀ ਰਵਾਇਤੀ ਕਾਵਿ ਦਾ ਅਟੁੱਟ ਅੰਗ ਰਿਹਾ ਏ। ਸਿਖਾਂਦਰੂ ਸ਼ਾਗਿਰਦ ਉਸਤਾਦ ਕਵੀਸ਼ਰ ਦੇ ਚਰਨੀਂ ਮੱਥਾ ਟੇਕ ਕੇ; ਪੱਗ, ਰੁਪਈਆ ਧਰਕੇ ਉਸ ਨੂੰ ਆਪਣਾ ਉਸਤਾਦ ਧਾਰ ਲੈਂਦਾ। ਲੰਮੇ ਅਭਿਆਸ, ਅਨੁਭਵ, ਅਨੁਸ਼ਾਸਨ ਤੋਂ ਬਾਅਦ ਜੋ ਕਾਬਲ ਸ਼ਾਗਿਰਦ ਉਸਤਾਦ ਉਸ ਨੂੰ ਥਾਪੜਾ ਦੇ ਕੇ ਕਵੀਸ਼ਰੀ ਦੇ ਪਿੜ ਵਿਚ ਉਤਾਰਦਾ। ਕਸਵੱਟੀ ਏਥੇ ਕਵੀਸ਼ਰੀ ਕਲਾ ਹੁੰਦੀ। ਸੱਚਾ, ਪੱਕਾ, ਸੁਹਿਰਦ ਕਵੀਸ਼ਰ ਆਪਣੇ ਉਸਤਾਦ ਦੀ ਲੱਜ ਪਾਲਦਾ ਪਾਲਦਾ ਉਸ ਦੀਆਂ ਆਸਾਂ ਉੱਤੇ ਪੂਰਾ ਉਤਰਦਾ ਆਪਣੀ ਸਾਰੀ ਦੀ ਸਾਰੀ ਉਮਰ ਕਵੀਸ਼ਰ ਦੇ ਲੇਖੇ ਲਾ ਛੱਡਦਾ। ਹੰਢੇ ਉਸਤਾਦ ਦੇ ਚੰਡੇ ਸ਼ਾਗਿਰਦ ਦੀ ਜਦੋਂ ਕਿਤੇ ਉਸਤਤ ਹੁੰਦੀ ਤਾਂ ਅਕਸਰ ਆਖਿਆ ਜਾਂਦਾ, ‘ਕਿਸੇ ਪੁਜੇ ਗੁਰੂ ਦਾ ਚੇਲਾ ਏ ਤੂੰ’ ਤੇ ਜੇ ਕਿਤੇ ਇਸਦੇ ਉਲਟ ਵਾਪਰਦਾ ਤਾਂ ਸੁਆਲ ਕੀਤਾ ਜਾਂਦਾ, ‘ਕਿਹੜਾ ਗੁਰੂ ਆ ਤੇਰਾ ? ’ ਡਾ. ਗੁਰਨਾਮ ਦਾ ਆਖਣਾ ਏ ਕਿ ‘ਪੀੜ੍ਹੀ ਦਰ ਪੀੜ੍ਹੀ ਕਵੀਸ਼ਰੀ ਘਰਾਣੇ ਅਤੇ ਕਵੀਸ਼ਰੀ ਦੀ ਚੇਟਕ ਉਪਰੰਤ ਉਸਤਾਦੀ ਸ਼ਾਗਿਰਦੀ ਕਰ ਅਨੇਕ ਕਵੀਸ਼ਰਾਂ ਨੇ ਆਪਣੇ ਉਸਤਾਦਾਂ ਦੁਆਰਾ ਦਰਸਾਏ ਮਾਰਗ ਉੱਤੇ ਸਾਧਨਾ ਕਰਦਿਆਂ ਇਸ ਕਲਾ ਵਿਚ ਮੁਹਾਰਤ ਹਾਸਲ ਕੀਤੀ।’ ਲੋਕ-ਨਾਇਕਾਂ ਦਾ ਜਸ ਗਾਇਨ ਕਰਦਿਆਂ, ਲੋਕ-ਗਥਾਵਾਂ ਵਿਚਲਾ ਸੱਚ ਸਾਕਾਰਦਿਆਂ, ਲੋਕ-ਇਤਿਹਾਸ ਨੂੰ ਚੇਤਿਆਂ ਵਿਚ ਲਿਆਉਂਦਿਆਂ ਪੁਆਧੀ ਕਵੀਸ਼ਰ ਪੁਆਧੀ ਕਵੀਸ਼ਰੀ ਨੂੰ ਲੋਕ ਕਾਵਿ ਕਲਾ ਵਜੋਂ ਹੋਰ ਗੌਲਣ ਯੋਗ ਬਣਾਉਂਦੇ ਨੇ। ਕਿੱਸਾ ਕਾਵਿ ਤੇ ਕਵੀਸ਼ਰੀ ਵਿਚਕਾਰ ਕੋਈ ਨਿਸ਼ਚਿਤ ਵੰਡ-ਰੇਖਾ ਨਹੀਂ ਖਿੱਚੀ ਗਈ। ਦੋਵਾਂ ਦੀ ਸਾਂਝੀ ਪਛਾਣ ਦੋਵਾਂ ਦਾ ਲੋਕ ਕਾਵਿ ਰੂਪ ਵਜੋਂ ਉਭਰਨਾ ਏ। ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ‘ਕਿੱਸਾਕਾਰੀ ਅਤੇ ਕਵੀਸ਼ਰੀ ਦਾ ਨਹੁੰ ਅਤੇ ਮਾਸ ਵਾਲਾ ਸਬੰਧ ਹੈ। ਕਿੱਸਾਕਾਰੀ ਕਵੀਸ਼ਰੀ ਨੂੰ ਅਤੇ ਕਵੀਸ਼ਰੀ ਕਿੱਸਾਕਾਰੀ ਨੂੰ ਪ੍ਰਭਾਵਿਤ ਕਰਦੀ ਹੈ।’ ਕਲਾ ਵੰਡਾਂ ਵਿਚ ਨਹੀਂ ਵੰਡੀ ਜਾਦੀ। ਇਹ ਨਿਰੰਤਰ ਕੁਦਰਤੀ ਆਪਮੁਹਾਰਾ ਵਹਾ ਏ ਮਨੁਖੀ ਮਨ ਦੇ ਵਹਿਣ ਦਾ ਪੁਆਧੀ ਲੋਕ ਕਾਵਿ ਕਲਾ ਕਵੀਸ਼ਰੀ ਸਮੁੱਚੀ ਪੰਜਾਬੀ ਕਵੀਸ਼ਰੀ

ਪਰੰਪਰਾ ਵਿਚ ਵਿਸ਼ੇਸ਼ ਸਥਾਨ ਰੱਖਦੀ ਏ। ਡਾ. ਅਮਰ ਕੋਮਲ ਦਾ ਮੰਨਣਾ ਏ ਕਿ 'ਕਵੀ ਜੋ ਕਵਿਤਾ ਰਚਦਾ ਹੈ, ਗਾ ਕੇ ਪਾਠ ਕਰਦਾ ਹੈ, ਉਸ ਦੀ ਵਿਆਖਿਆ ਕਰਦਾ ਹੈ, ਕਵੀਸ਼ਰ ਹੈ। ਕਵੀ ਦੀ ਇਸ ਪ੍ਰਕਿਰਿਆ ਨੂੰ ਕਵੀਸ਼ਰੀ ਆਖਦੇ ਹਨ।'

ਕਵੀਸ਼ਰ ਦਾ ਪੰਜਾਬੀ ਸਮਾਜ-ਸੱਭਿਆਚਾਰ ਵਿਚ ਵਿਸ਼ੇਸ਼ ਸਥਾਨ ਰਿਹਾ ਏ। ਪਹਿਲਾਂ ਵਿਆਹਾਂ ਵਿੱਚ ਕਵੀਸ਼ਰਾਂ ਨੂੰ ਉਚੇਚਾ ਬੁਲਾਇਆ ਜਾਂਦਾ। ਕੁੜੀ ਪੱਖ ਵੱਲੋਂ ਜੰਞ ਬੰਨ੍ਹੀ ਜਾਂਦੀ ਤੇ ਮੁੰਡੇ ਪਖ ਵੱਲ ਜੰਞ ਛੁਡਾਈ ਜਾਂਦੀ। ਮਾਲਵੇ ਵਿਚ ਇਹ ਪੱਤਲ ਕਾਵਿ ਵਜੋਂ ਪ੍ਰਚਲਿਤ ਹੋਈ। ਇਸ ਦਾ ਪ੍ਰਭਾਵ ਕਵੀਸ਼ਰੀ ਉੱਤੇ ਵੀ ਪਿਆ। ਇਹ ਮੌਕੇ ਉੱਤੇ ਘੜੀ ਕਵੀਸ਼ਰੀ ਦੀ ਮਿਸਾਲ ਏ :

ਬੰਨ੍ਹਾਂ ਤੇਰੀ ਤੋਰ ਤੁਰੇਂ ਵਾਂਗ ਮੋਰ ਨੀਂ...
ਬੰਨ੍ਹਾਂ ਤੇਰੇ ਬੋਲ ਬੋਲੇਂ ਵਾਂਗ ਕੋਲ ਨੀਂ...

ਪ੍ਰਸਿੱਧ ਲੋਕਧਾਰਾ ਸ਼ਾਸਤਰੀ ਡਾ. ਵਣਜਾਰਾ ਬੇਦੀ ਦਾ ਵਿਚਾਰ ਏ ਕਿ ਕਵੀਸ਼ਰੀ ਲੋਕਧਾਰਾਈ ਬਿਰਤੀ ਵਾਲੀ ਕਵਿਤਾ ਹੈ ਜਿਸ ਵਿਚ ਕਿਸੇ ਵਸਤੂ, ਕਥਾ ਜਾਂ ਸੱਭਿਆਚਾਰਕ ਮਸਲੇ ਦੀ ਪੇਸ਼ਕਾਰੀ ਪਰੰਪਰਾਗਤ ਵਿਧੀ ਨਾਲ ਕੀਤੀ ਜਾਦੀ ਹੈ।' ਡਾ. ਗੁਰਨਾਮ ਸਿੰਘ ਦਾ ਮਤ ਏ ਕਿ 'ਕਵੀਸ਼ਰੀ ਇਕ ਵਿਲੱਖਣ ਗਾਇਨ ਕਲਾ ਹੈ। ਸਾਜ਼ਾਂ ਨਾਲ ਸਜੇ ਗਵੰਤਰੀਆਂ ਦੇ ਗਾਇਨ ਦੀ ਤੁਲਨਾ ਵਿਚ ਇਹ ਸਾਦ-ਮੁਰਾਦੀ ਦਿੱਖ ਵਾਲੇ ਕਵੀਸ਼ਰ ਸਾਜ਼ਾਂ ਤੋਂ ਬਿਨਾਂ ਖਾਲੀ ਹੱਥੀਂ ਪੇਸ਼ਕਾਰੀ ਕਰਦੇ ਹਨ। ਡਾ. ਅਮਰ ਕੋਮਲ ਨੇ ਆਖਿਆ ਏ ਕਿ 'ਕਵੀਸ਼ਰੀ ਲੋਕ ਮਨ ਦੀ ਤ੍ਰਿਪਤੀ ਕਰਦੀ ਹੈ।'

ਇਹ ਸਿਧਾਂਤਕ ਵਿਸ਼ਲੇਸ਼ਣੀ ਵਿਆਖਿਆ ਪੁਸ਼ਟੀ ਕਰਦੀ ਏ ਕਿ ਪੁਆਧੀ ਲੋਕ ਕਾਵਿ ਕਲਾ ਕਵੀਸ਼ਰੀ ਲੋਕ-ਮਨ ਦੀ ਉਪਜਾਊ ਧਰਤੀ ਦੀ ਉਪਜ ਏ।

* * *

# ਪੁਆਧ ਅਤੇ ਪੁਆਧੀ ਨਾਲ ਸੰਬੰਧਿਤ ਖੋਜ-ਪੁਸਤਕਾਂ

-ਡਾ. ਅਮਨਦੀਪ ਕੌਰ
ਮੋਬਾ. 9417035576

ਸਾਡੀ ਨਜ਼ਰੇ ਪੁਆਧ ਅਤੇ ਪੁਆਧੀ ਬਾਰੇ ਪਿਛਲੇ ਕੁਝ ਸਾਲਾਂ ਤੋਂ ਛਪੀਆਂ ਪੁਸਤਕਾਂ ਧਿਆਨ 'ਚ ਆਈਆਂ ਹਨ ਜਿਨ੍ਹਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਜਾਂਦੀ ਹੈ।

'ਪੁਆਧ ਦਰਪਣ' ਮਨਮੋਹਨ ਸਿੰਘ ਦਾਊਂ ਦੁਆਰਾ 2006 ਈ. ਵਿੱਚ ਸੰਪਾਦਿਤ ਕੀਤੀ ਖੋਜ ਪੁਸਤਕ ਹੈ। ਇਸ ਵਿਚ ਖੋਜਕਾਰ ਨੇ ਪੁਆਧ ਖੇਤਰ ਬਾਰੇ ਮੁਢਲੀ ਜਾਣਕਾਰੀ ਦਿੱਤੀ ਹੈ। ਜਿਸ ਵਿੱਚ ਪੁਆਧੀ ਭਾਸ਼ਾ ਦਾ ਖੇਤਰ, ਵੰਨਗੀ, ਵਿਆਕਰਣਕ ਵਖਰੇਵਾਂ, ਸ਼ਬਦਾਵਲੀ ਅਤੇ ਭੂਗੋਲਿਕ ਪੱਖ ਬਾਰੇ ਵਿਸਤ੍ਰਿਤ ਚਾਨਣਾ ਪਾਇਆ ਗਿਆ ਹੈ। ਇਸ ਪੁਸਤਕ ਵਿੱਚ ਲੇਖਕ ਨੇ ਵੱਖ-ਵੱਖ ਵਿਦਵਾਨਾਂ ਦੇ ਪੁਆਧ ਬਾਰੇ ਲੇਖਾਂ ਨੂੰ ਸਾਡੇ ਸਾਹਮਣੇ ਪ੍ਰਸਤੁਤ ਕੀਤਾ ਹੈ। ਪੁਆਧ ਖੇਤਰ ਦਾ ਇਤਿਹਾਸ ਬਹੁਤ ਹੀ ਅਲੌਕਿਕ ਘਟਨਾਵਾਂ ਨਾਲ ਭਰਿਆ ਹੋਇਆ ਹੈ। ਇਸ ਵਿਚ ਜ਼ੁਲਮ ਵਿਰੁੱਧ ਲੜੀਆਂ ਗਈਆਂ ਲੜਾਈਆਂ, ਬਹਾਦਰੀ ਭਰੇ ਕਾਰਨਾਮੇ ਅਤੇ ਵੱਡੇ-ਵੱਡੇ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਦਾ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਆਧ ਦੇ ਲੋਕਾਂ ਦੀ ਜੀਵਨ ਸ਼ੈਲੀ, ਰਹਿਣ-ਸਹਿਣ, ਖਾਣ-ਪੀਣ, ਸੱਭਿਆਚਾਰ ਜੋ ਕਿ ਅੱਜ ਕੱਲ੍ਹ ਅਲੋਪ ਹੁੰਦਾ ਜਾ ਰਿਹਾ ਹੈ, ਉਸਦਾ ਸੰਖੇਪ ਵਿੱਚ ਵਰਨਣ ਕੀਤਾ ਗਿਆ ਹੈ। ਇਹ ਪੁਸਤਕ ਪੁਆਧ ਖੇਤਰ ਨਾਲ ਸੰਬੰਧਿਤ ਚੰਗੀ ਜਾਣਕਾਰੀ ਮੁਹੱਈਆ ਕਰਵਾਉਂਦੀ ਅਜਿਹੀ ਪਹਿਲੀ ਖੋਜ ਪੁਸਤਕ ਹੈ।

'ਧਰਤ ਪੁਆਧ' 2016 ਈ. ਵਿੱਚ ਸੰਪਾਦਿਤ ਕੀਤੀ ਸ੍ਰੀ ਦਾਊਂ ਦੀ ਦੂਜੀ ਖੋਜ ਪੁਸਤਕ ਹੈ। ਮਨਮੋਹਨ ਸਿੰਘ ਦਾਊਂ ਕੋਲ ਸੰਪਾਦਨ ਦਾ ਡੂੰਘਾ ਤਜਰਬਾ ਹੈ। ਇਸ ਪੁਸਤਕ ਵਿੱਚ ਉਸਨੇ ਪੁਆਧ ਖੇਤਰ ਦੇ ਕਈ ਅਣਗੌਲੇ ਮਹੱਤਵਪੂਰਨ ਪੱਖਾਂ ਨੂੰ ਵੱਖ-ਵੱਖ ਵਿਦਵਾਨਾਂ ਅਤੇ ਖੋਜੀਆਂ ਤੋਂ ਇਕੱਤਰ ਕਰਕੇ, ਇਸਨੂੰ ਪੁਸਤਕ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਪੁਸਤਕ ਵਿੱਚ ਪੁਆਧ ਦੀ ਭੂਗੋਲਿਕ, ਇਤਿਹਾਸਕ, ਮਿਥਿਹਾਸਕ ਮਹੱਤਤਾ ਦੀ ਪੂਰੀ ਤਸਵੀਰ ਨੂੰ ਪੇਸ਼ ਕੀਤਾ ਹੈ। ਇਸ ਪੁਸਤਕ ਵਿੱਚ ਪੁਆਧ ਦੇ ਦਰਿਆਵਾਂ ਦਾ ਵਿਵਰਨ, ਪੁਆਧ ਖੇਤਰ ਦੇ ਲੋਕ ਮੇਲੇ, ਪੁਆਧੀ ਦੇ ਉੱਘੇ ਸਾਹਿਤਕਾਰ, ਪੁਆਧ ਦੇ ਪ੍ਰਮੁੱਖ ਪਿੰਡਾਂ-ਸ਼ਹਿਰਾਂ

ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਨ੍ਹਾਂ ਪੁਸਤਕਾਂ ਵਿੱਚ ਸ਼ਾਮਿਲ ਲੇਖ ਟਕਸਾਲੀ ਭਾਸ਼ਾ ਵਿੱਚ ਲਿਖੇ ਗਏ ਹਨ। ਇਹ ਖੋਜ ਪੁਸਤਕ ਖੋਜਾਰਥੀਆਂ ਲਈ ਲਾਹੇਵਦ ਹੈ ਤੇ ਪ੍ਰੇਰਨਾ ਦੇਣ ਵਾਲੀ ਹੈ।

ਇਨ੍ਹਾਂ ਤੋਂ ਇਲਾਵਾ ਸ੍ਰੀ ਦਾਊਂ ਦੀ ਇੱਕ ਖੋਜ ਭਰਪੂਰ ਪੁਸਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' (2016 ਈ.) ਵੀ ਹੈ। ਇਸ ਪੁਸਤਕ ਵਿੱਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਸਾਉਣ ਲਈ ਇਸ ਇਲਾਕੇ ਨੂੰ ਚੁਣਿਆ ਗਿਆ ਤਾਂ ਪੁਆਧ ਖੇਤਰ ਦੇ ਜੋ ਅਠਾਈ ਪਿੰਡਾਂ ਨੂੰ ਉਜਾੜਿਆ ਗਿਆ ਸੀ, ਇਹ ਉਹਨਾਂ ਪਿੰਡਾਂ ਦੀ ਗਾਥਾ ਹੈ। ਇਹ ਦਰਦ ਭਰੀ ਦਾਸਤਾਨ ਹੋਣ ਦੇ ਨਾਲ-ਨਾਲ ਤਰੱਕੀ ਦੇ ਨਾਂ ਹੇਠ ਦੱਬੀ ਹੋਈ ਤਬਾਹੀ ਦੇ ਮੰਜ਼ਰ ਨੂੰ ਬਿਆਨ ਕਰਦੀ ਹੈ। ਪੁਆਧੀ ਬੋਲੀ ਨੂੰ ਸੀਨਿਆਂ ਨਾਲ ਲਾਈ ਬੈਠੇ, ਇਸ ਧਰਤੀ ਦੇ ਧੀਆਂ ਪੁੱਤਾਂ ਨੂੰ ਕਿਵੇਂ ਆਪਣੇ ਹੀ ਦੇਸ਼ ਦੇ ਹੁਕਮਰਾਨਾਂ ਨੇ ਕੱਖਾਂ-ਕਾਨਿਆਂ ਵਾਂਗ ਉਡਾ ਦਿੱਤਾ। ਪੁਆਧ ਖੇਤਰ ਦੇ ਇਹਨਾਂ ਅਠਾਈ ਪਿੰਡਾਂ ਦੇ ਅਲੋਪ ਹੋ ਜਾਣ ਦੇ ਇਤਿਹਸ ਨੂੰ ਵਾਚਿਆਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਜਾਇਦਾਦ ਦੀ ਕਾਣੀ ਵੰਡ-ਵੰਡਾਈ ਕਾਰਨ ਕਈ ਪਰਿਵਾਰ ਟੁੱਟ ਗਏ ਸਨ ਤੇ ਕਈ ਲੜਾਈ ਝਗੜਿਆਂ ਨੇ ਜਨਮ ਲਿਆ ਸੀ। ਕਈ ਲੋਕਾਂ ਦੇ ਖਾਨਦਾਨੀ ਕਿੱਤੇ ਤਬਾਹ ਹੋ ਗਏ ਸਨ। ਕਈ ਪੱਛੜੇ ਵਰਗ ਦੇ ਲੋਕ ਜੋ ਕਿਸਾਨਾਂ ਹੇਠ ਕੰਮ ਕਰਦੇ ਸਨ, ਉਹ ਕਿਵੇਂ ਰੋਜ਼ੀ-ਰੋਟੀ ਦੀ ਭਾਲ ਵਿੱਚ ਇੱਧਰ-ਉੱਧਰ ਭਟਕਣ ਲੱਗ ਪਏ ਸਨ। ਇਸ ਪੁਸਤਕ ਰਾਹੀਂ ਪੁਆਧ ਖੇਤਰ ਦੇ ਪੁਰਾਣੇ ਪਿੰਡਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਪੁਸਤਕ 'ਚੋਂ ਚੰਡੀਗੜ੍ਹ ਹੇਠ ਦਬੇ ਪਿੰਡਾਂ ਦੀ ਰੂਹ ਨੂੰ ਸੁਣਿਆ ਜਾ ਸਕਦਾ ਹੈ।

'ਪੁਆਧ ਦੇ ਸੰਸਕਾਰ ਲੋਕਗੀਤ' ਚਰਨਜੀਤ ਕੌਰ ਦੀ 2009 ਈ. ਵਿੱਚ ਪ੍ਰਕਾਸ਼ਿਤ ਹੋਈ ਪੁਸਤਕ ਹੈ। ਇਸ ਵਿਚ ਲੇਖਿਕਾ ਨੇ ਪੁਆਧੀ ਲੋਕ ਗੀਤਾਂ ਦੀਆਂ ਵੱਖ-ਵੱਖ ਵੰਨਗੀਆਂ ਨੂੰ ਅਧਾਰ ਬਣਾ ਕੇ ਇਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਹੈ। ਲੇਖਿਕਾ ਨੇ ਲੋਕ ਗੀਤਾਂ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੀਆਂ ਕਿਸਮਾਂ ਅਤੇ ਲੋਕ ਗੀਤਾਂ ਦੀ ਪਿੱਠ-ਭੂਮੀ ਬਾਰੇ ਖਾਸ ਚਾਨਣਾ ਪਾਇਆ ਹੈ। ਉਸਨੇ ਜ਼ਿੰਦਗੀ ਦੇ ਹਰ ਪੱਖ ਨਾਲ ਸਬੰਧਿਤ ਲੋਕ ਗੀਤਾਂ ਨੂੰ ਇਸ ਪੁਸਤਕ ਵਿਚ ਸ਼ਾਮਿਲ ਕੀਤਾ ਹੈ। ਉਸਨੇ ਪੂਰਵ ਜਨਮ ਤੋਂ ਲੈ ਕੇ ਮਨੁੱਖ ਦੀ ਮੌਤ ਤੱਕ ਗਾਏ ਜਾਣ ਵਾਲੇ ਲੋਕਗੀਤਾਂ ਨੂੰ ਪੇਸ਼ ਕੀਤਾ ਹੈ। ਲੇਖਿਕਾ ਦੇ ਇਸ ਅਧਿਐਨ ਤੋਂ ਪੁਆਧੀ ਲੋਕਗੀਤਾਂ ਦੀ ਵੱਖਰੀ ਪਹਿਚਾਣ ਬਾਰੇ ਪਤਾ ਲੱਗਦਾ ਹੈ। ਇਸ

ਪੁਸਤਕ ਰਾਹੀਂ ਪੁਆਧੀ ਲੋਕ ਗੀਤਾਂ ਦੇ ਇਸ ਖਜ਼ਾਨੇ ਨੂੰ ਸਾਂਭਣ ਦਾ ਇਹ ਨਿਵੇਕਲਾ ਯਤਨ ਹੈ। ਲੇਖਿਕਾ ਨੇ ਸੱਭਿਆਚਾਰ 'ਚੋਂ ਲੋਪ ਹੋ ਰਹੇ ਗੀਤਾਂ ਨੂੰ ਸਾਡੇ ਨਾਲ ਜੋੜੀ ਰੱਖਣ ਦੀ ਕੋਸ਼ਿਸ ਕੀਤੀ ਹੈ। ਇਸੇ ਸੰਦਰਭ ਵਿੱਚ ਡਾ. ਮੁਖਤਿਆਰ ਸਿੰਘ ਦੀ ਖੋਜ ਪੁਸਤਕ 'ਪੁਆਧੀ ਲੋਕ ਗੀਤ' (2009) ਹੈ ਜਿਸ 'ਚੋਂ ਪੁਆਧੀ ਜੀਵਨ ਦੀਆਂ ਝਲਕਾਂ ਵਿਦਮਾਨ ਹੁੰਦੀਆਂ ਹਨ ਅਤੇ ਲੋਕ-ਭਾਸ਼ਾ ਦੇ ਗੀਤਾਂ ਨੂੰ ਸੁਣਿਆ ਜਾ ਸਕਦਾ ਹੈ।

'ਪੁਆਧ ਦੀ ਮਿੱਟੀ ਦਾ ਕ੍ਰਿਸ਼ਮਾ' ਦਲਜੀਤ ਕੌਰ ਦਾਊਂ ਦੀ 2017 ਈ. ਵਿੱਚ ਪ੍ਰਕਾਸ਼ਿਤ ਹੋਈ ਖੋਜ ਪੁਸਤਕ ਹੈ। ਦਲਜੀਤ ਕੌਰ ਦਾਊਂ ਲਗਭਗ ਦੋ ਦਹਾਕਿਆਂ ਤੋਂ ਸਾਹਿਤ ਸਿਰਜਨਾ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਪੰਜਾਬੀ ਨਾਰੀ-ਕਾਵਿ ਵਿੱਚ ਉਸਦੀ ਇੱਕ ਵਿਲੱਖਣ ਪਛਾਣ ਹੈ। ਇਹ ਪੁਸਤਕ ਪੁਆਧ ਖੇਤਰ ਵਿੱਚ ਮੌਜੂਦ ਸਿੱਖ ਧਰਮ ਨਾਲ ਸੰਬੰਧਿਤ ਥਾਵਾਂ, ਘਟਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਵਿੱਚ ਪੁਆਧ ਖੇਤਰ 'ਚ ਪੈਂਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਦਾ ਵੇਰਵਾ ਦਿੱਤਾ ਗਿਆ ਹੈ ਤਾਂ ਜੋ ਸਿੱਖ ਗੁਰੂ ਸਾਹਿਬਾਨ ਦੇ ਕਾਰਜ ਖੇਤਰ ਦੀ ਤਸਵੀਰ ਸਪੱਸ਼ਟ ਹੋ ਸਕੇ। ਇਹ ਪੁਸਤਕ ਪੰਜਾਬ ਦੇ ਪੁਆਧੀ ਦਿਲ ਅੰਦਰ ਵਸਦੇ ਗੁਰੂ ਪਿਆਰ ਦਾ ਪ੍ਰਕਾਸ਼ ਹੈ। ਇਸ ਪ੍ਰਕਾਸ਼ ਨਾਲ ਉਘੜੇ ਸਿੱਖ ਇਤਿਹਾਸ ਦੇ ਦਰਸ਼ਨਾਂ ਦਾ ਆਪਣਾ ਹੀ ਨਿਵੇਕਲਾ ਰੰਗ ਹੈ। ਖੋਜਕਾਰ ਨੇ ਇਸ ਪੁਸਤਕ ਰਾਹੀਂ ਗੁਰੂ ਸਾਹਿਬਾਨ ਦੇ ਸਦੀਆਂ ਦੇ ਇਤਿਹਾਸ ਨੂੰ ਪੁਨਰ ਸੁਰਜੀਤ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਗਿ. ਧਰਮ ਸਿੰਘ ਭੰਖਰਪੁਰ ਦੀ ਪੁਸਤਕ 'ਕਥਾ ਪੁਰਾਤਨ ਪੁਆਧ ਕੀ' ਪ੍ਰਕਾਸ਼ਿਤ ਰਚਨਾ ਹੈ। ਇਸ ਪੁਸਤਕ ਦੀ ਵਿਸ਼ੇਸ਼ਤਾ ਘਗਰ ਦੇ ਖੇਤਰ ਦੇ ਵਸਦੇ ਲੋਕਾਂ ਦੀ ਪੁਆਧੀ ਭਾਸ਼ਾ ਦੀ ਰੰਗਤ ਹੈ। ਕੁਝ ਇਤਿਹਾਸ ਨਾਲ ਸਬੰਧਤ ਲੇਖ ਹਨ ਜਿਨ੍ਹਾਂ ਤੋਂ ਪੁਰਾਤਨ ਪੁਆਧ ਦੇ ਸਭਿਆਚਾਰ ਦੀ ਝਲਕ ਉਦੈ ਹੁੰਦੀ ਹੈ। ਬੈਦਵਾਣੀ ਪੁਆਧੀ ਭਾਸ਼ਾ 'ਚ ਲਿਖੀ 'ਰੰਗ ਪੁਆਧ ਕੇ' ਡਾ. ਗੁਰਮੀਤ ਸਿੰਘ ਬੈਦਵਾਨ ਦੀ ਇੱਕ ਵਡਮੁੱਲੀ ਰਚਨਾ ਹੈ ਜਿਸ ਤੋਂ ਪੁਆਧ ਦੀ ਲੋਕ ਜੀਵਨ-ਸ਼ੈਲੀ ਮੂਰਤੀਮਾਨ ਹੁੰਦੀ ਹੈ। ਇਨ੍ਹਾਂ ਪੁਸਤਕਾਂ ਤੋਂ ਬਿਨਾਂ 'ਮੇਰਾ ਪੁਆਧ' ਡਾ. ਐਸ. ਐਸ. ਕਿਸ਼ਨਪੁਰੀ (ਸੰਪਾਦਕ ਮਨਮੋਹਨ ਸਿੰਘ ਦਾਊਂ) ਦੀ ਆਪ ਬੀਤੀ ਵਰਗੀ ਰਚਨਾ ਹੈ ਜਿਸ 'ਚੋਂ ਪੁਆਧ ਦੇ ਦਰਸ਼ਨ ਹੁੰਦੇ ਹਨ। ਗੀਤਕਾਰ ਭੁਪਿੰਦਰ ਸਿੰਘ ਮਟੌਰੀਆ ਦੀ ਪੁਆਧੀ 'ਚ ਲਿਖੀ 'ਘਰਾਟਾਂ ਕਾ ਆਟਾ' (2014) ਇੱਕ ਰੌਚਿਕ ਰਚਨਾ ਹੈ ਜਿਸ ਵਿਚ ਲੇਖਕ ਨੇ ਆਪਣੇ ਪਿੰਡ ਮਟੌਰ ਦੇ ਜਨ-ਜੀਵਨ ਨੂੰ ਪ੍ਰਸਤੁਤ ਕੀਤਾ

ਹੈ। ਨੈਸ਼ਨਲ ਬੁੱਕ ਟਰੱਸਟ ਇੰਡੀਆ (ਦਿੱਲੀ) ਵੱਲੋਂ ਟਕਸਾਲੀ ਪੰਜਾਬੀ ਵਾਰਤਕ ਰਚਨਾ 'ਪੁਆਧ ਦੇ ਜੰਮੇ ਜਾਏ' ਮਨਮੋਹਨ ਸਿੰਘ ਦਾਊਂ ਦੀ 2020 'ਚ ਛਪੀ ਪੁਸਤਕ ਜਿਸ ਵਿੱਚ ਪੁਆਧ ਦੇ ਵੱਖੋ-ਵੱਖ ਖੇਤਰਾਂ ਦੀਆਂ 27 ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਦਿੱਤੀ ਹੈ। 2020 'ਚ ਛਪੀ ਮਨਮੋਹਨ ਸਿੰਘ ਦਾਊਂ ਦੀ ਖੋਜ-ਪੁਸਕ 'ਪੁਆਧ ਤੇ ਪੁਆਧ ਦੇ ਲੇਖਕਾਂ 'ਤੇ ਖੋਜ-ਕਾਰਜ : ਸੰਦਰਭ ਕੋਸ਼' ਇੱਕ ਵਡਮੁੱਲੀ ਤੇ ਨਿਆਰੀ ਰਚਨਾ ਹੈ ਜਿਸ ਵਿਚ ਲੇਖਕ ਨੇ ਪੁਆਧ ਦੇ ਲੇਖਕਾਂ, ਚੋਣਵੀਆਂ ਪੁਆਧ ਬਾਰੇ ਜਾਣਕਾਰੀ ਦੇਂਦੀਆਂ ਪੁਸਤਕਾਂ, ਯੂਨੀਵਰਸਿਟੀਆਂ 'ਚ ਐਮ.ਫਿਲ. ਅਤੇ ਪੀ.ਐਚ.ਡੀ. ਦੇ ਵਿਸ਼ਿਆਂ 'ਤੇ ਹੋਇਆ ਕਾਰਜ ਅੰਕਿਤ ਕੀਤਾ ਗਿਆ ਹੈ ਜਿਸ ਰਾਹੀਂ ਅਸੀਂ ਪੁਆਧ ਦੇ ਇਹਿਤਾਸ ਦੀ ਝਲਕ ਮਾਣ ਸਕਦੇ ਹਾਂ। ਸਾਨੂੰ ਖੁਸ਼ੀ ਹੈ ਕਿ ਹੁਣ ਪੁਆਧ ਤੇ ਪੁਆਧੀ ਬਾਰੇ ਇੱਕ ਜਾਗਰਤ ਲਹਿਰ ਪੈਦਾ ਹੋ ਗਈ ਹੈ ਜਿਸ ਦਾ ਮੁੱਢ ਬੰਨ੍ਹਣ ਵਿੱਚ ਪੁਆਧੀ ਪੰਜਾਬੀ ਸੱਥ ਮੁਹਾਲੀ ਦੇ ਮੁਖੀ ਮਨਮੋਹਨ ਸਿੰਘ ਦਾਊਂ ਦੀ ਭੂਮਿਕਾ ਚੇਤੇ ਰਖਣ ਵਾਲੀ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਤਿਆਰ ਕੀਤਾ 'ਪੁਆਧੀ ਸ਼ਬਦ-ਕੋਸ਼' ਦੂਜੀ ਐਡੀਸ਼ਨ (2008) ਸੋਧਕ ਡਾ.ਐਸ.ਐਸ. ਕਿਸ਼ਨਪੁਰੀ ਵੀ ਇੱਕ ਚੰਗਾ ਉਪਰਾਲਾ ਹੈ ਜਿਸ ਵਿਚ ਹੋਰ ਪੁਆਧੀ ਸ਼ਬਦਾਵਲੀ ਜਮਾਂ ਕਰਨ ਦੀ ਗੁੰਜਾਇਸ ਹੈ। ਪ੍ਰੋ. ਹਰਪ੍ਰੀਤ ਕੌਰ ਵੱਲੋਂ ਤਿਆਰ ਕੀਤੀ 'ਪੁਆਧੀ ਉਪਭਾਸ਼ਾ ਦੀ ਵਿਆਕਰਨ' (2018) ਪੁਆਧੀ ਭਾਸ਼ਾ ਬਾਰੇ ਮੁੱਢਲਾ ਜਤਨ ਹੈ ਜਿਸ ਦੇ ਘੇਰੇ ਵਿੱਚ ਪੁਆਧ ਦੀ ਉਪਭਾਸ਼ਾ ਦੇ ਹੋਰ ਰੰਗਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਇਕ ਹੋਰ ਖੋਜ-ਪੁਸਤਕ 'ਪੁਆਧੀ ਜਲਸਾ ਅਤੇ ਕਵੀਸ਼ਰੀ ਪਰੰਪਰਾ ਅਤੇ ਪੇਸ਼ਕਾਰੀ' (2019) ਡਾ. ਜਗਜੀਤ ਸਿੰਘ (ਰੂਪਨਗਰ) ਦੀ ਉਪਲਬਧ ਹੈ ਜਿਸ ਵਿੱਚ ਪੁਆਧੀ ਅਖਾੜਾ ਦੇ ਮੋਢੀ ਭਗਤ ਰਾਮ ਬੈਦਵਾਨ (ਸੋਹਾਣਾ), ਕਵੀਸ਼ਰ ਰੌਣਕ ਸਿੰਘ ਚੁੰਨ੍ਹੀ ਕਲਾਂ ਅਤੇ ਕਵੀਸ਼ਰ ਬਖਸ਼ੀਸ ਸਿੰਘ ਮੀਂਢੇਮਾਜਰਾ ਬਾਰੇ ਜਾਣਕਾਰੀ ਮਿਲਦੀ ਹੈ। 'ਚੰਡੀਗੜ੍ਹ ਉਜਾੜਿਆਂ ਦੀ ਦਾਸਤਾਨ' ਰਚਿਤ ਤਰਲੋਚਨ ਸਿੰਘ (ਪੱਤਰਕਾਰ) ਅਤੇ 'ਟਿੱਲੇ ਤੇ ਲਗਦੇ ਮੇਲੇ' ਰਚਿਤ ਗੁਰਮੋਹਨ ਸਿੰਘ ਸੰਧਾਰਸੀ ਜ਼ਿਕਰਯੋਗ ਰਚਨਾਵਾਂ ਹਨ। ਕੁਝ ਖੋਜਾਰਥੀਆਂ ਵੱਲੋਂ ਪੁਆਧ ਤੇ ਪੁਆਧੀ ਦੇ ਪ੍ਰਸੰਗ ਵਿੱਚ ਐਮ.ਫਿਲ. ਤੇ ਪੀ.ਐਚ.ਡੀ. ਦੇ ਵਿਸ਼ਿਆਂ ਤੇ ਖੋਜ-ਕਾਰਜ ਹੋਇਆ ਜਿਹੜਾ ਪੁਸਤਕ ਰੂਪ ਵਿਚ ਨਹੀਂ ਆਇਆ, ਦਾ ਜ਼ਿਕਰ ਕਰਨਾ ਅਜੇ ਬਾਕੀ ਹੈ। ਖੁਸ਼ੀ ਹੈ ਕਿ ਇਸ ਪਾਸੇ ਹੋਰ ਖੋਜ ਕਾਰਜ ਪ੍ਰਾਰੰਭ ਹਨ। ਹਥਲੀ ਪੁਸਤਕ 'ਪੁਆਧ ਕੀਆਂ ਝਲਕਾਂ' ਇਸ ਦਾ ਪ੍ਰਮਾਣ ਆਖੀ ਜਾ ਸਕਦੀ ਹੈ।

# ਜਪੁਜੀ ਸਾਹਿਬ 'ਚ ਪੁਆਧੀ ਸ਼ਬਦ ਪ੍ਰਯੋਜਨ-ਇੱਕ ਸਰਵੇਖਣ

- ਦਲਜੀਤ ਕੌਰ ਦਾਊਂ

ਜਪੁਜੀ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਰਮੌਰ ਬਾਣੀ ਹੈ। ਇਸ ਨੂੰ ਗੁਰੂ ਗਰੰਥ ਸਾਹਿਬ ਜੀ ਦੀ ਆਦਿਕਾ ਹੋਣ ਦਾ ਵੀ ਮਾਣ ਪ੍ਰਾਪਤ ਹੈ। ਮੂਲ ਵਿਚਾਰ (ਮੂਲ ਮੰਤਰ) ਤੋਂ ਬਾਅਦ ਆਦਿ ਸਚੁ ਜੁਗਾਦਿ ਸਚੁ ॥ ਤੋਂ ਲੈ ਕੇ ਨਾਨਕ ਨਦਰੀ ਨਦਰਿ ਨਿਹਾਲ ॥ ਤੱਕ ਕੁੱਲ 38 ਪਉੜੀਆਂ ਵਿੱਚ ਵੰਡੀ ਹੋਈ, ਸਾਰੀ ਬਾਣੀ ਅਧਿਆਤਮਕ ਅਤੇ ਦਾਰਸ਼ਨਿਕ ਹੈ। ਇਹ ਮਨੁੱਖੀ ਮਨ ਨੂੰ ਸਰਬਸ਼ਕਤੀਮਾਨ ਅਕਾਲ ਤੋਂ ਮੁਕਤ ਕਰਕੇ ਅਕਾਲ ਪੁਰਖ ਦੇ ਭਾਣੇ ਵਿੱਚ ਸਰਬ ਸੰਤੋਖ ਨਾਲ ਰਹਿਣ ਦੀ ਸਿੱਖਿਆ ਦਿੰਦੀ ਹੈ। ਮਨ ਦਾ ਟਿਕਾਓ ਬਖਸ਼ਦੀ ਹੈ ਜੋ ਅਜੋਕੇ ਮਨੁੱਖ ਲਈ ਲਾਹੇਵੰਦ ਹੈ। ਇਸ ਬਾਣੀ ਦੇ ਵਿਸ਼ੇ ਦਾ ਪਸਾਰਾ ਮਨੁੱਖ ਦੇ ਮਨ ਅਤੇ ਸਰੀਰ ਤੋਂ ਸ਼ੁਰੂ ਹੋ ਕੇ ਸਾਰੀ ਧਰਤੀ, ਅਕਾਸ਼, ਪਾਤਾਲ, ਖੰਡ, ਬ੍ਰਹਿਮੰਡ ਤੇ ਇਸ ਵਿੱਚ ਦਿਨ, ਰਾਤ, ਤਰੀਕ, ਮਹੀਨਿਆਂ ਅਤੇ ਰੁੱਤਾਂ ਦਾ ਜ਼ਿਕਰ ਹੈ ਜੋ ਮਨੁੱਖ ਅਤੇ ਧਰਤੀ, ਬ੍ਰਹਿਮੰਡ ਅਤੇ ਗ੍ਰਹਿਆਂ ਦੀ ਸਮਾਂ ਬੱਧ ਚਾਲ ਨੂੰ ਦਰਸਾਉਂਦਾ ਹੈ। ਧਰਤੀ ਦਾ ਜਨਮ ਅਤੇ ਉਤਪਤੀ ਦਾ ਜ਼ਿਕਰ ਬਹੁਤ ਹੀ ਵਿਗਿਆਨਕ ਦਰਸਾਇਆ ਗਿਆ ਹੈ ਜੋ ਅਜੋਕੀ ਡਾਰਵਿਨ ਦੀ (Evolution) ਥਿਊਰੀ ਨਾਲ ਮੇਲ ਖਾਂਦਾ ਹੈ। ਜਿਵੇਂ 21ਵੀਂ ਪਉੜੀ ਵਿਚ ਦਰਜ ਹੈ। ਕਵਣ ਸੁ ਵੇਲਾ ਵਖਤੁ ਕਵਣ ਥਿਤਿ ਕਵਣ ਵਾਰ। ਕਵਣ ਸਿ ਰੁਤੀ ਮਾਹੁ ਕਵਣ ਜਿਤੁ ਹੋਆ ਆਕਾਰ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥

ਪਹਿਲੀਆਂ ਪੰਜ ਪਉੜੀਆਂ ਅਕਾਲ ਪੁਰਖ ਦੀ ਸਰਬ ਸ਼ਕਤੀ ਦੀ ਉਸਤਤ ਵਿਚ ਹਨ। ਫਿਰ ਚਾਰ ਪਉੜੀਆਂ ਬਾਣੀ ਨੂੰ ਸੁਣਨ ਨਾਲ ਮਨੁੱਖੀ ਮਨ 'ਤੇ ਕੀ ਪ੍ਰਭਾਵ ਪੈਂਦਾ ਹੈ ਦਰਜ ਹਨ। ਇਸ ਤੋਂ ਬਾਅਦ ਚਾਰ ਪਉੜੀਆਂ ਬਾਣੀ ਨੂੰ ਤੇ ਸਰਬਸ਼ਕਤੀਮਾਨ ਨੂੰ ਮਾਨਣ ਨਾਲ ਮਨ 'ਤੇ ਪੈਂਦੇ ਪ੍ਰਭਾਵ ਦਾ ਜ਼ਿਕਰ ਕਰਦੀਆਂ ਹਨ। ਪੰਜ ਦਾ ਬਾਣੀ ਵਿਚ ਬਹੁਤ ਮਹੱਤਵ ਦੱਸਿਆ ਹੈ। ਸਾਡੀਆਂ ਗਿਆਨ

ਇੰਦ੍ਰੀਆਂ ਵੀ ਪੰਜ ਹੀ ਹਨ। ਅਖੀਰਲੀਆਂ ਪੈਂਤੀ ਤੋਂ ਸੈਂਤੀ ਪਉੜੀਆਂ ਵਿੱਚ ਮਨੁੱਖੀ ਮਨ ਦੀ ਸਥਿਤੀ ਦੇ ਪੰਜ ਖੰਡਾਂ ਦਾ ਜ਼ਿਕਰ ਹੈ। ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ।

ਇਸ ਬਾਣੀ ਵਿੱਚ ਅਨੇਕਾਂ ਭੈੜੇ ਤੋਂ ਭੈੜੇ ਬੁਰੇ ਤੋਂ ਬੁਰੇ ਮਨੁੱਖਾਂ ਦਾ ਜ਼ਿਕਰ ਹੈ ਜਿਨ੍ਹਾਂ ਦੀ ਗਿਣਤੀ ਬੇਸ਼ੁਮਾਰ ਹੈ। ਅਨੇਕਾਂ ਚੰਗੇ ਤੋਂ ਚੰਗੇ ਪੁਰਸ਼ ਸਿਧ, ਜਤੀ, ਜੋਗੀ, ਸੰਤੋਖੀਆਂ ਦਾ ਜ਼ਿਕਰ ਹੈ। ਜਿਨ੍ਹਾਂ ਦਾ ਇਸ ਧਰਤੀ ਉਤੇ ਵਾਸਾ ਹੈ। ਪਰ ਮਨੁੱਖ ਨੂੰ ਚੰਗਾ ਅਤੇ ਆਦਰਸ਼ ਮਨੁੱਖ ਬਣਨ ਦੀ ਹੀ ਸਿੱਖਿਆ ਦਿੱਤੀ ਗਈ ਹੈ ਤਾਂ ਜੋ ਉਸ ਨੂੰ ਧਰਤੀ 'ਤੇ ਭਾਰ ਨਾ ਸਮਝਿਆ ਜਾਵੇ। ਕੁਦਰਤ ਦੀ ਵਿਆਪਕਤਾ, ਵਿਸ਼ਾਲਤਾ ਅਤੇ ਅਦਭੁੱਤਤਾ ਦਾ ਜ਼ਿਕਰ ਹੈ। ਸਮੁੰਦਰ ਡੂੰਘੇ, ਵਿਸ਼ਾਲ ਦਰਿਆ, ਉੱਚੇ ਪਹਾੜਾਂ ਨਾਲ ਸਜੀ ਹੋਈ ਅਕਾਲ ਪੁਰਖ ਦੀ ਕੁਦਰਤ ਜਿਸ ਦਾ ਕੋਈ ਥਹੁ ਨਹੀਂ ਪਾ ਸਕਿਆ, ਉਹ ਅਗੰਮ ਹੈ ਅਗੋਚਰ ਹੈ। ਉਨਤਾਲੀਵਾਂ ਸਲੋਕ ਜੋ ਇਸ ਬਾਣੀ ਦੀ ਅੰਤਕਾ ਵਿੱਚ ਤਾਂ ਸਾਰੀ ਬਾਣੀ ਦਾ ਨਿਚੋੜ ਕਰ ਦਿੱਤਾ ਹੈ ਜਿਸ ਵਿੱਚ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤ ਨੂੰ ਮਾਤਾ ਕਹਿ ਕੇ ਸਨਮਾਨਿਆ ਹੈ। ਸਾਰੇ ਸੰਸਾਰ ਅੰਦਰ ਦਿਨ ਤੇ ਰਾਤ ਵਿਚ ਸਾਰਾ ਸਮਾਂ ਬੰਨ੍ਹਿਆ ਹੋਇਆ ਹੈ ਜਿਸ ਵਿੱਚ ਮਨੁੱਖ ਨੇ ਆਪਣੀ ਪਾਲਣਾ ਕਰਨੀ ਹੈ ਤੇ ਕਰਮ ਕਰਨੇ ਹਨ।

ਜੇਕਰ ਇਸ ਬਾਣੀ ਨੂੰ ਭਾਸ਼ਾ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਸਮੁੱਚੀ ਜਪੁ ਜੀ ਸਾਹਿਬ ਦੀ ਬਾਣੀ ਵਿੱਚ ਪੰਜਾਬੀ ਬੋਲੀ ਵਰਤੀ ਗਈ ਹੈ ਜੋ ਗੁਰਮੁਖੀ ਲਿੱਪੀ ਵਿਚ ਲਿਖੀ ਹੋਈ ਹੈ। ਇਸ ਦੀ ਭਾਸ਼ਾ 'ਤੇ ਕਾਫੀ ਪ੍ਰਭਾਵ ਪੁਆਧੀ ਬੋਲੀ ਦਾ ਵੀ ਪੈਂਦਾ ਮਹਿਸੂਸ ਹੁੰਦਾ ਹੈ। ਜਿਵੇਂ ਪਹਿਲੀ ਪਉੜੀ ਵਿੱਚ ਹੀ 'ਸੋਚੈ ਸੋਚਿ ਨ ਹੋਵਈ', 'ਚੁਪੈ ਚੁਪ ਨ ਹੋਵਈ।" ਇਸੇ ਤਰ੍ਹਾਂ ਤੀਜੀ ਪਉੜੀ ਦੇ ਸ਼ੁਰੂ ਵਿਚ 'ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ'॥ ਇਸੇ ਤਰ੍ਹਾਂ ਪੜ੍ਹਦੇ ਜਾਈਏ ਤਾਂ ਵਹਾਅ ਤੋਂ ਪਤਾ ਲਗਦਾ ਹੈ ਕਿ ਇਸ ਦੇ ਉਚਾਰਨ ਦਾ ਵਹਾਅ ਅਤੇ ਢੰਗ ਤਰੀਕਾ ਪੰਜਾਬ ਦੀ ਉਪ ਭਾਸ਼ਾ ਪੁਆਧੀ ਨਾਲ ਮਿਲਦਾ ਜੁਲਦਾ ਹੈ। ਮੈਂ ਤਾਂ ਆਖਾਂਗੀ ਕਿ ਕਾਫ਼ੀ ਮੇਲ ਖਾਂਦਾ ਹੈ। ਇਸ ਬਾਣੀ ਵਿਚ ਕਾਫੀ ਸ਼ਬਦ ਪੁਆਧੀ ਭਾਸ਼ਾ ਨਾਲ ਮਿਲਦੇ ਜੁਲਦੇ ਹਨ ਜਿਨ੍ਹਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

ਧੁਨੀ ਦੇ ਪੱਖੋਂ ਹੇਠ ਲਿਖੇ ਸ਼ਬਦ
ਪੁਆਧੀ ਬੋਲੀ ਦੇ ਉਚਾਰਨ ਦੇ ਬਹੁਤ ਨੇੜੇ ਹਨ :-

1 ਗਾਵੈ
2 ਆਵੈ
3 ਦਿਸੈ
4 ਦੇਹਿ
5 ਖਾਹਿ
6 ਏਵੈ
7 ਜਾਣੀਐ
8 ਚੁਪੈ
9 ਕੂੜੇ
10 ਤੁਟੈ
11 ਪਾਲ
12 ਬੁਝੈ
13 ਮਿਲੈ
14 ਖੇਹ
15 ਥਕਿ
16 ਥਾਪਿਆ
17 ਭਾਖਿਆ
18 ਵਿਸਰ
19 ਸੁਣਿਐ
20 ਨਾਸੁ
21 ਮਨੈ
22 ਕਰੈ
23 ਪਰੈ
24 ਤਲੈ
25 ਜਾਣੈ
26 ਭਾਵੈ
27 ਜਾਵਾ
28 ਲੇਖੈ
29 ਕਿਵ
30 ਹੋਵੈ
31 ਅਗੈ
32 ਸੋਹੈ
33 ਲਿਖੀਐ
34 ਕਰਣੈ
35 ਬਹੁਤਾ
36 ਸਿਉ
37 ਚੁਪੈ
38 ਛੁਟੈ
39 ਤਿਥੈ
40 ਜਿਵ
41 ਘੜੀਐ
42 ਖੇਲੈ
43 ਜਾਣੈ
44 ਧੋਤੈ
45 ਨੇੜੈ

ਇਸੇ ਤਰ੍ਹਾਂ ਪੁਆਧੀ ਭਾਸ਼ਾ ਦੇ ਹੋਰ ਬਹੁਤ ਸਾਰੇ ਸ਼ਬਦ ਹਨ ਜੋ ਗੁਰਬਾਣੀ ਦੀਆਂ ਤੁਕਾਂ ਵਿੱਚ ਹੀਰਿਆਂ, ਨਗਾਂ, ਮੋਤੀਆਂ ਦੀ ਤਰ੍ਹਾਂ ਜੜੇ ਹੋਏ ਹਨ। ਜਿਵੇਂ :-

| | | |
|---|---|---|
| ਗਤਿ | : | ਮੰਨੇ ਕੀ ਗਤਿ ਕਹੀ ਨ ਜਾਇ ॥ |
| ਧੌਲੇ, ਧਰਮ | : | ਧੋਲੁ ਧਰਮ ਦਇਆ ਕਾ ਪੂਤ ॥ |
| ਕਿਵ | : | ਕਿਵ ਸਚਿਆਰਾ ਹੋਈਐ ॥ |
| ਕਾ | : | ਸਭਨਾ ਜੀਆ ਕਾ ਇਕ ਦਾਤਾ ॥ |
| ਏਕ | : | ਪੰਚਾ ਕਾ ਗੁਰੁ ਏਕ ਧਿਆਨ ॥ |
| ਕਹੈ, ਕਰੈ | : | ਜੇ ਕੋ ਕਹੈ ਕਰੈ ਵੀਚਾਰ ॥ |
| | | ਹੁਕਮੈ, ਕੋ ਹੁਕਮੈ ਅੰਦਰ ਸਭ ਕੋ ॥ |
| ਖੇਹ, ਜੀਅ | : | ਗਾਵੈ ਕੋ ਸਾਜ ਕਰੈ ਤਨੁ ਖੇਹ ॥ |
| ਜੀ | : | ਗਾਵੈ ਕੋ ਜੀਅ ਲੈ ਫਿਰਿ ਦੇਹ ॥ |
| ਭਾਖਿਆ | : | ਭਾਖਿਆ ਭਾਉ ਅਪਾਰ ॥ |
| ਦਾਤਿ | : | ਦਾਤਿ ਕਰੇ ਦਾਤਾਰੁ ॥ |
| ਵਡਿਆਈ | : | ਵਡਿਆਈ ਵੀਚਾਰੁ ॥ |
| ਗਾਵੀਐ | : | ਗਾਵੀਐ ਸੁਣੀਐ ਮਨ ਰਖੀਐ ਭਾਉ ॥ |
| ਜਸੁ | : | ਜਸੁ ਕੀਰਤਿ ਜਗਿ ਲੇਇ ॥ |
| ਵਾਤ, ਕੇ | : | ਵਾਤ ਨ ਪੁਛੈ ਕੇ ॥ |
| ਮੂਤ | : | ਮੂਤ ਪਲੀਤੀ ਕਪੜੁ ਹੋਇ ॥ |
| ਸੁਣਿਐ | : | ਸੁਣਿਐ ਸਿਧ ਪੀਰ ਸੁਰਿ ਨਾਥ ॥ |
| ਕਾਲ | : | ਸੁਣਿਐ ਪੋਹ ਨ ਸਕੈ ਕਾਲ ॥ |

ਅਜਿਹੀ ਭਾਸ਼ਾ ਵਾਲੀ ਸ਼ਬਦਾਵਲੀ ਨੂੰ ਕਈ ਵਿਦਵਾਨ ਸਦੂਕੜੀ ਭਾਸ਼ਾ ਵੀ ਕਹਿੰਦੇ ਹਨ।

ਇਸ ਤੋਂ ਇਲਾਵਾ ਹੋਰ ਅਨੇਕਾਂ ਸ਼ਬਦ ਨਾਨਕ ਬਾਣੀ ਵਿਚ ਦਰਜ ਹਨ। ਜਿਵੇਂ :

ਟਕਸਾਲ, ਸੇਵਕ, ਧੀਰਜ, ਸੁਨਿਆਰ, ਜੁਗਤਿ,

ਨਿਹਾਲ, ਪਰਤੀਤਿ, ਪਾਤਿਸਾਹੁ, ਸੰਜੋਗੁ, ਆਸਣੁ
ਭੰਡਾਰੀ, ਗੇੜਾ, ਜੋਰੁ ਗਆਨ, ਉਤਮ, ਪਾਤਾਲ,
ਵੈਸੰਤਰ, ਆਦਿ, ਸਾਥ, ਜਮ, ਪਤਿ, ਧੌਲ, ਸੰਤੋਖ
ਭਾਰੁ, ਤਲੈ, ਜੋਰੁ, ਹਤਿਆ, ਪਾਪੁ, ਪਾਪੀ, ਨੀਚ, ਕਾਲ,
ਸਦਾ, ਸਲਾਮਤਿ, ਪੁੰਨੀ, ਪਾਪੀ, ਬੀਜ, ਤੀਰਥਿ, ਵਾਰ
ਲੇਖ, ਸਿਆਣਾ, ਪਾਤਾਲ, ਨਦੀਆਂ, ਨਦੀ, ਪਾਰਾਵਾਰ,
ਊਚਾ, ਥਾਉ, ਤਿਲ, ਦਾਤਾ, ਵੇਕਾਰੁ, ਮੁਕਰੁ,
ਖਲਾਸੀ, ਭਾਣਾ, ਭਾਣੈ, ਸਿਫਿਤ, ਲਿਵ, ਦੇਵ,
ਬੋਲ ਵਿਗਾੜ, ਗਾਵਾਰ, ਸਿਧ, ਸਾਧ, ਸਮਾਧੀ,
ਡੰਡਾ, ਕੁਆਰੀ, ਘਾੜਤਿ, ਘੜੀਐ, ਹਥੁ, ਪੈਰੁ,
ਮਤਿ, ਹੁਕਮੀ
ਪੁਆਧ ਦੇ ਪਿੰਡਾਂ ਵਿਚ ਅਸਲੀ ਬੋਲ-ਚਾਲ
ਸਮੇਂ ਲੋਕੀਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦੇ ਸੁਣੇ ਜਾ ਸਕਦੇ ਹਨ।

* * *

# ਲੋਪ ਹੋ ਰਹੀ ਪੁਆਧੀ ਲੋਕ ਕਲਾ: ਪੱਤਲ

-ਦਿਨੇਸ਼ ਕੁਮਾਰ

ਮੋਬਾ. 97796-22093, 94637-12219

ਕਿਸੇ ਇੱਕ ਖ਼ਾਸ ਭੂਗੋਲਿਕ ਖਿੱਤੇ ਨੂੰ ਦੂਸਰਿਆਂ ਖਿੱਤਿਆਂ ਤੋਂ ਵੱਖਰਾਉਣ ਲਈ ਵਿਭਿੰਨ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚੋਂ ਭਾਸ਼ਾਈ ਵੱਖਰੇਵਾਂ ਅਤੇ ਰਾਜਨੀਤਕ ਹੱਦਬੰਦੀ ਪ੍ਰਮੁੱਖ ਹਨ। ਜਿਥੇ ਭਾਸ਼ਾਈ ਵੱਖਰੇਵਾਂ ਬਾਹਰਲੇ ਅਤੇ ਅੰਦਰਲੇ ਦੋਹਾਂ ਪੱਧਰਾਂ 'ਤੇ ਕਿਸੇ ਇਲਾਕੇ, ਖਿੱਤੇ ਨੂੰ ਉਪ-ਇਲਾਕਿਆਂ, ਉਪ-ਖਿੱਤਿਆਂ ਆਦਿ ਵਿੱਚ ਪਰਿਵਰਤਤ ਕਰਦਾ ਹੈ, ਉਥੇ ਰਾਜਨੀਤਕ ਹੱਦਬੰਦੀ ਕਿਸੇ ਇਕ ਇਲਾਕੇ ਨੂੰ ਬਾਹਰੀ ਤੌਰ 'ਤੇ ਦੂਸਰੇ ਇਲਾਕਿਆਂ, ਖਿੱਤਿਆਂ ਨਾਲੋਂ ਨਿਖੇੜਦੀ ਹੈ। ਇਸੇ ਤਰ੍ਹਾਂ ਹੀ ਪੰਜਾਬ ਨੂੰ ਰਾਜਨੀਤਕ ਹੱਦਬੰਦੀ ਜਿੱਥੇ ਗੁਆਂਢੀ ਦੇਸ਼ਾਂ ਪਾਕਿਸਤਾਨ ਅਤੇ ਗੁਆਂਢੀ ਰਾਜਾਂ ਹਰਿਆਣਾਂ, ਰਾਜਸਥਾਨ, ਜੰਮੂ ਕਸ਼ਮੀਰ ਆਦਿ ਤੋਂ ਵੱਖ ਕਰਦੀ ਹੈ, ਉਥੇ ਇਸ ਵਿੱਚ ਮਿਲਦੇ ਭਾਸ਼ਾਈ ਵੱਖਰੇਵੇਂ ਇਸ ਨੂੰ ਅੰਦਰੂਨੀ ਤੌਰ 'ਤੇ ਕਈ ਉਪ-ਖਿੱਤਿਆਂ ਅਤੇ ਉਪ-ਸਭਿਆਚਾਰਾਂ ਵਿਚ ਵਰਗੀਕ੍ਰਿਤ ਕਰ ਦਿੰਦੇ ਹਨ। ਇਸ ਲਈ ਪੰਜਾਬ ਨੂੰ ਭਲਾਈ ਅਤੇ ਖਿੱਤਾਈ ਵੱਖਰੇਵਿਆਂ ਦੇ ਆਧਾਰ 'ਤੇ ਚਾਰ ਭਾਗਾਂ, ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ। ਜਿੱਥੇ ਸਮੁੱਚੇ ਪੰਜਾਬ ਦਾ ਇੱਕ ਮੁੱਖ ਸਭਿਆਚਾਰ ਹੈ, ਇਕ ਟਕਸਾਲੀ ਬੋਲੀ ਹੈ, ਉਥੇ ਇਨ੍ਹਾਂ ਖੇਤਰਾਂ ਦੀ ਆਪੋ-ਆਪਣੀ ਉਪਬੋਲੀ ਅਤੇ ਉਪ ਸਭਿਆਚਾਰ ਇਨ੍ਹਾਂ ਦੀ ਵਿਲੱਖਣਤਾ ਨੂੰ ਨਿਰਧਾਰਤ ਕਰਨ ਵਾਲੇ ਮੂਲ ਪਹਿਲੂ ਹਨ। ਪੰਜਾਬ ਦੇ ਪੂਰਬ ਵਾਲੇ ਪਾਸੇ ਦੇ ਹਿੱਸੇ ਦੇ ਅੱਧੇ ਭਾਗ ਨੂੰ 'ਪੁਆਧ' ਕਿਹਾ ਜਾਂਦਾ ਹੈ। ਪੁਆਧ ਦਾ ਖੇਤਰ ਆਪਣੀ ਭੂਗੋਲਿਕ, ਇਤਿਹਾਸਕ, ਧਾਰਮਿਕ ਅਤੇ ਸਾਹਿਤਕ ਵਿਸ਼ੇਸ਼ਤਾ ਕਾਰਨ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ।

ਪੁਆਧੀ ਲੋਕ ਕਲਾ ਪੱਤਲ ਬਾਰੇ ਗੱਲ ਤੋਰਨ ਤੋਂ ਪਹਿਲਾਂ 'ਲੋਕ ਕਲਾ' ਬਾਰੇ ਚਰਚਾ ਕਰਨਾ ਲਾਜ਼ਮੀ ਹੈ। 'ਲੋਕ-ਕਲਾ' ਸ਼ਬਦ ਅੰਗਰੇਜ਼ੀ ਦੇ ਸ਼ਬਦ 'ਫੋਕ ਆਰਟ ਦੇ ਪਰਿਆਇ ਵਜੋਂ ਸਾਡੇ ਸਾਹਮਣੇ ਆਉਂਦਾ ਹੈ। ਆਦਿ ਕਾਲ ਤੋਂ ਹੀ

ਲੋਕ ਕਲਾ ਜੀਵਨ ਦੀਆਂ ਲੋੜਾਂ ਵਿੱਚੋਂ ਉਪਜੀ ਹੋਣ ਕਰਕੇ ਜਨ-ਜੀਵਨ ਅਤੇ ਸਭਿਆਚਾਰ ਨਾਲ ਇਕ ਰਸ ਹੁੰਦੀ ਹੈ। ਇੱਥੇ ਇਹ ਕਹਿਣਾ ਅੱਤਕਥਨੀ ਨਹੀਂ ਹੋਵੇਗਾ ਕਿ ਲੋਕ ਕਲਾ ਕੇਵਲ ਸੁਹਜ਼ ਰਸ ਦੀ ਤ੍ਰਿਪਤੀ ਹੀ ਨਹੀਂ ਕਰਦੀ ਸਗੋਂ ਉਪਯੋਗੀ ਵੀ ਹੁੰਦੀ ਹੈ। ਲੋਕ ਕਲਾਵਾਂ ਦੇ ਹਰਮਨ ਪਿਆਰੇ ਹੋਣ ਦਾ ਇਕ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਲੋਕ ਕਲਾਵਾਂ ਸਿੱਧੇ ਤੌਰ 'ਤੇ ਮਾਨਵੀ ਸਰੋਕਾਰਾਂ ਨਾਲ ਸਬੰਧਤ ਹੁੰਦੀਆਂ ਹਨ। ਇਹ ਮਨੁੱਖੀ ਜੀਵਨ ਦੇ ਨੇੜੇ ਹੋਣ ਕਰਕੇ ਜੀਵਨ ਦੀ ਵਿਸ਼ਾਲਤਾ ਅਤੇ ਵਿਭਿੰਨਤਾ ਨੂੰ ਖੁੱਲ੍ਹੇ-ਡੁੱਲ੍ਹੇ, ਯਥਾਰਥਮਈ ਢੰਗ ਨਾਲ ਪ੍ਰਸਤੁਤ ਕਰਦੀਆਂ ਹਨ। ਵਿਸ਼ੇਸ਼ ਤੌਰ 'ਤੇ ਪੇਂਡੂ ਜੀਵਲ ਅੰਦਰ ਲੋਕ ਕਲਾਵਾਂ ਦੇ ਵਿੱਭਿਨ ਰੂਪਾਂ ਅਤੇ ਸ਼ੈਲੀਆਂ ਨੂੰ ਵੇਖਿਆ ਜਾ ਸਕਦਾ ਹੈ। ਲੋਕ ਕਲਾ ਦੇ ਵਿਗਸਣ ਵਿੱਚ ਉਸ ਖਿੱਤੇ ਦੀ ਭੂਗੋਲਿਕ ਸਥਿਤੀ ਅਹਿਮ ਭੂਮਿਕਾ ਅਦਾ ਕਰਦੀ ਹੈ। ਪੁਆਧ ਖੇਤਰ ਦੇ ਇੱਕ ਹਿੱਸੇ ਵਿੱਚ ਕੁਦਰਤੀ ਬਨਸਪਤੀ ਦੀ ਬਹੁਤਾਤ ਹੈ,ਜੋ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਲਗਦਾ ਹੈ। ਇਸ ਕਰਕੇ ਬਨਸਪਤੀ ਨਾਲ ਸਬੰਧਿਤ ਲੋਕ ਕਲਾਵਾਂ ਅਕਸਰ ਮਿਲ ਜਾਂਦੀਆਂ ਹਨ। ਜਿਵੇਂ-ਟੋਕਰੇ, ਬੋਹੀਏ, ਪਟਾਰੀਆਂ, ਡੂਨੇ ਅਤੇ ਪੱਤਲਾਂ ਆਦਿ। ਹੱਥਲਾ ਖੋਜ ਪੱਤਲ ਪੁਆਧੀ ਲੋਕ ਕਲਾ ਪੱਤਲਾਂ ਨਾਲ ਸਬੰਧਤ ਹੈ।

ਪੁਆਧੀ ਲੋਕ ਕਲਾਵਾਂ ਵਿਚ ਇਕ ਅਹਿਮ ਲੋਕ ਕਲਾ ਪੱਤਲ ਹੈ। ਇਹ ਲੋਕ ਕਲਾ ਇੱਥੋਂ ਜਨ-ਜੀਵਨ ਦਾ ਇਕ ਮਹੱਤਵਪੂਰਨ ਹਿੱਸਾ ਹੈ। ਪੱਤਲ ਬਣਾਉਣ ਲਈ ਜੰਗਲੀ 'ਟੌਰ' ਨਾਮ ਦੀਆਂ ਵੇਲਾਂ ਦੇ ਪੱਤਿਆਂ ਨੂੰ ਇਕਤਰ ਕੀਤਾ ਜਾਂਦਾ ਹੈ। ਇਨ੍ਹਾਂ ਪੱਤਿਆਂ ਨੂੰ ਡੋਡੀ ਤੋਂ ਅਲੱਗ ਅਤੇ ਸਾਫ਼-ਸੁੱਥਰਾ ਕਰਨ ਉਪਰੰਤ ਬਾਂਸ ਦੀਆਂ ਬਾਰੀਕ ਤੀਲੀਆਂ ਬਣਾਈਆਂ ਜਾਂਦੀਆਂ ਹਨ। ਇੱਕ ਪੱਤਲ ਨੂੰ ਤਿਆਰ ਕਰਨ ਲਈ ਤਿੰਨ ਜਾਂ ਚਾਰ ਪੱਤਿਆਂ ਦਾ ਉਪਯੋਗ ਕੀਤਾ ਜਾਂਦਾ ਹੈ। ਪੱਤਲ ਬਣਾਉਣ ਦੀ ਵਿਸ਼ੇਸ਼ ਵਿਧੀ ਹੁੰਦੀ ਹੈ। ਸਭ ਤੋਂ ਪਹਿਲਾਂ ਪੱਤੇ ਨੂੰ ਮੋੜ ਕੇ ਤੀਲਾਂ ਦੀ ਮੱਦਦ ਨਾਲ ਜੋੜਿਆ ਜਾਂਦਾ ਹੈ ਅਤੇ ਨਾਲ ਹੀ ਦੂਸਰਾ ਪੱਤਾ ਮੋੜ ਕੇ ਪਹਿਲੇ ਪੱਤੇ ਦੇ ਹੇਠਾਂ ਵੱਲ ਜੋੜ ਲਿਆ ਜਾਂਦਾ ਹੈ। ਤੀਸਰਾ ਪੱਤਾ ਜੋੜਨ ਸਮੇਂ ਉੱਚੇਚਾ ਖ਼ਿਆਲ ਰੱਖਿਆ ਜਾਂਦਾ ਹੈ। ਛੋਟੇ ਆਕਾਰ ਦੇ ਪੱਤੇ ਨੂੰ ਇਕੱਲਾ ਹੀ ਵਰਤਿਆ ਜਾਂਦਾ ਹੈ, ਜੇਕਰ ਪੱਤੇ ਦਾ ਆਕਾਰ ਵੱਡਾ ਹੋਵੇ ਤਾਂ ਉਸਦੇ ਦੋ ਭਾਗ

ਕਰ ਲਏ ਜਾਂਦੇ ਹਨ। ਉਪਰੰਤ ਇਕ ਹਿੱਸਾ ਖੱਬੇ ਪਾਸੇ ਤੀਲਾਂ ਦੀ ਮਦਦ ਨਾਲ ਜੋੜਿਆ ਜਾਂਦਾ ਹੈ ਅਤੇ ਦੂਸਰਾ ਹਿੱਸਾ ਸੱਜੇ ਪਾਸੇ ਜੋੜ ਲਿਆ ਜਾਂਦਾ ਹੈ। ਇਸ ਵਿਧੀ ਵਿਧਾਨ ਥਾਣੀ ਗੁਜ਼ਰਦੀ ਹੋਈ ਸੰਪੂਰਨ ਪੱਤਲ ਤਿਆਰ ਹੋ ਜਾਂਦੀ ਹੈ। ਇੱਕ ਮੁਕੰਮਲ ਪੱਤਲ ਤਿਆਰ ਕਰਨ ਲਈ ਦੋ ਮਿੰਟ ਸਮਾਂ ਲਾਜ਼ਮੀ ਹੈ।

ਲੋਕ ਕਲਾ ਪੱਤਲ ਦੀ ਵਰਤੋਂ ਵਿਭਿੰਨ ਮੌਕਿਆਂ ਜਿਵੇਂ ਵਿਆਹ, ਜਨਮ ਦਿਨ, ਧਾਰਮਿਕ ਪ੍ਰੋਗਰਾਮਾਂ ਆਦਿ ਵਿੱਚ ਹੁੰਦੀ ਹੈ। 'ਪੱਤਲ' ਦਾ ਸਬੰਧ ਲੋਕ ਕਲਾ ਕਾਵਿ ਰੂਪ ਪੱਤਲ ਨਾਲ ਵੀ ਜੁੜਦਾ ਹੈ। ਵਿਆਹ ਦੇ ਮੌਕੇ 'ਤੇ ਜੰਞ ਦੇ ਖਾਣਾ ਖਾਣ ਸਮੇਂ ਪੱਤਲ ਬੰਨਣ ਦਾ ਰਿਵਾਜ਼ ਪ੍ਰਚਲਿਤ ਸੀ। ਪੱਤਲ ਛੁਡਾਉਣ ਤੋਂ ਪਹਿਲਾਂ ਕੋਈ ਵੀ ਖਾਣਾ ਨਹੀਂ ਖਾ ਸਕਦਾ ਸੀ। ਇੰਜ 'ਪੱਤਲ' ਕੇਵਲ ਇੱਕ ਉਪਯੋਗੀ ਲੋਕ ਕਲਾ ਨਹੀਂ ਸਗੋਂ ਸੁਹਜ ਰਸ ਦੀ ਤ੍ਰਿਪਤੀ ਵੀ ਕਰਦੀ ਹੈ। ਜਿਵੇਂ-

ਤੁਲਸੀ ਪੂਜਣ ਮੈਂ ਚੱਲੀ, ਸੱਠ ਸਹੇਲੀਆਂ ਨਾਲ
ਜੰਞੀਓ ਤੁਹਾਨੂੰ ਬੰਨ੍ਹ ਤਾ, ਬੰਨ੍ਹ ਤੇ ਤੁਹਾਡੇ ਥਾਲ।

ਅਜੋਕਾ ਯੁੱਗ ਵਿਸ਼ਵੀਕਰਨ ਦਾ ਯੁੱਗ ਹੈ ਇਸ ਵਿੱਚ ਮਸ਼ੀਨੀ ਸਭਿਅਤਾ ਦੇ ਵਿਕਾਸ ਸਦਕਾ ਲੋਕ-ਜੀਵਨ ਵਿਚ ਬਹੁਤ ਸਾਰੀਆਂ ਤਬਦੀਲੀਆਂ ਵਾਪਰ ਰਹੀਆਂ ਹਨ। ਆਧੁਨਿਕ ਸਮੇਂ ਵਿੱਚ ਪੱਤਲ ਦੀ ਵਰਤੋਂ ਘੱਟਣ ਨਾਲ ਇਹ ਲੋਕ ਕਲਾ ਵੀ ਸਾਡੇ ਹੱਥੋਂ ਖੁਸਦੀ ਜਾ ਰਹੀ ਹੈ। ਇਸ ਥਾਂ ਅੱਜ ਡਿਸਪੋਜ਼ਲ ਪਲੇਟਾਂ ਨੇ ਲੈ ਲਈ ਹੈ। ਹੁਣ ਇਹ ਲੋਕ ਕਲਾ ਕਿਤੇ-ਕਿਤੇ ਪਿੰਡਾਂ ਵਿੱਚ ਵੇਖਣ ਨੂੰ ਮਿਲਦੀ ਹੈ ਜਿੱਥੇ ਕਿ ਆਧੁਨਿਕਤਾ ਦਾ ਪ੍ਰਭਾਵ ਘੱਟ ਪਿਆ ਹੈ। ਇਹ ਲੋਕ ਕਲਾ ਦਿਨੋ-ਦਿਨ ਆਧੁਨਿਕਤਾ ਦੀ ਮਾਰ ਹੇਠ ਲੋਪ ਹੋਣ ਦੀ ਕਗਾਰ 'ਤੇ ਖੜੀ ਹੈ ਅਤੇ ਨਾਲ ਹੀ ਲੋਕ-ਸਾਹਿਤ ਦੀ ਵੰਨਗੀ ਲੋਕ ਕਾਵਿ ਰੂਪ ਪੱਤਲ ਵੀ ਲੋਪ ਹੋ ਜਾਵੇਗਾ। ਜਿਨ੍ਹਾਂ ਬਜ਼ੁਰਗਾਂ ਨੇ ਅਜਿਹੀਆਂ ਲੋਕ-ਕਲਾਵਾਂ ਨੂੰ ਆਪਣੇ ਸੀਨੇ ਵਿੱਚ ਸੰਭਾਲ ਰੱਖਿਆ ਹੈ, ਉਹ ਵੀ ਦਿਨ ਪ੍ਰਤੀ ਦਿਨ ਇਸ ਜਹਾਨ ਤੋਂ ਰੁਖ਼ਸਤ ਹੋ ਰਹੇ ਹਨ। ਸਾਡੀ ਨੌਜਵਾਨ ਪੀੜ੍ਹੀ ਆਪਣੀ ਇਸ ਮੁੱਲਵਾਨ ਵਿਰਾਸਤ ਤੋਂ ਅਭਿੱਜ ਹੈ। ਅਜਿਹੀ ਸਥਿਤੀ ਵਿੱਚ ਇਨ੍ਹਾਂ ਲੋਕ ਕਲਾਵਾਂ ਦੀ ਸਾਂਭ-ਸੰਭਾਲ ਕਰਨਾ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ।

* * *

# ਪੁਆਧ ਦੀਆਂ ਜਲਗਾਹਾਂ

-ਡਾ. ਜਗੀਰ ਸਿੰਘ ਢੇਸਾ

ਪੁਆਧ ਪੰਜਾਬ ਦਾ ਮਹੱਤਵਪੂਰਨ ਖਿੱਤਾ ਹੈ। ਇਸ ਦੀ ਭੂਗੋਲਿਕ ਸੁੰਦਰਤਾ ਦੀ ਆਪਣੀ ਵਿਲੱਖਣਤਾ ਹੈ, ਜਿਸ ਵਿਚਲਾ ਬਹੁਤਾ ਹਿੱਸਾ ਅਰਧ-ਪਹਾੜੀ ਹੈ। ਇਹ ਪਹਾੜੀ ਖੇਤਰ ਕੁਦਰਤੀ ਨਜ਼ਾਰਿਆਂ ਨਾਲ ਇਕ ਖ਼ੂਬਸੂਰਤ ਦਿੱਖ ਪੇਸ਼ ਕਰਦਾ ਹੈ। ਇਸ ਖੇਤਰ ਦੀ ਜੈਵਿਕ ਵਿਭਿੰਨਤਾ ਆਪ ਮੂੰਹੋਂ ਬੋਲਦੀ ਹੈ ਅਤੇ ਇਸ ਵਿਭਿੰਨਤਾ ਨੂੰ ਬਚਾਈ ਰੱਖਣ ਵਿੱਚ ਸ਼ਿਵਾਲਿਕ ਪਹਾੜੀਆਂ ਦਾ ਅਹਿਮ ਯੋਗਦਾਨ ਹੈ। ਇਹ ਪਹਾੜੀਆਂ ਸੁੰਦਰ ਤਾਂ ਹਨ ਹੀ, ਇਸ ਤੋਂ ਬਿਨਾਂ ਇਨ੍ਹਾਂ ਵਿੱਚ ਮੌਜੂਦ ਬਨਸਪਤੀ, ਦਰੱਖਤ, ਜੜ੍ਹੀਆਂ-ਬੂਟੀਆਂ ਅਤੇ ਜੰਗਲੀ ਪਸ਼ੂ-ਪੰਛੀ ਇਸ ਖੇਤਰ ਨੂੰ ਇਕ ਅਨੋਖੀ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ। ਇਸ ਖੇਤਰ ਦੀ ਇਤਿਹਾਸਕ ਮਹੱਤਤਾ ਵੀ ਹੈ। ਇਹ ਖੇਤਰ ਸਿੱਖ ਗੁਰੂ ਸਾਹਿਬਾਨ ਦੀ ਕਰਮ ਭੂਮੀ ਅਤੇ ਰਣ ਭੂਮੀ ਰਿਹਾ ਹੈ। ਇਹ ਆਪਣੀ ਗੋਦ ਵਿੱਚ ਸਿੰਧੂ ਘਾਟੀ ਦੀ ਸਭਿਅਤਾ ਨੂੰ ਸੰਭਾਲੀ ਬੈਠਾ ਹੈ।

ਪੁਆਧ ਦੇ ਇਸ ਖੇਤਰ ਦੀਆਂ ਜਲਗਾਹਾਂ ਸੰਸਾਰ ਪ੍ਰਸਿੱਧ ਹਨ। ਇਹ ਜਲਗਾਹਾਂ ਇਸ ਖਿੱਤੇ ਨੂੰ ਸੁੰਦਰ ਬਣਾਉਣ ਵਿੱਚ ਅਹਿਮ ਯੋਗਦਾਨ ਪਾ ਰਹੀਆਂ ਹਨ। ਪੁਆਧ ਖਿੱਤੇ ਵਿੱਚ ਦੋ ਮੁੱਖ ਜਲਗਾਹਾਂ ਹਨ ਅਤੇ ਇਨ੍ਹਾਂ ਦਾ ਨਿਰਮਾਣ ਮਨੁੱਖ ਨੇ ਬਾਖ਼ੂਬੀ ਕੀਤਾ ਹੈ। ਇਹ ਜਲਗਾਹਾਂ ਇਸ ਖੇਤਰ ਦੀਆਂ ਨਿਵੇਕਲੀਆਂ ਜਲਗਾਹਾਂ ਹਨ ਜੋ ਪੁਆਧ ਖਿੱਤੇ ਦੇ ਵਿਕਾਸ ਦੀਆਂ ਪ੍ਰਤੀਕ ਵੀ ਹਨ। ਇਹ ਜਲਗਾਹਾਂ ਰੋਪੜ ਅਤੇ ਨੰਗਲ ਝੀਲ ਹਨ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦਾ ਸਿਰ ਹਮੇਸ਼ਾ ਕੁੱਲ ਲੁਕਾਈ ਵਿੱਚ ਮਾਣ ਨਾਲ ਉੱਚਾ ਰਿਹਾ ਹੈ। ਇਨ੍ਹਾਂ ਪੰਜ ਦਰਿਆਵਾਂ ਵਿੱਚੋਂ ਸਤਲੁਜ ਦਰਿਆ ਦਾ ਆਪਣਾ ਮਹੱਤਵ ਹੈ।

ਇਸ ਦਰਿਆ ਉੱਤੇ ਬਣਾਏ ਗਏ ਬੰਨ੍ਹ ਕਾਰਨ ਰੋਪੜ ਜਲਗਾਹ ਦਾ ਜਨਮ ਹੋਇਆ। ਇਸ ਦਾ ਕੁੱਲ ਖੇਤਰਫਲ 13.65 ਵਰਗ ਕਿਲੋਮੀਟਰ ਹੈ। ਇਸ ਜਲਗਾਹ ਨੂੰ 1991 ਵਿੱਚ ਮਾਨਤਾ ਪ੍ਰਾਪਤ ਹੋਈ। ਇਸ ਰਾਸ਼ਟਰੀ ਪੱਧਰ ਦੀ ਮਾਨਤਾ ਮਿਲਣ ਕਾਰਨ ਇਸ ਜਲਗਾਹ ਦੀ ਮਕਬੂਲੀਅਤ ਹੋਰ ਵੱਧ ਗਈ। ਉਂਜ ਇਹ ਜਲਗਾਹ ਭਾਵੇਂ 1952 ਵਿੱਚ ਹੋਂਦ ਵਿੱਚ ਆ ਚੁੱਕੀ ਸੀ। 2002 ਵਿੱਚ ਇਸ

ਜਲਗਾਹ ਨੂੰ ਅੰਤਰਰਾਸ਼ਟਰੀ ਮਾਨਤਾ ਵੀ ਪ੍ਰਾਪਤ ਹੋ ਗਈ। ਇਸ ਜਲਗਾਹ ਦੇ ਜੰਗਲੀ ਖਿੱਤੇ ਵਿੱਚ ਅਨੇਕਾਂ ਕਿਸਮਾਂ ਦੇ ਪੰਛੀਆਂ ਦਾ ਬਸੇਰਾ ਹੈ। ਪਸ਼ੂਆਂ ਦੀ ਵੰਨ- ਸੁਵੰਨਤਾ ਵੀ ਇਸ ਖਿੱਤੇ ਦੀ ਰੌਣਕ ਵਧਾਉਂਦੀ ਹੈ। ਜੰਗਲੀ ਸੂਰ ਇਸ ਇਲਾਕੇ ਦਾ ਪ੍ਰਸਿੱਧ ਜਾਨਵਰ ਹੈ। ਇਸ ਜਲਗਾਹ ਦੇ ਪਾਣੀਆਂ ਵਿੱਚ ਅਨੇਕਾ ਕਿਸਮ ਦੀਆਂ ਮੱਛੀਆਂ ਅਤੇ ਪਾਣੀ ਦੇ ਅਨੇਕਾਂ ਜੰਤੂ ਵੀ ਪਾਏ ਜਾਂਦੇ ਹਨ।

ਪੁਆਧ ਖਿੱਤੇ ਦੀ ਦੂਜੀ ਜਲਗਾਹ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਘੱਟ ਖ਼ੂਬਸੂਰਤ ਨਹੀਂ ਹੈ। ਇਹ ਹੈ ਨੰਗਲ ਝੀਲ। ਇਹ ਨੰਗਲ ਡੈਮ ਦੇ ਪਿਛਲੇਰੇ ਹਿੱਸੇ ਵਿੱਚ ਸਥਿਤ ਹੈ, ਜਿੱਥੇ ਸਤਲੁਜ ਦਰਿਆ ਇੱਕ ਵੱਡੀ ਝੀਲ ਦਾ ਰੂਪ ਧਾਰਨ ਕਰਦਾ ਹੈ। ਇਸ ਦਾ ਖੇਤਰਫਲ 4 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਇਸ ਜਲਗਾਹ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੈ। ਰੋਪੜ ਜਲਗਾਹ ਨੂੰ ਵੀ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੈ। ਰੋਪੜ ਜਲਗਾਹ ਵਾਂਗ ਹੀ ਨੰਗਲ ਜਲਗਾਹ ਵੀ ਅਨੇਕਾਂ ਕਿਸਮਾਂ ਦੇ ਜੀਵ-ਜੰਤੂ, ਪਸ਼ੂ ਪੰਛੀ ਆਪਣੇ-ਆਪ ਵਿੱਚ ਸਮੋਈ ਬੈਠੀ ਹੈ।

ਤੀਜੀ ਜਲਗਾਹ ਪਿੰਡ ਮੋਟੇਮਾਜਰਾ (ਨੇੜੇ ਪਿੰਡ ਤੰਗੌਰੀ) ਜ਼ਿਲ੍ਹਾ, ਐਸ.ਏ.ਐਸ. ਨਗਰ, 'ਚ ਪੈਂਦੀ ਹੈ। ਇਹ ਢਾਬ ਲਗਪਗ 25 ਏਕੜ 'ਚ ਫੈਲੀ ਹੋਈ ਹੈ। ਇੱਥੇ ਦਸੰਬਰ ਦੇ ਅੰਤ 'ਚ ਜਨਵਰੀ ਦੇ ਅਰੰਭ 'ਚ ਪਰਵਾਸੀ ਪੰਛੀਆਂ ਦੀ ਆਮਦ ਹੋ ਜਾਂਦੀ ਹੈ। ਸੰਘਾੜਿਆਂ ਦੀ ਉਪਜ ਲਈ ਇਸ ਢਾਬ ਨੂੰ ਠੇਕੇ 'ਤੇ ਦੇਣ ਕਾਰਨ, ਪੰਛੀਆਂ ਨੂੰ ਮੁਸ਼ਕਲਾਂ ਵੀ ਆਉਂਦੀਆਂ ਹਨ। ਸਾਇਬੇਰੀਆ ਅਤੇ ਠੰਢੇ ਮੁਲਕਾਂ ਤੋਂ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤਹਿ ਕਰ ਕੇ ਮੁਰਗਾਬੀ, ਕਾਲੇ ਚਿੱਟੇ ਲਾਲ ਮੱਗ ਅਤੇ ਕਈ ਹੋਰ ਪੰਛੀ ਹਾਜ਼ਰੀ ਭਰਦੇ ਹਨ। ਇਹ ਪਿੰਡ ਬਨੂੜ ਤੋਂ ਖਰੜ ਹਾਈਵੇ ਉੱਤੇ ਡੇਢ ਕੁ ਕਿਲੋਮੀਟਰ ਸੜਕ ਤੋਂ ਹਟਵਾਂ ਬਾਬਾ ਬੰਦਾ ਸਿੰਘ ਬਹਾਦਰ ਪਾਲੀ ਟੈਕਨਿਕ ਤੰਗੋਰੀ ਕਾਲਜ ਦੇ ਪਿੱਛੇ ਸਥਿਤ ਹੈ।

ਇਨ੍ਹਾਂ ਜਲਗਾਹਾਂ ਦੀ ਮਹੱਤਤਾ ਇਸ ਗੱਲ ਵਿੱਚ ਵੀ ਹੈ ਕਿ ਇੱਥੇ ਸਰਦੀਆਂ ਦੌਰਾਨ ਹਜ਼ਾਰਾਂ ਪਰਵਾਸੀ ਪੰਛੀ ਆਉਂਦੇ ਹਨ, ਰਹਿੰਦੇ ਹਨ ਅਤੇ ਫਿਰ ਚਲੇ ਜਾਂਦੇ ਹਨ। ਮਨੁੱਖੀ ਸ਼ਕਤੀ ਅਤੇ ਕੁਦਰਤੀ ਰਚਨਾ ਦੇ ਨਾਲ ਬਣੀਆਂ ਇਹ ਜਲਗਾਹਾਂ ਸੁਰਗਾਂ ਦੀ ਤਸਵੀਰ ਵਾਂਗ ਲਿਸ਼ਕੋਰ ਪ੍ਰਦਾਨ ਕਰਦੀਆਂ ਹਨ।

***

## ਖੰਡ - ਦੂਜਾ

ਕਦੇ ਕਿਲ੍ਹੇ ਸਨ ਮਹਿਲ-ਮੁਨਾਰੇ ਮਾਲਕਾਂ ਦੇ
ਹੁਣ ਖੰਡਰ ਹੋਏ ਕਥਾ ਸੁਣਾਉਂਦੇ ਲਗਦੇ ਨੇ,
ਸਮਿਆਂ ਨੇ ਕੀ ਰੰਗ ਵਟਾਇਆ ਵੇਖ ਲਵੋ
ਸੁੰਨੀਆਂ ਥਾਵਾਂ ਥੀਂ ਕਬੂਤਰ ਉਡਦੇ ਲਗਦੇ ਨੇ।

# ਪੁਆਧ ਦੇ ਕਿਲ੍ਹਿਆਂ ਦੇ ਖੰਡਰਾਂ 'ਚੋਂ ਬੋਲਦਾ ਇਤਿਹਾਸ

ਪੁਆਧ ਦੇ ਕਿਲ੍ਹਿਆਂ ਦਾ ਇਤਿਹਾਸ ਬੜਾ ਰੌਚਿਕ ਅਤੇ ਇਤਿਹਾਸ ਦੇ ਪੱਖੋਂ ਬੜਾ ਮਹੱਤਵਪੂਰਨ ਹੈ। ਪਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਕਿਲ੍ਹਿਆਂ ਦੀ ਸਾਂਭ-ਸੰਭਾਲ ਲਈ ਉਨ੍ਹਾਂ ਦੇ ਵਾਰਸਾਂ ਨੇ ਲਾਪ੍ਰਵਾਹੀ ਤੇ ਬੇਗੌਰੀ ਦਿਖਾਉਣ ਕਾਰਨ, ਉਨ੍ਹਾਂ ਦੀ ਹਾਲਤ ਖੰਡਰ ਬਣਨ ਤੱਕ ਹੋ ਗਈ। ਇਨ੍ਹਾਂ ਕਿਲ੍ਹਿਆਂ ਬਾਰੇ ਮੁਕੰਮਲ ਜਾਣਕਾਰੀ ਵੀ ਉਪਲਬਧ ਨਹੀਂ ਹੋ ਰਹੀ। ਬੀਤ ਚੁੱਕੇ ਇਤਿਹਾਸ ਦੇ ਪੰਨਿਆਂ ਨੂੰ ਘੋਖਦਿਆਂ ਇਨ੍ਹਾਂ ਕਿਲ੍ਹਿਆਂ ਦੀ ਰਾਜਸੀ ਪ੍ਰਬੰਧ ਵੱਜੋਂ ਅਹਿਮ ਭੂਮਿਕਾ ਰਹੀ ਹੈ। ਦੁੱਖ ਦੀ ਗੱਲ ਹੈ ਕਿ ਆਪਣੇ ਵਿਰਸੇ ਦੀ ਵਿਰਾਸਤ ਨੂੰ ਸੰਭਾਲਣ ਤੇ ਸੁਰੱਖਿਅਤ ਰੱਖਣ ਵਾਲੇ ਹੱਕਦਾਰ ਪਰਿਵਾਰਾਂ ਨੇ ਧਿਆਨ ਨਹੀਂ ਦਿੱਤਾ ਜਿਸ ਕਾਰਨ ਇਹ ਕਿਲ੍ਹੇ ਖੰਡਰ ਬਣ ਗਏ ਤੇ ਇਨ੍ਹਾਂ ਬਾਰੇ ਜਾਣਕਾਰੀ ਵੀ ਸਾਡੇ ਹੱਥੋਂ ਗੁੰਮ-ਗੁਆਚ ਗਈ। ਮੁਗਲ-ਕਾਲ, ਸਿੱਖ ਰਾਜ ਤੇ ਅੰਗਰੇਜ਼-ਕਾਲ ਦੇ ਸਮਿਆਂ 'ਚ ਇਨ੍ਹਾਂ ਕਿਲ੍ਹਿਆਂ ਦੀ ਹੋਂਦ ਹੋਈ ਤੇ ਸਮੇਂ-ਸਮੇਂ ਰਾਜਿਆਂ, ਮਹਾਰਾਜਿਆਂ, ਸਰਦਾਰਾਂ ਤੇ ਸਿੰਘਾਂ ਨੇ ਇਨ੍ਹਾਂ ਕਿਲ੍ਹਿਆਂ ਰਾਹੀਂ ਆਪਣੇ-ਆਪਣੇ ਰਾਜ-ਪ੍ਰਬੰਧ ਦਾ ਸਿੱਕਾ ਕਾਇਮ ਕੀਤਾ। ਦੇਸ ਦੀ ਅਜ਼ਾਦੀ (1947) ਤੋਂ ਬਾਅਦ, ਰਜਵਾੜਿਆਂ ਦੇ ਇਨ੍ਹਾਂ ਕਿਲ੍ਹਿਆਂ ਦੀ ਢਹਿ-ਢੇਰੀ ਅਵਸਥਾ ਭਾਵ ਪਤਨ ਦਾ ਯੁੱਗ ਸ਼ੁਰੂ ਹੁੰਦਾ ਹੈ। ਬੀਤੇ ਸਮਿਆਂ ਵਿੱਚ ਇਨ੍ਹਾਂ ਕਿਲ੍ਹਿਆਂ ਦੀ ਬਣਤਰ ਇਮਾਰਤੀ-ਕਲਾ ਦਾ ਉੱਤਮ ਨਮੂਨਾ ਸੀ ਜਿਨ੍ਹਾਂ ਨੂੰ ਬਣਾਉਣ ਮਾਹਰ ਕਾਰੀਗਰਾਂ, ਮਜ਼ਦੂਰਾਂ ਤੇ ਪ੍ਰਬੰਧਕਾਂ ਦਾ ਹੱਥ ਹੁੰਦਾ ਸੀ। ਸਾਸ਼ਕਾਂ (ਮਾਲਕਾਂ) ਦੀ ਰਾਜਧਾਨੀ ਦਾ ਗੜ੍ਹ ਹੁੰਦੇ ਸਨ। ਸੁਰੱਖਿਆ ਲਈ ਵਿਸ਼ੇਸ਼ ਯੋਜਨਾ ਉਲੀਕੀ ਜਾਂਦੀ ਸੀ। ਸ਼ਾਹੀ ਫੁਰਮਾਨ ਤੇ ਦਰਬਾਰੀ ਫੈਸਲੇ ਲਏ ਜਾਂਦੇ ਸਨ। ਮਨੋਰੰਜਨ ਦੇ ਸ਼ਾਹੀ ਪ੍ਰਬੰਧ ਹੁੰਦੇ ਸਨ। ਕਿਲ੍ਹਿਆਂ ਨੂੰ ਜਿੱਤਣ ਲਈ ਜੰਗ ਲੜੇ ਜਾਂਦੇ ਸਨ। ਸਾਸ਼ਕਾਂ ਦੀ ਸਲੱਤਨਤ ਦੇ ਪ੍ਰੀਤਕ ਕਿਲ੍ਹੇ ਹੀ ਹੁੰਦੇ ਹਨ।

ਜਿੰਨੇ ਕੁ ਕਿਲ੍ਹਿਆਂ ਬਾਰੇ ਜਾਣਕਾਰੀ ਮਿਲ ਸਕੀ ਹੈ, ਉਨ੍ਹਾਂ ਬਾਰੇ ਸਾਡੇ ਲੇਖਕਾਂ ਨੇ ਆਪਣੇ ਨਿਜੀ-ਵਸੀਲਿਆਂ ਤੇ ਸਾਧਨਾਂ ਰਾਹੀਂ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੋਰ ਵਧੇਰੇ ਜਾਣਕਾਰੀ ਦੇਣ ਲਈ ਪਾਠਕਾਂ ਦੇ ਅਸੀਂ ਧੰਨਵਾਦੀ ਹੋਵਾਂਗੇ। ਮੈਂ, ਆਪਣੇ ਲੇਖਕਾਂ ਦੇ ਇਸ ਸਹਿਯੋਗ ਲਈ ਧੰਨਵਾਦੀ ਹਾਂ।

ਸੰਪਾਦਕ

# ਪਿੰਡ ਬੁੜੈਲ ਅਤੇ ਉਸਦਾ ਇਤਿਹਾਸਕ ਕਿਲ੍ਹਾ

**- ਕਸ਼ਮੀਰ ਕੌਰ ਸੰਧੂ**

ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਸ਼ੁਰੂ ਹੋ ਕੇ ਆਲੇ-ਦੁਆਲੇ ਦੂਰ ਤਕ ਵਸੇ, ਅੰਬਾਲਾ ਜ਼ਿਲ੍ਹੇ ਵਿਚ ਪੈਂਦੇ ਪਿੰਡਾਂ ਦਾ ਇਲਾਕਾ ਪੁਆਧ ਖੇਤਰ ਕਹਾਉਂਦਾ ਹੈ। ਚੰਡੀਗੜ੍ਹ ਦੇ ਪਸਾਰ ਤੋਂ ਪਹਿਲਾਂ ਸਾਡੇ ਪਿੰਡ ਬੁੜੈਲ ਦੇ ਮਕਾਨਾਂ ਦੀਆਂ ਛੱਤਾਂ ਤੋਂ ਸ਼ਿਵਾਲਿਕ ਦੀਆਂ ਪਹਾੜੀਆਂ ਬੜੀਆਂ ਸਾਫ਼ ਅਤੇ ਸੁੰਦਰ ਨਜ਼ਰ ਆਉਂਦੀਆਂ ਸਨ। ਰਾਤ ਵੇਲੇ ਉਨ੍ਹਾਂ ਉੱਤੇ ਵਸੇ ਹੋਏ ਲੋਕਾਂ ਦੇ ਮਕਾਨਾਂ ਦੀਆਂ ਜਗਦੀਆਂ ਰੌਸ਼ਨੀਆਂ ਜੁਗਨੂੰਆਂ ਵਾਂਗ ਟਿਮਟਿਮਾਉਂਦੀਆਂ। ਗਰਮੀਆਂ ਦੀਆਂ ਰਾਤਾਂ ਨੂੰ ਅਸੀਂ ਇਨ੍ਹਾਂ ਰੌਸ਼ਨੀਆਂ ਨੂੰ ਕਿੰਨੀ ਕਿੰਨੀ ਦੇਰ ਤਕ ਨਿਹਾਰਦੇ ਰਹਿੰਦੇ।

ਮੇਰਾ ਪਿੰਡ ਬੁੜੈਲ ਪੁਆਧ ਇਲਾਕੇ ਵਿੱਚ ਪੈਂਦਾ ਹੈ। 1966 ਤੋਂ ਪਹਿਲਾਂ ਜਦੋਂ ਡਾਕੀਆ ਆਉਂਦਾ ਤਾਂ ਚਿੱਠੀ 'ਤੇ ਮੇਰੇ ਬਾਪੂ ਜੀ ਦਾ ਨਾਂ 'ਤੇ ਪਤਾ ਇਸ ਤਰ੍ਹਾਂ ਲਿਖਿਆ ਹੁੰਦਾ...."ਡਾਕਟਰ ਲੱਖਾ ਸਿੰਘ ਸੰਧੂ, ਪਿੰਡ ਬੜੈਲ, ਡਾਕਖ਼ਾਨਾ ਖ਼ਾਸ, ਤਹਿਸੀਲ ਖਰੜ ਤੇ ਜ਼ਿਲ੍ਹਾ ਅੰਬਾਲਾ (ਪੰਜਾਬ)।"

1-1-1966 ਤੋਂ ਬਾਅਦ ਅੰਬਾਲਾ (ਅਰਥਾਤ ਅੰਬਾ-ਵਾਲਾ) ਹਰਿਆਣੇ ਵਿਚ ਚਲਾ ਗਿਆ, ਖਰੜ ਪੰਜਾਬ ਵਿਚ ਤੇ ਬੁੜੈਲ ਚੰਡੀਗੜ੍ਹ ਵਿੱਚ। ਬੁੜੈਲ ਪਿੰਡ ਅਤੇ ਹੋਰ ਕਈ ਪਿੰਡਾਂ ਦੀ ਜ਼ਰਖੇਜ਼ ਜ਼ਮੀਨ, ਖੇਤ ਅਤੇ ਬਾਗ਼ ਸਰਕਾਰ ਨੇ ਐਕਵਾਇਰ ਕਰ ਲਏ ਤੇ 1952 ਵਿੱਚ ਚੰਡੀਗੜ੍ਹ ਵਸਣਾ ਸ਼ੁਰੂ ਹੋ ਗਿਆ।

ਬੜੇ ਦੁੱਖ ਦੀ ਗੱਲ ਹੈ ਕਿ ਇੱਕ ਸਟੇਟ ਦੇ ਰੂਪ ਵਿੱਚ ਜਾਣਿਆ ਜਾਣ ਵਾਲਾ ਪਿੰਡ ਬੁੜੈਲ ਹੁਣ ਤੰਗ ਗਲੀਆਂ ਵਿੱਚ ਸਿਮਟ ਕੇ ਰਹਿ ਗਿਆ ਹੈ। ਬੁੜੈਲ ਪਿੰਡ ਕਿਸੇ ਸਮੇਂ 52 ਹਜ਼ਾਰ ਬੀਘੇ ਵਿੱਚ ਫੈਲਿਆ ਹੋਇਆ, ਇੱਕ ਸਟੇਟ (ਰਾਜ) ਮੰਨਿਆ ਜਾਂਦਾ ਸੀ। ਇਸਨੂੰ 84 ਪਿੰਡਾਂ ਦਾ ਇੱਕ ਸਮੂਹ ਕਿਹਾ ਜਾਂਦਾ ਸੀ। ਇਸਦੇ 52 ਹਜ਼ਾਰ ਬੀਘੇ ਦੇ ਇਲਾਕੇ ਦੇ ਇਰਦ-ਗਿਰਦ ਬੋਹੜ-ਬਰੋਟੇ (ਬੜ) ਦੇ ਦਰਖ਼ਤਾਂ ਦੀ ਭਰਮਾਰ ਸੀ। ਇਸ ਪਿੰਡ ਨੂੰ ਸੈਂਕੜੇ ਸਾਲ ਪਹਿਲਾਂ ਰਾਜਸਥਾਨ ਤੋਂ ਆਏ ਬਾਬਾ ਬੀਰ ਸਿੰਘ ਨਾਉਂ ਦੇ ਇੱਕ ਰਾਜਪੂਤ ਨੇ ਵਸਾਇਆ ਸੀ। ਬਾਬਾ ਬੀਰ ਤੋਂ "ਬੀਰ-ਬੜ" ਤੇ ਫਿਰ "ਬੁੜੈਲ" ਦੇ ਰੂਪ ਵਿੱਚ ਇਸਦਾ ਵਿਕਾਸ ਹੋਇਆ। ਇਹ ਬੋਹੜ ਵਰਗਾ, ਘੁੱਗ ਵਸਦਾ ਵੱਡਾ ਤੇ ਸ਼ਾਨਦਾਰ ਪਿੰਡ ਬਣਿਆ। ਇਸ ਵਿੱਚ ਨਦੀ-ਜੰਗਲ, ਬਾਗ਼, ਖੇਤ-ਖੂਹ, ਟੋਭੇ, ਮੰਦਰ, ਮਸਜਿਦ,

ਗੁਰਦੁਆਰੇ, ਮੇਲੇ, ਛਿੰਝ, ਗਿੱਧੇ, ਮੋਰ, ਬਘੇਰੇ, ਨਾਗ ਆਦਿ ਸਭ ਕੁਝ ਸੀ।

ਬੁੜੈਲ ਮੁੱਢ ਤੋਂ ਰਾਜਪੂਤਾਂ ਦਾ ਪਿੰਡ ਸੀ, ਪਰ ਇਸ ਵਿੱਚ ਮਝੈਲ ਸਿੰਘ ਸਾਹਿਬਾਨਾਂ ਦੇ ਘਰ ਵੀ ਸਨ। ਪਿੰਡ ਵਿੱਚ ਇੱਕ ਵੱਡਾ ਸ਼ਾਨਦਾਰ ਚਾਰ-ਬੁਰਜੀ ਕਿਲ੍ਹਾ ਵੀ ਸੀ ਜਿਸਦੀ ਦਾਸਤਾਨ ਦਿਲਚਸਪ ਵੀ ਹੈ ਤੇ ਇਤਿਹਾਸਕ ਵੀ। ਅੱਜ ਤੋਂ ਲਗਭਗ 350 ਸਾਲ ਪਹਿਲਾਂ ਮੁਗਲਾਂ ਦੇ ਰਾਜ ਵੇਲੇ, ਇਸ ਕਿਲ੍ਹੇ ਵਿੱਚ ਇੱਕ ਨਿਰਦਈ ਨਵਾਬ ਰਹਿੰਦਾ ਸੀ। ਉਸਦੇ ਜ਼ੁਲਮ ਤੋਂ ਤੰਗ ਆ ਕੇ ਬੁੜੈਲ ਦੇ ਰਾਜਪੂਤਾਂ ਨੇ ਮਾਝੇ ਦੇ ਇਲਾਕੇ ਦੇ ਸਿੰਘ ਸਰਦਾਰਾਂ ਨੂੰ ਮਦਦ ਲਈ ਸੁਨੇਹਾ ਭੇਜਿਆ। ਸੁਨੇਹਾ ਪ੍ਰਵਾਨ ਹੋਇਆ। ਸਿੰਘ-ਸਰਦਾਰਾਂ ਨੇ ਰਾਜਪੂਤਾਂ ਨਾਲ ਸਾਂਝਾ ਮੋਰਚਾ ਬਣਾਕੇ ਸੰਨ 1712 ਵਿੱਚ ਨਵਾਬ ਉੱਤੇ ਚੜ੍ਹਾਈ ਕੀਤੀ ਅਤੇ ਕਿਲ੍ਹਾ ਫ਼ਤਹਿ ਕਰ ਲਿਆ। ਰਾਜਪੂਤਾਂ ਨੇ ਖੁਸ਼ ਹੋ ਕੇ ਕਿਲ੍ਹੇ ਦੇ ਦੋ ਬੁਰਜ ਆਪ ਰੱਖ ਲਏ। ਅਸਲ ਵਿਚ ਰਾਜਪੂਤ ਨਹੀਂ ਸੀ ਚਾਹੁੰਦੇ ਕਿ ਸਿੰਘ ਸਰਦਾਰ ਵਾਪਸ ਮਾਝੇ ਵੱਲ ਰੁਖ਼ਸਤ ਹੋ ਜਾਣ ।ਉਨ੍ਹਾਂ ਨੂੰ ਡਰ ਸੀ ਕਿ ਕਿਧਰੇ ਮੁਗਲ ਫਿਰ ਤੋਂ ਹਮਲਾ ਨਾ ਕਰ ਦੇਣ। ਸਿੰਘ ਸਰਦਾਰਾਂ ਨੇ ਕਿਲ੍ਹੇ ਦੇ ਦੋਵੇਂ ਬੁਰਜ ਸਵੀਕਾਰ ਕਰ ਲਿੱਤੇ। ਉਨ੍ਹਾਂ ਨੇ ਇੱਕ ਬੁਰਜ ਵਿੱਚ ਆਪਣੀ ਰਿਹਾਇਸ਼ ਰੱਖ ਲਿਤੀ ਅਤੇ ਦੂਜੇ ਬੁਰਜ ਵਿੱਚ ਆਪਣਾ (ਮਝੈਲ-ਜੱਟ-ਸਿੱਖਾਂ ਦਾ) ਗੁਰਦੁਆਰਾ ਬਣਾ ਲਿਆ। ਇਹ ਗੁਰਦੁਆਰਾ ਅੱਜ ਵੀ ਪਿੰਡ ਬੜੈਲ ਦੇ ਕਿਲ੍ਹੇ ਦੇ ਉਸੇ ਦੂਜੇ ਬੁਰਜ ਵਿਚ ਬਕਾਇਦਾ ਮੌਜੂਦ ਹੈ।

ਇਸ ਕਿਲ੍ਹੇ ਦੇ ਚਾਰੇ ਬੁਰਜ ਅਸਮਾਨ ਨੂੰ ਛੂੰਹਦੇ ਸਨ। ਹੋਰ ਕਿਲ੍ਹਿਆਂ ਦੀ ਤਰ੍ਹਾਂ ਇਹ ਕਿਲ੍ਹਾ ਵੀ ਪੱਕੀ ਛੋਟੀ ਤੇ ਘੱਟ ਚੌੜੀ ਨਾਨਕਸ਼ਾਹੀ ਇੱਟ ਦਾ ਬਣਿਆ ਹੋਇਆ ਸੀ। ਇਸ ਕਿਲ੍ਹੇ ਦੇ ਗੁਰਦੁਆਰੇ ਵਾਲੇ ਬੁਰਜ ਦਾ ਮੁੱਖ ਦੁਆਰ ਪੱਛਮ ਦਿਸ਼ਾ ਵੱਲ ਸੀ ਜਿਸਦੇ ਮੂਹਰੇ ਇੱਕ ਲੰਬਾ-ਚੌੜਾ ਤੇ ਰੈਂਪ ਨੁਮਾ ਰਸਤਾ ਸੀ। ਇਸੇ ਰੈਂਪ ਵਰਗੇ ਰਸਤੇ ਤੋਂ ਸਿੱਖ -ਸਾਧ ਸੰਗਤ ਗੁਰਦੁਆਰੇ ਵਿੱਚ ਪ੍ਰਵੇਸ਼ ਕਰਦੀ ਸੀ। ਕਿਲ੍ਹੇ ਦੇ ਉੱਤਰ-ਪੂਰਬ ਵੱਲ ਪਿੰਡ ਦਾ ਖੇੜਾ ਸੀ। ਖੇੜਾ ਹੁਣ ਵੀ ਮੌਜੂਦ ਹੈ। ਖੇੜੇ ਕੋਲ ਖੁਲ੍ਹੀ ਥਾਂ ਤੇ ਰਾਮ ਲੀਲਾ ਦੀ ਸਟੇਜ ਲਗਦੀ ਸੀ। ਦੁਸਹਿਰੇ ਤੋਂ ਨੌਂ ਦਿਨ ਪਹਿਲਾਂ ਤਕ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕੀਂ ਰੋਜ਼ ਰਾਤ ਨੂੰ ਤਾਰਿਆਂ ਦੀ ਛਾਵੇਂ ਸਾਡੇ ਪਿੰਡ ਬੜੈਲ ਰਾਮਲੀਲਾ ਵੇਖਣ ਆਉਂਦੇ ਸਨ। ਸਾਡੇ ਪਿੰਡ ਦੀ ਰਾਮਲੀਲਾ ਬੜੀ ਮਸ਼ਹੂਰ ਸੀ। ਉਸਦੇ ਵਿੱਚ ਸਾਡੇ ਪਿੰਡ ਦਾ ਸਭ ਤੋਂ ਵੱਧ ਜ਼ਮੀਨ ਦਾ ਮਾਲਕ ਰਾਜਪੂਤ ਮਾਮਰਾਜ ਜੱਲ੍ਹਾ ਰਾਮਚੰਦਰ ਦਾ ਰੋਲ ਆਪਣੀ ਸੁਰੀਲੀ ਆਵਾਜ਼ ਵਿੱਚ ਗਾ ਕੇ ਅਦਾ ਕਰਦਾ ਸੀ।

ਬੜੇ ਫ਼ਖ਼ਰ ਦੀ ਗੱਲ ਹੈ ਕਿ ਕਿਲ੍ਹੇ ਵਿਚ ਸਭ ਤੋਂ ਪਹਿਲਾਂ ਸਾਡੇ ਪੁਰਖ਼ੇ ਯਾਨੀ ਕਿ ਸੰਧੂ-ਮਝੈਲ ਜੱਟ ਸਿੱਖ ਸਰਦਾਰ ਆਏ ਤੇ ਫਿਰ ਗਿੱਲ, ਬਾਜਵੇ ਆਦਿ ਵੀ ਆ ਕੇ ਵਸ ਗਏ। ਵੈਸੇ ਸਾਡੇ ਪਿੰਡ ਬੁੜੈਲ ਵਿੱਚ ਇਸ ਗੁਰਦੁਅਰੇ ਤੋਂ ਇਲਾਵਾ ਇਕ ਸ਼ਿਵ-ਦੁਆਰ, ਦੋ ਮਸਜਿਦਾਂ, ਦੋ ਗੁੱਗਾ-ਮਾੜੀਆਂ, ਇੱਕ ਬਾਲਮੀਕਿਆਂ ਦਾ ਮੰਦਰ, ਰਵੀਦਾਸੀਆਂ ਦਾ ਗੁਰਦੁਆਰਾ ਅਤੇ ਇੱਥੋਂ ਤੱਕ ਕਿ ਇੱਕ ਸਤੀ ਦਾ ਮੰਦਰ ਵੀ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ ਸਾਡੇ ਪਿੰਡ ਵਿਚ 36 ਬਿਰਾਦਰੀਆਂ ਦੇ ਲੋਕ ਵਸਦੇ ਸਨ। ਵੱਡਾ ਪਿੰਡ ਹੋਣ ਕਰਕੇ ਬੁੜੈਲ ਵਿੱਚ ਹਿੰਦੂ, ਸਿੱਖ ਰਾਜਪੂਤ ਅਤੇ ਮੁਸਮਾਨ ਆਦਿ ਹਰ ਜਾਤ ਤੇ ਹਰ ਧਰਮ ਦੇ ਲੋਕ ਵਸਦੇ ਸਨ। ਇੱਥੇ ਬ੍ਰਾਹਮਣ, ਪਰੋਹਤ, ਕਿਸਾਨ, ਗਡਰੀਏ, ਜੁਲਾਹੇ, ਘੁਮਾਰ, ਛਿੰਬੇ, ਨਾਈ, ਧੋਬੀ, ਦਰਜੀ, ਸੈਂਸੀ, ਬਾਲਮੀਕਿਏ, ਰਵੀਦਾਸੀਏ, ਰਮਦਾਸੀਏ, ਤਰਖਾਣ, ਲੁਹਾਰ, ਸੈਣੀ, ਰਾਜਪੂਤ, ਜੱਟ ਸਿੱਖ ਆਦਿ ਸਾਰੀਆਂ ਬਿਰਾਦਰੀਆਂ ਦੇ ਲੋਕ ਬਕਾਇਦਾ ਵੱਡੀ ਗਿਣਤੀ ਵਿੱਚ ਵਸੇ ਹੋਏ ਸਨ। ਇਹ ਸਭ ਆਪਣਾ ਪਿਤਾ-ਪੁਰਖੀ ਕੰਮ-ਕਾਰ ਕਰਦੇ, ਇੱਕ ਦੂਜੇ ਦਾ ਆਦਰ ਸਤਿਕਾਰ ਕਰਦੇ, ਰਲ-ਮਿਲ ਕੇ ਰਹਿੰਦੇ ਤੇ ਇੱਕ ਸਰਬ-ਸਾਂਝੇ ਸਭਿਆਚਾਰ ਦੀ ਸੋਹਣੀ ਮਿਸਾਲ ਪੇਸ਼ ਕਰਦੇ। ਇਸ ਪਿੰਡ ਵਿੱਚ ਇਕ ਪ੍ਰਾਚੀਨ ਅੰਬ ਪੰਜ ਬੀਘੇ ਵਿਚ ਫੈਲਿਆ ਹੋਇਆ ਹੁੰਦਾ ਸੀ ਜਿਸ ਨੂੰ ਮੈਂ ਅੱਖੀਂ ਵੇਖਿਆ। ਇਸ ਅੰਬ ਦਾ ਫੈਲਾਅ ਇੱਕ ਵੱਡੇ ਛਤਰ ਵਾਂਗ ਸੀ। ਇਸ ਅੰਬ ਦੇ ਫਲ ਦਾ ਭਾਰ 800 ਮਣ ਤੱਕ ਹੁੰਦਾ ਸੀ। ਚੰਡੀਗੜ੍ਹ ਨੂੰ ਵਸਾਉਣ ਦੀ ਯੋਜਨਾ ਅਧੀਨ, ਇਹ ਅਦੁੱਤੀ ਅੰਬ ਬੁਲਡੋਜ਼ਰ ਦੀ ਮਰ ਹੇਠ ਅਜਿਹਾ ਆਇਆ ਕਿ ਇਸ ਦੀ ਹੋਂਦ ਹੀ ਮਿਟਾ ਦਿੱਤੀ ਗਈ, ਨਹੀਂ ਤੇ ਇਹ ਅੰਬ ਸੈਕਟਰ 33 ਦੀ ਆਦਰਸ਼ਿਕ ਖਿੱਚ ਦਾ ਕੇਂਦਰ ਬਣਨਾ ਸੀ।

ਇਸ ਪਿੰਡ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਡਾ. ਲੱਖਾ ਸਿੰਘ ਸੰਧੂ (ਮੇਰੇ ਪਿਤਾ ਜੀ) ਰੀਟਾਇਰਡ ਸਰਕਾਰੀ ਸਰਜਨ, ਚੌਧਰੀ ਦੇਵਾ ਸਿੰਘ,ਸ਼ਾਦੀ ਸਿੰਘ ਐਮ.ਏ. (ਐਡੀਟਰ ਅਕਾਲੀ ਪਤ੍ਰਿਕਾ), ਅਨਰੇਬਲ ਜਸਟਿਸ ਐਮ.ਐਮ.ਐਸ.ਲਿਬਰਹਾਨ (ਆਯੋਧਿਆ ਕਮਿਸ਼ਨ ਦੇ ਜੱਜ), ਰਾਜਪੂਤ ਕਰਮ ਸਿੰਘ ਪਾਰੀਆ, ਡਾ. ਜਸਪਾਲ ਸਿੰਘ, ਜਾਗੀਰਦਾਰ ਉਜਾਗਰ ਸਿੰਘ, ਕਰਣਵੀਰ ਸਿੰਘ ਰਾਣਾ ਜ਼ਿਕਰਯੋਗ ਹਨ। ਚੰਡੀਗੜ੍ਹ, ਯੂ.ਟੀ. ਦੇ 22 ਪਿੰਡਾਂ ਵਿੱਚੋਂ ਇਸ ਪਿੰਡ ਦੀ ਵੱਖਰੀ ਹੀ ਮਹੱਤਤਾ ਹੈ।

# ਪਿੰਡ ਮਨੌਲੀ ਦੇ ਕਿਲ੍ਹੇ ਦੇ ਬੋਲਦੇ ਖੰਡਰ

-ਸੁਖਵਿੰਦਰਜੀਤ ਸਿੰਘ ਮਨੌਲੀ
*ਮੋਬਾਈਲ . 94171-82993*

ਜ਼ਿਲ੍ਹਾ ਮੋਹਾਲੀ ਦੇ ਪਿੰਡ ਮਨੌਲੀ 'ਚ ਸਥਿਤ ਮੁਗ਼ਲ ਕਾਲ ਦਾ ਇਤਿਹਾਸਕ ਕਿਲ੍ਹਾ ਕਦੋਂ ਬਣਾਇਆ ਗਿਆ ਤੇ ਕਿਸ ਨੇ ਇਸ ਦਾ ਨਿਰਮਾਣ ਕਾਰਜ ਕਰਵਾਇਆ ਬਾਰੇ ਇਤਿਹਾਸ ਬਿਲਕੁਲ ਸ਼ਾਂਤ ਹੈ। ਕੌਮੀ ਰਾਜਧਾਨੀ ਦਿੱਲੀ ਤੋਂ ਕਰੀਬ 230 ਕਿਲੋਮੀਟਰ ਦੂਰ ਹੋਣ ਦੇ ਬਾਵਜੂਦ ਮਨੌਲੀ ਦੇ ਕਿਲ੍ਹੇ ਬਾਰੇ ਕੋਈ ਤੱਥ ਨਹੀਂ ਲੱਭਦੇ। ਇਸ ਪਿੰਡ ਮਨੌਲੀ ਦੇ ਕਿਲ੍ਹੇ ਦਾ ਨਿਰਮਾਣ ਕਾਰਜ ਕਿਹੜੇ ਮੁਗ਼ਲ ਬਾਦਸ਼ਾਹ ਵੱਲੋਂ ਕਦੋਂ ਕਰਵਾਇਆ ਗਿਆ ਸੀ, ਇਸ ਬਾਰੇ ਜਾਨਣ ਦੀ ਉਤਸੁਕਤਾ ਕਰਕੇ ਪਿੰਡ ਦੇ ਕੁਝ ਬਜ਼ੁਰਗਾਂ ਨਾਲ ਕਰੀਬ 20 ਸਾਲ ਪਹਿਲਾਂ ਰਾਬਤਾ ਕੀਤਾ ਸੀ, ਪਰ ਸਾਰਿਆਂ ਵੱਲੋਂ ਹੱਥ ਖੜ੍ਹੇ ਕਰ ਦਿੱਤੇ ਗਏ। ਪੁਸ਼ਤ-ਦਰ-ਪੁਸ਼ਤ ਮਨੌਲੀ 'ਚ ਵਸਦੇ ਕੁਝ ਜਾਣਕਾਰਾਂ ਤੋਂ ਇਸ ਕਿਲ੍ਹੇ ਦੇ ਪਿਛੋਕੜ ਬਾਰੇ ਜਾਣਿਆ ਗਿਆ ਤਾਂ ਇਹੋ ਖੁਲਾਸਾ ਹੋਇਆ ਕਿ ਇਸ ਇਤਿਹਾਸਕ ਕਿਲ੍ਹੇ ਦੀ ਵਰਤੋਂ ਮੁਗ਼ਲ ਫ਼ੌਜਾਂ ਵੱਲੋਂ ਲੁਕਵੀਂ ਠਹਿਰ ਤੋਂ ਇਲਾਵਾ, ਵਿਰੋਧੀਆਂ 'ਤੇ ਛੁਪ ਕੇ ਹਮਲਾ ਕਰਨ ਲਈ ਕੀਤੀ ਜਾਂਦੀ ਸੀ। ਇਹ ਵੀ ਦੱਸਿਆ ਗਿਆ ਕਿ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਤੋਂ ਬਾਅਦ ਇਸ ਕਿਲ੍ਹੇ 'ਤੇ ਚੜ੍ਹਾਈ ਕਰਨੀ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮੁਗ਼ਲ ਸਾਸ਼ਕ ਵੱਲੋਂ ਇੱਥੇ ਇੰਨਾ ਵੱਡਾ ਕਿਲ੍ਹਾ ਕਿਉਂ ਉਸਾਰਿਆ ਗਿਆ। ਇਸ ਦੇ ਜਵਾਬ 'ਚ ਇਹੋ ਕਿਹਾ ਜਾ ਸਕਦਾ ਹੈ ਕਿ ਇਹ ਜੰਗਲਨੁਮਾ ਉਜਾੜ ਇਲਾਕਾ ਸੀ, ਜਿਹੜਾ ਦੋਵੇਂ ਪਾਸਿਆਂ ਤੋਂ ਪਹਾੜਾਂ ਤੋਂ ਆਉਂਦੀਆਂ ਦੋ ਨਦੀਆਂ 'ਚ ਘਿਰਿਆ ਹੋਇਆ ਸੀ। ਦੋਵੇਂ ਨਦੀਆਂ ਤੇ ਘਣੇ ਜੰਗਲ ਦੀ ਉੱਚੀ ਚੋਟੀ ਨੂੰ ਸੁਰੱਖਿਅਤਾ ਪੱਖੋਂ ਬਿਹਤਰ ਸਮਝਦਿਆਂ ਮੁਗ਼ਲ ਸਾਸ਼ਕ ਦੇ ਲੜਾਈ ਸਬੰਧੀ ਮਾਹਿਰ ਨੀਤੀਕਾਰਾਂ ਵੱਲੋਂ ਇਸ ਲੁਕਵੀਂ ਜਗ੍ਹਾ 'ਤੇ ਕਿਲ੍ਹੇ ਦੇ ਨਿਰਮਾਣ ਦੀ ਯੋਜਨਾ ਅਮਲ 'ਚ ਲਿਆਂਦੀ ਗਈ ਹੋਵੇਗੀ। ਪਿੰਡ ਮਨੌਲੀ ਦੇ ਸਵਰਗਵਾਸ ਹੋ ਚੁੱਕੇ ਬਜ਼ੁਰਗ ਹਕੀਕਤ ਰਾਏ ਦਾ ਕਹਿਣਾ ਸੀ ਕਿ

ਕਿਲ੍ਹੇ ਦੇ ਇੱਕ ਪਾਸੇ ਵੱਡੀ ਖਾਈ ਮੇਰੇ ਵੱਲੋਂ ਅੱਖੀ ਵੇਖੀ ਗਈ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਦੁਸ਼ਮਣ ਤੋਂ ਬਚਾਅ ਲਈ ਇਹ ਵੱਡੀ ਤੇ ਡੂੰਘੀ ਖਾਈ ਹਰ ਸਮੇਂ ਪਾਣੀ ਨਾਲ ਭਰੀ ਰਹਿੰਦੀ ਸੀ।

ਸ੍ਰੀ ਹਕੀਕਤ ਰਾਏ ਦੇ ਕਿਲ੍ਹੇ ਬਾਰੇ ਵਿਚਾਰ : ਪੁਰਾਣੇ ਹੰਢੇ-ਵਰਤੇ ਤੇ ਪੜ੍ਹੇ-ਲਿਖੇ ਬਜ਼ੁਰਗ ਹਕੀਕਤ ਰਾਏ ਨੇ ਮਨੌਲੀ ਕਿਲ੍ਹੇ ਬਾਰੇ ਜਾਣਕਾਰੀ ਦੇਂਦਿਆ ਦੱਸਿਆ ਸੀ ਕਿ ਮੁਗ਼ਲਾਂ ਦੇ ਜਾਣ ਤੋਂ ਬਾਅਦ ਇਸ ਕਿਲ੍ਹੇ 'ਤੇ ਮਿਸਲਾਂ ਦਾ ਕਬਜ਼ਾ ਹੋ ਗਿਆ ਸੀ। ਅੰਗਰੇਜ਼ ਸਾਮਰਾਜ ਸਮੇਂ ਇਹ ਕਿਲ੍ਹਾ ਨਵਾਬ ਕਪੂਰ ਸਿੰਘ ਨੂੰ ਦੇ ਦਿੱਤਾ। ਕਾਬਲੇਗੌਰ ਹੈ ਕਿ ਨਵਾਬ ਕਪੂਰ ਸਿੰਘ ਦੇ ਨਾਮ 'ਤੇ ਕਪੂਰਥਲਾ ਸ਼ਹਿਰ ਵਸਿਆ ਹੋਇਆ ਹੈ। ਪਿੰਡ ਮਨੌਲੀ ਵਿਚਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਵੀ ਇਕ ਹਾਲ ਦਾ ਨਾਮ ਨਵਾਬ ਕਪੂਰ ਸਿੰਘ ਰੱਖਿਆ ਗਿਆ ਹੈ। ਨਵਾਬ ਕਪੂਰ ਸਿੰਘ ਤੋਂ ਬਾਅਦ ਇਸ ਕਿਲ੍ਹੇ ਦੀ ਮਾਲਕੀ ਸਰਦਾਰ ਉਮਰਾਓ ਸਿੰਘ ਕੋਲ ਰਹੀ।

ਕਿਲ੍ਹੇ ਦੀ ਅੰਦਰੂਨੀ ਬਣਤਰ : ਪਿੰਡ ਮਨੌਲੀ ਦਾ ਪ੍ਰਾਇਮਰੀ ਸਕੂਲ ਬਿਲਕੁਲ ਕਿਲ੍ਹੇ ਦੇ ਨੇੜੇ ਹੋਣ ਸਦਕਾ ਇਸ ਸਕੂਲ 'ਚ ਪੜ੍ਹਦੇ ਸਮੇਂ ਇਸ ਦਾ ਅੰਦਰੂਨੀ ਦ੍ਰਿਸ਼ ਵੇਖਣ ਦਾ ਮੈਨੂੰ ਮੌਕਾ ਨਸੀਬ ਹੋਇਅ। ਮੁਗਲ ਰਾਜਿਆਂ ਜਾਂ ਜਿਸ ਕਿਸੇ ਵੱਲੋਂ ਵੀ ਇਸ ਕਿਲ੍ਹੇ ਦਾ ਨਿਰਮਾਣ ਕਰਵਾਇਆ ਗਿਆ ਹੈ, ਉਹ ਇਸ ਕਰਕੇ ਵਧਾਈ ਦਾ ਪਾਤਰ ਹੈ, ਕਿਉਂਕਿ ਸ੍ਰੋਤਾਂ ਦੀ ਘਾਟ ਦੇ ਬਾਵਜੂਦ ਉਸ ਸਮੇਂ ਜੰਗਲਨੁਮਾ ਥਾਂ 'ਤੇ ਇੰਨਾ ਵੱਡਾ ਕਿਲ੍ਹਾ ਉਸਾਰਨਾ ਆਪਣੇ ਆਪ 'ਚ ਇਕ ਮਿਸਾਲੀ ਕੰਮ ਸੀ। ਕਿਲ੍ਹੇ ਵਿਚਲੀ ਕੰਧ ਚਿੱਤਰਾਂ ਦੀ ਮੀਨਾਕਾਰੀ ਵੇਖਿਆਂ ਕਿਹਾ ਜਾ ਸਕਦਾ ਹੈ ਕਿ ਪੁਰਾਣੇ ਸਮੇਂ 'ਚ ਹੱਥ ਕਲਾ ਭਾਵ ਚੜ੍ਹਦੀ ਕਲਾ 'ਚ ਸੀ। ਸੈਂਕੜੇ ਸਾਲ ਪਹਿਲਾਂ ਬਣੇ ਕਿਲ੍ਹੇ ਦੀ ਬਨਾਵਟ ਤੇ ਰੰਗਾਂ ਨਾਲ ਉੱਕਰੇ ਕੰਧ ਚਿੱਤਰਾਂ ਦੀ ਚਕਾਚੌਂਧ ਨੂੰ ਵੇਖਿਆਂ ਇਹੋ ਕਿਹਾ ਜਾ ਸਕਦਾ ਹੈ ਕਿ ਇਸ ਨੂੰ ਬਣਾਉਣ ਵਾਲੇ ਮਾਹਿਰਾਂ ਦੇ ਯੋਗਦਾਨ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ, ਉਨੀ ਘੱਟ ਹੈ। ਸਾਲ 2012 'ਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ 'ਚ ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਰਾਜ-ਭਾਗ ਸੰਭਾਲਣ ਤੋਂ ਬਾਅਦ ਮੁਗ਼ਲ ਸਾਮਰਾਜ ਵੱਲੋਂ ਸਰਹੰਦੀ ਇੱਟਾਂ ਨਾਲ ਉਸਾਰੇ ਗਏ ਕਿਲ੍ਹੇ ਦੇ ਸੁੱਤੇ ਭਾਗ ਜਾਗਣ ਦਾ ਜਦੋਂ ਸਮਾਂ ਆਇਆ ਉਦੋਂ ਇਹ ਕਿਲ੍ਹਾ ਖੰਡਰ 'ਚ ਤਬਦੀਲ ਹੋ ਚੁੱਕਾ ਸੀ। ਸਰਕਾਰ ਦੇ ਹੁਕਮ ਤੋਂ ਬਾਅਦ ਪੰਜਾਬ ਦੇ ਪੁਰਾਤੱਤਵ ਵਿਭਾਗ ਵੱਲੋਂ

ਕਿਲ੍ਹੇ ਦੀ ਫਾਈਲ ਤਿਆਰ ਕੀਤੀ ਗਈ, ਜਿਸ 'ਚ ਪੁਰਾਣੀਆਂ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਸਬੰਧੀ ਨਿਯਮਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਕਿਲ੍ਹੇ ਨੂੰ ਸਰਕਾਰੀ ਕਬਜ਼ੇ 'ਚ ਲਿਆ ਗਿਆ। ਕਿਲ੍ਹੇ ਦੀ ਫਾਈਲ ਨੂੰ ਭਾਰੀ ਕਰਨ ਵਾਸਤੇ ਮੁੱਖ ਕੰਮ ਆਰੰਭ ਦਿੱਤਾ ਗਿਆ, ਪਰ ਕਿਸੇ ਦੇ ਹੱਥ-ਪੱਲੇ ਕੁਝ ਨਹੀਂ ਲੱਗਾ। ਥੋੜ੍ਹੀ-ਬਹੁਤੀ ਪੁੱਛ-ਪੜਤਾਲ ਤੋਂ ਬਾਅਦ ਫਾਈਲ ਨੂੰ ਅੰਤਮ ਰੂਪ ਦੇਂਦਿਆਂ ਬੰਦ ਕਰ ਦਿੱਤਾ ਗਿਆ। ਕਿਲ੍ਹੇ ਦੀ ਮੌਜੂਦਾ ਹਾਲਤ ਇਹ ਹੈ ਕਿ ਬਚੇ-ਖੁਚੇ ਖੰਡਰਾਂ ਦੀ ਮੁਰੰਮਤ ਕਰਕੇ ਚਾਰੇ ਪਾਸੇ ਕੰਡਿਆਲੀ ਤਾਰ ਵਗਲ ਦਿੱਤੀ ਹੈ। ਪਿੰਡ ਮਨੌਲੀ ਦੇ ਇਤਿਹਾਸਕ ਕਿਲ੍ਹੇ ਦਾ ਨਾਮ ਸਦਾ ਵਾਸਤੇ ਵਿਰਾਸਤੀ ਇਮਾਰਤਾਂ ਦੀ ਸੂਚੀ 'ਚ ਦਰਜ ਹੋ ਚੁੱਕਾ ਹੈ।

* * *

# ਸਿੱਖ ਇਤਿਹਾਸ ਦੀ ਵਿਰਾਸਤ ਕੋਟਲਾ ਨਿਹੰਗ ਦਾ ਕਿਲ੍ਹਾ

- ਡਾ. ਰਾਜਿੰਦਰ ਸਿੰਘ ਕੁਰਾਲੀ
ਮੋ. 7009356607

ਕੋਟਲਾ ਨਿਹੰਗ ਖਾਂ ਦਾ ਕਿਲ੍ਹਾ ਇੱਟਾਂ ਦੀ ਉਸਾਰੀ ਨਹੀਂ ਪ੍ਰੇਮ ਦੀ ਗਾਥਾ ਹੈ, ਸ਼ਰਧਾ ਦੇ ਮਿਨਾਰਾਂ ਦੀ ਖ਼ੂਬਸੂਰਤੀ ਹੈ। ਨਿਹੰਗ ਖਾਂ ਅਤੇ ਉਸ ਦੇ ਪਿਤਾ ਦਸਵੇਂ ਪਾਤਸ਼ਾਹ ਨੂੰ ਵਧੀਆ ਨਸਲ ਦੇ ਘੋੜੇ ਵੇਚਦੇ ਸਨ। ਇਸ ਪਰਿਵਾਰ ਦਾ ਵਪਾਰ ਗੁਰੂ ਪਿਆਰ ਵਿੱਚ ਬਦਲ ਕੇ ਇਬਾਦਤ ਦੇ ਮੁਕੱਦਸ 'ਤੇ ਪਹੁੰਚ ਗਿਆ। ਨਿਹੰਗ ਖਾਂ ਹਕੂਮਤ ਦੇ ਭੈ ਜਾਂ ਲਾਲਚ ਤੋਂ ਮੁਕਤ ਹੋ ਕੇ ਗੁਰੂ ਮੁਰੀਦੀ ਦੇ ਮੰਡਲਾਂ ਵਿੱਚ ਵਿਚਰਦਿਆਂ "ਭਾਈ" ਦਾ ਖਿਤਾਬ ਹਾਸਲ ਕਰ ਲੈਂਦਾ ਹੈ। ਉਹ ਇਸਲਾਮ ਦੀ ਦਰਗਾਹ ਵਿੱਚ ਖੜ੍ਹਾ ਹੈ। ਸਿੱਖ ਧਰਮ ਦੀ ਸਾਂਝੀਵਾਲਤਾ ਦਾ ਦੀਦਾਰ ਉਹ ਸ਼ੇਖ ਫ਼ਰੀਦ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚੋਂ ਕਰਦਾ ਹੈ। ਭਾਈ ਨਿਹੰਗ ਖਾਂ ਤਨ ਮਨ ਧਨ ਸਭ ਗੁਰੂ ਨੂੰ ਸੌਂਪ ਕੇ ਇਲਾਹੀ ਹੁਕਮ ਨੂੰ ਪ੍ਰਵਾਨ ਕਰਦਾ ਹੈ। ਬਾਦਸ਼ਾਹੀ ਹੁਕਮ ਉਸ ਲਈ ਤੁੱਛ ਹੈ। ਉਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਿਆਂ ਦੀ ਸਥਾਪਨਾ ਕਰਨ ਦੇ ਸੰਗਰਾਮ ਵਿਚ "ਗੁਰੂ ਪੁੱਤ" ਬਣ ਕੇ ਖੜ੍ਹ ਜਾਂਦਾ ਹੈ। ਉਸ ਦੀ ਭਾਵਨਾ ਉਸ ਨੂੰ ਇਤਿਹਾਸ ਦਾ ਅਮਰ ਪਾਤਰ ਬਣਾ ਦਿੰਦੀ ਹੈ। ਉਸ ਨੂੰ ਇਤਿਹਾਸ ਵਿੱਚ ਨਿਹੰਗ ਖਾਨ ਵੀ ਲਿਖਿਆ ਮਿਲਦਾ ਹੈ।

ਕੋਟਲਾ ਨਿਹੰਗ ਦੇ ਕਿਲ੍ਹੇ ਅੰਦਰ ਬਣੇ "ਗੁਰਦੁਆਰਾ ਸ਼ਹੀਦ ਗੰਜ ਭਾਈ ਬਚਿੱਤਰ ਸਿੰਘ" 30 ਜੂਨ, 2020 ਨੂੰ ਦਰਸ਼ਨ ਕੀਤੇ। ਇਸ ਕਿਲ੍ਹੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ "ਸੰਖੇਪ ਇਤਿਹਾਸ ਗੁਰਦਆਰਾ ਸ੍ਰੀ ਭੱਠਾ ਸਾਹਿਬ" ਵਿੱਚ ਬਿਨਾਂ ਕਿਸੇ ਹਵਾਲੇ ਤੋਂ 1500 ਤੋਂ 2000 ਸਾਲ ਪੁਰਾਣਾ ਰਾਜਪੂਤਾਂ ਨਾਲ ਸੰਬੰਧਿਤ ਦੱਸਿਆ ਗਿਆ ਹੈ। ਪਰ ਇਸ ਦਾ ਮੌਜੂਦਾ ਰੂਪ ਤੇ ਵਰਤੀਆਂ ਗਈਆਂ ਨਾਨਕਸ਼ਾਹੀ ਇੱਟਾਂ ਇਸ ਨੂੰ 17ਵੀਂ ਸਦੀ ਨਾਲ ਜੋੜਨ ਵਾਲੇ ਦਾਅਬੇ ਨੂੰ ਪੁਖਤਾ ਕਰਦੀਆਂ ਹਨ। ਹੋ ਸਕਦਾ ਹੈ ਸਮੇਂ ਦੇ ਨਾਲ ਇਸ ਦਾ ਰੂਪ ਤੇ ਵਿਸਥਾਰ ਬਦਲਦਾ ਰਿਹਾ ਹੋਵੇ। ਇਸ ਨੂੰ ਮੁਸਲਿਮ ਆਰਕੀਟੈਕਚਰ ਦਾ ਨਮੂਨਾ ਮੰਨਿਆ ਜਾਂਦਾ ਹੈ।

ਗੁਰਦੁਆਰਾ ਸਾਹਿਬ ਵਿਖੇ 35-36 ਸਾਲ ਤੋਂ ਸੇਵਾ ਨਿਭਾ ਰਹੇ ਮਾਛੀਵਾੜਾ ਇਲਾਕੇ ਦੇ ਜੰਮਪਲ ਇਤਿਹਾਸ ਦੀ ਡੂੰਘੀ ਜਾਣਕਾਰੀ ਦਿੱਤੀ। ਇਸ ਕਿਲੇ ਦਾ ਵਿਸਥਾਰ ਨਿਹੰਗ ਖਾਂ ਸਮੇਂ 5 ਏਕੜ ਵਿੱਚ ਫੈਲਿਆ ਹੋਇਆ ਸੀ। ਇਸ ਸਮੇਂ ਕਿਲ੍ਹੇ ਦੀ ਬਚੀ ਕੰਧ ਤੇ ਬੁਰਜ ਦੇ ਅਵਸ਼ੇਸ਼ 50-60 ਫੁੱਟ ਉੱਚੇ ਹਨ ਅਤੇ ਆਪਣੀ ਚੜ੍ਹਤ ਦੇ ਸਮੇਂ ਦੀ ਬਾਤ ਪਾ ਰਹੇ ਹਨ। ਨਿਹੰਗ ਖਾਂ ਦਾ ਪੁਰਖਾ ਸ਼ਾਹ ਸੁਲੇਮਾਨ ਗਜ਼ਨਵੀ ਸੀ। ਉਹ ਤੈਮੂਰ ਦਾ ਸੈਨਾ ਅਧਿਕਾਰੀ ਸੀ।

ਨੌਰੰਗ ਖਾਂ ਸ਼ਮਸ਼ ਖਾਂ ਦਾ ਪੁੱਤਰ ਸੀ। ਇਸ ਦੇ ਘਰ ਗੁਰੂ ਹਰਗੋਬਿੰਦ ਸਾਹਿਬ ਦੇ ਵਰਦਾਨ ਨਾਲ ਨਿਹੰਗ ਖਾਂ ਦਾ ਜਨਮ ਹੋਇਆ। ਪਿੰਡ ਦੀ ਜ਼ਮੀਨ ਦੀ ਉਚਾਈ 10-15 ਫੁੱਟ ਹੈ। ਕਿਲ੍ਹੇ ਦੇ ਅਵਸ਼ੇਸ਼ ਨਾਲ ਲੱਗਦੀ ਉੱਚੀ ਜ਼ਮੀਨ 'ਤੇ ਬਹੁਤ ਸਾਰੇ ਘਰ ਬਣ ਗਏ ਹਨ। ਇਹ ਅਸਲ ਵਿੱਚ ਕਿਲ੍ਹੇ ਦੀ ਹੀ ਜ਼ਮੀਨ ਸੀ। ਗੁਰਦੁਆਰਾ ਸਾਹਿਬ ਦੇ ਨੇੜੇ ਭਾਈ ਨਿਹੰਗ ਖਾਂ ਦੀ ਹਵੇਲੀ ਹੈ। ਇਹ ਕਿਲ੍ਹੇ ਦੇ ਅੰਦਰ ਹੁੰਦੀ ਸੀ। ਇਸ ਸਮੇਂ ਬਾਹਰੋਂ ਅਜੋਕੇ ਮਕਾਨਾਂ ਵਾਂਗ ਦਿਸਦੀ ਹੈ। ਇਸ ਨੂੰ ਅਮਰੀਕਾ ਰਹਿ ਰਹੇ ਮਾਲਕਾਂ ਵਲੋਂ ਤਾਲਾ ਲਗਾਇਆ ਹੋਇਆ ਹੈ। 1947 ਵਿੱਚ ਭਾਈ ਨਿਹੰਗ ਖਾਂ ਦਾ ਪਰਿਵਾਰ ਜਦੋਂ ਪਾਕਿਸਤਾਨ ਗਿਆ ਤਾਂ ਇਹ ਕਿਲ੍ਹਾ ਤੇ ਹਵੇਲੀ ਬਚਿੱਤਰ ਸਿੰਘ ਨਾਮਕ ਵਿਅਕਤੀ ਨੂੰ ਅਲਾਟ ਹੋ ਗਈ। ਗੁਰਦੁਆਰਾ ਸਾਹਿਬ ਦੀ ਕਮੇਟੀ ਤੇ ਸੰਗਤ ਨੇ ਉਸ ਤੋਂ ਜ਼ਮੀਨ ਦਾ ਇੱਕ ਹਿੱਸਾ ਖਰੀਦ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। ਇਸ ਹਵੇਲੀ ਦੁਆਲੇ ਬਹੁਤ ਸਾਰਾ ਉੱਚਾ ਕੱਖ-ਕੰਡਾ ਉਗਿਆ ਹੋਇਆ ਹੈ। ਹਵੇਲੀ ਦਾ ਗੁਜ਼ਰ ਚੁੱਕਿਆ ਮਾਲਕ ਬਚਿਤਰ ਸਿੰਘ ਹਵੇਲੀ ਵਿਚ "ਭਾਈ ਬਚਿੱਤਰ ਸਿੰਘ ਸ਼ਹੀਦ" ਦੇ ਸ਼ਾਸਤਰਾਂ ਦੀ ਧੂਪ-ਬੱਤੀ ਕਰਦਾ ਸੀ।

ਭਾਈ ਬਚਿੱਤਰ ਸਿੰਘ ਗੁਰੂ ਦਾ ਸਪੂਤ ਸੀ। ਗੁਰੂ ਨੂੰ ਅੰਗ-ਸੰਗ ਸਮਝ ਕੇ ਅਨੰਦਪੁਰ ਸਾਹਿਬ ਵਿਖੇ ਮਸਤ ਹਾਥੀ ਨਾਲ ਭਿੜ ਜਾਣ ਵਾਲਾ ਸੂਰਮਾ ਸੀ। ਉਸ ਲਈ ਨਾਗਣੀ ਹਥਿਆਰ ਨਹੀਂ ਗੁਰੂ ਵਰਦਾਨ ਸੀ। ਹਨੇਰਿਆਂ ਨੂੰ ਚੀਰ ਸੁੱਟਣ ਵਾਲੀ ਰਿਸ਼ਮਾਂ ਦੀ ਪ੍ਰਚੰਡਤਾ ਸੀ। "ਗਰਬ ਗੰਜਨੀ ਦੁਸਟ ਭੰਜਨ ਮੁਕਤਿ ਦਾ ਇਕ ਕਾਮ॥" ਦੀ ਓਟ ਸੀ। ਧਰਮ ਲਈ ਰਣ ਵਿਚ ਜੂਝ ਮਰਨ ਦਾ ਚਾਅ ਸੀ। ਉਹ ਮਹਾਨ ਵਿਦਵਾਨ ਤੇ ਦਸ਼ਮੇਸ਼ ਪਿਤਾ ਦੀ ਹਜ਼ੂਰੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਦਮਦਮੀ ਬੀੜ ਲਿਖਣ ਅਤੇ ਬੰਦ-ਬੰਦ ਕਟਵਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ ਦਾ ਪੁੱਤਰ ਸੀ। ਇਸ ਕੁਲ ਦੇ 29 ਸਿੰਘਾਂ ਨੇ ਸ਼ਹਾਦਤ ਪ੍ਰਾਪਤ ਕਰਕੇ ਮਹਾਨ ਇਤਿਹਾਸ ਸਿਰਜਿਆ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਤੇ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਫ਼ੌਜਾਂ ਨੇ ਸ਼ਾਂਤੀ ਲਈ ਆਪਣੇ ਧਰਮ ਦੀ ਕਸਮ ਚੁੱਕ ਕੇ ਕੀਤੇ ਸਮਝੌਤੇ ਨੂੰ ਤੋੜਦਿਆਂ ਵਹਿਸ਼ੀਪੁਣੇ ਤੇ ਧੋਖੇ ਦੀਆਂ ਸਭ ਹੱਦਾਂ ਪਾਰ ਕਰਦਿਆਂ ਗੁਰੂ ਜੀ ਤੇ ਸਿੱਖਾਂ ਉੱਤੇ ਹਮਲਾ ਬੋਲ ਦਿੱਤਾ। ਮਲਕ ਪੁਰ ਰੰਗੜਾਂ ਨੇੜੇ ਭਾਈ ਬਚਿੱਤਰ ਸਿੰਘ ਸਾਥੀ ਸਿੰਘਾਂ ਨਾਲ ਗੁਰੂ ਤੇ ਸਿੱਖਾਂ ਵੱਲ ਉਲਰ ਰਹੀਆਂ ਖ਼ੂਨ-ਪੀਣੀਆਂ ਬਰਛੀਆਂ, ਤਲਵਾਰਾਂ, ਤੀਰਾਂ ਤੇ ਤੂਫੰਗਾਂ ਅੱਗੇ ਪਹਾੜ ਬਣ ਕੇ ਖੜ੍ਹਾ ਹੋ ਗਿਆ। ਸਿੱਖ ਵੈਰੀਆਂ ਦੀਆਂ ਲਾਸ਼ਾਂ ਦੇ ਢੇਰ ਲਾਉਣ ਲੱਗੇ, ਪਰ ਉਨ੍ਹਾਂ ਦੀ ਗਿਣਤੀ ਮੁੱਠੀ ਭਰ ਸਿੰਘਾਂ ਤੋਂ ਕਿਤੇ ਵਧੇਰੇ ਸੀ। ਸਿੱਖਾਂ ਦੀ ਗਿਣਤੀ ਨਹੀਂ ਸਿਦਕ ਵੈਰੀ ਨਾਲ ਪੁਰਜਾ ਪੁਰਜ਼ਾ ਕਟ ਮਾਰਨ ਲਈ ਉਤਾਵਲਾ ਸੀ।

ਭਾਈ ਬਚਿੱਤਰ ਸਿੰਘ ਦਾ ਸਰੀਰ ਘਾਤਕ ਵਾਰਾਂ ਨਾਲ ਲਹੂ-ਲੁਹਾਣ ਹੋ ਗਿਆ। ਸਾਥੀ ਸਿੰਘ ਸ਼ਹਾਦਤਾਂ ਪਾ ਗਏ। ਉਸ ਨੂੰ ਮਰਿਆ ਸਮਝ ਕੇ ਵੈਰੀ ਚਲੇ ਗਏ। ਬਾਬਾ ਅਜੀਤ ਸਿੰਘ ਤੇ ਭਾਈ ਮਦਨ ਸਿੰਘ ਉਸ ਨੂੰ ਚੁੱਕ ਕੇ ਕੋਟਲਾ ਨਿਹੰਗ ਦੇ ਕਿਲ੍ਹੇ ਵਿਚ ਲੈ ਗਏ। ਗੁਰੂ ਜੀ ਉਥੇ ਪਹਿਲਾਂ ਪਹੁੰਚ ਚੁੱਕੇ ਸਨ। ਗੁਰੂ ਜੀ ਭਾਈ ਨਿਹੰਗ ਖਾਂ ਨੂੰ ਭਾਈ ਬਚਿੱਤਰ ਸਿੰਘ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪ ਕੇ ਰਾਤ ਨੂੰ ਕਿਲ੍ਹੇ ਤੋਂ ਰਵਾਨਾ ਹੋ ਗਏ। ਭਾਈ ਨਿਹੰਗ ਖਾਂ ਦਾ ਪੁੱਤਰ ਆਲਮ ਖਾਂ ਗੁਰੂ ਜੀ ਤੇ ਸਿੱਖਾਂ ਨੂੰ ਚਮਕੌਰ ਦਾ ਰਾਹ ਦੱਸਣ ਲਈ ਬੂਰਮਾਜਰੇ ਤੱਕ ਗਿਆ। ਚਮਕੌਰ ਦੀ ਗੜ੍ਹੀ 'ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥" ਦਾ ਕੌਤਕ ਦੇਖਣ ਲਈ ਉਨ੍ਹਾਂ ਨੂੰ ਉਡੀਕ ਰਹੀ ਸੀ।

ਰੋਪੜ ਦਾ ਕੋਤਵਾਲ ਜ਼ਾਫ਼ਰ ਅਲੀ ਖਾਂ ਗੁਰੂ ਜੀ ਦੇ ਕਿਲ੍ਹੇ ਵਿਚ ਹੋਣ ਦੀ ਸੂਹ ਮਿਲਣ 'ਤੇ ਦਿਨ ਸਮੇਂ ਸਿਪਾਹੀਆਂ ਸਮੇਤ ਦਗੜ-ਦਗੜ ਕਰਦਾ ਆ ਧਮਕਿਆ। ਉਸ ਨੇ ਕਿਲ੍ਹੇ ਨੂੰ ਛਾਣ ਮਾਰਿਆ ਪਰ ਕੁੱਝ ਨਾ ਮਿਲਿਆ। ਹਵੇਲੀ ਦੇ ਇਕ ਕਮਰੇ ਵਿੱਚ ਭਾਈ ਨਿਹੰਗ ਖਾਂ ਦੀ ਬੇਟੀ ਬੀਬੀ ਮੁਮਤਾਜ਼ ਭਾਈ ਬਚਿੱਤਰ ਸਿੰਘ ਦੀ ਸੇਵਾ-ਸੰਭਾਲ ਕਰ ਰਹੀ ਸੀ। ਉਸ ਕਮਰੇ ਬਾਰੇ ਪੁੱਛਣ 'ਤੇ ਭਾਈ ਨਿਹੰਗ ਖਾਂ ਨੇ ਕੋਤਵਾਲ ਨੂੰ ਕਿਹਾ ਕਿ ਇਸ ਕਮਰੇ ਵਿੱਚ ਉਸ ਦੀ ਬੇਟੀ ਤੇ ਜਵਾਈ ਹਨ। ਕੋਤਵਾਲ ਇਹ ਸੁਣ ਕੇ ਉਥੋਂ ਚਲਾ ਗਿਆ। ਗੁਰੂ ਕੀਆਂ ਸਾਖੀਆਂ ਅਨੁਸਾਰ "ਪਿਤਾ ਕਾ ਇਹ ਵਾਕ ਸੁਣਕੇ ਆਪਨਾ ਸੀਸ ਬਚਿਤਰ

ਸਿੰਘ ਕੇ ਪਾਉਂ ਪਰ ਰਖ ਦਿਆ। ...ਮੁਮਤਾਜ਼ ਬੋਲੀ ਮਾਤਾ ਮੇਰੇ ਪਿਤਾ ਜੀ ਨੇ ਮੁਝੇ ਇਸ ਕੇ ਲੜ ਲਾਇ ਦੀਆ ਹੈ। ਹੁਣ ਇਹੋ ਮੇਰਾ ਪਤੀ ਹੈ।" ਇਹ ਦਰਵੇਸੀ ਦੇ ਪਲ ਹਨ ਜਿਨ੍ਹਾਂ ਨੂੰ ਸਮਾਂ ਸਿਜਦਾ ਕਰਦਾ ਹੈ। ਬੀਬੀ ਮੁਮਤਾਜ਼ ਕੋਲ ਕਾਮਨਾਵਾਂ ਨਹੀਂ ਨਾਰੀਤਵ ਦੀ ਸੁੱਚਤਾ ਦਾ ਹੁਸਨ ਸੀ। ਬੀਬੀ ਮੁਮਤਾਜ਼ ਦਾ ਬਸੀ ਪਠਾਣਾਂ ਵਿਚ ਨਿਕਾਹ ਹੋਣ ਵਾਲਾ ਸੀ। ਉਸ ਨੇ ਨਿਕਾਹ ਤੋਂ ਕੋਰਾ ਇਨਕਾਰ ਕਰ ਦਿੱਤਾ। ਉਹ ਸਾਰੀ ਉਮਰ ਸਿਮਰਨ ਤੇ ਭਾਈ ਬਚਿੱਤਰ ਸਿੰਘ ਦੇ ਅੰਗੀਠੇ ਦੀ ਸੇਵਾ ਕਰਦੀ ਰਹੀ। ਪੁਰਖਾਲੀ ਨੇੜੇ ਇਕਾਂਤ ਵਿੱਚ ਪਿਤਾ ਵਲੋਂ ਬਣਾਏ ਅਸਥਾਨ ਵਿੱਚ ਉਸ ਨੇ ਬੰਦਗੀ ਕੀਤੀ ਤੇ ਸੁਆਸ ਤਿਆਗੇ। ਇਸ ਦੀ ਮਾਤਾ ਦਾ ਨਾਂ ਜੈਨਾ ਸੀ। ਬੀਬੀ ਮੁਮਤਾਜ ਦੀ ਯਾਦ ਵਿੱਚ ਗੁਰਦੁਆਰਾ ਮੁਮਤਾਜਗੜ੍ਹ (ਨੇੜੇ ਬੜੀ ਪੁਰਖਾਲੀ) ਸਥਿੱਤ ਹੈ।

ਭਾਈ ਬਚਿੱਤਰ ਸਿੰਘ ਜੀ ਦੇ ਸ਼ਹੀਦ ਹੋਣ ਪਿੱਛੋਂ ਭਾਈ ਨਿਹੰਗ ਖਾਂ ਨੇ ਸੈਣੀ ਤੇ ਤਰਖਾਣ ਭਾਈਚਾਰੇ ਦੇ ਦੋ ਸਿੱਖਾਂ ਨੂੰ ਬੁਲਾਇਆ। ਗੁਰੂ ਕੀਆਂ ਸਾਖੀਆਂ ਅਨੁਸਾਰ, "ਚੌਧਰੀ ਨਿਹੰਗ ਖਾਨ ਨੇ ਗੁਰਸਾ ਸਿੰਘ ਗਹੂਣੀਆ ਤੇ ਬੱਗਾ ਸਿੰਘ ਤਖਣੇਟੇ ਸਿੱਖ ਕੋ ਬੁਲਇ ਇਸ ਕਾ ਦਾਹ ਸੰਸਕਰ ਗੜ੍ਹੀ ਮੇਂ ਦਿਹੁੰ ਚੜ੍ਹਨੇ ਸੇ ਪਹਿਲੇ ਕੂੰਏ ਕੇ ਪਾਸ ਕਰ ਦਿਆ।" ਇਹ 7 ਦਸੰਬਰ 1705 ਦਾ ਦਿਨ ਸੀ।

ਗੁਰਦੁਆਰਾ ਸਾਹਿਬ ਵਿੱਚ ਭਾਈ ਬਚਿੱਤਰ ਸਿੰਘ ਦੀ ਢਾਲ ਪਈ ਹੈ। ਪੁਰਾਤਨ ਕਿਰਪਾਨਾਂ ਤੇ ਬੰਦੂਕ ਪਈ ਹੈ। ਕਿਹਾ ਜਾਂਦਾ ਹੈ ਕਿ ਇਹ ਬੰਦੂਕ ਤੇ ਕਿਰਪਾਨਾਂ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਨ ਸਮੇਂ ਹੋਈ ਖੁਦਾਈ ਸਮੇਂ ਮਿਲੀਆਂ ਸਨ। ਭਾਈ ਨਿਹੰਗ ਖਾਂ ਨੂੰ ਗੁਰੂ ਜੀ ਵਲੋਂ ਬਖ਼ਸ਼ੀ ਸ੍ਰੀ ਸਾਹਿਬ ਤੇ ਕਟਾਰ ਇਸ ਪਰਿਵਾਰ ਨੇ 1947 ਵਿੱਚ ਪਾਕਿਸਤਾਨ ਜਾਣ ਸਮੇਂ ਸਿੱਖਾਂ ਨੂੰ ਦੇ ਦਿੱਤੀ ਸੀ। ਹੁਣ ਇਹ ਸ਼ਸਤਰ ਗੁਰਦੁਆਰਾ ਭੱਠਾ ਸਾਹਿਬ ਵਿੱਚ ਪਏ ਹਨ। ਸ੍ਰੀ ਸਾਹਿਬ ਉੱਤੇ 'ਸ਼ਾਹਿਨ ਸ਼ਾਹ ਮੀਰ ਮੁਹੰਮਦ ਮਾਮੂਰ' ਨਾਮ ਉਕਰਿਆ ਹੈ। ਇਹ ਗਜ਼ਨੀ ਦੇ ਸ਼ਾਹੀ ਖਾਨਦਾਨ ਵਿਚੋਂ ਕਿਸੇ ਸ਼ਰਧਾਵਾਨ ਨੇ ਭਾਈ ਨੰਦ ਲਾਲ ਜੀ ਰਾਹੀਂ ਗੁਰੂ ਸਾਹਿਬ ਨੂੰ ਭੇਟ ਕੀਤੀ ਸੀ।

ਜਿਸ ਖੂਹ ਨੇੜੇ ਭਾਈ ਬਚਿੱਤਰ ਸਿੰਘ ਦਾ ਅੰਗੀਠਾ ਹੈ, ਉਹ ਖੂਹ ਬਹੁਤ ਪੁਰਾਣਾ ਹੈ। ਬਾਬਾ ਗੁਰਦੇਵ ਸਿੰਘ ਅਨੁਸਾਰ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ 52 ਰਾਜਿਆਂ ਨੂੰ ਗਵਾਲੀਅਰ ਤੋਂ ਰਿਹਾ ਕਰਵਾ ਕੇ ਇਸ

ਕਿਲ੍ਹੇ ਵਿਚ ਆਏ। ਚੌਧਰੀ ਨੌਰੰਗ ਖਾਂ ਸ਼ਰਧਾ ਨਾਲ ਗੁਰੂ ਦੇ ਘੋੜੇ ਦੀ ਲਗਾਮ ਫੜਕੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਗਿਆ। ਅੰਮ੍ਰਿਤ ਵੇਲੇ ਜਦੋਂ ਗੁਰੂ ਸਾਹਿਬ ਨੇ ਖੂਹ ਤੇ ਇਸ਼ਨਾਨ ਕੀਤਾ ਤਾਂ ਨੌਰੰਗ ਖਾਂ ਤੇ ਪਰਿਵਾਰ ਨੇ ਅਰਜ਼ ਕੀਤੀ ਕਿ ਅਸੀਂ 84 ਪਿੰਡਾਂ ਦੇ ਮਾਲਕ ਹਾਂ ਪਰ ਸਾਡੀ ਵਿਰਾਸਤ ਦਾ ਵਾਰਸ ਕੋਈ ਨਹੀਂ ਹੈ। ਸਾਡੀ ਖਾਲੀ ਝੋਲੀ ਵਿਚ ਸੰਤਾਨ ਦਾ ਸੁੱਖ ਭਰੋ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਦੋ ਪੁੱਤਰਾਂ ਦਾ ਵਰਦਾਨ ਦਿੱਤਾ। ਵੱਡੇ ਪੁੱਤਰ ਦਾ ਜਨਮ ਹੋਣ 'ਤੇ ਇਹ ਪਰਿਵਾਰ ਉਸ ਨੂੰ ਲੈ ਕੇ ਗੁਰੂ ਚਰਨਾਂ ਵਿੱਚ ਕੀਰਤਪੁਰ ਸਾਹਿਬ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਸ੍ਰੀ ਸਾਹਿਬ ਤੇ ਇਕ ਪੁਸ਼ਾਕ ਬੱਚੇ ਨੂੰ ਬਖਸ਼ੇ, ਇਸ ਦਾ ਨਾਂ ਨਿਹੰਗ ਖਾਂ ਰੱਖਿਆ। ਇਸ ਨਗਰ ਦਾ ਨਾਂ ਕੋਟ ਪਠਾਣਾ ਤੋਂ ਬਦਲ ਕੇ ਕੋਟਲਾ ਰੱਖ ਦਿੱਤਾ ਜੋ ਸਮਾਂ ਪਾ ਕੇ ਕੋਟਲਾ ਨਿਹੰਗ ਹੋ ਗਿਆ। ਇਸ ਖੂਹ 'ਤੇ ਲੱਗੇ ਬੋਰਡ ਅਨੁਸਾਰ ਇੱਥੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਸੱਤਵੇਂ ਗੁਰੂ ਹਰਿ ਰਾਏ ਸਾਹਿਬ, ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦਾ ਆਗਮਨ ਹੋਇਆ ਤੇ ਗੁਰੂ ਸਾਹਬਾਨਾਂ ਨੇ ਇਸ ਖੂਹ 'ਤੇ ਇਸ਼ਨਾਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਚਾਰ ਵਾਰ ਚਰਨ ਪਾਏ।

ਪਹਿਲੀ ਵਾਰ ਗੁਰੂ ਜੀ 1688 ਈਸਵੀ ਨੂੰ ਭੰਗਾਣੀ ਦਾ ਯੁੱਧ ਫਤਿਹ ਕਰ ਕੇ ਇਥੇ ਆਏ ਸਨ। ਭੱਠਾ ਠੰਢਾ ਕਰਨ ਦਾ ਕੌਤਕ ਇਸ ਸਮੇਂ ਵਰਤਿਆ ਦੱਸਿਆ ਜਾਂਦਾ ਹੈ। ਦੂਜੀ ਵਾਰ ਗੁਰੂ ਜੀ 1694 ਵਿੱਚ ਨਿਹੰਗ ਖਾਂ ਦੇ ਪੁੱਤਰ ਆਲਮ ਖਾਂ ਦੀ ਮੰਗਣੀ ਸਮੇਂ ਆਏ। ਆਲਮ ਖਾਂ ਰਾਏ ਕਲਾਂ ਦਾ ਜਵਾਈ ਸੀ। ਤੀਜੀ ਵਾਰ ਗੁਰੂ ਸਾਹਿਬ ਨੇ 1702 ਵਿਚ ਕੁਰਕਸ਼ੇਤਰ ਦੇ ਸੂਰਜ ਗ੍ਰਹਿਣ ਤੋਂ ਵਾਪਸੀ ਸਮੇਂ ਇਥੇ ਚਰਨ ਪਾਏ। ਅੰਤਮ ਵਾਰ ਗੁਰੂ ਸਾਹਿਬ 6 ਦਸੰਬਰ, 1705 ਵਿੱਚ ਇਸ ਸਥਾਨ 'ਤੇ ਆਏ।

ਇਹ ਸਥਾਨ ਗੁਰਦੁਆਰਾ ਭੱਠਾ ਸਾਹਿਬ ਤੋਂ ਰੇਲਵੇ ਪਾਰ ਕਰਕੇ 100 ਕੁ ਗਜ਼ ਦੂਰ ਹੈ। ਕਿਲ੍ਹੇ ਦੇ ਅਵਸ਼ੇਸ਼ਾਂ ਤੇ ਹਵੇਲੀ ਨੂੰ ਸੰਭਾਲਣ ਦੀ ਬੇਹੱਦ ਜ਼ਰੂਰਤ ਹੈ।

* * *

# ਕਿਲ੍ਹਾ ਭਰਤਗੜ੍ਹ : ਅਤੀਤ ਅਤੇ ਵਰਤਮਾਨ

-ਪ੍ਰੋ. ਸੁਖਵਿੰਦਰ ਸਿੰਘ
ਮੋਬਾ. 9592418152

ਕਿਲ੍ਹਾ ਭਰਤਗੜ੍ਹ ਪੰਜਾਬ ਦੇ ਪੁਆਧ ਖਿੱਤੇ ਦੇ ਇਤਿਹਾਸਕ ਪਿੰਡ 'ਭਰਤਗੜ੍ਹ' ਵਿਖੇ ਸਤਲੁਜ ਦਰਿਆ ਦੇ ਕੰਢੇ ਉੱਤੇ ਇੱਕ ਛੋਟੀ ਜਿਹੀ ਸ਼ਿਵਾਲਿਕ ਪਹਾੜੀ ਉੱਤੇ ਬਣਿਆ ਹੋਇਆ ਦੁਰਲੱਭ ਕਿਲ੍ਹਾ ਹੈ। ਤਹਿਸੀਲ ਰੂਪਨਗਰ ਵਿੱਚ ਪੈਂਦਾ ਇਹ ਕਿਲ੍ਹਾ ਰੂਪਨਗਰ -ਨੰਗਲ ਸੜਕ ਉੱਤੇ ਸਥਿਤ ਹੈ ਜੋ ਕਿ ਚੰਡੀਗੜ੍ਹ ਤੋਂ 60 ਕਿਲੋਮੀਟਰ, ਰੋਪੜ ਤੋਂ 20 ਕਿਲੋਮੀਟਰ ਅਤੇ ਕੀਰਤਪੁਰ ਸਾਹਿਬ ਤੋਂ 10 ਕਿਲੋਮੀਟਰ ਦੱਖਣ ਵੱਲ ਸਥਿਤ ਹੈ। ਇਹ ਪੰਜਾਬ ਦਾ ਕੇਵਲ ਇੱਕ ਮਾਤਰ ਦੁਰਲੱਭ ਕਿਲ੍ਹਾ ਹੈ ਜਿਹੜਾ ਸਹੀ ਸਲਾਮਤ ਹੈ ਤੇ ਜਿਸ ਦੀ ਵਿਰਾਸਤ ਨੂੰ ਇਸ ਦੀ ਨੌਵੀਂ ਪੀੜ੍ਹੀ ਸਾਂਭੀ ਬੈਠੀ ਹੈ।

ਕਿਲ੍ਹਾ ਭਰਤਗੜ੍ਹ ਦੀ ਇਤਿਹਾਸਕਤਾ ਨੂੰ ਸਮਝਣ ਅਤੇ ਜਾਣਨ ਲਈ ਸਾਨੂੰ 250 ਸਾਲ ਪਿਛਾਂਹ ਜਾ ਕੇ ਇਤਿਹਾਸ ਨੂੰ ਵਾਚਣਾ ਪਵੇਗਾ ਕਿਉਂਕਿ ਇਸ ਕਿਲ੍ਹੇ ਦਾ ਸਬੰਧ ਸਿੰਘਪੁਰੀਆ ਮਿਸਲ ਦੇ ਸਰਦਾਰ ਨਵਾਬ ਕਪੂਰ ਸਿੰਘ ਨਾਲ ਹੈ। ਨਵਾਬ ਕਪੂਰ ਦਾ ਜਨਮ 1697 ਈਸਵੀ ਵਿੱਚ ਪੱਛਮੀ ਪੰਜਾਬ ਦੇ 'ਸ਼ੇਖਪੁਰਾ ' ਜ਼ਿਲ੍ਹੇ ਦੇ ਪਿੰਡ 'ਕਾਲੋਕੇ' ਵਿਖੇ ਸਰਦਾਰ ਦਲੀਪ ਸਿੰਘ ਵਿਰਕ ਦੇ ਘਰ ਹੋਇਆ। ਜਵਾਨ ਹੋਣ ਉੱਤੇ ਇਨ੍ਹਾਂ ਨੇ ਅੰਮ੍ਰਿਤਸਰ ਦੇ ਨੇੜੇ ਫੈਜਲਪੁਰ ਕਸਬੇ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਅਤੇ ਇਸ ਦਾ ਨਾਂ ਬਦਲ ਕੇ 'ਸਿੰਘਪੁਰੀਆ ਰੱਖ ਦਿੱਤਾ, ਜਿਸ ਕਰਕੇ ਇਨ੍ਹਾਂ ਦੀ ਮਿਸਲ ਦਾ ਨਾਂ ਵੀ 'ਸਿੰਘਪੁਰੀਆ ਮਿਸਲ' ਪੈ ਗਿਆ।

1726 ਈਸਵੀ ਵਿੱਚ ਜ਼ਕਰੀਆ ਖਾਨ ਪੰਜਾਬ ਦਾ ਗਵਰਨਰ ਬਣਿਆ। ਉਸ ਨੇ ਮੁਗਲ ਸਾਮਰਾਜ ਦਾ ਵਿਸਤਾਰ ਕਰਨ ਲਈ ਅਤੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਕਈ ਹੁਕਮਨਾਮੇ ਜਾਰੀ ਕੀਤੇ। ਅੰਮ੍ਰਿਤਸਰ ਦੇ ਆਸ-ਪਾਸ ਦੇ ਬਹੁਤ ਸਾਰੇ ਪਿੰਡਾਂ ਦੇ ਚੌਧਰੀਆਂ ਤੇ ਮੁਖਵਰਾਂ ਨੇ ਇਨਾਮਾਂ ਅਤੇ ਜਗੀਰਾਂ ਦੇ ਲਾਲਚ ਪਿੱਛੇ ਮੁਗਲਾਂ ਦਾ ਸਾਥ ਦਿੱਤਾ। ਉੱਤਰ-ਪੱਛਮ ਤੋਂ ਆਏ ਨਾਦਰਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਨੂੰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਰ ਪ੍ਰਕਾਰ ਦੀ ਜਾਣਕਾਰੀ ਦਿੱਤੀ, ਪਰ ਇਸ ਸਮੇਂ ਸਿੱਖ ਕੌਮ

ਦੇ ਦੂਰ-ਅੰਦੇਸ਼ੀ, ਮਹਾਂਬਲੀ, ਨਿਰਭੈ ਤੇ ਮਹਾਨ ਜਰਨੈਲ ਨਵਾਬ ਕਪੂਰ ਸਿੰਘ ਨੇ ਸਿੱਖ ਕੌਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਆਪਣੀ ਸੁਚੱਜੀ ਅਗਵਾਈ ਦੇ ਕੇ ਚੜ੍ਹਦੀ ਕਲਾ ਵਿੱਚ ਰੱਖਿਆ ਅਤੇ ਪੰਜਾਬ ਵਿੱਚ ਖਾਲਸਾ ਰਾਜ ਕਾਇਮ ਕਰਨ ਲਈ ਰਾਹ ਪੱਧਰਾ ਕੀਤਾ।

ਨਵਾਬ ਕਪੂਰ ਸਿੰਘ ਨੇ ਸਿੱਖ ਕੌਮ ਨੂੰ ਅਨੁਸ਼ਾਸਤ ਕਰਨ ਲਈ ਅਤੇ ਮੁਗ਼ਲਾਂ ਦੇ ਵਧਦੇ ਤਸ਼ੱਦਦ ਦੇ ਟਾਕਰੇ ਲਈ ਸਿੱਖ ਕੌਮ ਨੂੰ 1734 ਈਸਵੀ ਵਿੱਚ ਤਰੁਨਾ ਦਲ ਅਤੇ ਬੁੱਢਾ ਦਲ ਵਿੱਚ ਵੰਡਿਆ। ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ 29 ਮਾਰਚ 1748 ਈਸਵੀ ਨੂੰ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੀ ਸਥਾਪਨਾ ਕਰਕੇ ਬਾਰਾਂ ਮਿਸਲਾਂ ਬਣਾਈਆਂ। ਨਵਾਬ ਕਪੂਰ ਸਿੰਘ ਸਿੰਘਪੁਰੀਆ ਮਿਸਲ ਦੇ ਸਰਦਾਰ/ਮਿਸਲਦਾਰ ਬਣੇ। ਸਰਹਿੰਦ ਫ਼ਤਿਹ (14 ਜਨਵਰੀ 1764) ਤੋਂ ਬਾਅਦ ਇਨ੍ਹਾਂ ਸਿੱਖ ਮਿਸਲਾਂ ਨੇ ਆਪਣੇ ਅਧੀਨ ਆਉਂਦੇ ਇਲਾਕਿਆਂ ਨੂੰ ਰਿਆਸਤਾਂ ਦਾ ਰੂਪ ਦੇ ਦਿੱਤਾ। ਇਸ ਤਹਿਤ ਨਵਾਬ ਕਪੂਰ ਸਿੰਘ ਦੀ ਰਿਆਸਤ ਵਿੱਚ ਰੂਪਨਗਰ ਜ਼ਿਲ੍ਹੇ ਦੇ ਭਰਤਗੜ੍ਹ, ਮਨਾਲੀ, ਘਨੌਲੀ, ਕੰਡੋਲਾ ਆਦਿ ਇਲਾਕੇ ਆਏ।

ਕਿਲ੍ਹਾ ਭਰਤਗੜ੍ਹ ਨਵਾਬ ਕਪੂਰ ਸਿੰਘ ਦੀ ਸਿੰਘਪੁਰੀਆ ਮਿਸਲ ਦਾ ਮਹੱਤਵਪੂਰਨ ਤਾਕਤਵਰ ਕਿਲ੍ਹਾ ਹੈ। ਇਸ ਕਿਲ੍ਹੇ ਦਾ ਨਿਰਮਾਣ ਕਾਰਜ 1766 ਈਸਵੀ ਵਿੱਚ ਆਰੰਭ ਹੋਇਆ ਅਤੇ 1783 ਈਸਵੀ ਵਿੱਚ ਬਣ ਕੇ ਤਿਆਰ ਹੋ ਗਿਆ। ਲੱਗਭਗ ਸੱਤ ਏਕੜ ਵਿੱਚ ਫੈਲੇ ਇਸ ਕਿਲ੍ਹੇ ਦੇ ਅਧਿਕਾਰ ਹੇਠ ਸੌ ਏਕੜ ਦੇ ਕਰੀਬ ਵਿਰਾਸਤੀ ਜ਼ਮੀਨ ਵੀ ਹੈ। ਇਸ ਕਿਲ੍ਹੇ ਦੀ ਬਾਹਰੀ ਬਣਤਰ, ਦਰਸ਼ਨੀ ਦਰਵਾਜ਼ਾ, ਦੀਵਾਰਾਂ ਤੇ ਹੋਈ ਚਿੱਤਰਕਾਰੀ, ਗੰਨ-ਹੋਲ, ਤੀਰ-ਕਸ਼, ਕਮਰਿਆਂ ਵਿੱਚ ਬਣੀਆਂ ਤਸਵੀਰਾਂ ਆਦਿ ਮੁਗਲ ਕਲਾ ਦੀ ਚਿੱਤਰਕਲਾ ਦੀ ਵਿਸ਼ੇਸ਼ਤਾ ਨੂੰ ਪ੍ਰਗਟਾਉਂਦੀਆਂ ਹਨ।

ਵਰਤਮਾਨ ਸਮੇਂ ਇਸ ਕਿਲ੍ਹੇ ਦੀ ਸਾਂਭ-ਸੰਭਾਲ ਕਰ ਰਹੇ ਸਰਦਾਰ ਦੀਪਇੰਦਰ ਸਿੰਘ ਵਿਰਕ ਜੋ ਕਿ ਨਵਾਬ ਕਪੂਰ ਸਿੰਘ ਦੀ ਨੌਵੀਂ ਪੀੜ੍ਹੀ ਵਿੱਚੋਂ ਹਨ ਨੇ ਦੱਸਿਆ ਹੈ ਕਿ ਨਵਾਬ ਕਪੂਰ ਸਿੰਘ ਦੀ ਵਿਰਾਸਤ ਵਿੱਚ ਅੱਗੇ ਸੱਤ ਪਰਿਵਾਰ ਸਨ ਜਿਨ੍ਹਾਂ ਵਿੱਚੋਂ ਇੱਕ ਪਰਿਵਾਰ ਪਿੰਡ ਭਰਤਗੜ੍ਹ ਵਿਖੇ ਰਹਿੰਦਾ ਸੀ। ਨਵਾਬ ਕਪੂਰ ਸਿੰਘ ਨੇ ਇਸ ਪਰਿਵਾਰ ਲਈ ਇਹ ਕਿਲ੍ਹਾ ਬਣਵਾਇਆ। ਦੂਜਾ ਇਹ ਕਿਲ੍ਹਾ ਬਣਾਉਣ ਦਾ ਮੁੱਖ ਕਾਰਨ ਜਿੱਥੇ ਆਪਣੀ ਰਿਆਸਤ ਨੂੰ

ਸਹੀ ਤਰੀਕੇ ਨਾਲ ਸਾਂਭਣਾ ਸੀ ਉੱਥੇ ਮੁਗ਼ਲਾਂ ਨਾਲ ਟਾਕਰੇ ਲਈ ਆਪਣੇ ਆਪ ਨੂੰ ਤਿਆਰ ਤੇ ਸੁਰੱਖਿਅਤ ਰੱਖਣਾ ਵੀ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਿਲ੍ਹੇ ਦੀ ਉਸਾਰੀ ਸਮੇਂ ਜਦੋਂ ਲਾਗਲੇ ਇਲਾਕੇ ਵਿੱਚ ਹੋਕਾ ਦਿੱਤਾ ਜਾਂਦਾ ਸੀ ਤਾਂ ਲੱਗਭਗ ਤੀਹ ਪਿੰਡਾਂ ਦੇ ਲੋਕ ਕਿਲ੍ਹੇ ਦੀਆਂ ਕੰਧਾਂ ਲਿੱਪਣ ਲਈ ਇੱਥੇ ਪਹੁੰਚ ਜਾਂਦੇ ਸਨ।

ਇਤਿਹਾਸ ਦੇ ਪੰਨਿਆਂ ਉੱਤੇ ਪਿੱਛਲ ਝਾਤ ਮਾਰਦਿਆਂ ਸਰਦਾਰ ਦੀਪਇੰਦਰ ਸਿੰਘ ਵਿਰਕ ਨੇ ਦੱਸਿਆ ਕਿ ਨਵਾਬ ਕਪੂਰ ਸਿੰਘ ਦੀ ਕੋਈ ਔਲਾਦ ਨਹੀਂ ਸੀ। ਇਸ ਲਈ ਉਨ੍ਹਾਂ ਤੋਂ ਬਾਅਦ ਕਿਲ੍ਹੇ ਤੋਂ ਰਿਆਸਤ ਦੀ ਵਾਗਡੋਰ ਉਨ੍ਹਾਂ ਦੇ ਭਤੀਜੇ ਖੁਸ਼ਹਾਲ ਸਿੰਘ ਦੇ ਹੱਥ ਆਈ। ਸਰਦਾਰ ਖੁਸ਼ਹਾਲ ਸਿੰਘ ਨੇ ਮਹੱਤਵਪੂਰਨ ਰੋਲ ਨਿਭਾਉਂਦਿਆਂ ਕਿਲ੍ਹੇ ਨੂੰ ਸੰਭਾਲਿਆ ਤੇ ਰਿਆਸਤ ਨੂੰ ਸਤੁਲਜ ਦਰਿਆ ਦੇ ਦੋਵੇਂ ਪਾਸੇ ਹੋਰ ਵਧਾਇਆ। ਉਸ ਦੀ ਮੌਤ ਉਪਰੰਤ ਉਸ ਦੇ ਪੁੱਤਰ ਸਰਦਾਰ ਬੁੱਧ ਸਿੰਘ ਨੇ ਕਿਲ੍ਹੇ ਦੀ ਸਾਂਭ ਸੰਭਾਲ ਅਤੇ ਪੁਨਰ-ਉਸਾਰੀ ਲਈ ਬੜੀਆਂ ਨੀਤੀਆਂ ਬਣਾਈਆਂ। 1816 ਈਸਵੀ ਵਿੱਚ ਸਰਦਾਰ ਬੁੱਧ ਸਿੰਘ ਦੀ ਮੌਤ ਉਪਰੰਤ ਉਸ ਦਾ ਪੁੱਤਰ ਸਰਦਾਰ ਦਿਆਲ ਸਿੰਘ 1863 ਈਸਵੀ ਤੱਕ ਰਿਆਸਤ ਦੀ ਵਾਗਡੋਰ ਸੰਭਾਲਦਾ ਹੈ। ਇਸ ਪਿੱਛੋਂ ਸਰਦਾਰ ਦਿਆਲ ਸਿੰਘ ਦਾ ਪੁੱਤਰ ਸਰਦਾਰ ਕੇਹਰ ਸਿੰਘ, ਫਿਰ ਸਰਦਾਰ ਕੇਹਰ ਸਿੰਘ ਦਾ ਪੁੱਤਰ ਸਰਦਾਰ ਰਣਧੀਰ ਸਿੰਘ ਫਿਰ ਸਰਦਾਰ ਰਣਧੀਰ ਸਿੰਘ ਦਾ ਪੁੱਤਰ ਸਰਦਾਰ ਸੂਰਤ ਸਿੰਘ ਅਤੇ ਸਰਦਾਰ ਸੂਰਤ ਸਿੰਘ ਦੇ ਪੁੱਤਰ ਸਰਦਾਰ ਸੁੰਦਰ ਸ਼ਾਮ ਸਿੰਘ ਨੇ 1996 ਤੱਕ ਇਸ ਕਿਲ੍ਹੇ ਤੇ ਰਿਆਸਤ ਦੀ ਵਾਗਡੋਰ ਨੂੰ ਸੰਭਾਲਿਆ ਅਤੇ ਮੌਜੂਦਾ ਸਮੇਂ ਸਰਦਾਰ ਸੁੰਦਰ ਸ਼ਾਮ ਸਿੰਘ ਦੇ ਦੋ ਪੁੱਤਰ ਉਹ (ਸਰਦਾਰ ਦੀਪਇੰਦਰ ਸਿੰਘ ਵਿਰਕ) ਆਪ ਇਸ ਕਿਲ੍ਹੇ ਤੇ ਰਿਆਸਤ ਦੇ ਮਾਲਕ ਹਨ।

ਸਰਦਾਰ ਦੀਪਇੰਦਰ ਸਿੰਘ ਵਿਰਕ ਨੇ ਬੜੇ ਮਾਣ ਨਾਲ ਇਹ ਗੱਲ ਆਖੀ ਹੈ ਕਿ ਜਿੱਥੇ ਸਰਕਾਰਾਂ ਦੀ ਬੇਰੁਖੀ ਅਤੇ ਬੇਧਿਆਨੀ ਕਾਰਨ ਸਾਡੀਆਂ ਵਿਰਾਸਤੀ ਥਾਵਾਂ ਖੰਡਰ ਬਣਦੀਆਂ ਜਾ ਰਹੀਆਂ ਹਨ ਉੱਥੇ ਉਹ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਆਪਣੀ ਵਿਰਾਸਤ ਨੂੰ ਸਾਂਭੀ ਬੈਠੇ ਹਨ। ਉਨ੍ਹਾਂ ਨੇ ਇਸ ਕਿਲ੍ਹੇ ਵਿਚਲੇ ਚਾਰ ਕਮਰਿਆਂ ਨੂੰ ਵਿਰਾਸਤੀ ਦਿੱਖ ਦਿੱਤੀ ਹੈ ਅਤੇ ਹਰ ਸਾਲ ਵੱਡੀ ਗਿਣਤੀ ਵਿਚ ਸੈਲਾਨੀ ਇਸ ਕਿਲ੍ਹੇ ਦੀ ਵਿਰਾਸਤੀ ਰੰਗਤ ਵੇਖਣ ਲਈ ਉੱਚੇਚੇ ਤੌਰ ਤੇ ਪਹੁੰਚਦੇ ਹਨ। ਇਸ ਕਿਲ੍ਹੇ ਵਿੱਚ ਸੈਲਾਨੀਆਂ ਦੇ ਰਹਿਣ,

ਖਾਣ-ਪੀਣ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਬਹੁਤ ਘੱਟ ਪੈਸਿਆਂ ਵਿੱਚ ਕੀਤਾ ਜਾਂਦਾ ਹੈ। ਕਿਲ੍ਹੇ ਅਤੇ ਸੈਲਾਨੀਆਂ ਦੀ ਦੇਖਭਾਲ ਲਈ ਦਸ ਦੇ ਕਰੀਬ ਸੇਵਾਦਾਰ ਰੱਖੇ ਹੋਏ ਹਨ। ਕਿਲ੍ਹੇ ਦੇ ਇੱਕ ਹਿੱਸੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਤੇ ਅਖੰਡ-ਜੋਤ ਵੀ ਜਗਦੀ ਹੈ, ਜਿਸ ਦੀ ਸੇਵਾ ਸੰਭਾਲ ਸਰਦਾਰ ਦੀਪਇੰਦਰ ਸਿੰਘ ਵਿਰਕ ਤੇ ਉਨ੍ਹਾਂ ਦੇ ਤਾਇਆ ਜੀ ਦੇ ਪਰਿਵਾਰਕ ਮੈਂਬਰ ਕਰਦੇ ਹਨ। ਇਸ ਕਿਲ੍ਹੇ ਤੋਂ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਦਿਲਕਸ਼ ਨਜ਼ਾਰਾ ਦਿਖਾਈ ਦਿੰਦਾ ਹੈ। ਚੜ੍ਹਦੇ ਤੇ ਲਹਿੰਦੇ ਸੂਰਜ ਦੀ ਲਾਲੀ ਕਿਸੇ ਜੰਨਤ ਤੋਂ ਘੱਟ ਨਹੀਂ। ਸਤਲੁਜ ਦਰਿਆ ਦੇ ਸ਼ੂਕਦੇ ਪਾਣੀ ਦਾ ਸੰਗੀਤ ਰੂਹ ਨੂੰ ਸਕੂਨ ਦਿੰਦਾ ਹੈ। ਸੱਚਮੁੱਚ ਇਹ ਕਿਲ੍ਹਾ ਵਿਰਸੇ ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਨੂੰ ਸਮੋਈ ਬੈਠਾ ਪੰਜਾਬ ਦਾ ਪ੍ਰਸਿੱਧ ਵਿਰਾਸਤੀ ਸੈਰ-ਸਪਾਟਾ ਕੇਂਦਰ ਬਣ ਚੁੱਕਾ ਹੈ।

ਸਹਾਇਕ ਪ੍ਰੋਫੈਸਰ, ਪੰਜਾਬੀ
ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ,
ਸ੍ਰੀ ਅਨੰਦਪੁਰ ਸਾਹਿਬ।
ਫੋਨ ਨੰ: 9592418152
ਈ-ਮੇਲ : sskahlon86@gmail.com

# ਕਿਲ੍ਹਾ ਰਾਮਗੜ੍ਹ ਦੀ ਰੌਚਿਕ ਕਹਾਣੀ

-ਗਿ. ਧਰਮ ਸਿੰਘ ਭੰਖਰਪੁਰ

ਮੋ. 9878161006

ਪੰਚਕੂਲਾ-ਬਰਵਾਲਾ ਸੜਕ 'ਤੇ ਕਿਲ੍ਹਾ ਰਾਮਗੜ੍ਹ ਨਵਿਆਈ ਦਿੱਖ ਨਾਲ ਸਸ਼ੋਭਿਤ ਹੈ। ਮੁਬਾਰਿਕ-ਡੇਰਾਬਸੀ ਤੋਂ ਆਉਂਦੀ ਸੜਕ ਜੋ ਪੰਚਕੂਲਾ ਬਰਵਾਲਾ ਸੜਕ ਨਾਲ ਮਿਲ ਕੇ ਚੌਰਾਹਾ ਬਣਾਉਂਦੀ ਹੈ ਉਥੇ ਸਾਹਮਣੇ ਪਹਾੜੀ ਦਿਸ਼ਾ ਵੱਲ ਸਦੀਆਂ ਦਾ ਇਤਿਹਾਸ ਸਮੋਈ ਖੜ੍ਹਾ ਹੈ ਇਹ ਕਿਲ੍ਹਾ।

ਉਰਦੂ ਦੀ ਪੁਸਤਕ 'ਸੈਰ-ਇ-ਪੰਜਾਬ" ਲੇਖਕ ਰਾਏ ਕਾਲੀ ਕਾਏ ਸਾਹਿਬ ਅਤੇ ਮੁਨਸ਼ੀ ਤੁਲਸੀ ਰਾਮ ਪੰਜਾਬੀ ਅਨੁਵਾਦ ਦੇ ਪੰਨਾ 295-96 'ਤੇ ਰਾਮਗੜ੍ਹ ਦੇ ਕਿਲ੍ਹੇ ਅਤੇ ਕਿਲ੍ਹੇਦਾਰਾਂ ਸਬੰਧੀ ਲਿਖਿਆ ਹੈ ਕਿ

"ਪਰਗਣਾ ਕੋਟ ਵਿੱਚ ਇੱਕ ਪਿੰਡ ਰਾਮਗੜ੍ਹ ਘੱਗਰ ਦਰਿਆ ਦੇ ਕੰਢੇ ਤੇ ਆਬਾਦ ਹੈ। ਇੱਥੇ ਮਕਾਨ ਅਕਸਰ ਕੱਚੇ ਹਨ, ਪਰ ਮੀਆਂ ਦੇਵੀ ਸਿੰਘ ਆਦਿ ਜਾਗੀਰਦਾਰਾਂ ਦੇ ਮਕਾਨ ਪੱਕੇ ਹਨ ਤੇ ਇੱਕ ਛੋਟਾ ਜਿਹਾ ਬਜ਼ਾਰ ਵੀ ਹੈ। ਇਸ ਦੇ ਆਲੇ-ਦੁਆਲੇ ਦੇ ਪਿੰਡ ਉਨ੍ਹਾਂ ਦੀ ਜਗੀਰ ਵਿੱਚ ਹਨ। ਇਹ ਲੋਕ ਕੌਮ ਦੇ ਚੰਦੇਲਾ-ਰਾਜਪੂਤ ਹਨ। ਇਹ ਰਾਜਾ ਹਰੀ ਚੰਦ ਦੀ ਸੰਤਾਨ ਹਨ। ਬਿਲਾਸਪੁਰ ਅਰਥਾਤ ਕਹਿਲੂਰ ਦੇ ਰਾਜਿਆਂ ਦੇ ਸ਼ਰੀਕ ਹਨ। ਉਹਨਾਂ ਦਾ ਅਸਲ ਨਿਕਾਸ ਚੰਦੇਰੀ ਹੈ, ਪਰ ਬਿਲਾਸਪੁਰ ਰਹਿੰਦੇ ਹਨ। ਕਹਿੰਦੇ ਹਨ ਕਿ ਕੋਮਹਿਲ ਸਿੰਘ ਜੋ ਆਪਣੇ ਵਡਕੇ ਹਰੀ ਚੰਦ ਦੀ ਪੰਝਵੀਂ ਪੀੜ੍ਹੀ 'ਤੇ ਸੀ ਰਾਜਾ ਨਾਹਣ ਕੋਲ ਨੌਕਰ ਹੋ ਗਿਆ। ਇਹ ਪਿੰਡ ਰਾਮਗੜ੍ਹ ਤੇ ਆਲੇ-ਦੁਆਲੇ ਦੇ ਪਿੰਡਾਂ ਸਮੇਤ ਉਸ ਦੀ ਥਾਣੇਦਾਰੀ ਵਿਚ ਸੀ। ਜਦ ਗੋਰਖਿਆਂ ਨੇ ਹਮਲਾ ਕਰਕੇ ਰਾਜਾ ਨਾਹਣ ਨੂੰ ਬਾਹਰ ਕੱਢ ਦਿੱਤਾ ਤਾ ਕੋਮਹਿਲ ਸਿੰਘ ਨੇ ਆਪਣੇ ਬਾਹੂਬਲ ਅਤੇ ਸ਼ਮਸ਼ੀਰੀ-ਬਲ ਨਾਲ ਗੋਰਖਿਆਂ ਨੂੰ ਰਾਮਗੜ੍ਹ ਵਿੱਚ ਦਾਖਲ ਨਾ ਹੋਣ ਦਿੱਤਾ ਤੇ ਉਹ ਆਪ ਇੱਥੋਂ ਦਾ ਮਾਲਕ ਤੇ ਰਈਸ ਬਣ ਬੈਠਾ। ਜਦ ਅੰਗਰੇਜ਼ਾਂ ਨੇ ਗੋਰਖਿਆਂ ਨਾਲ ਯੁੱਧ ਕੀਤਾ ਤਾਂ ਇਸ ਨੇ ਸਰਕਾਰ ਅੰਗਰੇਜ਼ੀ ਦੀ ਸਹਾਇਤਾ ਕੀਤੀ ਤੇ ਜੰਗ ਵਿੱਚ ਉਹਨਾਂ ਦੇ ਨਾਲ ਸ਼ਾਮਲ ਰਿਹਾ। ਸੋ ਅੰਗਰੇਜ਼ੀ ਸਰਕਾਰ ਨੇ ਇਹ ਇਲਾਕਾ ਪਹਿਲਾਂ ਵਾਂਗ ਉਹਦੇ ਕਬਜ਼ੇ ਵਿੱਚ ਰਹਿਣ ਦਿੱਤਾ ਤੇ ਉਹਦੀ ਸੰਤਾਨ ਹੁਣ ਤੱਕ ਇਥੇ ਕਾਬਜ ਹੈ।

ਸੋ ਰਾਜਾ ਹਰੀ ਚੰਦ ਕੌਮ ਚੰਦੇਲਾ ਰਾਜਪੂਤ 'ਚੰਦੇਰੀ' ਤੋਂ ਆ ਕੇ ਬਿਲਾਸਪੁਰ ਵਿੱਚ ਅਬਾਦ ਹੋਇਆ, ਇਸ ਇਲਾਕੇ ਉੱਤੇ ਕਬਜ਼ਾ ਕਰਕੇ ਗੱਦੀ-ਨਸ਼ੀਨ ਹੋਇਆ।

ਇਸ ਦੀ ਵੰਸ਼ ਵਿੱਚੋਂ ਚੌਦਵੇਂ ਰਾਜਾ ਪ੍ਰਿਥੀ ਚੰਦ ਜਿਸ ਦੀ ਸੰਤਾਨ ਬਿਲਾਸਪੁਰ ਦਾ ਰਾਜਾ ਸੀ ਇਸ ਦਾ ਛੋਟਾ ਭਰਾ ਮੀਆਂ ਕਲੀ ਚੰਦ ਜਿਸ ਦੀ ਸੰਤਾਨ ਰਾਮਗੜ੍ਹ ਵਿਚ ਜਗੀਰਦਾਰ ਹੈ।

ਉਕਤ ਜਾਣਕਾਰੀ 'ਸੈਰ-ਇ ਪੰਜਾਬ' ਪੁਸਤਕ ਵਿੱਚ ਅੰਕਿਤ ਹੈ ਪ੍ਰੰਤੂ ਮੈਂ (ਲੇਖਕ) ਅਤੇ ਹਰਪ੍ਰੀਤ ਸਿੰਘ ਰਾਜੂ ਦਫ਼ਰਪੁਰੀਆ 'ਦਿ ਫ਼ੋਰਟ ਰਾਮਗੜ੍ਹ' ਵਿਖੇ ਹੋਰ ਜਾਣਕਾਰੀ ਕਿਲ੍ਹੇ ਅਤੇ ਕਿਲ੍ਹੇਦਾਰਾਂ ਬਾਰੇ ਲੈਣ ਪੁੱਜੇ ਤਾਂ ਸਾਡੀ ਗੱਲਬਾਤ ਕਿਲ੍ਹੇ ਦੇ ਮੁੱਖ ਪ੍ਰਬੰਧਕ ਸ. ਸੁਰਿੰਦਰ ਸਿੰਘ ਰਾਣਾ ਵਲੋਂ ਸ਼ਾਹੀ ਪਰਿਵਾਰ ਦੇ ਸਭ ਤੋਂ ਵਡੇਰੇ-ਜਠੇਰੇ ਮਾਨਯੋਗ ਰਾਜਾ ਮੋਹਨ ਸਿੰਘ ਚੰਦੇਲ ਨਾਲ ਕਰਾਈ ਗਈ। ਜਿਹਨਾਂ ਦੀ ਉਮਰ 91-92 ਸਾਲ ਦੇ ਲਗਭਗ ਹੈ। ਜਿਹਨਾਂ ਦੇ ਪਿਤਾ ਦਾ ਨਾਂ ਰਾਜਾ ਅਜਮੇਰ ਸਿੰਘ ਸੀ।

ਕਿਲ੍ਹਾ ਰਾਮਗੜ੍ਹ ਬਾਰੇ ਜਾਣਕਾਰੀ ਪੁੱਛਣ 'ਤੇ ਉਨ੍ਹਾਂ ਦਾ ਪਹਿਲਾ ਜਵਾਬ ਸੀ-

'ਮ੍ਹਾਰੀ ਅਰ ਮ੍ਹਾਰੇ ਕਿਲ੍ਹੇ ਦੀ ਜਾਣਕਾਰੀ ਪੁੱਛ ਕਾ ਥਾਨੂੰ ਕਿਆ ਮਿਲੇਗਾ? ਜੇ ਖੋਜ ਕਰਨੀ ਓਂ ਆ ਤਉ ਗੁਰੂ ਨਾਨਕ ਜੀ ਕੀ ਬਾਣੀ ਕੀ ਕਰੋ। ਬਾਣੀ ਮਾ ਤੇ ਸਭ ਕੁਸ਼ ਮਿਲਾ। ਮ੍ਹਾਰੇ ਪੋਤੜੇ ਫਰੋਲ ਕਾ ਕਿਆ ਮਿਲਣਾ?"
ਫਿਰ ਆਪ ਹੀ ਦੱਸਣ ਲੱਗੇ-

ਇਸ ਰਾਮਗੜ੍ਹ ਕੇ ਕਿਲ੍ਹੇ ਮਾ ਪੌਣੇ ਚਾਰ ਸੌ ਸਾਲ ਕਾ ਇਤਿਹਾਸ ਸਮਾਇਆ ਬਾ। ਪਿਛੋਕੜ ਮ੍ਹਾਰਾ ਮੱਧ ਪ੍ਰਦੇਸ਼ ਖ਼ਜੂਰਾਹੋਂ ਕਾ ਚੰਦੇਲ ਰਾਜਪੂਤ ਲੜਾਕੇ ਸੂਰਮੇ ਲੜ੍ਹਦੇ-ਮਰਦੇ 'ਬਿਲਸਪੁਰ ਆਏ, ਉਨਾਂ ਮਾ ਤੇ ਇੱਕ ਭਾਈ ਰਾਜਾ ਮਾਲਦੇਵ ਸਿੰਘ ਰਾਮਗੜ੍ਹ ਆਇਆ ਜਿਸ ਨੇ ਕਿਲ੍ਹੇ ਦੀ ਮੋਹੜੀ ਬੰਨ੍ਹੀ। ਉਸ ਜ਼ਦ-ਲਾਦ ਆਂ ਹਮੇਂ। ਮੇਰੇ ਦੋ ਬੇਟੇ ਅਮਰ ਸਿੰਘ ਅਰ ਅਮਿਤਾਭ ਸਿੰਘ ਇਹਨਾਂ ਦੋਆਂ ਕਾ ਇੱਕ ਇੱਕ ਲੜਕਾ ਆਸੂਤੋਸ ਸਿੰਘ ਅਰ ਆਯੂਸ ਸਿੰਘ।

ਕੂੰਏਵਾਲੀ (ਰਾਮਗੜ੍ਹ ਨੇੜੇ) ਮ੍ਹਾਰੀ 1940 ਕਿਲ੍ਹੇ ਜਮੀਨ ਜਹਾਂ ਸਰਕਾਰ ਨੇ TBRL ਬਣਾਈਆਂ।"ਅਸੀਂ ਸੁਣਦੇ ਗਏ ਤੇ ਬਜ਼ੁਰਗ ਚੰਦੇਲ ਦੱਸਦੇ ਗਏ ਆਖਣ ਲੱਗੇ :-

"ਤਿੰਨ ਤਰ੍ਹਾਂ ਰਾਜ ਭਾਗ ਪ੍ਰਾਪਤ ਹੋਆ (1) ਬਖ਼ਸ਼ਿਸੀ (2) ਇਨਾਮੀ (3) ਸ਼ਮਸ਼ੀਰੀ ਬੱਲ।" ਮ੍ਹਾਰੇ ਬੱਡਿਆਂ ਨੇ ਸਮਸ਼ੀਰ ਕੇ ਜ਼ੋਰ ਤੇ ਯੋ ਰਾਜ ਪਾਠ ਅਰ ਜ਼ਮੀਨ ਹਾਸਲ ਕਰ ਤੀ।" ਸਰਕਾਰ ਨੇ ਬੰਦੂਕ ਕੇ ਜ਼ੋਰ ਗੈਲ਼ ਖੋਸ ਲੀਆ।"

ਕਿਲ੍ਹੇ ਦੀ ਖ਼ਾਸੀਅਤ ਇਹ ਹੈ ਕਿ ਘੱਗਰ ਦਰਿਆ ਦੇ ਕਿਨਾਰੇ ਤੇ ਹੋਣ ਕਾਰਣ ਉਸ ਸਮੇਂ ਪਾਣੀ ਦੀ ਕੋਈ ਘਟ ਨਹੀਂ ਸੀ। ਦੱਖਣ ਦਿਸ਼ਾ ਵੱਲ ਕਿਲ੍ਹੇ ਦਾ ਮੁਖ ਦਰਵਾਜ਼ਾ 37 ਫੁੱਟ ਉੱਚਾ ਲੱਕੜ ਦਾ ਬਣਿਆ ਹੋਇਆ ਹੈ। ਜਿਸ ਵਿੱਚ ਦੀ ਅਸਵਾਰ ਸਮੇਤ ਅਰਾਮ ਨਾਲ ਹਾਥੀ ਅੰਦਰ ਜਾ-ਆ ਸਕਦਾ ਹੈ। ਇਸ ਇਤਿਹਾਸਕ ਦਰਵਾਜੇ ਦਾ ਨਾਮ "ਲਿਮਕਾ ਬੁੱਕ" ਵਿੱਚ ਅੰਕਿਤ ਹੈ। ਕਿਲ੍ਹੇ ਦੀ ਉਸਾਰੀ ਇੱਟਾਂ-ਪੱਥਰਾਂ ਚੂਨੇ ਅਤੇ ਸੀਮੇਂਟ ਨਾਲ, ਕਈ ਸਾਲ ਲਗਾ ਕੇ ਕੀਤੀ ਗਈ ਜਾਪਦੀ ਹੈ।

ਕਿਲ੍ਹੇ ਅੰਦਰਲੀ ਤੇ ਬਾਹਰਲੀ ਸਾਜੋ ਸਜਾਵਟ ਸ਼ਾਹੀ ਤੇ ਰਾਜਪੂਤੀ ਤਰਜ਼ ਦੀ ਹੈ। ਕਿਲ੍ਹੇ ਦੇ ਪਿਛਵਾੜੇ ਰਾਮਗੜ੍ਹ ਕਸਬਾ ਵਸਿਆ ਹੋਇਆ ਹੈ। ਦਿੱਲੀ ਵੱਲੋਂ ਹੋਣ ਵਾਲੇ ਹਮਲਿਆਂ ਤੋਂ ਬਚਾਉਣ ਲਈ ਕਿਲ੍ਹਾ ਰਾਮਗੜ੍ਹ ਕਿਸੇ ਰਾਜਪੂਤ ਸੂਰਮੇ ਵਾਂਗ ਖੜ੍ਹਾ ਅਡੋਲ ਖੜ੍ਹਾ ਹੈ ਜਿਵੇਂ ਹਥਿਆਰਾਂ ਨਾਲ ਸਨਦਬੱਧ ਹੋਵੇ।

ਰਾਜਾ ਮੋਹਨ ਸਿੰਘ ਚੰਦੇਲ ਨੂੰ ਜਦੋਂ ਇਸ ਕਿਲ੍ਹੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ ਇਸ ਕਿਲ੍ਹੇ ਤੇ। ਗੁਰੂ ਜੀ ਵਲੋਂ ਬਖਸ਼ਿਸ ਦੇ ਤੌਰ ਤੇ ਕੋਈ ਵਸਤੂ ਦਿੱਤੀ ਹੋਵੇ, ਬਾਰੇ ਮੈਨੂੰ ਗਿਆਨ ਨਹੀਂ ਸ਼ਾਇਦ ਮੇਰੇ ਦੂਜੇ ਭਰਾ ਕੋਲ ਹੋਵੇ।"

ਅਜੋਕੇ ਸਮੇਂ ਵਿੱਚ ਇਹ ਕਿਲ੍ਹਾ ਰਾਮਗੜ੍ਹ Golf Range Banquet & Lawns ਕਾਰਨ ਹੋਰ ਪ੍ਰਸਿੱਧੀ ਹਾਸਲ ਕਰ ਚੁੱਕਾ ਹੈ। ਇਤਿਹਾਕ ਇਮਾਰਤਾਂ, ਰਾਜਮਹਿਲ, ਹਰਮ, ਵੇਹੜੇ, ਗਣੇਸ਼ ਮੂਰਤੀ, ਬੱਬਰ ਸ਼ੇਰ ਬੁੱਤ, ਕੈਦੀ ਕੈਦ ਕਰਨ ਵਾਲਾ ਉਪਰ ਲਟਕਦਾ ਵੱਡਾ ਫੌਲਾਦੀ ਗੋਲ ਪਿੰਜਰਾ, ਪੁਰਾਤਨ ਰਾਜਸੀ ਵਸਤੂਆਂ ਖਿੱਚ ਦਾ ਕੇਂਦਰ ਹਨ।

ਉਪਰੋਕਤ ਕਿਲ੍ਹੇ ਦੇ ਇਤਿਹਾਸ ਤੋਂ ਇਲਾਵਾ ਕਿਲ੍ਹੇ ਦੇ ਰਾਜਿਆਂ ਦਾ ਵੇਰਵਾ (ਕੁਰਸੀ ਨਾਮਾ) ਸੰਖੇਪ ਵਿੱਚ ਹੇਠ ਦਿੱਤਾ ਜਾਂਦਾ ਹੈ:-

ਰਾਜਾ ਸਿੰਗਾਰ ਚੰਦ ਸਮਾਂ 1197 ਤੋਂ 2020 ਈ.

ਮੀਆਂ ਸੂਰਤ ਚੰਦ

ਮੀਆਂ ਕੁਸ਼ਲ ਸਿੰਘ 1763 ਤੋਂ 1785 ਈ. ਸੰਨ

ਮੀਆਂ ਕੁਸ਼ਲ ਸਿੰਘ

ਰਾਜਾ ਨਰੈਣ ਸਿੰਘ ਮੌਤ 1845 — ਰਾਜਾ ਮਾਲ ਦੇਵ ਸਿੰਘ

ਰਾਜਾ ਹਰੀ ਸਿੰਘ, ਮੌਤ 1854 ਈ. — ਗੋਪਾਲ ਸਿੰਘ

ਸਰਦਾਰ ਦਇਆ ਸਿੰਘ, ਮੌਤ 1879 ਈ.

ਰਾਜਾ ਰਾਮ ਸਿੰਘ, ਮੌਤ 1888 ਈ.

ਰਾਜਾ ਗੁਲਾਬ ਸਿੰਘ, ਮੌਤ 1896 ਈ.

ਰਾਜਾ ਅਜਮੇਰ ਸਿੰਘ 1897 ਤੋਂ 1975 ਤੱਕ

ਸ. ਮਹਿੰਦਰ ਸਿੰਘ — ਰਾਜਾ ਮੋਹਨ ਸਿੰਘ — ਰਾਜਕੁਮਾਰੀ — ਰਾਜਕੁਮਾਰ *

ਰਾਜਾ ਮੋਹਨ ਸਿੰਘ ਜਨਮ 1927 ਈ.
ਉਮਰ 91 ਸਾਲ ਜ਼ੀਵਤ ਹਨ

ਅਮਰ ਸਿੰਘ ਚੰਦੇਲ
(ਸਾਬਕਾ ਟ੍ਰਿਬਿਊਨ ਸੰਪਾਦਕ ਅਤੇ
ਕੁਦਰਤੀ ਇਲਾਜ ਪ੍ਰਣਾਲੀ ਦੇ ਮਾਹਰ)

ਆਸ਼ੂਤੋਸ਼ ਸਿੰਘ

ਅਮਿਤਾਭ ਸਿੰਘ

ਆਯੂਸ ਸਿੰਘ

* ਰਾਜਾ ਮੋਹਨ ਸਿੰਘ ਚੰਦੇਲ ਵਡੇ ਭਰਾ ਮਹਿੰਦਰ ਸਿੰਘ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ, ਇਹਨਾਂ ਦੇ ਛੋਟੇ ਭਰਾ ਹਨ।

ਕੰਵਰ ਰਾਜ ਕੁਮਾਰ ਸਿੰਘ
(ਨੋਟ ਕਿਲ੍ਹੇ ਦਾ ਅੱਧਾ ਰਾਜ ਭਾਗ ਇਨ੍ਹਾਂ ਕੋਲ ਹੈ)

| | |
|---|---|
| ਸ. ਯਸ਼ਵਿੰਦਰ ਸਿੰਘ ਚੰਦੇਲ<br>ਐਡਵੋਕੇਟ | ਸ. ਜੈਇੰਦਰ ਸਿੰਘ ਚੰਦੇਲ<br>ਐਡਵੋਕੇਟ |

ਨੋਟ : ਉਪਰੋਕਤ ਕਿਲ੍ਹੇ ਦੇ ਰਾਜ ਪ੍ਰਬੰਧ ਅਧੀਨ ਰਹੇ ਪਿੰਡਾਂ ਦਾ ਵੇਰਵਾ ਇਸ ਪ੍ਰਕਾਰ ਸੀ-

ਵਿਲ੍ਹਾ ਪਿੰਡ, ਸਿੰਮਲੀਪੁਰ, ਲਾਣਾ, ਕੂੰਏਂਵਾਲੀ, ਮਾਣਕ ਟਬਰਾ, ਬੂਧ, ਭਾਣੋਂ, ਅਮਰਾਲਾ, ਬਰਵਾਲਾ, ਤਰਲੋਕਪੁਰ, ਕਿਸ਼ਨਪੁਰ, ਖਟੌਲੀ, ਕਿਸਨਗੜ੍ਹ ਅਤੇ ਹੋਰ।

ਇਸ ਤੋਂ ਇਲਾਵਾ ਇਹ ਇਤਿਹਾਸਕ ਕਿਲ੍ਹਾ ਸੰਨ ਸੰਨਤਾਲੀ ਦੇ ਹੱਲਿਆਂ ਸਮੇਂ ਭੀੜਤੰਤਰ ਦੇ ਮਾਰੂ ਹਮਲਿਆਂ ਤੋਂ ਮੁਸਲਮਾਨ ਭਰਾਵਾਂ ਨੂੰ ਬਚਾਉਣ ਅਤੇ ਰੱਖਿਆ ਪ੍ਰਦਾਨ ਕਰਨ ਵਿੱਚ ਵੀ ਸਹਾਈ ਸਿੱਧ ਹੋਇਆ।

*****

# ਖਰੜ ਦੇ ਲੋਪ ਹੋਏ ਕਿਲ੍ਹੇ ਦੀ ਦਾਸਤਾਨ

- ਹਰਬੰਸ ਸੋਢੀ
ਮੋ. 9417245388

18ਵੀਂ ਸਦੀ ਦੇ ਸ਼ੁਰੂ ਵਿੱਚ ਇਸ ਕੱਚੀ ਗੜ੍ਹੀ ਨੂੰ ਭੱਟੀ ਸਰਦਾਰਾਂ ਨੇ ਪੱਕਾ ਬਣਾਉਣਾ ਸ਼ੁਰੂ ਕੀਤਾ। ਅੱਧ-ਪਚਧੇ ਬਣੇ ਇਸ ਕਿਲ੍ਹੇ 'ਤੇ ਥੋੜ੍ਹੀ ਦੇਰ ਲਈ ਮਰਹਟਿਆਂ ਨੇ ਵੀ ਕਬਜ਼ਾ ਕੀਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਵਿੱਚ ਮੱਚੀ ਧਾਕ ਮਗਰੋਂ ਇਹ ਕਿਲ੍ਹਾ ਮਰਵਾਹੇ ਸਰਦਾਰਾਂ ਨੇ ਆਪਣੇ ਕਬਜ਼ੇ ਹੇਠ ਲੈ ਲਿਆ।

ਮਰਵਾਹੇ ਸਰਦਾਰਾਂ ਦੇ ਇੱਕ ਮੋਢੀ ਬਾਬਾ ਹਰਨਾਮ ਸਿੰਘ ਨੇ ਇਸ ਕਿਲ੍ਹੇ ਦਾ ਮੂੰਹ ਮੱਥਾ ਸਵਾਰਿਆ ਅਤੇ ਕਿਲ੍ਹੇ ਦੇ ਆਸ-ਪਾਸ ਅੰਬਾਂ ਜਾਮੁਣਾਂ ਦੇ ਬਾਗ਼ ਲਗਾਏ।

ਅੰਗਰੇਜ਼ਾਂ ਦੀ ਹਕੂਮਤ ਵੇਲੇ ਖਰੜ, ਅੰਬਾਲਾ ਜ਼ਿਲ੍ਹੇ ਦੀ ਆਖਰੀ ਤਹਿਸੀਲ ਸੀ। ਆਪਣੀ ਹਕੂਮਤ ਦਾ ਦਬਦਬਾ ਬਣਾਈ ਰੱਖਣ ਲਈ ਅੰਗਰੇਜ਼ਾਂ ਨੇ ਸਰਦਾਰ ਹਰਨਾਮ ਸਿੰਘ ਨੂੰ ਖਰੜ ਤਹਿਸੀਲ ਦਾ 'ਸਰਦਾਰ ਬਹਾਦੁਰ' ਦਾ ਖਿਤਾਬ ਦਿੱਤਾ ਅਤੇ ਨਾਲ ਹੀ 500 ਮੁਰੱਬਾ ਜ਼ਮੀਨ ਅਤੇ ਮਾਲੀਆ ਇਕੱਠਾ ਕਰਨ ਲਈ ਅਧਿਕਾਰ ਵੀ ਦਿੱਤੇ।

ਮਾਲੀਆ ਇਕੱਠਾ ਕਰਨ ਦੇ ਹਿਸਾਬ ਨਾਲ ਸਰਦਾਰ ਹਰਨਾਮ ਸਿੰਘ ਨੂੰ 32 ਹਜ਼ਾਰ ਰੁਪਏ ਦੀ ਸਲਾਨਾ ਜਗੀਰ ਵੀ ਦਿੱਤੀ ਗਈ।

ਕਿਲ੍ਹੇ ਦੇ ਰਖ-ਰਖਾਵ ਲਈ ਹਰ ਸਮੇਂ 40 ਅਹਿਲਕਾਰ ਕੰਮ 'ਤੇ ਲੱਗੇ ਰਹਿੰਦੇ ਸਨ।

ਕਿਲ੍ਹਾ ਸਾਰੇ ਸ਼ਹਿਰ ਨਾਲੋਂ ਲਗਭਗ ਦਸ ਫੁੱਟ ਉੱਚਾ ਸੀ। ਕਿਲ੍ਹੇ ਦੇ ਉੱਤਰੀ ਬੁਰਜ਼ 'ਤੇ ਝੂਲਦਾ ਕੇਸਰੀ ਝੰਡਾ ਦਸ-ਦਸ ਕੋਹਾਂ ਤੋਂ ਦਿਖਾਈ ਦਿੰਦਾ ਸੀ। ਇਹ ਝੰਡਾ ਹਰ ਦੁਸਹਿਰੇ ਵਾਲੇ ਦਿਨ ਬਦਲਿਆ ਜਾਂਦਾ ਸੀ।

'ਸਰਦਾਰ ਬਹਾਦੁਰ' ਛੋਟੇ-ਮੋਟੇ ਮੁਕੱਦਮੇ ਸੁਣਨ ਲਈ ਬਕਾਇਦਾ ਕਚਹਿਰੀ ਲਗਾਇਆ ਕਰਦਾ ਸੀ, ਜਿਹੜੀ ਕਿਲ੍ਹੇ ਦੇ ਨਾਲ ਲੱਗਦੇ ਬਾਹਰਲੇ ਖੂਹ ਦੇ ਉੱਪਰ ਬਣੀ ਇਮਾਰਤ ਵਿੱਚ ਲੱਗਦੀ ਸੀ।

ਸਰਦਾਰ ਬਹਾਦੁਰ ਨੂੰ 100 ਰੁਪਏ ਜੁਰਮਾਨਾ ਅਤੇ ਇੱਕ ਮਹੀਨੇ ਦੀ ਕੈਦ ਕਰਨ ਦਾ ਅਧਿਕਾਰ ਸੀ। ਕਿਲ੍ਹੇ ਦੇ ਬਾਹਰਲੇ ਪਾਸੇ ਇੱਕ ਛੋਟੀ ਜਿਹੀ ਜੇਲ੍ਹ ਨੁਮਾ ਕੋਠੜੀ ਵੀ ਹੋਇਆ ਕਰਦੀ ਸੀ।

ਕਿਲ੍ਹੇ ਦਾ ਮੁੱਖ ਦਰਵਾਜਾ ਪੂਰੀ ਤਰ੍ਹਾਂ ਬੁਲੰਦ ਅਤੇ ਵੱਡੀਆਂ ਗੁਲਮੇਖਾਂ ਨਾਲ ਜੁੜਿਆ ਹੋਇਆ ਹੁੰਦਾ ਸੀ। ਇਸ ਦਰਵਾਜੇ ਵਿਚੋਂ ਲੰਘ ਕੇ ਖੱਬੇ ਪਾਸੇ 'ਜਨਾਨ ਖਾਨਾ' ਸੀ। ਜਿਸ ਵਿਚ ਸਰਦਾਰਨੀਆਂ ਅਤੇ ਉਨ੍ਹਾਂ ਦੀਆਂ ਟਹਿਲਣਾਂ ਰਹਿੰਦੀਆਂ ਸਨ। ਇਸੇ ਜਨਾਨ ਖਾਨੇ ਦੇ ਹੇਠਾਂ ਲੰਗਰ ਦੀ ਇਮਾਰਤ ਹੁੰਦੀ ਸੀ, ਜਿਸ ਦੇ ਨਾਲ ਹੀ ਮਾਤਾ ਅੰਨ ਪੂਰਨਾ ਦਾ ਇੱਕ ਮੰਦਰ ਹੁੰਦਾ ਸੀ, ਜਿਸ ਨੂੰ ਭੋਗ ਲਗਾ ਕੇ ਲੰਗਰ ਵਰਤਾਇਆ ਜਾਂਦਾ ਸੀ। ਕਿਲ੍ਹੇ 'ਚ ਕਈ ਅਲਮਾਰੀਆਂ 'ਚ ਕਿਤਾਬਾਂ ਦਾ ਭੰਡਾਰ ਹੁੰਦਾ ਸੀ।

ਜਨਾਨ ਖਾਨੇ ਦੇ ਅੰਦਰ ਜਾਣ ਤੋਂ ਪਹਿਲਾਂ ਕਿਲ੍ਹੇ ਦਾ ਵਿਸ਼ਾਲ ਵਿਹੜਾ ਹੋਇਆ ਕਰਦਾ ਸੀ। ਇਸੇ ਵਿਹੜੇ ਵਿੱਚ ਇਕ ਪਾਸੇ ਘੋੜੀਆਂ, ਮੱਝਾਂ, ਗਊਆਂ ਅਤੇ ਊਠ ਹੋਇਆ ਕਰਦੇ ਸਨ। ਦੂਸਰੇ ਪਾਸੇ ਨੌਕਰਾਂ-ਚਾਕਰਾਂ ਅਤੇ ਅਹਿਲਕਾਰਾਂ ਦੀਆਂ ਕੋਠੜੀਆਂ ਹੁੰਦੀਆਂ ਸਨ। ਇੱਕ ਪਿਆਨੋ (ਸਾਜ਼) ਹੁੰਦਾ ਸੀ ਜਿਸ ਨੂੰ ਸ਼ਾਹੀ ਮਹਿਮਾਨਾਂ ਦੀ ਆਮਦ 'ਤੇ ਵਜਾਇਆ ਜਾਂਦਾ ਸੀ। ਸ਼ਾਹੀ ਭੋਜਨ ਖੁਆਇਆ ਜਾਂਦਾ ਸੀ।

ਸਰਦਾਰ ਸਾਹਿਬ ਦਾ ਬਸੇਰਾ ਕਿਲ੍ਹੇ ਦੇ ਉਪਰਲੇ ਵੱਡੇ ਹਾਲ ਵਿੱਚ ਹੋਇਆ ਕਰਦਾ ਸੀ, ਜਿੱਥੋਂ ਤਿੰਨ ਪਾਸੇ ਪੂਰੀ ਨਿਗਾਹ ਰੱਖੀ ਜਾ ਸਕਦੀ ਸੀ। ਇੱਥੇ ਹੀ ਪੂਰਬੀ ਬੁਰਜ ਹੁੰਦਾ ਸੀ, ਜਿਸ ਵਿੱਚ ਅਸਲਾ, ਨਕਦੀ ਅਤੇ ਹੋਰ ਕੀਮਤੀ ਸਮਾਨ ਰੱਖਿਆ ਹੁੰਦਾ ਸੀ। ਇੱਕ ਸ਼ਾਨਦਾਰ ਰੱਥ ਹੁੰਦੀ ਸੀ ਜਿਸ ਵਿਚ ਸਰਦਾਰਨੀਆਂ ਸੈਰ ਕਰਨ ਦਾ ਅਨੰਦ ਮਾਣਦੀਆਂ ਸਨ। ਰੱਥ ਨੂੰ ਘੋੜੇ ਜੁੜਦੇ ਸਨ।

ਸਰਦਾਰ ਹਰਨਾਮ ਸਿੰਘ ਦੇ ਬੇਟੇ ਸਰਦਾਰ ਹਰਚਰਨ ਸਿੰਘ ਦੇ ਵੇਲੇ ਤੱਕ ਕਿਲ੍ਹੇ ਦੀ ਪੂਰੀ ਚੜ੍ਹਤ ਸੀ ਅਤੇ ਖਰੜ 'ਤੇ ਸਰਦਾਰਾਂ ਦਾ ਦਬਦਬਾ ਵੀ ਸੀ। ਕਿਲ੍ਹੇ ਰੌਂਸ (ਫਸੀਲ) ਤੇ ਸਰਦਾਰ ਹਰਚਰਨ ਸਿੰਘ, ਬੈਠ ਕੇ ਰੋਪੜ ਤਹਿਸੀਲ ਨੂੰ ਜਾਂਦੀ ਸੜਕ ਤੇ ਖੜ੍ਹੇ ਆਪਣੇ ਨੌਕਰਾਂ ਚਾਕਰਾਂ ਨੂੰ ਤਰ੍ਹਾਂ ਤਰ੍ਹਾਂ ਦੇ ਹੁਕਮ ਦਿੰਦੇ।

ਸ. ਸਾਹਿਬ ਦੇ ਖਰੜ ਵਿੱਚ ਕਈ ਬਾਗ ਸਨ। ਸਭ ਤੋਂ ਮਸ਼ਹੂਰ ਡੇਹਰੇ ਵਾਲਾ ਬਾਗ ਸੀ, ਜਿਸ ਨੂੰ ਮਗਰੋਂ ਚੂੰਗੀ ਵਾਲਾ ਬਾਗ ਵੀ ਕਿਹਾ ਜਾਣ ਲੱਗਾ

ਇੱਥੇ ਅੰਬ, ਲੀਚੀਆਂ, ਜਾਮੁਨਾਂ, ਅਮਰੂਦ, ਬੇਰੀਆਂ, ਕੇਲਿਆਂ ਤੇ ਸੰਤਰਿਆਂ ਦੀ ਬਹਾਰ ਹੋਇਆ ਕਰਦੀ ਸੀ। ਸੰਘਣੇ ਦਰਖਤਾਂ ਕਰਕੇ ਦਿਨੇ ਹੀ ਹਨੇਰਾ ਪਿਆ ਰਹਿੰਦਾ ਸੀ।

ਬਾਗ ਦੇ ਵਿੱਚੋਂ ਵਿਚ ਇਕ ਕੋਠੀ ਸੀ ਜਿਸ ਦੇ ਸੰਗਮਰਮਰੀ ਫਰਸ਼ਾਂ ਦੀ ਚਮਕ ਦੀ ਤਾਬ ਝੱਲੀ ਨਹੀਂ ਸੀ ਜਾਂਦੀ ।ਹੁਣ ਇੱਥੇ ਬਹੁਤ ਮੰਜ਼ਲੀ ਇਮਾਰਤਾਂ ਦਾ 'ਸੀਮੈਂਟ ਦਾ ਜੰਗਲ' ਉਗ ਆਇਆ ਹੈ।

ਕਿਲ੍ਹੇ ਦੇ ਬਾਹਰ ਟੈਨਿਸ ਕੋਰਟ ਹੁੰਦਾ ਸੀ। ਕਦੇ ਕਦਾਰੇ ਆਇਆ ਕੋਈ ਅੰਗਰੇਜ਼ ਅਧਿਕਾਰੀ, ਸਰਦਾਰ ਸਾਹਿਬ ਨਾਲ ਟੈਨਿਸ ਜ਼ਰੂਰ ਖੇਡਿਆ ਕਰਦਾ ਸੀ।

ਸ. ਸਾਹਿਬ ਵੱਲੋਂ ਖਰੜ ਦੇ ਖਾਲਸਾ ਸਕੂਲ ਨੂੰ ਬਨਾਉਣ ਤੇ ਵਧਾਉਣ ਵਾਸਤੇ ਕਰੜੀ ਘਾਲ ਘਾਲੀ ਗਈ। ਖਰੜ ਵਿੱਚ ਕ੍ਰਿਸਚਿਨ ਸਕੂਲ ਦੇ ਬਰਾਬਰ ਖਾਲਸਾ ਸਕੂਲ ਖੜਾ ਕਰਨਾ ਵੱਡੀ ਗੱਲ ਸੀ।

ਕਿਲ੍ਹੇ ਬਾਰੇ ਕਈ ਦੰਦ ਕਥਾਵਾਂ ਵੀ ਸੀ ਕਿ ਇੱਥੇ ਇੱਕ ਲੰਬੀ ਸੁਰੰਗ ਹੈ, ਇਥੇ ਇਕ ਦਿਓ ਦਾ ਦੰਦ ਪਿਆ ਹੈ, ਇਥੇ ਨੌਗਜ਼ੀਏ ਪੀਰ ਦੀ ਕਬਰ ਹੈ। ਹਾਲਾਂ ਕਿ ਅਜਿਹਾ ਕੁਝ ਨਹੀਂ ਸੀ। ਜਨਾਨ ਖਾਸੇ ਵਿੱਚ 40 ਕਮਰੇ ਸਨ ਜਿਹਨਾਂ ਵਿੱਚ ਸਰਦਾਰਨੀਆਂ ਦੇ ਟਹਿਲਣ ਦੀ ਚਹਿਲ ਪਹਿਲ ਹੁੰਦੀ ਸੀ।

ਆਜ਼ਾਦੀ ਦੇ ਕੁਝ ਵਰ੍ਹਿਆਂ ਮਗਰੋਂ ਪਰਿਵਾਰਿਕ ਝਗੜਿਆਂ ਅਤੇ ਜਗੀਰਾਂ ਦੇ ਖੁਸ ਜਾਣ ਕਰਕੇ ਕਿਲ੍ਹਾ, ਆਪਣੀ ਸ਼ਾਨ ਗੁਵਾਉਣ ਲਗਿਆ। ਕਿਲ੍ਹੇ ਦੀ ਹੇਠਲੀ ਕੋਠੀ ਵਿੱਚ ਕਈ ਵਰ੍ਹਿਆਂ ਤੱਕ ਇਕ ਉਭਰ ਰਹੇ ਸੰਤ ਦਾ ਸਮਾਨ ਪਿਆ ਰਿਹਾ। ਬੜੀ ਜਦੋ ਜਹਿਦ ਮਗਰੋਂ ਉਹ ਸਮਾਨ ਕੱਢਿਆ ਗਿਆ। ਉਹ ਕੋਠੀ ਡਰਾਉਣੀ ਬਣ ਗਈ ਤੇ ਉਥੇ ਫਿਲਮ 'ਬੀਸ ਸਾਲ ਬਾਅਦ' ਦੇ ਕੁਝ ਸੀਨ ਵੀ ਫਿਲਮਾਏ ਗਏ। ਕਈ ਵਰ੍ਹਿਆਂ ਮਗਰੋਂ ਸ਼ਸ਼ੀ ਕਪੂਰ ਦੀ ਇਕ ਫਿਲਮ 'ਜੀਵਨ ਸੰਗ੍ਰਾਮ' ਦੀ ਵੀ ਸ਼ੂਟਿੰਗ ਹੋਈ ਸੀ। ਉਸ ਫਿਲਮ ਵਿੱਚ ਇਹ ਕਿਲ੍ਹਾ ਦੇਖਿਆ ਜਾ ਸਕਦਾ ਹੈ।

ਆਜ਼ਾਦੀ ਮਗਰੋਂ ਹਰਚਰਨ ਸਿੰਘ ਦੇ ਬੇਟੇ ਹਰਭਜਨ ਸਿੰਘ ਨੂੰ 'ਟਿੱਕਾ' ਯਾਨੀ ਵੱਡੇ ਪੁੱਤਰ ਦਾ ਖਿਤਾਬ ਦਿੱਤਾ ਗਿਆ। ਪਰ ਸਰਦਾਰੀ ਖੁਰਨੀ ਸ਼ੁਰੂ ਹੋ ਗਈ ਅਤੇ ਜਗੀਰ ਵੀ ਬੰਦ ਹੋ ਗਈ।

ਕਿਲ੍ਹੇ ਦੀ ਆਖਰੀ ਵਾਰਿਸ ਸਰਦਾਰਨੀ ਸੂਰਜ ਕੌਰ ਹੋ ਨਿਬੜੀ, ਜਿਸ ਨੂੰ ਬਹੁਤ ਸਾਰੇ ਮੁਕੱਦਮਿਆਂ ਵਿੱਚ ਉਲਝਾਈ ਰੱਖਿਆ ਗਿਆ।

ਸੂਰਜ ਕੌਰ ਦੀ ਮੌਤ ਮਗਰੋਂ ਟਿੱਕਾ ਹਰਭਜਨ ਸਿੰਘ ਨੇ ਇਹ ਕਿਲ੍ਹਾ ਇੱਕ ਕਰੋੜ 65 ਲੱਖ ਰੁਪਏ ਨੂੰ ਪ੍ਰਾਪਰਟੀ ਡੀਲਰਜ਼ ਨੁਮਾ ਲੋਕਾਂ ਨੂੰ ਵੇਚ ਦਿੱਤਾ, ਜਿਨ੍ਹਾਂ ਨੇ ਜਰ-ਜਰ ਹੋਏ ਇਸ ਕਿਲ੍ਹਾ ਨੂੰ ਢਾਹੁਣ ਵਿੱਚ ਢਿੱਲ ਨਹੀਂ ਲਾਈ ਤੇ ਇਥੇ ਦੁਕਾਨਾਂ ਦਾ ਇੱਕ ਕੰਪਲੈਕਸ ਉਸਾਰ ਦਿੱਤਾ ਹੈ। ਕਿਲ੍ਹੇ ਵਾਂਗ ਹੀ ਇਸ ਕੰਪਲੈਕਸ ਵਿੱਚ ਵੀ ਵੀਰਾਨੀ ਛਾਈ ਹੋਈ ਹੈ।

ਇਸ ਸਦੀ ਦੇ ਸ਼ੁਰੂ ਹੋਣ ਤੋਂ ਕੁੱਝ ਮਹੀਨੇ ਪਹਿਲਾਂ ਜਿਨ੍ਹਾਂ ਲੋਕਾਂ ਨੇ ਇਸ ਕਿਲ੍ਹੇ ਨੂੰ ਵੇਖਿਆ ਸੀ, ਉਨ੍ਹਾਂ ਦੇ ਚੇਤੇ ਵਿੱਚ ਅਜੇ ਵੀ ਕਿਲ੍ਹੇ ਦੇ ਬਾਹਰ ਪੀਰ ਦੀ ਮਜ਼ਾਰ, ਕਿਲ੍ਹੇ ਦੇ ਚੜ੍ਹਦੇ ਪਾਸੇ ਬਣਿਆ ਟੈਨਿਸ ਕੋਰਟ, ਟੈਨਿਸ ਕੋਰਟ ਦੇ ਨਾਲ ਖੜ੍ਹੀ ਪੁਰਾਣੀ ਬਿਊਕ ਕਾਰ (ਇਹ ਕਾਰ ਖਰੜ ਵਿੱਚ ਆਉਣ ਵਾਲੀ ਪਹਿਲੀ ਕਾਰ ਸੀ, ਜਿਸ ਨੂੰ ਦੇਖਣ ਲਈ ਦੂਰੋ-ਦੂਰੋਂ ਲੋਕ ਆਉਂਦੇ ਸਨ) ਅਤੇ ਖੂਹ ਦੇ ਨਾਲ ਕਿਲ੍ਹੇ ਦੀ ਉੱਚੀ ਇਮਾਰਤ 'ਤੇ ਲਿਖਿਆ 'ਹਰਚਰਨ ਮਹਿਲ' ਅੱਜ ਵੀ ਤਾਜ਼ਾ ਏ।

ਇਸ ਕਿਲ੍ਹੇ ਦੀਆਂ ਲਗਭਗ ਡੇਢ ਕਰੋੜ ਰੁਪਏ ਦੀਆਂ ਵਿੱਕੀਆਂ ਸਰਹੰਦੀ ਇੱਟਾਂ ਅੱਜ ਵੀ ਪੰਜਾਬ ਅਤੇ ਹਰਿਆਣਾ ਦੀਆਂ ਕਈ ਹਵੇਲੀਆਂ ਦੀਆਂ ਜ਼ੀਨਤ ਬਣੀਆਂ ਹੋਈਆਂ ਨੇ। ਨਵੀਂ ਪੀੜ੍ਹੀ ਨੂੰ ਕੀ ਪਤਾ ਲੱਗੇਗਾ ਕਿ ਕਦੇ ਖਰੜ 'ਚ ਸ਼ਾਨਦਾਰ ਕਿਲ੍ਹਾ ਵੀ ਹੁੰਦਾ ਸੀ ਜਿਸ ਦੀ ਦਾਸਤਾਨ ਇਹ ਪੇਸ਼ ਕੀਤੀ ਗਈ ਹੈ।

* * *

# ਪਿੰਡ ਖੇੜਾ ਦਾ ਖੰਡਰ ਹੋਇਆ ਕਿਲ੍ਹਾ

-ਮਨਮੋਹਨ ਸਿੰਘ ਦਾਊਂ

ਕੁਰਾਲੀ ਸਿਸਵਾਂ ਰੋਡ 'ਤੇ ਮਾਜਰੀ ਬਲਾਕ ਤੋਂ ਖੱਬੇ ਹੱਥ ਖਿਜਰਾਬਾਦ - ਬਿੰਦਰਖ ਨੂੰ ਜਾਣ ਵਾਲੀ ਸੜਕ 'ਤੇ ਮਾਜਰੀ ਤੇ ਸਿਆਲਬਾ ਪਿੰਡ ਤੋਂ ਬਾਅਦ ਪਿੰਡ ਖੇੜਾ ਆਉਂਦਾ ਹੈ। ਇੱਥੇ ਮਾਤਾ ਗੁਜਰੀ ਕੰਨਿਆ ਕਾਲਜ ਤੋਂ ਖੱਬੇ ਹੱਥ ਅੱਗੇ ਲੰਘ ਕੇ ਉੱਚੀ ਗਲੀ ਦੇ ਖੱਬੇ ਹੱਥ ਢਹਿ-ਢੇਰੀ ਹਾਲਤ ਵਿੱਚ ਪੁਰਾਤਨ ਕਿਲ੍ਹਾ ਆਪਣੀ ਆਪ ਬੀਤੀ ਦੱਸਦਾ ਹੈ। ਹੁਣ ਇਹ ਕਿਲ੍ਹਾ ਖੰਡਰ ਹੋ ਚੁੱਕਿਆ ਹੈ। ਦੱਸਿਆ ਜਾਂਦਾ ਹੈ ਕਿ ਖਰੜ ਵਾਲੇ ਸਰਦਾਰ ਤੋਂ ਇਹ ਕਿਲ੍ਹਾ ਪਿੰਡ ਬਰਾਸ ਤੋਂ ਆਏ ਹਰੀ ਸਿੰਘ ਤੇ ਚੜ੍ਹਤ ਸਿੰਘ ਨੇ ਇਸ ਇਲਾਕੇ ਦੇ 85 ਪਿੰਡਾਂ ਤੇ ਕਬਜ਼ਾ ਕਰ ਕੇ 1763 ਈ. 'ਚ ਆਪਣੇ ਅਧੀਨ ਕੀਤਾ ਸੀ। ਲਗਭਗ 20 ਕਨਾਲ 'ਚ ਇਸ ਕਿਲ੍ਹੇ ਦੀ ਇਮਾਰਤ ਬਣੀ ਹੋਈ ਸੀ ਤੇ ਇਸ ਕਿਲ੍ਹੇ ਨਾਲ 22 ਬੀਘੇ ਜ਼ਮੀਨ ਹੁੰਦੀ ਸੀ ਰਿਕਾਰਡ ਇਹ ਵੀ ਦੱਸਦਾ ਹੈ, ਚਾਰ ਦਸੰਬਰ 1903 ਨੂੰ ਅੰਗਰੇਜ਼ ਸਰਕਾਰ ਵੇਲੇ ਅਦਾਲਤੀ ਹੁਕਮ ਹੋਇਆ ਕਿ ਇਹ ਕਿਲ੍ਹਾ ਤੇ ਬਾਗ ਪੁਰਖਿਆਂ/ਖਾਨਦਾਨ ਦੀ ਵਿਰਾਸਤ ਵਜੋਂ ਸੁਰੱਖਿਅਤ ਰੱਖਿਆ ਜਾਵੇ। ਫਿਰ ਇਹ ਕਿਲ੍ਹਾ ਰਣਧੀਰ ਸਿੰਘ ਅਤੇ ਹਰ ਗੋਪਾਲ ਸਿੰਘ ਦੀ ਮਲਕੀਅਤ ਬਣ ਗਿਆ। ਉਨ੍ਹਾਂ ਦੀ ਮੌਤ ਤੋਂ ਬਾਅਦ ਇਸ ਕਿਲ੍ਹੇ ਦਾ ਵਾਰਸ ਛੱਜਾ ਸਿੰਘ ਬਣਿਆ। ਇਸ ਵੇਲੇ ਪਿਛਲੇ 63 ਸਾਲਾਂ ਤੋਂ ਇਸੇ ਕਿਲ੍ਹੇ ਦੀ ਹਦੂਦ ਅੰਦਰ ਨਿਰਮਲ ਸਿੰਘ ਨੇ ਆਪਣਾ ਨਵਾਂ ਮਕਾਨ ਬਣਾਕੇ ਵਾਸਾ ਕੀਤਾ ਹੋਇਆ ਹੈ ਜਿਸ ਦੀ ਜ਼ਮੀਨ ਮਲਕੀਅਤ ਬਾਰੇ ਉਸਦਾ ਕੇਸ ਵੀ ਚਲਦਾ ਹੈ ਤੇ ਹੋਰ ਹਿੱਸੇਦਾਰ ਵੀ ਆਪਣੀ ਇਸ ਜ਼ਮੀਨ 'ਤੇ ਮਲਕੀਅਤ ਦਾ ਹੱਕ ਜਮਾਉਂਦੇ ਹਨ। ਕਈ ਫਿਲਮਾਂ ਦਾ ਫਿਲਮੀਕਰਨ ਵੀ ਇਸ ਕਿਲ੍ਹੇ 'ਚ ਹੁੰਦਾ ਰਿਹਾ ਹੈ। ਹੁਣ ਇਹ ਬਿਲਕੁਲ ਬੀਆਬਾਨ ਹੈ। 1947 ਦੀ ਵੰਡ ਨਾਲ ਸਬੰਧਤ ਫਿਲਮੀ ਦ੍ਰਿਸ਼ ਵੀ ਸ਼ੂਟ ਕੀਤੇ ਗਏ। ਕਈ ਰੰਗ-ਕਰਮੀ ਟੋਲੀਆਂ ਵੀ ਨਾਟਕ ਦ੍ਰਿਸ਼ਾਂ ਲਈ ਆਉਂਦੀਆਂ ਰਹੀਆਂ।

'ਮਹਾਨ ਕੋਸ਼' 'ਚ ਸਿਆਲਬਾ ਪਿੰਡ ਬਾਰੇ ਇੰਦਰਾਜ਼ ਅਨੁਸਾਰ : "ਅੰਬਾਲੇ (ਉਦੋਂ) ਜ਼ਿਲ੍ਹੇ ਦਾ ਇੱਕ ਨਗਰ ਜਿੱਥੇ ਸਰਦਾਰ ਹਰੀ ਸਿੰਘ ਨੇ ਸੰਨ 1763 ਵਿੱਚ

ਆਪਣੀ ਰਿਆਸਤ ਕਾਇਮ ਕੀਤੀ, ਅਰ ਰੋਪੜ ਖਿਜ਼ਰਾਬਾਦ ਅਤੇ ਕੁਰਾਲ਼ੀ ਦੇ ਪਰਗਣੇ ਸ਼ਾਮਲ ਕੀਤੇ ਹਰੀ ਸਿੰਘ ਨੇ ਆਪਣੇ ਪੁੱਤਰਾਂ ਚੜ੍ਹਤ ਸਿੰਘ ਨੂੰ ਰੋਪੜ ਦਾ ਇਲਾਕਾ ਅਤੇ ਦੇਵਾ ਸਿੰਘ ਨੂੰ ਸਿਆਲਬਾ ਬਖਸ਼ਿਆ। ਦੇਵਾ ਸਿੰਘ ਦੇ ਪੁੱਤਰ ਨਰਾਇਣ ਸਿੰਘ ਦੀ ਸ਼ਾਦੀ ਮਹਾਰਾਜਾ ਨਰੇਂਦਰ ਸਿੰਘ ਸਾਹਿਬ ਪਟਿਆਲਾ ਪਤੀ ਦੀ ਮਝਲੀ ਸਪੁੱਤਰੀ ਨਾਲ ਹੋਈ ਸੀ।" ਨਰਾਇਣ ਸਿੰਘ ਦੀ ਪਤਨੀ ਦਾ ਨਾਮ ਧਰਮ ਕੌਰ ਸੀ। ਹੁਣ ਇਸ ਕਿਲ੍ਹੇ ਦੀ ਹਾਲਤ ਡਰਾਉਣੀ ਹੈ। ਇਹ ਵੀ ਲੋਕ-ਵਿਸ਼ਵਾਸ ਹੈ ਕਿ ਇਸ ਕਿਲ੍ਹੇ ਦੀ ਸਥਾਪਨਾ ਕਿਸੇ ਵੀ ਵਾਰਸ ਨੂੰ ਸੁਖਮਈ ਨਾ ਹੋ ਸਕੀ। ਕਿਸੇ ਸਮੇਂ ਇਸ ਕਿਲ੍ਹੇ ਦੀ ਇਮਾਰਤ-ਕਲਾ ਖਿੱਚਪਾਊ ਹੁੰਦੀ ਹੈ। ਮਹਿਰਾਬਾਂ ਤੇ ਥਮਲਿਆਂ (Pillars) ਤੋਂ ਇਸ ਦੀ ਮਜਬੂਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਖੇੜਾ ਪਿੰਡ ਦੇ ਲੋਕਾਂ ਨੇ ਉਦੋਂ ਇਸ ਕਿਲ੍ਹੇ ਦੀ ਉਸਾਰੀ ਲਈ ਮਜ਼ਦੂਰੀ ਵੀ ਕੀਤੀ। ਕਿਲ੍ਹੇ ਦੇ ਨੇੜੇ ਸਰਦਾਰ ਨੇ ਤਲਾਅ ਬਣਾਉਣ ਦੀ ਸਕੀਮ ਵੀ ਬਣਾਈ ਪਰੰਤੂ ਪਿੰਡ ਵਾਸੀਆਂ ਨੇ ਇਤਰਾਜ ਕੀਤਾ ਕਿ ਸਾਡੇ ਪਿੰਡ ਦੇ ਬੱਚੇ ਤਲਾਅ ਵਿੱਚ ਡੁੱਬ ਜਾਇਆ ਕਰਨਗੇ। ਆਖ਼ਰ ਸਰਦਾਰ ਨੇ ਪਿੰਡ ਸਿਆਲਬਾ ਉਸ ਤਲਾਅ ਦੀ ਖੁਦਾਈ ਕਰਵਾਈ ਜਿੱਥੇ ਰਾਣੀਆਂ/ਮਹਾਰਾਣੀਆਂ ਦੇ ਮਨੋਰੰਜਨ ਲਈ ਪ੍ਰਬੰਧ ਕੀਤਾ ਗਿਆ। ਇਹ ਤਲਾਅ ਵੀ ਹੁਣ ਖੰਡਰ ਹੋ ਗਿਆ ਹੈ। ਸਰਹੰਦੀ ਇੱਟਾਂ ਤੇ ਘੜਵੇਂ ਪੱਥਰਾਂ ਦਾ ਪ੍ਰਯੋਗ ਕੀਤਾ ਗਿਆ। ਚੂਨੇ ਦੀ ਚਣਾਈ ਵਾਲੀਆਂ ਕੰਧਾਂ ਦੋ ਢਾਈ ਫੁੱਟ ਚੌੜੀਆਂ ਸਨ। ਹਾਥੀਆਂ ਅਤੇ ਘੋੜਿਆਂ ਲਈ ਅਸਤਬਲ ਹੁੰਦੇ ਸਨ। ਸੇਵਾ-ਮੁਕਤ ਫੌਜੀ ਹਰਦਿਤ ਸਿੰਘ ਪਿੰਡ ਵਾਸੀ ਨੇ ਦੱਸਿਆ ਕਿ ਚਾਰ ਦੀਵਾਰੀ ਹੁੰਦੀ ਸੀ। ਪਹਿਰੇਦਾਰਾਂ ਦੇ ਬੈਠਣ ਲਈ ਸੀਮਿੰਟ ਦੇ ਥੜ੍ਹੇ ਹੁੰਦੇ ਸਨ। ਕਿਲ੍ਹੇ ਅੰਦਰ ਪੌੜੀਆਂ ਉਤਰ ਕੇ ਅਸਲਖਾਨਾ ਤੇ ਖ਼ਜ਼ਾਨੇ ਦੀਆਂ ਕੋਠੜੀਆਂ ਹੁੰਦੀਆਂ ਸਨ। ਕਿਲ੍ਹੇ ਦੇ ਆਲੇ-ਦੁਆਲੇ ਦੋ ਸੌ ਦੋ ਸੌ ਗਜ ਲੰਮੀਆਂ ਕੰਧਾਂ ਹੁੰਦੀਆਂ ਸਨ।

ਮੈਂ ਆਪਣੇ ਲੇਖਕ ਮਿੱਤਰ ਸਰੂਪ ਸਿਆਲਵੀ ਨਾਲ ਖੇੜਾ ਪਿੰਡ ਦੇ ਕਿਲ੍ਹੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਕਿਲ੍ਹੇ ਦੇ ਮੌਜੂਦਾ ਵਾਰਸਾਂ 'ਚੋਂ ਸ. ਜਗਜੀਤ ਸਿੰਘ ਜੋ ਪਿੰਡ ਸਿਆਲਬਾ ਰਹਿੰਦਾ ਹੈ, ਨਾਲ ਸੰਪਰਕ ਕਰਨ ਦਾ ਮੌਕਾ-ਮੇਲ ਕਰਵਾਇਆ। 22 ਮਾਰਚ, 2021 ਨੂੰ ਸ. ਜਗਜੀਤ ਸਿੰਘ ਨੇ ਜੋ ਜਾਣਕਾਰੀ ਦਿੱਤੀ, ਉਸ ਦਾ ਜ਼ਿਕਰ ਇਸ ਪ੍ਰਕਾਰ ਹੈ:

ਮੁਗਲ-ਕਾਲ ਦੇ ਸਮੇਂ ਪਿੰਡ ਸਿਆਲਬਾ ਵਿਖੇ ਪਠਾਣਾਂ ਦਾ ਇੱਕ ਕਿਲ੍ਹਾ ਹੁੰਦਾ ਸੀ ਜਿਸ ਨੂੰ ਸਿੱਖ ਰਿਆਸਤ ਦੇ ਸਰਦਾਰ ਹਰੀ ਸਿੰਘ ਨੇ ਫਤਹਿ ਕਰ ਕੇ ਆਪਣੇ ਕਬਜ਼ੇ ਵਿੱਚ ਕੀਤਾ ਤੇ ਪ੍ਰਬੰਧ ਕਰਦਾ ਰਿਹਾ। ਕੁਦਰਤ ਦੀ ਕਰੋਪੀ ਇਹ ਹੋਈ ਕਿ ਬਾਰਸ਼ਾਂ ਬਹੁਤ ਹੋਈਆਂ ਤੇ ਸਿਸਵਾਂ ਨਦੀ ਵੇਗ ਨੇ ਇਸ ਕਿਲ੍ਹੇ ਨੂੰ ਰੋੜ੍ਹ ਦਿੱਤਾ ਤੇ ਢਹਿ-ਢੇਰੀ ਹੋ ਗਿਆ। ਫਿਰ ਸਰਦਾਰ ਹਰੀ ਸਿੰਘ ਨੇ ਨਾਲ ਲਗਦੇ ਪਿੰਡ ਖੇੜਾ ( ਉਦੋਂ ਮੌਜਾ ਸਿਆਲਬਾ ਕਹਾਉਂਦਾ ਸੀ) ਦੀ ਹੱਦਬਸਤ ਵਿੱਚ ਨਵਾਂ ਕਿਲ੍ਹਾ ਉਸਾਰਿਆ। ਸਰਦਾਰ ਹਰੀ ਸਿੰਘ ਦੇ ਅੱਗੇ ਵਾਰਸ ਦੋ ਪੁੱਤਰ ਹੋਏ। ਚੜ੍ਹਤ ਸਿੰਘ ਤੇ ਦੇਵਾ ਸਿੰਘ। ਦੇਵਾ ਸਿੰਘ ਨੂੰ ਕਿਲ੍ਹੇ ਸਮੇਤ ਸਿਆਲਬਾ ਪਰਗਣਾ ਬਖਸ਼ਿਆ। ਅੱਗੋਂ ਦੇਵਾ ਸਿੰਘ ਦੇ ਪੁੱਤਰ ਨਰਾਇਣ ਸਿੰਘ ਵਾਰਸ ਬਣੇ। ਨਰਾਇਣ ਸਿੰਘ ਦੀ ਪਤਨੀ ਬੀਬੀ ਧਰਮ ਕੌਰ ਸੀ ਜਿਸ ਦਾ ਦੇਹਾਂਤ 1913 'ਚ ਹੋਇਆ। ਨਰਾਇਣ ਸਿੰਘ ਦਾ ਪੁੱਤਰ ਰਣਧੀਰ ਸਿੰਘ ਹੋਇਆ। ਰਣਧੀਰ ਸਿੰਘ ਦੀਆਂ ਦੋ ਸ਼ਾਦੀਆਂ ਹੋਈਆਂ ਜਿਨ੍ਹਾਂ ਦੇ ਦੋ ਪੁੱਤਰ ਰਾਜਿੰਦਰ ਸਿੰਘ ਅਤੇ ਹਰਗੋਪਾਲ ਸਿੰਘ ਵਾਰਸ ਬਣੇ। ਹਰਗੋਪਾਲ ਸਿੰਘ ਦੀ ਮੌਤ ਤੋਂ ਬਾਅਦ ਕਿਲ੍ਹੇ 'ਤੇ ਕਾਬਜ-ਹੱਕ ਰਾਜਿੰਦਰ ਸਿੰਘ (ਉਰਫ਼ ਕਾਲਾ ਸਰਦਾਰ) ਬਣਿਆ। ਉਸਦੀ ਪਤਨੀ ਦਾ ਨਾਮ ਰਾਜਵੰਤ ਕੌਰ ਸੀ। ਐਸ਼ ਪਰੱਸਤੀ 'ਚ ਗਲਤਾਨ ਹੋਣ ਕਾਰਨ ਰਾਜਿੰਦਰ ਸਿੰਘ (ਉਰਫ਼ ਕਾਲਾ ਸਰਦਾਰ) ਨੇ ਆਪਣੀ-ਸਾਰੀ ਜਾਇਦਾਦ ਭੰਗ ਦੇ ਭਾਅ ਮੌਜ ਮਸਤੀ ਵਿੱਚ ਬਰਬਾਦ ਕਰ ਦਿੱਤੀ। ਰਾਜਿੰਦਰ ਸਿੰਘ (ਕਾਲਾ ਸਰਦਾਰ) ਦੇ ਪੁੱਤਰ ਜਗਜੀਤ ਸਿੰਘ ਨੂੰ ਵਿਰਾਸਤ 'ਚੋਂ ਕੁੱਝ ਪੱਲੇ ਨਾ ਪਿਆ। ਉਸ ਨੂੰ ਮੰਦਹਾਲੀ ਦਾ ਸਾਹਮਣਾ ਕਰਨਾ ਪਿਆ। ਇਸ ਵੇਲੇ ਜਗਜੀਤ ਸਿੰਘ ਆਪਣੀ ਪਤਨੀ ਸ਼ਿੰਦਰ ਕੌਰ ਨਾਲ ਆਪਣੀ ਖੇਤੀ ਦੀ ਜ਼ਮੀਨ ਨਾਲ ਗੁਜਰਾਨ ਕਰ ਰਿਹਾ ਹੈ ਜਿਸਦਾ ਇੱਕ ਪੁੱਤਰ ਦਲਜੀਤ ਸਿੰਘ ਤੇ ਪੁੱਤਰੀ ਪ੍ਰੀਤ ਕੌਰ ਹਨ। ਆਪਣੀ ਦਰਦ ਕਹਾਣੀ ਸੁਣਾਉਂਦੇ ਹੋਏ ਜਗਜੀਤ ਸਿੰਘ ਆਪਣੀ ਜੱਦੀ ਜਾਇਦਾਦ (ਵਿਰਾਸਤ) ਦਾ ਹੇਰਵਾ ਹੰਢਾ ਰਿਹਾ, ਲਾਚਾਰ ਹੈ। ਸ਼ਾਹੀ ਖ਼ਾਨਦਾਨਾਂ ਦੀ ਅਧੋਗਤੀ, ਇਸ ਕਿਲ੍ਹੇ ਦੇ ਖੰਡਰਾਂ ਦਾ ਇਤਿਹਾਸ ਦੱਸਦੀ ਹੈ।

* * *

# ਸੂਰਜਗੜ੍ਹ ਕਿਲ੍ਹਾ ਮਨੀਮਾਜਰਾ

- ਉੱਤਮਵੀਰ ਸਿੰਘ ਦਾਊਂ
ਮੋ. 8729000242

ਮਹਾਰਾਜਾ ਫਰੀਦਕੋਟ ਬਰਾੜ ਬੰਸ ਬਹਾਦਰ ਦਾ ਅਖੀਰਲਾ ਮਹਾਰਾਜਾ ਹਰਿੰਦਰ ਸਿੰਘ ਬਰਾੜ ਸੀ ਜਿਸ ਦਾ ਜਨਮ 29-01-1915 ਨੂੰ ਪਿਤਾ ਮਹਾਰਾਜਾ ਬ੍ਰਿਜਇੰਦਰ ਸਿੰਘ ਤੇ ਮਾਤਾ ਮਹਿੰਦਰ ਕੌਰ ਦੇ ਗ੍ਰਹਿ ਹੋਇਆ। ਹਰਿੰਦਰ ਸਿੰਘ ਤਿੰਨ ਵਰ੍ਹਿਆਂ ਦੇ ਸਨ ਕਿ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ।

ਹਰਿੰਦਰ ਸਿੰਘ ਦੀ ਸ਼ਾਦੀ 1933 ਈ. ਸਿੱਖ ਘਰਾਣੇ 'ਚ ਭਗਵੰਤ ਸਿੰਘ ਪਿੰਡ ਭਰੇਲੀ (ਜਿਲ੍ਹਾ ਅੰਬਾਲਾ) ਦੀ ਪੁੱਤਰੀ ਨਰਿੰਦਰ ਕੌਰ ਨਾਲ ਹੋਈ। ਹਰਿੰਦਰ ਸਿੰਘ ਨੇ ਬੜੇ ਇਤਿਹਾਸਕ ਕੰਮ ਕੀਤੇ, ਫਰੀਦਕੋਟ ਰਿਆਸਤ 'ਚ ਸੜਕਾਂ, ਸਕੂਲਾਂ ਦਾ ਨਿਰਮਾਣ, ਖੇਡ ਸਟੇਡੀਅਮ, ਬ੍ਰਿਜਿੰਦਰਾ ਕਾਲਜ ਫਰੀਦਕੋਟ, ਕਾਲਜ ਆਫ਼ ਕਮਰਸ ਫਰੀਦਕੋਟ, ਘੰਟਾ ਘਰ, ਸੈਕਟਰੀਏਟ ਤੇ ਸ਼ਹਿਰ 'ਚ ਇਮਾਰਤਾਂ ਕਚਹਿਰੀਆਂ, ਸ਼ਹਿਰ ਦੇ ਮੁੱਖ-ਦੁਆਰ ਬਣਵਾਏ ਜਿਨ੍ਹਾਂ 'ਤੇ ਕੀਤੀ ਮੀਨਾਕਾਰੀ ਅਤੀ ਮਨਮੋਹਕ ਤੇ ਅਦੁੱਤੀ ਹੈ।

ਰਿਆਸਤ ਫਰੀਦਕੋਟ ਖਤਮ ਕਰਕੇ 1948 'ਚ ਪੈਪਸੂ 'ਚ ਮਿਲ ਗਈ। 1954 'ਚ ਹਰਿੰਦਰ ਸਿੰਘ ਪੰਜਾਬ ਅਸੈਂਬਲੀ ਦੇ ਅਜ਼ਾਦ ਉਮੀਦਵਾਰ ਵੀ ਬਣੇ। 1957 'ਚ ਕਾਂਗਰਸ ਉਮੀਦਵਾਰ (ਸ. ਮੇਹਰ ਸਿੰਘ) ਤੋਂ ਚੋਣ ਹਾਰ ਗਏ। ਫਿਰ ਆਪ ਸ਼ਾਂਤੀਮਈ ਜੀਵਨ ਜਿਊਣ ਲੱਗੇ।

ਆਪਦਾ ਇੱਕ ਬੇਟਾ ਸੀ ਜੋ 1981 'ਚ ਸੜਕ ਹਾਦਸੇ 'ਚ ਦਮ ਤੋੜ ਗਿਆ। ਤਿੰਨ ਪੁੱਤਰੀਆਂ ਅੰਮ੍ਰਿਤ ਕੌਰ, (ਵੱਡੀ ਬੇਟੀ) ਮਹਾਰਾਣੀ ਦੀਪਇੰਦਰ ਕੌਰ ਸਨ। ਹਰਿੰਦਰ ਸਿੰਘ ਡਿਪਰੈਸ਼ਨ 'ਚ ਰਹਿਣ ਲੱਗਿਆ।

1982 'ਚ ਆਪਣੀ ਜਾਇਦਾਦ ਇੱਕ ਟਰੱਸਟ ਦੇ ਨਾਂ ਕਰ ਦਿੱਤੀ ਜਦੋਂ ਕਿ ਉਸਦੀ ਪਤਨੀ ਨਰਿੰਦਰ ਕੌਰ ਤੇ ਮਾਤਾ ਮਹਿੰਦਰ ਕੌਰ ਜਿਉਂਦੀਆਂ ਸਨ। ਦੱਸਿਆ ਜਾਂਦਾ ਹੈ ਕਿ ਇਹ ਕਿਲ੍ਹਾ ਹਰਿੰਦਰ ਸਿੰਘ ਨੂੰ ਵਿਆਹ 'ਚ ਦਾਜ ਵੱਜੋਂ ਮਿਲਿਆ ਸੀ। ਹਰਿੰਦਰ ਸਿੰਘ ਦੀ ਮੌਤ 1989 'ਚ ਹੋਈ। ਅੰਮ੍ਰਿਤ ਕੌਰ ਦੇ ਨਾਂ ਤੇ ਆਖਰ 1-6-2020 ਨੂੰ ਵਸੀਅਤ ਗ਼ਲਤ ਸਾਬਤ ਹੋਈ ਤੇ ਸਾਰੀ ਜਾਇਦਾਦ ਦੇ ਹੱਕਦਾਰ ਤਿੰਨ ਬੇਟੀਆਂ ਹੋਈਆਂ।

ਇਹ ਕਿਲ੍ਹਾ ਲਗਪਗ ਦੋ ਤਿੰਨ ਏਕੜ 'ਚ ਬਹੁਤ ਸ਼ਾਨਦਾਰ ਇਮਾਰਤ-ਕਲਾ ਦਾ ਨਮੂਨਾ ਹੁੰਦਾ ਸੀ। ਇਸ ਦੇ ਚਾਰੇ ਸਿਰਿਆਂ ਉੱਤੇ ਸ਼ਾਨਦਾਰ ਮਜਬੂਤ ਮੀਨਾਰ ਹੁੰਦੇ ਸਨ ਜਿਨ੍ਹਾਂ ਰਾਹੀਂ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਜੰਗਜੂ ਪ੍ਰਬੰਧ ਹੁੰਦਾ ਸੀ। ਕਿਲ੍ਹੇ ਦੀ ਸੁਰੱਖਿਆ ਲਈ ਜੁੰਬਸਦਾਰ ਉੱਚੀ ਚਾਰ-ਦੀਵਾਰੀ ਹੁੰਦੀ ਸੀ। ਕਿਲ੍ਹੇ ਦੇ ਅੰਦਰ ਮਹਿਰਾਬਾਂ ਵਾਲੇ ਕਮਰੇ, ਅਸਲਖਾਨਾ ਤੇ ਹੋਰ ਸਹੂਲਤਾਂ ਵਾਲੇ ਕਮਰੇ ਤੇ ਕੋਠੜੀਆਂ ਹੁੰਦੀਆਂ ਸਨ। ਇਸ ਕਿਲ੍ਹੇ ਉੱਤੋਂ ਲਗਪਗ ਪੰਜ ਸਦੀਆਂ ਗੁਜਰ ਚੁੱਕੀਆਂ ਹਨ ਕਈ ਉਤਰਾਅ ਚੜ੍ਹਾ ਆਏ। ਮੁਗਲ ਕਾਲ ਦਾ ਸਮਾਂ ਲੰਘਿਆ, ਰਿਆਸਤਾਂ ਖਤਮ ਹੋਈਆਂ, ਅੰਗਰੇਜ਼ ਸਰਕਾਰ ਆਈ। ਫਿਰ ਇਹ ਕਿਲ੍ਹਾ ਮਹਾਰਾਜਾ ਫਰੀਦਕੋਟ ਦੇ ਅਧੀਨ ਹੋ ਗਿਆ। ਵਿਰਾਸਤ ਦੇ ਹੱਕਦਾਰਾਂ ਦਾ ਦੌਰ ਚੱਲਿਆ। ਸਮਾਂ ਪਾ ਕੇ ਕਿਲ੍ਹਾ ਖੰਡਰ ਹੋਣਾ ਸ਼ੁਰੂ ਹੋ ਗਿਆ। ਸਾਂਭ-ਸੰਭਾਲ ਮੁਸ਼ਕਲ ਹੋ ਗਈ। ਦੇਸ ਦੀ ਅਜ਼ਾਦੀ (1947) ਦਾ ਦੌਰ ਆਇਆ ਤੇ ਕਿਲ੍ਹਿਆਂ ਦੀ ਅਧੋਗਤੀ ਹੋਣੀ ਸ਼ੁਰੂ ਹੋ ਗਈ। ਇਸ ਵੇਲੇ ਮਹਾਰਾਜਾ ਫਰੀਦਕੋਟ ਵਿਰਾਸਤ ਟਰਸਟ ਦੇ ਮੈਂਬਰ ਕੁਝ ਕਮਰਿਆਂ 'ਚ ਰਹਿੰਦੇ ਹੋਏ, ਇਸ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਮਨੀਮਾਜਰਾ ਕਿਲ੍ਹਾ ਕਲੱਬ ਚੰਡੀਗੜ੍ਹ ਨੇ ਇਸ ਕਿਲ੍ਹੇ ਦੀ ਵੀਡਿਓ ਬਣਾਕੇ ਚੰਗਾ ਉੱਦਮ ਕੀਤਾ ਹੈ।

**ਨੋਟ** : ਇਹ ਜਾਣਕਾਰੀ 8 ਜੂਨ, 2020 ਨੂੰ ਅਜੀਤ ਅਖਬਾਰ 'ਚ ਛਪੇ ਜਸਵੰਤ ਸਿੰਘ ਪੁਰਬਾ ਦੇ ਲੇਖ ਤੋਂ ਪ੍ਰਾਪਤ ਕੀਤੀ।

* * *

# ਕਿਲ੍ਹਾ ਸੁਹਾਣਾ ਦੀ ਦਾਸਤਾਨ

-ਕੇਸਰ ਸਿੰਘ ਬੈਦਵਾਨ
ਮੋ. 9815932810

ਅੰਗਰੇਜ਼ਾਂ ਦੇ ਰਾਜ ਸਮੇਂ ਜ਼ਿਲ੍ਹਾ ਅੰਬਾਲਾ ਦਾ ਉੱਘਾ ਨਗਰ ਸੁਹਾਣਾ ਸੀ। ਹੁਣ ਇਹ ਨਗਰ ਐਸ.ਏ.ਐਸ. ਨਗਰ ਮੁਹਾਲੀ ਤੋਂ ਲਾਂਡਰਾਂ ਸਰਹਿੰਦ ਮਾਰਗ ਉੱਤੇ ਗੁਰਦੁਆਰਾ ਸ਼ਹੀਦਾਂ ਸੁਹਾਣਾ ਦੇ ਪਿੱਛੇ ਨਵੀਂ ਅਬਾਦੀ ਕਾਰਨ, ਮੁਹਾਲੀ ਜ਼ਿਲ੍ਹੇ ਦੀ ਹੱਦਬਦਤ ਵਿੱਚ ਪੈਂਦਾ ਹੈ।

ਇਹ ਕਿਲ੍ਹਾ ਮੁਗਲ-ਰਾਜ ਸਮੇਂ ਉਸਾਰਿਆ ਗਿਆ ਸੀ। ਇਸ ਦੇ ਵਾਰਸ ਸਰਦਾਰ ਭਗਵਾਨ ਸਿੰਘ ਸੀ। ਰਿਆਸਤ ਪਟਿਆਲਾ ਦੇ ਮਹਾਰਾਜਾ ਦੇ ਅਧੀਨ 34 ਮੰਜੀਆਂ 'ਚ ਇੱਕ ਮੰਜੀ ਦੀ ਜਗੀਰ ਇਸ ਕਿਲ੍ਹੇ ਨੂੰ ਹੁੰਦੀ ਸੀ। ਇਸ ਇਲਾਕੇ ਦੇ ਸਰਦਾਰ ਵੱਲੋਂ ਦੋਸ਼ੀ ਮੁਲਜ਼ਮ ਨੂੰ ਛੇ ਮਹੀਨੇ ਦੀ ਕੈਦ ਕਰਨ ਦੇ ਅਧਿਕਾਰ ਸਨ। ਇਹ ਕਿਲ੍ਹਾ ਸੱਤ ਏਕੜ ਦੇ ਰਕਬੇ 'ਚ ਸੀ। ਕਿਲ੍ਹੇ ਦੇ ਆਲੇ-ਦੁਆਲੇ ਕਰੀਬ 6/7 ਫੁੱਟ ਉੱਚੀ ਅਤੇ 4 ਫੁੱਟ ਚੌੜੀ ਚਾਰ ਦੀਵਾਰੀ ਹੁੰਦੀ ਸੀ। ਕੱਚੀ ਕੰਧ ਬਣਾਉਣ ਸਮੇਂ ਕੰਧਾਂ ਦੀ ਮਜ਼ਬੂਤੀ ਲਈ ਹਾਥੀ ਚੜ੍ਹਾਕੇ ਮਿੱਟੀ ਤੋਈ ਜਾਂਦੀ ਸੀ।

ਸਰਦਾਰ ਭਗਵਾਨ ਸਿੰਘ ਦਾ ਪੁੱਤਰ ਦੇਵਿੰਦਰ ਸਿੰਘ ਤੇ ਉਸ ਦੇ ਦੋ ਪੁੱਤਰ ਲਾਲ ਜੀ (ਸਵਿੰਦਰ ਸਿੰਘ) ਅਤੇ ਟਿਕਾ ਜੀ (ਬਰਿੰਦਰ ਸਿੰਘ) ਜਿਨ੍ਹਾਂ ਨੂੰ ਸਰਦਾਰ ਜੀ ਕਹਿਕੇ ਸੰਬੋਧਨ ਕੀਤਾ ਜਾਂਦਾ ਸੀ। ਲਾਲ ਜੀ ਦੀ ਸ਼ਾਦੀ ਪਿੰਡ ਘਨੌਲੀ ਹੋਈ ਤੇ ਟਿਕਾ ਜੀ ਦੀ ਸ਼ਾਦੀ 1939 'ਚ ਲਾਹੌਰ ਹੋਈ। ਕਿਲ੍ਹੇ ਦੀਆਂ ਤਿੰਨ ਮੰਜ਼ਿਲਾਂ ਸਨ ਤੇ ਚੌਥੀ ਮੰਜ਼ਿਲ 'ਤੇ ਚੋਹੀਂ ਪਾਸੀਂ ਦੇਖਣ ਲਈ ਦੋ ਅਟਾਰੀਆਂ ਸਨ। ਇਨ੍ਹਾਂ ਅਟਾਰੀਆਂ ਦੇ ਚਿੰਨ੍ਹ ਅਜੇ ਵੀ ਵੇਖਣ ਨੂੰ ਮਿਲਦੇ ਹਨ। ਕਿਲ੍ਹੇ ਵਿੱਚ ਪਾਣੀ ਦੇ ਪ੍ਰਬੰਧ ਲਈ ਦੋ ਖੂਹੀਆਂ ਸਨ। ਇੱਕ ਹਲਟ ਵਾਲਾ ਖੂਹ ਹੁੰਦਾ ਸੀ ਜਿਸ ਨਾਲ ਸਬਜ਼ੀਆਂ ਤੇ ਫ਼ਲਾਂ ਦੇ ਬੂਟਿਆਂ ਦੀ ਸਿੰਜਾਈ ਕੀਤੀ ਜਾਂਦੀ ਸੀ। ਇਹ ਕਿਲ੍ਹਾ ਚੂਨੇ ਨਾਲ ਸਰਹਿੰਦੀ ਇੱਟਾਂ ਦਾ ਬਣਿਆ ਹੋਇਆ ਸੀ। ਇਸ ਕਿਲ੍ਹੇ ਦਾ ਕਵਰਡ ਏਰੀਆ ਕਿਲ੍ਹੇ ਦੀ ਉਸਾਰੀ ਵਾਲਾ ਭਾਗ ਕਰੀਬ 200 ਵਰਗ ਗਜ 'ਚ ਸੀ। ਕਿਲ੍ਹੇ ਵਿਚ ਇੱਕ ਮੰਦਿਰ ਹੁੰਦਾ ਸੀ ਜਿਸ ਦੇ ਨਾਂ ਡੱਬਰ ਵਾਲੀ ਜ਼ਮੀਨ ਦੇ ਚਾਰ ਕੀਲੇ ਲੱਗੇ ਹੋਏ ਸਨ ਤਾਂ ਜੋ ਮੰਦਰ ਦੀ ਦੇਖਭਾਲ ਹੋ ਸਕੇ। ਇੱਕ ਗੁਰਦੁਆਰਾ ਹੁੰਦਾ ਸੀ ਜਿਸ ਨੂੰ ਰੱਖ ਜ਼ਮੀਨ ਦੇ ਚਾਰ ਕੀਲੇ ਸਾਂਭ-

ਸੰਭਾਲ ਲਈ, ਲੱਗੇ ਹੋਏ ਸਨ। ਹਲਟ ਨੂੰ ਊਠ (ਬੋਤਾ) ਜੋੜ ਕੇ ਚਲਾਇਆ ਜਾਂਦਾ ਸੀ। ਮੰਦਰ ਅਜੇ ਵੀ ਕਾਇਮ ਹੈ। ਦੋ ਹਾਥੀ ਵੀ ਹੁੰਦੇ ਸਨ ਜਿਨ੍ਹਾਂ ਨੂੰ ਵੱਡੇ-ਵੱਡੇ ਚਬੱਚਿਆਂ 'ਚ ਪਾਣੀ ਪੀਣ ਲਈ ਸਹੂਲਤ ਸੀ।

1947 ਦੇ ਸਮੇਂ ਲਾਲ ਜੀ ਤੇ ਟਿੱਕਾ ਜੀ ਨੇ ਕੁਰਾਲੀ ਕੈਂਪ 'ਚੋਂ ਇਸ ਇਲਾਕੇ ਦੇ ਮੁਸਲਮਾਨਾਂ ਨੂੰ ਸੁਰੱਖਿਅਤਾ ਵੀ ਦੇ ਕੇ ਮੁੜ ਵਸਾਇਆ। ਕੁਝ ਰਿਫਿਊਜ਼ੀ ਵੀ ਕਿਲ੍ਹੇ ਦੀ ਜ਼ਮੀਨ ਤੇ ਆ ਕੇ ਖੇਤੀ ਦਾ ਕੰਮ ਕਰਦੇ ਰਹੇ।

ਸਾਂਭ-ਸੰਭਾਲ ਨਾ ਹੁੰਦੀ ਦੇਖ ਕੇ ਵਾਰਸਾਂ ਨੇ ਇਹ ਕਿਲ੍ਹਾ ਵੇਚ ਦਿੱਤਾ। ਜਿਸ ਦੇ ਪਲਾਟਾਂ ਨੂੰ ਖਰੀਦ ਕੇ ਨਵੀਂ ਅਬਾਦੀ ਦੀ ਵੱਸੋਂ ਹੋ ਗਈ। ਹੁਣ ਇਸ ਕਿਲ੍ਹੇ ਦੀ ਹਾਲਤ ਖੰਡਰ ਹੋ ਗਈ ਹੈ। ਕੇਵਲ ਪੱਛਮ ਪਾਸੇ ਦੀ ਇੱਕ ਪੱਕੀ ਕੰਧ ਕਾਇਮ ਨਜ਼ਰ ਆਉਂਦੀ ਹੈ।

ਦੱਸਣ ਵਿੱਚ ਆਇਆ ਕਿ ਜਦੋਂ ਮਹਾਰਾਜਾ ਭੂਪਿੰਦਰ ਸਿੰਘ, ਮਹਾਰਾਜਾ ਰਾਜੇਂਦਰ ਸਿੰਘ ਦੀ ਸ਼ਾਦੀ ਮੌਕੇ ਪਟਿਆਲੇ, ਸਰਦਾਰ ਭਗਵਾਨ ਸਿੰਘ ਤੇ ਉਸ ਦੇ ਸਾਥੀਆਂ ਨੂੰ ਸੱਦਿਆ ਗਿਆ ਤਾਂ ਵਿਆਹ 9 ਮਾਰਚ, 1908 ਵੇਲੇ ਸ਼ੀਹਰਫੀਆਂ ਦਾ ਢਕਾਓ ਕੀਤਾ ਗਿਆ, ਹੋਰ ਆਏ ਹੋਏ ਮਹਿਮਾਨਾਂ ਨੇ ਸ਼ੀਹਰਫੀਆਂ ਦਿੱਤੀਆਂ ਕਿਲ੍ਹੇ ਵਿੱਚ ਇੱਕ ਬੰਦੀ ਖਾਨਾ ਵੀ ਹੁੰਦਾ ਸੀ। ਆਟਾ ਪੀਸਣ ਲਈ ਖਰਾਸ ਵੀ ਹੁੰਦਾ ਸੀ। ਜ਼ਿਕਰਯੋਗ ਗੱਲ ਇਹ ਵੀ ਹੈ ਕਿ 1947 ਦੀ ਕਤਲੋ-ਗਾਰਤ ਸਮੇਂ ਟਿੱਕਾ ਜੀ ਤੇ ਲਾਲ ਜੀ ਨੇ ਸੁਹਾਣੇ ਨਗਰ ਦੇ ਮੁਸਲਮਾਨਾਂ ਦੀ ਹਰ ਤਰ੍ਹਾਂ ਰੱਖਿਆ ਕਰਕੇ, ਉਨ੍ਹਾਂ ਦਾ ਨੁਕਸਾਨ ਨਾ ਹੋਣ ਦਿੱਤਾ। ਉਹਨਾਂ ਦੀ ਮਾਤਾ ਜੀ ਨੇ ਮੁਸਲਮਾਨ ਔਰਤਾਂ ਦੇ ਗਹਿਣੇ ਪੋਟਲੀਆਂ ਬਣਾ-ਬਣਾ ਸਾਂਭੇ ਤਾਂ ਜੋ ਦੰਗੇਬਾਜ਼ ਲੁਟਮਾਰ ਨਾ ਕਰਨ। ਜਦੋਂ ਹਾਲਾਤ ਠੀਕ ਹੋ ਗਏ ਤਾਂ ਉਨ੍ਹਾਂ ਔਰਤਾਂ ਦੇ ਗਹਿਣੇ ਮੋੜ ਦਿੱਤੇ ਗਏ ਤੇ ਸੁਰੱਖਿਅਤਾ ਨਾਲ ਮੁਸਲਮਾਨਾਂ, ਪਿੰਡ ਦੀਆਂ ਔਰਤਾਂ ਤੇ ਧੀਆਂ ਨੂੰ ਕੈਂਪਾਂ ਰਾਹੀਂ ਪਾਕਿਸਤਾਨ ਭੇਜਣ ਵਿਚ ਖਤਰਾ ਵੀ ਮੁੱਲ ਲਿਆ। ਉਸ ਪਰਉਪਕਾਰੀ ਉੱਦਮ ਦੇ ਫਲ-ਸਰੂਪ ਕਈ ਮੁਸਲਮਾਨ ਪਾਕਿਸਤਾਨ ਤੋਂ ਸੁਹਾਣਾ ਇਸ ਸਰਦਾਰ ਘਰਾਣੇ ਨੂੰ ਮਿਲਣ ਵੀ ਆਉਂਦੇ ਰਹੇ ਤੇ ਕਈ ਸੁਗਾਤਾਂ ਵੀ ਲਿਆਂਦੇ ਰਹੇ। ਪਿੰਡ ਦੀ ਇਸ ਸਦ-ਭਾਵਨਾ ਨੂੰ ਲੋਕੀਂ ਹੁਣ ਵੀ ਯਾਦ ਕਰਦੇ ਹਨ। ਸ. ਮਾਨ ਸਿੰਘ ਪੁੱਤਰ ਚੌਧਰੀ ਸੇਵਕ ਸਿੰਘ ਜਗੀਰਦਾਰ ਨੇ ਇਸ ਕਿਲ੍ਹੇ ਬਾਰੇ ਜਾਣਕਾਰੀ ਦੇਣ ਵਿੱਚ ਪੂਰੀ ਦਿਲਚਸਪੀ ਵਿਖਾਈ ਪਰੰਤੂ ਇਸ ਕਿਲ੍ਹੇ ਦੇ ਇਤਿਹਾਸ ਬਾਰੇ ਹੋਰ ਬਹੁਤਾ ਕੁਝ ਪਤਾ ਨਹੀਂ ਲੱਗ ਸਕਿਆ।

# ਕਿਲ੍ਹਾ ਬੇਲਾ ਦੀ ਥਾਂ ਉਸਰੇ ਸਿੱਖਿਆ ਅਦਾਰੇ

- ਪ੍ਰੋ. ਹਰਪ੍ਰੀਤ ਸਿੰਘ ਭਿਓਰਾ
ਮੋ. 9814063910

ਪਿੰਡ ਬੇਲਾ ਇੱਕ ਬਹੁਤ ਖ਼ੂਬਸੂਰਤ ਹੱਦਬੰਦੀਆਂ ਦੇ ਵਿੱਚ ਘਿਰਿਆ ਦਿਲਕਸ਼ ਸਥਾਨ ਹੈ। ਇਸ ਪਿੰਡ ਵਿੱਚ ਸਿੰਘਪੁਰੀਆ ਮਿਸਲ ਨਾਲ ਸਬੰਧਿਤ ਪੁਰਾਤਨ ਕਿਲ੍ਹਾ ਸੁਸ਼ੋਭਿਤ ਸੀ। ਇਸ ਕਿਲ੍ਹੇ ਦੇ ਦੱਖਣ ਵੱਲ ਤਿੰਨ ਚਾਰ ਕਿਲੋਮੀਟਰ ਦੇ ਫ਼ਾਸਲੇ ਤੇ ਪੰਜਾਬ ਦੀ ਧਰਤੀ ਨੂੰ ਹਰਿਆ ਭਰਿਆ ਕਰਨ ਵਾਲੀ ਸਰਹਿੰਦ ਨਹਿਰ ਤੇ ਜ਼ਾਲਮ ਮੁਗਲ ਸਲਤਨਤ ਦੇ ਨਾਲ ਟੱਕਰ ਲੈਣ ਦਾ ਇਤਿਹਾਸਕ ਜੰਗ ਦਾ ਮੈਦਾਨ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਤੇ ਅਨੇਕਾਂ ਸਿੰਘ ਸਮਾਜਿਕ ਤੇ ਧਾਰਮਿਕ ਅਨਿਆਏ ਵਿਰੁੱਧ ਲੜਦੇ ਹੋਏ ਸ਼ਹੀਦ ਹੋਏ ਦੀ ਯਾਦ ਵਿੱਚ ਗੁਰਦੁਆਰਾ ਕਤਲਗੜ੍ਹ ਸਾਹਿਬ, ਗੜ੍ਹੀ ਸਾਹਿਬ ਚਮਕੌਰ 'ਤੇ ਹੋਰ ਅਸਥਾਨ ਮੌਜੂਦ ਹਨ। ਇਸ ਦੇ ਉੱਤਰ ਵੱਲ ਕੋਈ ਦੋ ਕਿਲੋਮੀਟਰ ਤੇ ਦਰਿਆ ਸਤਲੁਜ ਆਪਣੇ ਇਤਿਹਾਸ ਦੀ ਬੁੱਕਲ ਵਿਚ ਅਨੇਕਾਂ ਤੱਥ ਸਮੋਈ ਨਿਰੰਤਰ ਵਹਿ ਰਿਹਾ ਹੈ।

ਬੇਲੇ ਦੇ ਕਿਲ੍ਹੇ ਦਾ ਇਤਿਹਾਸ ਨਵਾਬ ਕਪੂਰ ਸਿੰਘ ਜਿਨ੍ਹਾਂ ਦੀ ਮੌਤ 1755 ਵਿੱਚ ਹੁੰਦੀ ਹੈ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ, ਇਸ ਲਈ ਉਨ੍ਹਾਂ ਦਾ ਭਤੀਜਾ ਖੁਸ਼ਹਾਲ ਸਿੰਘ ਸਿੰਘਪੁਰੀਆ ਮਿਸਲ ਦਾ ਸਰਦਾਰ ਬਣਦਾ ਹੈ।। ਖੁਸ਼ਹਾਲ ਸਿੰਘ ਦੀ ਮੌਤ 1795 ਵਿੱਚ ਹੁੰਦੀ ਹੈ ਤੇ ਉਸ ਦਾ ਪੁੱਤਰ ਬੁੱਧ ਸਿੰਘ ਮਿਸਲ ਦਾ ਸਰਦਾਰ ਬਣਦਾ ਹੈ ਤੇ 1816 ਵਿੱਚ ਬੁੱਧ ਸਿੰਘ ਦੀ ਮੌਤ ਹੋਣ ਤੋਂ ਬਾਅਦ ਉਸ ਦੇ ਸੱਤ ਪੁੱਤਰਾਂ ਵਿੱਚੋਂ ਸਭ ਤੋਂ ਵੱਡਾ ਪੁੱਤਰ ਅਮਰ ਸਿੰਘ ਭਰਤਗੜ੍ਹ ਕਿਲ੍ਹੇ ਨੂੰ ਸਾਂਭਦਾ ਹੈ। ਤੇ ਬਾਕੀ ਛੇ ਭਰਾਵਾਂ ਨੂੰ ਵੀ ਛੇ ਕਿਲ੍ਹੇ ਹਿੱਸੇ ਵਿੱਚ ਆਉਂਦੇ ਹਨ ਜਿਨ੍ਹਾਂ ਵਿੱਚ ਬੁੰਗਾ, ਬੇਲਾ, ਅਟੱਲਗੜ੍ਹ, ਘਨੌਲੀ, ਮਨੋਲੀ, ਕੰਧੋਲਾ ਆਉਂਦੇ ਹਨ।

ਬੇਲਾ ਕਿਲ੍ਹਾ ਸਿੰਘਪੁਰੀਆ ਮਿਸਲ ਦੇ ਉਤਰਾਧਿਕਾਰੀ ਉਮਰਾਓ ਸਿੰਘ ਦੇ ਅਧੀਨ ਆਉਂਦਾ ਸੀ। ਉਨ੍ਹਾਂ ਦੀ ਪੁੱਤਰੀ ਸਤਿੰਦਰ ਕੌਰ ਜੀਂਦ ਦੇ ਰਾਜੇ ਨਾਲ ਵਿਆਹੀ ਜਾਂਦੀ ਹੈ। ਉਨ੍ਹਾਂ ਦੁਆਰਾ ਇਹ ਕਿਲ੍ਹਾ ਤੇ ਇਸ ਦੇ ਨਾਲ ਲਗਦੀ ਸੱਤ ਏਕੜ ਜ਼ਮੀਨ ਸਿੱਖਿਆ ਦੇ ਪਸਾਰ ਲਈ ਇਲਾਕੇ ਦੇ ਸਪੁਰਦ ਕਰ ਦਿੱਤੀ

ਜਾਂਦੀ ਹੈ। ਇਸ ਕਿਲ੍ਹੇ ਵਾਲੀ ਥਾਂ ਤੇ ਅੱਜ ਕੱਲ੍ਹ ਮਹਾਰਾਣੀ ਸਤਿੰਦਰ ਕੌਰ ਸੀਨੀਅਰ ਸੈਕੰਡਰੀ ਸਕੂਲ ਬੇਲਾ, ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਤੇ ਫਾਰਮੇਸੀ ਕਾਲਜ ਸਮੁੱਚੇ ਇਲਾਕੇ ਵਿੱਚ ਵਿੱਦਿਅਕ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਦੇ ਰਹੇ ਹਨ।

ਸ. ਸੁਰਮੁਖ ਸਿੰਘ ਸਾਬਕਾ ਪ੍ਰਿੰਸੀਪਲ ਨੇ ਜਾਣਕਾਰੀ ਦੇਣ ਵਿੱਚ ਮਦਦ ਕੀਤੀ। ਪੰਜਾਬ ਦੇ ਤਤਕਾਲੀ ਮੁੱਖ-ਮੰਤਰੀ ਗਿ. ਜ਼ੈਲ ਸਿੰਘ ਨੇ ਕਾਲਜ ਦਾ ਨੀਂਹ ਪੱਥਰ 6 ਫਰਵਰੀ, 1975 ਨੂੰ ਰੱਖਿਆ।

ਇਸ ਕਾਲਜ ਦੇ 'ਕੈਪਟਨ ਗੁਰਬਚਨ ਸਿੰਘ ਖੁੱਲ੍ਹੇ ਰੰਗ-ਮੰਚ' ਦਾ ਉਦਘਾਟਨ ਮਾਨਯੋਗ ਡਾ. ਮਹਿੰਦਰ ਸਿੰਘ ਰੰਧਾਵਾ ਨੇ 29 ਮਾਰਚ, 1985 ਨੂੰ ਕੀਤਾ।

ਇੰਝ ਇਸ ਕਿਲ੍ਹੇ ਦੀ ਜ਼ਮੀਨ 'ਤੇ ਉਸਰੇ ਸਿੱਖਿਆ-ਅਦਾਰੇ ਚਾਨਣ ਵੰਡ ਰਹੇ ਹਨ। ਇਸ ਸਮੇਂ ਡਾ. ਸਤਵੰਤ ਕੌਰ ਸ਼ਾਹੀ ਪ੍ਰਿੰਸੀਪਲ, ਦੀ ਸੁੱਘੜ ਦੇਖ-ਰੇਖ ਹੇਠ ਇਹ ਵਿੱਦਿਅਕ-ਸੰਸਥਾਵਾਂ ਆਪਣਾ ਕਾਰਜ ਕਰ ਰਹੀਆਂ ਹਨ।

ਇਸ ਕਿਲ੍ਹੇ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਕਿਲ੍ਹਾ ਧਰਤੀ ਤੋਂ ਲਗਪਗ ਪੰਜ ਫੁੱਟ ਉੱਚਾ ਸੀ ਤੇ ਇਸ ਦਾ ਦਰਵਾਜਾ ਚੜ੍ਹਦੇ ਵੱਲ ਸੀ। ਮੁੱਖ ਦਰਵਾਜਾ ਕਰੀਬ 12 ਫੁੱਟ ਉੱਚਾ ਸੀ ਤੇ ਚੌੜਾਈ 10 ਫੁੱਟ ਸੀ। ਚਗਾਠਾਂ ਲੱਕੜ ਦੀਆਂ ਸਨ ਜੋ ਦੋ ਫੁੱਟ ਚੌੜੀਆਂ ਸਨ। ਤਖਤਿਆਂ ਨੂੰ ਭਾਰੀ ਕੁੰਡਾ ਲਗਦਾ ਸੀ। ਦਰਵਾਜੇ ਦੇ ਦੋਵੇਂ ਪਾਸੇ ਪਹਿਰੇਦਾਰਾਂ ਲਈ ਚਬੂਤਰੇ ਸਨ। ਕੋਠੜੀਆਂ ਹੁੰਦੀਆਂ ਸਨ ਤੇ ਉੱਪਰ ਚੜ੍ਹਨ ਲਈ ਪੌੜੀਆਂ ਸਨ। ਕਿਲ੍ਹੇ ਦੀ ਛੱਤ ਦੀ ਉਚਾਈ ਕਰੀਬ 20 ਫੁੱਟ ਸੀ। ਕਿਲ੍ਹੇ ਦੇ ਚਾਰੇ ਕੋਨਿਆਂ 'ਤੇ ਥਮਲੇ-ਨੁਮਾ ਚੌਕੀਆਂ ਸਨ ਜਿਨ੍ਹਾਂ ਨੂੰ ਬੁਰਜ ਵੀ ਕਿਹਾ ਜਾਂਦਾ ਸੀ। ਦੀਵਾਰਾਂ ਕਰੀਬ ਚਾਰ ਫੁੱਟ ਚੌੜੀਆਂ, ਸਰਹਿੰਦੀ ਇੱਟਾਂ ਵਾਲੀਆਂ ਅਤੇ ਅੰਦਰ ਮਿੱਟੀ ਨਾਲ ਭਰੀਆਂ, ਚੂਨੇ ਦੀ ਚਣਾਈ ਵਾਲੀਆਂ। ਅੰਦਰ ਖੁੱਲ੍ਹਾ-ਡੁੱਲ੍ਹਾ ਵਿਹੜਾ ਹੁੰਦਾ ਸੀ। ਉੱਪਰ ਰੰਗ-ਮਹੱਲ ਸੀ। ਕੰਧਾਂ ਉੱਤੇ ਚਿੱਤਰਕਾਰੀ ਕੀਤੀ ਹੁੰਦੀ ਸੀ। ਰਾਣੀਆਂ ਦੇ ਨਹਾਉਣ ਲਈ ਤਲਾਅ ਹੁੰਦਾ ਸੀ। ਘੋੜਿਆਂ ਨੂੰ ਪਾਣੀ ਪਲਾਉਣ ਲਈ ਚਬੱਚੇ ਹੁੰਦੇ ਸਨ।

ਸੰਤ ਬਾਬਾ ਹਰਦਿਆਲ ਸਿੰਘ ਗੁਰੂ ਘਰ ਦੇ ਸ਼ਰਧਾਵਾਨ ਦੀ ਸਮਾਧ ਇਸ ਕਿਲ੍ਹੇ ਦੇ ਵਾਰਸ ਹੋਣ ਦੀ ਪ੍ਰਤੀਕ ਹੈ ਜਿਨ੍ਹਾਂ ਨੇ ਸ੍ਰੀ ਚਮਕੌਰ ਸਾਹਿਬ ਗੁਰਦੁਆਰਾ ਦੀ ਕਾਰ ਸੇਵਾ ਬੜੀ ਨਿੱਠ ਕੇ ਕੀਤੀ ਸੀ। ਛੇ-ਸੱਤ ਏਕੜ ਵਿੱਚ ਪਸਰੇ ਸਿੱਖਿਆ-ਅਦਾਰੇ ਬੀਤੇ ਸਮਿਆਂ ਨੂੰ ਯਾਦ ਕਰਵਾਉਂਦੇ ਹਨ।

* * *

# ਕਿਲ੍ਹਾ ਮਨੌਲੀ -ਸਿੱਖ ਮਿਸਲ ਦੀ ਜਿੱਤ

- ਪ੍ਰੋ. ਸਤਬੀਰ ਕੌਰ
ਮੋ. 9464717723

ਪੁਆਧ ਖਿੱਤੇ ਦਾ ਪਿੰਡ ਮਨੌਲੀ ਚੰਡੀਗੜ੍ਹ ਤੋਂ 12 ਕਿਲੋਮੀਟਰ 'ਤੇ ਚੰਡੀਗੜ੍ਹ ਏਅਰਪੋਰਟ ਰੋਡ ਤੋਂ 4 ਕਿਲੋਮੀਟਰ ਦੀ ਵਿੱਥ 'ਤੇ ਵਸਿਆ ਹੋਇਆ ਹੈ। ਹੁਣ ਇਹ ਜ਼ਿਲ੍ਹਾ ਮੁਹਾਲੀ ਦੇ ਸੈਕਟਰ 83 ਵਿੱਚ ਆਉਂਦਾ ਹੈ। ਇਸ ਪਿੰਡ ਵਿੱਚ ਖਿਚ ਦਾ ਕੇਂਦਰ ਹੈ ਇਸ ਦੇ ਵਿਚਕਾਰ ਸਥਿਤ ਕਿਲ੍ਹਾ, ਜਿਹੜਾ ਆਪਣੇ ਅੰਦਰ ਬਹੁਤ ਪੁਰਾਣਾ ਇਤਿਹਾਸ ਲੁਕਾਈ ਬੈਠਾ ਹੈ।

ਇਹ ਕਿਲ੍ਹਾ ਮੁਗਲਾਂ ਦੁਆਰਾ ਬਣਵਾਇਆ ਗਿਆ ਸੀ, ਬਾਅਦ ਵਿੱਚ ਨਵਾਬ ਕਪੂਰ ਸਿੰਘ ਦੀ ਮਿਸਲ ਨੇ ਇਸ ਨੂੰ ਮੁਗਲਾਂ ਤੋਂ ਜਿੱਤਿਆ ਸੀ। ਸਿੰਘਪੁਰੀਆ ਮਿਸਲ ਦਾ ਸੰਸਥਾਪਕ ਨਵਾਬ ਕਪੂਰ ਸਿੰਘ ਇੱਕ ਮਹਾਨ ਯੋਧਾ ਸੀ। ਇਸ ਮਿਸਲ ਅਧੀਨ ਜਲੰਧਰ, ਹੁਸ਼ਿਆਰਪੁਰ ਤੇ ਰੂਪਨਗਰ ਜ਼ਿਲ੍ਹਿਆਂ ਦੇ ਕਈ ਖੇਤਰ ਸੀ। ਨਵਾਬ ਕਪੂਰ ਸਿੰਘ ਤੋਂ ਬਾਅਦ ਮਿਸਲ ਦੀ ਵਾਗਡੋਰ ਉਹਨਾਂ ਦੇ ਭਤੀਜੇ ਖੁਸ਼ਹਾਲ ਸਿੰਘ ਤੇ ਉਸ ਤੋਂ ਬਾਅਦ ਬੁੱਧ ਸਿੰਘ ਨੇ ਸੰਭਾਲੀ। 1816 ਵਿੱਚ ਬੁੱਧ ਸਿੰਘ ਦੀ ਮੌਤ ਤੋਂ ਬਾਅਦ ਮਿਸਲ ਦੇ ਪੂਰੇ ਇਲਾਕਿਆਂ ਨੂੰ ਉਸ ਦੇ ਸੱਤਾਂ ਪੁੱਤਰਾਂ ਵਿੱਚ ਵੰਡ ਦਿੱਤਾ ਗਿਆ। ਉਦੋਂ ਮਨੌਲੀ ਗੋਪਾਲ ਸਿੰਘ ਦੇ ਹਿੱਸੇ ਆਇਆ ਸੀ।

ਇਸ ਤੋਂ ਬਾਅਦ ਗੋਪਾਲ ਸਿੰਘ ਤੇ ਉਹਨਾਂ ਦੇ ਵਾਰਿਸ ਇਸ ਕਿਲ੍ਹੇ ਵਿੱਚ ਰਹਿੰਦੇ ਰਹੇ। ਪਿੰਡ ਦੇ ਲੋਕ ਜਿੰਨਾ ਕੁਝ ਵੀ ਜਾਣਦੇ ਹਨ ਉਹ ਉਮਰਾਓ ਸਿੰਘ ਦੇ ਸਮੇਂ ਬਾਰੇ ਜਾਣਦੇ ਹਨ ਜੋ ਕਿ ਗੋਪਾਲ ਸਿੰਘ ਦਾ ਵਾਰਿਸ ਸੀ। ਪਿੰਡ ਵਾਸੀ ਦੱਸਦੇ ਹਨ ਕਿ ਉਮਰਾਓ ਸਿੰਘ ਇੱਕ ਦਾਨੀ ਪੁਰਸ਼ ਸੀ। ਉਹ ਆਪਣੇ ਕੋਲ ਆਏ ਹਰ ਜ਼ਰੂਰਤਮੰਦ ਨੂੰ ਜ਼ਮੀਨ ਤੇ ਪੈਸੇ ਦੇ ਦਿੰਦਾ ਸੀ। ਕਿਲ੍ਹੇ ਅੰਦਰ ਕੰਮ ਕਰਨ ਵਾਲੇ ਕਾਮਿਆਂ ਨੂੰ ਉਸਦੇ ਰਹਿਣ ਲਈ ਥਾਂ ਤੇ ਜ਼ਮੀਨਾਂ ਦਿੱਤੀਆਂ ਹੋਈਆਂ ਸਨ। ਕਿਲ੍ਹੇ ਵਾਲੇ ਸਰਦਾਰ ਕਹਿਕੇ ਪੁਰਾਣੇ ਬਜ਼ੁਰਗ ਹੁਣ ਵੀ ਉਨ੍ਹਾਂ ਨੂੰ ਯਾਦ ਕਰਦੇ ਹਨ।

ਵਿਸ਼ਾਲ ਘੇਰੇ ਵਿੱਚ ਬਣਿਆ ਇਹ ਕਿਲ੍ਹਾ ਦੇਖਣ ਵਾਲੇ ਨੂੰ ਦੂਰੋਂ ਹੀ ਅਕਰਸ਼ਿਤ ਕਰਦਾ ਹੈ। ਪਿੰਡ ਦੀ ਰਿਹਾਇਸ਼ ਤੋਂ ਇਹ ਥੋੜ੍ਹੀ ਉਚਾਈ 'ਤੇ ਹੈ।

ਇਹ ਕਿਲ੍ਹਾ ਚਾਰੇ ਪਾਸੇ ਤੋਂ ਪਿੰਡ ਦੇ ਘਰਾਂ ਨਾਲ ਘਿਰਿਆ ਹੋਇਆ ਹੈ ਜੋ ਸ਼ਾਇਦ ਲੜਾਈ ਤੇ ਯੁੱਧ ਸਮੇਂ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੀਤਾ ਹੋਵੇਗਾ। ਲੋਕ ਇਸ ਕਿਲ੍ਹੇ ਨੂੰ ਦੇਖਣ ਆਉਂਦੇ ਹਨ। ਕਈ ਫਿਲਮਾਂ ਤੇ ਗਾਣਿਆਂ ਦੀ ਸ਼ੂਟਿੰਗ ਇਸ ਕਿਲ੍ਹੇ ਵਿੱਚ ਹੋਈ ਹੈ।

ਪਿੰਡ ਦੇ ਇੱਕ ਬਜ਼ੁਰਗ ਤਲਾਬ ਖ਼ਾਨ ਦੱਸਦੇ ਹਨ ਕਿ ਉਹ ਇਸ ਕਿਲ੍ਹੇ ਅੰਦਰ ਨੌਕਰੀ ਕਰਦਾ ਸੀ। ਉਹ ਸਰਦਾਰਾਂ ਦੇ ਬਾਗ ਨੂੰ ਖ਼ੂਹ ਰਾਹੀਂ ਪਾਣੀ ਦਿੰਦਾ ਤੇ ਊਠਾਂ ਨੂੰ ਚਾਰਾ ਪਾਇਆ ਕਰਦਾ ਸੀ। ਇਸ ਕਿਲ੍ਹੇ ਦੇ ਖੇਤਰ ਦੀ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਮੁੱਖ ਦਰਵਾਜ਼ਾ ਇਸ ਕਿਲ੍ਹੇ ਦੀ ਸੋਭਾ ਸੀ ਜੋ ਅਕਾਰ ਵਿੱਚ ਬਹੁਤ ਵੱਡਾ ਸੀ। ਦਰਵਾਜ਼ੇ ਦੇ ਉੱਪਰ ਬਾਹਰਲੇ ਪਾਸੇ ਲੱਗੀਆਂ ਵੱਡੀਆਂ-ਵੱਡੀਆਂ ਕਿੱਲਾਂ ਹਾਥੀਆਂ ਤੇ ਹਮਲਾਵਾਰਾਂ ਤੋਂ ਬਚਾਅ ਲਈ ਸਨ। ਇਹ ਕਿਲ੍ਹਾ ਚਾਰੇ ਪਾਸੇ ਤੋਂ ਬੰਦ ਸੀ ਤੇ ਇੱਕ ਹੀ ਮੁੱਖ ਦਰਵਾਜ਼ਾ ਸੀ। ਕਿਲ੍ਹੇ ਦੇ ਚੁਫੇਰੇ ਬਾਹਰਲੇ ਪਾਸੇ ਚਾਰ ਕੱਚੇ ਬੁਰਜ ਤੇ ਅੰਦਰਲੇ ਪਾਸੇ ਚਾਰ ਪੱਕੇ ਬੁਰਜ ਸਨ ਜੋ ਹੁਣ ਅੱਧੇ-ਅੱਧੇ ਢਹਿ ਚੁੱਕੇ ਹਨ। ਇਸ ਅੰਦਰ ਰਾਣੀ-ਨਿਵਾਸ ਉਹ ਥਾਂ ਸੀ ਜਿੱਥੇ ਸਰਦਾਰਨੀਆਂ ਬੈਠਦੀਆਂ ਸਨ। ਦੋ ਚੌਂਤਰੇ ਜਿਸ ਉੱਤੇ ਸਿਪਾਹੀ ਬੈਠਦੇ ਸਨ, ਇੱਕ ਲੰਗਰ ਹਾਲ, ਦੋ ਖ਼ੂਹ ਤੇ ਇੱਕ ਗੁਰਦੁਆਰਾ ਸਾਹਿਬ ਵੀ ਇਸ ਅੰਦਰ ਸਨ। ਕਿਲ੍ਹੇ ਦੇ ਕੋਲ ਹੀ ਇੱਕ ਬੈਠਕ ਨੁਮਾ ਹਾਲ ਸੀ। ਜਿਸ ਵਿੱਚ ਬਾਹਰੋਂ ਆਏ ਲੋਕ ਬੈਠਦੇ ਸਨ ਤੇ ਵਿਚਾਰ ਚਰਚਾਵਾਂ ਹੁੰਦੀਆਂ ਸਨ। ਇਸ ਬੈਠਕ ਦਾ ਦਰਵਾਜ਼ਾ ਅਲੱਗ ਸੀ ਜੋ ਪਿੰਡ ਵੱਲ ਨੂੰ ਖੁੱਲ੍ਹਦਾ ਸੀ। ਇਹ ਸਭ ਕਾਫੀ ਪੁਰਾਣਾ ਹੋ ਚੁੱਕਿਆ ਹੈ ਤੇ ਕਿਸੇ ਵੀ ਇਮਾਰਤ ਤੇ ਛੱਤ ਨਹੀਂ ਰਹੀ। ਇਸ ਦਾ ਜ਼ਿਆਦਾ ਹਿੱਸਾ ਡਿੱਗ ਚੁੱਕਾ ਹੈ।

ਇਸ ਕਿਲ੍ਹੇ ਅੰਦਰ ਜਿੱਥੇ ਸਰਦਾਰਨੀਆਂ ਰਹਿੰਦੀਆਂ ਸਨ ਉਥੇ ਪਹਿਰੇਦਾਰਾਂ ਦਾ ਸਖ਼ਤ ਪਹਿਰਾ ਸੀ। ਬਾਰ੍ਹਾਂ ਸਾਲ ਦਾ ਮੁੰਡਾ ਵੀ ਬਿਨਾਂ ਇਜਾਜ਼ਤ ਅੰਦਰ ਨਹੀਂ ਸੀ ਜਾ ਸਕਦਾ। ਪਿੰਡ ਵਾਸੀ ਜਸਵੰਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਗੁਰਦੁਆਰਾ ਜਿਸ ਥਾਂ ਤੇ ਸਥਿਤ ਹੈ, ਉਹ ਇਹਨਾਂ ਸਰਦਾਰਾਂ ਦੀ ਹੀ ਦਿੱਤੀ ਹੋਈ ਹੈ। ਜਿੱਥੇ ਹੁਣ ਪਿੰਡ ਸੈਣੀ ਮਾਜਰਾ ਹੈ, ਉਥੇ ਸਰਦਾਰਾਂ ਦਾ 100 ਬੀਘੇ ਦਾ ਅੰਬਾਂ ਦਾ ਬਾਗ ਸੀ। ਪਿੰਡ ਦੇ ਲੋਕ ਦੱਸਦੇ ਹਨ ਕਿ ਪਿੰਡ ਦਾ ਪਹਿਲਾਂ ਨਾਮ ਕੰਜਰੋਲੀ ਸੀ। ਇਹ ਮਨੌਲੀ ਨਾਮ ਇਹਨਾਂ ਸਰਦਾਰਾਂ ਦੀ ਹੀ ਦੇਣ ਹੈ।

1947 ਤੋਂ ਬਾਅਦ ਜਦੋਂ ਰਿਆਸਤਾਂ ਟੁੱਟੀਆਂ ਤਾਂ ਮਨੌਲੀ ਦੀ ਰਿਆਸਤ ਵੀ ਟੁੱਟ ਗਈ ਜਿਸ ਵਿੱਚ 30 ਪਿੰਡ ਸ਼ਾਮਿਲ ਸਨ। ਇਹ ਕਿਲ੍ਹਾ ਸ਼ਾਇਦ ਉਦੋਂ ਦਾ ਹੀ ਖ਼ਾਲੀ ਪਿਆ ਹੈ। ਬੇਸ਼ੱਕ ਇਸ ਕਿਲ੍ਹੇ ਦੇ ਵਾਰਿਸ ਇਸ ਨਾਲ ਜੁੜੇ ਰਹੇ ਹਨ। ਉਮਰਾਓ ਸਿੰਘ ਤੋਂ ਬਾਅਦ ਸਤਿੰਦਰ ਸਿੰਘ ਦਾ ਵਾਰਿਸ ਹੈ ਜਿਨ੍ਹਾਂ ਦੀ ਪੱਕੀ ਰਿਹਾਇਸ਼ ਦਿੱਲੀ ਹੈ।

ਇਸ ਕਿਲ੍ਹੇ ਦਾ ਇਤਿਹਾਸ ਸਿੱਖਾਂ ਨਾਲ ਜੁੜਿਆ ਹੋਇਆ ਹੈ। ਨਵਾਬ ਕਪੂਰ ਸਿੰਘ ਉਹ ਰਾਜਨੀਤਿਕ ਨੇਤਾ ਸੀ ਜਿਸ ਨੇ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖਾਂ ਦੀ ਕਮਾਨ ਸਾਂਭੀ। ਨਵਾਬ ਕਪੂਰ ਸਿੰਘ ਨਾਲ ਸੰਬੰਧਿਤ ਇਹ ਕਿਲ੍ਹਾ ਨਸ਼ਟ ਹੁੰਦਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 2001 ਵਿੱਚ ਇਸ ਨੂੰ ਸੁਰੱਖਿਅਤ ਸਮਾਰਕ ਘੋਸ਼ਿਤ ਕੀਤਾ ਸੀ ਪਰ ਫਿਰ ਵੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। 2016 ਵਿੱਚ ਇਸ ਕਿਲ੍ਹੇ ਦੀ ਆਖਰੀ ਵਾਰ ਮੁਰੰਮਤ ਕੀਤੀ ਗਈ। ਇਸ ਤੋਂ ਬਾਅਦ ਇਸ ਦੀ ਕੋਈ ਸਾਂਭ-ਸੰਭਾਲ ਨਹੀਂ ਹੋਈ। ਇਸ ਸਮੇਂ ਇਸ ਅੰਦਰ ਜਾ ਸਕਣਾ ਵੀ ਮੁਸ਼ਕਿਲ ਹੈ। ਜੇ ਇਸੇ ਤਰ੍ਹਾਂ ਇਸ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਤਾਂ ਇਹ ਬਾਕੀ ਰਹਿੰਦਾ ਕਿਲ੍ਹਾ ਜਲਦ ਹੀ ਢਹਿ ਢੇਰੀ ਹੋ ਜਾਵੇਗਾ।

* * *

# ਕਿਲ੍ਹਾ ਫਤਿਹਪੁਰ ਦੇ ਲੋਪ ਹੋਣ ਦੀ ਦਾਸਤਾਨ

**-ਡਾ. ਰਾਜਿੰਦਰ ਸਿੰਘ ਕੁਰਾਲੀ**

ਜ਼ਿਲ੍ਹਾ ਰੂਪਨਗਰ 'ਚ ਪੈਂਦਾ ਕਿਲ੍ਹਾ ਫਤਿਹਪੁਰ ਲਗਭਗ 350 ਸਾਲ ਪੁਰਾਣਾ ਦੱਸਿਆ ਜਾਂਦਾ ਹੈ। ਕਿਲ੍ਹਾ ਨਿਹੰਗ ਖਾਂ ਵਾਂਗ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਪਠਾਣ ਨਿਹੰਗ ਖਾਂ ਨਾਲ ਇਸ ਦਾ ਸਬੰਧ ਦੱਸਿਆ ਜਾਂਦਾ ਹੈ ਪਰੰਤੂ ਕਿਲ੍ਹਾ ਫਤਿਹਪੁਰ ਖੰਡਰ ਹੋ ਚੁੱਕਿਆ ਹੈ ਤੇ ਆਪਣਾ ਨਾਮੋ-ਨਿਸ਼ਾਨ ਗੁਆ ਚੁੱਕਾ ਹੈ। ਕੇਵਲ ਇਸ ਦੀਆਂ ਪੁਰਾਣੀਆਂ ਇੱਟਾਂ ਹੀ ਇਸ ਦੀ ਹੋਂਦ ਦੀ ਗੁਆਹੀ ਭਰਦੀਆਂ ਹਨ। ਰੂਪਨਗਰ ਤੋਂ ਮਾਜਰੀ ਜੱਟਾਂ ਪਰਖਾਲੀ ਮਾਰਗ 'ਤੇ ਪੈਂਦੇ ਪਿੰਡ ਫਤਿਹਪੁਰ ਦਾ ਨਾਂ ਵੀ ਇਸ ਕਿਲ੍ਹੇ ਦੇ ਨਾਂ 'ਤੇ ਰੱਖਿਆ ਗਿਆ।

ਪਿੰਡ ਫਤਿਹਪੁਰ ਤੋਂ ਕਰੀਬ ਇੱਕ ਕਿਲੋਮੀਟਰ ਅਗਾਂਹ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਇਸ ਕਿਲ੍ਹੇ ਤੱਕ ਉਪੜਨਾ ਕਾਫ਼ੀ ਮੁਸ਼ਕਲ ਹੈ। ਸਰਹਿੰਦੀ ਇੱਟਾਂ ਦੀ ਰਹਿੰਦ-ਖੂੰਦ ਹੀ ਇਸ ਕਿਲ੍ਹੇ ਦੀ ਹੋਂਦ ਦਾ ਸਬੂਤ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਇਕ ਵਾਰ ਗੁਰਦੁਆਰਾ ਬੀਬੀ ਮੁਮਤਾਜਗੜ੍ਹ (ਨੇੜੇ ਬੜੀ ਪੁਰਖਾਲੀ) ਦੇ ਪ੍ਰਬੰਧਕਾਂ ਨੇ ਇਸ ਕਿਲ੍ਹੇ ਦੀ ਥ਼ਾਂ 'ਤੇ ਗੁਰਦੁਆਰਾ ਸਾਹਿਬ ਬਣਾਉਣ ਦੀ ਯੋਜਨਾ ਵੀ ਬਣਾਈ ਸੀ ਪਰੰਤੂ ਪੰਜਾਬ ਜੰਗਲਾਤ ਵਿਭਾਗ ਦੀ ਜ਼ਮੀਨ ਹੋਣ ਕਾਰਨ ਉਸਾਰੀ ਰੋਕ ਦਿੱਤੀ ਗਈ।

ਕੁਝ ਇਲਾਕਾ ਨਿਵਾਸੀਆਂ ਨੇ ਇਸ ਕਿਲ੍ਹੇ ਦੀ ਇਤਿਹਾਸਕ ਮਹੱਤਤਾ ਨੂੰ ਸਮਝਦੇ ਹੋਏ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਮੰਗ ਕੀਤੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਨਿਹੰਗ ਖਾਂ ਪਠਾਣ ਨਾਲ ਸਬੰਧਤ ਕਿਲ੍ਹਾ ਫਤਿਹਪੁਰ ਦੀ ਯਾਦਗਾਰ ਨੂੰ ਸੰਭਾਲਿਆ ਜਾਵੇ ਤਾਂ ਜੋ ਭਵਿੱਖ 'ਚ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਦੇ ਇਹਿਤਾਸ ਨੂੰ ਯਾਦ ਰੱਖ ਸਕਣ। ਦੁੱਖ ਦੀ ਗੱਲ ਹੈ ਕਿ ਅਜਿਹਾ ਹੋ ਨਹੀਂ ਸਕਿਆ।

* * *

# ਤਿੰਨ ਕਿਲ੍ਹੇ : ਭੰਖਰਪੁਰ, ਬਸੀ ਅਤੇ ਡੇਰਾ

- ਗਿ. ਧਰਮ ਸਿੰਘ ਭੰਖਰਪੁਰ

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ ਖਾਲਸਾ ਰਾਜਧਾਨੀ ਕਿਲ੍ਹਾ ਲੋਹਗੜ੍ਹ ਮੁਗ਼ਲ ਸਰਦਾਰ ਵੱਲੋਂ ਬਰਬਾਦ ਕਰ ਦਿੱਤਾ ਗਿਆ।

ਸਰਹੰਦ ਸਰਕਾਰ ਜੋ ਦਰਿਆ ਜਮਨਾ ਤੇ ਸਤਲੁਜ ਦੇ ਵਿਚਕਾਰਲੇ ਦੁਆਬੇ ਵਿੱਚ ਫੈਲੀ ਹੋਈ ਸੀ। ਇਸ ਦੁਆਬੇ ਦਾ ਚੌਗਿਰਦਾ ਇਸ ਤਰ੍ਹਾਂ ਸੀ (ਆਇਨ-ਇ-ਅਕਬਰੀ ਮੁਤਾਬਿਕ)

"ਉੱਤਰੀ ਹੱਦ ਉੱਤੇ ਸ਼ਿਵਾਲਿਕ ਪਹਾੜ, ਇਲਾਕਾ ਨਾਹਣ ਅਤੇ ਸਤਲੁਜ ਦਰਿਆ ਦੇ ਪਾਰ ਵੀ, ਸ਼ਿਮਲੇ ਨਾਲ ਸਬੰਧਤ ਪਿੰਜੋਰ ਦਾ ਇਲਾਕਾ, ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ ਦੀ ਦੱਖਣੀ ਹੱਦ, ਜ਼ਿਲ੍ਹਾ ਪਾਣੀਪਤ, ਹਿਸਾਰ, ਰੋਹਤਕ, ਪੂਰਬੀਂ ਹੱਦ ਉੱਤੇ ਜਮਨਾ ਨਾਲ ਲੱਗਦਾ ਜ਼ਿਲ੍ਹਾ ਸਹਾਰਨਪੁਰ ਤੇ ਮਜ਼ੱਫਰ ਨਗਰ, ਪਮੀ ਹੱਦ ਵਾਲਾ ਦੁਆਰਾ ਪਾਰ ਜ਼ਿਲ੍ਹਾ ਅੰਮ੍ਰਿਤਸਰ ਅਤੇ ਲਾਹੌਰ ਦੀ ਹੱਦ। ਸਰਕਾਰ ਸਰਹੰਦ ਨਾਲ 33 ਪਰਗਣੇ ਸੰਬੰਧਿਤ ਸਨ।

ਸੈਰ-ਏ-ਪੰਜਾਬ ਪੁਸਤਕ ਅਨੁਸਾਰ "ਜਦੋਂ ਤੱਕ ਮੁਗਲਾਂ ਦਾ ਰਾਜ ਪ੍ਰਬੰਧ ਠੀਕ ਤਰ੍ਹਾਂ ਚਲਦਾ ਰਿਹਾ, ਤਦ ਤੱਕ ਇਨ੍ਹਾਂ ਪਰਗਣਿਆਂ ਦੀਆਂ ਹੱਦਾਂ ਤੇ ਨਿਸ਼ਾਨ ਵੀ ਕਾਇਮ ਰਹੇ ਪਰ (ਬੰਦਾ ਸਿੰਘ ਬਹਾਦਰ ਦੇ ਸਮੇਂ) ਤੇ ਸੰਮਤ 1820 ਬਿਕਰਮੀ ਵਿੱਚ ਜਦ 'ਜੈਨ ਖਾਨ ਸੂਬੇਦਾਰ ਸਰਹੰਦ' (ਜੋ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ ਵਜੀਦ ਖਾਂ ਦੀ ਥਾਂ ਤੇ ਸੀ) ਸਿੱਖਾਂ ਵਲੋਂ ਮਾਰੇ ਜਾਣ ਉਤੇ ਮਝੈਲ ਸਿੱਖਾਂ ਦੇ ਜੱਥਿਆਂ ਦੇ ਜੱਥੇ ਇੱਧਰ ਫੈਲ ਗਏ ਅਤੇ ਮਾਲਵੇ ਦੇ ਖਾਨਦਾਨ ਫੂਲਕੀਆ ਨੇ ਸਤਲੁਜ ਦੇ ਇਸ ਪਾਰ ਦੇ ਕਈ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਇਸ ਨਾਲ ਮੁਗਲਾਂ ਬਾਦਸ਼ਾਹਾਂ ਦੇ ਸਮੇਂ ਦੀ ਨੰਬਰੀ ਪਰਗਣਾਬੰਦੀ ਖ਼ਤਮ ਹੋ ਗਈ। ਜਿਸ ਜਿਸ ਸਿਖ ਸਰਦਾਰ ਨੇ ਜਿਸ ਜਿਸ ਇਲਾਕੇ ਉੱਤੇ ਆਪਣਾ ਹੱਥ ਰੱਖ ਲਿਆ ਉਹ ਉਥੋਂ ਦਾ ਮਾਲਕ ਹੋ ਗਿਆ ਤੇ ਉਸ ਨੇ ਆਪਣੀ ਰਿਹਾਇਸ਼ ਦੇ ਨਾਂ ਨਾਲ ਉਸ ਇਲਾਕੇ ਦਾ ਨਾਂ ਮਸ਼ਹੂਰ ਕਰ ਦਿੱਤਾ ਤੇ 13 ਮਿਸਲਾਂ ਮਸ਼ਹੂਰ ਹੋਈਆਂ ਜਿਵੇਂ ਮਿਸਲ ਭੰਗੀਆਂ, ਰਾਮਗੜ੍ਹੀਆ, ਘੇਬਾ, ਨਕਈ,

ਆਹਲੂਵਾਲੀਆ, ਡੱਲੇਵਾਲੀਆ, ਨਿਸ਼ਾਨ ਵਾਲੀਆ, ਫੈਜ਼ਲਪੁਰੀਆ, ਕਰੋੜ ਸਿੰਘੀਆ, ਸ਼ਹੀਦ ਮਿਸਲ, ਕਲਸੀਆ, ਸ਼ੁਕਰਚਕੀਆ ਤੇ ਮਿਸਲ ਫੂਲਕੀਆ।

ਮੁਗਲ ਨਵਾਬਾਂ, ਹਾਕਮਾਂ, ਚੌਧਰੀਆਂ ਦੇ ਮਾਰ ਭਜਾਉਣ ਮਗਰੋਂ, ਉਹਨਾਂ ਦੇ ਬਰਬਾਦ ਹੋਏ, ਕਿਲ੍ਹੇ, ਗੜ੍ਹੀਆਂ ਸਿੱਖ ਸਰਦਾਰਾਂ ਨੇ ਮੁਰੰਮਤ ਕਰਕੇ ਫਿਰ ਆਬਾਦ ਕਰ ਲਏ। ਪੁਆਧ ਖੇਤਰ ਵਿੱਚ ਇਹੋ ਜਿਹੇ ਕਿਲ੍ਹਿਆਂ, ਗੜ੍ਹੀਆਂ ਦੀ ਬਹੁਤਾਤ ਸੀ।

ਇਹੋ ਜਿਹੇ ਕਿਲ੍ਹਿਆਂ ਵਿੱਚੋਂ ਇਕ ਕਿਲ੍ਹਾ ਪਿੰਡ ਭੰਖਰਪੁਰ ਦੇ ਉੱਤਰੀ ਪੂਰਬੀ ਪਾਸੇ ਮੌਜੂਦ ਸੀ।

12 ਜੂਨ, 1710 ਈ. ਵਾਲੇ ਦਿਨ ਚੱਪੜਚਿੜੀ ਦੇ ਵਿਸ਼ਾਲ ਮੈਦਾਨ ਵਿਚਕਾਰ ਸਿੰਘਾਂ ਅਤੇ ਸੂਬਾ ਸਰਹੰਦ ਵਜੀਦ ਖਾਨ ਦੀਆਂ ਫੌਜਾਂ ਵਿੱਚ ਬੜੀ ਵੱਡੀ ਲਹੂ ਡੋਲ੍ਹਵੀਂ ਲੜਾਈ ਹੋਈ ਜਿਸ ਵਿਚ ਸੂਬਾ ਸਰਹੰਦ ਵਜ਼ੀਰ ਖਾਨ ਤੋਂ ਇਲਾਵਾ ਮੁਗਲ ਜਰਨੈਲ ਤੇ ਹਜ਼ਾਰਾਂ ਸੈਨਿਕ ਮਾਰੇ ਗਏ। ਖਾਲਸਾ ਫੌਜਾਂ ਨੂੰ ਫ਼ਤਿਹ ਹਾਸਲ ਹੋਈ।

ਸਮੁੱਚਾ ਸਰਹੰਦ ਸੂਬਾ ਪਰਗਣਿਆ ਸਹਿਤ ਸਿੱਖ ਸਰਦਾਰਾਂ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ। ਪਿੰਡ ਭੰਖਰਪੁਰ ਦੇ ਇਸ ਕਿਲ੍ਹੇ (ਗੜ੍ਹੀ ਨੁਮਾ) ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਚੋਣਵੇਂ ਸਿੰਘਾਂ ਦੀ ਚੌਂਕੀ ਬਿਠਾ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਤੋਂ ਲੈ ਕੇ ਖਾਲਸਾ ਰਾਜ ਤੱਕ ਇਸ ਇਲਾਕੇ ਦਾ ਮੁਕੰਮਲ ਪ੍ਰਬੰਧ ਸਿੰਘਾਂ ਦੇ ਕੋਲ ਹੀ ਰਿਹਾ। ਪਿੰਡ ਦੇ ਹੋ ਗੁਜ਼ਰੇ ਬਜ਼ੁਰਗ, ਉਸ ਸਮੇਂ ਨੂੰ 'ਸਿੰਘ-ਰਾਜ' ਦੇ ਨਾਮ ਨਾਲ ਯਾਦ ਕਰਿਆ ਕਰਦੇ ਸਨ। ਇਹ ਵੀ ਦੰਦ ਕਥਾ ਸੁਣਨ ਵਿਚ ਆਇਆ ਕਰਦੀ ਸੀ ਕਿ ਇਹਨਾਂ ਪਿੰਡਾਂ ਦਾ ਸਬੰਧ ਸ੍ਰੀ ਅਨੰਦਪੁਰ ਸਾਹਿਬ ਦੇ ਕਾਬਜ ਮਿਸਲ ਨਾਲ ਹੁੰਦਾ ਸੀ।

ਪਿੰਡ ਭੰਖਰਪੁਰ ਦਾ ਇਹ ਕਿਲ੍ਹਾ ਹੁਣ ਵਜੂਦ ਗੁਆ ਚੁੱਕਾ ਹੈ, ਇਤਿਹਾਸ ਲਿਖਣ ਵਿਚ ਬਹੁਤ ਦੇਰ ਹੋ ਚੁੱਕੀ ਹੈ। ਉਦੋਂ ਮੈਂ (ਲੇਖਕ) ਬਿਲਕੁਲ ਛੋਟੀ ਉਮਰ ਦਾ ਸੀ ਜਦ ਇਹ ਕਿਲ੍ਹਾ 'ਥੇਹ' ਬਣ ਚੁੱਕਿਆ ਸੀ, ਖੰਡਰਾਂ ਤੋਂ ਮਾਲੂਮ ਹੁੰਦਾ ਸੀ ਕਿ ਇਹ ਕਿਲ੍ਹਾ ਲਗਭਗ ਦੋ ਕੀਲਿਆਂ ਦੇ ਰਕਬੇ ਉੱਤੇ ਤਾਮੀਰ ਕੀਤਾ ਹੋਇਆ ਸੀ। ਛੋਟੀ ਛੋਟੀ ਪੱਕੀ ਅਤੇ ਲਾਲ ਸੁਰਖ਼ ਇੱਟਾਂ ਨਾਲ ਇਸ ਦੀ ਉਸਾਰੀ ਕੀਤੀ ਹੋਈ ਸੀ ਜਦੋਂ ਇਹ ਕਿਲ੍ਹਾ ਪੂਰੇ ਜੋਬਨ ਤੇ ਹੋਵੇਗਾ ਤਾਂ ਪੂਰੀ ਚੜ੍ਹਤ ਹੋਵੇਗੀ।

ਇਸ ਕਿਲ੍ਹੇ ਵਿਚਕਾਰ ਇਕ ਖੂਹ ਹੁੰਦਾ ਸੀ ਤੇ ਪਹਾੜੀ ਦਿਸ਼ਾ ਦੇ ਵੱਡੇ ਦਰਵਾਜ਼ੇ ਸਾਹਮਣੇ ਛੋਟੀਆਂ ਇੱਟਾਂ ਦੀ ਡੂੰਘੀ 'ਖੂਹੀ' ਸੀ ਜੋ ਸੰਨ 1983 ਤੱਕ ਮੌਜੂਦ ਰਹੀ ਤੇ ਲੋਕ ਇਸ ਦਾ ਠੰਢਾ ਮਿੱਠਾ ਪਾਣੀ ਪੀਂਦੇ ਰਹੇ ਹਨ। (ਹਵਾਲਾ ਅਕਾਲੀ ਪੱਤ੍ਰਿਕਾ 1983)

ਦੂਜਾ ਕਿਲ੍ਹਾ ਡੇਰਾਬਸੀ, ਜਿਸ ਨੂੰ ਕੇਵਲ 'ਬਸੀ' ਦੇ ਨਾਮ ਨਾਲ ਜਾਣਿਆ ਜਾਂਦਾ ਸੀ ਦੇ ਪੱਛਮੀ ਪਾਸੇ, ਜਿੱਥੇ ਅੱਜ ਕੱਲ੍ਹ ਰੇਲਵੇ-ਲਾਈਨ ਲੰਘ ਰਹੀ ਹੈ, ਮੌਜੂਦ ਸੀ। ਇਹ ਕਿਲ੍ਹਾ ਵੀ ਲੇਖਕ ਨੇ 'ਥੇਹ' ਹੋਇਆ ਹੀ ਦੇਖਿਆ ਹੈ। ਜਦੋਂ ਅਸੀਂ ਸਰਕਾਰੀ ਸਕੂਲ ਡੇਰਾਬਸੀ ਵਿਖੇ ਪਿੰਡ ਤੋਂ ਪੈਦਲ ਤੁਰਕੇ 'ਚੋਏ' ਵਿੱਚੋਂ ਦੀ ਲੰਘ ਕੇ ਇਸ 'ਥੇਹ' ਕੋਲੋਂ ਦੀ ਜਾਂਦੇ ਹੁੰਦੇ ਸੀ। ਉਦੋਂ ਇੱਥੇ ਇੱਕ ਅੱਠ ਕੁੰਡਿਆਂ ਵਾਲਾ ਵੱਡਾ ਲੋਹੇ ਦਾ ਕੜਾਹਾ ਮੂਧਾ ਪਿਆ ਹੁੰਦਾ ਸੀ। ਜੋ ਇਸ ਗੱਲ ਦੀ ਹਾਮੀ ਭਰਦਾ ਸੀ ਕਿ ਕਿਸੇ ਸਮੇਂ ਇਹ ਕਿਲ੍ਹਾ ਵੀ ਬੁਲੰਦੀ 'ਤੇ ਸੀ, ਇਹ ਕਿਲ੍ਹਾ ਮੁਗਲਾਂ ਤੋਂ ਮਗਰੋਂ ਕਲਸੀਆ ਮਿਸਲ ਦੇ ਸਿੱਖ ਸਰਦਾਰਾਂ ਦੇ ਕਬਜ਼ੇ ਵਿੱਚ ਸੀ, ਜਿਹਨਾਂ ਦੀ ਰਾਜਧਾਨੀ ਛਛਰੌਲੀ ਦੇ ਸਥਾਨ 'ਤੇ ਸੀ। ਕਲਸੀਆਂ ਰਿਆਸਤ ਦੇ ਮੋਢੀ ਸਿੱਖ ਸਰਦਾਰ ਸ. ਗੁਰਬਖ਼ਸ਼ ਸਿੰਘ ਹੋਏ ਹਨ ਤੇ ਆਖ਼ਰੀ ਰਾਜਾ ਕਰਨ ਸ਼ੇਰ ਸਿੰਘ ਹੋਇਆ ਹੈ। ਇਸੇ ਰਿਆਸਤ ਵਿਚ ਪਿੰਡ ਭੰਖਰਪੁਰ ਦਾ ਸ. ਠਾਕੁਰ ਸਿੰਘ ਸੈਸਨ ਜੱਜ ਸੀ ਅਤੇ ਤਹਿਸੀਲ ਡੇਰਾਬਸੀ ਸਾਦੋਦੀਨ ਤਹਿਸੀਲਦਾਰ ਤੋਂ ਮਗਰੋਂ ਸ ਹਰਚਰਨ ਸਿੰਘ ਤਹਿਸੀਲਦਾਰ ਵੀ ਭੰਖਰਪੁਰ ਦਾ ਹੀ ਵਸਨੀਕ ਸੀ।

ਤੀਜਾ ਕਿਲ੍ਹਾ, ਪਿੰਡ 'ਡੇਰਾ' ਜਗਾਧਰੀ। ਜਿਸ 'ਡੇਰਾ' ਕਰਕੇ 'ਬੱਸੀ' ਦਾ ਨਾਮ ਡੇਰਾਬਸੀ ਪ੍ਰਸਿੱਧ ਹੋਇਆ। ਪਿੰਡ 'ਡੇਰਾ' ਦੇ ਪੱਛਮੀ ਪਾਸੇ ਇਹ ਕਿਲ੍ਹਾ ਮੌਜੂਦ ਸੀ। ਜੋ ਸਾਡੀ ਦੇਖਤ ਵਿੱਚ ਚਾਰੇ ਦੇ ਚਾਰ ਬੁਰਜ਼ ਪੂਰੇ ਖੜ੍ਹੇ ਸਨ, ਦੀਵਾਰ ਖ਼ਸਤਾ ਹਾਲਤ ਸੀ। ਸੰਨ 1971-72 ਤੱਕ ਇਹ ਕਿਲ੍ਹਾ ਅਸੀਂ ਨੇੜੇ ਤੋਂ ਦੇਖਦੇ ਰਹੇ। ਸੂਬੇਦਾਰ ਗੁਰਬਖਸ਼ ਸਿੰਘ ਦਾ ਘਰ ਇਸ ਕਿਲ੍ਹੇ ਦੇ ਸਭ ਤੋਂ ਨੇੜੇ ਹੁੰਦਾ ਸੀ। ਸੂਬੇਦਾਰ ਜੀ ਦਾ ਲੜਕਾ ਰੁਪਿੰਦਰ ਸਿੰਘ ਜਮਾਤੀ ਹੋਣ ਕਰਕੇ ਤੇ ਭੰਖਰਪੁਰ ਰਿਸ਼ਤੇਦਾਰੀ ਹੋਣ ਕਰਕੇ ਆਉਣ ਜਾਣ ਸੀ।

ਸਮਾਂ ਬੜਾ ਬਲਵਾਨ ਹੈ, ਹੁਣ ਮੈਂ ਜਦੋਂ ਇਸ ਕਿਲ੍ਹੇ ਦੇ ਸੰਬਧ ਵਿਚ ਹੋਰ ਜਾਣਕਾਰੀ ਇਕੱਤਰ ਕਰਨ ਲਈ ਗਿਆ ਤਾਂ ਕਿਲ੍ਹੇ ਦੇ ਚਾਰੇ ਬੁਰਜ, ਖੁਰਦ ਹੋ ਚੁੱਕੇ ਹਨ। ਕਿਲ੍ਹੇ ਦੇ ਥੇਹ ਅਤੇ ਖੰਡਰਾਂ ਦਾ ਮਲਬਾ ਵੀ ਲੋਕਾਂ ਵਲੋਂ ਚੁੱਕ ਕੇ ਡੂੰਘੀ

ਥਾਂਵਾਂ ਵਿਚ ਭਰ ਦਿੱਤਾ ਪਰ ਨਾਮੋ-ਨਿਸ਼ਾਨ ਬਾਕੀ ਹੈ, ਕਿੱਕਰਾਂ ਤੇ ਪਹਾੜੀ ਕਿੱਕਰਾਂ ਨੇ ਇਸ ਸਥਾਨ 'ਤੇ ਆਪਣਾ ਕਬਜ਼ਾ ਕੀਤਾ ਹੋਇਆ ਹੈ।

ਉਪਰੋਕਤ ਸਭ ਕੁਝ ਦੇਖ ਕੇ ਬਾਣੀ ਦੀਆਂ ਤੁੱਕਾਂ ਆਪ ਮੁਹਾਰੇ ਮੂੰਹ 'ਚੋਂ ਨਿਕਲ ਗਈਆਂ:

ਮਾਤੇ ਮਤੰਗ, ਜਰੇ ਜਰ ਸੰਗ,
ਅਨੂਪ ਉਤੰਗ, ਸੁਰੰਗ ਸਵਾਰੇ ॥
ਕੋਟ ਤੁਰੰਗ, ਕੁਰੰਗ ਸੇ ਕੂਦਤ,
ਪਉਨ ਕੇ ਗਉਨ ਕੋ, ਜਾਤ ਨਿਵਾਰੇ ॥
ਭਾਰੀ ਭੁੱਜਾਨ, ਕੇ ਭੂਪ ਤਲੀ ਬਿਧਿ,
ਨਿਆਵਤ ਸੀਸ, ਨ ਜਾਤ ਬਿਚਾਰੇ ॥
ਏਤੇ ਭਏ, ਤੁ ਕਹਾਂ ਭਏ ਭੂਪਤਿ
ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ॥

ਕਿਲ੍ਹਿਆਂ ਵਿੱਚ ਰਹਿਣ ਵਾਲੇ, ਉਹ ਕੌਣ ਕੌਣ ਸੀ ਤੇ ਕਿੱਥੇ ਚਲੇ ਗਏ ਪਤਾ ਨਹੀਂ। ਹਾਂ, 5 ਮਈ, 1948 ਈ: ਰਾਜਾ ਕਰਨ ਸ਼ੇਰ ਸਿੰਘ (ਰਿਆਸਤ ਕਲਸੀਆ ਦਾ ਆਖ਼ਰੀ ਰਾਜਾ) ਵੱਲੋਂ ਮਹਾਰਾਜਾ ਯਾਦਵਿੰਦਰ ਸਿੰਘ ਜੀ ਦੇ ਦਸਖ਼ਤ ਕੀਤੇ ਤੇ 30 ਅਗਸਤ, 1948 ਈ. ਨੂੰ ਕਲਸੀਆ ਰਿਆਸਤ ਯੂਨੀਅਨ ਵਿੱਚ ਸ਼ਾਮਲ ਹੋ ਗਈ। (ਪੰਨਾ 137, ਸਿੱਖ ਮਿਸਲਾਂ ਦੇ ਸਰਦਾਰ ਘਰਾਣੇ, ਸੋਹਣ ਸਿੰਘ ਸੀਤਲ)।

* * *

# ਇਤਿਹਾਸਕ ਕਿਲ੍ਹਾ - ਠਰਵਾ

**- ਗਿ. ਜੁਝਾਰ ਸਿੰਘ ਅਜ਼ਾਦ**

ਇਹ ਇਤਿਹਾਸਕ ਕਿਲ੍ਹਾ ਪਿੰਡ ਠਰਵਾ ਮਾਜਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਠਰਵਾ ਤੇ ਮਾਜਰੀ ਨੇੜੇ-ਨੇੜੇ ਦੋ ਪਿੰਡ ਹਨ। ਜੋ ਅੰਬਾਲਾ ਕੈਂਟ ਤੋਂ ਦੱਖਣ ਦਿਸ਼ਾ 12 ਕੁ ਕਿਲੋਮੀਟਰ ਦੇ ਆਸ-ਪਾਸ ਹਨ।

ਇਸ ਕਿਲ੍ਹੇ ਨੂੰ ਸ਼ੇਰ ਸ਼ਾਹ ਸੂਰੀ ਨੇ ਪਠਾਣ-ਕਾਲ ਵਿੱਚ ਸ਼ਾਹੀ ਮਾਰਗ (ਸ਼ਾਹ ਰਾਹ) 'ਤੇ ਆਪਣੇ ਮਾਤਹਿਤ ਹਿਦਾਇਤ ਅਲੀ ਦੇ ਹੱਥੀਂ ਬਣਵਾਇਆ ਸੀ। ਸ਼ਾਹ ਰਾਹ ਦੇ ਰੱਖ-ਰਖਾਵ ਤੇ ਇਲਾਕੇ 'ਤੇ ਮਜ਼ਬੂਤ ਪਕੜ ਲਈ ਕਈ ਹੋਰ ਵੀ ਕਿਲ੍ਹੇ ਉਸਰੇ ਮਿਲਦੇ ਹਨ ਜਿਵੇਂ ਸ਼ਾਹਾਬਾਦ ਗੋਲਪੁਰਾ, ਸੰਭੂ ਆਦਿ।

ਸ਼ੇਰ ਸ਼ਾਹ ਸੂਰੀ ਦੀ ਸਲਤਨਤ ਤੋਂ ਬਾਦ ਮੁਗਲਾਂ ਨੇ ਇਸ ਖੇਤਰ ਅੰਬਾਲਾ ਨੂੰ ਕਾਫੀ ਵਿਕਸਤ ਕੀਤਾ ਅਤੇ ਰੱਜ-ਰੱਜ ਕੇ ਇਸ ਇਲਾਕੇ ਨੂੰ ਲੁੱਟਦੇ ਰਹੇ। ਜ਼ਾਲਮ ਦਾ ਜ਼ੋਰ ਇਤਨਾ ਸੀ ਕਿ ਹਕੂਮਤ ਦੇ ਸਾਹਮਣੇ ਕੋਈ ਉਫ਼ ਨਾ ਕਰਦਾ। ਸਮਾਂ ਬੀਤਦਾ ਗਿਆ, ਖਾਲਸਾ ਜੁਆਨ ਹੋਇਆ, ਫਿਰ ਬਾਰਾਂ ਮਿਸਲਾਂ ਬਣੀਆਂ ਇਹਨਾਂ ਬਾਰਾਂ ਮਿਸਲਾਂ ਨੇ ਤੇਗ਼ ਦੇ ਜ਼ੋਰ ਨਾਲ ਜ਼ਾਲਮ ਦਾ ਜ਼ੁਲਮ ਖਤਮ ਕਰਕੇ ਮਾਨਵਤਾ ਨੂੰ ਸੁੱਖ ਦਾ ਸਾਹ ਦਿਵਾਇਆ।

ਹੁਣ ਇਸ ਕਿਲ੍ਹੇ ਬਾਰੇ ਜਾਣੀਏ। ਪਿੰਡ ਠਰਵੇ ਦਾ ਕਿਲ੍ਹਾ ਪਿੰਡ ਦੇ ਪੂਰਬ-ਉੱਤਰ ਦੀ ਬਾਹੀ 'ਤੇ ਸਥਿਤ ਹੈ। ਇਸ ਕਿਲ੍ਹੇ ਦਾ ਵਿਆਸ ਲਗਭਗ ਦੋ ਏਕੜ ਪਛਮ-ਪੂਰਬ ਲੰਮਾ ਹੈ ਤੇ ਡੇਢ ਏਕੜ ਉੱਤਰ-ਦੱਖਣ ਚੌੜਾ ਹੈ। ਇਸਦੇ ਮੱਧ ਵਿੱਚ ਗੋਲਾ ਦੱਖਣੀ ਦਿਸ਼ਾ ਗੇਟ ਹੈ। ਇਹ ਲਗਭਗ ਵੀਹ ਫੁੱਟ ਦੇ ਆਸ ਪਾਸ ਦੀ ਚੌੜਾਈ, ਇਤਨੀ ਕੁ ਹੀ ਲੰਮਾਈ ਰੱਖਦਾ ਹੈ। ਇਸਦੀ ਉਚਾਈ ਇਤਨੀ ਕੁ ਹੈ ਜਿਸ ਵਿੱਚ ਹਾਥੀ ਸਵਾਰ ਸਮੇਤ ਹੌਦੇ ਦੇ ਆਰ ਪਾਰ ਹੋ ਜਾਵੇ। ਵੱਡੇ ਗੇਟ ਦੇ ਉਪਰ ਈਰਾਨੀ ਕਾਲ ਦੀ ਝਲਕ ਪੈਂਦੀ ਹੈ। ਇਸਦੇ ਉਪਰ ਡਿਊਢੀ ਨੁਮਾ ਤਿੰਨ ਕਿੰਗਰੇ ਹਵਾਦਾਰ ਹਨ ਤੇ ਦੋ ਛੋਟੇ ਸੁੰਦਰ ਗੁਲਦਾਨ ਗੁੰਬਦ ਹਨ ਜੋ ਈਰਾਨੀ ਕਲਾ ਦਾ ਨਮੂਨਾ ਹਨ। ਇਸਦੇ ਪਛਮ ਦਿਸ਼ਾ ਦੋ ਛੋਟੇ ਦਰਵਾਜ਼ੇ ਹਨ ਜੋ ਬਾਦ ਵਿਚ ਬਣੇ ਲੱਗਦੇ ਹਨ। ਇਸਦੇ ਚਾਰ ਬੁਰਜ ਸਨ ਜਿਨ੍ਹਾਂ ਵਿੱਚੋਂ ਸਿਰਫ਼ ਇੱਕ ਬਚਿਆ ਹੈ। ਬਾਕੀ ਸਮੇਂ ਦੀ ਭੇਟ ਚੜ੍ਹ ਗਏ ਹਨ। ਇਹ ਕਿਲ੍ਹਾ ਛੋਟੀ ਇੱਟ ਦਾ

ਮਜ਼ਬੂਤ ਕਿਲ੍ਹਾ ਹੈ। ਜਿਸਦੀ ਜ਼ਮੀਨੀ ਤਹਿ ਦੀ ਬੁਨਿਆਦ ਤਿੰਨ ਗਜ ਤੋਂ ਵੱਧ ਦੀ ਚੌੜਾਈ ਰੱਖਦੀ ਹੈ। ਬੁਰਜਾਂ ਦੀ ਉਚਾਈ ਤਿੰਨ ਮੰਜ਼ਲੀ 40 ਫੁੱਟ ਤੋਂ ਉਪਰ ਦੀ ਹੈ। ਘੁੰਮਾਅਦਾਰ ਜਾਲੀ ਦੇ ਨਾਲ-ਨਾਲ ਤੋਪਾਂ ਬੀੜਨ ਲਈ ਥਾਂ ਹੈ ਤੇ ਤੀਰ ਅੰਦਾਜ਼ੀ ਅਤੇ ਗੋਲੀ ਬਾਰੀ ਲਈ ਮਹਿਫੂਜ਼ ਮੋਰੀਆਂ ਹਨ। ਕਿਲ੍ਹੇ ਦੇ ਅੰਦਰ ਕਦੇ ਕਾਫ਼ੀ ਥਾਂ ਖੁਲ੍ਹੀ ਸੀ ਹੁਣ ਇਸ ਅੰਦਰ ਵਸੋਂ ਹੈ। ਉਨ੍ਹਾਂ ਸਮਿਆਂ ਅੰਦਰ ਇਸਦੇ ਦੱਖਣ ਪੂਰਬ ਤੇ ਉੱਤਰ ਦਿਸ਼ਾ ਦੀ ਫਿਜ਼ਾ, ਫੌਜਾਂ ਲਈ ਖੁੱਲ੍ਹੀ ਸੀ ਹੁਣ ਆਬਾਦੀ ਵੱਧ ਗਈ ਹੈ। ਕਿਲ੍ਹੇ ਦੇ ਦੱਖਣ ਪਾਸੇ ਖੁੱਲ੍ਹਦੇ ਦਰਵਾਜੇ ਦੇ ਸਾਹਮਣੇ ਉਸ ਵਕਤ ਦੇ ਸਿੰਘ ਸਰਦਾਰਾਂ ਵਲੋਂ ਗੁ.. ਸਾਹਿਬ ਬਣਾਇਆ ਗਿਆ ਸੀ ਜੋ ਅੱਜ ਵੀ ਚੜ੍ਹਦੀ ਕਲਾ ਵਿਚ ਸੁਭਾਇਮਾਨ ਹੈ। ਇਸਦੇ ਨਾਲ ਸਵਾ ਪੰਜ ਏਕੜ ਜ਼ਮੀਨ ਵੀ ਮੌਜੂਦ ਹੈ।

"ਸਿੰਘਾਂ ਕਿਲ੍ਹਾ ਜਿੱਤਿਆ"

ਬਾਰਾਂ ਮਿਸਲਾਂ ਵਿਚੋਂ ਮਿਸਲ ਕਰੋੜੀਆਂ ਦੀ ਇੱਕ ਸ਼ਾਖ ਮਿਸਲ ਕਲਸੀਆਂ ਉਭਰ ਕੇ ਸਾਹਮਣੇ ਆਈ। ਜਿਸਦੇ ਆਗੂ ਜੱਥੇਦਾਰ ਗੁਰਬਖਸ਼ ਸਿੰਘ ਸਨ। ਜਿਨ੍ਹਾਂ ਆਹਲੂਵਾਲੀਏ ਜੱਸਾ ਸਿੰਘ ਦੇ ਸਮੂਹ ਮਿਸਲਾਂ ਵਿਚ ਰਹਿਕੇ ਬੜੇ ਘਮਸਾਣ ਦੇ ਯੁੱਧ ਲੜੇ। ਉਸਦੇ ਪੁੱਤਰ ਜੋਧ ਸਿੰਘ ਕਲਸੀਆ ਜ਼ਿਲ੍ਹਾ ਲਾਹੌਰ ਦਾ ਪਿੰਡ ਹੈ ਜਿੱਥੋਂ ਦਾ ਇਹ ਸ਼ਰਦਾਰ ਹੋਇਆ ਹੈ।

ਮਿਸਲ ਕਰੋੜੀ ਵਿਚ ਸੀ ਸਿੰਘ ਬਹਾਦਰ ਆਨ।
ਧਰਮੀ ਸਿਦਕਵਾਨ ਉਹ, ਸਿੱਖੀ ਆਨ ਬਾਨ,
ਰਹਿੰਦਾ ਪਰਉਪਕਾਰ ਵਿੱਚ, ਸੇਵਾ ਕਰਦਾ ਨਿੱਤ।
ਮਜਲੂਮਾਂ ਨੂੰ ਪਾਲਦਾ, ਅਜ਼ਾਦ ਗੁਰੂ ਦੇ ਹਿੱਤ।

ਪੰਥ ਵਿੱਚ ਵਿਚਰਕੇ ਇਸਨੇ ਪੰਥ ਦੀ ਸ਼ਖ਼ਸੀਅਤ ਨੂੰ ਸੰਵਾਰਨ ਵਾਸਤੇ ਮੋਹਰੀ ਹੋ ਕੇ ਖੰਡਾ ਵਾਹਿਆ। ਸਰਹਿੰਦ ਤੋਂ ਅੰਬਾਲਾ, ਅੰਬਲੀ, ਕਪੂਰੀ, ਸਾਹਾਬਾਦ, ਮੁਸਤਫਾਬਾਦ, ਛਰੋਲੀ, ਜਗਾਧਰੀ, ਸ਼ਾਮਲੀ, ਸਹਾਰਨਪੁਰ, ਮੇਰਠ, ਗਜੋਰਲਾ ਆਦਿ ਇਲਾਕੇ ਨੂੰ ਸਰ ਕੀਤਾ। ਲਗਭਗ ਅਠਾਰਾਂ ਸੌ ਇਕੱਤੀ ਇਸਵੀ ਨੂੰ ਇਹ ਸਿੰਘਾਂ ਨੇ ਡੇਰਾ ਬਸੀ, ਚੜਿੱਕ, ਘਨੌਰ, ਅੰਬਾਲਾ ਆਦਿ ਇਲਾਕੇ ਮੱਲ ਕੇ ਹਕੂਮਤ ਕੀਤੀ। ਉਸ ਵਕਤ ਇਹਨਾਂ ਦੀ ਫੌਜ ਵਿੱਚ ਕੁਝ ਸਿਰੇ ਦੇ ਸਰਦਾਰ ਸਨ

ਜਿਨ੍ਹਾਂ ਨੂੰ ਉਨ੍ਹਾਂ ਪਰਗਣੇ ਵੰਡਕੇ ਦੇ ਦਿੱਤੇ ਜਿਨ੍ਹਾਂ ਵਿੱਚ ਠਰਵਾ ਪਰਗਣਾ ਤਿੰਨ ਮਝੈਲ ਪਰਿਵਾਰਾਂ ਦੇ ਹਿੱਸੇ ਆਇਆ ਜੋ ਇਸ ਪ੍ਰਕਾਰ ਹੈ।

ਪਿੰਡ ਕਲਸੀਆ ਹੁਣ ਜ਼ਿਲ੍ਹਾ ਅੰਮ੍ਰਿਤਸਰ, ਪਿੰਡ ਸੰਘਾ ਤਰਨਤਾਰਨ, ਪਿੰਡ ਗੋਲੇ ਦੀ ਪੰਡੋਰੀ, ਰੰਧਾਵੇ ਖਾਨਦਾਨ ਦੇ ਸਿੰਘ, ਇਸ ਕਿਲ੍ਹੇ ਅੰਦਰ ਵਿਦਮਾਨ ਹਨ। ਇਸ ਕਿਲ੍ਹੇ ਅੰਦਰ ਤਿੰਨਾਂ ਪਰਿਵਾਰਾਂ ਨੇ ਖੁਸ਼ੀ ਨਾਲ ਵੰਡ ਕਰਕੇ ਉਸਾਰੀ ਕੀਤੀ ਹੋਈ ਹੈ। ਸਿਰਫ਼ ਇੱਕ ਪੱਛਮੀ ਹਿੱਸਾ ਤੇ ਦੱਖਣੀ ਹਿੱਸਾ ਛੱਡਕੇ ਬਾਕੀ ਕਿਲ੍ਹਾ ਵਜੂਦ ਤੋਂ ਸੱਖਣਾ ਹੋ ਗਿਆ ਹੈ। ਬਾਕੀ ਬਚਦਾ ਜਰ ਜਰ ਹੋ ਚੁੱਕਾ ਹੈ। ਇਹ ਉਹ ਕਿਲ੍ਹਾ ਹੈ ਜਿਸ ਨੂੰ ਸਿੰਘਾਂ ਆਪਣੇ ਖ਼ੂਨ ਦੀ ਰੰਗਤ ਦੇ ਕੇ ਪੁਰ ਅਮਨ ਕੀਤਾ ਸੀ। ਅੱਜ ਉਸ ਦੀਆਂ ਕੁਛ ਕੁ ਨਿਸ਼ਾਨੀਆਂ ਬਾਕੀ ਹਨ। ਇਸ ਕਿਲ੍ਹੇ ਦੀ ਜਿੱਤ ਵਿੱਚ ਸ਼ਹੀਦ ਹੋਏ ਦੋ ਸਿੰਘਾਂ ਦੀਆਂ ਸਮਾਧਾਂ ਵੀ ਕਾਇਮ ਹਨ ਜਿਨ੍ਹਾਂ ਨੂੰ ਸਾਰਾ ਨਗਰ ਸਨਮਾਨਦਾ ਹੈ। ਇਸ ਜਗੀਰਦਾਰ ਪਰਿਵਾਰ ਵਿਚੋਂ ਮੇਜਰ ਰਿਟਾਇਰਡ ਸ. ਰਵੇਲ ਸਿੰਘ ਕਾਫੀ ਸਿਆਣੇ ਬਜ਼ੁਰਗ ਹਨ ਜੋ ਹਰ ਵੇਲੇ ਇਤਿਹਾਸਕ ਜਾਣਕਾਰੀ ਲਈ ਪ੍ਰੇਰਤ ਕਰਦੇ ਹਨ। ਮਿਸਲ ਕਲਸੀਆ ਤੇ ਰਿਆਸਤ ਕਲਸੀਆ ਦੀਆਂ ਹੁਣ ਕੁਛ ਯਾਦਾਂ ਹਨ ਜੋ ਮੁਬਾਰਕਪੁਰ, ਬਿਲਾਸਪੁਰ, ਛਛਰੌਲੀ, ਜਗਾਧਰੀ ਆਦਿ। ਅੱਜ ਲੋੜ ਹੈ ਇਹਨਾਂ ਯਾਦਾਂ ਨੂੰ ਸੰਜੋਅ ਕੇ ਰੱਖਣ ਦੀ।

ਗੋਲਡ ਮੈਡਲਿਸਟ ਇੰਟਰਨੈਸ਼ਨਲ
ਮੋਬਾ:. 9729353820

# ਖੰਡ - ਤੀਜਾ

## ਬਾਤਾਂ ਪਾਉਂਦੇ ਪੁਆਧ ਦੇ ਕੁਝ ਪਿੰਡ/ਨਗਰ/ਸ਼ਹਿਰ
## (ਇਤਿਹਾਸਕ ਝਰੋਖਾ)

'ਪੁਆਧ ਦਰਪਣ' (ਪਰਾਗਾ ਪਹਿਲਾ) 'ਚ ਅਨੰਦਪੁਰ ਸਾਹਿਬ, ਸਰਹਿੰਦ ਤੇ ਚਪੜਚਿੜੀ ਬਾਰੇ ਅਤੇ 'ਧਰਤ ਪੁਆਧ' (ਪਰਾਗਾ ਦੂਜਾ) 'ਚ ਰੂਪਨਗਰ, ਕੁਰਾਲੀ, ਖਰੜ, ਮੋਰਿੰਡਾ, ਘੜੂੰਆਂ, ਸੁਹਾਣਾ, ਬਨੂੜ, ਮਸੌਲ ਤੇ ਰਾਏਪੁਰ ਰਾਣੀ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਥਲੀ-ਪੁਸਤਕ ਵਿੱਚ ਕੁਝ ਹੋਰ ਥਾਵਾਂ ਲਿੱਤੀਆਂ ਗਈਆਂ ਹਨ।

– ਸੰਪਾਦਕ

# ਸ਼ਿਵਾਲਿਕ ਪਹਾੜੀਆਂ ਦੀ ਝਾਂਜਰ-ਨੰਗਲ

- ਅਭੀ ਰਾਣਾ

ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਵਸੇ ਨੰਗਲ ਸ਼ਹਿਰ ਦਾ ਭਾਖੜਾ ਡੈਮ ਨਾਲ ਇਕ ਬਹੁਤ ਹੀ ਗੂੜ੍ਹਾ ਰਿਸ਼ਤਾ ਹੈ। ਇਹ ਸ਼ਹਿਰ ਭਾਖੜਾ ਡੈਮ ਬਣਨ ਸਮੇਂ ਤੋਂ ਸੁਰਖੀਆਂ ਵਿੱਚ ਆਇਆ ਹੈ। ਸਤਲੁਜ ਨਦੀ ਅਤੇ ਇਸ ਤੋਂ ਨਿਕਲੀਆਂ ਦੋ ਨਹਿਰਾਂ ਦੇ ਕੰਢਿਆਂ 'ਤੇ ਵਸਿਆ ਇਹ ਸ਼ਹਿਰ ਪੰਜਾਬ ਹੀ ਨਹੀਂ ਸਗੋਂ ਹੋਰ ਵੀ ਕਈ ਸੂਬਿਆਂ ਨੂੰ ਬਿਜਲੀ ਅਤੇ ਪਾਣੀ ਦੀ ਪੂਰਤੀ ਕਰਦਾ ਹੈ। ਨੰਗਲ ਸ਼ਹਿਰ ਨੂੰ ਇਸ ਦੀ ਪਛਾਣ ਦੇਣ ਵਿੱਚ ਨੈਸ਼ਨਲ ਫ਼ਰਟੀਲ਼ਾਇਜ਼ਰ ਲਿਮਟਿਡ (ਐਨ.ਐਫ.ਐਲ) ਦਾ ਵੀ ਵੱਡਾ ਯੋਗਦਾਨ ਹੈ। ਖਾਦ ਬਣਾਉਣ ਦਾ ਇਹ ਉੱਤਰ ਭਾਰਤ ਦਾ ਸਭ ਤੋਂ ਵੱਡਾ ਕਾਰਖ਼ਾਨਾ ਵੀ ਹੈ। ਦੇਸ਼ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਇਸ ਕਾਰਖ਼ਾਨੇ ਦੀ ਹਮੇਸ਼ਾ ਹੀ ਅਹਿਮ ਭੂਮਿਕਾ ਰਹੀ ਹੈ।

ਜਿਵੇਂ ਕਿ ਭਾਖੜਾ ਡੈਮ ਜਾਣ ਦਾ ਰਸਤਾ ਆਮ ਨਹੀਂ ਹੈ ਇਸੇ ਲਈ ਸਰਕਾਰ ਵੱਲੋਂ ਨੰਗਲ ਵਿੱਚ ਇੱਕ ਪਬਲਿਕ ਰਿਲੇਸ਼ਨ ਆਫ਼ਿਸ (ਪੀ.ਆਰ.ਓ) ਦੀ ਸਥਾਪਨਾ ਕੀਤੀ ਗਈ ਹੈ। ਜਿਥੋਂ ਕਿ ਸੈਲਾਨੀ ਪਾਸ ਬਣਵਾ ਕੇ ਅੱਗੇ ਭਾਖੜੇ ਲਈ ਰਵਾਨਾ ਹੁੰਦੇ ਹਨ। ਇਸ ਦਫ਼ਤਰ ਲਾਗੇ ਹੀ ਭਾਖੜੇ ਬੰਨ੍ਹ ਦਾ ਮਾਡਲ ਰੂਮ ਬਣਾਇਆ ਗਿਆ ਹੈ। ਜਿਥੋਂ ਕਿ ਭਾਖੜੇ ਡੈਮ ਦੇ ਇਤਿਹਾਸ ਦੀ ਇਕ ਝਲਕ ਪਹਿਲਾਂ ਹੀ ਮਿਲ ਜਾਂਦੀ ਹੈ। ਨੰਗਲ ਨੂੰ ਦੁਨੀਆਂ ਦੇ ਨਕਸ਼ੇ 'ਤੇ ਲਿਆਉਣ ਵਾਲੇ ਭਾਖੜਾ ਡੈਮ ਦਾ ਨਿਰਮਾਣ 1948 ਵਿੱਚ ਸ਼ੁਰੂ ਕੀਤਾ ਗਿਆ ਅਤੇ 1966 ਵਿੱਚ ਇਸ ਨੂੰ ਨਿਰਮਾਣ ਉਪਰੰਤ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਦੇਸ਼ ਨੂੰ ਸਮਰਪਿਤ ਕੀਤਾ ਗਿਆ। ਪਿਛਲੇ 52 ਸਾਲਾਂ ਤੋਂ ਇਹ ਡੈਮ ਲਗਾਤਾਰ ਪਣ-ਬਿਜਲੀ ਬਣਾ ਕੇ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਦਾ ਆ ਰਿਹਾ ਹੈ। ਡੈਮ ਪਿੱਛੇ ਬਣੀ 168.35 ਵਰਗ ਕਿਲੋਮੀਟਰ ਖੇਤਰ ਦੀ ਗੋਬਿੰਦ ਸਾਗਰ ਝੀਲ ਸੈਲਾਨੀਆਂ ਦੇ ਬੋਟਿੰਗ ਲਈ ਬਹੁ ਅਨੁਕੂਲ ਝੀਲ ਹੈ। ਇਥੇ ਝੀਲ ਵਿੱਚ ਬਣਿਆ ਪਿੰਡ ਰਾਏਪੁਰ ਦਾ ਬਾਬਾ ਗਰੀਬ ਦਾਸ ਮੰਦਰ ਇੱਕ ਅਜਿਹਾ ਮੰਦਰ ਹੈ ਜੋ ਗਰਮੀਆਂ ਵਿੱਚ

ਡੈਮ ਦੇ ਵਧੇ ਪਾਣੀ ਦੇ ਪੱਧਰ ਕਾਰਨ ਕਾਫ਼ੀ ਹੱਦ ਤੱਕ ਡੁੱਬ ਜਾਂਦਾ ਹੈ। ਸਰਦੀਆਂ ਵੇਲੇ ਜਦੋਂ ਡੈਮ ਦਾ ਪਾਣੀ ਉਤਰ ਜਾਂਦਾ ਹੈ ਤਾਂ ਇਸ ਮੰਦਰ ਦੁਆਲੇ ਉੱਗੀ ਸਰੋਂ ਦੀ ਖੇਤੀ ਇਸ ਮੰਦਰ ਦੀ ਅਦਭੁਤ ਦਿੱਖ ਪੇਸ਼ ਕਰਦੀ ਹੈ। ਨੰਗਲੋਂ ਭਾਖੜਾ ਬੰਨ੍ਹ ਲਈ ਬੀ.ਬੀ.ਐੱਮ.ਬੀ. ਵੱਲੋਂ ਹੀ ਇੱਕ ਵਿਲੱਖਣ ਰੇਲ ਚਲਾਈ ਜਾਂਦੀ ਹੈ। ਜਿਸ ਵਿੱਚ ਨਾ ਤਾਂ ਕੋਈ ਟਿਕਟ ਲੱਗਦੀ ਹੈ ਨਾ ਹੀ ਕੋਈ ਚੈਕਰ ਹੁੰਦਾ ਹੈ ਤੇ ਨਾ ਹੀ ਕੋਈ ਭਿਖਾਰੀ। ਇਹ ਰੇਲ ਭਾਖੜਾ ਡੈਮ ਦੇ ਨਿਰਮਾਣ ਸਮੇਂ ਤੋਂ ਹੀ ਨਿਰੰਤਰ ਚੱਲੀ ਆ ਰਹੀ ਹੈ। ਸੈਲਾਨੀ ਕੇਵਲ ਨੰਗਲ ਤੋਂ ਓਲੀਡੇ ਤੱਕ ਹੀ ਸਫ਼ਰ ਕਰ ਸਕਦੇ ਹਨ। ਇਹ ਰੇਲ ਜੰਗਲਾਂ, ਪਹਾੜੀਆਂ, ਪੁਲਾਂ ਅਤੇ ਇਕ ਲੰਬੀ ਸੁਰੰਗ ਵਿੱਚੋਂ ਹੁੰਦੀ ਹੋਈ ਯਾਤਰਾ ਨੂੰ ਹੋਰ ਆਨੰਦਮਈ ਬਣਾ ਦਿੰਦੀ ਹੈ।

ਨੰਗਲ ਡੈਮ ਦੀ ਉਚਾਈ 95 ਫੁੱਟ ਅਤੇ ਲੰਬਾਈ 1000 ਫੁੱਟ ਹੈ। ਇਹ ਬੰਨ੍ਹ ਭਾਖੜੇ ਤੋਂ 11 ਕਿਲੋਮੀਟਰ ਦੂਰ ਹੈ। ਨੰਗਲ ਡੈਮ ਦਾ ਇਹ ਪੁਲ ਪੰਜਾਬ ਅਤੇ ਹਿਮਾਚਲ ਨੂੰ ਸੜਕ ਅਤੇ ਰੇਲ ਮਾਰਗ ਰਾਹੀਂ ਵੀ ਜੋੜਦਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚੋਂ ਵਗਦੇ ਸਤਲੁਜ ਦਰਿਆ ਉੱਤੇ ਬਣੇ ਨੰਗਲ ਡੈਮ ਕਾਰਨ 6 ਕਿ.ਮੀ. ਲੰਬੀ ਬਨਾਵਟੀ ਝੀਲ ਬਣੀ ਹੈ ਜੋ ਕਿ ਨੰਗਲ ਜਲਗਾਹ ਦੇ 71583 ਏਕੜ ਖੇਤਰ ਵਿੱਚ ਆਉਂਦੀ ਹੈ। ਇਸ ਝੀਲ ਦੇ ਇੱਕ ਕਿਨਾਰੇ ਬਣਿਆ ਇਤਿਹਾਸਕ ਗੁਰਦੁਆਰਾ ਸ੍ਰੀ ਭਬੌਰ ਸਾਹਿਬ (ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ) ਅਤੇ ਦੂਜੇ ਕਿਨਾਰੇ ਇਤਿਹਾਸਕ ਗੁਰਦੁਆਰਾ ਸ੍ਰੀ ਘਾਟ ਸਾਹਿਬ ਇਸ ਜਲਗਾਹ ਨੂੰ ਹੋਰ ਰਮਣੀਕ ਸਥਾਨ ਬਣਾ ਦਿੰਦੇ ਹਨ। ਇਥੇ ਦਾ ਵਾਤਾਵਰਨ ਪੰਛੀਆਂ ਅਤੇ ਜੀਵ-ਜੰਤੂਆਂ ਲਈ ਅਨੁਕੂਲ ਹੈ। ਸੰਘਣਾ ਘਾਹ, ਬੂਟੇ ਅਤੇ ਦਰੱਖਤਾਂ ਨੇ ਇਸ ਨੂੰ ਸਰਗਰਮ ਸਥਾਨ ਬਣਾ ਦਿੱਤਾ ਹੈ। ਨੰਗਲ ਜਲਗਾਹ ਵਿੱਚ 194 ਕਿਸਮਾਂ ਦੇ ਪੰਛੀ ਪਾਏ ਜਾਂਦੇ ਹਨ ਜਿਨ੍ਹਾਂ ਵਿਚੋਂ 75 ਦੇ ਕਰੀਬ ਪਰਵਾਸੀ ਪੰਛੀ ਆਪਣੇ ਦੇਸ਼ਾਂ ਤੋਂ ਨੰਗਲ ਜਲਗਾਹ ਲਈ ਹਜ਼ਾਰਾਂ ਕਿਲੋਮੀਟਰ ਲੰਬੀ ਉਡਾਨ ਭਰਦੇ ਹਨ ਅਤੇ ਅਕਤੂਬਰ ਛੇ ਮਹੀਨੇ ਤੱਕ ਇਹ ਇੱਥੇ ਰੁਕਦੇ ਹਨ। ਪੀ.ਆਰ.ਓ. ਦਫਤਰ ਦੇ ਨੇੜੇ ਹੀ ਵਿਦਿਆਰਥੀਆਂ ਅਤੇ ਸੈਲਾਨੀਆਂ ਨੂੰ ਇਸ ਜਲਗਾਹ ਬਾਰੇ ਸਾਰੀ ਲੋੜੀਂਦੀ ਜਾਣਕਾਰੀ ਦੇਣ ਲਈ ਵਣ-ਮੰਡਲ ਅਤੇ ਜੰਗਲੀ ਜੀਵ ਵਿਭਾਗ ਪੰਜਾਬ ਵੱਲੋਂ ਨੰਗਲ ਵਿੱਚ ਇੱਕ 'ਜਲਗਾਹ ਅਤੇ ਜੰਗਲੀ ਜੀਵ ਵਿਆਖਿਆ ਕੇਂਦਰ' ਵੀ ਖੋਲ੍ਹਿਆ ਗਿਆ ਹੈ। ਵੈਟਲੈਂਡ ਨਾਲ ਸ਼ਾਂਤਮਈ ਮਾਹੌਲ ਵਿੱਚ ਬਣਿਆ ਸਤਲੁਜ ਪਾਰਕ

ਸੈਲਾਨੀਆਂ ਲਈ ਪਰਵਾਸੀ ਪੰਛੀਆਂ ਨੂੰ ਨੇੜੇ ਤੋਂ ਵੇਖਣ ਵਾਲਾ ਇਕ ਪਿਕਨਿਕ ਸਪਾਟ ਵੀ ਹੈ।

ਪਿੰਡ ਹੰਡੋਲੇ ਵਿੱਚ ਸਤਲੁਜ ਨਦੀ 'ਤੇ ਬਣਿਆ ਲੱਕੜ ਦਾ ਪੁਲ਼ (ਹੈਗਿੰਗ ਬ੍ਰਿਜ) ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਇਹ ਪੁਲ਼ ਪਿੰਡ ਸਵਾਮੀਪੁਰ ਬਾਗ਼ ਨੂੰ ਪਿੰਡ ਹੰਡੋਲੇ ਨਾਲ ਜੋੜਦਾ ਹੈ। ਲੱਕੜ ਦੇ ਇਸ ਪੁਲ਼ 'ਤੇ ਬੀ.ਬੀ.ਐੱਮ.ਬੀ. ਵੱਲੋਂ ਚੇਤਾਵਨੀ ਦਾ ਬੋਰਡ ਵੀ ਜੜਿਆ ਗਿਆ ਹੈ ਪਰ ਇਹ ਪੁਲ਼ ਇੱਥੋਂ ਦੇ ਵਸਨੀਕਾਂ ਲਈ ਰੀੜ੍ਹ ਦੀ ਹੱਡੀ ਦੇ ਸਮਾਨ ਹੈ। ਪਿੰਡ ਸਵਾਮੀਪੁਰ ਵਿੱਚ ਸਤਲੁਜ ਕੰਢੇ ਬਣਿਆ ਬ੍ਰਹਮਾ ਜੀ ਦਾ ਮੰਦਰ ਜੋ ਕਿ ਬ੍ਰਹਮਆਹੂਤੀ ਦੇ ਨਾਂ ਨਾਲ ਵੀ ਮਸ਼ਹੂਰ ਹੈ, ਸੱਚਮੁੱਚ ਸਵਰਗ ਦਾ ਅਨੁਭਵ ਕਰਾਉਂਦਾ ਹੈ ਕਿਉਂਕਿ ਮਾਨਤਾ ਅਨੁਸਾਰ ਇਸੇ ਜਗ੍ਹਾ 'ਤੇ ਭਗਵਾਨ ਬ੍ਰਹਮਾ ਜੀ ਵੱਲੋਂ ਪਹਿਲਾਂ ਹਰਿਦੁਆਰ ਦਾ ਨਿਰਮਾਣ ਕੀਤਾ ਜਾਂਦਾ ਸੀ ਪਰ ਸਵਰਗ ਦੀਆਂ ਚਾਰ ਪੌੜੀਆਂ ਵਿੱਚੋਂ ਇਥੇ ਢਾਈ ਪੌੜੀਆਂ ਬਣਾਈਆਂ ਗਈਆਂ। ਜਿਸ ਕਾਰਨ ਅੱਜ ਇਸ ਨੂੰ ਮਿੰਨੀ ਹਰਿਦੁਆਰ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਮਿੰਨੀ ਚੰਡੀਗੜ੍ਹ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਇਹ ਇਤਿਹਾਸਕ ਅਤੇ ਧਾਰਮਿਕ ਮਹੱਤਵ ਰੱਖਣ ਵਾਲਾ ਖ਼ੂਬਸੂਰਤ ਸ਼ਹਿਰ ਚੰਗੀ ਸੀਰਤ ਵਾਲੇ ਲੋਕਾਂ ਦਾ ਵੀ ਸ਼ਹਿਰ ਹੈ।

* * *

# ਮਾਣਕਪੁਰ ਸ਼ਰੀਫ਼ ਦੀ ਇਤਿਹਾਸਕ ਦਰਗਾਹ

- ਜਗਦੀਪ ਸਿੰਘ ਬੈਦਵਾਨ

ਮੋ. 9914401133

ਪੁਆਧ ਦੇ ਘਾੜ ਦੇ ਇਲਾਕੇ 'ਚ ਪੈਂਦੇ ਉੱਘੇ ਪਿੰਡ ਮਾਣਕਪੁਰ ਸ਼ਰੀਫ਼ ਵਿਚ ਹਜ਼ਰਤ ਹਾਫਿਜ਼ ਮੁਹੰਮਦ ਮੂਸਾ ਸਾਹਿਬ ਚਿਸਤੀ /ਸਾਬਰੀ ਚਰਨ ਛੂਹ ਪ੍ਰਾਪਤ ਪਵਿੱਤਰ ਦਰਗਾਹ ਹੈ ਜਿੱਥੇ ਹਰ ਸਾਲ ਤਿੰਨ ਰੋਜ਼ਾ ਉਰਸ ਮੌਕੇ ਭਾਰਤ ਭਰ ਤੋਂ ਸ਼ਰਧਾਵਾਨ ਆਪਣੀ ਹਾਜ਼ਰੀ ਭਰਨ ਆਉਂਦੇ ਹਨ। ਇਸ ਖਿੱਤੇ ਦਾ ਇਹ ਸਭ ਤੋਂ ਵੱਡਾ ਮੇਲਾ ਰੂਪੀ ਉਰਸ ਹੁੰਦਾ ਹੈ। ਜ਼ਿਲ੍ਹਾ ਮੁਸਲਿਮ ਵੈਲੱਫੇਅਰ ਕਮੇਟੀ ਅਤੇ ਰੋਜ਼ਾ ਕਮੇਟੀ ਮਾਣਕਪੁਰ ਸ਼ਰੀਫ਼ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਭਰਵਾਂ ਇਕੱਠ ਹੁੰਦਾ ਹੈ। ਦੇਸ਼ ਭਰ ਤੋਂ ਆਏ ਨਾਮੀ ਸੂਫੀ ਕਵਾਲ ਆਪਣੇ ਫਨ ਦੀ ਧਾਕ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਹਨ। ਸਭਿਆਚਾਰਕ ਪ੍ਰੋਗਰਾਮ ਵਿੱਚ ਨਾਮੀ ਗਾਇਕ ਤੇ ਕਲਾਕਾਰ ਆਪਣੀ ਹਾਜ਼ਰੀ ਲੁਆਉਂਦੇ ਹਨ। ਇਲਾਕੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਉਸ ਮੌਕੇ ਹਾਜ਼ਰੀ ਭਰਦੀਆਂ ਹਨ। ਰਾਜਸੀ ਨੇਤਾ ਇਸ ਮੌਕੇ ਸਮੂਲੀਅਤ ਕਰਨੀ ਆਪਣਾ ਫਰਜ਼ ਸਮਝਦੇ ਹਨ। ਸਭਿਆਚਾਰਕ ਤੇ ਕਵਾਲੀ ਦੇ ਪ੍ਰੋਗਰਾਮਾਂ ਤੋਂ ਬਿਨਾਂ ਹੋਰ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਕੁੜੀਆਂ ਦੀ ਕੱਬਡੀ ਵੀ ਭਾਗ ਲੈ ਕੇ ਵਾਹਵਾ ਖੱਟਦੀ। ਕਵਾਲੀ ਗਾਇਕ ਤੇ ਕਲਾਕਾਰ ਇਸ ਉਰਸ ਮੌਕੇ ਆਪਣੀ ਅਕੀਦਤ ਪੇਸ਼ ਕਰਨ ਲਈ ਵੱਡਾ ਮਾਣ ਮਹਿਸੂਸ ਕਰਦੇ ਹਨ। ਇਸ ਤਿੰਨ ਰੋਜ਼ਾ ਉਰਸ ਦੀ ਖਾਸ ਮਹੱਤਤਾ ਇਹ ਹੈ ਕਿ ਇਸ ਉਰਸ ਵਿੱਚ ਮੁਸਲਮਾਨ ਸ਼ਰਧਾਲੂਆਂ ਤੋਂ ਬਿਨਾਂ ਹੋਰ ਧਰਮਾਂ/ਜਾਤਾਂ/ਵਰਨਾਂ ਤੇ ਕਲਾ-ਪ੍ਰੇਮੀਆਂ ਦਾ ਹਜ਼ੂਮ ਬੜੀ ਸਦ-ਭਾਵਨਾ ਨਾਲ ਰੰਗ ਬੰਨ੍ਹਦਾ ਹੈ। ਪਿੰਡ ਦੀ ਪੰਚਾਇਤ ਤੇ ਹੋਰ ਜਥੇਬੰਦੀਆਂ ਤੇ ਆਲੇ-ਦੁਆਲੇ ਦੇ ਲੋਕ ਇਸ ਉਰਸ 'ਚ ਸ਼ਾਮਲ ਹੋਣਾ ਆਪਣਾ ਮਾਣ ਸਮਝਦੇ ਹਨ। ਕਈ ਦਿਨ ਦੁਕਾਨਾਂ ਸਜੀਆਂ ਰਹਿੰਦੀਆਂ ਹਨ ਤੇ ਉਰਸ ਪ੍ਰੇਮੀ ਯਾਦਗਾਰੀ ਵਸਤਾਂ ਖਰੀਦਦੇ ਹਨ। ਖਾਣ-ਪੀਣ ਦੀਆਂ ਦੁਕਾਨਾਂ 'ਤੇ ਖ਼ੂਬ ਰੌਣਕਾਂ ਲਗਦੀਆਂ ਹਨ। ਪੰਜਾਬ ਦੀ ਵੰਡ (1947) ਤੋਂ ਪਹਿਲਾਂ ਦੀ ਪ੍ਰਾਚੀਨਤਾ ਇਸ ਉਰਸ ਦੀ ਗੁਆਹੀ ਭਰਦੀ ਹੈ।

* * *

# ਮੁੱਲਾਂਪੁਰ ਗ਼ਰੀਬ ਦਾਸ ਦਾ ਇਤਿਹਾਸਕ ਝਰੋਖਾ

- ਮਲਕੀਤ ਸਿੰਘ ਔਜਲਾ

ਮੁੱਲਾਂਪੁਰ ਗਰੀਬਦਾਸ ਮੇਰੀ ਜਨਮ ਭੂਮੀ ਹੈ ਅਤੇ ਮੈਨੂੰ ਆਪਣੀ ਜਨਮ ਭੂਮੀ ਬਾਰੇ ਇਤਿਹਾਸਕ ਝਰੋਖਾ ਲਿਖਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ। ਮੁੱਲਾਂਪੁਰ ਗਰੀਬਦਾਸ ਨਗਰ ਲਗਭਗ 300 ਸਾਲ ਪਹਿਲਾਂ ਉਦੋਂ ਹੋਂਦ ਵਿੱਚ ਆਇਆ ਜਦੋਂ ਮਨੀਮਾਜਰੇ ਦੇ ਰਾਜੇ ਗਰੀਬਦਾਸ ਨੇ ਹਥਨੌਰ 'ਤੇ ਧਾਵਾ ਬੋਲਿਆ ਅਤੇ ਹਥਨੌਰ ਰਿਆਸਤ ਦਾ ਨਾਮੋ ਨਿਸ਼ਾਨ ਖ਼ਤਮ ਕਰਕੇ ਇੱਕ ਨਵਾਂ ਨਗਰ ਵਸਾਉਣ ਦੀ ਭਵਿੱਖਬਾਣੀ ਹੋਈ। ਗਰੀਬਦਾਸ ਨੂੰ ਕਈ ਲੋਕ ਗਰੀਬੂ, ਕਈ ਲੋਕ ਗਰੀਬੂ ਜੱਟ ਅਤੇ ਕਈ ਲੋਕ ਗਰੀਬ ਡਾਕੂ ਵੀ ਆਖਦੇ ਸਨ। ਉਹ ਮਨੀਮਾਜਰੇ ਵਿੱਚ ਰਹਿਣ ਵਾਲਾ ਇੱਕ ਆਮ ਜੱਟ ਸੀ ਅਤੇ ਗਰੀਬਾਂ ਦਾ ਹਮਦਰਦ ਸੀ। ਕਈ ਵਾਰ ਵੱਡਿਆਂ ਨੂੰ ਲੁੱਟ ਕੇ ਮਾਲ ਗਰੀਬਾਂ ਵਿੱਚ ਵੰਡ ਦਿੰਦਾ ਸੀ।

ਦਿੱਲੀ ਦੇ ਮੁਗਲ ਦਰਬਾਰ ਵਿੱਚ ਗੁਰਬਾਣੀ ਦੀ ਤੁਕ 'ਮਿਟੀ ਮੁਸਲਮਾਨ ਕੀ' ਬਦਲ ਕੇ 'ਮਿਟੀ ਬਈਮਾਨ ਕੀ' ਕਰਨ ਕਰਕੇ ਕੀਰਤਪੁਰ ਸਾਹਿਬ ਤੋਂ ਸੱਤਵੇਂ ਗੁਰੂ ਹਰ ਰਾਇ ਸਾਹਿਬ ਜੀ ਨੇ ਆਪਣੇ ਸਪੁੱਤਰ ਬਾਬਾ ਰਾਮ ਰਾਏ ਨੂੰ ਮੱਥੇ ਨਾ ਲੱਗਣ ਦਾ ਫੁਰਮਾਨ ਜਾਰੀ ਕੀਤਾ, ਜਿਸ ਉਪਰੰਤ ਰਾਮ ਰਾਏ ਜੀ ਦੇਹਰਾਦੂਨ ਵੱਲ ਚਲੇ ਗਏ ਅਤੇ ਉਨ੍ਹਾਂ ਦੀ ਘਰਵਾਲੀ ਮਾਤਾ ਰਾਜ ਕੌਰ ਵੀ ਮਨੀਮਾਜਰੇ ਵਿੱਚ ਆ ਕੇ ਭਜਨ ਬੰਦਗੀ ਵਿਚ ਸਮਾਂ ਬਤੀਤ ਕਰਨ ਲੱਗੀ। ਇਹ ਗੱਲ 1659 ਦੀ ਹੈ। ਇੱਕ ਦਿਨ ਮੀਂਹ ਪੈ ਰਿਹਾ ਸੀ ਅਤੇ ਰਾਤ ਨੂੰ ਮਾਤਾ ਰਾਜ ਕੌਰ ਦੇ ਕੋਠੇ ਦਾ ਸਤੀਰ ਟੁੱਟ ਗਿਆ। ਮਾਤਾ ਮਨੀਮਾਜਰੇ ਦੇ ਚੌਧਰੀ ਭਾਰਾ ਮੱਲ ਕੋਲ ਮਦਦ ਲਈ ਗਈ ਪਰ ਉਸ ਨੇ ਜਵਾਬ ਦੇ ਦਿੱਤਾ। ਫੇਰ ਮਾਤਾ ਰਾਜ ਕੌਰ ਗਰੀਬੂ ਕੋਲ ਗਈ। ਗਰੀਬੂ ਉਸੇ ਵਕਤ ਬੰਦੇ ਲੈ ਕੇ ਆਇਆ ਅਤੇ ਬੋਗੀ ਕੱਢ ਕੇ ਮਾਤਾ ਰਾਜ ਕੌਰ ਦੇ ਘਰ ਟੁੱਟੇ ਸ਼ਤੀਰ ਹੇਠ ਥੰਮੀ ਲਾ ਆਇਆ। ਮਾਤਾ ਰਾਜ ਕੌਰ ਨੇ ਉਸ ਵੇਲੇ ਵਚਨ ਕੀਤਾ, "ਭਾਰਾ ਮੱਲ ਹੌਲਾ ਪਿਆ, ਗਰੀਬੂ ਤੋਂ ਗਰੀਬ ਦਾਸ ਭਿਆ।"

ਉਸ ਸਮੇਂ ਮੁੱਲਾਂਪੁਰ ਗਰੀਬਦਾਸ ਨਹੀਂ ਸੀ ਹੁੰਦਾ, ਉਸ ਦੇ ਚੜ੍ਹਦੇ ਪਾਸੇ ਹਥਨੌਰ ਰਿਆਸਤ ਹੁੰਦੀ ਸੀ। ਹਥਨੌਰ ਜੈਂਤੀਮਾਜਰੀ ਦੇ ਨੇੜੇ ਨਦੀ ਟੱਪ ਕੇ ਸ਼ਿਵਜੀ ਦੇ ਮੰਦਰ ਵਾਲੀ ਥਾਂ 'ਤੇ ਸੀ ਅਤੇ ਮੁੱਲਾਂਪੁਰ ਵੱਲ ਦੂਰ ਤੱਕ ਫੈਲੀ ਹੋਈ ਸੀ। ਕੋਈ 550 ਸਾਲ ਪਹਿਲਾਂ ਲੋਧੀ ਵੰਸ਼ ਵੇਲੇ ਹਥਨੌਰ ਉੱਤੇ ਜੋ ਰਾਜਾ ਰਾਜ ਕਰਦਾ ਸੀ ਉਸ ਦੇ 22 ਭਰਾ ਸਨ। ਉਸ ਦਾ ਇੱਕ ਭਰਾ ਕਾਂਗੜੇ ਦੇ ਰਾਜੇ ਦੀ ਕੁੜੀ ਨੂੰ ਵਿਆਹੁਣ ਗਿਆ। ਜਦੋਂ ਕਹਾਰ ਡੋਲੀ ਚੁੱਕਣ ਲੱਗੇ ਤਾਂ ਡੋਲੀ ਚੁੱਕੀ ਨਾ ਗਈ। ਕਹਿੰਦੇ ਹਨ ਉਸ ਵੇਲੇ ਡੋਲੀ ਵਿੱਚੋਂ ਆਵਾਜ਼ ਆਈ ਕਿ ਇੱਕ ਡੋਲੀ ਹੋਰ ਤਿਆਰ ਕਰੋ ਅਤੇ ਉਸ ਵਿੱਚ ਮਾਤਾ ਦੀ ਪਿੰਡੀ ਸਜਾਓ। ਦਰਅਸਲ ਜਿਸ ਲੜਕੀ ਨੂੰ ਉਹ ਵਿਆਹੁਣ ਵਿੱਚ ਗਿਆ ਸੀ ਉਹ ਮਾਤਾ ਜੈਂਤੀ ਦੇਵੀ ਭਗਤਣੀ ਸੀ ਅਤੇ ਉਹ ਹਰ ਰੋਜ਼ ਮਾਤਾ ਦੇ ਦਰਸ਼ਨ ਕਰਕੇ ਅੰਨ ਮੂੰਹ ਨੂੰ ਲਾਉਂਦੀ ਸੀ। ਜਦੋਂ ਉਸ ਦਾ ਵਿਆਹ ਆਇਆ ਤਾਂ ਉਸ ਨੇ ਇਹ ਕਹਿ ਕੇ ਖਾਣਾ ਛੱਡ ਦਿੱਤਾ ਕਿ ਮੈਂ ਮਾਤਾ ਦੇ ਦਰਸ਼ਨਾਂ ਬਿਨਾਂ ਨਹੀਂ ਰਹਿ ਸਕਦੀ। ਉਸ ਸਮੇਂ ਉਸ ਨੂੰ ਸੁਪਨੇ ਵਿੱਚ ਜੈਂਤੀ ਮਾਤਾ ਨੇ ਦਰਸ਼ਨ ਦਿੱਤੇ ਤੇ ਕਿਹਾ ਕਿ ਤੇਰੀ ਡੋਲੀ ਇਥੋਂ ਤਾਂ ਉਠੇਗੀ ਜੇਕਰ ਮਾਤਾ ਦੀ ਪਿੰਡੀ ਤੇਰੇ ਨਾਲ ਜਾਊ। ਫੇਰ ਇੱਕ ਹੋਰ ਡੋਲੀ ਤਿਆਰ ਕਰਵਾਈ ਅਤੇ ਮਾਤਾ ਦੀ ਪਿੰਡੀ ਉਸ ਵਿੱਚ ਸਜਾਈ ਗਈ। ਇਸ ਪ੍ਰਕਾਰ ਉਸ ਵੇਲੇ ਦੋਵੇਂ ਡੋਲੀਆਂ ਹਥਨੌਰ ਰਿਆਸਤ ਵਿੱਚ ਪਹੁੰਚੀਆਂ। ਮਾਤਾ ਦੀ ਪਿੰਡੀ ਨੂੰ ਉੱਚੀ ਪਹਾੜੀ ਦੀ ਟੀਸੀ ਤੇ ਮੰਦਿਰ ਬਣਾ ਕੇ ਸ਼ਸੋਬਿਤ ਕੀਤਾ ਗਿਆ। ਰਾਣੀ ਹਰ ਰੋਜ਼ ਮੰਦਰ ਵਿੱਚ ਮਾਤਾ ਦੇ ਦਰਸ਼ਨ ਕਰਨ ਜਾਂਦੀ ਸੀ। ਸਮੇਂ ਦੇ ਨਾਲ ਰਾਜੇ ਦੀ ਮੌਤ ਹੋ ਗਈ ਅਤੇ ਉਸ ਦਾ ਪੁੱਤ ਰਾਜ ਗੱਦੀ 'ਤੇ ਬੈਠ ਗਿਆ। ਰਾਜੇ ਦਾ ਪੁੱਤਰ ਬੜਾ ਨਾਸਤਕ ਸੀ। ਉਸ ਨੇ ਮਾਤਾ ਦੀ ਭਗਤਣੀ ਦਾ ਮੰਦਰ ਵਿੱਚ ਜਾਣਾ ਬੰਦ ਕਰ ਦਿੱਤਾ। ਮਾਤਾ ਦੀ ਭਗਤਣੀ ਰਾਣੀ ਨਿੱਤ ਅਰਜੋਈਆਂ ਕਰਨ ਲੱਗੀ ਕਿ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਮਾਤਾ ਦੇ ਦਰਸ਼ਨ ਹੋ ਜਾਣ। ਅਖ਼ੀਰ ਉਹ ਵਿਯੋਗ ਵਿੱਚ ਪ੍ਰਾਣ ਤਿਆਗ ਗਈ। ਜੈਂਤੀ ਮਾਤਾ ਦੀ ਹਥਨੌਰ ਉੱਤੇ ਕਰੋਪੀ ਹੋ ਗਈ। ਰਾਜੇ ਦੀ ਕੋਈ ਵੀ ਔਲਾਦ ਠੀਕ ਨਾ ਨਿਕਲੀ ਅਤੇ ਵੰਸ਼ ਬਦਲਦੀ ਗਈ।

ਉਸ ਤੋਂ ਕੋਈ 200 ਸਾਲ ਬਾਅਦ ਰਾਜੇ ਦੀਆਂ ਅਗਲੀਆਂ ਪੀੜ੍ਹੀਆਂ ਵਿਚੋਂ ਜੋ ਰਾਜਾ ਗੱਦੀ ਬੈਠਾ ਸੀ, ਉਹ ਪੂਰਾ ਅਯਾਸ਼ੀ ਸੀ। ਉਸ ਵਕਤ ਦਿੱਲੀ ਦੇ ਮੁਗਲ ਦਰਬਾਰ ਵਿੱਚ ਜਜੀਆ ਜਮਾਂ ਕਰਾਉਣ ਲਈ ਰਾਜੇ ਨੂੰ ਜਾਣਾ ਪੈਂਦਾ

ਸੀ। ਇੱਕ ਵਾਰ ਹਥਨੌਰ ਦਾ ਰਾਜਾ ਦਿੱਲੀ ਗਿਆ ਅਤੇ ਜਜੀਏ ਦੀ ਸਾਰੀ ਰਕਮ ਅਯਾਸ਼ੀ ਵਿੱਚ ਉਡਾ ਗਿਆ। ਮੁਗਲ ਸਿਪਾਹੀਆਂ ਨੇ ਉਸ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰ ਦਿੱਤਾ। ਮਿੰਨਤਾ ਤਰਲੇ ਕਰਕੇ ਉਸ ਨੇ ਇੱਕ ਪੰਡਤ ਤੋਂ ਇਹ ਕਹਿਕੇ ਰਕਮ ਉਧਾਰ ਲਈ ਕਿ ਉਹ ਹਥਨੌਰ ਜਾ ਕੇ ਉਸ ਦੀ ਰਕਮ ਵਾਪਿਸ ਕਰੇਗਾ। ਇਸ ਪ੍ਰਕਾਰ ਉਹ ਜਜੀਆ ਜਮ੍ਹਾਂ ਕਰਵਾ ਕੇ ਵਾਪਿਸ ਆ ਗਿਆ। ਹਥਨੌਰ ਵਾਪਿਸ ਆ ਕੇ ਉਹ ਪੰਡਤ ਦੇ ਪੇਸੇ ਦੇਣ ਤੋਂ ਮੁੱਕਰ ਗਿਆ। ਜਦੋਂ ਪੰਡਤ ਆਪਣੇ ਪੈਸੇ ਲੈਣ ਹਥਨੌਰ ਆਇਆ ਤਾਂ ਰਾਜੇ ਨੇ ਉਸ ਨੂੰ ਪਛਾਣਨ ਤੋਂ ਵੀ ਇਨਕਾਰ ਕਰ ਦਿੱਤਾ। ਪੰਡਤ ਬੜਾ ਰੋਇਆ ਕੁਰਲਾਇਆ ਅਤੇ ਅਖ਼ੀਰ ਉਸ ਨੇ ਮਾਤਾ ਜੈਂਤੀ ਦੇਵੀ ਦੇ ਮੰਦਰ ਵਿੱਚ ਜਾ ਕੇ ਰੋ ਰੋ ਮੰਦਰ ਦੇ ਦੁਆਰ ਤੇ ਬਣੀ ਚੌਖਟ 'ਤੇ ਸਿਰ ਪਟਕਾ ਕੇ ਆਪਣੀ ਜਾਨ ਦੇ ਦਿੱਤੀ। ਹਥਨੌਰ ਦੇ ਰਾਜੇ ਪ੍ਰਤੀ ਮਾਤਾ ਜੈਂਤੀ ਦੇਵੀ ਦੇ ਗੁੱਸੇ ਦੀ ਜਵਾਲਾ ਭੜਕ ਉਠੀ। ਮਾਤਾ ਨੇ ਉਸੇ ਰਾਤ ਮਨੀਮਾਜਰੇ ਦੇ ਗਰੀਬਦਾਸ ਰਾਜੇ ਨੂੰ ਸੁਪਨੇ ਵਿੱਚ ਦਰਸ਼ਨ ਦਿੱਤੇ ਅਤੇ ਕਿਹਾ ਕਿ ਦਿਨ ਚੜ੍ਹਦੇ ਨੂੰ ਹਥਨੌਰ ਦੇ ਰਾਜੇ ਉਪਰ ਧਾਵਾ ਬੋਲ ਅਤੇ ਉਸ ਦੀ ਰਿਆਸਤ ਦਾ ਨਾਮੋ ਨਿਸ਼ਾਨ ਮਿਟਾ ਦੇ। ਗਰੀਬੂ ਨੇ ਹੱਥ ਬੰਨ੍ਹ ਕੇ ਕਿਹਾ ਕਿ ਮਾਤਾ ਮੇਰੇ ਵਿੱਚ ਐਨੀ ਤਾਕਤ ਨਹੀਂ। ਉਸ ਵਕਤ ਦੇਵੀ ਮਾਤਾ ਨੇ ਵਚਨ ਦਿੱਤਾ ਕਿ ਗਰੀਬਦਾਸ ਤੂੰ ਸਿਰਫ਼ ਆਪਣੇ ਹੱਥ ਵਿੱਚ ਤਲਵਾਰ ਫੜਨੀ ਹੈ ਪਿੱਛੇ ਤਾਕਤ ਮੇਰੀ ਹੋਵੇਗੀ।

ਮਾਤਾ ਦੇ ਹੁਕਮ ਨੂੰ ਮੰਨ ਕੇ ਗਰੀਬੂ ਮਨੀਮਾਜਰੇ ਦਾ ਰਾਜ ਆਪਣੇ ਪਿਤਾ ਗੰਗਾ ਰਾਮ ਦੇ ਹਵਾਲੇ ਕਰਕੇ ਆਪਣੇ ਹੱਥ ਵਿੱਚ ਨੰਗੀ ਤਲਵਾਰ ਫੜਕੇ ਅਤੇ ਆਪਣੇ ਸਾਥੀਆਂ ਦੇ ਨਾਲ ਹਥਨੌਰ 'ਤੇ ਚੜ੍ਹਾਈ ਕਰ ਦਿੱਤੀ। ਗਰੀਬੂ ਦੀ ਤਲਵਾਰ ਬਿਜਲੀ ਵਾਂਗ ਲਿਸ਼ਕਾਂ ਮਾਰਦੀ ਹੋਈ ਚੱਲੀ ਅਤੇ ਵੈਰੀਆਂ ਦੇ ਗਾਟੇ ਲਾਹ ਗਈ। ਮਾਤਾ ਜੈਂਤੀ ਦੇਵੀ ਨੇ ਐਸੀ ਸ਼ਕਤੀ ਵਰਤਾਈ ਕਿ ਹਥਨੌਰ ਤਬਾਹ ਹੋ ਗਿਆ। ਹਥਨੌਰ ਦਾ ਰਾਜਾ ਮਾਰਿਆ ਗਿਆ ਅਤੇ ਉਸ ਦੀ ਰਿਆਸਤ ਦਾ ਨਾਮੋ ਨਿਸ਼ਾਨ ਸਦਾ ਲਈ ਖਤਮ ਹੋ ਗਿਆ। ਇਸ ਘਟਨਾ ਤੋਂ ਬਾਅਦ ਗਰੀਬਦਾਸ ਪਛਤਾਵਾ ਕਰਨ ਲੱਗਾ। ਮਾਤਾ ਨੇ ਗਰੀਬੂ ਨੂੰ ਫੇਰ ਦਰਸ਼ਨ ਦਿੱਤੇ ਅਤੇ ਕਿਹਾ ਕਿ ਗਰੀਬਦਾਸ ਹੁਣ ਤੂੰ ਇਸ ਇਲਾਕੇ ਵਿੱਚ ਨਵਾਂ ਨਗਰ ਵਸਾ। ਇਸ ਦੇ ਨਾਲ ਤੇਰਾ ਨਾਮ ਦੁਨੀਆਂ ਤੇ ਸਦਾ ਲਈ ਅਮਰ ਰਹੇਗਾ। ਮਾਤਾ ਦਾ ਹੁਕਮ ਮੰਨ ਕੇ ਗਰੀਬਦਾਸ ਨਦੀ ਦੇ ਕੰਢੇ ਚੱਲ ਪਿਆ ਅਤੇ ਦੇਵੀ ਮਾਤਾ ਵੱਲੋਂ

ਦੱਸੇ ਮਾਰਗ ਤੇ ਕੋਈ ਦੋ ਤਿੰਨ ਕੋਹ ਅੱਗੇ ਜਾ ਕੇ ਗਰੀਬਦਾਸ ਨੇ ਆਪਣੇ ਸਾਥੀ ਮੁੱਲਾ ਦੇ ਨਾਮ ਤੇ ਮੁੱਲਾਂਪੁਰ ਨਗਰ ਦੀ ਮੋੜ੍ਹੀ ਗੱਡੀ। ਸ਼ੁਰੂ ਵਿੱਚ ਇਸ ਪਿੰਡ ਵਿੱਚ 19 ਘਰ ਵਸੇ ਅਤੇ ਬਾਅਦ ਵਿੱਚ ਗਿਣਤੀ ਵਧਦੀ ਗਈ। ਗਰੀਬਦਾਸ ਨੇ ਖੇੜੇ ਦੇ ਨਾਲ ਹੀ ਆਪਣਾ ਕਿਲ੍ਹਾ ਤਿਆਰ ਕਰਵਾਇਆ ਅਤੇ ਰਹਿਣ ਲੱਗਾ। ਉਧਰ ਗਰੀਬੂ ਦੀ ਮਨੀਮਾਜਰਾ ਰਿਆਸਤ ਉਪਰ ਨਾਹਣ ਦੇ ਰਾਜੇ ਨੇ ਆਪਣੀ ਪਹਿਲੀ ਹਾਰ ਦਾ ਬਦਲਾ ਲੈਣ ਲਈ ਦੂਜੀ ਵਾਰ ਫੇਰ ਪੂਰੀ ਤਾਕਤ ਨਾਲ ਹਮਲਾ ਕੀਤਾ ਅਤੇ ਗਰੀਬੂ ਦੇ ਪਿਤਾ ਗੰਗਾ ਸਿੰਘ ਨੂੰ ਮਾਰ ਕੇ ਮਨੀਮਾਜਰੇ ਉੱਤੇ ਕਬਜਾ ਕਰ ਲਿਆ। ਜਦੋਂ ਗਰੀਬਦਾਸ ਨੂੰ ਪਤਾ ਲੱਗਾ ਤਾਂ ਉਸ ਨੇ ਮਨੀਮਾਜਰੇ ਵੱਲ ਨੂੰ ਚੜ੍ਹਾਈ ਕਰ ਦਿੱਤੀ ਅਤੇ ਨਾਹਣ ਦਾ ਰਾਜਾ ਮੈਦਾਨ ਛੱਡ ਕੇ ਭੱਜ ਗਿਆ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਗਰੀਬਦਾਸ ਨੇ ਮਨੀਮਾਜਰੇ ਦਾ ਰਾਜ ਸੰਭਾਲ ਲਿਆ। ਮੁੱਲਾਂਪੁਰ ਗਰੀਬਦਾਸ ਨੂੰ ਮੁੱਲੇ ਦੇ ਹਵਾਲੇ ਕਰ ਗਿਆ। ਇਸ ਪ੍ਰਕਾਰ ਮੁੱਲੇ ਅਤੇ ਗਰੀਬੂ ਵੱਲੋਂ ਵਸਾਇਆ ਮੁੱਲਾਂਪੁਰ ਗਰੀਬਦਾਸ ਹੋਂਦ ਵਿਚ ਆਇਆ, ਜੋ ਚੰਡੀਗੜ੍ਹ ਦੀ ਉੱਤਰ ਦਿਸ਼ਾ ਵੱਲ ਬਿਲਕੁਲ ਨਾਲ ਲੱਗਦਾ ਹੈ ਅਤੇ ਪੰਜਾਬ ਦੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਦੀ ਖਰੜ ਤਹਿਸੀਲ ਵਿੱਚ ਪੈਂਦਾ ਹੈ। ਪੰਜਾਬ ਸਰਕਾਰ ਵਲੋਂ ਹੁਣ ਇਥੇ ਨਿਊ ਚੰਡੀਗੜ੍ਹ ਬਣਾਇਆ ਗਿਆ ਹੈ।

ਗਰੀਬਦਾਸ ਵੱਲੋਂ ਮੁੱਲਾਂਪੁਰ ਵਿਚ ਬਣਾਏ ਗਏ ਕਿਲ੍ਹੇ ਅੰਦਰ ਬਾਅਦ ਵਿੱਚ ਸਰਕਾਰ ਨੇ ਸਕੂਲ ਬਣਾ ਦਿੱਤਾ। ਇਸ ਵੇਲੇ ਉਥੇ ਸਰਕਾਰੀ ਹਾਈ ਸਕੂਲ ਬਣਿਆ ਹੋਇਆ ਹੈ, ਜਿਸ ਨੂੰ ਪੁਰਾਣੇ ਬਜ਼ੁਰਗ ਹੁਣ ਵੀ ਕਿਲ੍ਹਾ ਜਾਂ ਕਿਲ੍ਹੇ ਵਾਲਾ ਸਕੂਲ ਕਹਿੰਦੇ ਹਨ। ਇਸ ਕਿਲ੍ਹੇ ਅੰਦਰ ਹੇਠਲੇ ਪਾਸੇ ਗਲੀ ਦੀ ਕੰਧ ਕੋਲ ਇੱਕ ਖੂਹ ਹੁੰਦਾ ਸੀ ਜਿਸ ਵਿੱਚ ਹੇਠਾਂ ਜਾ ਕੇ ਇੱਕ ਸੁਰੰਗ ਮੁੜੀ ਹੋਈ ਸੀ। ਕਹਿੰਦੇ ਹਨ ਇਸ ਖੂਹ ਵਿੱਚ ਇਕ ਵਾਰ ਕਿਸੇ ਦੀ ਗੜਬੀ ਗਿਰ ਗਈ। ਪਿੰਡ ਦੇ ਖੂਹਾਂ ਵਿਚ ਡੁੱਬਕੀ ਮਾਰਨ ਦੇ ਮਾਹਰ ਸ. ਹੀਰਾ ਸਿੰਘ ਪੁੱਤਰ ਸ. ਨੱਥਾ ਸਿੰਘ ਨੂੰ ਇਸ ਖੂਹ ਵਿੱਚ ਉਤਾਰਿਆ ਗਿਆ। ਉਸ ਨੇ ਬਾਹਰ ਨਿਕਲ ਕੇ ਦੱਸਿਆ ਕਿ ਖੂਹ ਵਿਚਲੀ ਸੁਰੰਗ ਦਾ ਕੋਈ ਭੇਤ ਨਹੀਂ ਵਿੱਚੇ ਵਿੱਚ ਕਿਥੇ ਜਾਂਦੀ ਹੈ। ਉਸ ਵੇਲੇ ਖੂਹ ਵਿੱਚ ਉਤਰਨ ਵਾਲੇ ਸ. ਹੀਰਾ ਸਿੰਘ ਦਾ ਅੱਗੇ ਪੁੱਤਰ ਸ. ਮੁਨਸ਼ਾ ਸਿੰਘ ਅਤੇ ਅੱਗੇ ਉਸ ਦਾ ਪੁੱਤਰ ਸ. ਸੀਤਲ ਸਿੰਘ ਅਤੇ ਅੱਗੇ ਉਸ ਦਾ ਪੁੱਤਰ ਇਸ ਲਿਖਤ ਨੂੰ ਲਿਖਣ ਵਾਲਾ ਮਲਕੀਤ ਸਿੰਘ ਹੈ, ਜੋ ਦਸਵੀਂ ਤੱਕ ਕਿਲ੍ਹੇ

ਵਾਲੇ ਇਸੇ ਸਕੂਲ ਵਿੱਚ ਪੜ੍ਹਿਆ ਅਤੇ ਖੂਹ ਵਿਚਲੀ ਸੁਰੰਗ ਨੂੰ ਵੀ ਆਪਣੀਆਂ ਅੱਖਾਂ ਨਾਲ ਦੇਖਦਾ ਰਿਹਾ । ਹੁਣ ਉਸ ਖੂਹ ਉੱਪਰ ਹੁਣ ਲੈਂਟਰ ਪਾ ਦਿੱਤਾ ਹੈ। ਸਕੂਲ ਦੇ ਬਾਹਰਲੇ ਪਾਸੇ ਕੈਦਾਰ ਨਾਥ ਦੇ ਘਰ ਅੱਗੇ ਇੱਕ ਹੋਰ ਖੂਹ ਹੁੰਦਾ ਸੀ ਜਿਸ ਉਤੇ ਪਾਣੀ ਕੱਢਣ ਲਈ ਭੌਣੀਆਂ ਲੱਗੀਆਂ ਹੁੰਦੀਆਂ ਸਨ। ਇਸ ਤੋਂ ਇਲਾਵਾ ਸਤ ਅੱਠ ਖੂਹ ਇਸ ਨਗਰ ਵਿੱਚ ਹੁੰਦੇ ਸਨ।

ਕਿਲ੍ਹੇ ਦੇ ਨੇੜੇ ਇੱਕ ਬਹੁਤ ਵੱਡਾ ਤਲਾਅ ਹੈ ਜਿਸ ਦੇ ਕੰਢੇ ਤੇ ਸ਼ਿਵਜੀ ਦਾ ਪ੍ਰਾਚੀਨ ਮੰਦਰ ਬਣਿਆ ਹੋਇਆ ਹੈ। ਇਸ ਮੰਦਰ ਵਿੱਚ ਸ਼ਿਵਰਾਤਰੀ ਦਾ ਮੇਲਾ ਭਰਦਾ ਹੈ। ਇਹ ਤਲਾਅ ਬਹੁਤ ਪ੍ਰਭਾਵਸ਼ਾਲੀ ਸੀ ਇਸ ਦੀ ਚਾਰੇ ਪਾਸੇ ਕੌਲਾਂ ਬਣੀਆਂ ਹੁੰਦੀਆਂ ਸਨ ਅਤੇ ਕੱਪੜੇ ਧੋਣ ਲਈ ਤਿੰਨ ਪਾਸੇ ਪੌੜੀਆਂ ਬਣਾਈਆਂ ਹੋਈਆਂ ਸਨ। ਨਹਾਉਣ ਲਈ ਦੋ ਇਸ਼ਨਾਨ ਘਰ ਵੀ ਬਣੇ ਹੋਏ ਸਨ। ਪਸ਼ੂਆਂ ਦੇ ਵਿੱਚ ਵੜਨ ਲਈ ਤਿੰਨ ਪਾਸੇ ਪੱਕੇ ਘਾਟ ਸਨ। ਇਹ ਤਲਾਅ ਪੂਰੇ ਇਲਾਕੇ ਵਿੱਚ ਖਿਚ ਦਾ ਕੇਂਦਰ ਸੀ ਪਰ ਹੁਣ ਪਿੰਡ ਦਾ ਗੰਦਾ ਪਾਣੀ ਡਿੱਗਣ ਕਰਕੇ ਇਸ ਦੀ ਹਾਲਤ ਬਦਤਰ ਹੋ ਗਈ ਹੈ ਅਤੇ ਕੌਲਾਂ ਡਿੱਗ ਰਹੀਆਂ ਹਨ। ਇਸ ਦਾ ਪਾਣੀ ਨਿਕਲਣ ਲਈ ਕੋਈ ਥਾਂ ਨਹੀਂ ਰਹੀ ਜਿਸ ਕਰਕੇ ਇਹ ਹਰ ਵੇਲੇ ਪਾਣੀ ਨਾਲ ਭਰਿਆ ਰਹਿੰਦਾ ਹੈ। ਇੱਕ ਹੋਰ ਟੋਭਾ ਪਿੰਡ ਦੇ ਪੀਰਖਾਨੇ ਵੱਲ ਸੀ, ਉਹ ਵੀ ਪੱਕਾ ਸੀ ਪਰ ਹੁਣ ਉਸ ਦਾ ਪਾਣੀ ਸੁੱਕ ਚੁੱਕਾ ਹੈ। ਤਿੰਨ ਛੱਪੜੀਆਂ ਸਨ ਜੋ ਹੁਣ ਨਹੀਂ ਰਹੀਆਂ। ਇਹਨਾਂ ਵਿੱਚੋਂ ਇੱਕ ਛੱਪੜੀ ਤਲਾਅ ਦੇ ਉਪਰਲੇ ਪਾਸੇ ਸੀ ਜਿਥੇ ਝੂੰਗੀ ਵਾਲਾ ਡੇਰਾ ਬਣ ਚੁੱਕਾ ਹੈ, ਦੂਜੀ ਬਾਬਾ ਕਾਲੂ ਦੇ ਨੇੜੇ ਧਰਮਸ਼ਾਲਾ ਲਈ ਪੂਰ ਦਿੱਤੀ ਹੈ ਅਤੇ ਤੀਜੀ ਹਰੀਜਨ ਭਾਈਚਾਰੇ ਦੇ ਘਰਾਂ ਵੱਲ ਸੀ ਜੋ ਗੁਰਦੁਆਰਾ ਨਾਨਕ ਦਰਬਾਰ ਦੀ ਚਾਰਦੀਵਾਰੀ ਅੰਦਰ ਆ ਚੁੱਕੀ ਹੈ।

ਇਸ ਨਗਰ ਵਿੱਚ ਵੱਖ ਵੱਖ ਫਿਰਕਿਆਂ ਦੀਆਂ ਵੱਖ ਵੱਖ ਗਲੀਆਂ ਥਾਪੀਆਂ ਗਈਆਂ ਜਿਵੇਂ ਪੰਡਤਾਂ ਦੀ ਗਲੀ, ਜੱਟਾਂ ਦੀ, ਬਾਣੀਆਂ ਦੀ, ਖੱਤਰੀਆਂ ਦੀ, ਸੈਣੀਆਂ ਦੀ, ਰਾਮਦਾਸੀਆਂ ਦੀ ਅਤੇ ਬਾਲਮੀਕ ਭਾਈਚਾਰੇ ਦੀਆਂ ਗਲੀਆਂ। ਸਭ ਲੋਕ ਅਲੱਗ ਅਲੱਗ ਮੁਹੱਲਿਆਂ ਵਿੱਚ ਅਬਾਦ ਕੀਤੇ ਗਏ ਅਤੇ ਸਾਰੇ ਮੁਹੱਲਿਆਂ ਵਿੱਚ ਖੂਹ ਲਗਵਾਏ ਗਏ। ਇਸ ਨਗਰ ਵਿੱਚ ਹਿਂਦੂ, ਸਿੱਖ, ਮੁਸਲਮਾਨ ਦੀ ਵਸੋਂ ਸੀ ਜਿਹਨਾਂ ਵਿੱਚ ਇੱਕ ਘਰ ਮੁਗਲ ਖਾਨਦਾਨ ਦਾ ਸੀ ਅਤੇ ਇੱਕ ਪਠਾਣਾਂ ਦਾ। ਉਹਨਾਂ ਦੇ ਕੇਵਲ ਦੋ ਘਰ ਖੇਤੀਬਾੜੀ ਕਰਨ

ਵਾਲੇ (ਜਰਾਇਤ ਪੇਸ਼ਾ) ਸਨ। ਬਾਕੀ ਤੇਲੀ, ਧੋਬੀ, ਬਾਜੀਗਰ, ਪਿੰਜੇ, ਮਰਾਸੀ, ਕੱਪੜਾ ਬੁਣਨ ਦਾ ਕੰਮ ਕਰਦੇ ਸਨ। ਇਹ ਵੀ ਦਿਲਚਸਪ ਹੈ ਕਿ ਜਦੋਂ ਹਿੰਦੋਸਤਾਨ ਅਜ਼ਾਦ ਹੋਇਆ ਤਾਂ ਇਸ ਪਿੰਡ ਵਿੱਚ ਕਿਸੇ ਵੀ ਮੁਸਲਮਾਨ ਦਾ ਕਤਲ ਨਹੀਂ ਹੋਇਆ। ਲਗਭਗ ਸਾਰੇ ਹੀ ਰੱਖਿਆ ਹੇਠ ਪਾਕਿਸਤਾਨ ਚਲੇ ਗਏ। ਤਿੰਨ ਘਰ ਇੱਥੇ ਹੀ ਰਹਿ ਗਏ ਜਿਹਨਾਂ ਵਿੱਚ ਇਕ ਘਰ ਧੋਬੀਆਂ ਦਾ ਅਤੇ ਦੋ ਘਰ ਤੇਲੀਆਂ ਦੇ ਸਨ। ਜ਼ਿਮੀਦਾਰਾਂ ਦੇ ਇਸ ਪਿੰਡ ਵਿੱਚ ਬਹੁਤ ਘਰ ਹਨ। ਜਿਹਨਾਂ ਵਿੱਚ ਚਾਹਲ, ਧਾਲੀਵਾਲ, ਔਜਲਾ, ਕਲੇਰ, ਪੁਨੀਆਂ, ਲਖਿਆਣ, ਸਿੱਧੂ, ਬਾਠ, ਬਿਲੰਗ, ਬਾਸੀ ਅਤੇ ਹੋਰ ਸ਼ਾਮਿਲ ਹਨ। ਆਮ ਕਰਕੇ ਜਿਮੀਦਾਰਾਂ ਦੇ ਵਿਹੜੇ ਗੋਤਾਂ ਦੀਆਂ ਅੱਲਾਂ ਕਰਕੇ ਪਛਾਣੇ ਜਾਂਦੇ ਹਨ। ਇਸ ਪਿੰਡ ਦੇ ਛਿਪਦੇ ਪਾਸੇ ਸੈਣੀਆਂ ਦੇ ਘਰ ਹਨ ਅਤੇ ਦੱਖਣ ਵੱਲ ਹਰੀਜਨ ਅਤੇ ਬਾਲਮੀਕ ਭਾਈਚਾਰੇ ਦੇ ਘਰ ਬਣੇ ਹੋਏ ਹਨ। ਪਿੰਡ ਦੇ ਵਿਚਕਾਰ ਮਹਾਜਨਾਂ ਦੇ ਘਰ ਹਨ ਅਤੇ ਰਲ ਕੇ ਸਾਰੀਆਂ ਬਰਾਦਰੀਆਂ ਦੇ ਲੋਕ ਇਸ ਪਿੰਡ ਵਿੱਚ ਰਹਿੰਦੇ ਹਨ।

ਸਾਲ 1920 ਦੇ ਨੇੜੇ ਇਸ ਪਿੰਡ ਦਾ ਸ਼ਾਹੂਕਾਰਾ ਅੰਬਾਲਾ ਵਿੱਚ ਮਸ਼ਹੂਰ ਸੀ। ਉਸ ਵੇਲੇ ਅੰਬਾਲਾ ਜ਼ਿਲ੍ਹੇ ਦੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਜਾਂਦੀ ਭੂਗੋਲ ਦੀ ਪੁਸਤਕ ਵਿੱਚ ਇਹ ਦਰਜ਼ ਸੀ ਕਿ ਮੁੱਲਾਂਪੁਰ ਗਰੀਬਦਾਸ ਪਿੰਡ ਵਿਚ ਇਕ ਵੱਡਾ ਤਲਾਬ ਹੈ ਜਿਸ ਦੇ ਕੰਢੇ ਇੱਕ ਬਹੁਤ ਸ਼ਾਨਦਾਰ ਮੰਦਰ ਹੈ ਅਤੇ ਇਸ ਨਗਰ ਦਾ ਸ਼ਾਹੂਕਾਰਾ ਕੰਮ ਸਮੇਂ ਦੇ ਨਾਲ ਬੈਂਕਾਂ ਵਿਚ ਤਬਦੀਲ ਹੋ ਗਿਆ ਹੈ। ਇਸ ਨਗਰ ਵਿੱਚ ਇਸ ਵੇਲੇ ਤਿੰਨ ਗੁਰਦੁਆਰੇ ਹਨ ਜਿਹਨਾਂ ਵਿੱਚ ਇੱਕ ਗੁਰਦੁਆਰਾ ਜੋ ਪਿੰਡ ਵਿਚਕਾਰ ਹੈ, ਸਭ ਤੋਂ ਪੁਰਾਤਨ ਹੈ। ਇਸ ਨੂੰ ਕਿਸੇ ਵੇਲੇ ਗਿਆਨੀ ਰਣਜੀਤ ਸਿੰਘ, ਮਾਸਟਰ ਦੇਵ ਰਾਜ, ਸ. ਸੀਤਲ ਸਿੰਘ ਨੇ ਮੂਹਰੇ ਹੋ ਕੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਦੀ ਧਰਮਸ਼ਾਲਾ ਵਿੱਚ ਬਣਾਇਆ ਸੀ ਜਿਸ ਵਿੱਚ ਪਿੰਡ ਦੇ ਬਜ਼ੁਰਗ ਸ੍ਰੀ ਨਾਨਕ ਚੰਦ ਨੇ ਬਹੁਤ ਲੰਮਾ ਸਮਾਂ ਤੜਕੇ ਉਠ ਕੇ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਸੇਵਾ ਨਿਭਾਈ। ਬਾਕੀ ਦੋ ਗੁਰਦੁਆਰੇ ਬਾਅਦ ਵਿੱਚ ਬਣੇ। ਇਸ ਨਗਰ ਵਿੱਚ ਤਿੰਨ ਮੰਦਰ ਹਨ, ਇਕ ਤਲਾਅ ਦੇ ਕੰਢੇ ਤੇ ਹੈ, ਦੂਜਾ ਕਿਲ੍ਹੇ ਦੇ ਸਾਹਮਣੇ ਕੋਲ ਹੈ ਅਤੇ ਤੀਜਾ ਪੱਕੀ ਧਰਮਸ਼ਾਲਾ ਦੇ ਕੋਲ। ਪਿੰਡ ਦੇ ਚੜ੍ਹਦੇ ਪਾਸੇ ਇੱਕ ਗੁੱਗਾ ਮਾੜੀ ਹੈ। ਇੱਕ ਪੀਰਖਾਨਾ ਹੈ ਅਤੇ ਇੱਕ ਮਸਜਿਦ ਹੈ। ਇੱਕ ਭਗਵਾਨ ਬਾਲਮੀਕ ਦਾ ਮੰਦਰ ਹੈ। ਇੱਕ ਬਾਬਾ ਕਾਲੂ ਦੀ ਸਮਾਧ ਹੈ। ਚਾਰ ਸਤੀਆਂ ਹਨ। ਦੋ ਥਾਵਾਂ ਤੇ ਮਾਤਾ

ਰਾਣੀ ਦੇ ਥਾਨ ਹਨ। ਦੋ ਧਰਮਸਾਵਾਂ ਹਨ ਇੱਕ ਪੱਕੀ ਧਰਮਸ਼ਾਲਾ ਅਤੇ ਦੂਜੀ ਸੈਣੀਆਂ ਵਾਲੀ ਧਰਮਸ਼ਾਲਾ। ਭੂਰੀ ਵਾਲੇ, ਝੁੱਗੀ ਵਾਲੇ, ਸੇਤੜੀ ਵਾਲੇ ਸ਼ਰਧਾਲੂਆਂ ਦੇ ਡੇਰੇ ਵੀ ਹਨ। ਇਸ ਪਿੰਡ ਵਿਚ ਪੰਜ ਹਵੇਲੀਆਂ ਹੁੰਦੀਆਂ ਸਨ। ਪਿੰਡ ਵਿੱਚ ਸਾਰੇ ਧਰਮਾਂ ਦੇ ਲੋਕ ਬੜੇ ਪਿਆਰ ਨਾਲ ਰਹਿੰਦੇ ਹਨ ਅਤੇ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਭਾਈਵਾਲ ਹਨ। ਪਿੰਡ ਦੇ ਜੱਦੀ ਪੁਸ਼ਤੀ ਵਸਨੀਕਾਂ ਦੀ ਗਿਣਤੀ ਪੰਜ ਕੁ ਹਜ਼ਾਰ ਹੈ ਪ੍ਰੰਤੂ ਬਾਹਰੋਂ ਆ ਕੇ ਰਹਿਣ ਵਾਲਿਆਂ ਦੀ ਗਿਣਤੀ 20 ਹਜ਼ਾਰ ਤੋਂ ਵੀ ਵੱਧ ਹੈ। ਇਸ ਪਿੰਡ ਵਿੱਚ ਪਟਵਾਰਖਾਨਾ ਵੀ ਬਣਿਆ ਹੋਇਆ ਹੈ ਅਤੇ ਪੁਲਿਸ ਥਾਣਾ ਵੀ ਹੈ। ਬਿਜਲੀ ਦੀ ਸਪਲਾਈ ਲਈ 66 ਕੇਵੀ ਗਰਿੱਡ ਸਟੇਸ਼ਨ ਵੀ ਹੈ। ਸਰਕਾਰੀ ਡਿਸਪੈਂਸਰੀ ਅਤੇ ਪਸ਼ੂਆਂ ਦਾ ਹਸਪਤਾਲ ਵੀ ਹੈ।

ਮੁੱਲਾਂਪੁਰ ਗਰੀਬ ਦਾਸ ਦਾ ਪੁਰਾਣਾ ਅੰਦਰ ਵਾਲਾ ਬਜ਼ਾਰ ਬਹੁਤ ਮਸ਼ਹੂਰ ਸੀ ਅਤੇ ਹੁਣ ਮੁਲਾਂਪੁਰ ਦਾ ਬਜ਼ਾਰ ਪਿੰਡ ਦੇ ਬਾਹਰ ਦੂਰ ਤਕ ਫੈਲ ਚੁੱਕਾ ਹੈ। ਇਲਾਕੇ ਲਈ ਮੁਲੱਾਂਪੁਰ ਗਰੀਬਦਾਸ ਖਰੀਦਦਾਰੀ ਦਾ ਕੇਂਦਰ ਹੈ ਦੂਰੋਂ ਦੂਰੋਂ ਲੋਕ ਸੌਦਾ ਪੱਤਾ ਲੈਣ ਮੁੱਲਾਂਪੁਰ ਗਰੀਬਦਾਸ ਦੀਆਂ ਦੁਕਾਨਾਂ ਤੇ ਆਉਂਦੇ ਹਨ। ਇਸ ਵੇਲੇ ਸੋਨੇ ਦੀ ਅਤੇ ਕੱਪੜੇ ਦੀ ਖਰੀਦਦਾਰੀ ਲਈ ਮੁੱਲਾਂਪੁਰ ਦੀ ਦੂਰ ਦੂਰ ਤਕ ਮਸ਼ਹੂਰੀ ਹੋ ਚੁੱਕੀ ਹੈ ਜਿਸ ਕਰਕੇ ਹਰ ਵੇਲੇ ਬਜ਼ਾਰਾਂ ਵਿੱਚ ਰੌਣਕ ਲੱਗੀ ਰਹਿੰਦੀ ਹੈ। ਹੁਣ ਮੁੱਲਾਂਪੁਰ ਗਰੀਬਦਾਸ ਸ਼ਹਿਰੀ ਮਾਸਟਰ ਪਲਾਨ ਵਿੱਚ ਆ ਚੁੱਕਾ ਹੈ ਅਤੇ ਨਿਊ ਚੰਡੀਗੜ੍ਹ ਪਾਸੇ ਇਸ ਦੀ ਜ਼ਮੀਨ ਉਪਰ ਈਕੋ-ਸਿਟੀ-1 ਬਣ ਚੁਕਾ ਹੈ, ਜਿਸ ਦੇ ਨਾਲ ਇਹ ਨਗਰ ਸ਼ਹਿਰੀਕਰਨ ਹੋ ਰਿਹਾ ਹੈ। ਪਰ ਪਿੰਡ ਦੇ ਅੰਦਰ ਦੀ ਹਾਲਾਤ ਦਿਨ ਪ੍ਰਤੀ ਦਿਨ ਬਦਤਰ ਹੁੰਦੀ ਜਾ ਰਹੀ ਹੈ ਕਿਉਂਕਿ ਇਸ ਨਗਰ ਵਿੱਚ ਹਾਲੇ ਤੱਕ ਸੀਵਰੇਜ ਨਹੀਂ ਪਾਇਆ ਗਿਆ। ਪਿੰਡ ਦੇ ਅੰਦਰ ਥਾਂ-ਥਾਂ ਤੇ ਗੰਦਗੀ ਦੇ ਢੇਰ ਲੱਗੇ ਹੋਏ ਹਨ ਜਿਸ ਕਰਕੇ ਬਿਮਾਰੀ ਫੈਲਣ ਦਾ ਵੀ ਖਦਸ਼ਾ ਬਣਿਆ ਰਹਿੰਦਾ ਹੈ। ਭਾਵੇਂ ਮੁੱਲਾਂਪੁਰ ਵਿੱਚ ਬੱਸਾਂ ਦੀ ਆਵਾਜਾਈ ਬਹੁਤ ਹੈ ਪਰ ਇਸ ਨਗਰ ਵਿੱਚ ਕੋਈ ਬੱਸ ਸਟੈਂਡ ਨਹੀਂ ਹੈ। ਬੱਸਾਂ ਸੜਕ ਤੇ ਹੀ ਰੁਕਦੀਆਂ ਹਨ।

ਅੰਗਰੇਜ਼ਾ ਦੇ ਸਮੇਂ ਸੰਨ 1879 ਵਿੱਚ ਇਸ ਪਿੰਡ ਵਿੱਚ ਪਹਿਲੀ ਵਾਰ ਪ੍ਰਾਇਮਰੀ ਸਕੂਲ ਬਣਿਆ ਅਤੇ 1925 ਵਿੱਚ ਇਸ ਨੂੰ ਵਰਨੈਕੂਲਰ ਮਿਡਲ ਸਕੂਲ ਬਣਾਇਆ ਗਿਆ। ਅਜ਼ਾਦੀ ਤੋਂ ਬਾਅਦ 1953 ਵਿੱਚ ਇਸ ਸਕੂਲ ਨੂੰ

ਹਾਈ ਸਕੂਲ ਬਣਾਇਆ ਗਿਆ ਅਤੇ ਫੇਰ 1990 ਵਿੱਚ ਇਹ ਸਕੂਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਣਿਆ। ਇਸ ਵੇਲੇ ਪਿੰਡ ਵਿੱਚ ਲੜਕਿਆਂ ਦੇ ਅਤੇ ਲੜਕੀਆਂ ਦੇ ਅਲੱਗ ਅਲੱਗ ਸਕੂਲ ਹਨ ਜਿਥੇ ਸੈਕੰਡਰੀ ਤੱਕ ਬੱਚੇ ਪੜ੍ਹਾਈ ਕਰਦੇ ਹਨ ਅਤੇ ਇਸ ਤੋਂ ਮਗਰੋਂ ਪੜ੍ਹਾਈ ਲਈ ਚੰਡੀਗੜ੍ਹ ਦੇ ਕਾਲਜਾਂ ਵਿੱਚ ਜਾਣਾ ਪੈਂਦਾ ਹੈ। ਪਿੰਡ ਦੇ ਵਸਨੀਕ ਨੱਥੂ ਰਾਮ ਪੁਰੀ ਜੋ ਵਿਦੇਸ਼ ਵਿੱਚ ਰਹਿੰਦੇ ਹਨ ਅਤੇ ਧਨਾਢ ਹਨ, ਉਨ੍ਹਾਂ ਵੱਲੋਂ ਆਪਣੇ ਪਿਤਾ ਸ੍ਰੀ ਮੁੰਨਾ ਲਾਲ ਪੁਰੀ ਜੀ ਦੇ ਨਾਮ ਤੇ ਸੀਨੀਅਰ ਸੈਕੰਡਰੀ ਸਕੂਲ ਵਾਸਤੇ ਬਿਲਡਿੰਗ ਬਣਾ ਕੇ ਪਿੰਡ ਵਾਸੀਆਂ ਨੂੰ ਤੋਹਫੇ ਵਜੋਂ ਭੇਂਟ ਕੀਤੀ ਗਈ ਜਿਥੇ ਹੁਣ ਮੁੰਨਾ ਲਾਲ ਪੁਰੀ ਸੀਨੀਅਰ ਸਕੂਲ (ਲੜਕੇ) ਹੈ। ਇਸ ਸਕੂਲ ਦੇ ਨਾਲ ਹੀ ਖੇਡ ਦਾ ਮੈਦਾਨ ਬਣਿਆ ਹੋਇਆ ਹੈ। ਇਸ ਖੇਡ ਦੇ ਮੈਦਾਨ ਵਾਲੀ ਥਾਂ ਤੇ ਪਹਿਲਾਂ ਮੜੀਆਂ ਹੁੰਦੀਆਂ ਸਨ ਜੋ ਹੁਣ ਅਗੇ ਜਾ ਕੇ ਨਦੀ ਦੇ ਕੰਢੇ ਤੇ ਸ਼ਮਸ਼ਾਨਘਾਟ ਬਣਾ ਕੇ ਤਬਦੀਲ ਕੀਤੀਆਂ ਜਾ ਚੁੱਕੀਆਂ ਹਨ। ਭਾਵੇਂ ਸਾਰੇ ਪਿੰਡ ਲਈ ਹੁਣ ਇਸ ਪਿੰਡ ਵਿੱਚ ਸ਼ਮਸ਼ਾਨਘਾਟ ਬਣ ਚੁੱਕਾ ਪ੍ਰੰਤੂ ਹਾਲੇ ਵੀ ਕੁਝ ਲੋਕ ਸੰਸਕਾਰ ਆਪਣੀਆਂ ਸਤੀਆਂ ਤੇ ਜਾ ਕੇ ਕਰਦੇ ਹਨ।

1970 ਤੋਂ ਇਸ ਨਗਰ ਵਿੱਚ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਹੈ। ਹੁਣ ਤਕਰੀਬਨ ਸਾਰੇ ਬੈਂਕਾਂ ਦੀਆਂ ਬਰਾਂਚਾਂ ਇੱਥੇ ਖੁੱਲ੍ਹ ਗਈਆਂ ਹਨ। 1931 ਤੋਂ ਇਸ ਪਿੰਡ ਵਿੱਚ ਕੋਆਪਰੇਟਿਵ ਸੋਸਾਇਟੀ ਬਣੀ ਹੋਈ ਹੈ। ਇਸ ਸੋਸਾਇਟੀ ਨੂੰ ਉੱਚਾ ਚੁੱਕਣ ਵਿੱਚ ਸ੍ਰੀ ਦੇਵ ਰਾਜ ਸੈਕਟਰੀ ਦਾ ਬਹੁਤ ਯੋਗਦਾਨ ਹੈ। ਇਸ ਸੋਸਾਇਟੀ ਦੇ ਸਭ ਤੋਂ ਪਹਿਲੇ ਪ੍ਰਧਾਨ ਸਵ. ਸ ਬਚਨ ਸਿੰਘ ਧਾਲੀਵਾਲ ਨੰਬਰਦਾਰ ਬਣੇ ਸਨ ਅਤੇ ਉਹਨਾਂ ਨੇ ਲੱਗਭਗ 33 ਸਾਲ ਇਸ ਦੀ ਪ੍ਰਧਾਨਗੀ ਕੀਤੀ। ਇਸ ਤੋਂ ਇਲਾਵਾ ਇੱਕ ਡਾਕਖਾਨਾ ਵੀ ਇਸ ਨਗਰ ਵਿੱਚ ਬਹੁਤ ਪੁਰਾਣਾ ਹੈ। 18 ਅਪ੍ਰੈਲ, 1983 ਨੂੰ ਗਿਆਨੀ ਰਣਜੀਤ ਸਿੰਘ, ਸ. ਮਹਿਮਾ ਸਿੰਘ ਧਾਲੀਵਾਲ, ਸ. ਖੁਸ਼ਹਾਲ ਸਿੰਘ, ਪੰਡਤ ਜੈਦੇਵ, ਸ. ਗੁਰਦਿਆਲ ਸਿੰਘ, ਕਰਨਲ ਪਿਆਰਾ ਸਿੰਘ ਅਤੇ ਸ. ਦੀਵਾਨ ਸਿੰਘ ਸਰਪੰਚ ਨੇ ਉੱਦਮ ਕਰਕੇ ਮਾਤਾ ਗੁਜਰੀ ਲਾਇਬਰੇਰੀ ਖੋਲ੍ਹੀ ਜਿਸ ਵਾਸਤੇ ਡਾਕਟਰ ਬਲਬੀਰ ਸਿੰਘ ਸੰਧੂ ਅਤੇ ਸ੍ਰੀਮਤੀ ਚੰਦਨਾ ਆਨੰਦ ਨੇ ਬਹੁਤ ਸਹਾਇਤਾ ਕੀਤੀ। ਮੁੱਲਾਂਪੁਰ ਗਰੀਬਦਾਸ ਦੇ ਸ. ਲਛਮਣ ਸਿੰਘ ਕਵੀਸ਼ਰ ਨੂੰ ਕਵੀਸ਼ਰੀ ਦਾ ਸ਼ੌਕ ਸੀ।

ਮੁਲਾਂਪੁਰ ਗਰੀਬਦਾਸ ਦੇ ਬਹੁਤ ਸਾਰੇ ਸੂਰਬੀਰ ਯੋਧਿਆਂ ਨੇ ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਲਈ ਅਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਇਆ। ਅਜ਼ਾਦੀ ਲਹਿਰ ਵਿੱਚ ਹਿਸਾ ਪਾਉਣ ਵਾਲਿਆਂ ਵਿੱਚ ਇਸ ਨਗਰ ਦੇ ਸ੍ਰੀ ਲਾਹੌਰੀਰਾਮ, ਸ੍ਰੀ ਗੌਰੀ ਸ਼ੰਕਰ, ਸ੍ਰ ਖਰਾਇਤੀ ਰਾਮ ਪੁਰੀ, ਸ. ਮਹਿਮਾ ਸਿੰਘ ਧਾਲੀਵਾਲ ਅਤੇ ਸ. ਢੇਰਾ ਸਿੰਘ ਦੇ ਨਾਮ ਜ਼ਿਕਰਯੋਗ ਹਨ। ਮਹਾਤਮਾ ਲਾਹੌਰੀ ਰਾਮ ਤਾਂ ਮਹਾਤਮਾ ਦੇ ਵਾਰਧਾ ਆਸ਼ਰਮ ਵਿੱਚ ਰਹਿੰਦੇ ਰਹੇ ਸਨ ਜਿਸ ਕਰਕੇ ਲੋਕ ਉਹਨਾਂ ਨੂੰ ਮਹਾਤਮਾ ਕਹਿੰਦੇ ਸਨ ਅਤੇ ਆਪ ਅੰਬਾਲਾ ਜ਼ਿਲ੍ਹੇ ਦੇ ਸਿਰਕੱਢ ਸਚੇ ਸੁੱਚੇ ਕਾਂਗਰਸੀ ਲੀਡਰਾਂ ਵਿੱਚੋਂ ਇੱਕ ਸਨ। ਸ. ਢੇਰਾ ਸਿੰਘ ਪੁੱਤਰ ਸ. ਬਸੰਤ ਸਿੰਘ ਬਾਸੀ ਨੇ ਬ੍ਰਿਟਸ਼ ਸਮਰਾਜ ਦੇ ਵਿਰੁੱਧ ਸੁਤੰਤਰਤਾ ਸੰਗਰਾਮ ਵਿੱਚ ਨੇਤਾ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਮੋਰਚਾ ਸੰਭਾਲਿਆ। ਉਹਨਾਂ ਦਾ ਨਾਮ ਸੁਤੰਤਰਤਾ ਸੰਗਰਾਮੀਆਂ ਵਿੱਚ ਦਰਜ ਹੈ ਅਤੇ 26 ਜਨਵਰੀ, 1962 ਨੂੰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਚੰਡੀਗੜ੍ਹ ਵਿੱਚ ਪ੍ਰਸ਼ੰਸ਼ਾ ਪੱਤਰ ਜਾਰੀ ਕੀਤਾ ਗਿਆ।

ਸ. ਮਹਿਮਾ ਸਿੰਘ ਧਾਲੀਵਾਲ ਦਾ ਇਲਾਕੇ ਵਿੱਚ ਕਾਫੀ ਨਾਮ ਸੀ। ਉਹ ਜੁਲਾਈ 1933 ਵਿੱਚ ਰਾਇਲ ਇੰਡੀਅਨ ਸਿਗਨਲ ਕਾਰਪਸ ਜੱਬਲਪੁਰ ਭਰਤੀ ਹੋਏ ਸਨ। ਉਹਨਾਂ ਨੇ ਅੰਗਰੇਜ਼ ਅਫ਼ਸਰਾਂ ਵੱਲੋਂ ਹਿੰਦੋਸਤਾਨੀਆਂ ਉੱਤੇ ਕੀਤੇ ਜਾਂਦੇ ਅਤਿਆਚਾਰ ਨੂੰ ਦੇਖ ਕੇ ਅਸਤੀਫਾ ਦੇ ਦਿੱਤਾ, ਪਰ ਪ੍ਰਵਾਨ ਨਾ ਹੋਇਆ। ਉਹਨਾਂ ਨੇ ਪੱਕਾ ਨਿਰਣਾ ਕਰ ਲਿਆ ਕਿ ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ। 1936 ਵਿੱਚ ਜਦੋਂ ਉਹ ਮੇਰਠ ਛਾਉਣੀ ਵਿੱਚ ਸਨ ਤਾਂ ਕਾਂਗਰਸ ਦੇ ਜਲਸਿਆਂ ਵਿੱਚ ਜਾਣ ਲੱਗੇ ਅਤੇ ਸਿੱਖ ਮਿਸ਼ਨਰੀ ਪ੍ਰਚਾਰਕਾਂ ਦੇ ਸੰਪਰਕ ਵਿਚ ਆ ਗਏ, ਜਿਨ੍ਹਾਂ ਵਿੱਚ ਗਿਆਨੀ ਬਾਦਲ ਸਿੰਘ, ਗਿਆਨੀ ਤੇਜਾ ਸਿੰਘ, ਗਿਆਨੀ ਨੰਦ ਸਿੰਘ ਅਤੇ ਗੁਰਦੁਆਰੇ ਦੇ ਗਰੰਥੀ ਗਿਆਨੀ ਊਧਮ ਸਿੰਘ ਸ਼ਾਮਿਲ ਸਨ। 1937 ਵਿੱਚ ਪਹਿਲੀ ਵਾਰ ਪੰਜਾਬ ਵਿੱਚ ਕਾਂਗਰਸ ਦੀ ਅਗਵਾਈ ਹੇਠ ਸਰ ਸਿਕੰਦਰ ਹਿਆਤ ਖਾਂ ਦੀ ਵਜਾਰਤ ਬਣੀ। ਉਸ ਵੇਲੇ ਯੂਪੀ ਵਿੱਚ ਵੀ ਪੰਡਤ ਗੋਬਿੰਦ ਬਲਭ ਪੰਤ ਦੀ ਅਗਵਾਈ ਹੇਠ ਪਹਿਲੀ ਕਾਂਗਰਸ ਦੀ ਵਜਾਰਤ ਬਣੀ ਸੀ। ਉਸ ਵੇਲੇ ਦੇਸ਼ ਭਗਤਾਂ ਵੱਲੋਂ ਕਿਰਤੀ ਲਹਿਰ ਨਾਮ ਦਾ ਅਖ਼ਬਾਰ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਕੱਢਿਆ ਜਾਂਦਾ ਸੀ ਜਿਸ ਦਾ ਲੋਕਾਂ ਤੋਂ ਇਲਾਵਾ ਫੌਜੀ ਜਵਾਨਾਂ ਉੱਤੇ ਵੀ ਡੂੰਘਾ ਅਸਰ ਸੀ।

ਸ. ਮਹਿਮਾ ਸਿੰਘ ਦੇ ਇਸ ਅਖ਼ਬਾਰ ਵਿੱਚ ਕੰਮ ਕਰਨ ਵਾਲੇ ਵਰਕਰਾਂ ਸਰਦਾਰਾ ਸਿੰਘ, ਸੋਢੀ ਮਹਿੰਦਰ ਸਿੰਘ ਅਤੇ ਦੇਸ਼ ਭਗਤ ਬਾਬਾ ਕਰਮ ਸਿੰਘ ਨਾਲ ਸਬੰਧ ਸਥਾਪਤ ਹੋ ਗਏ ਅਤੇ ਉਹ ਅਖ਼ਬਾਰ ਲਿਆ ਕੇ ਆਪਣੀ ਯੂਨਿਟ ਵਿੱਚ ਜੁਆਨਾਂ ਨੂੰ ਪੜ੍ਹਾਉਂਦੇ, ਜਿਹਨਾਂ ਦਾ ਉਹਨਾਂ ਦੇ ਮਨਾਂ ਉੱਤੇ ਬਹੁਤ ਅਸਰ ਹੋਇਆ। ਜੁਲਾਈ 1939 ਵਿੱਚ ਮੇਰਠ ਛਾਉਣੀ ਵਿੱਚ ਵੱਡੇ ਪੱਧਰ 'ਤੇ ਸਾਰੇ ਫੌਜੀ ਅਫਸਰਾਂ ਅਤੇ ਜੁਆਨਾਂ ਦੀ ਤਲਾਸ਼ੀ ਲਈ ਗਈ। ਸ. ਮਹਿਮਾ ਸਿੰਘ ਧਾਲੀਵਾਲ ਕੋਲ ਅਖ਼ਬਾਰਾਂ ਦੀਆਂ ਕਾਪੀਆਂ ਅਤੇ ਇਤਰਾਜਯੋਗ ਲਿਟਰੇਚਰ ਫੜ੍ਹਿਆ ਗਿਆ। ਉਹਨਾਂ ਨੂੰ ਹਿੰਦੋਸਤਾਨ ਦੀ ਫੌਜ ਵਿੱਚ ਬਗਾਵਤ ਕਰਾਉਣ ਦੇ ਦੋਸ਼ ਹੇਠ ਫੌਜ ਚੋਂ ਡਿਸਚਾਰਜ ਕਰ ਦਿੱਤਾ ਅਤੇ ਡੀਫੈਂਸ ਆਫ ਇੰਡੀਆ ਰੂਲਜ਼ ਦੇ ਅਧੀਨ ਗ੍ਰਿਫਤਾਰ ਕਰਕੇ 31 ਦਸੰਬਰ, 1940 ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਲਿਆ ਕੇ ਬੰਦ ਕਰ ਦਿੱਤਾ। ਉਪਰੰਤ ਮਈ 1945 ਤੱਕ ਪੰਜ ਸਾਲ ਲਈ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਸ਼ਾਹੀ ਕੈਦੀ ਵਜੋਂ ਰੱਖਿਆ ਗਿਆ ਅਤੇ ਫੇਰ ਰਿਹਾਅ ਕਰਕੇ ਇੱਕ ਸਾਲ ਲਈ ਪਿੰਡ ਦੀ ਹੱਦ ਅੰਦਰ ਨਜ਼ਰਬੰਦ ਕਰਕੇ ਰੱਖਿਆ ਸੀ।

ਜੇਲ੍ਹ ਤੋਂ ਰਿਹਾਈ ਪਿੱਛੋਂ ਸ. ਮਹਿਮਾ ਸਿੰਘ ਧਾਲੀਵਾਲ ਕਾਂਗਰਸ ਦੀ ਜਥੇਬੰਦੀ ਵਿੱਚ ਸਰਗਰਮ ਹੋ ਗਏ ਅਤੇ ਮੁੱਲਾਂਪੁਰ ਗਰੀਬਦਾਸ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਅਤੇ ਖਰੜ ਤਹਿਸੀਲ ਵਿੱਚ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹੇ। ਸਬ ਡਿਵੀਜ਼ਨ ਰੋਪੜ ਵਿੱਚ ਪੁਲਿਸ ਦੀਆਂ ਜਿਆਦਾਤੀਆਂ ਅਤੇ ਰਿਸ਼ਵਤ ਨੂੰ ਰੋਕਣ ਲਈ ਐਂਟੀ ਕੁਰੱਪਸ਼ਨ ਕਮੇਟੀ ਬਣਾਈ ਗਈ, ਜਿਸ ਦੇ ਉਹ ਜਨਰਲ ਸਕੱਤਰ ਬਣੇ। ਇਸ ਤੋਂ ਇਲਾਵਾ ਮੁੱਲਾਂਪੁਰ ਗਰੀਬਦਾਸ ਪਿੰਡ ਦੇ ਸਰਪੰਚ ਵਜੋਂ ਵੀ ਉਹਨਾਂ ਵੱਲੋਂ ਸੇਵਾ ਨਿਭਾਈ ਗਈ। 1946 ਵਿੱਚ ਉਹਨਾਂ ਵੱਲੋਂ ਸ੍ਰੀ ਗੌਰੀ ਸੰਕਰ ਲਟਾਵਾ ਅਤੇ ਮਹਾਤਮਾ ਲਾਹੌਰੀ ਰਾਮ ਪੰਚਾਇਤ ਮੈਂਬਰਾਂ ਨਾਲ ਮਿਲ ਕੇ ਲਾਇਬਰੇਰੀ ਪਿੰਡ ਵਿੱਚ ਬਣਾਈ। ਸ. ਮਹਿਮਾ ਸਿੰਘ ਧਾਲੀਵਾਲ ਨੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਸ਼ਮੂਲੀਅਤ ਕਰਕੇ ਇਸ ਨਗਰ ਦਾ ਨਾਮ ਉੱਚਾ ਕੀਤਾ।

1925-26 ਵਿੱਚ ਸ. ਮਹਿਮਾ ਸਿੰਘ ਧਾਲੀਵਾਲ ਦੇ ਪਿਤਾ ਸ. ਤੇਜਾ ਸਿੰਘ ਧਾਲੀਵਾਲ ਖਰੜ ਤਹਿਸੀਲ ਦੇ ਅਕਾਲੀ ਜੱਥੇ ਦੇ ਮੋਹਰੀ ਆਗੂਆਂ ਵਿੱਚ ਵਿਚਰਦੇ ਸਨ। ਉਸ ਵੇਲੇ ਅਕਾਲੀ ਅਤੇ ਕਾਂਗਰਸੀ ਇਕੱਠੇ ਹੋ ਕੇ

ਮੀਟਿੰਗਾਂ ਕਰਦੇ ਹੁੰਦੇ ਸਨ ਅਤੇ ਉਹਨਾਂ ਦਾ ਆਉਣ ਜਾਣਾ ਲੱਗਿਆ ਰਹਿੰਦਾ ਸੀ। ਉਦੋਂ ਕਾਂਗਰਸੀ ਅਤੇ ਅਕਾਲੀ ਮਿਲ ਕੇ ਇੱਕ ਪਲੇਟਫਾਰਮ ਤੇ ਹੀ ਜਲਸੇ ਕਰਦੇ ਹੁੰਦੇ ਸਨ ਕਿਉਂਕਿ ਦੋਹਾਂ ਦਾ ਮਿਸ਼ਨ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣਾ ਸੀ। 1946 ਵਿੱਚ ਜਦੋਂ ਅਸੈਂਬਲੀ ਦੀਆਂ ਚੋਣਾਂ ਹੋਈਆਂ ਤਾਂ ਮੁਕਾਬਲਾ ਗੁਰਬਖ਼ਸ਼ ਸਿੰਘ ਐਡਵੋਕੇਟ ਅੰਬਾਲਾ ਅਤੇ ਬਲਦੇਵ ਸਿੰਘ ਦੁੱਮਣਾ ਵਿਚਕਾਰ ਸੀ, ਤਾਂ ਬਲਦੇਵ ਸਿੰਘ ਚੋਣ ਜਿੱਤੇ। 1947 ਦੀ ਅਜ਼ਾਦੀ ਤੋਂ ਬਾਅਦ ਬਲਦੇਵ ਸਿੰਘ ਸੈਂਟਰ ਦੀ ਪਹਿਲੀ ਕੈਬਨਿਟ ਵਿੱਚ ਵਜ਼ੀਰ ਬਣੇ ਅਤੇ ਮੁੱਲਾਂਪੁਰ ਦੇ ਨੇੜੇ ਰਾਜਧਾਨੀ ਚੰਡੀਗੜ੍ਹ ਵਸਾਉਣ ਵਿੱਚ ਬਹੁਤ ਯੋਗਦਾਨ ਪਾਇਆ।

ਮੁੱਲਾਂਪੁਰ ਗਰੀਬਦਾਸ ਦਾ ਹੱਦਬਸਤ ਨੰਬਰ 342 ਹੈ ਅਤੇ ਇਸ ਪਿੰਡ ਦੀ ਖੇਵਟ ਲਗਭਗ ਪੰਜ ਹਜ਼ਾਰ ਬਿੱਘੇ ਹੈ ਅਤੇ 2800 ਬਿੱਘੇ ਦੇ ਕਰੀਬ ਮੁਤਨਾਜਾ ਸ਼ਾਮਲਾਤ ਹੈ ਜੋ ਚਰਾਂਦ ਹੁੰਦੀ ਸੀ। ਹੁਣ ਮੁੱਲਾਂਪੁਰ ਦੀ ਕੋਈ ਡੇਢ ਸੌ ਏਕੜ ਜ਼ਮੀਨ ਈਕੋ ਸਿਟੀ-1 'ਚ ਹਨ। ਇੱਕ ਸੌ ਏਕੜ ਦੇ ਕਰੀਬ ਰਕਬਾ ਮੈਡੀ ਸਿਟੀ ਵਿੱਚ ਆ ਚੁੱਕਾ ਹੈ ਜਿਥੇ ਨਿਊ ਚੰਡੀਗੜ੍ਹ ਦਾ ਮੁੱਢ ਬੱਝਾ ਹੈ। ਮੁੱਲਾਂਪੁਰ ਦਾ ਬੰਨਾ 11 ਪਿੰਡਾਂ ਨਾਲ ਲੱਗਦਾ ਹੈ। ਇਸ ਦੇ ਚੜ੍ਹਦੇ ਪਾਸੇ ਜੈਂਤੀਮਾਜਰੀ, ਸਿੰਗਾਰੀਵਾਲਾ, ਛਿਪਦੇ ਪਾਸੇ ਰਤਵਾੜਾ, ਪੈਂਤਪੁਰ, ਚਾਹੜਮਾਜਰਾ, ਸਲਾਮਤਪੁਰ, ਉੱਤਰ ਦਿਸ਼ਾ ਵੱਲ ਫਿਰੋਜ਼ਪੁਰ, ਪੜੌਲ, ਭੜੌਂਜੀਆਂ ਅਤੇ ਦੇਵੀ ਨਗਰ (ਬੇਚਿਰਾਗ ਮੌਜਾ ਜੋ ਹੁਣ ਈਕੋ ਸਿਟੀ-1 ਵਿੱਚ ਆ ਚੁੱਕਾ ਹੈ) ਅਤੇ ਦੱਖਣ ਵੱਲ ਮਿਲਖ, ਮਸਤਗੜ੍ਹ, ਸਾਰੰਗਪੁਰ, ਧਨੌੜਾ ਪਿੰਡ ਵੱਸਦੇ ਹਨ। ਮੁੱਲਾਂਪੁਰ ਨਗਰ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਅਤੇ ਪੀਜੀਆਈ ਹਸਪਤਾਲ ਤੋਂ ਸਿਰਫ਼ 5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਚੰਡੀਗੜ੍ਹ ਤੋਂ ਕੁਰਾਲੀ ਜਾਂਦੀ ਸੜਕ ਤੇ ਪੰਜਾਬ ਵਿੱਚ ਦਾਖਲ ਹੁੰਦੇ ਸਾਰ ਸਭ ਤੋਂ ਪਹਿਲਾਂ ਮੁੱਲਾਂਪੁਰ ਗਰੀਬਦਾਸ ਨਗਰ ਆਉਂਦਾ ਹੈ। ਇਥੋਂ ਖਰੜ ਨੂੰ ਵੀ ਸੜਕ ਜਾਂਦੀ ਹੈ ਅਤੇ ਕੁਰਾਲੀ ਵਾਲੀ ਸੜਕ ਅੱਗੇ ਜਾ ਕੇ ਮਾਜਰਾ ਟੀ-ਪੁਆਇੰਟ ਤੋਂ ਬੱਦੀ ਵੱਲ ਨੂੰ ਨਿਕਲ ਜਾਂਦੀ ਹੈ।

* * *

# ਮਨੀਮਾਜਰਾ ਦਾ ਇਤਿਹਾਸਕ ਪਿਛੋਕੜ-ਇੱਕ ਝਾਤ

-ਇੰਜ. ਜਸਵੀਰ ਸਿੰਘ
ਮੋ. 9814101552

ਮਨੀਰਾਮ ਦੇ ਨਾਮ 'ਤੇ 1515 ਈ. 'ਚ ਵਸਿਆ ਮਨੀਮਾਜਰਾ ਅਖਵਾਉਂਦਾ ਹੈ। ਮਨੀਮਾਜਰਾ ਇਸ ਵੇਲੇ ਯੂਟੀ ਚੰਡੀਗੜ੍ਹ ਦਾ ਨਵਾਂ ਵਿਕਸਤ ਹੋ ਰਿਹਾ ਸ਼ਹਿਰ ਬਣ ਗਿਆ ਹੈ। ਪੰਜਾਬੀ ਸੂਬਾ (1966) ਬਣਨ ਤੋਂ ਪਹਿਲਾਂ ਇਹ ਪੰਜਾਬ ਦਾ ਇੱਕ ਪ੍ਰਸਿੱਧ ਨਗਰ ਰਿਹਾ ਤੇ ਜ਼ਿਲ੍ਹਾ ਅੰਬਾਲਾ ਦਾ ਇੱਕ ਵਪਾਰਕ ਕੇਂਦਰ ਨਗਰ ਅਖਵਾਇਆ ਜਾਂਦਾ ਸੀ। ਅਤੀਤ ਦੱਸਦਾ ਹੈ ਕਿ ਗੰਗਾਰਾਮ ਦੇ ਪੁੱਤਰ ਗਰੀਬਦਾਸ ਨੇ ਸੰਮਤ 1821 ਵਿੱਚ 48 ਹੋਰ ਪਿੰਡਾਂ ਸਮੇਤ ਜਿੱਤ ਕੇ ਆਪਣੀ ਰਾਜਧਾਨੀ ਥਾਪਿਆ। ਇਸ ਰਿਆਸਤ ਦਾ ਰਕਬਾ 52 ਹਜ਼ਾਰ ਵਿੱਘੇ ਸੀ। ਗਰੀਬਦਾਸ ਦੇ ਮਰਨ ਉਪਰੰਤ ਗੋਪਾਲ ਸਿੰਘ ਮਨੀਮਾਜਰੇ ਦਾ ਰਈਅਸ ਬਣਿਆ ਜਿਸ ਨੂੰ ਉਦੋਂ ਅੰਗਰੇਜ਼ੀ ਸਰਕਾਰ ਨੇ ਰਾਜਾ ਦੀ ਪਦਵੀ ਦਿੱਤੀ। ਗੋਪਾਲ ਸਿੰਘ ਦਾ ਪੁੱਤਰ ਹਮੀਰ ਸਿੰਘ ਤੇ ਉਸ ਦਾ ਪੁੱਤਰ ਗੋਵਰਧਨ ਸਿੰਘ ਤੇ ਉਸ ਦਾ ਪੁੱਤਰ ਗੁਰਬਖ਼ਸ਼ ਸਿੰਘ ਤੇ ਉਸ ਦਾ ਪੁੱਤਰ ਭਗਵਾਨ ਸਿੰਘ ਹੋਇਆ। ਭਗਵਾਨ ਸਿੰਘ ਦੀ ਕੋਈ ਔਲਾਦ ਨਹੀਂ ਸੀ। ਫਿਰ ਇਹ ਰਿਆਸਤ ਅੰਗਰੇਜ਼-ਸਰਕਾਰ ਨੇ ਜਬਤ ਕਰ ਲਈ। ਮਨੀਮਾਜਰਾ ਨਾਲ ਰਿਆਸਤ ਨਾਭੇ ਦੀ ਸਾਕਦਾਰੀ ਰਹੀ। ਮਨੀਮਾਜਰੇ ਦੇ ਕਿਲ੍ਹੇ ਦਾ ਵੀ ਆਪਣਾ ਇਤਿਹਾਸ ਹੈ ਜਿਸ ਨੂੰ ਫਰੀਦਕੋਟ ਦੇ ਰਾਜੇ ਨੂੰ ਵਿਆਹ 'ਚ ਦਿੱਤਾ ਗਿਆ ਸੀ। ਹੁਣ ਇਹ ਕਿਲ੍ਹਾ ਖੰਡਰ ਦਾ ਰੂਪ ਧਾਰ ਗਿਆ ਹੈ ਜਿਸ ਦੇ ਬਾਰੇ ਵੱਖਰੇ ਤੌਰ 'ਤੇ ਗੱਲ ਕੀਤੀ ਜਾ ਸਕਦੀ ਹੈ।

ਕਿਸੇ ਸਮੇਂ ਸੁਖਨਾ ਨਦੀ ਅਤੇ ਘੱਗਰ ਦਰਿਆ ਦੇ ਵਿਚਕਾਰਲੇ ਖੇਤਰ ਨੂੰ ਨੈਲੀ ਕਿਹਾ ਜਾਂਦਾ ਸੀ। ਮਨੀਮਾਜਰਾ ਦੀਆਂ ਪੰਜ ਕੂਲ੍ਹਾਂ ਕਾਰਨ ਹੀ ਇਸ ਨਗਰ ਦਾ ਨਾਮ ਪੰਚਕੂਲਾ ਪਿਆ। ਘੱਗਰ ਦਰਿਆ ਦੇ ਉੱਤਰ ਵਾਲੇ ਹਿੱਸੇ 'ਤੇ ਬੰਨ੍ਹ ਮਾਰ ਕੇ ਪੰਜ ਕੂਲਾਂ ਕੱਢੀਆਂ ਗਈਆਂ ਸਨ। ਪੰਚਕੂਲਾ ਦੀ ਗੁਰੂ ਕੁਲ ਪਾਠਸ਼ਾਲਾ ਬਹੁਤ ਪੁਰਾਣੀ ਸੰਸਥਾ ਹੁੰਦੀ ਸੀ। ਇਹ ਸਿੱਖਿਆ ਦਾ ਕੇਂਦਰ ਸੀ। ਕਮਾਲ ਦੀ ਗੱਲ ਹੈ ਕਿ ਪੁਰਾਣੀ ਸ਼ਿਮਲਾ ਰੋਡ ਤੇ ਅੰਬਾਲਾ ਰੋਡ ਦੀ ਇੱਥੇ ਟੀ ਬਣਦੀ ਸੀ ਤੇ ਇੱਥੇ ਆਵਾਜਾਈ ਬੜੀ ਹੁੰਦੀ ਸੀ। ਕੂਲ੍ਹ ਸੰਸਕ੍ਰਿਤ ਦਾ ਸ਼ਬਦ ਹੈ

ਜਿਸ ਦਾ ਅਰਥ ਛੋਟੀ ਨਦੀ ਜਾਂ ਨਾਲਾ ਹੈ। "ਜਾਇ ਗਲਿਓ ਢਲਿ ਕੂਲਿ।" (ਸਲੋਕ ਕਬੀਰ) ਮਨੀਮਾਜਰਾ ਕਿਸੇ ਸਮੇਂ ਕੂਲ੍ਹਾਂ ਦੇ ਪਾਣੀ ਨਾਲ ਚੱਲਣ ਵਾਲੀਆਂ ਪਣ-ਚੱਕੀਆਂ ਰਾਹੀਂ ਆਟਾ ਪੀਸਣ ਦਾ ਕੰਮ ਲਿਆ ਜਾਂਦਾ ਸੀ ਜਿਸ ਨੂੰ ਘਰਾਟ (ਘਰਾਠ) ਕਰਕੇ ਜਾਣਿਆ ਜਾਂਦਾ ਸੀ। ਪੁਆਧ ਖੇਤਰ 'ਚੋਂ ਪਿੰਡਾਂ ਦੇ ਲੋਕ ਆਪਣੇ ਗੱਡਿਆਂ ਤੇ ਮਨੀਮਾਜਰਾ ਘਰਾਟਾਂ 'ਤੇ ਆਟਾ ਪਸਾਉਣ ਆਉਂਦੇ ਸਨ ਤੇ ਦੋ ਤਿੰਨ ਦਿਨ ਠਹਿਰਦੇ ਸਨ। ਘਰਾਟਾਂ ਦਾ ਪੀਸਿਆ ਆਟਾ ਬਹੁਤ ਪਸੰਦ ਕੀਤਾ ਜਾਂਦਾ ਸੀ। ਹੁਣ ਇਹ ਘਰਾਟ ਬੰਦ ਹੋ ਚੁੱਕੇ ਹਨ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਆਟਾ ਚੱਕੀਆਂ ਚੱਲ ਪਈਆਂ ਹਨ। ਘਰਾਟਾਂ 'ਤੇ ਆਟਾ ਪਸਾਉਣ ਦਾ ਇਕ ਵੱਖਰਾ ਹੀ ਰੰਗ ਤੇ ਸਭਿਆਚਾਰ ਹੁੰਦਾ ਸੀ। ਭੁਪਿੰਦਰ ਸਿੰਘ ਮਟੌਰੀਆ ਨੇ ਆਪਣੀ ਪੁਸਤਕ 'ਪੁਆਧ ਕੇ ਘਰਾਟਾਂ ਕਾ ਆਟਾ' ਵਿੱਚ ਇਸੇ ਲੋਕ-ਜੀਵਨ ਬਾਰੇ ਜਾਣਕਾਰੀ ਦਿੱਤੀ ਹੈ।

ਮਨੀਮਾਜਰਾ ਬੜਾ ਉਪਜਾਊ ਖੇਤਰ ਸੀ। ਹਰੀ ਮਿਰਚ ਦੀ ਖੇਤੀ ਬਹੁਤ ਹੁੰਦੀ ਸੀ ਤੇ ਇਸ ਦਾ ਵਪਾਰ ਖਰੜ, ਰੋਪੜ ਤੇ ਸਰਹਿੰਦ ਤੱਕ ਹੁੰਦਾ ਸੀ। ਟਮਾਟਰ, ਟਿੰਡੇ, ਫੁੱਟਾਂ, ਗੋਭੀ, ਖ਼ਰਬੂਜ਼ਾ ਤੇ ਤਰਬੂਜ਼ ਦੀਆਂ ਫ਼ਸਲਾਂ ਹੁੰਦੀਆਂ ਸਨ। ਕਣਕ, ਮੱਕੀ, ਕਮਾਦ, ਬਾਜਰਾ, ਚੌਲ (ਚਹੌੜਾ) ਚਣੇ ਤੇ ਦਾਲਾਂ ਦੀ ਖੇਤੀ ਮੰਨੀ ਹੋਈ ਸੀ। ਚਿੜੀ ਬਟਣਾ ਬਹੁਤ ਹੁੰਦਾ ਸੀ। ਇਹ ਪਸ਼ੂਆਂ ਲਈ ਤੇ ਕਈ ਦਵਾਈਆਂ ਦੇ ਕੰਮ ਆਉਂਦਾ ਸੀ। ਦੱਬ ਤੇ ਮੁੰਜ ਬਹੁਤ ਹੁੰਦੀ ਸੀ। ਇੱਕ ਬੋਲੀ ਮਸ਼ਹੂਰ ਸੀ : ਮੁੰਜ ਬੱਬੜ੍ਹ ਦਾ ਸੌਦਾ, ਦਰਸ਼ਨ ਦੇਵੀ ਕੇ। ਮਨਸ਼ਾ ਦੇਵੀ ਦਾ ਮੇਲਾ ਵੇਖਣ ਆਉਂਦੇ ਲੋਕ, ਇਹ ਬੋਲੀ ਅਕਸਰ ਸੁਣਾਉਂਦੇ ਹੁੰਦੇ ਸਨ। ਇੱਕ ਹੋਰ ਗੱਲ ਇਹ ਵੀ ਸੀ ਕਿ ਕੂਲਾਂ, ਦਾ ਪਾਣੀ ਪੀਣ ਕਰਕੇ ਇੱਥੋਂ ਦੇ ਲੋਕਾਂ ਨੂੰ ਗਿਲ੍ਹੜ ਦੀ ਬਿਮਾਰੀ ਹੋ ਜਾਂਦੀ ਸੀ। ਲੋਕ ਭੋਲੇ-ਭਾਲੇ ਹੁੰਦੇ ਸਨ। ਵਿੱਦਿਆ ਦੇ ਸਾਧਨ ਘੱਟ ਸਨ। ਮਨਸ਼ਾ ਦੇਵੀ ਦਾ ਮੇਲਾ ਇਸ ਇਲਾਕੇ ਦਾ ਪ੍ਰਮੁੱਖ ਮੇਲਾ ਸੀ। ਕੂਲ੍ਹਾਂ ਦੇ ਪਾਣੀ ਰਾਹੀਂ ਇਸ ਇਲਾਕੇ ਦੀ ਖੇਤੀਬਾੜੀ ਲਈ ਸਿੰਜਾਈ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਸੀ। ਹਰ ਕਿਸਾਨ ਦੀ ਜ਼ਮੀਨ ਦੇ ਰਕਬੇ ਅਨੁਸਾਰ ਕੂਲ੍ਹਾਂ ਤੋਂ ਸਿੰਜਾਈ ਦੀ ਵਾਰੀ ਹਫ਼ਤਾਵਾਰੀ ਹੁੰਦੀ ਸੀ। ਕੂਲ੍ਹਾਂ ਦੀ ਸਾਫ਼-ਸਫਾਈ ਵਾਸਤੇ ਬੰਨ੍ਹ ਲੱਗਣ ਤੋਂ ਪਹਿਲਾਂ ਜ਼ਿਮੀਦਾਰਾਂ ਨੂੰ ਆਬਤ ਲਾਉਣੀ ਪੈਂਦੀ ਸੀ ਜਾਂ ਮਜ਼ਦੂਰਾਂ ਨੂੰ ਪੈਸੇ ਦੇਣੇ ਪੈਂਦੇ ਸਨ। ਜ਼ਿਮੀਦਾਰਾਂ ਨੂੰ ਏਰੀਆ ਮਿਣ ਕੇ ਦਿੱਤਾ ਜਾਂਦਾ ਸੀ ਤੇ ਸਬੰਧਤ ਦਰੋਗਾ ਸ਼ਾਮੀ ਚੈੱਕ ਕਰਦਾ ਸੀ, ਜੇ ਕੋਈ ਝਗੜਾ ਹੋਣਾ

ਤਾਂ ਉਹ ਦਰੋਗੇ ਨੇ ਹੀ ਫੈਸਲਾ ਕਰ ਕੇ ਹੱਲ ਕਰਨਾ ਹੁੰਦਾ ਸੀ। ਦਰੋਗੇ ਦਾ ਦਰਜਾ ਪਟਵਾਰੀ ਵਾਲਾ ਹੁੰਦਾ ਸੀ। ਇਹ ਕੂਲ੍ਹਾਂ, ਲਗਭਗ ਰਾਜਪੁਰੇ ਤੱਕ ਚੱਲਦੀਆਂ ਸਨ। ਕੂਲ੍ਹਾਂ ਦੇ ਪਾਣੀ ਦੇਣ ਦਾ ਕਾਰਜ ਵੀ ਦਰੋਗੇ ਕੋਲ ਹੁੰਦਾ ਸੀ। ਸਤੰਬਰ ਤੋਂ ਗਰਮੀਆਂ ਤੱਕ ਇਹ ਕੂਲ੍ਹਾਂ ਸਿੰਜਾਈ ਕਰਦੀਆਂ ਸਨ। ਇਸ ਖੇਤਰ ਦੇ ਮੈਸਾ ਟਿੱਬਾ, ਬੁੱਢਣਪੁਰ, ਸਕੇਤੜੀ, ਮਨੀਮਾਜਰਾ, ਮੌਲੀ ਜਗਰਾਂ ਭਾਵ 22 ਪਿੰਡਾਂ ਦੀ ਜ਼ਮੀਨ ਦੀ ਸ਼ਿੰਜਾਈ ਦਾ ਮੁਫ਼ਤ ਸਾਧਨ, ਇਹ ਪੰਜ ਕੂਲ੍ਹਾਂ ਹੀ ਸਨ। ਕੂਲ੍ਹਾਂ ਦੇ ਦੋਵੇਂ ਕਿਨਾਰਿਆਂ 'ਤੇ ਅੰਬਾਂ ਦੀਆਂ ਕਤਾਰਾਂ ਹੁੰਦੀਆਂ ਸਨ। ਦੋ ਕੀਲੇ ਲੰਬੀਆਂ ਅਰਥਾਤ ਤਿੰਨ ਸੌ ਫੁੱਟ ਚੌੜੀਆਂ ਅੰਬਾਂ ਦੀਆਂ ਪਲੀਦਾਂ (ਕਤਾਰਾਂ) ਹੁੰਦੀਆਂ ਸਨ ਜਿਸ ਨੂੰ ਅੰਬਾਂ ਦੀ ਬੈਲਟ ਕਿਹਾ ਜਾਂਦਾ ਸੀ। ਹਜ਼ਾਰ ਸਾਲਾਂ ਤੱਕ ਦੇ ਪੁਰਾਣੇ ਅੰਬਾਂ ਦੇ ਦਰਖ਼ਤ ਹੁੰਦੇ ਸਨ। ਉਸ ਵੇਲੇ ਮਨੀਮਾਜਰਾ ਵਪਾਰ ਦਾ ਵੱਡਾ ਕੇਂਦਰ ਸੀ। ਚੰਡੀਮੰਦਰ ਆਪਣੀ ਪ੍ਰਾਚੀਨ ਮਹੱਤਤਾ ਕਰਕੇ ਇਤਿਹਾਸ ਵਿੱਚ ਵੱਖਰੀ ਮਹੱਤਤਾ ਰੱਖਦਾ ਹੈ। ਚੰਡੀਗੜ੍ਹ ਸ਼ਹਿਰ ਵੱਸਣ ਕਰਕੇ ਹੁਣ ਇਹ ਇਲਾਕਾ ਆਧੁਨਿਕ-ਸਹੂਲਤਾਂ ਨਾਲ ਵਿਕਸਤ ਹੋ ਗਿਆ ਹੈ ਤੇ ਨਵੀਨ-ਯੁੱਗ ਦਾ ਪ੍ਰਤੀਕ ਬਣ ਗਿਆ ਹੈ। ਸ਼ਿੰਗਾਰਪੱਟੀ ਗਹਿਣੇ ਵਾਂਗ ਇਸ ਖੇਤਰ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਰਮਣੀਕ ਹਰਿਆਵਲ ਦੀ ਸੁੰਦਰਤਾ ਪ੍ਰਦਾਨ ਕਰਦੀਆਂ ਹਨ। ਸਾਵਣ ਦੇ ਮਹੀਨੇ ਕੁਦਰਤ ਦੇ ਦ੍ਰਿਸ਼ ਬਹੁਤ ਮਨ-ਮੋਹਕ ਹੁੰਦੇ ਸਨ। ਜੰਗਲੀ ਜਾਨਵਰਾਂ 'ਚ ਬਾਂਦਰਾਂ ਦੀ ਭਰਮਾਰ ਬਹੁਤ ਹੁੰਦੀ ਸੀ। ਪੰਜੌਰ ਗਾਰਡਨ ਅਤੇ ਕਾਲਕਾ-ਸ਼ਿਮਲਾ ਨੂੰ ਜਾਣ ਵਾਲੇ ਸੈਲਾਨੀ ਇੱਥੋਂ ਦੀ ਹੋ ਕੇ ਹੀ ਲੰਘਦੇ ਸਨ।

ਮਨੀਮਾਜਰਾ ਨੇੜੇ ਕੋਈ ਹਸਪਤਾਲ ਨਹੀਂ ਸੀ ਹੁੰਦਾ। ਉਦੋਂ ਇੱਥੇ ਬੜੇ ਮਾਹਰ ਵੈਦ ਤੇ ਹਕੀਮ ਹੁੰਦੇ ਸਨ ਜੋ ਲੋਕਾਂ ਦੀਆਂ ਬਿਮਾਰੀਆਂ ਦਾ ਇਲਾਜ ਦੇਸੀ ਦਵਾਈਆਂ ਨਾਲ ਕਰਦੇ ਸਨ। ਕੱਪੜਿਆਂ ਦੀ ਠੱਪਿਆਂ ਨਾਲ ਛਪਾਈ ਦਾ ਕੰਮ ਕਾਰੀਗਰ ਕਰਦੇ ਹੁੰਦੇ ਸਨ ਤੇ ਸੂਤੀ ਕੱਪੜਿਆਂ 'ਤੇ ਇਹ ਕੰਮ ਬਹੁਤ ਹੁੰਦਾ ਸੀ। ਇੱਕ ਬਜ਼ਾਰ ਪਿੱਤਲ ਦੇ ਭਾਂਡੇ ਬਣਾਉਣ ਵਾਲੇ ਠਠੇਰਿਆਂ ਦਾ ਹੁੰਦਾ ਸੀ। ਵਿਆਹ-ਸ਼ਾਦੀਆਂ ਵੇਲੇ ਬਹੁਤ ਵਿਕਰੀ ਹੁੰਦੀ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮਣਸ਼ਾ ਦੇਵੀ ਦਾ ਮੇਲਾ ਤਿੰਨ ਦਿਨ ਲੱਗਦਾ ਸੀ ਤੇ ਇਸ ਮੌਕੇ ਮਨੀਮਾਜਰਾ ਸੱਤ ਦਿਨ ਮੁੰਡੂਆਂ ਰਾਹੀਂ ਮਨੋਰੰਜਨ ਹੁੰਦਾ ਸੀ ਇਸ ਨੂੰ ਸਿਨੇਮਾ ਟੂਰਿੰਗ ਟਾਕੀ ਵਾਲੇ ਵੀ ਕਿਹਾ ਜਾਂਦਾ ਸੀ ਤੇ ਉਸ ਵੇਲੇ ਚਾਰ ਆਨੇ

ਟਿਕਟ ਹੁੰਦਾ ਸੀ। ਸਿਨਮਾ ਟਾਕੀ ਲਈ ਟੀਨ ਦੀਆਂ ਚਾਦਰਾਂ ਲਾ ਕੇ ਪੰਡਾਲ ਬਣਾਏ ਜਾਂਦੇ ਸਨ ਤੇ ਲੋਕਾਂ 'ਚ ਸਿਨਮਾ ਵੇਖਣ ਲਈ ਬਹੁਤ ਉਤਸ਼ਾਹ ਹੁੰਦਾ ਸੀ। ਇਸ ਸਮੇਂ ਚੰਡੀਗੜ੍ਹ ਸੈਕਟਰ 26 ਦੀ ਗਰੇਨ ਮਾਰਕਿਟ ਵਿੱਚ ਬਹੁਤੇ ਦੁਕਾਨਦਾਰਾਂ ਦੇ ਸ਼ੋ-ਰੂਮ, ਮਨੀਮਾਜਰਾ ਦੇ ਪੁਰਾਣੇ ਵਪਾਰੀਆਂ ਦੇ ਹੀ ਹਨ। ਚੰਡੀਗੜ੍ਹ ਤੇ ਹਰਿਆਣਾ ਪ੍ਰਾਂਤ ਬਣਨ ਕਾਰਨ ਇਸ ਖੇਤਰ ਦੀ ਨੁਹਾਰ ਤੇ ਮੁਹਾਂਦਰਾ ਹੀ ਬਦਲ ਗਿਆ ਹੈ, ਨਵੀਂ ਮਾਰਕਿਟ, ਨਵੇਂ ਅਦਾਰੇ, ਨਵੀਆਂ ਕੋਠੀਆਂ, ਸਰਕਾਰੀ/ਗੈਰ-ਸਰਕਾਰੀ ਦਫ਼ਤਰ, ਨਵੀਆਂ ਸੜਕਾਂ, ਪੁਲ ਤੇ ਕਿੰਨਾ ਕੁਝ ਹੋਰ ਬਣਨ ਨਾਲ ਇਹ ਖੇਤਰ ਜਗਮਗਾ ਉੱਠਿਆ ਹੈ। ਜੇ ਪਿਛਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇੱਥੇ 40-50 ਘਰ ਚੰਗਾ ਖੁਸ਼ਹਾਲ ਜੀਵਨ ਬਤੀਤ ਕਰਦੇ ਸਨ। ਪਿੰਡੇ ਭੋਜੇਮਾਜਰਾ (ਕੁਰਾਲੀ ਨੇੜੇ) ਦੇ 'ਢੱਲੂ' ਗੋਤ ਵਾਲਿਆਂ ਨੇ ਆ ਕੇ ਵਾਸਾ ਕੀਤਾ। ਲਾਂਡਰਾਂ ਨੇੜੇ ਰਾਏਪੁਰ ਤੋਂ 'ਛੜਾਣ' ਗੋਤ ਵਾਲੇ ਪਰਿਵਾਰਾਂ ਨੇ ਵਸੇਬਾ ਕੀਤਾ। ਕਿਸੇ ਸਮੇਂ ਮਨੀਮਾਜਰਾ ਦੇ ਕਿਲ੍ਹੇ ਤੋਂ ਮਾਤਾ ਮਣਸਾ ਦੇਵੀ ਮੰਦਿਰ ਨੂੰ ਮੱਥਾ ਟੇਕਣ ਲਈ ਰਾਜਾ ਗਰੀਬ ਦਾਸ ਬੱਘੀ ਵਿੱਚ ਬੈਠ ਕੇ ਜਾਂਦਾ ਹੁੰਦਾ ਸੀ, ਇਹ ਰਸਤਾ ਸੁਰੰਗ ਵਾਲਾ ਸੀ ਜਿਹੜਾ ਕਿਲ੍ਹੇ ਤੋਂ ਮੰਦਰ ਤੱਕ ਹੁੰਦਾ ਸੀ। ਮਨੀਮਾਜਰਾ 'ਚ ਲਗਭਗ ਗਿਆਰਾਂ ਖੂਹ ਹੁੰਦੇ ਸਨ। ਪੁਰਾਣੇ ਬਜ਼ੁਰਗਾਂ ਸੁਰਿਦਰ ਸਿੰਘ ਸਾਬਕਾ ਮੇਅਰ ਚੰਡੀਗੜ੍ਹ, ਨਗਰ ਨਿਗਮ, ਤੇਜਾ ਸਿੰਘ, ਕਾਹਨ ਚੰਦ, ਦਰਬਾਰਾ ਸਿੰਘ, ਕਰਮ ਸਿੰਘ, ਗੁਰਦਿਆਲ ਸਿੰਘ, ਬਹਾਦਰ ਸਿੰਘ, ਸਤਨਾਮ ਸਿੰਘ ਢਿੱਲੋਂ, ਆਲੀਮ ਮੁਹੰਮਦ, ਚੌਧਰੀ ਦਲਬੀਰ ਸਿੰਘ ਤੇ ਮੇਹਰ ਸਿੰਘ ਦੇ ਦੱਸਣ ਅਨੁਸਾਰ ਰੇਲਵੇ ਸਟੇਸ਼ਨ ਚੰਡੀਮੰਦਰ, ਟਰਾਂਸਪੋਰਟ ਖੇਤਰ, ਮੋਟਰ ਮਾਰਕਿਟ, ਪਾਵਰ ਹਾਊਸ, ਸ਼ਿਵਾਲਿਕ ਐਨਕਲੇਵ ਤੇ ਹੋਰ ਅਦਾਰੇ ਮਨੀਮਾਜਰਾ ਦੀ ਜ਼ਮੀਨ ਉੱਪਰ ਹੀ ਉਸਰੇ ਹਨ। ਚੰਡੀਗੜ੍ਹ ਕੈਪੀਟਲ ਪ੍ਰੋਜੈਕਟ ਇੱਟਾਂ ਦੇ ਭੱਠੇ ਸਭ ਤੋਂ ਪਹਿਲਾਂ ਮਨੀਮਾਜਰਾ ਹੀ ਬਣਾਏ ਗਏ ਸਨ। ਮਾਡਰਨ ਕੰਪਲੈਕਸ ਵੀ ਇਸੇ ਪਿੰਡ ਦੇ ਉਜਾੜਨ ਕਰਕੇ ਵਸਿਆ। ਰਾਮਨਗਰ (ਭੰਗੀਮਾਜਰਾ) ਪਿੰਡ ਦੀ ਜ਼ਮੀਨ ਸੁਖਨਾ ਝੀਲ ਦੀ ਭੇਟ ਚੜ੍ਹੀ। ਪਿੰਡ ਵਿੱਚ ਬਿਜਲੀ 1958 'ਚ ਆਈ। ਪਿੰਡ ਦੀ ਪੰਚਾਇਤ 1952 ਵਿੱਚ ਅਜੀਤ ਸਿੰਘ ਦੀ ਸਰਪ੍ਰਸਤੀ ਵਿਚ ਬੱਝੀ।

ਦੁਖਾਂਤ ਦੀ ਗੱਲ ਇਹ ਹੈ ਕਿ ਜਦੋਂ ਚੰਡੀਗੜ੍ਹ ਵਸਾਉਣ ਲਈ ਇੱਥੋਂ ਦੇ ਪਿੰਡ ਨਗਲਾ, ਰੁੜਕੀ, ਕਾਲੀਬੜ, ਭੰਗੀਮਾਜਰਾ (ਰਾਮਨਗਰ) ਆਦਿਕ ਲੋਕਾਂ

ਨੂੰ ਮਨੀਮਾਜਰਾ ਜ਼ਮੀਨਾਂ ਤੇ ਵਸੇਬਾ ਦੀ ਅਲਾਟਮੈਂਟ ਕੀਤੀ ਗਈ ਸੀ, ਉਨ੍ਹਾਂ ਨੂੰ ਮੁੜ ਦੂਜੇ ਉਜਾੜੇ ਸਮੇਂ ਇੱਥੋਂ ਉੱਠਣਾ ਪਿਆ ਤੇ ਕਈ ਪਰਿਵਾਰਾਂ ਨੂੰ ਦੁੱਖ ਭੋਗਣ ਦੇ ਨਾਲ-ਨਾਲ ਮੁੜ ਪੈਰ ਪੱਕੇ ਕਰਨ ਲਈ ਠੋਕਰਾਂ ਹੀ ਖਾਣੀਆਂ ਪਈਆਂ। ਰਾਮਨਗਰ (ਭੰਗੀਮਾਜਰਾ) ਵਾਸੀਆਂ ਤੇ ਸਾਡੇ ਪਰਿਵਾਰ ਨੇ ਇਹ ਦੁਖਾਂਤ ਝੱਲਿਆ ਹੈ। ਸਿੱਖ ਇਤਿਹਾਸ ਨਾਲ ਸੰਬਧਤ ਮਾਤਾ ਰਾਜ ਕੌਰ ਦੇ ਨਾਮ 'ਤੇ ਪੁਰਾਣਾ ਗੁਰਦੁਆਰਾ ਮੰਜੀ ਸਾਹਿਬ ਵੀ ਸਥਿਤ ਹੈ। ਚਾਰ ਮਸਜਿਦਾਂ ਹਨ। ਉੱਤਰੀ ਭਾਰਤ ਦੀ ਸਭ ਤੋਂ ਵੱਡੀ ਟਰੱਕ ਮਾਰਕਿਟ ਲਈ ਮਨੀਮਾਜਰਾ ਮਸ਼ਹੂਰ ਹੈ। ਇਹ ਵੀ ਪਤਾ ਲੱਗਿਆ ਕਿ ਮਾਤਾ ਰਾਜ ਕੌਰ ਦੇ ਨਾਮ ਦੀ ਜ਼ਮੀਨ 100 ਬੀਘੇ ਪਿੰਡ ਰਾਮਨਗਰ (ਭੰਗੀਮਾਜਰਾ) ਹੁੰਦੀ ਸੀ।

* * *

# ਪਿੰਡ ਬੰਨ੍ਹਮਾਜਰਾ ਪ੍ਰਾਪਤੀਆਂ ਦਾ ਇਤਿਹਾਸ

-ਮਨਮੋਹਨ ਸਿੰਘ ਦਾਊਂ

ਕੁਰਾਲੀ ਤੋਂ ਰੇਲਵੇ-ਲਾਇਨ ਦਾ ਪੁਲ ਲੰਘ ਕੇ ਰੋਪੜ ਨੂੰ ਜਾਂਦੀ ਹਾਈਵੇ 'ਤੇ ਚਾਰ ਕਿਲੋਮੀਟਰ ਦੂਰੀ 'ਤੇ ਖੱਬੇ ਹੱਥ ਬੰਨ੍ਹਮਾਜਰਾ ਪਿੰਡ ਆਪਣੀ ਕਥਾ ਸੁਣਾਉਂਦਾ ਹੈ, ਜਿਸ ਦੇ ਉੱਤਰ-ਪੱਛਮ ਵੱਲ ਸਿਸਵਾਂ ਨਦੀ ਵਗਦੀ ਹੈ ਜਿਸ 'ਤੇ ਪੁਲ ਲੱਗਣ ਨਾਲ ਇਸ ਪਿੰਡ ਦੇ ਚੌਹੀਂ ਪਾਸੀਂ ਨਵੀਆਂ ਆਬਾਦੀਆਂ ਵਸ ਗਈਆਂ ਹਨ। ਕਦੇ ਇਸ ਪਿੰਡ ਦਾ ਜ਼ਿਲ੍ਹਾ ਅੰਬਾਲਾ ਅਤੇ ਤਹਿਸੀਲ ਖਰੜ ਹੁੰਦੀ ਸੀ। ਹੁਣ ਜ਼ਿਲ੍ਹਾ ਰੂਪਨਗਰ ਦੇ ਚਮਕੌਰ ਸਾਹਿਬ ਹਲਕੇ ਨਾਲ ਸਬੰਧਿਤ ਹੈ। ਇਹ ਦੋ ਪਿੰਡਾਂ ਦੇ ਸੁਮੇਲ ਬੰਨ੍ਹਮਾਜਰਾ ਤੇ ਮਠਾੜੀ (ਬੇਚਰਾਗ ਮੌਜਾ) ਦੀ ਯਾਦ 'ਚ ਕਿਸੇ ਸਮੇਂ ਵਣਜਾਰਿਆਂ ਨੇ ਬੰਨ੍ਹਿਆ ਸੀ। ਹੱਦਬਸਤ 123 ਤੇ 124 ਹੈ। ਆਬਾਦੀ ਇਕ ਹਜ਼ਾਰ ਦੇ ਕਰੀਬ ਹੈ ਤੇ ਵਰਤਮਾਨ ਰਿਕਾਰਡ 'ਚ 600 ਵੋਟਰ ਹਨ। ਇਸ ਦੇ ਗੁਆਂਢੀ ਪਿੰਡ ਪਪਰਾਲੀ, ਸੋਡਲ ਬਾਬਾ, ਚਟੌਲੀ, ਝੰਜੇੜੀ ਤੇ ਭਾਗੋਆਲ ਹਨ। ਲੋਕਾਂ ਦੇ ਗੋਤ ਮਾਵੀ, ਸਰਾਓ, ਹੀਰਾ, ਮੁੰਡੀ ਹਨ। ਹਰ ਵਰਨ ਤੇ ਜਾਤੀ ਦੇ ਲੋਕ ਇਸ ਪਿੰਡ ਦੀ ਸਾਂਝੀਵਾਲਤਾ ਦਾ ਸੁਨੇਹਾ ਦੇਂਦੇ ਹਨ ਜਿਵੇਂ ਜ਼ਿਮੀਦਾਰ, ਤਰਖਾਣ, ਲੁਹਾਰ, ਕਹਾਰ, ਨਾਈ, ਬਾਲਮੀਕੀ ਤੇ ਰਾਮਦਾਸੀਏ। ਇਸ ਪਿੰਡ ਦੀ ਪੁਰਾਤਨਤਾ ਬਾਰੇ ਪੁਰਾਣਾ ਪਿੱਪਲ ਤੇ ਬਰੋਟਾ ਅਜੇ ਵੀ ਸੱਥਾਂ ਜੋੜਨ ਲਈ ਸਰ ਸਬਜ਼ ਹਨ। ਪਿੰਡ ਦੇ ਲਹਿੰਦੇ ਪਾਸੇ ਇਕ ਵੱਡਾ ਖੂਹ ਹੈ ਜਿਸ ਉੱਤੇ ਅੱਠ ਭੌਣੀਆਂ ਪਾਣੀ ਕੱਢਣ ਲਈ ਚੀਕਦੀਆਂ ਹੁੰਦੀਆਂ ਸਨ। ਛੋਟੀਆਂ ਇੱਟਾਂ ਦੇ ਇਸ ਖੂਹ 'ਤੇ ਇੱਕ ਸਿਲ 'ਤੇ ਕੁਝ ਲਿਖਿਆ ਹੋਇਆ ਵੀ ਸੀ। ਇਸ ਪਿੰਡ ਦੀ ਉੱਘੀ ਸ਼ਖ਼ਸੀਅਤ ਗੁਰਦਾਤ ਸਿੰਘ ਸੇਵਾ-ਮੁਕਤ ਪ੍ਰਿੰਸੀਪਲ ਤੇ ਸਾਬਕਾ ਰਹਿ ਚੁੱਕੇ ਸਰਪੰਚ ਨਾਲ ਮੁਲਾਕਾਤ ਕਰਨ ਤੋਂ ਪਤਾ ਲੱਗਿਆ ਕਿ 1947 ਦੀ ਵੰਡ ਸਮੇਂ ਇਸ ਪਿੰਡ ਦੇ ਮੁਸਲਮਾਨ ਵਾਸੀਆਂ ਨੂੰ ਪਿੰਡ ਵਾਲਿਆਂ ਨੇ ਪੂਰੀ ਸੁਰੱਖਿਅਤਾ ਦੇ ਕੇ ਕੁਰਾਲੀ ਕੈਂਪ ਵਿੱਚ ਠਾਹਰ ਦਿੱਤੀ। ਪਾਕਿਸਤਾਨ ਗਏ ਜਮਾਲਾ ਮੁਸਲਮਾਨ ਨੰਬਰਦਾਰ ਦਾ ਲੜਕਾ ਚੌਧਰੀ ਇਬਰਾਹੀਮ ਅਸਲਾਮਾਬਾਦ 'ਚ ਵਕੀਲ ਹੈ ਜਿਹੜਾ ਇਸ ਪਿੰਡ 'ਚੋਂ ਪਾਕਿਸਤਾਨ ਗਇਆਂ ਦੀ ਪੂਰੀ ਆਓ ਭਗਤ ਕਰਦਾ ਹੈ। ਜਨਾਬ ਲੇਖਕ ਅਸ਼ਰਫ ਸੁਹੇਲ , ਸੰਪਾਦਕ 'ਪਖੇਰੂ' (ਸ਼ਾਹਮੁਖੀ)

ਜੋ ਪਾਕਿਸਤਾਨ 'ਚ ਮਾਂ-ਬੋਲੀ ਪੰਜਾਬੀ ਦੀ ਸੇਵਾ 'ਚ ਜੁਟਿਆ ਹੋਇਆ ਹੈ, ਉਸ ਦਾ ਨਾਨਕਾ ਪਿੰਡ ਬੰਨ੍ਹ ਮਾਜਰਾ ਹੀ ਦੱਸਿਆ ਜਾਂਦਾ ਹੈ। ਪੰਜਾਬ ਦੀ ਵੰਡ ਤੋਂ ਪਹਿਲਾਂ ਇਸ ਪਿੰਡ ਵਿੱਚ ਮੁਸਲਮਾਨ ਗੁੱਜਰ ਬਰਾਦਰੀ ਦੀ ਬਹੁ ਗਿਣਤੀ ਸੀ। ਇਹੋ ਕਾਰਨ ਹੈ ਕਿ ਗੁਜਰਾਂ ਦੀ ਜ਼ਮੀਨ 'ਤੇ ਤਿੰਨ ਘਰ ਬਾਰ ਤੋਂ ਆਏ ਅਲਾਟੀ ਹਨ ਅਤੇ ਚਾਰ ਘਰ ਚੰਡੀਗੜ੍ਹ 'ਚੋਂ ਉਠਾਏ ਪਿੰਡ ਦਲਹੇੜੀ ਜੱਟਾਂ ਤੋਂ ਆ ਕੇ ਵਸ ਗਏ।

ਇਸ ਪਿੰਡ ਨੂੰ ਪੁਆਧ ਦੇ ਘਾੜ ਅਤੇ ਮਾਲਵੇ ਦੇ ਢਾਹੇ ਨੂੰ ਜੋੜਨ ਵਾਲਾ ਕਹਿ ਲਈਏ ਤਾਂ ਕੋਈ ਅਤਿ-ਕਥਨੀ ਨਹੀਂ ਕਿਉਂਕਿ ਸੋਡਲ ਬਾਬੇ ਪਿੰਡ ਵਾਲੀ ਸੜਕ ਢਾਹੇ ਨੂੰ  ਜਾਂਦੀ ਹੈ ਅਤੇ ਚਟੌਲੀ ਪਿੰਡ ਵਾਲੀ ਸੜਕ ਘਾੜ ਇਲਾਕੇ ਨੂੰ ਜੋੜਦੀ ਹੈ। ਇੱਕ ਬੋਲੀ ਵੀ ਪਾਈ ਜਾਂਦੀ ਹੈ :

"ਬੰਨ੍ਹਮਾਜਰਾ, ਚਟੌਲੀ, ਅਧਰੇੜਾ
ਜ਼ਿਲ੍ਹੇ ਦਾ ਮੁੱਖ ਬੰਨ੍ਹਮਾਜਰਾ।"

1950 ਤੋਂ 1972 ਤੱਕ ਬੰਨ੍ਹਮਜਾਰਾ ਤੇ ਅਧਰੇੜਾ ਦੀ ਪੰਚਾਇਤ ਸਾਂਝੀ ਰਹੀ ਹੈ। ਇਸ ਪਿੰਡ ਦੇ ਸੂਝਵਾਨ ਸਰਪੰਚਾਂ ਵਿੱਚ ਮਾਸਟਰ ਰਤਨ ਸਿੰਘ, ਗੁਰਦੀਪ ਕੌਰ, ਬਲਵਿੰਦਰ ਸਿੰਘ, ਪ੍ਰੀਤਮ ਸਿੰਘ, ਨਸੀਬ ਸਿੰਘ ਤੇ ਪ੍ਰਿੰ. ਗੁਰਦਾਤ ਸਿੰਘ ਨੇ ਪਿੰਡ ਭਲਾਈ ਲਈ ਯੋਗ ਹਿੱਸਾ ਪਾਇਆ। ਜਿਸ ਦੇ ਨਤੀਜੇ ਵੱਜੋਂ ਸਰਕਾਰੀ ਮਿਡਲ ਸਕੂਲ, ਦੁੱਧ ਉਤਪਾਦਕ ਸਹਿਕਾਰੀ ਸਭਾ, ਪੰਜ ਬਿਸਤਰਿਆਂ ਦਾ ਆਯੂਰਵੈਦਿਕ ਹਸਪਤਾਲ, ਪਸ਼ੂ ਡਿਸਪੈਂਸਰੀ, ਦੋ ਆਂਗਨਵਾੜੀਆਂ, ਦੋ ਗੁਰਦੁਆਰੇ ਸਾਹਿਬਾਨ ਤੇ ਦੋ ਪ੍ਰਾਈਵੇਟ ਸਕੂਲ ਚੱਲ ਰਹੇ ਹਨ। ਕਦੇ ਇਸ ਪਿੰਡ ਦੀ ਮਸ਼ਹੂਰੀ ਉੱਘੇ ਜਰਾਹ ਸਵਰਗੀ ਗਰੀਬੂ ਕਰਕੇ ਵੀ ਸੀ ਜੋ ਪੁਰਾਣੇ ਜ਼ਖ਼ਮਾਂ ਦੇ ਇਲਾਜ ਲਈ ਮੰਨਿਆ ਹੋਇਆ ਸੀ। ਹਿੰਮਤ ਵਿੱਚ ਸਪੈਦਪੋਸ਼, ਬਾਬਾ ਸੋਭਾ ਸਿੰਘ ਵੀ ਮਸ਼ਹੂਰ ਸੀ। ਪਿੰਡ ਵਿੱਚ ਗੁੱਗਾ ਮਾੜੀ, ਸੀਤਲਾ ਮੰਦਰ, ਮਸਜਿਦ ਤੇ ਖੇੜਾ ਪੂਜਾ ਅਸਥਾਨ ਹਨ। ਇਹ ਵੀ ਦੱਸਿਆ ਗਿਆ ਕਿ ਸਵਰਗੀ ਮਸਤਾ ਸਿੰਘ ਤੇ ਸਵਰਗੀ ਬਹਾਦਰ ਸਿੰਘ ਅਜ਼ਾਦ ਹਿੰਦ ਫੌਜ ਦੇ ਘੁਲਾਟੀਏ ਸਨ। ਸਵਰਗੀ ਆਤਮਾ ਸਿੰਘ ਸਿੱਧੂ ਨੂੰ ਅੰਗਰੇਜ਼ ਸਰਕਾਰ ਨੇ ਬਹਾਦਰੀ ਵਿੱਚ ਇੱਕ ਮੁਰੱਬਾ (ਜ਼ਮੀਨ) ਇਨਾਮ ਵੱਜੋਂ ਦਿੱਤੀ ਸੀ। ਬਾਪੂ ਤਰਲੋਕ ਸਿੰਘ ਪਟਿਆਲਾ ਰਿਆਸਤ ਦੀ ਘੋੜ-ਸਵਾਰ ਫੌਜ ਦਾ ਸਿਪਾਹ-ਸਲਾਰ ਸੀ। ਬਲਵਿੰਦਰ ਸਿੰਘ (ਸਾਬਕਾ ਸਰਪੰਚ) ਵਲਦ ਪ੍ਰੀਤਮ ਸਿੰਘ ਨੰਬਰਦਾਰ ਕਬੱਡੀ ਦਾ ਉੱਘਾ ਖਿਡਾਰੀ

ਰਿਹਾ। ਇਸ ਪਿੰਡ ਦੀ ਭਾਰਤੀ ਫੌਜ ਨੂੰ ਵਿਸ਼ੇਸ਼ ਦੇਣ ਹੈ ਜਿਨ੍ਹਾਂ 'ਚ ਮੇਜਰ ਗੁਰਦਿਆਲ ਸਿੰਘ ਸਰਾਓ, ਗੁਰਪਾਲ ਸਿੰਘ ਸਰਾਓ, ਕੈਪਟਨ ਹਰਦਿਆਲ ਸਿੰਘ ਹੀਰਾ, ਸੂਬੇਦਾਰ ਜਾਗੀਰ ਸਿੰਘ, ਕੇਹਰ ਸਿੰਘ, ਧਰਮ ਸਿੰਘ ਆਦਿ ਦੇ ਨਾਮ ਜ਼ਿਕਰਯੋਗ ਹਨ। ਹੋਰ ਪ੍ਰਮੁੱਖ ਵਿਅਕਤੀ ਗੁਰਬਖ਼ਸ਼ ਸਿੰਘ ਤਹਿਸੀਲਦਾਰ, ਭਗਤ ਸਿੰਘ, ਕੁਲਵਿੰਦਰ ਸਿੰਘ (ਹੈਡਮਾਸਟਰ), ਅਜੀਤ ਸਿੰਘ, ਭੁਪਿੰਦਰ ਸਿੰਘ (ਸੁਪਰਡੰਟ), ਸੁਰਜੀਤ ਸਿੰਘ, ਸੁੱਚਾ ਸਿੰਘ, ਨਸੀਬ ਸਿੰਘ, ਮੇਵਾ ਸਿੰਘ (ਜੰਗਲਾਤ), ਗੁਰਦਿਆਲ ਸਿੰਘ (ਜੇਲ੍ਹਾਂ), ਨਿਰਮਲ ਸਿੰਘ, ਰਣਜੀਤ ਸਿੰਘ (ਬੀਮਾ ਕੰਪਨੀ), ਜਸਵੀਰ ਸਿੰਘ (ਚੰਡੀਗੜ੍ਹ), ਗੁਰਦੀਪ ਸਿੰਘ, ਲਾਭ ਸਿੰਘ, ਪ੍ਰੀਤਮ ਸਿੰਘ (ਬੀ.ਡੀ.ਪੀ.ਓ.), ਕਰਨੈਲ ਸਿੰਘ (ਐਚ.ਐਮ), ਪ੍ਰਿੰ. ਬਲਵੰਤ ਸਿੰਘ ਤੇ ਲੈਕਚਰਾਰ ਰਤਨ ਸਿੰਘ ਵੱਖ-ਵੱਖ ਮਹਿਕਮਿਆਂ 'ਚ ਸੇਵਾ ਨਿਭਾਉਂਦੇ ਰਹੇ ਹਨ ਜਿਸ ਕਾਰਨ ਇਸ ਪਿੰਡ ਦੇ ਲੋਕ ਉਸਾਰੂ-ਦ੍ਰਿਸ਼ਟੀ ਦੇ ਮਾਲਕ ਹਨ। ਇਸ ਪਿੰਡ ਦੀ ਜੂਹ ਵਿਚ ਫੈਕਟਰੀਆਂ ਦੀ ਭਰਮਾਰ ਬਹੁਤ ਹੈ ਜਿਵੇਂ ਸਰਫ਼ ਵਾਲੀ ਫੈਕਟਰੀ, ਚੀਮਾ ਬੁਆਲਰ ਫੈਕਟਰੀ, ਆਲਕੈਮਿਸਟ ਫੈਕਟਰੀ ਤੇ ਪਲਾਈ ਵਾਲੀ ਫੈਕਟਰੀ ਤੋਂ ਬਿਨਾਂ ਪੈਟਰੋਲ ਪੰਪ, ਢਾਬੇ, ਰੀਜ਼ੋਰਟ ਆਦਿ ਖੁੱਲ੍ਹ ਗਏ ਜਿਨ੍ਹਾਂ ਕਾਰਨ ਇਸ ਇਲਾਕੇ ਵਿੱਚ ਪਰਵਾਸੀਆਂ ਦੀ ਆਮਦ ਦਿਨੋ-ਦਿਨ ਵੱਧ ਰਹੀ ਹੈ। ਨੈਸ਼ਨਲ ਪੱਧਰ ਤੇ ਨਾਮਣਾ ਖੱਟਣ ਵਾਲੇ ਖਿਡਾਰੀ ਸੁਖਜੀਤ ਸਿੰਘ (ਵੇਟ ਲਿਫਟਰ), ਮਿਹਰ ਸਿੰਘ, ਕਾਕਾ ਸਿੰਘ ਤੇ ਹਰਭਜਨ ਸਿੰਘ ਕਬੱਡੀ ਖਿਡਾਰੀਆਂ ਦੇ ਨਾਮ ਲਏ ਜਾ ਸਕਦੇ ਹਨ।

ਪਿੰਡ ਵਿੱਚ ਜਲ-ਸਪਲਾਈ ਦਾ ਪ੍ਰਬੰਧ ਹੈ। ਟੋਭਿਆਂ ਦੀ ਹਾਲਤ ਸੁਧਾਰਨ ਦੀ ਲੋੜ ਹੈ। ਗਲੀਆਂ ਵੀ ਮੁੜ ਮੁਰੰਮਤ ਮੰਗਦੀਆਂ ਹਨ। ਨਦੀ 'ਚੋਂ ਮਾਇਨਿੰਗ ਨਜਾਇਜ਼ ਹੋ ਰਹੀ ਹੈ ਜਿਸ ਨੂੰ ਰੋਕਣਾ ਜ਼ਰੂਰੀ ਹੈ। ਕਬਰਸਤਾਨ 'ਤੇ ਵੀ ਨਜਾਇਜ਼ ਕਬਜਿਆਂ ਦੀ ਭਰਮਾਰ ਹੈ। ਸ਼ਰਾਬ ਦੇ ਠੇਕੇ ਨੂੰ ਵੀ ਪਿੰਡੋਂ ਦੂਰ ਕਰਨ ਦੀ ਲੋਕਾਂ ਦੀ ਮੰਗ ਹੈ। ਪਿੰਡ ਦੀ ਲਗਭਗ 500 ਏਕੜ ਜ਼ਮੀਨ ਹੁਣ ਕੰਪਨੀਆਂ ਦੀ ਭਰਮਾਰ ਕਾਰਨ ਘੱਟਦੀ ਜਾ ਰਹੀ ਹੈ ਤੇ ਖੇਤੀ ਦੇ ਧੰਦੇ ਨਾਲੋਂ ਵਪਾਰ ਤੇ ਦੁਕਾਨਦਾਰੀ ਵੱਲ ਵਧੇਰੇ ਰੁਜ਼ਾਨ ਹੁੰਦਾ ਜਾ ਰਿਹਾ ਹੈ।

* * *

# ਮਹਾਂ ਢਾਬ ਵਾਲਾ ਪਿੰਡ ਮੋਟੇਮਾਜਰਾ

-ਮਨਮੋਹਨ ਸਿੰਘ ਦਾਊਂ

ਹਰ ਪਿੰਡ ਵਿੱਚ ਛੋਟਾ-ਵੱਡਾ (ਛੱਪੜ) ਜ਼ਰੂਰ ਹੁੰਦਾ ਹੈ ਤੇ ਪਿੰਡ ਦੀ ਉਸ ਨਾਲ ਸਾਂਝ ਹੁੰਦੀ ਹੈ ਪਰੰਤੂ ਪੰਜਾਬ ਵਿੱਚ ਪਿੰਡ ਮੋਟੇਮਾਜਰਾ ਅਜਿਹਾ ਹੈ ਜਿਸ ਦੀ ਮਸ਼ਹੂਰੀ ਉਸ ਦੀ ਢਾਬ (ਝੀਲ ਨੁਮਾ) ਕਰਕੇ ਹੈ ਜਿਹੜੀ ਲਗਭਗ ਵੀਹ-ਪੱਚੀ ਏਕੜ ਦੇ ਰਕਬੇ ਵਿੱਚ ਪਾਣੀ ਨਾਲ ਭਰੀ ਰਹਿੰਦੀ ਹੈ ਅਤੇ ਇਸ ਦੇ ਪਾਣੀ ਦੀ ਡੂੰਘਾਈ ਵੀ ਬੰਦੇ ਨੂੰ ਡੋਬਣ ਜਿੰਨੀ ਹੈ। ਕਦੇ ਇਹ ਪਿੰਡ ਜ਼ਿਲ੍ਹਾ ਰੂਪਨਗਰ ਦਾ ਅਖੀਰਲਾ ਪਿੰਡ ਹੁੰਦਾ ਸੀ ਪਰੰਤੂ ਹੁਣ ਇਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਜ਼ਿਲ੍ਹੇ 'ਚ ਪੈਂਦਾ ਹੈ।

ਬਲਵਿੰਦਰ ਸਿੰਘ ਸਾਬਕਾ ਸਰਪੰਚ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਪਿੰਡ ਲਗਭਗ ਚਾਰ ਸੌ ਸਾਲ ਪੁਰਾਣਾ ਮੰਨਿਆ ਜਾਂਦਾ ਹੈ। ਕਰਤਾਰ ਸਿੰਘ (104 ਸਾਲ) ਵਲਦ ਹਰੀ ਸਿੰਘ ਦੱਸਿਆ ਕਰਦੇ ਸੀ ਕਿ ਕੁਝ ਲੋਕ ਬਨੂੜ ਦੇ ਨੇੜਿਓਂ ਈਸਾਂ ਦੀ ਬਸੀ ਤੋਂ ਆਪਣਾ ਖੇੜਾ ਪੁੱਟ ਕੇ ਲਿਆਏ ਤੇ ਕੁਝ ਲੋਕ ਬਨੂੜ ਹਵੇਲੀ ਬਸੀ ਤੋਂ ਆਪਣਾ ਖੇੜਾ ਪੁੱਟ ਕੇ ਲਿਆਏ। ਇਸੇ ਕਰਕੇ ਪਿੰਡ ਵਿੱਚ ਦੋ ਖੇੜੇ ਹਨ। ਕਹਿੰਦੇ ਨੇ ਪੁਰਾਣੇ ਬੰਦੇ ਬੜੇ ਤੱਕੜੇ ਜੁੱਸੇ ਵਾਲੇ ਤੇ ਮੋਟੇ ਸਰੀਰ ਵਾਲੇ ਹੁੰਦੇ ਸਨ ਇਸ ਕਰਕੇ ਪਿੰਡ ਦਾ ਨਾਮ ਮੋਟੇਮਾਜਰਾ ਪੈ ਗਿਆ।

ਇਹ ਪਿੰਡ ਬਨੂੜ ਤੋਂ ਖਰੜ ਨੂੰ ਆਉਂਦੀ ਹਾਈ ਵੇ ਸੜਕ ਉੱਤੇ ਸ਼ਹੀਦ ਊਧਮ ਸਿੰਘ ਇੰਜਨੀਅਰਿੰਗ ਕਾਲਜ ਤੰਗੌਰੀ ਤੇ ਪਿੱਛੇ ਮਹਾਂ-ਢਾਬ ਦੇ ਨਾਲ ਵਸਿਆ ਹੋਇਆ ਹੈ ਜਿਸ ਨੂੰ ਪਹੁੰਚਣ ਲਈ ਮੁੱਖ ਦੁਆਰ ਥੀਂ ਲੰਘ ਕੇ ਪੱਕੀ ਸੜਕ ਜਾਂਦੀ ਹੈ। ਪਿੰਡ ਦਾ ਸ਼ਾਨਦਾਰ ਗੇਟ ਪਿੰਡ ਦੇ ਲੋਕਾਂ ਦੀ ਮਹਿਮਾਨ ਨਵਾਜ਼ੀ ਦੀ ਗੁਆਹੀ ਭਰਦਾ ਹੈ। ਲਗਭਗ 350 ਘਰ ਹਨ ਤੇ ਵੱਸੋਂ ਤਿੰਨ ਹਜ਼ਾਰ ਦੇ ਕਰੀਬ ਹੈ। ਪਿੰਡ ਦੀ ਜ਼ਮੀਨ ਛੇ ਹਜ਼ਾਰ ਬੀਘੇ ਦੇ ਲਗਭਗ ਹੈ ਤੇ ਪਿੰਡ ਦਾ ਹੱਦਬਸਤ ਨੰਬਰ 279 ਹੈ। ਪੂਰਾ ਪਿੰਡ ਕੰਬੋਜ ਬਰਾਦਰੀ ਵਾਲਾ ਹੈ ਜਿਨ੍ਹਾਂ ਦੇ ਗੋਤ ਗੈਂਡਾ, ਕਾਲਰਾ, ਗਾਂਧੀ, ਮਕੌੜੀ ਆਦਿ ਹਨ। ਕੰਬੋਜ ਭਾਈਚਾਰੇ ਤੋਂ ਬਿਨਾਂ ਬਾਲਮੀਕ, ਰਾਮਦਾਸੀਏ, ਬਾਜੀਗਰ, ਧੋਬੀ, ਕਹਾਰ, ਤਰਖਾਣ, ਲੁਹਾਰ ਆਦਿਕ ਜਾਤੀਆਂ ਬੜੀ ਸਦ-ਭਾਵਨਾ ਨਾਲ ਰਹਿ ਰਹੀਆਂ ਹਨ।

ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਸਬਜ਼ੀਆਂ ਦੀ ਕਾਸ਼ਤ ਵਧੇਰੇ ਕੀਤੀ ਜਾਂਦੀ ਹੈ। ਮੋਹਨ ਸਿੰਘ (ਸੇਵਾ-ਮੁਕਤ ਮੁਲਾਜ਼ਮ) ਨੇ ਦੱਸਿਆ ਕਿ ਕਦੇ ਅਸੀਂ ਆਪਣੇ ਖੇਤਾਂ ਦੀ ਸਿੰਜਾਈ ਮਹਾਂਢਾਬ ਤੋਂ ਡਾਲ ਤੇ ਢੀਂਗਲੀ ਨਾਲ ਕਰਿਆ ਕਰਦੇ ਸੀ ਪਰੰਤੂ ਹੁਣ ਇੰਜਣਾਂ ਰਾਹੀਂ ਪਾਈਪ ਦੱਬ ਕੇ ਕਰਦੇ ਹਾਂ, ਇਹ ਵੀ ਦੱਸਿਆ ਗਿਆ ਕਿ ਕੰਬੋਜ ਦੇ ਦੇਸੀ ਗੋਤ 84 ਹਨ ਅਤੇ ਰਿਫ਼ੂਜੀ ਕੰਬੋਜਾਂ ਨੂੰ ਬਾਵਨ ਗੋਤੀ ਕਿਹਾ ਜਾਂਦਾ ਹੈ। ਇਸ ਪਿੰਡ ਦਾ ਸ਼ਹੀਦ ਰਾਮ ਰਤਨ ਸਿੰਘ ਹਿੰਦ-ਜੰਗ (1962) ਵਿੱਚ ਦੇਸ ਲਈ ਕੁਰਬਾਨ ਹੋਇਆ ਜਿਸ ਦੀ ਯਾਦ ਵਿਚ ਖੇਡ ਮੇਲਾ ਆਯੋਜਿਤ ਕੀਤਾ ਜਾਂਦਾ ਹੈ।

ਪਿੰਡ ਪ੍ਰਗਤੀ ਦੇ ਪੰਧ 'ਤੇ ਹੋਣ ਕਾਰਨ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਰਿਹਾ ਹੈ। ਸਰਕਾਰੀ ਹਾਈ ਸਕੂਲ ਦੀ ਪੜ੍ਹਾਈ ਚੰਗੀ ਹੈ। ਜਲ-ਸਪਲਾਈ ਦੀ ਟੈਂਕੀ ਦੂਰੋਂ ਹੀ ਨਜ਼ਰ ਆਉਂਦੀ ਹੈ। ਪਸ਼ੂ ਡਿਸਪੈਂਸਰੀ ਦਾ ਕਾਰਜ ਚੰਗਾ ਚੱਲ ਰਿਹਾ ਹੈ। ਲੋਕਾਂ ਲਈ ਹੋਮਿਓਪੈਥੀ ਡਿਸਪੈਂਸਰੀ ਹੈ। ਪਿੰਡ ਵਿੱਚ ਡਾਕਖਾਨੇ ਦੀ ਸਹੂਲਤ ਵੀ ਹੈ। ਦੋ ਧਰਮਸ਼ਾਲਾਂ ਹਨ। ਗੁੱਗਾ ਮਾੜੀ ਦੀ ਮਾਨਤਾ ਵੀ ਪੂਰੀ ਹੈ। ਰਾਧਾ-ਸੁਆਮੀ ਡੇਰਾ ਹੈ ਜਿੱਥੇ ਸਤਸੰਗ ਭਵਨ ਵਿੱਚ ਧਰਮਾਰਥ ਹੁੰਦਾ ਹੈ। ਇਸ ਪਿੰਡ ਵਿੱਚ ਲੋਕਾਂ ਨੇ ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢਕੇ ਬਹੁਤ ਸ਼ਾਨਦਾਰ ਵੱਡ ਅਕਾਰੀ ਦਿੱਖ ਵਾਲਾ ਗੁਰਦੁਆਰਾ ਸਾਹਿਬ ਉਸਾਰਿਆ ਹੋਇਆ ਹੈ ਜਿਸ ਦੀ ਕਾਰਸੇਵਾ ਅਜੇ ਵੀ ਚੱਲ ਰਹੀ ਹੈ। ਸਵੇਰੇ-ਸ਼ਾਮ ਕੀਰਤਨ ਅਤੇ ਕਥਾ ਹੁੰਦੀ ਹੈ ਜਿਸ ਦਾ ਸਿੱਧਾ ਪ੍ਰਸਾਰਨ ਕੇਬਲ ਰਾਹੀਂ ਘਰ-ਘਰ ਸੁਣਨ ਤੇ ਦੇਖਣ ਦਾ ਪ੍ਰਬੰਧ ਕੀਤਾ ਹੋਇਆ ਹੈ। ਮੂਲ ਰੂਪ ਵਿੱਚ ਪਿੰਡ ਵਾਸੀ ਧਾਰਮਿਕ ਰੁਚੀਆਂ ਨਾਲ ਜੁੜੇ ਹੋਏ ਹਨ। ਇਹ ਬਹੁਤ ਹੀ ਸ਼ਲਾਘਾਯੋਗ ਹੈ ਕਿ ਪਿੰਡ ਵਾਸੀ ਬਿਲਕੁਲ ਨਸ਼ਿਆਂ ਤੋਂ ਮੁਕਤ ਹਨ। ਕਦੇ ਲੜਾਈ-ਝਗੜੇ ਦੀ ਨੌਬਤ ਨਹੀਂ ਆਉਂਦੀ। ਇਸ ਪਿੰਡ ਦੇ ਗੁਰਦੁਆਰਾ ਸਾਹਿਬ ਦਾ ਸਾਰਾ ਪ੍ਰਬੰਧ ਪਾਠੀ-ਰਾਗੀ ਤੋਂ ਲੈ ਕੇ ਲੋਕੀਂ ਆਪ ਬਿਨਾਂ ਕੋਈ ਤਨਖਾਹ ਲਇਆ ਕਰਦੇ ਹਨ। ਦੁੱਧ ਦਾ ਲੰਗਰ ਅਤੇ ਮਿਰਚ-ਮਸਾਲੇ ਤੋਂ ਰਹਿਤ ਲੰਗਰ ਲਾਇਆ ਜਾਂਦਾ ਹੈ। ਮੰਗਲਵਾਰ ਨੂੰ ਸੁਖਮਨੀ ਸਾਹਿਬ ਬੀਬੀਆਂ ਦਾ ਜੱਥਾ ਸੇਵਾ ਨਿਭਾਉਂਦਾ ਹੈ। ਬਾਬਾ ਸਿਰੀਰਾਮ ਦੀ ਸਮਾਧ ਦੀ ਵੀ ਪੂਰੀ ਮਾਨਤਾ ਹੈ।

ਇਸ ਪਿੰਡ ਦੇ ਅਜ਼ਾਦੀ ਘੁਲਾਟੀਏ ਲਾਲ ਸਿੰਘ, ਕਾਮਰੇਡ ਕਰਤਾਰ ਸਿੰਘ ਤੇ ਨਰਾਤਾ ਸਿੰਘ ਆਜ਼ਾਦ ਹਿੰਦ ਫੌਜ 'ਚ ਭਰਤੀ ਸਨ। ਇੱਕ ਗੱਲ ਹੋਰ

ਜ਼ਿਕਰਯੋਗ ਹੈ ਕਿ ਇਸ ਪਿੰਡ ਵਿੱਚ ਕੋਈ ਮੁਸਲਮਾਨ ਨਹੀਂ ਸੀ ਜਿਸ ਕਾਰਨ 1947 ਦੀ ਵੰਡ ਦਾ ਕੋਈ ਦੁਖਾਂਤ ਨਹੀਂ ਵਾਪਰਿਆ। ਪਿੰਡ ਵਿੱਚ ਪੁਰਾਣੇ ਚਾਰ ਖੂਹ ਸਨ ਅਤੇ ਸਿੰਜਾਈ ਲਈ ਅੱਠ-ਦਸ ਹਲਟ ਵੀ ਹੁੰਦੇ ਸਨ। ਇਸ ਪਿੰਡ ਦੀ ਗੁਰਮਤਿ-ਬਿਰਤੀ ਹੋਣ ਕਾਰਨ ਕਈ ਮਹਾਂ-ਪੁਰਖ ਜਿਵੇਂ ਸੰਤ ਨਾਨਕਸਰ ਵਾਲੇ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਸੰਤ ਬਾਬਾ ਅਜੀਤ ਸਿੰਘ ਨਸਲਪੁਰ ਵਾਲੇ ਆਦਿਕ ਸਮੇਂ-ਸਮੇਂ ਆਉਂਦੇ ਰਹੇ। ਰਾਜਸੀ ਨੇਤਾ ਸ. ਬਲਵੰਤ ਸਿੰਘ (ਖ਼ਜ਼ਾਨਾ ਮੰਤਰੀ) ਤੇ ਸ. ਪਰਕਾਸ਼ ਸਿੰਘ ਬਾਦਲ, ਮੁੱਖ-ਮੰਤਰੀ ਪੰਜਾਬ ਤੇ ਕਈ ਹੋਰ ਲੀਡਰ ਆਉਂਦੇ ਰਹਿੰਦੇ ਹਨ। ਇਸ ਪਿੰਡ ਦੇ ਬਹੁਤ ਸਾਰੇ ਕਰਮਚਾਰੀ ਪੰਜਾਬ ਬਿਜਲੀ ਬੋਰਡ 'ਚ ਹਨ। ਸ੍ਰੀ ਗੁਰਦੀਪ ਸਿੰਘ ਪੰਜਾਬ ਦੇ ਚੀਫ਼-ਸੈਕਟਰੀ ਦਫ਼ਤਰ 'ਚ ਸੇਵਾ/ਨਿਭਾ ਰਿਹਾ ਹੈ। ਮੌਜੂਦਾ ਸਰਪੰਚ ਬੀਬੀ ਪਰਮਜੀਤ ਕੌਰ ਹੈ। ਪਿੰਡ ਵਾਸੀਆਂ ਦੀ ਮੰਗ ਹੈ ਕਿ ਪਿੰਡ ਵੱਡਾ ਹੋਣ ਕਾਰਨ ਪਾਣੀ ਦੀ ਘਾਟ ਪੂਰੀ ਕਰਨ ਲਈ ਜਲ ਸਪਲਾਈ ਦੀ ਇਕ ਹੋਰ ਟੈਂਕੀ ਲਾਈ ਜਾਵੇ। ਬਨੂੜ-ਖਰੜ ਮਾਰਗ ਤੋਂ ਪਿੰਡ ਨੂੰ ਕੇਵਲ ਇੱਕ ਹੀ ਸੜਕ ਹੈ ਜਿਸ ਕਾਰਨ ਬਰਸਾਤ ਵਿੱਚ ਔਕੜ ਆਉਂਦੀ ਹੈ। ਦੂਜੇ ਨੇੜੇ ਦੇ ਪਿੰਡਾਂ ਨੂੰ ਜੋੜਨ ਲਈ ਲਿੰਕ ਸੜਕਾਂ ਹੋਣੀਆਂ ਜ਼ਰੂਰੀ ਹਨ ਜਿਵੇਂ ਪਿੰਡ ਕਲੌਲੀ ਲਿੰਕ-ਰੋਡ ਹੋਵੇ। ਕਮਿਊਨਿਟੀ ਸੈਂਟਰ ਹੋਵੇ। ਅਜਿਹੇ ਆਦਰਸ਼ਕ ਪਿੰਡ ਲਈ ਵਿਦਿਆਰਥੀਆਂ ਨੂੰ ਅਗਲੇਰੀ ਪੜ੍ਹਾਈ ਕਰਨ ਲਈ ਬਸ-ਸਰਵਿਸ ਦੀ ਸਹੂਲਤ ਸਮੇਂ ਦੀ ਮੰਗ ਹੈ। ਮਹਾਂ-ਢਾਬ ਦਾ ਦ੍ਰਿਸ਼ ਬੜਾ ਹੀ ਮਨਮੋਹਕ ਹੈ ਜਿਸ ਦੇ ਉੱਤਰ-ਦੱਖਣ ਵਿੱਚ ਵਿੱਦਿਅਕ-ਸੰਸਥਾਵਾਂ ਦੀਆਂ ਇਮਾਰਤਾਂ ਦੀ ਆਪਣੀ ਹੀ ਸ਼ੋਭਾ ਹੈ। ਸਰਦੀਆਂ ਵਿੱਚ ਪਰਵਾਸੀ ਪੰਛੀਆਂ ਦੇ ਝੁੰਡ ਇਸ ਢਾਬ ਨੂੰ ਹੋਰ ਵੀ ਲੁਭਾਣਾ ਬਣਾ ਦਿੰਦੇ ਹਨ। ਸੈਲਾਨੀ ਅਤੇ ਪੰਛੀ-ਪ੍ਰੇਮੀ ਆਪਣੇ ਕੈਮਰੇ ਲੈ ਕੇ ਇਸ ਢਾਬ ਦੇ ਰਮਣੀਕ ਨਜ਼ਾਰੇ ਕਲਿੱਕ ਕਰਦੇ ਹਨ। ਕਿੰਨਾ ਚੰਗਾ ਹੋਵੇ ਜੇ ਇਸ ਮਹਾਂ-ਢਾਬ ਨੂੰ ਟੂਰਿਸ਼ਟ-ਕੰਪਲੈਕਸ ਵਾਂਗ ਸੁੰਦਰ ਦਿੱਖ ਪ੍ਰਦਾਨ ਕਰ ਕੇ ਖ਼ੂਬਸੂਰਤ ਅਤੇ ਆਕਰਸ਼ਿਤ ਬਣਾਇਆ ਜਾਵੇ। ਏਡੀ ਵੱਡੀ ਢਾਬ 'ਚ ਏਨਾ ਪਾਣੀ ਕਿਵੇਂ ਰਹਿੰਦਾ ਹੈ, ਇੱਕ ਔਲਕਿਕਤਾ ਹੈ। ਇਸ ਦਾ ਸਵੱਛ ਰਹਿਣਾ ਅਤੀ ਜ਼ਰੂਰੀ ਹੈ।

* **

# ਮੈਂ ਸਤਲੁਜ ਬੋਲਦਾਂ

- ਸਰੂਪ ਸਿਆਲਵੀ
ਮੋਬਾ : 9888129977

'...ਲਗਭਗ ਗਿਆਰਵੀਂ ਸਦੀ ਵਿਚ ਮੁਸਲਮਾਨਾਂ ਦੇ ਭਾਰਤ ਉੱਤੇ ਪਹਿਲੇ ਹਮਲਿਆਂ ਸਮੇਂ ਇਕ ਰਾਜਾ ਰਕੇਸ਼ਵਰ ਰਾਜ ਕਰਦਾ ਸੀ ਜਿਸਨੇ ਇਸ ਨਗਰ ਦੀ ਬੁਨਿਆਦ ਰੱਖੀ ...ਅਤੇ ਆਪਣੇ ਪੁੱਤਰ 'ਰੂਪ ਸੈਨ' ਦੇ ਨਾਂ ਉੱਤੇ ਇਸ ਨਗਰ ਦਾ ਨਾਂ 'ਰੂਪ ਨਗਰ' ਰੱਖਿਆ ਸੀ।'

ਮੇਰੇ ਮੁਹਾਣੇ ਉੱਤੇ ਚੱਲ ਰਹੀ ਵਿਚਾਰ ਚਰਚਾ ਵਿੱਚ ਰੋਪੜ ਨਗਰ ਦਾ ਇਤਿਹਾਸ ਮੱਧ ਕਾਲ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ ਤੇ ਇਸ ਦਾ ਨਾਂ ਰੂਪਨਗਰ ਦੱਸਿਆ ਜਾ ਰਿਹਾ ਹੈ। ਸੱਚਮੁੱਚ ਰਾਜਿਆਂ ਮਹਾਰਾਜਿਆਂ ਨੇ ਆਪਣੇ ਹੱਕ ਵਿੱਚ ਇਤਿਹਾਸ ਲਿਖਵਾਇਆ ਏ। ਮੈਥੋਂ ਰਿਹਾ ਨਹੀਂ ਜਾਂਦਾ। ਮੈਂ ਆਪਣੀ ਕਲ ਕਲ ਵਗਦੀ ਧਾਰਾ ਉਤੇ ਰੁਮਕਦੀ ਪੌਣ ਨਾਲ ਉਠਦੀਆਂ ਲਹਿਰਾਂ ਵਿਚੋਂ...ਪ੍ਰਗਟ ਹੁੰਦਾ ਹਾਂ। ਬਹੁਤੇ ਲੋਕ ਤਾਂ ਮੈਨੂੰ ਦੇਖਦਿਆਂ ਹੀ ਭੱਜ ਜਾਂਦੇ ਹਨ। ਪਰ ਕੁਝ ਦਾਨਸ਼ਵਰ ਉਠਕੇ ਖੜ੍ਹੇ ਹੋ ਜਾਂਦੇ ਨੇ... ਉਹ ਲੱਖਣ ਲਾਉਂਦੇ ਨੇ 'ਜਲ ਦੇਵਤਾ'! ਮੈਂ ਹਸਕੇ ਉਨ੍ਹਾਂ ਦੇ ਸ਼ੰਕੇ ਦੀ ਨਵਿਰਤੀ ਕਰਦਾ ਹਾਂ...ਹਾਂ...ਹਾਂ...ਮੈਂ ਹਜ਼ਾਰਾਂ ਲੱਖਾਂ ਸਾਲਾਂ ਤੋਂ ਇਸ ਧਰਤੀ ਉੱਤੇ ਵਹਿੰਦਾ ਆ ਰਿਹਾ ਹਾਂ... " ਸਤਲੁਜ" ਫੁਸ-ਫੁਸਾਂਦੀ ਅਵਾਜ਼ ਮੈਨੂੰ ਸੁਣਾਈ ਦਿੱਤੀ। ਮੈਂ ਆਪਣੇ ਮੁਹਾਣਿਆਂ ਉੱਪਰ ਵਸਣ ਵਾਲੇ...ਲੋਕਾਂ ਨਾਲ....ਆਪਣੀ ਸਿਮਰਤੀ ਵਿਚੋਂ...ਕੁੱਝ ਗੱਲਾਂ ਸਾਂਝੀਆਂ ਕਰਦਾ ਹਾਂ।

ਮੈਂ ਉਨ੍ਹਾਂ ਨੂੰ ਆਪਣੇ ਵਹਿਣ ਤੋਂ ਉਲਟ ਪਾਸੇ ਵੱਲ ਲੈ ਕੇ ਚੱਲ ਪੈਂਦਾ ਹਾਂ। ਉਨ੍ਹਾਂ ਨੂੰ ਮੈਦਾਨਾਂ ਵਿੱਚ ਹੀ ਰੁਕਣ ਨੂੰ ਕਹਿ ਕੇ....ਆਪ ਆਪਣੇ ਮੁੱਢ...ਆਪਣੀ ਉਤਪਤੀ ਦੇ ਸਥਾਨ ਵੱਲ ਚੱਲ ਪੈਂਦਾ ਹਾਂ।

ਮੇਰਾ ਜਨਮ ਵੀ, ਮੇਰੇ ਸਿੰਧ, ਜਿਹਲਮ ਆਦਿ ਭਰਾਵਾਂ ਵਾਂਗ ਹਿਮਾਲਾ ਪਰਬਤ ਉੱਤੇ ਸਥਿਤ ਮਾਨਸਰੋਵਰ ਝੀਲ ਵਿਚੋਂ ਹੁੰਦਾ ਹੈ। ਮੈਂ ਤਿੱਬਤ ਦੇ ਦੱਖਣ ਪੱਛਮ ਵਿਚੋਂ ਦੀ ਹੁੰਦਿਆਂ, ਸ਼ਿਵ ਪਾਰਬਤੀ ਦੇ ਨਿਵਾਸ ਸਥਾਨ ਕੈਲਾਸ਼ ਪਰਬਤ ਨੂੰ ਖਹਿ ਕੇ ਲੰਘਦਾ ਹਾਂ। ਨਰ, ਨਾਰੀ, ਪਸ਼ੂ, ਪੰਛੀ, ਮੇਰੇ ਸੀਤ ਜਲ ਦੇ ਝਰਨਿਆਂ

ਵਿਚ ਨਹਾਉਂਦੇ ਨੇ ਤੇ ਮਦ-ਮਸਤ ਹੋ ਕੇ ਨੱਚਦਿਆਂ ਤਰ੍ਹਾਂ-ਤਰ੍ਹਾਂ ਦੇ ਗੀਤ ਗਾਉਂਦੇ ਨੇ। ਅਨੇਕ ਥਾਵਾਂ ਉੱਤੇ ਵਲ-ਵਲੇਵੇਂ ਖਾਂਦੀਆਂ ਡੂੰਘੀਆ ਖੱਡਾਂ ਵਿੱਚ ਨੂੰ ਲੰਘਦਿਆਂ...ਭਾਖੜਾ ਨਾਂ ਦੇ ਪਿੰਡ ਕੋਲ ਆਣ ਕੇ ਛੇ-ਸੱਤ ਸੌ ਫੁੱਟ ਉੱਚੀ ਤੰਗ ਘਾਟੀ ਵਿਚੋਂ ਗੁਜ਼ਰਦਿਆਂ ਝਰਨੇ ਦਾ ਰੂਪ ਧਾਰ ਲੈਂਦਾ ਹਾਂ। ਤੇ ਉੱਚੀਆਂ ਪਹਾੜੀਆਂ ਨੂੰ ਅਲਵਿਦਾ ਆਖ ਦਿੰਦਾ ਹਾਂ। ਇੱਥੇ ਰੋਪੜ ਤੋਂ ਮੇਰੇ ਨਾਲ ਤੁਰੇ ਖੋਜੀ ਬਿਰਤੀ ਦੇ ਲੋਕ ਮਿਲ ਜਾਂਦੇ ਨੇ।

ਅਸੀਂ ਭਾਖੜਾ ਤੋਂ ਰੋਪੜ ਵੱਲ ਚੱਲ ਪੈਂਦੇ ਹਾਂ। ਇਤਿਹਾਸ ਕਦੇ ਸਾਡੇ ਅੱਗੇ...ਕਦੇ ਪਿੱਛੇ ਤੁਰਦਾ ਆ ਰਿਹਾ ਹੈ। ਮੇਰੀ ਤੇਜ਼ ਗਤੀ ਨਾਲ ਚਲਦੀ ਧਾਰਾ ਨੇ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਕੱਟ ਕੇ ਆਪਣਾ ਰਾਹ ਬਣਾਇਆ ਹੈ। ਮੇਰੇ ਮੁਹਾਣਿਆਂ ਉਪਰ ਖੜ੍ਹੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਬਰਸਾਤਾਂ ਨਾਲ ਤੇ ਲੋਕਾਂ ਦੁਆਰਾ ਖੇਤੀ ਲਈ ਜ਼ਮੀਨ ਪੱਧਰੀ ਕਰਨ ਨਾਲ ਖੁਰਦੀਆਂ ਚਲੀਆਂ ਗਈਆਂ ਨੇ। ਫਿਰ ਵੀ ਕਿਤੇ-ਕਿਤੇ ਪਹਾੜੀ ਦੀ ਕੋਈ ਟੁਕੜੀ ਮੇਰੇ ਕਿਨਾਰੇ ਉੱਤੇ ਖੜੀ ਨਜ਼ਰੀਂ ਪੈ ਜਾਂਦੀ ਏ।

ਰਿਸ਼ੀਆਂ ਨੇ ਰਿਗਵੇਦ ਵਿਚ ਹਿਮਾਲਾ ਪਰਬਤ ਦੀਆਂ ਬਰਫ਼ ਲੱਦੀਆਂ ਚੋਟੀਆਂ ਤੋਂ ਨਿਕਲਣ ਵਾਲੀਆਂ, ਮੇਰੇ ਸਮੇਤ ਸੱਤ ਨਦੀਆਂ ਦੇ ਨਾਂ ਸਿੰਧੂ, ਵਿਤਸਤਾ, ਅਸਕਿਨੀ, ਪੁਰੁਸ਼ਣੀ, ਵਿਪਾਸ਼, ਸਤਲੁਜ (ਮੇਰਾ ਨਾਂ) ਤੇ ਸਰਸਵਤੀ ਲਿਖੇ ਨੇ। ਪਰ ਜਨ ਸਾਧਾਰਨ ਆਮ ਲੋਕਾਂ ਵਿੱਚ ਇਹਨਾਂ ਨਦੀਆਂ ਦੇ ਨਾਂ ਸਿੰਧ, ਜਿਹਲਮ, ਚਿਨਾਬ, ਰਾਵੀ, ਬਿਆਸ, ਸਤਲੁਜ ਤੇ ਸਰੁਸਤੀ ਪ੍ਰਚਲਤ ਚਲੇ ਆ ਰਹੇ ਨੇ। ਰਿਗਵੇਦ ਕਾਲ ਦੇ ਰਿਸ਼ੀ ਇਹਨਾਂ ਸੱਤ ਨਦੀਆਂ ਨੂੰ ਬੜੇ ਮਾਣ ਨਾਲ 'ਸੱਤ ਭੈਣਾਂ' ਆਖਦੇ ਸਨ ਤੇ ਸੱਤ ਨਦੀਆਂ ਦੇ ਇਸ ਦੇਸ਼ ਨੂੰ ਸਪਤ ਸੰਧੂ ਉਚਾਰਦੇ ਸਨ। ਰਿਸ਼ੀਆਂ ਨੇ ਸਾਡੇ ਮੁਹਾਣਿਆਂ ਤੇ ਜੰਗਲ, ਬੇਲਿਆਂ ਵਿੱਚ ਭ੍ਰਮਣ ਕਰਦਿਆਂ ਪ੍ਰਿਥਵੀ, ਜਲ ਅਗਨੀ, ਪਵਨ, ਸੂਰਜ, ਚੰਦਰਮਾ ਆਦਿ ਪ੍ਰਾਕਿਰਤਕ ਦੇਵੀ ਦੇਵਤਿਆਂ ਦੀ ਉਪਮਾ ਵਿਚ ਸੂਕਤ ਰਚੇ ਜਿਹੜੇ ਰਿਗਵੇਦ ਦਾ ਸ਼ਿੰਗਾਰ ਬਣੇ।

ਪਰ ਮੈਨੂੰ ਇਹ ਦੱਸਣਾ ਈ ਪੈਣਾ ਏ ਕਿ ਮੇਰੇ ਮੁਹਾਣਿਆਂ ਉਤੇ ਆਕ੍ਰਮਣਕਾਰੀ ਆਰੀਆਂ 'ਤੇ ਨਗਰੀ ਜੀਵਨ ਜੀਣ ਵਾਲੇ ਮੂਲ ਨਿਵਾਸੀ ਦ੍ਰਵਿੜਾਂ ਦੇ ਆਪਸ ਵਿਚ ਖ਼ੂਨ-ਖਰਾਬਾ ਕਰਨ ਵਾਲੇ ਘਮਾਸਾਨ ਯੁੱਧ ਹੁੰਦੇ ਰਹੇ ਨੇ।

ਲਗਭਗ ਢਾਈ ਹਜ਼ਾਰ ਤੋਂ ਇਕ ਹਜ਼ਾਰ ਈਸਾਈ ਪੂਰਵ ਤੱਕ ਸੱਤ ਨਦੀਆਂ ਦੇ ਦੇਸ਼ ਸਪਤ ਸੰਧੂ ਉਤੇ ਆਰੀਆਂ ਦਾ ਅਧਿਕਾਰ ਹੋ ਗਿਆ ਸੀ। ਰਾਵੀ ਤੋਂ ਸਰਸਵਤੀ ਤੱਕ ਸਪਤ ਸਿੰਧੂ ਦੀ ਧਰਤੀ ਉਤੇ ... ਅਧਿਕਾਰ ਕਰਨ ਲਈ ਆਰੀਆ ਸੈਨਾ ਨੇ ਭਰਤ ਗਣ ਦੇ ਸੈਨਾਪਤੀ ( ਇੰਦਰ) ਦੀ ਕਮਾਨ ਹੇਠ ... ਅਸੁਰਾਂ ਨਾਲ ਘਮਾਸਾਨ ਯੁੱਧ ਕੀਤਾ ਸੀ । ... ਸੰਭਵਤ ਆਰੀਆਂ ਦੇ 'ਭਰਤ' ਗਣ ਦੇ ਨਾਂ ਉਤੇ ਦੇਸ਼ ਦਾ ਨਾਂ 'ਭਾਰਤ' ਪਿਆ ਹੈ।

ਅਹੁ ਦੇਖੋ! ਕਿਸਾਨ ਮੇਰੀ ਵਗਦੀ ਧਾਰਾ ਵਿਚੋਂ ਖਾਲ ਕੱਢਕੇ ਖੇਤਾਂ ਦੀ ਸਿੰਚਾਈ ਕਰ ਰਹੇ ਨੇ। ਨਰ ਨਾਰੀ ਬੱਚੇ ਬੁੱਢੇ ਮੇਰੇ ਨਿਰਮਲ ਜਲ ਵਿੱਚੋਂ ਉਂਜਲ ਭਰਕੇ, ਰੱਜਕੇ ਪਾਣੀ ਪੀ ਕੇ ਪਿਆਸ ਬੁਝਾਉਂਦੇ ਨੇ... ਡੁਬਕੀਆਂ ਲਾਉਂਦੇ...ਤਾਰੀਆਂ ਲਾਉਂਦੇ, ਕਲੋਲਾਂ ਕਰਦੇ ਨੇ। ਇਹਨਾਂ ਨੂੰ ਦੇਖਕੇ ਮੈਨੂੰ ਅਜੀਬ ਕਿਸਮ ਦੀ ਖ਼ੁਮਾਰੀ ਚੜ੍ਹਦੀ ਏ।...ਪਰ ਜਦ ਕੋਈ ਨਰ ਨਾਰੀ ਮੇਰੇ ਨਿਰਮਲ ਜਲ ਵਿਚ ਡੁਬਕੇ...ਆਪਣੀ ਜੀਵਨ ਲੀਲਾ ਸਮਾਪਤ ਕਰਦਾ ਏ...ਮੈਨੂੰ ਦੁੱਖ ਹੁੰਦਾ ਏ।...ਆਲਿਓ...! ਭੋਲਿਉ!! ਕਦੇ ਕਿਸੇ ਪਸ਼ੂ ਪੰਛੀ ਨੇ ਵੀ...ਜੀਵਨ ਦੇ ਦੁੱਖਾਂ-ਦਰਦਾਂ ਤੋਂ ਤੰਗ ਆ ਕੇ...ਮੇਰੇ ਵਹਿਣ ਵਿੱਚ ਵਹਿਕੇ ...ਆਪਣੀ ਜੀਵਨ ਲੀਲਾ ਸਮਾਪਤ ਕੀਤੀ ਏ ?...ਮੇਰੀ ਵਗਦੀ ਧਾਰਾ ਵਿੱਚ ਅੱਗੇ ਤੋਂ ਅੱਗੇ ਸੌ ਖੱਡ, ਸਿਰਸਾ ਆਦਿ ਅਨੇਕਾਂ ਵੱਡੇ ਛੋਟੇ ਨਦੀਆਂ ਨਾਲੇ ਆ ਕੇ ਮਿਲਦੇ ਰਹਿੰਦੇ ਨੇ ਤੇ ਮੈਂ ਉਨ੍ਹਾਂ ਨੂੰ ਗਲਵਕੜੀ ਪਾ ਕੇ ਆਪਣੇ ਨਾਲ ਲੈ ਕੇ ਚਲਦਾ ਰਹਿੰਦਾ ਹਾਂ। ਅੱਗੇ ਜਾ ਕੇ ਮੇਰੇ ਖੱਬੇ ਕਿਨਾਰੇ ਉੱਤੇ ਵਸਿਆ ਰੋਪੜ ਨਾਂ ਦਾ ਨਗਰ ਨਜ਼ਰ ਆਉਂਦਾ ਹੈ।

ਰੋਪੜ ਨਗਰ ਦੀ ਸਭਿਅਤਾ ਦੇ ਵਿਨਾਸ਼ ਤੋਂ ਬਾਦ ਇਥੇ ਅਨੇਕਾਂ ਸੱਭਿਅਤਾਵਾਂ ਵਿਕਸਿਤ ਹੁੰਦੀਆਂ ਗਈਆਂ ਅਤੇ ਬਾਹਰੋਂ ਆਏ ਆਕ੍ਰਮਣਕਾਰੀ ਧਾੜਵੀਆਂ ਦੁਆਰਾ ਤਬਾਹ ਕੀਤੀਆਂ ਜਾਂਦੀਆਂ ਰਹੀਆਂ ਨੇ ਤੇ ਇਥੋਂ ਦੇ ਨਾਗਰਿਕਾਂ ਨੂੰ ਲੁਟਿਆ-ਖਸੁਟਿਆ ਤੇ ਮਾਰ-ਮੁਕਾਇਆ ਜਾਂਦਾ ਰਿਹਾ। ਇਹ ਨਗਰ ਮੇਰੇ ਮੁਹਾਣੇ ਉਤੇ ਵਸਿਆ ਹੋਣ ਕਰਕੇ...ਧਾੜਵੀਆਂ ਦੇ ਖ਼ੂਨ-ਖਰਾਬਾ ਕਰਨ ਵਾਲੇ ਜੰਗ ਜੁਧ ਮੇਰੇ ਮੁਹਾਣਿਆਂ ਉੱਤੇ ਲੜੇ ਜਾਂਦੇ ਰਹੇ। ਤੇ ਮੇਰਾ ਇਕ ਨਾਂ ਸ਼ਤਦਰੂ ਦੇ ਨਾਲ ਨਾਲ 'ਸ਼ਤਰੁਦਰ' ਰਖ ਦਿੱਤਾ ਗਿਆ। ਰੁਦਰ ਦਾ ਅਰਥ ਖ਼ੂਨ...ਮੇਰੇ ਮੁਹਾਣਿਆਂ ਉਤੇ ਖ਼ੂਨੀ ਜੰਗਾਂ ਹੋਈਆਂ ਜਿਸ ਨਾਲ ਮੇਰਾ ਨਿਰਮਲ ਜਲ ਖ਼ੂਨ ਡੁੱਲ੍ਹਣ ਨਾਲ ਲਾਲ ਹੋ ਜਾਂਦਾ...ਤੇ ਮੈਂ ਖ਼ੂਨ ਦੇ ਅਥਰੂ ਰੋਂਦਾ।

ਪਰ ਇਹ ਤਾਂ ਘੜੀ ਪਲ ਲਈ ਹੁੰਦਾ। ਹਮੇਸ਼ਾ-ਹਮੇਸ਼ਾ ਲਈ ਮੁੱਢ ਕਦੀਮ ਤੋਂ ਤਾਂ ਮੈਂ ਇਥੋਂ ਦੇ ਲੋਕਾਂ ਦੇ ਖਾਣ-ਪੀਣ ਤੇ ਰਹਿਣ-ਸਹਿਣ ਵਿਚ ਸਹਾਇਕ ਹੁੰਦਿਆਂ ਜੀਵਨ ਰੇਖਾ ਬਣਿਆ ਰਿਹਾ ਹਾਂ। ਮੈਨੂੰ ਵੀ ਇਹਨਾਂ ਲੋਕਾਂ ਉੱਤੇ ਮਾਣ ਹੈ। ਇਹਨਾਂ ਨੇ ਮੇਰਾ ਨਾਂ ਸੱਤ ਦੀ ਸੱਚ ਦੀ ਲਾਜ ਬਚਾਉਣ ਵਾਲਾ 'ਸਤ+ਲਾਜ... ? ਸਤਲਾਜ ਰੱਖਿਆ। ਜਿਹੜਾ ਕਿ ਹੌਲੀ ਹੌਲੀ ਨਿਤਾ ਪ੍ਰਤੀ ਦੀ ਭਾਸ਼ਾ ਵਿੱਚ 'ਸਤਲੁਜ' ਲੋਕਾਂ ਦੀ ਜ਼ਬਾਨ 'ਤੇ ਚੜ੍ਹ ਗਿਆ ਹੈ।

ਅਸੀਂ ਹੁਣ ਚਲਦੀ ਧਾਰਾ ਨੂੰ ਛੱਡਕੇ ਵੱਖ-ਵੱਖ ਸਭਿਅਤਾਵਾਂ ਦੇ ਖੰਡਰਾਂ ਵਲ ਤੁਰੇ ਹਾਂ। ਗੌਰਮਿੰਟ ਕਾਲਿਜ ਰੋਪੜ ਤੋਂ ਅੱਗੇ...21 ਗਜ਼ ਉਚਾ ਸ਼ਿਵਾਲਿਕ ਦੀ ਪਹਾੜੀ ਦਾ ਟਿੱਬਾ...ਹੜਪਨ ਸਭਿਅਤਾ ਦੀ ਯਾਦ ਦੁਆਉਂਦਾ...ਹਜ਼ਾਰਾਂ ਸਾਲਾਂ ਤੋਂ ਅਡਿੱਗ ਖੜ੍ਹਾ ਹੈ। ਉਚੇ ਟਿੱਬਿਆਂ ਦੀ ਖੁਦਾਈ ਕਰਨ 'ਤੇ....ਸਿੰਧ ਘਾਟੀ, ਕੁਸ਼ਾਨ, ਗੁਪਤ, ਮੁਸਲਮ ਤੇ ਹੂਣ ਆਦਿ ਕਾਲਾਂ ਦੀਆਂ ਤਬਾਹ ਕੀਤੀਆਂ ਗਈਆਂ ਸਭਿਅਤਾਵਾਂ ਦੇ ਅਵਸ਼ੇਸ਼ ਜਿਵੇਂ ਸਿੱਕੇ, ਬਰਤਨ, ਗਹਿਣੇ, ਮੂਰਤੀਆਂ, ਮਨੁੱਖੀ ਹੱਡੀਆਂ ਦੇ ਪਿੰਜਰ, ਮਣਕੇ, ਚੂੜੀਆਂ, ਲੋਹੇ ਤੇ ਤਾਂਬੇ ਦੀਆਂ ਵਸਤੂਆਂ ਮਿਲੀਆਂ ਹਨ। ਜਿਹੜੀਆਂ ਕਿ ਇਕ ਮਿਊਜ਼ਿਅਮ ਵਿਚ ਮੌਜੂਦਾ ਕਾਲ ਦੇ ਲੋਕਾਂ ਦੇ ਉਹਨਾਂ ਦੇ ਪੁਰਖਿਆਂ ਦੇ ਇਤਿਹਾਸ, ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਵਾਸਤੇ ਦੇਖਣ ਲਈ ਰੱਖੀਆਂ ਗਈਆਂ ਹਨ।

ਪਰ ਲੋਕ ਰਾਇ ਦੀ ਪਰਵਾਹ ਨਾ ਕਰਦਿਆਂ ਹੋਇਆਂ... ਰੋਪੜ ਦਾ ਨਾਂ ਬਦਲਕੇ ...ਕਿਸੇ ਰਾਜੇ ਦੇ ਨਾਂ ਉੱਤੇ 'ਰੂਪਨਗਰ' ਰੱਖ ਦਿੱਤਾ ਗਿਆ ਹੈ। ਪਰ ਹਜ਼ਾਰਾਂ ਸਾਲ ਪਹਿਲਾਂ ਪ੍ਰਾਚੀਨ ਸਭਿਅਤਾ ਦੀ ਉਸਾਰੀ ਕਰਦਿਆਂ...ਮੇਰੇ ਮੁਹਾਣੇ ਉਤੇ ਵਸੇ ਲੋਕਾਂ ਨੇ...ਆਪਣੀ ਜੀਵਨ ਰੇਖਾ ਬਣੀ...ਮੇਰੀ ਧਾਰਾ ਰੌਂ+ਪੜ+ਪੈਣ ਕਰਕੇ..ਜਿਹੜੀ ਅੱਜ ਵੀ ਮੌਜੂਦ ਹੈ ਤੇ ਭਵਿੱਖ ਵਿੱਚ ਵੀ ਮੌਜੂਦ ਰਹੇਗੀ... ਨੂੰ ਮੁਖ ਰੱਖਦਿਆਂ...ਆਪਣੇ ਪਿਆਰੇ ਨਗਰ ਦਾ ਨਾਂ ਰੋਪੜ ਰੱਖਿਆ ਸੀ ਜਿਸਦੇ ਇਤਿਹਾਸਕ ਕਾਰਨ ਹਨ।-ਜਦਕਿ ਹਜ਼ਾਰਾਂ ਸਾਲਾਂ ਤੋਂ ਸੈਂਕੜੇ ਰਾਜੇ ਇਤਿਹਾਸ ਦੀ ਧੂੜ ਵਿਚ ਜਾ ਮਿਲੇ ਨੇ...ਜਿਨ੍ਹਾਂ ਦਾ ਕਿਤੇ ਨਾਮ ਨਿਸ਼ਾਨ ਨਹੀਂ ਲੱਭਦਾ।...ਪਰ ਫਿਰ ਵੀ ਸਮੇਂ ਦੀਆਂ ਸਰਕਾਰਾਂ ਦਾ ਝੁਕਾਅ..ਲੋਕ ਸੱਤਾ...ਲੋਕਤੰਤਰ ਨੂੰ ਕਮਜ਼ੋਰ ਕਰਨ ਲਈ...ਰਾਜ ਸੱਤਾ...ਰਾਜਤੰਤਰ ਵੱਲ ਬਣਿਆ ਰਹਿੰਦਾ ਹੈ।...ਇਸ ਲਈ ਲੋਕ ਚੇਤਨਾ ਅਤੇ ਯੋਗ ਅਗਵਾਈ ਦੀ

ਘਾਟ ਕਰਕੇ...ਰੋਪੜ ਨਗਰ ਦਾ ਹਜ਼ਾਰਾਂ ਸਾਲਾਂ ਤੋਂ ਇਤਿਹਾਸ ਦੇ ਪੰਨਿਆਂ ਉੱਤੇ ਸੁਸ਼ੋਭਿਤ ਨਾਂ.... ਬਦਲ ਦਿੱਤਾ ਗਿਆ ਹੈ...।

ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹ ਆਪਣੇ ਵਿਰਸੇ ਨਾਲੋਂ ਟੁੱਟ ਜਾਂਦੀਆਂ ਹਨ। ਜਿਵੇਂ ਸਪਤ ਸੰਧੂ ਦੀ ਧਰਤੀ ਉਤੇ ਹੁੰਦੀ... ਬਦੇਸ਼ੀਆਂ ਦੀ ਮਾਰ-ਧਾੜ ਤੋਂ ਡਰਦੇ ਜਿਪਸੀ (ਬਾਦ ਵਿਚ ਦਿੱਤਾ ਗਿਆ ਨਾਂ) ਯੂਰਪੀ ਦੇਸ਼ਾਂ ਵਿਚ ਮਾਰੇ -ਮਾਰੇ ਘੁੰਮ ਰਹੇ ਨੇ। ਉਹ ਪੰਜਾਬ ਵਿਚ ਵੀ ਆਏ... ਪਰ ਉਨ੍ਹਾਂ ਨੂੰ ਕਿਤੇ ਵੀ ਢੋਈ ਨਹੀਂ ਮਿਲੀ।

ਇਤਿਹਾਸ ਦੇ ਇਸ ਮੋੜ ਉੱਤੇ ਆ ਕੇ...ਮੇਰੇ ਰਵਾਂ-ਰਵੀਂ ਤੁਰਦੇ ਪੈਰ ਕੁਝ ਭਾਰੀ ਪੈਣ ਲੱਗ ਪਏ ਨੇ। ...ਮੈਂ ਆਪਣੇ ਪੁਰਾਤਨ ਮਾਰਗ ਦੀ ਤਲਾਸ਼ ਵਿਚ ਨਿਕਲਣ ਤੋਂ ਪਹਿਲਾਂ....ਆਪਣੇ ਸਹਾਇਕ ਨਦੀ ਨਾਲਿਆਂ ਦੀਆਂ ਸਰ-ਸਬਜ ਘਾਟੀਆਂ ਦੀ ਸੁੰਦਰਤਾ ਨੂੰ ਮਾਣਨ ਲਈ ਆਪਣੇ ਸਾਥੀਆਂ ਨੂੰ ਲੈ ਕੇ ਤੁਰ ਪੈਂਦਾ ਹਾਂ।

ਮੇਰੇ ਅਤੇ ਘੱਗਰ ਦਰਿਆ ਦੇ ਵਿਚਕਾਰ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚੋਂ ਮੇਰੀਆਂ ਸਹਾਇਕ ਨਦੀਆਂ ਸਗਰਾਓ, ਬੁਧਕੀ, ਸੀਸਵਾਂ, ਜੈਨਤੀ, ਪਟਿਆਲੀ ਤੇ ਸੁਖਨਾ ਕੀ ਰਾਓ ਆਦਿ ਨਿਕਲਦੀਆਂ ਹਨ ਅਤੇ ਘਾੜ ਦੇ ਇਲਾਕੇ ਵਿਚ ਨੂੰ ਬਹਿੰਦਿਆਂ ਅੱਗੇ ਜਾ ਕੇ ਮੇਰੀ ਧਾਰਾ ਵਿੱਚ ਵਿਲੀਨ ਹੋ ਜਾਂਦੀਆਂ ਹਨ। ਮੈਦਾਨਾਂ ਤੋਂ ਅਲੱਗ...ਇਹ ਰਤਾ ਉਚਾ-ਨੀਵਾਂ ਇਲਾਕਾ...ਨਦੀਆਂ ਨਾਲਿਆਂ ਨੇ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਜ਼ਰਖੇਜ ਮਿੱਟੀ ਲਿਆ ਕੇ ਬਣਾਇਆ ਹੈ...ਇਸ ਲਈ ਕੁਦਰਤ ਦੀ ਅਜੀਬ ਘਾੜਤ ਵਾਲਾ ਇਹ ਇਲਾਕਾ 'ਘਾੜ' ਦਾ ਇਲਾਕਾ ਕਹਾਉਂਦਾ ਹੈ।

ਨਦੀਆਂ ਵਿਚ ਬਰਸਾਤਾਂ ਤੋਂ ਬਿਨਾਂ ਵੀ ਸੇਮ ਦਾ ਪਾਣੀ ਸਾਰਾ ਸਾਲ ਚਲਦਾ ਰਹਿੰਦਾ ਹੈ। ਆਮ ਕਰਕੇ ਪਿੰਡ ਨਦੀਆਂ ਦੇ ਕਿਨਾਰੇ ਵਸੇ ਹੋਏ ਨੇ ਤੇ ਇਹ ਨਦੀਆਂ ਘਾੜ ਦੇ ਇਲਾਕੇ ਦੇ ਲੋਕਾਂ ਦੀ ਜੀਵਨ ਰੇਖਾ ਹਨ। ਖੇਤਾਂ ਵਿਚ ਕੰਮ ਕਰਦੇ ਕਿਸਾਨ, ਹਾਲੀ, ਪਾਲੀ ਤੇ ਬਾਲਣ ਲਈ ਪਸ਼ੂਆਂ ਦਾ ਗੋਹਾ ਇਕੱਠਾ ਕਰਦੀਆਂ ਇਸਤਰੀਆਂ, ਵੱਗ ਵਿਚ ਚਰਦੇ ਪਸ਼ੂ, ਪੰਛੀ ਜੰਗਲੀ ਜਾਨਵਰ ਨਦੀਆਂ ਵਿਚੋਂ ਸੇਮ ਦਾ ਪਾਣੀ ਪੀ ਪੀ ਕੇ ਪਿਆਸ ਬੁਝਾਉਂਦੇ ਨੇ।

ਹੜ੍ਹਾਂ ਦੀ ਮਾਰ ਤੋਂ ਬਚਣ ਲਈ ਘਾੜ ਦੇ ਲੋਕ ਝੁੱਗੀਆਂ ਟੱਪਰੀਆਂ ਬਣਾ ਕੇ ਰਹਿੰਦੇ ਨੇ ਤਾਂ ਜੋ ਇਕ ਥਾਂ ਹੜ੍ਹ ਆ ਜਾਣ ਤੇ ਦੂਸਰੀ ਥਾਂ ਜਾ ਕੇ ਵਸ ਸਕਣ।

ਇਸ ਕਰਕੇ ਬਹੁਤੇ ਪਿੰਡਾਂ ਦੇ ਨਾਵਾਂ ਨਾਲ ਟੱਪਰੀਆਂ ਲਗਦਾ ਹੈ ਜਿਵੇਂ ਸੁਲਤਾਨਪੁਰ ਟੱਪਰੀਆਂ, ਫਤਹਿਪੁਰ ਟੱਪਰੀਆਂ, ਬਹਾਵਲਪੁਰ ਟੱਪਰੀਆਂ, ਸਿਆਮੀ ਪੁਰ ਟੱਪਰੀਆਂ, ਮਲਕਪੁਰ ਟੱਪਰੀਆਂ, ਰਾਮਪੁਰ ਟੱਪਰੀਆਂ, ਮਹਿਰਮਪੁਰ ਟੱਪਰੀਆਂ ਆਦਿ ਜਾਂ ਫੇਰ ਲੋਕੀਂ ਕਿਸੇ ਬ੍ਰਿਛਾਂ ਦੇ ਝੁੰਡ ਕੋਲ ਜਾ ਕੇ ਵਸ ਜਾਂਦੇ ਸਨ। ਘਾੜ ਦੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਦੇ ਨਾਂ ਬ੍ਰਿਛਾਂ, ਪੌਦਿਆਂ, ਝਾੜੀਆਂ ਫਸਲਾਂ ਪਸ਼ੂਆਂ ਦੇ ਨਾਂਵਾ ਵਾਲੇ ਹਨ। ਜਿਵੇਂ ਕਰੌਂਦੇ ਆਲ, ਪਿਪਲ ਮਾਜਰਾ, ਸੀਹੋਂ ਮਾਜਰਾ, ਟਾਂਡਾ, ਟਾਂਡੀ, ਬਾਂਸੇਪੁਰ, ਡੇਕ ਆਲਾ, ਜੰਡਪੁਰ, ਸੀਸਵਾਂ, ਬਰੋਟੀਆਲਾ, ਮੈਸਾ ਟਿੱਬਾ, ਗੋਚਰ, ਸ਼ੇਰਪਰ, ਟੱਪਰੇ, ਝੁੰਗੀਆਂ ਆਦਿ। ਘਾੜ ਦੇ ਇਲਾਕੇ ਦੀ ਵੱਖਰੀ ਪਛਾਣ ਅੰਬਾਂ ਦੇ ਬਾਗਾਂ ਤੇ ਗੰਨੇ ਦੇ ਖੇਤਾਂ ਤੋਂ ਹੁੰਦੀ ਹੈ। ਬਰਸਾਤ ਵਿਚ ਅੰਬਾਂ ਦੇ ਅੰਬੀਆਂ ਡਿਗਕੇ ਬੀਜ ਆਪੇ ਜੰਮ ਕੇ ਨਵੇਂ ਬਾਗ ਤਿਆਰ ਹੋਈ ਜਾਂਦੇ ਨੇ। ਅੰਬ ਰਿਸ਼ਤੇਦਾਰੀਆਂ ਵਿਚ ਭੇਜੇ ਜਾਂਦੇ ਨੇ ਲੋਕੀਂ ਅੰਬਾਂ ਦਾ ਵਪਾਰ ਕਰਦੇ ਨੇ। ਘਾੜ ਦੇ ਇਲਾਕੇ ਦਾ ਕਣ ਵਾਲਾ ਗੁੜ ਮਸ਼ਹੂਰ ਹੈ। ਵਪਾਰੀ ਆਪੇ ਆ ਕੇ ਪਿੰਡਾਂ ਵਿਚੋਂ ਗੁੜ ਖ਼ਰੀਦ ਕੇ ਲੈ ਜਾਂਦੇ ਨੇ। ਲੋਕੀਂ ਆਪ ਵੀ ਗੱਡਿਆਂ, ਊਠਾਂ ਖੱਚਰਾਂ ਤੇ ਸ਼ਹਿਰਾਂ ਵਿੱਚ ਲਿਜਾ ਕੇ ਗੁੜ ਵੇਚਕੇ ਉਪਜੀਵਕਾ ਕਮਾਉਂਦੇ ਨੇ।

ਹੁਣ ਸਾਥੀਆਂ ਸਮੇਤ ਇਸ ਕੁਦਰਤ ਦੀ ਘਾੜਤ ਵਾਲੇ ਘਾੜ ਦੇ ਇਲਾਕੇ ਵੱਲ ਜਾਂਦਿਆਂ ਮੇਰੀ ਜੀਭ ਉੱਤੇ ਖੱਟੇ-ਮਿੱਠੇ ਅੰਬਾਂ ਦਾ ਸੁਆਦ ਤੇ ਨੱਕ ਨੂੰ ਚੱਕ ਉੱਤੇ ਬਹਿਕੇ ਤੱਤਾ -ਤੱਤਾ ਗੁੜ ਖਾਣ ਦੀ ਮਹਿਕ ਮਹਿਸੂਸ ਹੋ ਰਹੀ ਏ। ਮੇਰੇ ਕਦਮ ਤੇਜ ਹੋ ਜਾਂਦੇ ਨੇ।

ਪਰ ਇਹ ਮੈਂ ਕੀ ਦੇਖ ਰਿਹਾ ਹਾਂ... ਮੇਰੀਆਂ ਸਹਾਇਕ ਨਦੀਆਂ ਦੇ ਮੁਹਾਣਿਆਂ ਉੱਤੇ ਜੰਗਲ, ਬੇਲੇ, ਰੁੱਖਾਂ ਦੇ ਝੁੰਡ ਕਿਧਰੇ ਦਿਖਾਈ ਨਹੀਂ ਦਿੰਦੇ...ਤਾਲਾਬ, ਜੋਹੜ, ਖੂਹ, ਟੋਭੇ, ਸੁੱਕੇ ਪਏ ਨੇ। ਅੰਬਾਂ ਦੇ ਬਾਗਾਂ ਵਿਚ ਮੰਡਰਾਉਂਦੇ ਪੰਛੀ ਕਿਧਰੇ ਅਲੋਪ ਹੋ ਗਏ ਨੇ। ਕਿਧਰੇ ਚਲੇ ਗਏ ਨੇ, ਜਾਨਵਰਾਂ ਤੇ ਪੰਛੀਆਂ ਦੀਆਂ ਕਿੰਨੀਆਂ ਹੀ ਪ੍ਰਜਾਤੀਆਂ...ਅਲੋਪ ਹੋ ਰਹੀਆਂ ਨੇ। ਨਦੀਆਂ ਵਿੱਚ ਚਲਦਾ ਸੋਮ ਦਾ ਜਲ ਤਾਂ ਕੀ...ਨਦੀਆਂ ਦਾ ਨਾਮ ਨਿਸ਼ਾਨ ਨਜ਼ਰ ਨਹੀਂ ਆਉਂਦਾ ਨਦੀਆਂ ਦੇ ਵਹਿਣਾਂ ਲਈ ਛੱਡੀ ਸ਼ਾਮਲਾਤ ਜ਼ਮੀਨ ਵਿਚ ਤੇ ਖੇਤਾਂ ਵਿੱਚ ਕੋਠੀਆਂ ਉਸਰ ਰਹੀਆਂ ਨੇ।

ਮੈਂ ਅਚੰਭਿਤ ਹੁੰਦਾ ਹਾਂ...ਜਿਵੇਂ ਲੋਕੀਂ ਮੇਰੇ ਨਾਂ ਦੇ 'ਸਤਲੁਜ' ਸੱਤ ਦੀ ਲਾਜ ਰੱਖਣ ਵਾਲਾ' ...ਤੇ ਸ਼ਤਰੁਦਰ...'ਖ਼ੂਨ ਦੀਆਂ ਨਦੀਆਂ ਵਹਾਉਣ ਵਾਲਾ ?.... ਅਲਗ-ਅਲਗ ਅਰਥ ਕਰਦੇ ਨੇ। ....ਇਸੇ ਤਰ੍ਹਾਂ ਕੁਦਰਤ ਦੀ ਅਜਬ ਘਾੜਤ ਵਾਲਾ.... 'ਘਾੜ ਦਾ ਇਲਾਕਾ' ਦੇ ਅਰਥ 'ਘਾੜ' ਕੇ ਲੋਕੀਂ ਹੁਣ...ਘਾੜ' ਪਾਣੀ ਦੀ ਘਾਟ ਵਾਲਾ ਇਲਾਕਾ...ਕਰਦੇ ਨੇ।

ਦੂਸਰੇ ਪਾਸੇ ..ਵਿਕਾਸ ਦੀ ਗੱਲ.... ? ਹਾਂ ਵਿਕਾਸ.... ਕੰਕਰੀਟ ਦੀਆਂ ਕੋਠੀਆਂ... ਮਹਿਲ ਮੁਨਾਰੇ...ਸੁੱਖ ਸੁਵਿਧਾਵਾਂ ਵਿੱਚ ਮਸਤ ਗ੍ਰਸਤ ਵਿਅਕਤੀ...ਆਪਣੇ ਆਲੇ-ਦੁਆਲੇ ਵਸਦੀ ਕੁਦਰਤ, ਪ੍ਰਕਿਰਤੀ, ਕਾਇਨਾਤ ਨੂੰ ਭੁੱਲ ਗਿਆ ਹੈ। ਤੇ ਹਵਾ, ਪਾਣੀ, ਪ੍ਰਿਥਵੀ ਨੂੰ ਅਨ੍ਹੇ-ਵਾਹ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਗੁਰੂ ਦੇ ਬਚਨਾਂ ਤੋਂ ਬੇਮੁੱਖ ਹੋ ਕੇ...ਆਪਣੇ ਗੁਰੂ ਦੀ ਗੱਲ ਨਹੀਂ ਮੰਨੀ ਜਾ ਰਹੀ। ਫਿਰ ਆਹੀ ਕੁਝ ਹੋਣਾ ਏ....

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ॥
ਚੌਥਾ ਤੱਤ ਅਗਨ (ਧੂੰਆਂ) ਕਾ ਚਾਰੇ ਨੇ ਪ੍ਰਦੂਸ਼ਿਤ ਤੱਤ ॥

ਜਦ ਚਾਰੇ ਤੱਤ ਬੇ-ਤਹਾਸ਼ਾ ਪ੍ਰਦੂਸ਼ਿਤ ਹੋਣ ਲੱਗੇ ਨੇ....ਤਾਂ ਫਿਰ ਬੀਮਾਰੀਆਂ-ਮਹਾਂਮਾਰੀਆਂ ਫੈਲਣੀਆਂ ਈ ਨੇ। ਅਤੇ ਅਜਿਹੇ ਹਾਲਾਤਾਂ ਵਿੱਚ... 'ਪੰਜਵਾਂ ਤੱਤ ਆਕਾਸ਼ ਕਾ' ਚਾਰੇ ਤੱਤਾਂ ਉੱਤੇ ਭਾਰੂ ਪੈਣ ਲੱਗਦਾ ਹੈ....ਤੇ ਆਕਾਸ਼ ਮਾਰਗ ਉੱਤੇ ਜਾਣ ਵਾਲਿਆਂ ਦੀ ਗਿਣਤੀ ਵਧਣ ਲੱਗਦੀ ਹੈ। ... ਮੈਂ ਮਨ ਹੀ ਮਨ ਪੰਜ ਤੱਤਾਂ ਵਿੱਚ ਸੰਤੁਲਨ ਬਣਾ ਕੇ ਰੱਖਣ ਦੀ ਕਾਮਨਾ ਕਰਦਾ ਹੋਇਆ ਉਥੋਂ ਤੁਰ ਪੈਂਦਾ ਹਾਂ।

ਪਰ ਮੈਂ ਤਾਂ ਆਪਣੇ ਪੁਰਾਤਨ ਮਾਰਗ ਉੱਤੇ ਜਾਣਾ ਹੈ। ਮੈਂ ਨਾਲਦਿਆਂ ਨੂੰ ਦੱਸਦਾ ਹਾਂ ਕਿ ਪੁਰਾਤਨ ਕਾਲ ਵਿੱਚ ਦਰਿਆਵਾਂ ਅਤੇ ਝੀਲਾਂ ਵਿੱਚ ਆਵਾਜਾਈ ਚੱਪੂਆਂ ਵਾਲੀਆਂ ਕਿਸ਼ਤੀਆਂ ਰਾਹੀਂ ਹੀ ਹੁੰਦੀ ਸੀ। ਅਸੀਂ ਸਾਰਸਵਤ ਦੇਸ਼ ਵਿਚ ਨੂੰ ਲੰਘਕੇ ਉਸਦੀਆਂ ਪੱਛਮੀ ਤੇ ਪੂਰਬੀ ਹੱਦਾਂ ਨੂੰ ਮਿਲਾਉਂਦੇ...ਮੇਰੇ ਪੁਰਾਤਨ ਮਾਰਗ ਉੱਤੇ ਚੱਲ ਪੈਂਦੇ ਹਾਂ।

ਚਲਦੇ ਚਾਲ ਸੰਘੋਲ ਕੋਲ ਨੂੰ ਲੰਘਦਿਆਂ ਅਸੀਂ ...ਵਿਸ਼ਾਲ ਬੁਧ ਵਿਹਾਰਾਂ ਉਤੇ ਨਜ਼ਰ ਮਾਰਦੇ ਹਾਂ। ਮੇਰੀ ਵਗਦੀ ਧਾਰਾ ਵਿਚੋਂ ਖਾਲਾਂ ਕੱਢਕੇ ਬੁਧ ਵਿਹਾਰਾਂ ਵਿਚ ਪਾਣੀ ਪੁਚਾਇਆ ਜਾਂਦਾ ਹੈ ਤੇ ਨਾਲ ਲਗਦੇ ਖੇਤਾਂ ਵਿੱਚ ਲੱਗੀਆਂ ਫਸਲਾਂ ਦੀ ਬੋਧ ਭਿਕਸ਼ੂ ਸਿੰਚਾਈ ਕਰ ਰਹੇ ਹਨ। ਬਦੇਸ਼ਾਂ ਤੋਂ ਵੀ ਵਿਦਿਆਰਥੀ,

ਬੋਧ ਵਿਹਾਰਾਂ ਵਿਚ ਬੋਧ ਦਰਸ਼ਨ ਦਾ ਗਿਆਨ ਪ੍ਰਾਪਤ ਕਰਨ ਲਈ ਆਉਂਦੇ ਹਨ। ਬੁੱਧ ਕਾਲ ਤੋਂ ਬਾਦ ਸੁੰਗ, ਕੁਸਾਨ, ਗੁਪਤ ਅਤੇ ਮੁਗਲ ਕਾਲ ਦੀਆਂ ਸਭਿਅਤਾਵਾਂ ਵਿਕਸਿਤ ਤੇ ਵਿਨਾਸ਼ ਹੁੰਦੀਆਂ ਗਈਆਂ। ਖੁਦਾਈ ਕਰਨ ਉੱਤੇ ਇੰਨ੍ਹਾਂ ਸਭਿਅਤਾਵਾਂ ਦੇ ਅਵਸ਼ੇਸ਼ ਸੋਨਾ ਚਾਂਦੀ ਦੀਆਂ ਮੋਹਰਾਂ, ਸਿੱਕੇ, ਭਾਂਡੇ, ਮਟਕੇ, ਆਦਿ ਪ੍ਰਾਪਤ ਹੋਏ ਨੇ।

ਅਸੀਂ ਰਿਗਵੇਦ ਕਾਲ ਦੀਆਂ, ਹੱੜਪਨ ਕਾਲ ਦੀਆਂ ਬਸਤੀਆਂ, ਨਗਰਾਂ ਤੇ ਮੇਰੇ ਮੁਹਾਣਿਆਂ ਉੱਤੇ ਬਣਾਏ ਰਿਸ਼ੀਆਂ ਦੇ ਆਸ਼ਰਮਾਂ ਕੋਲ ਨੂੰ ਲੰਘਦੇ ਜਾ ਰਹੇ ਹਾਂ। ਕੀ ਦੇਖਦੇ ਹਾਂ ਕਿ ਸਾਡੇ ਖੱਬੇ ਪਾਸੇ, ਮੇਰਾ ਸਾਥੀ ਦਰਿਆ ਘੱਗਰ ਆਪਣੀਆਂ ਸਹਾਇਕ ਨਦੀਆਂ ਨਾਲਿਆਂ ਸਮੇਤ ਠਾਠਾਂ ਮਾਰਦਾ ਵਗ ਰਿਹਾ ਹੈ। ...ਘੱਗਰ ਸਿਰਮੌਰ ਦੀਆਂ ਪਹਾੜੀਆਂ ਤੋਂ ਜਨਮ ਲੈਂਦਾ ਹੈ। ਮੋਰਨੀ ਦੀਆਂ ਉੱਚੀਆਂ ਪਹਾੜੀਆਂ ਵਿਚੋਂ ਲੰਘ ਕੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਨੂੰ ਸੱਪ ਵਾਂਗ ਵਲ-ਵਲੇਵੇਂ ਖਾਂਦਾ...ਪੰਚਕੂਲੇ ਕੋਲ ਮੈਦਾਨਾਂ ਵਿਚ ਦਾਖਲ ਹੁੰਦਾ ਹੈ। ਸੁਖਨਾ, ਝਜਰਾ ਤੇ ਸਰਸਾਲਾ ਨਦੀਆਂ ਇਸ ਵਿੱਚ ਆ ਮਿਲਦੀਆਂ ਹਨ। ਘੱਗਰ ਦਾ ਆਕਾਰ ਵਧਦਾ ਜਾਂਦਾ ਹੈ, ਅੱਗੇ ਜਾ ਕੇ ਇਹ ਪਲਸੇਟਾ ਮਾਰ ਕੇ ਪੂਰਵ ਵੱਲ ਵਗਣ ਲਗਦਾ ਹੈ। ਨੇੜੇ ਆਇਆ ਦੇਖ ਅਮਲਾ, ਰੋਹੜੂ ਸਰੁਸਤੀ, ਟਾਂਗਰੀ ਤੇ ਪਟਿਆਲੀ ਕੀ ਰਾਓ ਇਸ ਵਿੱਚ ਪ੍ਰਵੇਸ਼ ਕਰਦੀਆਂ ਹਨ। ਸਰਸਵਤੀ ਜਿਵੇਂ ਪਹਿਲਾਂ ਹੀ ਇਹਨੂੰ ਉਡੀਕ ਰਹੀ ਹੁੰਦੀ ਏ। ਇਹ ਸਿਰਸੇ ਪਹੁੰਚਕੇ ਉਹਨੂੰ ਜਾ ਗਲਵਕੜੀ ਪਾਉਂਦਾ ਹੈ। ਰਿਸ਼ੀਆਂ ਨੇ ਰਿਗ ਵੇਦ ਵਿੱਚ ਘੱਗਰ ਦਾ ਨਾਂ ਦ੍ਰਿਸ਼ਦ੍ਵਤੀ ਲਿਖਿਆ ਹੈ। ਸਰਸਵਤੀ ਅਤੇ ਦ੍ਰਿਸ਼ਦ੍ਵਤੀ ਦੇ ਵਿਚਕਾਰ ਕੁਰੂਕਸ਼ੇਤਰ ਦੀ ਧਰਤੀ ਉਤੇ ਲਗਾਤਾਰ ਅਠਾਰਾਂ ਦਿਨਾਂ ਤੱਕ ਚੱਲਣ ਵਾਲਾ ਮਹਾਂਭਾਰਤ ਦਾ ਯੁੱਧ ਲੜਿਆ ਗਿਆ ਤੇ ਇਸ ਧਰਤੀ ਨੂੰ 'ਬ੍ਰਹਮਵਰਤ ਦੀ ਪਵਿੱਤਰ ਧਰਤੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਮੈਂ ਵੀ ਸਰਸਵਤੀ ਨੂੰ ਗਲਵਕੜੀ ਪਾਉਣ ਲਈ ਕਾਹਲਾ ਪੈਂਦਾ ਜਾ ਰਿਹਾ ਹਾਂ। ਪਰ ਪਹਿਲਾਂ ਉਹਦੇ ਨਿਕਾਸ ਅਤੇ ਇਥੋਂ ਤੱਕ ਪਹੁੰਚਣ ਦੀ ਗੱਲ ਕਰ ਲਈਏ।...ਸਰਸਵਤੀ ਪੱਛਮੀ ਗੜ੍ਹਵਾਲ ਵਿਚ ਹਿਮਾਲਾ ਪਰਬਤ ਦੇ ਬੰਦਰ ਪੁੰਛ ਤੋਂ ਨਿਕਲਦੀ ਹੈ। ਆਦਿ ਬੱਦਰੀ, ਭਵਾਨੀਪੁਰ ਤੇ ਬਾਲਛਾ ਦੀ ਪਹਾੜੀ ਤਰਾਈ ਤੋਂ ਦੱਖਣ ਵੱਲ ਬਹਿੰਦੀ ਹੋਈ ਮੌਜੂਦਾ ਕਾਲ ਦੇ ਉੱਤਰਾ ਖੰਡ, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਪੰਜਾਬ ਵਿਚ ਦਾਖਲ ਹੁੰਦੀ ਹੈ। ਮਾਰਕੰਡਾ, ਡਾਂਗਰੀ, ਆਦਿ ਦਰਿਆ ਤੇ ਨਦੀਆਂ ਨਾਲੇ ਇਸ ਵਿੱਚ ਸ਼ਾਮਿਲ ਹੁੰਦੇ ਰਹਿੰਦੇ ਨੇ।

ਮੈਂ ਤੇਜ਼ ਵਹਾਅ ਨਾਲ ਵਹਿੰਦਿਆਂ ਜਿਵੇਂ ਭਜਕੇ ਜਾ ਕੇ ਸ਼ੁਤਰਾਣਾ ਦੇ ਸਥਾਨ ਉੱਤੇ ਸਰਸਵਤੀ ਨੂੰ ਜਾ ਛੂੰਹਦਾ ਹਾਂ। ਉਥੇ ਮੈਨੂੰ ਇਕ ਨਹੀਂ, ਦੋ ਦੋ ਨਦੀਆਂ ਮਿਲਦੀਆਂ ਹਨ। ਯਮੁਨਾ ਵੀ ਹਿਮਾਲਾ ਪਰਬਤ ਤੋਂ ਨਿਕਲਕੇ ਪੱਛਮ ਵੱਲ ਵਗਦੀ ਹੋਈ ਸ਼ੁਤਰਾਣਾਂ ਦੇ ਸਥਾਨ ਉੱਤੇ ਸਰਸਵਤੀ ਵਿਚ ਮਿਲਦੀ ਹੈ।...ਤੇ ਇਥੇ ਤਿੰਨ ਦਰਿਆਵਾਂ ਦੇ ਸੰਗਮ ਉੱਤੇ...'ਸ਼ੁਤਰਾਣਾ' ਨਾਂ ਦੀ ਝੀਲ ਨਿਰਮਿਤ ਹੁੰਦੀ ਹੈ। ਇਸ ਤੋਂ ਅੱਗੇ ਸਰਸਵਤੀ ਦਾ ਫੱਟ ਛੇ ਤੋਂ ਅੱਠ ਕਿਲੋਮੀਟਰ ਤੱਕ ਚੌੜਾ ਹੋ ਜਾਂਦਾ ਹੈ...ਤੇ ਸਰਸਵਤੀ ਅਰਵਲੀ ਪਰਬਤ ਦੇ ਨਾਲ ਨੂੰ ਲੰਘਕੇ ਕੱਛ ਦੀ ਖਾੜੀ 'ਤੇ ਅਰਬ ਸਾਗਰ ਵਿਚ ਜਾ ਡਿਗਦੀ ਹੈ।

ਇੱਥੋਂ ਦੀ ਜਲਵਾਯੂ ਨਮ, ਗਰਮ ਤੇ ਤਰ ਸੀ। ਲਗਭਗ 6000 ਈ. ਪੂ. ਇਥੋਂ ਦੇ ਲੋਕਾਂ ਨੇ ਖੇਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਲਗਭਗ 1200 ਹੜੱਪਣ ਸਭਿਅਤਾ ਦੀਆਂ ਬਸਤੀਆਂ ਨਗਰ ਅਤੇ ਰਿਸ਼ੀਆਂ ਦੇ ਆਸ਼ਰਮ ਸਰਸਵਤੀ ਨਦੀ ਦੇ ਮੁਹਾਣਿਆਂ ਉੱਤੇ ਵਸੇ ਹੋਏ ਸਨ। ਰਿਗਵੇਦ ਦੇ ਰਿਸ਼ੀਆਂ ਨੇ ਸੱਤ ਭੈਣਾਂ ਵਿਚੋਂ ਸਭ ਤੋਂ ਛੋਟੀ ਭੈਣ, ਸਰਸਵਤੀ ਦੀ ਉਪਮਾ ਵਿਚ ਦੂਸਰੀਆਂ ਭੈਣਾਂ ਤੋਂ ਵੱਧ ਸੂਕਤ, ਗੀਤ ਲਿਖੇ ਨੇ।

ਦੋ... ਢਾਈ ਹਜ਼ਾਰ ਪਹਿਲਾਂ ਅਰਵਲੀ ਪਹਾੜ ਨੂੰ ਪਤਾ ਨਹੀਂ ਕੀ ਸੁੱਝੀ... ਉਹ ਉੂਚਾ ਉਠਣਾ ਸ਼ੁਰੂ ਹੋ ਗਿਆ ਸੀ। ਉਹ ਵੀ ਚੁੱਕ ਵਿੱਚ ਆਕੇ ਹੰਕਾਰ ਵਿਚ ਆ ਗਿਆ ਸੀ। ਧਰਤੀ ਦੇ ਥੱਲੇ ਭੂਗੋਲਿਕ ਪਰਿਵਰਤਨ ਹੋਣ ਕਾਰਣ ਉਹਦੇ ਥੱਲੇ ਦੀ ਧਰਤੀ ਉਪਰ ਉੱਠਣ ਲੱਗੀ ਸੀ। ਜਿਵੇਂ ਹੰਕਾਰ ਦੇ ਭੈੜੇ ਨਤੀਜੇ ਨਿਕਲਦੇ ਨੇ.... ਉਤਰੀ ਭਾਗ ਵੀ ਉਚਾ ਉੱਠਣ ਕਰਕੇ ਜਮਨਾ ਨੇ ਆਪਣਾ ਬਹਾਅ ਬਦਲਕੇ ਪੂਰਬ ਵੱਲ ਕਰ ਲਿਆ ਸੀ ਤੇ ਸਰਸਵਤੀ ਦੀ ਥਾਂ ਗੰਗਾ ਵਿਚ ਮਿਲਣ ਲੱਗ ਪਈ ਸੀ। ਸਰਸਵਤੀ ਹੌਲੀ-ਹੌਲੀ ਸੁੱਕਣ ਲੱਗੀ ਸੀ ਤੇ ਰਾਜਸਥਾਨ ਮਾਰੂਥਲ ਬਣਨ ਲੱਗਾ ਸੀ ਤੇ ਉਥੋਂ ਲੋਕ ਪਲਾਇਨ ਕਰਨ ਲੱਗੇ ਸਨ। ਮਹਾਂਭਾਰਤ ਦੇ ਵਣ ਪਰਵ ਵਿਚ ਸਰਸਵਤੀ ਨਦੀ ਵਿਚ ਜਲ ਦੇ ਲਗਾਤਾਰ ਘਟਦੇ ਜਾਣ ਦਾ ਉਲੇਖ ਮਿਲਦਾ ਹੈ। ਤਾਂਡਵ ਬ੍ਰਾਹਮਣ ਵਿਚ ਸਰਸਵਤੀ ਦੇ ਲੁਪਤ ਹੋਣ ਤੇ ਜੈਮਿਨੀ ਬ੍ਰਾਹਮਣ ਵਿਚ ਸਰਸਵਤੀ ਦੇ ਦੁਬਾਰਾ ਨਿਕਲਣ ਬਾਰੇ ਲਿਖਿਆ ਹੋਇਆ ਮਿਲਦਾ ਹੈ। ਭਾਵ ਸੁੱਕ ਰਹੀ ਨਦੀ ਵਿੱਚ ਉਪਰੋਂ ਹੜ੍ਹ ਆ ਜਾਣ ਤੇ ਕਦੇ-ਕਦੇ ਫਿਰ ਚੱਲਣ ਲੱਗ ਪੈਂਦੀ ਸੀ।

ਹੌਲੀ ਹੌਲੀ ਮੇਰਾ ਵਹਿਣ ਵੀ ਦੱਖਣ ਪੱਛਮ ਤੋਂ ਪੂਰਵ ਵੱਲ ਬਦਲਣ ਲੱਗ ਪਿਆ ਸੀ। ਭੂਗੋਲਿਕ ਕਾਰਨਾਂ ਕਰਕੇ ਅੱਗੋਂ ਧਰਤੀ ਉੱਚੀ ਹੋਣ ਕਰਕੇ...ਰੋਪੜ ਤੋਂ ਸ਼ੁਤਰਾਣੇ ਦੇ ਮੁੱਖ ਮਾਰਗ ਤੋਂ ਮੇਰੇ ਜਲ ਦੇ ਕੁਝ ਛੱਰ੍ਹੇ ਏਧਰ - ਉਧਰ ਨਿਕਲ ਜਾਂਦੇ ਸੀ। ਇਸ ਤਰ੍ਹਾਂ ਪਹਾੜਾਂ ਤੋਂ ਲਿਆਂਦੀ ਜ਼ਰਖੇਜ ਮਿੱਟੀ ਪੁਆਧ ਤੇ ਮਾਲਵੇ ਦੇ ਇਲਾਕਿਆਂ ਵਿਚ ਵਿਛਦੀ ਰਹਿੰਦੀ ਸੀ ਪਰ ਅੰਤ ਨੂੰ ਮੇਰਾ ਵਾਹਾਅ ਦੱਖਣ ਪੱਛਮ ਦੀ ਥਾਂ ਪੱਛਮ ਵੱਲ ਬਦਲਣ ਲਗ ਗਿਆ ਸੀ ਤੇ ਮੈਂ ਹਰੀ ਕੇ ਪੱਤਣ ਦੇ ਸਥਾਨ 'ਤੇ ਵਿਆਸ ਦਰਿਆ ਵਿਚ ਮਿਲਣ ਲੱਗ ਪਿਆ ਸਾਂ ਤੇ ਹੁਣ ਮੇਰੇ ਤੇ ਵਿਆਸ ਦੇ ਸੰਗਮ ਤੇ ਬਣੀ ਹਰੀ ਕੇ ਪੱਤਣ ਝੀਲ ਵਿਸ਼ਾਲ ਵੱਡੀ ਹੁੰਦੀ ਜਾ ਰਹੀ ਸੀ ਤੇ ਮੇਰੇ ਯਮੁਨਾ ਤੇ ਸਰਸਵਤੀ ਦੇ ਮਾਰਗ ਬਦਲਣ ਕਰਕੇ... ਸਾਡੇ ਤਿੰਨਾਂ ਦੇ ਸੰਗਮ ਨਾਲ ਬਣੀ ਸ਼ੁਤਰਾਣਾ ਝੀਲ ਦਾ ਆਕਾਰ ਘਟਦਾ ਜਾ ਰਿਹਾ ਸੀ। ਸੋਲ੍ਹਵੀਂ ਸਦੀ ਦੇ ਅਖੀਰ ਤੱਕ ਮੇਰਾ ਜਲ ਪੂਰਣ ਤੌਰ ਤੇ ਪੱਛਮ ਵੱਲ ਵਗਣ ਲੱਗ ਪਿਆ ਸੀ ਤੇ ਮੈਂ ਅੱਗੇ ਤੋਂ ਅੱਗੇ ਵਿਆਸ, ਰਾਵੀ, ਚਿਨਾਬ ਤੇ ਜਿਹਲਮ ਆਦਿ ਨਦੀਆਂ ਦੇ ਜਲ ਨੂੰ ਲੈ ਕੇ ਸਿੰਧੂ ਦਰਿਆ ਵਿਚ ਸ਼ਾਮਿਲ ਹੋਣ ਲੱਗ ਪਿਆ ਸਾਂ।

ਮੈਂ ਨਾਲ ਤੁਰੇ ਸਾਥੀਆਂ ਨੂੰ ਦੱਸਦਾ ਹਾਂ ਕਿ ਭਾਵੇਂ ਮੈਂ ਆਪਣਾ ਮਾਰਗ ਪੂਰਣ ਤੌਰ ਤੇ ਬਦਲ ਲਿਆ ਹੈ...ਪਰ ਹਜ਼ਾਰਾਂ ਲੱਖਾਂ ਸਾਲਾਂ ਤੋਂ ਤਾਂ ਮੈਂ ਪੁਰਾਤਨ ਮਾਰਗ ਉੱਤੇ ਵਹਿੰਦਾ ਆ ਰਿਹਾ ਹਾਂ... ਸਰਸਵਤੀ ਵੀ ਵਹਿੰਦੀ ਰਹੀ ਹੈ।... ਪਰ ਸਰਸਵਤੀ ਤਾਂ ਆਲੋਪ ਹੋ ਗਈ ਏ...ਕੀ ਉਹਦੀ ਹੋਂਦ ਸਮਾਪਤ ਹੋ ਗਈ? ਨਹੀਂ ਨਹੀਂ ਇਦਾਂ ਨਹੀਂ ਹੁੰਦਾ...ਫਿਰ ਤਾਂ ਇਤਿਹਾਸ -ਮਿਥਿਹਾਸ ਹੀ ਸਮਾਪਤ ਹੋ ਜਾਵੇਗਾ।

ਚਲੋ ਪਹਿਲਾਂ ਸਰਸਵਤੀ ਦੀ ਹੀ ਗੱਲ ਕਰਦੇ ਹਾਂ....ਸਰਸਵਤੀ ਦੇ ਮੁਹਾਣਿਆਂ ਉਤੇ ਰਿਗਵੇਦ ਦੇ ਸੂਕਤ ਰਚੇ ਗਏ।....ਸਰਸਵਤੀ ਤੇ ਘੱਗਰ ਦਰਿਆਵਾਂ ਵਿਚਕਾਰ...ਕੁਰੂਕਸ਼ੇਤਰ ਦੀ ਧਰਤੀ ਉੱਤੇ 18 ਦਿਨਾਂ ਤੱਕ ਮਹਾਂਭਾਰਤ ਦਾ ਯੁੱਧ ਚੱਲਦਾ ਰਿਹਾ ਜਿਸ ਵਿਚ ਪਾਂਡਵਾਂ ਦੀ ਜਿੱਤ ਤੇ ਕੌਰਵਾਂ ਦੀ ਹਾਰ ਹੋਈ। ਪਰ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਉੱਤੋਂ ਜਿੱਤੇ ਯੁੱਧ ਨੇ...ਪਾਂਡਵਾਂ ਦੀਆਂ ਹਜ਼ਾਰਾਂ ਚਿੰਤਾਵਾਂ ਨੂੰ ਜਨਮ ਦਿੱਤਾ। ਉਨ੍ਹਾਂ ਚਿੰਤਾਵਾਂ ਵਿਚੋਂ ਇਕ ਚਿੰਤਾ ਇਹ ਵੀ ਸੀ ਕਿ ਮਾਰੇ ਗਏ ਹਜ਼ਾਰਾਂ ਯੋਧਿਆਂ ਦੀਆਂ ਭਟਕਦੀਆਂ

ਫਿਰਦੀਆਂ ਆਤਮਾਵਾਂ-ਪਾਂਡਵਾਂ ਨੂੰ ਰਾਤਾਂ ਨੂੰ ਹੀ ਨਹੀਂ ਦਿਨਾਂ ਨੂੰ ਵੀ ਡਰਾਉਂਦੀਆਂ ਸਨ ਕਿ ਤੁਸੀਂ ਸਾਨੂੰ ਮਾਰ ਕੇ ਸਾਡੀਆਂ ਆਤਮਾਵਾਂ ਨੂੰ ਭਟਕਦੀਆਂ ਛੱਡ ਦਿੱਤਾ ਹੈ।

ਪਾਂਡਵਾਂ ਨੇ ਹੋਰ ਕਿਥੇ ਜਾਣਾ ਸੀ ? ਉਹ ਸ੍ਰੀ ਕ੍ਰਿਸ਼ਨ ਜੀ ਕੋਲ ਗਏ। ਸ੍ਰੀ ਕ੍ਰਿਸ਼ਨ ਜੀ ਨੇ ਦੱਸਿਆ, "ਮਹਾਂਭਾਰਤ ਦੇ ਯੁੱਧ ਵਿਚ ਹਜ਼ਾਰਾਂ ਲੋਕ ਬੇ-ਮੌਤ ਮਰ ਗਏ ਨੇ...ਉਹਨਾਂ ਦੀਆਂ ਆਤਮਾਵਾਂ ਹਾ-ਕਲਾਪ ਕਰਦੀਆਂ ਫਿਰਦੀਆਂ ਨੇ।" ਪਾਂਡਵਾਂ ਨੇ ਭੈ ਭੀਤ ਹੁੰਦਿਆਂ ਪੁੱਛਿਆ, "...ਮਹਾਰਾਜ। ਪਰ ਐਨੇ ਲੋਕਾਂ ਦੀ ਗਤ ਕੌਣ ਕਰਵਾਏਗਾ ? ਤੇ ਕਿਥੇ ਕਰਵਾਏਗਾ ? " ਸ੍ਰੀ ਕ੍ਰਿਸ਼ਨ ਜੀ ਬੋਲੇ, " ਮਹਾਂਭਾਰਤ ਦਾ ਯੁੱਧ ਤੁਸੀਂ ਜਿੱਤਿਆ ਹੈ.. ਇਨ੍ਹਾਂ ਦੀ ਗਤ ਤੁਸੀਂ ਹੀ ਕਰਵਾਓਗੇ...ਤੇ ਇਨ੍ਹਾਂ ਦੀ ਗਤ ਕਰਵਾਉਣ ਲਈ....ਪਵਿੱਤਰ ਨਦੀ ਸਰਸਵਤੀ ਤੇ ਪੂਜਨੀਕ ਸਥਾਨ ਪਿਹੋਵਾ ਤੋਂ ਵੱਧ ਕੋਈ ਯੋਗ ਸਥਾਨ ਨਹੀਂ ਹੈ।" ...ਉਦੋਂ ਤੋਂ ਲੈ ਕੇ ਹੁਣ ਤੱਕ ਦੂਰ-ਨੇੜੇ ਦੇ ਲੋਕ ... ਪਿਹੋਵਾ, ਜਿਸ ਨੂੰ ਉਹ 'ਪਹੋਆ' ਕਹਿੰਦੇ ਨੇ ਦੇ ਸਥਾਨ ਉੱਤੇ... ਸਰਸਵਤੀ ਜਿਸਨੂੰ ਉਹ 'ਸਰੁਸਤੀ' ਕਹਿੰਦੇ ਨੇ, ਦੇ ਪਵਿੱਤਰ ਜਲ ਵਿੱਚ ਪਿੰਡ ਦਾਨ ਕਰਕੇ....ਆਪਣੇ ਪਿਤਰਾਂ ਦੀ ਗਤ ਕਰਵਾਉਂਦੇ ਆ ਰਹੇ ਨੇ। ਸਰੁਸਤੀ ਦੇ ਆਲੋਪ ਹੋਣ ਦੀ ਖਬਰ ਦਾ ... ਇਨ੍ਹਾਂ ਲੋਕਾਂ ਦੇ ਵਿਸ਼ਵਾਸ ਅਤੇ ਸ਼ਰਧਾ 'ਤੇ ਕੋਈ ਅਸਰ ਨਹੀਂ ਹੋਇਆ। ਲੋਕਾਂ ਦਾ ਵਿਸ਼ਵਾਸ ਹੈ ਕਿ ਸਰੁਸਤੀ 12 ਕੋਹਾਂ ਵਿਚ ਚਲਦੀ ਨਜ਼ਰ ਆਉਂਦੀ ਹੈ...ਤੇ 12 ਕੋਹਾਂ ਵਿਚ ਆਲੋਪ ਹੋ ਜਾਂਦੀ ਏ। ਆਮ ਲੋਕ ਪੁਰੋਹਿਤਾਂ ਰਾਹੀਂ ਵੱਡੇ ਤਾਲਾਬਾਂ ਵਿੱਚ ਭਰਵਾਏ ਗਏ ਜਲ ਨੂੰ ਹੀ..... ਸਰੁਸਤੀ ਦੀ ਧਾਰਾ ਮੰਨਦੇ ਹਨ। ਜਿਹਦੇ ਜਲ ਵਿੱਚ ਲੋਕੀਂ ਪਿੰਡ ਦਾਨ ਕਰਕੇ ਆਪਣੇ ਪਿਤਰਾਂ ਦੀ ਗਤ ਕਰਵਾਉਂਦੇ ਨੇ।

ਅਜਿਹੀ ਪਵਿੱਤਰ ਅਤੇ ਪੂਜਨੀਕ ਸਰਸਵਤੀ ਨਦੀ ਨੂੰ ਲੋਕੀਂ ਲੋਪ ਹੋਇਆ ਕਿਵੇਂ ਬਰਦਾਸ਼ਤ ਕਰ ਸਕਦੇ ਹਨ। ਲੋਕ ਚੇਤਨਾ ਜਾਗੀ...ਤੇ ਸਰਸਵਤੀ ਨਦੀ ਦੇ ਵਹਿਣ ਦੀ ਨਿਸ਼ਾਨ ਦੇਹੀ ਕਰਵਾ ਕੇ...ਲੋਕਾਂ ਨੇ ਸਰਸਵਤੀ ਨਦੀ ਨੂੰ ਮੁੜ ਜੀਵਿਤ ਕਰਨਾ ਸ਼ੁਰੂ ਕਰ ਦਿੱਤਾ। ਹਰਿਆਣਾ, ਉਤਰਾਂਚਲ ਤੇ ਰਾਜਸਥਾਨ ਦੀਆਂ ਸਰਕਾਰਾਂ ਇਸ ਵਿਚ ਸਹਿਯੋਗ ਦੇ ਰਹੀਆਂ ਹਨ। ਜੇਕਰ ਸਰਸਵਤੀ ਦੀ ਵਿਸ਼ਾਲ ਧਾਰਾ ਨਹੀਂ ਵਹਾਈ ਜਾ ਸਕਦੀ ਤਾਂ ਪ੍ਰਤੀਕ ਵਜੋਂ ਬਰੀਕ ਧਾਰਾ ਤਾਂ ਵਗਾਈ ਜਾ ਸਕਦੀ ਹੈ।

ਪਰ ਇੱਕਲੀ ਸਰਸਵਤੀ ਨੂੰ ਧਰਤ ਉੱਤੇ ਰੂਪਮਾਨ ਕਰਨ ਨਾਲ ਤਾਂ ਉੱਤਰ-ਪੱਛਮੀ ਭਾਰਤ ਦੇ ਜਲ ਸ੍ਰੋਤਾਂ ਦਾ ਨਕਸ਼ਾ ਪੂਰਨ ਨਹੀਂ ਹੋਵੇਗਾ...ਜਦ ਤਕ ਕਿ ਮੇਰੇ ਅਤੇ ਯਮੁਨਾ ਦੇ ਪੁਰਾਤਨ ਮਾਰਗਾਂ ਨੂੰ ਧਰਤੀ ਉੱਤੇ ਨਹੀਂ ਦਿਖਾਇਆ ਜਾਂਦਾ। ਮੈਨੂੰ ਮੇਰੇ ਨਾਲ ਤੁਰੇ ਖੋਜੀਆਂ..ਮੇਰੇ ਵਾਰਸਾਂ, ਜਾਣਕਾਰਾਂ...ਤੇ ਹਮਦਰਦਾਂ ਉੱਤੇ ਪੂਰੀ ਉਮੀਦ ਅਤੇ ਭਰੋਸਾ ਹੈ ਕਿ ਉਹ ਰੋਪੜ ਤੋਂ ਸ਼ੁਤਰਾਣਾ ਤੱਕ ਦੇ ਮੇਰੇ ਮਾਰਗ ਨੂੰ ਧਰਤੀ ਉੱਤੇ ਜ਼ਰੂਰ ਨਿਰਮਿਤ ਕਰਨਗੇ। ਮੇਰੇ ਸਰਸਵਤੀ ਅਤੇ ਯਮੁਨਾ ਦੇ ਸੰਗਮ ਉਤੇ ਬਣੀ 'ਸ਼ੁਤਰਾਣਾ ਝੀਲ' ਮਾਲ ਮਹਿਕਮੇ ਦੇ ਰੀਕਾਰਡ ਅਨੁਸਾਰ 11 ਪਿੰਡਾਂ ਦੀ ਜ਼ਮੀਨ ਉੱਤੇ ਫੈਲੀ ਹੋਈ ਸੀ ਇਸ ਸਥਾਨ ਉੱਤੇ ਮੁੜ ਆਰਜ਼ੀ (ਸ਼ੁਤਰਾਣਾ) ਝੀਲ ਬਣਾਈ ਜਾ ਸਕਦੀ ਹੈ। ਮੇਰੀ, ਸਰਸਵਤੀ ਤੇ ਯਮੁਨਾ ਦੀ ਪੁਨਰ ਸਿਰਜਿਤ ਜਲ ਧਾਰਾ ਤੇ ਸ਼ੁਤਰਾਣਾ ਝੀਲ...ਦੇਸ ਵਿਦੇਸ਼ ਤੋਂ ਆਉਣ ਵਾਲੇ ਯਾਤਰੂਆਂ ਲਈ.. ਪੁਰਾਤਨ ਸਭਿਆਤਾਵਾਂ ਦੇ ਇਤਿਹਾਸ, ਮਿਥਿਹਾਸ ਤੇ ਪੁਰਾਤਨ ਕਾਲ ਵਿਚ ਉੱਤਰ ਪੱਛਮੀ ਭਾਰਤ ਦੀ ਧਰਤੀ ਉਤੇ ਵਗਦੇ ਨਦੀ, ਨਾਲਿਆਂ, ਦਰਿਆਵਾਂ, ਰਾਜਸਥਾਨ ਦੇ ਮਾਰੂਥਲ ਬਣਨ ਆਦਿ ਦੀ ਜਾਣਕਾਰੀ ਪ੍ਰਾਪਤ ਕਰਨ ਲਈ....ਆਕਰਸ਼ਣ ਦਾ ਕੇਂਦਰ ਬਣੀ ਰਹੇਗੀ।

* * *

# ਪਿੰਡ ਖ਼ਿਜਰਾਬਾਦ ਦੀ ਵਿਲੱਖਣਤਾ

- ਸੁਖਜਿੰਦਰ ਸੋਢੀ ਮਾਜਰੀ

ਇਤਿਹਾਸਕ ਨਗਰ ਖਿਜਰਾਬਾਦ ਨੂੰ ਘਾੜ ਦੇ ਇਲਾਕੇ ਦਾ ਧੁਰਾ ਕਿਹਾ ਜਾਂਦਾ ਹੈ। ਕਈ ਸਦੀਆਂ ਪਹਿਲਾਂ ਇਸ ਪਿੰਡ ਨੂੰ ਰਾਜੇ ਖਿਜਰ ਖ਼ਾਨ ਨੇ ਵਸਾਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੇ ਯੁੱਧ ਨੂੰ ਜਾਂਦਿਆਂ ਤੇ ਯੁੱਧ ਜਿੱਤਣ ਮਗਰੋਂ ਰਾਏਪੁਰ ਰਾਣੀ ਦੇ ਰਸਤਿਓ ਵਾਪਸ ਸ੍ਰੀ ਅਨੰਦਪੁਰ ਸਾਹਿਬ ਮੁੜਦਿਆਂ ਇੱਥੇ ਵਿਸ਼ਰਾਮ ਕਰ ਕੇ ਗਏ ਸਨ। ਇੱਥੇ ਸਥਿਤ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ ਜੀ ਦੇ ਇਤਿਹਾਸ ਅਨੁਸਾਰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰ ਸਾਹਿਬਜ਼ਾਦਿਆਂ ਤੋਂ ਇਲਾਵਾ ਇਕ ਹੋਰ ਧਰਮ ਦਾ ਪੁੱਤਰ ਬਾਬਾ ਜ਼ੋਰਾਵਰ ਸਿੰਘ ਜੀ ਸਨ। ਪ੍ਰੋ. ਪਿਆਰਾ ਸਿੰਘ ਪਦਮ ਦੀ ਕਿਤਾਬ 'ਗੋਬਿੰਦ ਸਾਗਰ', ਪੰਥ ਵਿਦਵਾਨ ਰਤਨ ਸਿੰਘ ਜੱਗੀ ਦੀ ਲਿਖਤ 'ਸਿੱਖ ਪੰਥ ਵਿਸ਼ਵ ਕੋਸ਼' ਅਨੁਸਾਰ ਫ਼ਤਿਹਗੜ੍ਹ ਸਾਹਿਬ ਨੇੜਲੇ ਸ਼ਹਿਰ ਬਸੀ ਪਠਾਣਾਂ ਦੇ ਵਸਨੀਕ ਨੱਥੂ ਰਾਮ ਲੋਟੇ ਤੇ ਮਾਤਾ ਭੀਖੀ ਜੀ ਦੇ ਗ੍ਰਹਿ ਪ੍ਰਗਟੇ ਬਾਬਾ ਜ਼ੋਰਾਵਰ ਸਿੰਘ ਜੀ, ਮਾਪਿਆਂ ਦੇ ਅਕਾਲ ਚਲਾਣੇ ਤੋਂ ਮਗਰੋਂ ਅਨੰਦਪੁਰ ਸਾਹਿਬ ਜਾ ਵਸੇ। ਗੁਰੂ ਸਾਹਿਬ ਵੱਲੋਂ ਆਪਣੇ ਸਾਹਿਬਜ਼ਾਦਿਆਂ ਦੇ ਨਾਲ ਹੀ ਬਾਬਾ ਜ਼ੋਰਾਵਰ ਸਿੰਘ ਦਾ ਪਾਲਣ ਪੋਸ਼ਣ ਕੀਤਾ ਗਿਆ। 6 ਤੇ 7 ਪੋਹ 1704 ਦੀ ਦਰਮਿਆਨੀ ਰਾਤ ਨੂੰ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਬਾਬਾ ਜ਼ੋਰਾਵਰ ਸਿੰਘ, ਸਰਸਾ ਪਾਰ ਕਰਨ ਮਗਰੋਂ ਰੋਪੜ ਵਿਖੇ ਹੋਈ ਲੜਾਈ ਦੌਰਾਨ ਭਾਈ ਬਚਿੱਤਰ ਸਿੰਘ ਜੀ ਨਾਲ ਗੰਭੀਰ ਜ਼ਖ਼ਮੀ ਹੋ ਗਏ। ਭਾਈ ਬਚਿੱਤਰ ਸਿੰਘ ਕੋਟਲਾ ਨਿਹੰਗ ਖਾਂ ਵਿਖੇ ਸ਼ਹਾਦਤ ਦਾ ਜਾਮ ਪੀਣ ਮਗਰੋਂ ਭਾਈ ਗੁਰਸਾ ਸਿੰਘ ਤੇ ਭਾਈ ਬੱਗਾ ਸਿੰਘ ਵੱਲੋਂ ਬਾਬਾ ਜ਼ੋਰਾਵਰ ਸਿੰਘ (ਸਰੀਰ ਤੇ 22 ਫੱਟ) ਨੂੰ ਜ਼ਖ਼ਮੀ ਹਾਲਤ ਵਿੱਚ ਬੈਲਗੱਡੀ ਵਿਚ ਪਾ ਕੇ ਉਨ੍ਹਾਂ ਦੇ ਨਾਨਕੇ ਪਿੰਡ ਡਡਹੇੜੀ (ਗੋਬਿੰਦਗੜ੍ਹ) ਵਿਖੇ ਸ਼ਰਧਾਵਾਨ ਮਾਤਾ ਭੂਪਾਂ ਜੀ ਕੋਲ ਭੇਜ ਦਿੱਤਾ। ਮਾਤਾ ਜੀ ਦੀ ਦਿਨ-ਰਾਤ ਸੇਵਾ ਮਗਰੋਂ ਆਪ ਮੁਕੰਮਲ ਤੰਦਰੁਸਤ ਹੋਣ ਮਗਰੋਂ ਗੁਰੂ ਸਾਹਿਬ ਦੀ ਭਾਲ ਵਿੱਚ ਆਪਣੇ ਮਾਤਾ, ਅਉਲੀਆ ਸਿੰਘ ਤੇ ਹੋਰਨਾਂ ਸਿੰਘਾਂ ਸਮੇਤ ਖ਼ਿਜਰਾਬਾਦ ਆਏ ਤੇ ਇੱਥੇ ਕਾਫ਼ੀ ਵਕਤ ਭਜਨ ਬੰਦਗੀ ਕੀਤੀ। ਇਸ

ਮਗਰੋਂ ਆਪ ਦਸਮ ਪਾਤਸ਼ਾਹ ਨੂੰ ਲੱਭਦਿਆਂ ਹੋਇਆਂ ਤਲਵੰਡੀ ਸਾਬੋਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜਾ ਮਿਲੇ। ਇਸ ਮਗਰੋਂ ਆਪ ਗੁਰੂ ਸਾਹਿਬ ਨਾਲ ਦੱਖਣ ਦੀ ਯਾਤਰਾ ਸਮੇਂ ਸਹੌਣਾ, ਬਘੇਰ ਨਗਰ (ਰਾਜਸਥਾਨ), ਏਤਮਾਦਪੁਰ (ਨੇੜੇ ਆਗਰਾ), ਚਿਤੌੜ ਵਿਖੇ ਪਹੁੰਚੇ ਤੇ ਚਿਤੌੜ ਵਿਖੇ ਫ਼ੌਜ ਨਾਲ ਹੋਈ ਟੱਕਰ ਵਿਚ ਆਪ ਜੀ ਸ਼ਹੀਦ ਹੋ ਗਏ। ਆਪ ਜੀ ਦੇ ਜੀਵਨ ਬਿਰਤਾਂਤ ਨੂੰ ਕਵੀ ਸੈਨਾਪਤੀ ਦੇ ਗ੍ਰੰਥ 'ਸ੍ਰੀ ਗੁਰੂ ਸ਼ੋਭਾ' (1711), ਲਿਖਾਰੀ ਭਾਈ ਸੁੱਖਾ ਸਿੰਘ ਦੀ ਲਿਖਤ 'ਗੁਰੂ ਬਿਲਾਸ' (1797), ਇਤਿਹਾਸਕਾਰ ਗੰਡਾ ਸਿੰਘ, ਸਿੱਖ ਇਤਿਹਾਸ ਰਿਸਰਚ ਸਕਾਲਰ ਰਣਧੀਰ ਸਿੰਘ ਦੀ ਕਿਤਾਬ 'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ', ਪੰਡਤ ਤਾਰਾ ਸਿੰਘ ਨਰੋਤਮ ਦੀ ਕਿਤਾਬ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਸਿੱਖ ਇਤਿਹਾਸ ਰਿਸਰਚ ਬੋਰਡ ਦੇ ਮੁਖੀ ਡਾ. ਸ਼ਮਸ਼ੇਰ ਸਿੰਘ ਅਸ਼ੋਕ, ਮੌਜੂਦਾ ਮੁਖੀ ਪ੍ਰੋ. ਬਲਵਿੰਦਰ ਸਿੰਘ ਜੋਤਾ ਸਿੰਘ' ਦੀ ਸੰਪਾਦਤ ਕਿਤਾਬ 'ਚਾਰ ਸਾਹਿਬਜ਼ਾਦੇ' ਤੇ ਨਿਰੰਜਣ ਸਿੰਘ ਸਾਥੀ ਵੱਲੋਂ ਅਨੁਵਾਦਤ ਫ਼ਾਰਸੀ ਕਿਤਾਬ ਵਿੱਚੋਂ ਮਿਲਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਇਸ ਗੁਰਦੁਆਰੇ ਦੀ ਦੇਖ-ਰੇਖ ਲੋਕਲ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਸਾਥੀ ਮੈਂਬਰਾਂ ਨਾਲ ਰਲ ਕੇ ਕਰ ਰਹੇ ਹਨ। ਪਿੰਡ ਖਿਜਰਾਬਾਦ ਦੇ ਬੰਨੇ ਨਾਲ ਲੱਗਦੇ ਗੁਲਾਬਆਣਾ (ਹਰਨਾਮਪੁਰਾ) ਵਿਖੇ ਮਾਤਾ ਕੈਲਮ ਦੇਵੀ ਦੇ ਅਸਥਾਨ 'ਤੇ ਹਰ ਵਰ੍ਹੇ ਮੇਲਾ ਲੱਗਦਾ ਹੈ।

**ਚੱਲ ਰਹੇ ਵਿਕਾਸ ਕਾਰਜ :**

ਪਿੰਡ ਖ਼ਿਜਰਾਬਾਦ ਦੀ ਕੁੱਲ ਅਬਾਦੀ 12 ਹਜ਼ਾਰ ਦੇ ਕਰੀਬ ਹੋਣ ਕਾਰਨ ਇਹ ਪਿੰਡ ਕਾਫੀ ਵੱਡੇ ਖੇਤਰ ਵਿੱਚ ਫੈਲਿਆ ਹੋਇਆ ਹੈ। ਸਮੁੱਚਾ ਪ੍ਰਬੰਧ ਤੇ ਵਿਕਾਸ ਦੇ ਕਾਰਜ ਦੋ ਪੰਚਾਇਤਾਂ (ਉਪਰਲੀ ਤੇ ਹੇਠਲੀ ਪੱਤੀ) ਚਲਾਉਂਦੀਆਂ ਹਨ। ਹੇਠਲੀ ਪੱਤੀ ਦੇ ਸਰਪੰਚ ਗੁਰਿੰਦਰ ਸਿੰਘ ਬਾਕੀ ਪੰਚਾਇਤ ਮੈਂਬਰ ਸਾਥੀਆਂ ਸਮੇਤ ਪਿੰਡ ਨੂੰ ਵਿਕਾਸ ਤੇ ਖ਼ੁਸ਼ਹਾਲੀ ਪੱਖੋਂ ਅੱਵਲ ਨੰਬਰ ਬਣਾਉਣ ਲਈ ਜੁਟੇ ਹੋਏ ਹਨ। ਪਿੰਡ ਦੀ ਉਪਰਲੀ ਪੱਤੀ ਦੀ ਸਰਪੰਚ ਜਸਵੀਰ ਕੌਰ ਸਰਕਾਰ ਦੀਆਂ ਗ੍ਰਾਂਟਾਂ ਤੇ ਸਕੀਮਾਂ ਦਾ ਪਿੰਡ ਨੂੰ ਲਾਹਾ ਦੁਆਉਣ ਲਈ ਮੋਹਰੀ ਭੂਮਿਕਾ ਨਿਭਾਅ ਰਹੇ ਹਨ। ਇਨ੍ਹਾਂ ਤੋਂ ਪਹਿਲਾਂ ਰਹੇ ਸਰਪੰਚਾਂ ਨੇ ਆਪੋ ਆਪਣੇ ਸਮੇਂ ਦੌਰਾਨ ਪਿੰਡ ਦੀ ਅਗਵਾਈ ਕੀਤੀ। ਖ਼ਿਜਰਾਬਾਦ 'ਚ ਕਰੀਬ ਢਾਈ ਕਰੋੜ ਦੀ ਲਾਗਤ ਨਾਲ ਕਮਿਊਨਿਟੀ ਸੈਂਟਰ ਦੀ ਉਸਾਰੀ ਕੀਤੀ ਜਾ ਰਹੀ ਹੈ ਜੋ ਲਗਭਗ ਮੁਕੰਮਲ ਹੋਣ ਨੇੜੇ ਹੈ।

ਸਰਪੰਚ ਗੁਰਿੰਦਰ ਸਿੰਘ ਦੀ ਅਗਵਾਈ ਹੇਠ ਪੰਚਾਇਤ ਵੱਲੋਂ 40 ਲੱਖ ਦੀ ਲਾਗਤ ਨਾਲ ਪਿੰਡ ਦੇ ਬੱਸ ਸਟੈਂਡ ਵਿਖੇ ਦੁਕਾਨਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਸਕੂਲ ਦੀ ਇਮਾਰਤ, ਪ੍ਰਾਇਮਰੀ ਸਕੂਲ ਵਿਚ ਕਮਰਿਆਂ ਦੀ ਉਸਾਰੀ ਤੇ ਪਾਰਟੀ ਵਲਗਣਾਂ ਤੋਂ ਉਪਰ ਉੱਠ ਕੇ ਨੌਜਵਾਨਾਂ ਵੱਲੋਂ ਇੱਕਜੁੱਟ ਹੋ ਕੇ ਸਟੇਡੀਅਮ ਦਾ ਕੀਤਾ ਜਾ ਰਿਹਾ ਨਵੀਨੀਕਰਨ ਜਾਰੀ ਹੈ। ਰਾਣਾ ਕੁਸ਼ਲਪਾਲ ਦੀ ਅਗਵਾਈ ਹੇਠ ਚੰਡੀਗੜ੍ਹ ਦੀ ਤਰਜ਼ 'ਤੇ ਬਣਿਆ ਸ਼ਹੀਦ ਭਗਤ ਸਿੰਘ ਆਲੀਸ਼ਾਨ ਪਾਰਕ ਪਿੰਡ ਨੂੰ ਚਾਰ ਚੰਨ ਲਗਾ ਰਿਹਾ ਹੈ।

**ਰਾਜਨੀਤੀ ਦਾ ਗੜ੍ਹ :**

ਸਾਬਕਾ ਕੈਬਨਿਟ ਮੰਤਰੀ ਜਗਮੋਹਨ ਸਿੰਘ ਕੰਗ ਦਾ ਸਹੁਰਾ ਪਿੰਡ ਹੋਣ ਕਾਰਨ ਰਾਜਨੀਤੀ ਪੱਖੋਂ ਇਹ ਪਿੰਡ ਖ਼ਾਸ ਸਥਾਨ ਰੱਖਦਾ ਹੈ। ਪ੍ਰਸਿੱਧ ਕਾਰੋਬਾਰੀ ਤੇ ਸਮਾਜ ਸੇਵਕ ਮੁਰਾਰੀ ਲਾਲ ਤੰਤਰ ਤੇ ਮਨਦੀਪ ਸਿੰਘ ਖ਼ਿਜਰਾਬਾਦ ਆਪੋ-ਆਪਣੇ ਵੇਲੇ ਬਲਾਕ ਸੰਮਤੀ ਦੇ ਵਾਈਸ ਚੇਅਰਮੈਨ ਰਹੇ। ਪਿੰਡ ਦੇ ਰਵਿੰਦਰ ਸਿੰਘ ਰਵੀ ਜ਼ਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਰਹੇ ਹਨ। ਸਾਬਕਾ ਸਰਪੰਚ ਕਿਰਪਾਲ ਸਿੰਘ ਖ਼ਿਜਰਾਬਾਦ ਇਸ ਵੇਲੇ ਮਾਰਕਿਟ ਕਮੇਟੀ ਕੁਰਾਲੀ ਦੇ ਚੇਅਰਮੈਨ ਹਨ। ਔਰਤਾਂ ਵਿੱਚੋਂ ਖ਼ਿਜਰਾਬਾਦ ਦੀ ਧੰਨ ਕੌਰ ਤੇ ਸੋਨਿਕਾ ਸ਼ਰਮਾ ਜ਼ਿਲ੍ਹਾ ਪ੍ਰੀਸ਼ਦ ਦੀਆਂ ਮੈਂਬਰ ਰਹੀਆਂ ਹਨ। ਪਿੰਡ ਖ਼ਿਜਰਾਬਾਦ ਦੀ ਸੰਦੀਪ ਕੌਰ ਬਲਾਕ ਸੰਮਤੀ ਦੇ ਮੈਂਬਰ ਹਨ। ਪਿੰਡ ਦੇ ਜੰਮਪਲ ਸ਼ਾਮ ਲਾਲ ਹਰਿਆਣਾ ਦੇ ਪੰਚਕੂਲਾ ਤੋਂ ਵਿਧਾਨ ਸਭਾ ਲਈ ਭਾਰਤੀ ਜਨਤਾ ਪਾਰਟੀ ਦੀ ਟਿਕਟ ਤੋਂ ਚੋਣ ਲੜ ਚੁੱਕੇ ਹਨ।

**ਪੁਰਾਤਨ ਛਿੰਝ :**

ਪਿੰਡ ਖ਼ਿਜਰਾਬਾਦ ਵਿਖੇ 100 ਸਾਲਾਂ ਤੋਂ ਵੱਧ ਸਮੇਂ ਤੋਂ ਭਰਦੀ ਆ ਰਹੀ ਛਿੰਝ (ਕੁਸ਼ਤੀ ਦੰਗਲ) ਜਾਰੀ ਹੈ। ਪਿੰਡ ਦੇ 93 ਸਾਲਾ ਵਸਨੀਕ ਜੋਗਿੰਦਰ ਭਗਤ ਅਨੁਸਾਰ ਸੁਰਤ ਸੰਭਾਲਣ ਤੋਂ ਪਹਿਲਾਂ ਦੇ ਵੇਲੇ ਤੋਂ ਇਹ ਛਿੰਝ ਭਰਦੀ ਆ ਰਹੀ। ਛਿੰਝ ਕਮੇਟੀ ਦੇ ਪ੍ਰਧਾਨ ਰਾਮ ਸਰੂਪ ਪਿਛਲੇ ਕਈ ਦਹਾਕਿਆਂ ਤੋਂ ਛਿੰਝ ਨੂੰ ਨੇਪਰੇ ਚਾੜ੍ਹਦੇ ਹਨ। ਕਮੇਟੀ ਵਿਚ 100 ਦੇ ਕਰੀਬ ਕਮੇਟੀ ਮੈਂਬਰ ਛਿੰਝ ਕਮੇਟੀ ਨੂੰ ਸਮਰਪਤ ਹਨ। ਹਾਲੇ ਵੀ ਪਿੰਡ ਵਿੱਚ ਚੱਲ ਰਹੇ ਮਹਾਂਕਾਲ ਕੁਸ਼ਤੀ ਅਖਾੜਾ ਦੇ ਸੰਚਾਲਕ ਪ੍ਰਦੀਪ ਬਾਵਾ ਦੀ ਅਗਵਾਈ ਹੇਠ ਭਲਵਾਨੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਕੌਮੀ ਪੱਧਰ ਦੇ ਫੁੱਟਬਾਲਰ ਹਰਦੀਪ ਸਿੰਘ ਸਾਬਕਾ

ਸਰਪੰਚ ਜੋ ਉਸ ਵੇਲੇ ਚੰਡੀਗੜ੍ਹ ਫੁੱਟਬਾਲ ਟੀਮ ਦੇ ਕਪਤਾਨ ਰਹੇ, ਮੁਤਾਬਕ ਪਿੰਡ ਦੇ ਵਸਨੀਕ ਡਾ. ਮਨਜੀਤ ਸਿੰਘ ਨੇ ਫੁੱਟਬਾਲ ਦੀ ਗੇਮ ਨੂੰ ਪ੍ਰਫੁੱਲਤ ਕਰਨ ਲਈ ਚੇਟਕ ਲਗਾਈ ਸੀ। ਕੌਮੀ ਪੱਧਰ ਤੱਕ ਫੁੱਟਬਾਲ ਖੇਡਣ ਵਾਲਿਆਂ ਵਿੱਚ ਹਰਦੀਪ ਸਿੰਘ ਖ਼ਿਜਰਾਬਾਦ ਤੇ ਸੁਖਵਿੰਦਰ ਸਿੰਘ ਸ਼ੰਮੀ ਦੇ ਨਾਲ-ਨਾਲ ਹਰਿੰਦਰ ਸਿੰਘ, ਬਲਵਿੰਦਰ ਸਿੰਘ, ਰਵਿੰਦਰ ਸਿੰਘ, ਬਲਵੰਤ ਸਿੰਘ, ਨਿਰਪਾਲ ਸਿੰਘ, ਸਤਨਾਮ ਸਿੰਘ ਨੇ ਸੂਬਾ ਪੱਧਰ 'ਤੇ ਫੁੱਟਬਾਲ ਦੀ ਟੀਮ ਵਿੱਚ ਖੇਡਦੇ ਰਹੇ।

ਪਿੰਡ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ ਹਨ ਤੇ ਤਿੰਨ ਨਿੱਜੀ ਸਕੂਲ ਹਨ। ਪਿੰਡ ਵਿਚ ਸਰਕਾਰੀ ਡਿਸਪੈਂਸਰੀ, ਆਯੁਰਵੇਦਿਕ ਡਿਸਪੈਂਸਰੀ ਹੈ ਤੇ ਪਸ਼ੂਆਂ ਦੇ ਇਲਾਜ ਲਈ ਵੈਟੇਰਨਰੀ ਹਸਪਤਾਲ ਬਣਿਆ ਹੋਇਆ ਹੈ। ਐਕਸਰੇ, ਲੈਬੋਰਟਰੀ ਦੇ ਟੈਸਟ ਅਤੇ ਹੋਰਨਾਂ ਬਿਮਾਰੀਆਂ ਦਾ ਇਲਾਜ ਕਰਵਾਉਣ ਲਈ ਸ਼ਹਿਰ ਕੁਰਾਲੀ, ਸਰਕਾਰੀ ਹਸਪਤਾਲ ਬੂਥਗੜ੍ਹ ਜਾਂ ਚੰਡੀਗੜ੍ਹ ਦੇ ਸਰਕਾਰੀ ਹਸਪਤਾਲਾਂ ਤੇ ਇਲਾਕੇ ਦੇ ਹੋਰਨਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣਾ ਪੈਂਦਾ ਹੈ। ਪਿੰਡ ਵਿੱਚ ਅਨਾਜ ਮੰਡੀ ਵੀ ਸਥਾਪਤ ਕੀਤੀ ਗਈ ਹੈ।

**ਸਮਾਜ ਸੇਵਕ ਜਥੇਬੰਦੀਆਂ ਤੇ ਕਲੱਬ :**

ਪਿੰਡ ਵਿਚ ਨਿਸ਼ਕਾਮ ਸੇਵਾ ਦਲ ਕਲੱਬ, ਮੁਹਾਰਾਣਾ ਆਸਰਾ ਕਲੱਬ, ਸ਼ਿਵ ਸ਼ਕਤੀ ਕਲੱਬ, ਨੌਜਵਾਨ ਏਕਤਾ ਕਲੱਬ, ਸ਼ਹੀਦ ਭਗਤ ਸਿੰਘ ਕਲੱਬ, ਬਾਬਾ ਜ਼ੋਰਾਵਰ ਸਿੰਘ ਕਲੱਬ, ਰਵੀਦਾਸ ਕਲੱਬ, ਐਂਫਸੀ ਕਲੱਬ, ਤਕੀਆ ਕਲੱਬ ਤੇਹੋਰ ਕਲੱਬ ਹਨ। ਪਿੰਡ ਦੇ ਅਗਾਂਹਵਧੂ ਸੋਚ ਵਾਲੇ ਨੌਜਵਾਨ ਪਿੰਡ ਦੀ ਭਲਾਈ ਲਈ ਤਤਪਰ ਹੈ।

ਮਰਹੂਮ ਗਾਇਕ ਮਨਿੰਦਰ ਮੋਗਾ ਨੇ ਖ਼ੂਬਸੂਰਤ ਗੀਤ ਗਾਏ ਹਨ ਤੇ ਗੀਤਕਾਰ ਤੇਜੀ ਖ਼ਿਜਰਾਬਾਦੀ ਦੇ ਗੀਤਾਂ ਨੂੰ ਕਈ ਗਾਇਕਾਂ ਨੇ ਆਵਾਜ਼ ਦਿੱਤੀ ਹੈ। ਗੀਤ 'ਐਡੀ ਗੱਲ ਨਹੀਂ ਸੀ, ਜਿੱਡੀ ਤੂੰ ਬਣਾ ਕੇ ਬਹਿ ਗਿਆ' ਤੇਜੀ ਖਿਜਰਾਬਾਦੀ ਦੀ ਕਲਮ ਦੀ ਦੇਣ ਹੈ। ਪਿੰਡ ਦੇ ਵਸਨੀਕ ਹਰਚਰਨ ਸਿੰਘ ਖ਼ਿਜਰਾਬਾਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ 26 ਚੰਡੀਗੜ੍ਹ 'ਚ ਭੰਗੜਾ ਟੀਮ ਦੀ ਕਪਤਾਨੀ ਮਗਰੋਂ ਕੋਚਿੰਗ ਦਿੱਤੀ। ਉਨ੍ਹਾਂ ਪੰਜਾਬ ਫੋਕ ਥੀਏਟਰ ਵੱਲੋਂ ਯੂਨੈਸਕੋ ਦੀ ਬਾਡੀ ਇੰਟਰਨੈਸ਼ਨਲ ਅਮਚਿਊਰ ਥੀਏਟਰ ਐਸ਼ੋਸ਼ੀਏਸ਼ਨ ਤਹਿਤ ਆਸਟਰੀਆ, ਨਾਰਵੇ, ਸਵੀਡਨ ਵਰਗੇ ਦੇਸ਼ਾਂ ਵਿੱਚ ਭੰਗੜੇ ਦੀ ਧਾਕ

ਜਮਾਈ। ਸੰਨ 2011 ਵਿਚ ਲਾਲ ਕਿਲ੍ਹਾ ਦਿੱਲੀ ਵਿਖੇ ਪਰੇਡ ਦੌਰਾਨ ਹਰਚਰਨ ਸਿੰਘ ਖ਼ਿਜਰਾਬਾਦ ਦੀ ਅਗਵਾਈ ਹੇਠ ਤਿਆਰ ਨਾਰਥ ਜੋਨ ਕਲਚਰਲ ਸੈਂਟਰ ਪਟਿਆਲਾ ਦੀ ਭੰਗੜਾ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ।

ਕਾਬਿਲੇ ਜ਼ਿਕਰ ਹੈ ਕਿ ਖਿਜਰਾਬਾਦ ਦੇ ਬਾਬਾ ਦੀਪ ਸਿੰਘ ਸੈਲਫ਼ ਹੈਲਪ ਗਰੁੱਪ ਦੀਆਂ ਔਰਤਾਂ ਵੱਲੋਂ ਦਲਜੀਤ ਕੌਰ ਪ੍ਰਧਾਨ, ਮਹਿੰਦਰ ਕੌਰ ਸੈਕਟਰੀ ਤੇ ਪਰਮਜੀਤ ਕੌਰ ਖ਼ਜਾਨਚੀ ਦੀ ਅਗਵਾਈ ਵਿਚ ਤਿਆਰ ਕੀਤੀਆਂ ਕਢਾਈਦਾਰ ਤੇ ਸੁੰਦਰ ਫੁਲਕਾਰੀਆਂ ਨੂੰ ਸੰਨ 2018 ਮੱਧ ਪ੍ਰਦੇਸ਼ ਦੇ ਭੋਪਾਲ ਵਿਖੇ 'ਉਮੰਗ 2018' ਵਿਖੇ ਵੱਖਰਾ ਸਥਾਨ ਮਿਲਿਆ ਸੀ ਤੇ ਇਸ ਸੈਲਫ਼ ਹੈਲਪ ਗਰੁੱਪ ਦੀਆਂ ਔਰਤਾਂ ਨੂੰ ਪੂਰੇ ਦੇਸ਼ ਵਿੱਚ ਤੀਜਾ ਸਥਾਨ ਮਿਲਿਆ ਸੀ।

**ਪਿੰਡ ਦੀਆਂ ਨਾਮਵਰ ਸ਼ਖ਼ਸੀਅਤਾਂ**

ਪਿੰਡ ਖ਼ਿਜਰਾਬਾਦ ਦਾ ਨਾਂ ਚਮਕਾਉਣ ਵਾਲੀਆਂ ਸ਼ਖ਼ਸੀਅਤਾਂ ਵਿੱਚ ਫ਼ਕੀਰ ਚੰਦ ਸ਼ੁਕਲਾ ਸ਼੍ਰੋਮਣੀ ਸਾਹਿਤਕਾਰ, ਡਾ. ਸੁਦਰਸ਼ਨ ਸਿੰਘ ਸਾਬਕਾ ਪ੍ਰੋਫੈਸਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਮੇਜਰ ਡਾ. ਮਨਜੀਤ ਸਿੰਘ ਸਿਵਲ ਸਰਜਨ, ਪ੍ਰਿੰ. ਬਸਤਾ ਸਿੰਘ, ਐਂਸਡੀ ਸ਼ਰਮਾ ਡੀਜੀਐਮ ਪੰਜਾਬ ਨੈਸ਼ਨਲ ਬੈਂਕ, ਕਰਨਲ ਬਲਵਿੰਦਰ ਸਿੰਘ ਸੈਨਾ ਮੈਡਲ ਕਾਰਗਿੱਲ ਯੁੱਧ, ਕਰਨਲ ਐਮਪੀਐੱਸ ਪਦਮ, ਕਰਨਲ, ਐੱਮਪੀ ਸਿੰਘ ਪਦਮ ਲੈਫ਼ ਕਰਨਲ, ਤੇ ਜਗਮੋਹਨ ਸਿੰਘ ਐੱਸ.ਪੀ ਰਾਸ਼ਟਰਪਤੀ ਐਵਾਰਡ ਜੇਤੂ ਆਦਿ ਪ੍ਰਮੁੱਖ ਹਨ।

*(22 ਸਤੰਬਰ, 2020 ਪੰਜਾਬੀ ਜਾਗਰਣ 'ਚੋਂ ਧੰਨਵਾਦ ਸਹਿਤ)*

* * *

# ਭਾਖੜਾ ਡੈਮ ਦੀ ਦਿਲਚਸਪ ਕਹਾਣੀ

ਪ੍ਰੋ. ਬਸੰਤ ਸਿੰਘ ਬਰਾੜ
ਮੋਬਾ. 98149-41214

ਜੇਕਰ ਭਾਖੜਾ ਡੈਮ ਪ੍ਰਾਜੈਕਟ ਦਾ ਸਾਰਾ ਪਿਛੋਕੜ ਗਹੁ ਨਾਲ ਘੋਖਿਆ ਜਾਵੇ ਤਾਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਭਾਵੇਂ ਅੰਗਰੇਜ਼ਾਂ ਨੇ ਵੀ ਇਸ ਵਿਚ ਕਾਫ਼ੀ ਦਿਲਚਸਪੀ ਲਈ ਅਤੇ ਇਸ ਦਾ ਮੁੱਢ ਬੰਨ੍ਹਿਆ ਪਰ ਇਸ ਦੇ ਮੁੱਖ ਨਾਇਕ ਸਰ ਛੋਟੂ ਰਾਮ ਹੀ ਸਨ। ਇਸ ਦੇ ਬਣਨ ਵਿਚ ਆਉਣ ਵਾਲੀਆਂ ਅਨੇਕਾਂ ਔਕੜਾਂ ਨੂੰ ਲਗਨ ਅਤੇ ਸਿਆਣਪ ਨਾਲ ਹੱਲ ਕਰਨ ਦਾ ਸਿਹਰਾ ਸਿਰਫ਼ ਉਨ੍ਹਾਂ ਦੇ ਸਿਰ ਹੈ। ਇਹ ਠੀਕ ਹੈ ਕਿ ਅਸਲ ਨਿਰਮਾਣ ਕਾਰਜ ਆਜ਼ਾਦੀ ਮਿਲਣ ਤੋਂ ਬਾਅਦ 1948 ਵਿਚ ਸ਼ੁਰੂ ਹੋਇਆ, ਪਰ ਇਸ ਤੋਂ ਪਹਿਲਾਂ ਜਿੰਨੇ ਸਰਵੇ ਹੋਏ, ਜਿੰਨਾ ਅਤਿ ਮਹੱਤਵਪੂਰਨ ਤਕਨੀਕੀ ਕੰਮ ਹੋਇਆ ਅਤੇ ਜਿੰਨੇ ਅੜਿੱਕੇ ਦੂਰ ਕਰਨੇ ਪਏ, ਉਨ੍ਹਾਂ ਸਾਰਿਆਂ ਵਿਚ ਸਰ ਛੋਟੂ ਰਾਮ ਦੀ ਪ੍ਰਮੁੱਖ ਭੂਮਿਕਾ ਸੀ।

## ਡੈਮ ਲਈ ਥਾਂ ਮਿਲਣ ਦੀ ਦਿਲਚਸਪ ਕਹਾਣੀ

ਵੀਹਵੀਂ ਸਦੀ ਦੇ ਆਰੰਭ ਵਿਚ ਇਕ ਸੀਨੀਅਰ ਅੰਗਰੇਜ਼ ਇੰਜੀਨੀਅਰ, ਨਿਕਲਸਨ, ਹਿਮਾਚਲ ਪ੍ਰਦੇਸ਼ ਦੇ ਪਹਾੜਾਂ 'ਤੇ ਘੁੰਮ ਰਿਹਾ ਸੀ। ਬਿਲਾਸਪੁਰ ਕੋਲ ਅਚਾਨਕ ਭਾਖੜਾ ਨਾਂ ਦੇ ਪਿੰਡ ਕੋਲ ਦੇ ਪਹਾੜਾਂ ਦੇ ਵਿਚਕਾਰ ਤੰਗ ਜਗ੍ਹਾ ਵਿੱਚੋਂ ਲੰਘਦੇ ਸਤਲੁਜ ਦਰਿਆ ਨੂੰ ਵੇਖ ਕੇ ਉਸ ਨੂੰ ਉੱਥੇ ਡੈਮ ਬਣਾਉਣ ਦਾ ਖ਼ਿਆਲ ਆਇਆ। ਇੱਥੋਂ ਨਹਿਰਾਂ ਕੱਢ ਕੇ ਪੰਜਾਬ ਦੇ ਬਾਰਿਸ਼ ਦੀ ਕਮੀ ਵਾਲੇ ਦੱਖਣ ਪੂਰਬੀ ਹਿਸਾਰ, ਰੋਹਤਕ ਅਤੇ ਗੁੜਗਾਉਂ ਜ਼ਿਲ੍ਹਿਆਂ ਨੂੰ ਜਰਖੇਜ਼ ਬਣਾਇਆ ਜਾ ਸਕਦਾ ਸੀ। ਉਸ ਨੇ ਇਸ ਬਾਰੇ ਪੂਰੀ ਰਿਪੋਰਟ ਬਣਾ ਕੇ ਪੰਜਾਬ ਸਰਕਾਰ ਨੂੰ ਪੇਸ਼ ਕਰ ਦਿੱਤੀ। ਬਹੁਤ ਸਾਲਾਂ ਤੱਕ ਇਹ ਰਿਪੋਰਟ ਖ਼ਜ਼ਾਨੇ ਅਤੇ ਆਬਪਾਸ਼ੀ ਮਹਿਕਮੇ ਦੇ ਸਕੱਤਰਾਂ ਕੋਲ ਪਈ ਰਹੀ। ਕੋਈ ਵਾਲੀ ਵਾਰਿਸ ਨਾ ਹੋਣ ਕਰਕੇ ਇਹ ਠੰਢੇ ਬਸਤੇ ਵਿਚ ਪਾ ਦਿੱਤੀ ਗਈ।

ਜਦ ਚੌਧਰੀ ਛੋਟੂ ਰਾਮ ਪਹਿਲੀ ਵਾਰ 1923 ਵਿੱਚ ਪੰਜਾਬ ਵਿਧਾਨਕਾਰ ਕੌਂਸਲ ਦੇ ਮੈਂਬਰ ਅਤੇ ਖੇਤੀਬਾੜੀ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਇਸ ਯੋਜਨਾ ਬਾਰੇ ਭਿਣਕ ਪੈ ਗਈ। ਉਨ੍ਹਾਂ ਨੇ ਇਸ ਦਾ ਗ਼ੌਰ ਨਾਲ ਅਧਿਐਨ ਕੀਤਾ ਅਤੇ ਇਸ ਨੂੰ ਪੰਜਾਬ ਦੇ ਔੜ ਮਾਰੇ ਇਲਾਕੇ 'ਚ ਖੁਸ਼ਹਾਲੀ ਲਿਆਉਣ ਦੀ ਸੁਨਹਿਰੀ ਕਿਰਨ ਦੇ ਤੌਰ 'ਤੇ ਆਪਣਾ ਲਿਆ। ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਯੋਜਨਾ ਬਾਰੇ ਮੁੱਢਲਾ ਕੰਮ 1915 ਵਿੱਚ ਸ਼ੁਰੂ ਹੋ ਗਿਆ ਸੀ ਅਤੇ 1919 ਵਿਚ ਸਰਕਾਰ ਨੂੰ ਰਿਪੋਰਟ ਪੇਸ਼ ਕਰ ਦਿੱਤੀ ਗਈ ਸੀ। 400 ਫੁੱਟ ਉੱਚਾ ਡੈਮ ਬਣਾ ਕੇ 25 ਲੱਖ ਏਕੜ ਜ਼ਮੀਨ ਦੀ ਸਿੰਚਾਈ ਹੋ ਸਕਦੀ ਸੀ। ਕੁੱਲ ਖ਼ਰਚ 14 ਕਰੋੜ 14 ਲੱਖ 74,926 ਰੁਪਏ ਆਉਣ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਸਰਵੇ ਉੱਤੇ ਕਈ ਲੱਖ ਰੁਪਏ ਖ਼ਰਚ ਹੋਏ ਸਨ ਪਰ ਇਹ ਸਰਵਜਨਕ ਨਹੀਂ ਕੀਤੀ ਗਈ ਸੀ ਅਤੇ ਨਾ ਹੀ ਅੱਗੇ ਕੋਈ ਕਾਰਵਾਈ ਕੀਤੀ ਗਈ ਸੀ।

ਇਸ ਸਰਵੇ ਰਿਪੋਰਟ ਬਾਰੇ ਪੂਰੀ ਜਾਣਕਾਰੀ ਦੇ ਕੇ, ਚੌਧਰੀ ਛੋਟੂ ਰਾਮ ਨੇ ਕੌਂਸਲ ਦੀ ਮੀਟਿੰਗ ਵਿਚ ਇਹ ਮਤਾ ਪੇਸ਼ ਕੀਤਾ, "ਇਹ ਕੌਂਸਲ ਸਰਕਾਰ ਨੂੰ ਸਿਫ਼ਾਰਿਸ਼ ਕਰਦੀ ਹੈ ਕਿ ਭਾਖੜਾ ਡੈਮ ਦੇ ਨਿਰਮਾਣ ਲਈ ਭਾਰਤ ਸਰਕਾਰ ਅਤੇ ਸੈਕ੍ਰਿਟਰੀ ਆਫ਼. ਸਟੇਟ ਤੋਂ ਮਨਜ਼ੂਰੀ ਲੈਣ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਜਾਣ ਅਤੇ ਜਿਉਂ ਹੀ ਲੋੜੀਂਦੀ ਮੰਨਜ਼ੂਰੀ ਪ੍ਰਾਪਤ ਹੁੰਦੀ ਹੈ, ਬਿਨਾਂ ਦੇਰ ਕੀਤੇ ਇਸ ਪ੍ਰਾਜੈਕਟ ਉੱਤੇ ਨਿਰਮਾਣ-ਕਾਰਜ ਆਰੰਭ ਹੋ ਜਾਣਾ ਚਾਹੀਦਾ ਹੈ।" ਤਾੜੀਆਂ ਦੀ ਗੂੰਜ ਵਿਚ ਇਹ ਮਤਾ ਨਿਰਵਿਰੋਧ ਪਾਸ ਹੋ ਗਿਆ।

**ਸਰਕਾਰ ਦੇ ਦੋ ਖ਼ਦਸ਼ੇ :**

1922-23 ਵਿਚ ਪੰਜਾਬ ਸਰਕਾਰ ਨੇ ਇਸ ਯੋਜਨਾ ਬਾਰੇ ਦੋ ਖ਼ਦਸ਼ੇ ਜ਼ਾਹਿਰ ਕੀਤੇ ਸਨ। ਪਹਿਲਾ ਸ਼ੱਕ ਇਹ ਸੀ ਕਿ ਡੈਮ ਦੀ ਝੀਲ ਦੇ ਪਾਸਿਆਂ ਵਾਲੇ ਪਹਾੜ ਸ਼ਾਇਦ ਇੰਨੇ ਪਾਣੀ ਦਾ ਦਬਾਅ ਨਾ ਸਹਾਰ ਸਕਣ। ਜੇ ਕਿਸੇ ਜਗ੍ਹਾ ਪਾਣੀ ਰਿਸ ਕੇ ਪਾੜ ਪੈ ਗਿਆ ਤਾਂ ਆਸੇ-ਪਾਸੇ ਵਿਸ਼ਾਲ ਪੱਧਰ 'ਤੇ ਤਬਾਹੀ ਹੋ ਜਾਵੇਗੀ। ਇਹ ਖ਼ਦਸ਼ਾ ਦੂਰ ਕਰਨ ਲਈ 1925 ਵਿਚ ਭੂ-ਵਿਗਿਆਨੀਆਂ ਨੇ ਇਸ ਪਹਿਲੂ ਦਾ ਅਧਿਐਨ ਕਰ ਕੇ ਰਿਪੋਰਟ ਦਿੱਤੀ ਕਿ ਉੱਥੇ ਡੈਮ ਬਣਾਉਣਾ ਬਿਲਕੁਲ ਸੁਰੱਖਿਅਤ ਸੀ। ਫਿਰ ਵੀ ਕਮੇਟੀ ਨੇ ਮਸ਼ਵਰਾ

ਦਿੱਤਾ ਕਿ ਅਮਰੀਕਾ ਦੇ ਡੈਮ ਬਣਾਉਣ ਦਾ ਵਿਸ਼ਾਲ ਤਜਰਬਾ ਰੱਖਣ ਵਾਲੇ ਇਕ ਮਾਹਿਰ ਦੀ ਰਾਇ ਵੀ ਲੈ ਲਈ ਜਾਵੇ। ਇਸ ਕੰਮ ਲਈ ਡੈਮ ਦਾ ਮੁੱਢਲਾ ਸੁਝਾਅ ਦੇਣ ਵਾਲੇ ਇੰਜੀਨੀਅਰ ਨਿਕਲਸਨ ਨੂੰ ਅਮਰੀਕਾ ਭੇਜਿਆ ਗਿਆ। ਉਸ ਨੇ ਉਥੋਂ ਦੇ ਕਈ ਡੈਮਾਂ ਦਾ ਨਿਰੀਖਣ ਕੀਤਾ ਅਤੇ ਉਨ੍ਹਾਂ ਦੇ ਨਿਰਮਾਤਾ ਇੰਜੀਨੀਅਰ 'ਮਿਸਟਰ ਵਿੱਲੀ ਨੂੰ ਨਾਲ ਲਿਆਇਆ। ਉਸ ਨੇ ਇਸ ਦੀ ਪੂਰੀ ਘੋਖ ਕੀਤੀ ਅਤੇ ਡੈਮ ਨਿਰਮਾਣ ਨੂੰ ਬਿਲਕੁਲ ਸੁਰੱਖਿਅਤ ਕਰਾਰ ਦਿੱਤਾ। ਉਸ ਨੇ ਡੈਮ ਦੀ ਉਚਾਈ 400 ਫੁੱਟ ਦੀ ਬਜਾਏ 500 ਫੁੱਟ ਰੱਖਣ ਦੀ ਸਿਫ਼ਾਰਿਸ਼ ਕੀਤੀ। ਸਰਕਾਰ ਨੇ ਅੱਗੇ ਵਧਣ ਦਾ ਮਨ ਬਣਾ ਲਿਆ। ਹੁਣ ਇਸ ਉੱਤੇ ਆਉਣ ਵਾਲੀ ਲਾਗਤ ਦਾ ਅਨੁਮਾਨ 23 ਕਰੋੜ 48 ਲੱਖ 53,484 ਰੁਪਏ ਦਾ ਲਾਇਆ ਗਿਆ ਪਰ ਸਿੰਚਾਈ ਅਧੀਨ ਆਉਣ ਵਾਲਾ ਖੇਤਰ ਵੀ ਵੱਧ ਕੇ 47 ਲੱਖ 50 ਹਜਾਰ ਏਕੜ ਹੋ ਜਾਣਾ ਸੀ ਜੋ ਪਹਿਲੀ ਯੋਜਨਾ ਨਾਲੋਂ ਲਗਪਗ ਦੁੱਗਣਾ ਸੀ।

ਦੂਜਾ ਖ਼ਦਸ਼ਾ ਇਸ ਡੈਮ 'ਤੇ ਹੋਣ ਵਾਲੇ ਖ਼ਰਚ ਅਨੁਸਾਰ ਆਮਦਨ ਹੋਣ ਬਾਰੇ ਸੀ। ਡੈਮ ਬਣਾਉਣ ਦਾ ਖ਼ਰਚ ਕੇਂਦਰ ਸਰਕਾਰ ਨੇ ਕਰਨਾ ਸੀ ਅਤੇ ਨਹਿਰਾਂ ਕੱਢਣ ਦਾ ਪੰਜਾਬ ਸਰਕਾਰ ਨੇ। ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਸੀ ਕਿ ਨਹਿਰਾਂ ਕੱਢਣ ਉੱਤੇ ਖ਼ਰਚ ਹੋਣ ਵਾਲੀ ਰਕਮ ਦੇ ਵਿਆਜ ਦੇ ਬਰਾਬਰ ਆਮਦਨ ਜ਼ਰੂਰ ਹੋਣੀ ਚਾਹੀਦੀ ਹੈ। ਸਰ ਛੋਟੂ ਰਾਮ ਨੇ ਇਸ ਮੰਗ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਪੇਂਡੂ ਵਰਗ ਨਾਲ ਵਿਤਕਰਾ ਸੀ। ਸ਼ਹਿਰਾਂ ਵਿੱਚ ਵੱਡੇ-ਵੱਡੇ ਹਸਪਤਾਲ, ਕਾਲਜ ਆਦਿ ਬਣਾਉਣ ਵੇਲੇ ਇਨ੍ਹਾਂ ਤੋਂ ਹੋਣ ਵਾਲੀ ਆਮਦਨ ਦਾ ਹਿਸਾਬ-ਕਿਤਾਬ ਕਦੇ ਨਹੀਂ ਲਾਇਆ ਜਾਂਦਾ ਸੀ। ਉਨ੍ਹਾਂ ਨੇ ਇਹ ਬੇਇਨਸਾਫ਼ੀ ਦੂਰ ਕਰਵਾਉਣ ਲਈ ਕੌਂਸਲ ਵਿਚ ਵੀ ਆਵਾਜ਼ ਉਠਾਈ ਅਤੇ 'ਜਾਟ ਗਜ਼ਟ' ਵਿਚ ਲੇਖ ਵੀ ਲਿਖੇ।

ਸਰ ਛੋਟੂ ਰਾਮ ਨੇ ਇਸ ਯੋਜਨਾ ਨੂੰ ਮੰਨਜ਼ੂਰੀ ਦੇਣ ਦੀ ਡਟ ਕੇ ਵਕਾਲਤ ਕੀਤੀ। ਉਨ੍ਹਾਂ ਨੇ ਕਿਹਾ ਕਿ ਲੋਕ ਭਲਾਈ ਉੱਤੇ ਖ਼ਰਚ ਕਰਨ ਵੇਲੇ ਥਹੀ-ਖਾਤੇ ਦੇ ਹਿਸਾਬ ਨਾਲ ਨਹੀਂ ਚੱਲਣਾ ਚਾਹੀਦਾ। ਉਨ੍ਹਾਂ ਨੇ ਬੇਬਾਕ ਹੋ ਕੇ ਕੌਂਸਲ ਵਿਚ ਕਿਹਾ, 'ਮੈਨੂੰ ਬਹੁਤ ਦੁੱਖ ਹੈ ਕਿ ਸਾਡੀ ਸਰਕਾਰ ਇਕ ਬਾਣੀਆ ਸਰਕਾਰ ਬਣ ਗਈ ਹੈ। ਮੈਨੂੰ ਯਕੀਨ ਹੈ ਕਿ ਕੋਈ ਸਰਕਾਰ ਬਾਣੀਆ ਸਿਧਾਂਤਾਂ ਉੱਤੇ ਨਹੀਂ ਚੱਲ

ਸਕਦੀ। ਭਗਵਾਨ ਨੇ ਇਹ ਕਦੇ ਨਹੀਂ ਚਾਹਿਆ ਕਿ ਸਰਕਾਰਾਂ ਇੰਨਾ ਜ਼ਿਆਦਾ ਹਿਸਾਬ-ਕਿਤਾਬ ਰੱਖਣ ਕਿਉਂਕਿ ਅਜਿਹੀ ਹਾਲਤ ਵਿੱਚ ਸਰਕਾਰੀ ਪ੍ਰਕਾਸ਼ਨ ਅਤੇ ਬਾਣੀਏ ਦੀ ਦੁਕਾਨ ਵਿੱਚ ਕੋਈ ਫ਼ਰਕ ਹੀ ਨਹੀਂ ਰਹਿਣਾ। ਮੈਂ ਉਮੀਦ ਕਰਦਾ ਹਾਂ ਕਿ ਸਰਕਾਰ ਮੇਰੀ ਦਲੀਲ ਦੀ ਅਸਲ ਅਹਿਮੀਅਤ ਸਮਝ ਜਾਵੇਗੀ।

**ਬਿਲਾਸਪੁਰ ਰਿਆਸਤ ਦੇ ਰਾਜੇ ਦਾ ਇਤਰਾਜ਼**

ਇਹ ਡੈਮ ਪੰਜਾਬ ਦੀ ਬਿਲਾਸਪੁਰ ਰਿਆਸਤ ਦੇ ਇਲਾਕੇ ਵਿਚ ਬਣਨਾ ਸੀ। ਉਥੋਂ ਦਾ ਰਾਜਾ ਇਸ ਦੇ ਬਦਲੇ ਹੋਰ ਕਿਧਰੇ ਜ਼ਮੀਨ ਲੈਣ ਲਈ ਤਿਆਰ ਨਹੀਂ ਸੀ। ਸਰ ਛੋਟੂ ਰਾਮ ਨੇ ਕਿਹਾ ਕਿ ਉਨ੍ਹਾਂ ਦੇ ਕੌਂਸਲ ਮੈਂਬਰ ਬਣਨ ਤੋਂ ਪਹਿਲਾਂ ਜਦ 1915 ਤੋਂ 1919 ਤੱਕ ਇਸ ਯੋਜਨਾ ਬਾਰੇ ਸਰਵੇ ਹੋਇਆ ਸੀ ਤਾਂ ਰਾਜੇ ਨੇ ਜ਼ੁਬਾਨੀ ਸਹਿਮਤੀ ਦਿੱਤੀ ਹੀ ਹੋਵੇਗੀ। ਪਾਣੀ ਦੀ ਬੇਹੱਦ ਕਿੱਲਤ ਵਾਲੇ ਇਲਾਕੇ ਦੇ ਲੋਕਾਂ ਦੀ ਭਲਾਈ, ਤਰੱਕੀ, ਖੁਸ਼ਹਾਲੀ ਅਤੇ ਸ਼ਾਂਤੀ ਨੂੰ ਧਿਆਨ ਵਿੱਚ ਰੱਖ ਕੇ ਰਾਜੇ ਨੂੰ ਇਸ ਨੇਕ ਕਾਰਜ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਆਖ਼ਰ, ਸਰ ਛੋਟੂ ਰਾਮ ਦੀਆਂ ਅਣਥੱਕ ਕੋਸ਼ਿਸ਼ਾਂ ਰੰਗ ਲਿਆਈਆਂ ਅਤੇ ਨਵੰਬਰ 1944 ਵਿੱਚ ਪੰਜਾਬ ਸਰਕਾਰ ਅਤੇ ਬਿਲਾਸਪੁਰ ਦੇ ਰਾਜੇ ਵਿਚਕਾਰ ਲਿਖਤੀ ਸਮਝੌਤਾ ਹੋ ਗਿਅ। ਪੰਜਾਬ ਸਰਕਾਰ ਵੱਲੋਂ ਇਸ ਇਤਿਹਾਸਕ ਸਮਝੌਤੇ ਉੱਤੇ ਸਰ ਛੋਟੂ ਰਾਮ ਨੇ ਦਸਤਖਤ ਕੀਤੇ। ਇਸ ਯੋਜਨਾ ਦੇ ਹਰ ਪਹਿਲੂ ਨੂੰ ਵਿਸਤਾਰ-ਪੂਰਵਕ ਕਲਮਬੰਦ ਕਰ ਕੇ, ਇਸ ਸਮਝੌਤੇ ਦੇ ਅੰਤਿਮ ਰੂਪ ਉੱਤੇ 8 ਜਨਵਰੀ, 1945 ਨੂੰ ਦਸਤਖ਼ਤ ਹੋ ਗਏ। ਬਦਕਿਸਮਤੀ ਨਾਲ, ਅਗਲੇ ਹੀ ਦਿਨ 9 ਜਨਵਰੀ, 1945 ਨੂੰ ਇਸ ਯੋਜਨਾ ਦੇ ਜਨਮਦਾਤੇ ਸਰ ਛੋਟੂ ਰਾਮ ਅਚਾਨਕ ਪਏ ਦਿਲ ਦੇ ਦੌਰੇ ਕਾਰਨ ਸਵਰਗ ਸਿਧਾਰ ਗਏ।

ਇਤਿਹਾਸ ਵਿਚ ਅਨੇਕ ਅਜਿਹੇ ਉਦਾਹਰਣ ਮਿਲਦੇ ਹਨ ਜਦ ਕੋਈ ਮਹਾਨ ਕੰਮ ਕਰਨ ਵਾਲਾ ਮਨੁੱਖ ਗੁਮਨਾਮ ਰਹਿ ਜਾਂਦਾ ਹੈ ਅਤੇ ਜਸ ਕੋਈ ਹੋਰ ਖੱਟ ਜਾਂਦਾ ਹੈ। ਭਾਖੜਾ ਡੈਮ ਬਣਾਉਣ ਅਤੇ ਭੱਠੀ ਵਾਂਗ ਤਪਦੇ ਇਲਾਕਿਆਂ ਵਿੱਚ ਅੰਮ੍ਰਿਤ ਵਰਗਾ ਮਿੱਠਾ, ਨੀਲਾ ਅਤੇ ਠੰਢਾ ਪਾਣੀ ਪਹੁੰਚਾਣ ਦਾ ਸਿਹਰਾ ਸਿਰਫ਼ ਸਰ ਛੋਟੂ ਰਾਮ ਦੇ ਸਿਰ ਹੈ ਪਰ ਉਨ੍ਹਾਂ ਨੂੰ ਭੁਲਾ ਦਿੱਤਾ ਗਿਆ ਹੈ ਅਤੇ ਚਿੱਟੀਆਂ ਟੋਪੀਆਂ ਵਾਲੇ ਨੇਤਾਵਾਂ ਨੇ ਇਸ ਨੂੰ 'ਮੁੜ ਸੁਰਜੀਤ ਹੋਏ ਭਾਰਤ ਦਾ ਨਵਾਂ ਮੰਦਰ ਦੇ ਕਾਵਿਕ ਸ਼ਬਦ ਬੋਲ ਕੇ ਆਪਣੀ ਪ੍ਰਾਪਤੀ ਬਣਾ ਲਿਆ। ਜਾਣਕਾਰ ਅਤੇ ਸੰਵੇਦਨਸ਼ੀਲ ਲੋਕਾਂ ਲਈ ਭਾਖੜਾ ਡੈਮ ਤੋਂ ਨਿਕਲੀਆਂ ਨਹਿਰਾਂ

ਦੇ ਨੀਲੇ ਪਾਣੀ ਦੇ ਚੱਪੇ-ਚੱਪੇ 'ਤੇ ਮਾਤਾ ਸਰਲਾ ਦੇਵੀ ਅਤੇ ਪਿਤਾ ਚੌਧਰੀ ਸੁਖ ਰਾਮ ਦੇ ਲਾਲ ਦੀ ਤਸਵੀਰ ਝਲਕਦੀ ਹੈ। ਪ੍ਰਣਾਮ ਹੈ ਪੰਜਾਬ ਦੇ ਨਿਰੰਤਰ ਜੱਦੋ-ਜਹਿਦ ਕਰਨ ਵਾਲੇ ਇਸ ਅਨਮੋਲ ਹੀਰੇ ਨੂੰ ਪ੍ਰਣਾਮ ਹੈ ਗੋਬਿੰਦ ਸਾਗਰ ਦੀ ਗੋਦ ਵਿੱਚ ਆਪਣੇ ਵਡੇਰਿਆਂ ਦੇ 371 ਪਿੰਡਾਂ ਦੇ ਜੱਦੀ ਘਰ, ਮੰਦਰ, ਰਮਣੀਕ ਪਹਾੜ, ਖੇਡ ਅਤੇ ਬਾਗ਼-ਬਗੀਚੇ ਸਪੁਰਦ ਕਰ ਕੇ ਖੁਸ਼ੀ-ਖੁਸ਼ੀ ਰਾਜਸਥਾਨ ਦੇ ਅੱਗ ਉਗਲਦੇ ਟਿੱਬਿਆਂ ਵੱਲ ਰੁਖ਼ਸਤ ਹੋਏ ਹਿਮਾਚਲ ਦੇ ਗ਼ਰੀਬ, ਦੇਸ਼-ਭਗਤ ਕਿਸਾਨਾਂ ਨੂੰ, ਪ੍ਰਣਾਮ ਹੈ ਉਨ੍ਹਾਂ ਹਜ਼ਾਰਾਂ ਮਜ਼ਦੂਰਾਂ ਅਤੇ ਇੰਜੀਨੀਅਰਾਂ ਨੂੰ ਜਿਨ੍ਹਾਂ ਨੇ ਕਈ ਦਹਾਕਿਆਂ ਤਕ ਅਣਥੱਕ ਮਿਹਨਤ ਕਰ ਕੇ ਧਰਤੀ ਮਾਂ ਦੀ ਭੁਜਦੀ ਹਿੱਕ ਠਾਰ ਦਿੱਤੀ। ਸਾਹਿਰ ਲੁਧਿਆਣਵੀ ਦਾ ਇਹ ਸ਼ੇਅਰ ਕਿੰਨਾ ਢੁਕਦਾ ਹੈ :

'ਜੋ ਤਾਰ ਸੇ ਨਿਕਲੀ ਹੈ
ਵੋਹ ਧੁਨ ਸਭ ਨੇ ਸੁਨੀ ਹੈ,
ਜੋ ਸਾਜ਼ ਪੇ ਗੁਜ਼ਰੀ
ਵੋਹ ਕਿਸ ਦਿਲ ਕੋ ਪਤਾ ਹੈ।'

**ਕੁਝ ਹੋਰ ਅੜਚਣਾਂ :**

ਡੈਮ ਦੇ ਨਿਰਮਾਣ ਵਿੱਚ ਲਾਲ ਫ਼ੀਤਾਸ਼ਾਹੀ ਸ਼ੁਰੂ ਤੋਂ ਹੀ ਵੱਡਾ ਰੋੜਾ ਬਣਦੀ ਆਈ ਸੀ। ਇਸ ਵਿਸ਼ਾਲ ਕਾਰਜ ਨਾਲ ਤਿੰਨ ਧਿਰਾਂ ਦਾ ਸਬੰਧ ਸੀ : ਸੈਕ੍ਰਿਟਰੀ ਆਫ ਸਟੇਟ, ਕੇਂਦਰ ਸਕਰਾਰ ਅਤੇ ਪੰਜਾਬ ਸਰਕਾਰ। ਤਿੰਨਾਂ ਵਿਚਕਾਰ ਤਾਲਮੇਲ ਦੀ ਬੇਹੱਦ ਕਮੀ ਸੀ। ਕਾਫ਼ੀ ਸਬੰਧਤ ਸ਼ਹਿਰੀ ਬਾਬੂ ਇਸ ਯੋਜਨਾ ਵਿੱਚ ਇਸ ਲਈ ਦਿਲਚਸਪੀ ਨਹੀਂ ਲੈਂਦੇ ਸਨ ਕਿਉਂਕਿ ਉਨ੍ਹਾਂ ਨੂੰ ਇਸ ਦੀ ਅਤਿਅੰਤ ਲੋੜ ਅਤੇ ਮਹੱਤਵ ਬਾਰੇ ਜਾਣਕਾਰੀ ਹੀ ਨਹੀਂ ਸੀ। ਜ਼ਰੂਰੀ ਫ਼ਾਈਲਾਂ ਲਟਕਦੀਆਂ ਰਹਿੰਦੀਆਂ ਸਨ। ਪੰਜਾਬ ਸਰਕਾਰ ਵੀ ਘੱਟ ਖ਼ਰਚ ਅਤੇ ਵੱਧ ਲਾਭ ਵਾਲੀਆਂ ਕੁਝ ਹੋਰ ਸਕੀਮਾਂ ਵਲ ਜ਼ਿਆਦਾ ਧਿਆਨ ਦੇ ਰਹੀ ਸੀ। ਕਈ ਸਿਆਸਤਦਾਨ ਇਸ ਨੀਵੀਂ ਸੋਚ ਨਾਲ ਵੀ ਇਸ ਦਾ ਵਿਰੋਧ ਕਰਦੇ ਸਨ ਕਿ ਕਿਤੇ ਇਸ ਨਾਲ ਸਰ ਛੋਟੂ ਰਾਮ ਨੂੰ ਸਿਆਸੀ ਲਾਭ ਨਾ ਮਿਲ ਜਾਵੇ। ਪਰ ਉਸ ਦੀਨਬੰਧੂ ਨੂੰ ਤਾਂ ਸਿਰਫ਼ ਗਰੀਬਾਂ ਅਤੇ ਲੋੜਵੰਦਾਂ ਦਾ ਭਲਾ ਕਰਨ ਦਾ ਜਨੂੰਨ ਸੀ ਅਤੇ ਉਹ ਦਿਨ ਰਾਤ ਇਕ ਕਰ ਕੇ ਹਰ ਰੁਕਾਵਟ ਦੂਰ ਕਰਦੇ ਗਏ।

1947 ਤੋਂ ਪਹਿਲਾਂ ਹੋਈ ਤਿਆਰ 'ਤੇ ਪੰਛੀ-ਝਾਤ:

- ਨਿਕਲਸਨ ਦੀ ਡੈਮ ਬਣਾਉਣ ਲਈ ਸਹੀ ਸਥਾਨ ਦੀ ਖੋਜ ਤੋਂ ਬਾਅਦ ਇਸ ਦੇ ਨਿਰਮਾਣ ਦਾ ਸੁਝਾਅ ਪਹਿਲੀ ਵਾਰ 1915 ਵਿਚ ਚੀਫ਼ ਇੰਜੀਨੀਅਰ ਐੱਫ ਈ ਗਵਾਈਬਰ ਨੇ ਦਿੱਤਾ ਸੀ।

- 1920 ਅਤੇ 1938 ਦੇ ਦਰਮਿਆਨ ਕਾਫੀ ਕੰਮ ਕੀਤਾ ਗਿਆ। ਭੂ-ਵਿਗਿਆਨੀਆਂ ਅਤੇ ਇੰਜੀਨੀਅਰਾਂ ਨੇ ਬਣਨ ਵਾਲੀ ਝੀਲ ਨੂੰ ਰੋਕਣ ਵਾਲੇ ਪਹਾੜਾਂ ਦੀ ਮਜ਼ਬੂਤੀ ਦਾ ਜਾਇਜ਼ਾ ਲਿਆ। ਮਸ਼ਹੂਰ ਅਮਰੀਕਨ ਡੈਮ-ਨਿਰਮਾਤਾ 'ਵਿੱਲੀ ਨੇ ਡੈਮ ਨੂੰ ਬਿਲਕੁਲ ਸੁਰੱਖਿਅਤ ਘੋਸ਼ਿਤ ਕਰ ਕੇ ਇਸ ਦੀ ਉਚਾਈ ਵਧਾਉਣ ਦੀ ਸਲਾਹ ਦਿੱਤੀ।

- 1939 ਵਿਚ ਮਸ਼ਹੂਰ ਭਾਰਤੀ ਇੰਜੀਨੀਅਰ ਡਾ ਏ ਐਨ ਖੋਸਲਾ ਦੀ ਟੀਮ ਨੇ ਕਈ ਮਹੱਤਵਪੂਰਨ ਸੁਝਾਅ ਦਿੱਤੇ। ਭੂਚਾਲ ਤੋਂ ਸੁਰੱਖਿਆ ਬਾਰੇ ਅਧਿਐਨ ਕੀਤਾ ਗਿਆ। ਪਹਾੜਾਂ ਤੋਂ ਖੁਰ ਕੇ ਆਉਣ ਵਾਲੀ ਮਿੱਟੀ ਦੀ ਸਮੱਸਿਆ ਬਾਰੇ ਵਿਚਾਰ ਕੀਤਾ ਗਿਆ। ਡੈਮ ਨਿਰਮਾਣ ਵੇਲੇ ਦਰਿਆ ਦਾ ਪਾਣੀ ਹੋਰ ਪਾਸੇ ਮੋੜਨ ਦਾ ਢੰਗ ਤਜਵੀਜ਼ ਕੀਤਾ ਗਿਆ। ਡੈਮ ਦੀ ਨੀਂਹ ਅਤੇ ਪਹਾੜਾਂ ਨਾਲ ਸਹਾਰੇ ਦੀ ਮਜ਼ਬੂਤੀ ਪਰਖੀ ਗਈ। ਇਸ ਡੈਮ ਤੋਂ ਬਿਜਲੀ ਪੈਦਾ ਕਰਨ ਦਾ ਸੁਝਾਅ ਪਹਿਲੀ ਵਾਰ ਇਸ ਕਮੇਟੀ ਨੇ ਦਿੱਤਾ।

- 1944 ਵਿਚ ਇਕ ਅਮਰੀਕਨ ਇੰਜੀਨੀਅਰ ਡਾ ਜੇ ਐੱਲ ਸੈਵਿਜ ਡੈਮ ਦੀ ਨੀਂਹ ਅਤੇ ਦੋਹਾਂ ਸਿਰਿਆਂ ਤੇ ਪਹਾੜਾਂ ਦੇ ਨਾਲ ਲੱਗਦੇ ਸਹਾਰੇ ਦੀ ਮਜ਼ਬੂਤੀ ਕਰਨ ਦੇ ਹੋਰ ਅੱਗੇ ਸੁਝਾਅ ਦਿੱਤੇ।

- 1945 ਤੋਂ 1947 ਤਕ ਇਕ ਅਮਰੀਕਨ ਭੂ-ਵਿਗਿਆਨੀ ਡਾ ਐੱਫ ਏ ਨਿਕਲ ਨੇ ਡੈਮ ਦੀ ਨੀਂਹ ਅਤੇ ਝੀਲ ਦੀ ਸਤ੍ਹਾ ਦੇ ਹੇਠ ਆਉਣ ਵਾਲੀ ਜ਼ਮੀਨ ਕਾਫ਼ੀ ਡੂੰਘੇ ਪੱਧਰ ਤੱਕ ਜਾਂਚ ਕਰਨ ਲਈ 58 ਥਾਵਾਂ 'ਤੇ ਡਰਿਲਿੰਗ ਕੀਤੀ। ਆਸੇ-ਪਾਸੇ ਦੇ ਪਹਾੜਾਂ ਦੀ ਮਜ਼ਬੂਤੀ ਵੀ ਇੱਕ ਵਾਰ ਫਿਰ ਪਰਖੀ ਗਈ। ਅਮਰੀਕਾ ਦੀ 'ਡੈਨਵਰ' ਨਾਂ ਦੀ ਇਕ ਅੰਤਰ-ਰਾਸ਼ਟਰੀ ਕੰਪਨੀ ਨੇ ਡੈਮ ਦਾ ਡਿਜ਼ਾਈਨ ਤਿਆਰ ਕਰ ਕੇ ਝੀਲ ਦੀ ਸਮਰੱਥਾ ਨਿਰਧਾਰਿਤ ਕਰ ਕੇ ਇਸ ਤੇ ਆਖ਼ਰੀ ਮੋਹਰ ਲਗਾ ਦਿੱਤੀ।

ਇਸ ਤਰ੍ਹਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਨੂੰ ਆਜ਼ਾਦੀ ਮਿਲਣ ਤੋਂ ਪਹਿਲਾਂ ਰਾਜਨੀਤਕ, ਆਰਥਿਕ, ਵਿਗਿਆਨਕ ਅਤੇ ਨਿਰਮਾਣ ਪੱਧਰ 'ਤੇ ਭਾਖੜਾ ਡੈਮ ਦੀ ਉਸਾਰੀ ਦਾ ਅਤਿ ਮਹੱਤਵਪੂਰਣ ਕੰਮ ਹੋ ਚੁੱਕਾ ਸੀ। 1947 ਤੋਂ ਬਾਅਦ ਦੀਆਂ ਸੂਬਾ ਅਤੇ ਕੇਂਦਰ ਸਰਕਾਰਾਂ ਨੇ ਸਿਰਫ਼ ਇਸ ਨੂੰ ਚਾਲੂ ਰੱਖ ਕੇ ਸਿਰੇ ਚੜ੍ਹਾਉਣਾ ਸੀ।

*(9-8-2020 ਪੰਜਾਬੀ ਜਾਗਰਣ 'ਚੋਂ ਧੰਨਵਾਦ ਸਹਿਤ)*

* * *

# ਮਿੱਟੀ ਦੇ ਭਾਂਡੇ ਬਣਾਉਂਦਾ ਪਿੰਡ ਕੰਬਾਲਾ

ਸੁਖਵਿੰਦਰਜੀਤ ਸਿੰਘ ਮਨੌਲੀ
ਮੋ. 9417182993

ਮੋਹਾਲੀ ਸ਼ਹਿਰ ਦੀ ਕੁੱਛੜ 'ਚ ਵਸੇ ਪਿੰਡ ਕੰਬਾਲਾ ਦੇ ਮੁਸਲਿਮ ਘੁਮਿਆਰ ਪਰਿਵਾਰ ਕਈ ਸਾਲਾਂ ਤੋਂ ਪੀੜ੍ਹੀ-ਦਰ-ਪੀੜ੍ਹੀ ਸਾਰੇ ਧਰਮਾਂ ਦੇ ਘਰੇਲੂ ਅਤੇ ਤਿਉਹਾਰੀ ਮਿੱਟੀ ਦੇ ਭਾਂਡੇ ਤਿਆਰ ਕਰਦਾ ਆ ਰਿਹਾ ਹੈ। ਸਰਕਾਰਾਂ ਵੱਲੋਂ ਕੀਤੇ ਜਾਂਦੇ ਵੱਖ-ਵੱਖ ਧਰਮਾਂ ਤੇ ਜਾਤੀ ਮਤਭੇਦਾਂ ਦੇ ਬਾਵਜੂਦ ਇਸ ਪੇਂਡੂ ਪਰਿਵਾਰ ਨੂੰ ਇਹ ਵੀ ਪਤਾ ਨਹੀਂ ਹੈ ਕਿ ਭੇਦ-ਭਾਵ ਪੱਖੋਂ ਇਸ ਦੇਸ਼ 'ਚ ਰਾਜਸੀ ਪਾਰਟੀਆਂ ਵੱਲੋਂ ਕਿਸ ਤਰ੍ਹਾਂ ਦੀ ਜ਼ਹਿਰੀਲੀ ਲਹਿਰ ਚਲਾਈ ਜਾ ਰਹੀ ਹੈ। ਉਨ੍ਹਾਂ ਦਾ ਤਾਂ ਬੱਸ ਇਹੋ ਕਹਿਣਾ ਹੈ ਕਿ ਹਿੰਦੂ-ਸਿੱਖ ਪਰਿਵਾਰਾਂ 'ਚ ਸਾਡੇ ਕੋਲੋਂ ਸੈਂਕੜੇ ਸਾਲਾਂ ਤੋਂ ਇਹ ਮਿੱਟੀ ਦੇ ਭਾਂਡੇ ਘਰਾਂ 'ਚ ਪੁੱਜਦੇ ਕੀਤੇ ਜਾਂਦੇ ਹਨ ਜਾਂ ਲੋੜ ਪੈਣ 'ਤੇ ਉਹ ਸਾਡੇ ਕੋਲੋਂ ਆਪ ਲਿਜਾਂਦੇ ਹਨ। ਉਨ੍ਹਾਂ ਦਾ ਇੱਥੋਂ ਤੱਕ ਕਹਿਣਾ ਹੈ ਕਿ ਸਾਡੇ ਕੋਲ ਜ਼ਿਆਦਾ ਕੰਮ ਦੂਜੇ ਮਜ਼੍ਹਬਾਂ ਦੇ ਲੋਕਾਂ ਲਈ ਮਿੱਟੀ ਦੇ ਭਾਂਡੇ ਤਿਆਰ ਕਰਨ ਦਾ ਹੈ।

ਇਹ ਸਵਾਲ ਵੀ ਤੁਹਾਡੇ ਵਲੋਂ ਖੜ੍ਹਾ ਕੀਤਾ ਗਿਆ ਹੈ, ਜਦ ਕਿ ਸਾਨੂੰ ਕਦੇ ਵੀ ਇਹ ਅਹਿਸਾਸ ਨਹੀਂ ਹੋਇਆ ਕਿ ਅਸੀਂ ਦੂਜੇ ਧਰਮਾਂ ਦੇ ਤਿਉਹਾਰਾਂ ਲਈ ਮਿੱਟੀ ਦੇ ਭਾਂਡੇ ਬਣਾਉਣ ਲਈ ਅੱਗ ਦੇ ਆਵੇ ਲਗਾਤਾਰ ਮਘਾਈ ਜਾ ਰਹੇ ਹਾਂ। ਇਸ ਕੰਮ 'ਚ ਔਕੜਾਂ ਦੀ ਗੱਲ ਕਰਦਿਆਂ ਪਰਿਵਾਰ 'ਚ ਉਮਰ 'ਚ ਇਸ ਸਮੇਂ ਸਾਰਿਆਂ ਤੋਂ ਵੱਡੇ ਸਾਬਰ ਅਲੀ ਦਾ ਕਹਿਣਾ ਹੈ ਕਿ ਭਾਂਡੇ ਥੱਪਣ ਲਈ ਪਹਿਲਾਂ ਮਿੱਟੀ ਮੁਫ਼ਤ ਮਿਲ ਜਾਂਦੀ ਸੀ ਪਰ ਹੁਣ ਇਸ ਮਿੱਟੀ ਦਾ 200 ਫੁੱਟ ਦਾ ਟਰੱਕ ਤਿੰਨ ਹਜ਼ਾਰ 'ਚ ਪੈਂਦਾ ਹੈ। ਉਸ ਦਾ ਕਹਿਣਾ ਹੈ ਕਿ ਜ਼ਮਾਨੇ ਦੀ ਤਰੱਕੀ ਦੇ ਨਾਲ ਸਾਡਾ ਕਾਰੋ-ਵਿਹਾਰ ਕਰਨ ਦਾ ਤਰੀਕਾ ਵੀ ਬਦਲਿਆ ਹੈ।

ਪਹਿਲਾਂ ਇਹ ਭਾਂਡੇ ਹੱਥ-ਡੰਡੇ ਨਾਲ ਘੁੰਮਾਉਣ ਵਾਲੇ ਚੱਕ 'ਤੇ ਤਿਆਰ ਕੀਤੇ ਜਾਂਦੇ ਸਨ ਪਰ ਹੁਣ ਇਸ ਚੈੱਕ ਨੂੰ ਘੁਮਾਉਣ ਲਈ ਬਿਜਲਈ ਮੋਟਰ ਦੀ ਮਦਦ ਲਈ ਜਾਂਦੀ ਹੈ। ਪਹਿਲਾਂ ਇਨ੍ਹਾਂ ਭਾਂਡਿਆਂ ਨੂੰ ਥੱਪਣ ਲਈ ਖਾਸ ਤਰ੍ਹਾਂ ਦੀ ਮਿੱਟੀ ਤਲਾਸ਼ ਕੀਤੀ ਜਾਂਦੀ ਹੈ, ਜਿਹੜੀ ਮਾਜਰੀ ਬਲਾਕ ਨਾਲ ਪੈਂਦੀਆਂ

ਪਹਾੜੀਆਂ ਜਾਂ ਇਨ੍ਹਾਂ ਦੇ ਨਾਲ ਲੱਗਦੇ ਖੇਤਾਂ 'ਚ ਆਸਾਨੀ ਨਾਲ ਮਿਲ ਜਾਂਦੀ ਹੈ। ਇਸ ਚੁੱਕਣੀ ਭਾਵ ਚੇੜ ਵਾਲੀ ਸਖ਼ਤ ਕਿਸਮ ਦੀ ਮਿੱਟੀ ਦੇ ਭਾਂਡੇ ਜ਼ਿਆਦਾ ਟਿਕਾਊ ਤੇ ਮਜ਼ਬੂਤ ਹੁੰਦੇ ਹਨ। ਨਾਲੇ ਫਿਰ ਮੋਟਰ ਵਾਲੇ ਤੇਜ਼ ਘੁੰਮਣ ਵਾਲੇ ਚੱਕ 'ਤੇ ਇਹੋ ਮਿੱਟੀ ਖੜ੍ਹਦੀ ਹੈ, ਜਦਕਿ ਆਪਣੇ ਪਿੰਡਾਂ ਵਾਲੀ ਰੇਸਲੀ ਮਿੱਟੀ ਪਹਿਲਾਂ ਹੌਲੀ ਚੱਲਣ ਵਾਲੇ ਡੰਡਾ ਚੱਕ 'ਤੇ ਚਾਲ ਫੜ੍ਹਨ 'ਚ ਮਦਦਗਾਰ ਹੁੰਦੀ ਸੀ। ਇਸ ਕੰਮ 'ਚ ਆਈ ਤਬਦੀਲੀ ਸਬੰਧੀ ਸਾਬਰ ਅਲੀ ਦੇ ਛੋਟੇ ਭਰਾ ਰਹੀਮ ਖਾਨ ਦਾ ਤਰਕ ਸੀ ਕਿ ਬਦਲੇ ਜ਼ਮਾਨੇ ਦੀ ਚਾਲ ਨਾਲ ਸਾਡੇ ਕੰਮ 'ਚ ਤਬਦੀਲੀ ਆਈ ਹੈ।

ਪਹਿਲਾਂ ਇਹ ਕੰਮ ਮੌਸਮ ਦੇ ਲਿਹਾਜ਼ ਨਾਲ ਨਿੱਘੇ ਧੁੱਪ ਤੇ ਛਾਂ ਦਾਰ ਦਰੱਖਤਾਂ ਹੇਠ ਕੀਤਾ ਜਾਂਦਾ ਸੀ ਜਦਕਿ ਹੁਣ ਮਜਬੂਰਨ ਇਹ ਕੰਮ ਕਿਰਾਏ ਦੀਆਂ ਦੁਕਾਨਾਂ ਤੇ ਘਰਾਂ 'ਚ ਬੰਦ ਕਮਰਿਆਂ 'ਚ ਕਰਨਾ ਪੈ ਰਿਹਾ ਹੈ। ਗੁਜ਼ਰੇ ਸਮੇਂ 'ਚ ਤਿਉਹਾਰੀ ਮੌਸਮ ਤੋਂ ਇਲਾਵਾ ਆਮ ਦਿਨਾਂ 'ਚ ਦੁੱਧ ਕਾੜਨ ਵਾਲੀਆਂ ਦੁੱਧੋੜੀਆਂ, ਲੱਸੀ ਰਿੜਕਣ ਵਾਲੀਆਂ ਚਾਟੀਆਂ, ਗਾਗਰਾਂ, ਪਾਣੀ ਠੰਢਾ ਰੱਖਣ ਵਾਲੇ ਘੜਿਆਂ ਤੇ ਘੜੋਲੀਆਂ ਦੀ ਮੰਗ ਹੁੰਦੀ ਸੀ, ਜਿਨ੍ਹਾਂ ਦੀ ਜਗ੍ਹਾ ਹੁਣ ਗਮਲਿਆਂ, ਟੂਟੀਆਂ ਵਾਲੇ ਮਿੱਟੀ ਦੇ ਘੜਿਆਂ ਭਾਵ ਕੈਂਪਰਾਂ, ਸਜਾਵਟ ਦੇ ਹੋਰ ਘਰੇਲੂ ਸਾਜ਼ੋ-ਸਾਮਾਨ ਆਦਿ ਨੇ ਲੈ ਲਈ ਹੈ, ਜਿਸ ਕਰਕੇ ਟੱਬਰ ਦਾ ਤੋਰੀ-ਫੁਲਕਾ ਆਸਾਨੀ ਨਾਲ ਚਲੀ ਜਾਂਦਾ ਹੈ।

ਤਿਉਹਾਰਾਂ ਵੇਲੇ ਇਸ ਕੰਮ 'ਚ ਪੂਰਾ ਪਰਿਵਾਰ ਜੁਟ ਜਾਂਦਾ ਹੈ, ਕਿਉਂਕਿ ਸਿਰ 'ਤੇ ਤਿਉਹਾਰ ਹੋਣ ਕਰਕੇ ਝੱਕਰਿਆਂ-ਝੱਕਰੀਆਂ, ਦੀਵਾਲੀ ਵਾਲੀ ਰਾਤ ਨੂੰ ਜਗਾਉਣ ਵਾਲੀਆਂ ਦਿਊੜੀਆਂ, ਬੂੱਘੀਆਂ, ਕਰੂਆਂ ਆਦਿ ਦੀ ਮੰਗ ਵੱਧ ਜਾਂਦੀ ਹੈ ਪਰ ਆਮ ਦਿਨਾਂ 'ਚ ਘਰ ਦਾ ਮੁਖੀਆ ਹੀ ਮੰਗ ਅਨੁਸਾਰ ਕੰਮ ਸਾਰੀ ਜਾਂਦਾ ਹੈ। ਰਹੀਮ ਦੀਨ ਅਨੁਸਾਰ ਆਵੇ 'ਚ ਮਿੱਟੀ ਦੇ ਭਾਂਡੇ ਨੂੰ ਗੋਹਿਆਂ ਦੀ ਅੱਗ ਦੇ ਸੇਕ 'ਚ ਹਫਤੇ ਭਰ ਲਈ ਰੱਖਿਆ ਜਾਂਦਾ ਹੈ।

ਰਹੀਮ ਦਾ ਕਹਿਣਾ ਹੈ ਕਿ ਅਜ-ਕੱਲ੍ਹ ਇਨ੍ਹਾਂ ਭਾਂਡਿਆਂ ਦੀ ਵੇਚ-ਵੱਟ ਦੇ ਕੰਮ 'ਚ ਵੀ ਖਾਸੀ ਤਬਦੀਲੀ ਆਈ ਹੈ। ਜਾਣੂ ਗਾਹਕ ਘਰਾਂ ਤੱਕ ਪਹੁੰਚ ਕਰਨ ਲੱਗੇ ਹਨ, ਜਦਕਿ ਵਾਧੂ ਮਾਲ ਵੇਚਣ ਲਈ ਤਿਉਹਾਰਾਂ ਤੋਂ ਇਲਾਵਾ ਆਮ ਦਿਨਾਂ 'ਚ ਵੀ ਸ਼ਹਿਰਾਂ ਦੀਆਂ ਮਾਰਕੀਟਾਂ ਜਾਂ ਕਿਸਾਨ ਮੰਡੀਆਂ ਵਲ ਰੁਖ ਕੀਤਾ ਜਾਣ ਲੱਗਾ ਹੈ। ਦੇਸ਼ ਦੇ ਅੰਨਦਾਤਾ ਅਤੇ ਹੋਰ ਧੰਦਾ ਕਰਨ ਵਾਲਿਆਂ

ਵਾਂਗ ਹਿੰਦੂ ਤੇ ਮੁਸਲਿਮ ਘੁਮਿਆਰਾਂ ਦੇ ਬਿਲਕੁਲ ਮਿੱਟੀ ਨਾਲ ਜੁੜੇ ਕਾਰੋਬਾਰ ਦੀ ਸਾਰ ਭਾਵ ਪੁੱਛ-ਪੜਤਾਲ ਕਿਸੇ ਤੱਤਕਾਲੀ ਤੇ ਮੌਜੂਦਾ ਸੂਬਾ ਅਤੇ ਕੇਂਦਰ ਸਰਕਾਰ ਵੱਲੋਂ ਨਹੀਂ ਲਈ ਗਈ ਹੈ। ਬਸ ਇਨ੍ਹਾਂ ਲਈ ਤਾਂ ਇਨ੍ਹਾਂ ਦੇ ਸਦੀਆਂ ਪੁਰਾਣੇ ਪੇਂਡੂ ਗਾਹਕ ਹੀ ਰੱਬ ਹਨ, ਜਿਨ੍ਹਾਂ ਦੇ ਸਹਾਰੇ ਇਹ ਆਪਣਾ ਕੰਮ-ਧੰਦਾ ਜਾਰੀ ਰੱਖਣ 'ਚ ਕਾਮਯਾਬ ਹਨ।

ਉਨ੍ਹਾਂ ਦਾ ਇੱਥੋਂ ਤਕ ਕਹਿਣਾ ਹੈ ਕਿ ਅਸੀਂ ਤਾਂ ਇਨ੍ਹਾਂ ਜੱਟ-ਜ਼ਿਮੀਦਾਰਾਂ, ਛੋਟੇ ਕਿਸਾਨਾਂ, ਦਿਹਾੜੀ-ਦੱਪਾ ਕਰਨ ਵਾਲੇ ਮਜ਼ਦੂਰਾਂ, ਕਮੀਣਾਂ-ਕਾਂਦੀਆਂ, ਛੋਟੇ ਦੁਕਾਨਦਾਰਾਂ, ਨੌਕਰੀ ਪੇਸ਼ਾ ਆਦਿ ਦੀ ਸਦਾ ਖੈਰ ਮੰਗਦੇ ਹਾਂ, ਜਿਨ੍ਹਾਂ ਦੇ ਸਿਰ 'ਤੇ ਸਾਡੇ ਪਰਿਵਾਰ ਸਦੀਆਂ ਤੋਂ ਪਲੀ ਜਾ ਰਹੇ ਹਨ।

ਅੱਲ੍ਹਾ, ਵਾਹਿਗੁਰੂ ਤੇ ਦੇਵੀ-ਦੇਵਤੇ ਇਨ੍ਹਾਂ ਕਿਸਾਨਾਂ, ਮਜ਼ਦੂਰਾਂ, ਨੌਕਰੀਪੇਸ਼ਾ ਤੇ ਦੁਕਾਨਾਂ ਚਲਾਉਣ ਵਾਲਿਆਂ ਤੋਂ ਇਲਾਵਾ ਹੋਰ ਸਾਰਿਆਂ ਨੂੰ ਸਦਾ ਹੀ ਸੱਤੇ ਖੈਰਾਂ ਬਖਸ਼ਣ, ਜਿਨ੍ਹਾਂ ਸਦਕਾ ਸਾਡੀ ਦੋ ਵਕਤ ਦੀ ਰੋਟੀ-ਰੋਜ਼ੀ ਦਾ ਜੁਗਾੜ ਨਿਰਵਿਘਨ ਚੱਲੀ ਜਾ ਰਿਹਾ ਹੈ। ਅਜਿਹੇ ਕਲਾਕਾਰ ਕਿਰਤੀ ਹੱਥਾਂ ਨੂੰ ਸਾਡਾ ਸਿਜਦਾ ਕਰਨਾ ਬਣਦਾ ਹੈ।

*(5-10-2020 ਪੰਜਾਬੀ ਜਾਗਰਣ 'ਚੋਂ ਧੰਨਵਾਦ ਸਹਿਤ)*

* * *

# ਨਵੀਨ ਭਾਰਤ ਦਾ ਆਧੁਨਿਕ ਮੰਦਰ ਭਾਖੜਾ ਡੈਮ

- ਗੁਰਨਾਮ ਸਿੰਘ ਭੱਲੜੀ
ਮੋਬਾ. 9417335325

ਰਾਸ਼ਟਰ ਦਾ ਮਾਣ ਕਿਹਾ ਜਾਣ ਵਾਲਾ ਏਸ਼ੀਆ ਦਾ ਸਭ ਤੋਂ ਉੱਚਾ ਭਾਖੜਾ ਡੈਮ 55 ਸਾਲ ਦਾ ਹੋ ਗਿਆ ਹੈ। ਬਿਜਲੀ ਦੀ ਪੈਦਾਵਾਰ ਨਾਲ ਜਿੱਥੇ ਇਸ ਡੈਮ ਨੇ ਦੇਸ਼ ਦੀ ਉਦਯੋਗਿਕ ਕ੍ਰਾਂਤੀ ਵਿਚ ਅਹਿਮ ਰੋਲ ਅਦਾ ਕੀਤਾ ਹੈ, ਉੱਥੇ ਦੇਸ਼ ਦੇ ਤਿੰਨ ਸੂਬਿਆਂ, ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ ਕਰੀਬ 65 ਲੱਖ ਏਕੜ ਜ਼ਮੀਨ ਨੂੰ ਸਿੰਚਾਈ ਲਈ ਪਾਣੀ ਦੀ ਦੇਣ ਕਰ ਕੇ ਹਰੀ ਕ੍ਰਾਂਤੀ ਵਿਚ ਵੀ ਯੋਗਦਾਨ ਪਾਇਆ ਜਾ ਰਿਹਾ ਹੈ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ 22 ਅਕਤੂਬਰ, 1963 ਨੂੰ ਭਾਖੜਾ ਡੈਮ ਨੂੰ ਰਾਸ਼ਟਰ ਲਈ ਸਮਰਪਿਤ ਕੀਤਾ ਗਿਆ ਸੀ। ਡੈਮ ਦੇ ਉਦਘਾਟਨ ਮੌਕੇ ਉਨ੍ਹਾਂ ਇਸ ਨੂੰ ਨਵੀਨ ਭਾਰਤ ਦਾ ਆਧੁਨਿਕ ਮੰਦਰ ਕਿਹਾ ਸੀ, ਜੋ ਕਿ ਅੱਜ ਸੱਚ ਸਾਬਿਤ ਹੋ ਰਿਹਾ ਹੈ। ਇਸ ਬਹੁਮੰਤਵੀ ਪ੍ਰਾਜੈਕਟ ਨੂੰ ਬਣਾਉਣ ਦਾ ਕੰਮ ਭਾਵੇਂ ਆਜ਼ਾਦੀ ਤੋਂ ਬਾਅਦ ਵਿਚ ਸ਼ੁਰੂ ਹੋਇਆ ਪਰ ਇਸ ਪ੍ਰਾਜੈਕਟ ਲਈ ਬਣਾਉਣ ਦਾ ਵਿਚਾਰ ਸਰ ਲਾਈਸ ਡੈਨੇ ਵੱਲੋਂ 1908 ਵਿੱਚ ਦੇ ਦਿੱਤਾ ਗਿਆ ਸੀ। 1939 ਤੋਂ 1942 ਤਕ ਇਸ ਪ੍ਰਾਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿਚ ਇਸ ਡੈਮ ਦਾ ਨਿਰਮਾਣ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨ ਲਈ ਡੈਮ ਬਣਾਉਣਾ ਹੀ ਸੀ। ਪਰ ਬਾਅਦ ਵਿਚ ਇਸ ਪ੍ਰਾਜੈਕਟ ਨੂੰ ਬਹੁਮੰਤਵੀ ਬਣਾ ਦਿੱਤਾ ਗਿਆ।

1948 ਤੋਂ 1963 ਵਿਚਕਾਰ ਬਣ ਕੇ ਤਿਆਰ ਹੋਏ ਸੰਸਾਰ ਦੇ ਇਸ ਸਭ ਤੋਂ ਉੱਚੇ ਕੰਕਰੀਟ ਤੇ ਠੋਸ ਬੰਨ੍ਹਾਂ ਵਿਚੋਂ ਇੱਕ ਇਸ ਭਾਖੜਾ ਡੈਮ ਦੀ ਉਚਾਈ 225.55 ਮੀਟਰ (740 ਫੁੱਟ) ਹੈ, ਜੋ ਕਿ ਦਿੱਲੀ ਦੇ ਮਸ਼ਹੂਰ ਕੁਤਬ ਮੀਨਾਰ ਤੋਂ ਤਿੰਨ ਗੁਣਾ ਜ਼ਿਆਦਾ ਹੈ। ਭਾਖੜਾ ਡੈਮ ਦੇ ਪਿਛੇ ਬਣੀ 96.56 ਕਿਲੋ ਮੀਟਰ ਲੰਬੀ ਅਤੇ 168.35 ਵਰਗ ਕਿਲੋਮੀਟਰ (65 ਵਰਗ ਮੀਲ) ਵਿਚ ਫੈਲੀ ਗੋਬਿੰਦ ਸਾਗਰ ਝੀਲ ਦਾ ਨਾਂ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਪਰ ਰੱਖਿਆ ਗਿਆ ਹੈ।

ਇਸ ਝੀਲ ਵਿਚ 9621 ਮਿਲੀਅਨ ਘਣ ਮੀਟਰ ਪਾਣੀ ਸਮਾ ਸਕਦਾ ਹੈ। ਗਰਮੀਆਂ ਦੇ ਮੌਸਮ ਵਿਚ ਮਾਨ ਸਰੋਵਰ ਝੀਲ, ਰਸਤੇ ਵਿਚ ਬਰਫ਼ ਦਾ ਪਿਘਲਿਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਆਉਣ ਵਾਲੇ ਪਾਣੀ ਨੂੰ ਇਸ ਕੈਚਮੈਂਟ ਏਰੀਏ ਵਿੱਚ ਜਮ੍ਹਾਂ ਕਰ ਲਿਆ ਜਾਂਦਾ ਹੈ। ਜਿਸ ਨਾਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਆਉਣ ਵਾਲੇ ਹੜ੍ਹਾਂ ਦੀ ਮਾਰ ਤੋਂ ਬਚਾਉਣ ਵਿਚ ਵੀ ਇਸ ਡੈਮ ਦਾ ਵੱਡਾ ਯੋਗਦਾਨ ਹੈ। ਚੀਫ ਕੰਸਲਟੈਂਟ ਐੱਮ ਐੱਚ ਸਲੋਕਮ ਦੀ ਅਗਵਾਈ ਹੇਠ, ਇਸ ਰਾਸ਼ਟਰੀ ਵਿਰਾਸਤ ਪ੍ਰਾਜੈਕਟ ਨੂੰ ਪੂਰਾ ਕਰਨ ਲਈ 13 ਹਜ਼ਾਰ ਮਜ਼ਦੂਰਾਂ, 300 ਇੰਜੀਨੀਅਰਾਂ ਅਤੇ 30 ਵਿਦੇਸ਼ੀ ਮਾਹਿਰਾਂ ਨੇ 15 ਸਾਲ ਦਿਨ ਰਾਤ ਕੰਮ ਕੀਤਾ। ਇਸ ਡੈਮ ਨੂੰ ਬਣਾਉਣ ਲਈ ਸੈਂਕੜੇ ਵਿਅਕਤੀ ਵੱਲੋਂ ਆਪਣੀ ਜਾਨ ਦੀ ਅਹੂਤੀ ਦਿੱਤੀ ਗਈ। ਜਿਨ੍ਹਾਂ ਦੀ ਯਾਦਂ ਵਿੱਚ ਭਾਖੜਾ ਡੈਮ ਵਿਖੇ ਇਕ ਸ਼ਹੀਦੀ ਸਮਾਰਕ ਵੀ ਬਣਿਆ ਹੋਇਆ ਹੈ।

ਭਾਖੜਾ ਡੈਮ ਦੀ ਉਸਾਰੀ 'ਤੇ 52 ਘਣ ਮੀਟਰ (683 ਲੱਖ ਘਣ ਗਜ਼) ਕੰਕਰੀਟ ਦੀ ਵਰਤੋਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਜਿੰਨੀ ਕੰਕਰੀਟ ਦੀ ਵਰਤੋਂ ਇਸ ਡੈਮ ਨੂੰ ਤਿਆਰ ਕਰਨ ਲਈ ਕੀਤੀ ਗਈ ਹੈ। ਉਸੇ ਨਾਲ ਧਰਤੀ ਦੇ ਦੁਆਲੇ ਅੱਠ ਫੁੱਟ ਚੌੜੀ ਸੜਕ ਬਣਾਈ ਜਾ ਸਕਦੀ ਹੈ। ਉਸ ਸਮੇਂ ਵਿਚ 245 ਕਰੋੜ ਦੀ ਲਾਗਤ ਨਾਲ ਤਿਆਰ ਕੀਤੇ ਇਸ ਡੈਮ ਦੀ ਉਸਾਰੀ ਵਿੱਚ 102 ਲੱਖ ਮੀਟ੍ਰਿਕ ਟਨ ਲੋਹਾ ਖਪਤ ਕੀਤਾ ਗਿਆ। ਇਸ ਡੈਮ ਦੇ ਨਿਰਮਾਣ ਸਮੇਂ ਸੈਂਕੜੇ ਵਿਅਕਤੀਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਸ ਡੈਮ ਵਿਚ 1680 (ਸਮੁੰਦਰੀ ਲੈਵਲ) ਫੁੱਟ ਤੱਕ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ। ਭਾਖੜਾ ਡੈਮ ਵਿਖੇ ਬਣਾਏ ਦੋ ਬਿਜਲੀ ਘਰਾਂ ਨੂੰ ਰਾਈਟ ਅਤੇ ਲੈਫਟ ਪਾਵਰ ਬੈਂਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਲੈਫਟ ਪਾਵਰ ਹਾਊਸ ਵਿਚ ਜਪਾਨ, ਫਰਾਂਸ ਅਤੇ ਇੰਗਲੈਂਡ ਦੀ ਬਣੀ ਮਸ਼ੀਨਰੀ ਲਗਾਈ ਗਈ ਹੈ ਅਤੇ ਰਾਈਟ ਬੈਂਕ ਵਿਚ ਰਸ਼ੀਅਨ ਮਸ਼ੀਨਰੀ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਪਾਵਰ ਹਾਊਸਾਂ ਨੂੰ ਪੀਪੀ-1 ਅਤੇ ਪੀਪੀ-2 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਡੈਮ ਨੂੰ ਬਣਾਉਣ ਲਈ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਵਿਸ਼ੇਸ਼ ਦਿਲਚਸਪੀ ਲਈ ਗਈ ਸੀ। 1954 ਤੋਂ 1963 ਤੱਕ ਇਸ ਡੈਮ ਦੇ ਨਿਰਮਾਣ ਸਮੇਂ 13 ਵਾਰ ਦੌਰਾ ਕੀਤਾ ਗਿਆ।

ਨੰਗਲ ਦੇ ਸਤਲੁਜ ਸਦਨ ਵਿੱਚ ਅੱਜ ਵੀ ਪੰਡਤ ਜਵਾਹਰ ਲਾਲ ਨਹਿਰੂ

ਵੱਲੋਂ ਵਰਤੀਆਂ ਨਿੱਜ ਵਰਤੋਂ ਦੀਆਂ ਚੀਜ਼ਾਂ ਕੁਰਸੀ, ਟੇਬਲ, ਬੈੱਡ ਅਤੇ ਕਰੋਕਰੀ ਨੂੰ ਇਕ ਵਿਰਾਸਤ ਦੇ ਰੂਪ ਵਿੱਚ ਸੰਭਾਲ ਕੇ ਰੱਖਿਆ ਗਿਆ ਹੈ। ਨੰਗਲ ਦੇ ਸਤਲੁਜ ਸਦਨ ਵਿਖੇ ਹੀ ਭਾਰਤ ਅਤੇ ਚੀਨ ਵਿਚ 28 ਅਪਰੈਲ, 1954 ਨੂੰ ਪੰਚਸ਼ੀਲ ਸਮਝੌਤਾ ਹੋਇਆ ਸੀ। ਜਿਸ ਵਿਚ ਭਾਰਤ ਅਤੇ ਚੀਨ ਵਿਚਕਾਰ ਪੰਜ ਨੁਕਾਤੀ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਸਨ। ਜਿਨ੍ਹਾਂ ਵਿਚ ਮੁੱਖ ਰੂਪ ਵਿੱਚ ਦੋਹਾਂ ਦੇਸ਼ਾਂ ਵਿਚਕਾਰ ਆਪਸੀ ਮਿਲਵਰਤਨ ਵਧਾਉਣ, ਇੱਕ ਦੂਜੇ ਦੀ ਪ੍ਰਭੂਸੱਤਾ ਦਾ ਸਨਮਾਨ ਕਰਨ ਦੀ ਗੱਲ ਕੀਤੀ ਗਈ ਹੈ। ਇਸ ਦੇ ਸਬੂਤ ਵੱਜੋਂ ਇੱਥੇ ਇੱਕ ਵੱਡ ਆਕਾਰੀ ਇਤਿਹਾਸਕ ਪੱਥਰ ਵੀ ਮੌਜੂਦ ਹੈ, ਜਿਸ ਉਪਰ ਇਨ੍ਹਾਂ ਸ਼ਰਤਾਂ ਨੂੰ ਉਕਰਿਆ ਗਿਆ ਹੈ। ਇਹ ਪੱਥਰ ਸੈਲਾਨੀਆਂ ਦੀ ਖਿੱਚ ਦਾ ਕਾਰਨ ਬਣਦਾ ਹੈ।

ਨੰਗਲ ਸਥਿਤ ਇਸ ਸਤਲੁਜ ਝੀਲ ਨੂੰ ਰਾਸ਼ਟਰੀ ਵੈਟਲੈਂਡ ਐਲਾਨਿਆ ਜਾ ਚੁੱਕਾ ਹੈ। ਇੱਥੇ ਸਰਦੀਆਂ ਦੇ ਮੌਸਮ ਵਿਚ ਸਾਇਬੇਰੀਆ, ਨਿਊਜ਼ੀਲੈਂਡ, ਸਵਿਟਜ਼ਰਲੈਂਡ ਤੋਂ ਪਰਵਾਸੀ ਪੰਛੀ ਆਉਂਦੇ ਹਨ। ਇਨ੍ਹਾਂ ਨੂੰ ਵੇਖਣ ਲਈ ਪੰਛੀ ਪ੍ਰੇਮੀ ਦੂਰੋਂ-ਦੂਰੋਂ ਆਉਂਦੇ ਹਨ।

ਭਾਖੜਾ ਡੈਮ ਪ੍ਰਾਜੈਕਟ ਸਾਡੇ ਪੰਜਾਬ ਦੇ ਨੰਗਲ ਨੇੜਲੇ ਇਕ ਛੋਟੇ ਜਿਹੇ ਪਿੰਡ ਭਾਖੜਾ ਵਿਖੇ ਬਣਾਇਆ ਗਿਆ ਹੈ। ਹੁਣ ਭਾਖੜਾ ਡੈਮ ਹਿਮਾਚਲ ਪ੍ਰਦੇਸ਼ ਵਿਖੇ ਸਥਿਤ ਹੈ। ਇਸ ਪ੍ਰਾਜੈਕਟ ਦਾ ਪ੍ਰਬੰਧ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਕੀਤਾ ਜਾ ਰਿਹਾ ਹੈ। ਭਾਖੜਾ ਡੈਮ ਦੇਖਣ ਲਈ ਬੀ.ਬੀ.ਐੱਮ.ਬੀ. ਵੱਲੋਂ ਨੰਗਲ ਵਿਖੇ ਲੋਕ ਸੰਪਰਕ ਦਫ਼ਤਰ ਬਣਾਇਆ ਗਿਆ ਹੈ। ਜਿੱਥੋਂ ਸ਼ਾਮ ਤਿੰਨ ਵਜੇ ਤੋਂ ਪਹਿਲਾਂ ਪਾਸ ਬਣਦਾ ਹੈ ਅਤੇ ਭਾਖੜਾ ਡੈਮ ਨੂੰ ਅੰਦਰੋਂ ਵੇਖਣ ਲਈ ਵਿਸ਼ੇਸ਼ ਰੈੱਡ ਪਰਮਿਟ ਲੈਣਾ ਪੈਂਦਾ ਹੈ।

ਇਸ ਡੈਮ ਬਾਰੇ ਦਿਲਚਸਪ ਗੱਲ ਇਹ ਵੀ ਹੈ ਕਿ ਨੰਗਲ ਤੋਂ ਭਾਖੜਾ ਡੈਮ ਦੇ ਵਿਚਕਾਰ ਦੁਨੀਆਂ ਦੀ ਪਹਿਲੀ ਅਜਿਹੀ ਰੇਲ ਗੱਡੀ ਚੱਲਦੀ ਹੈ, ਜਿਹੜੀ ਕਿ ਬਿਲਕੁਲ ਮੁਫ਼ਤ ਹੈ। ਇਸ ਰੇਲ ਗੱਡੀ ਦੀ ਖ਼ਾਸੀਅਤ ਇਹ ਹੈ ਕਿ ਇਸ ਵਿੱਚ ਨਾ ਤਾਂ ਕੋਈ ਚੈਕਰ ਹੈ ਅਤੇ ਨਾ ਹੀ ਭਿਖਾਰੀ। ਲੋਕਾਂ ਖ਼ਾਸ ਕਰ ਕੇ ਸੈਲਾਨੀਆਂ ਲਈ ਇਹ ਗੱਡੀ ਆਕਰਸ਼ਨ ਦਾ ਕੇਂਦਰ ਹੈ। ਬੀ.ਬੀ.ਐੱਮ.ਬੀ ਪ੍ਰਕਾਸ਼ਨ ਵੱਲੋਂ ਨੰਗਲ ਵਿਖੇ ਭਾਖੜਾ ਡੈਮ ਸਮੇਤ ਵੱਖ-ਵੱਖ ਪ੍ਰਾਜੈਕਟਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਪੰਜ ਕਰੋੜ ਦੀ ਲਾਗਤ ਨਾਲ ਇਕ ਮਿਊਜ਼ੀਅਮ

ਦੀ ਉਸਾਰੀ ਲਈ ਜਲਦੀ ਹੀ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਪਰ ਭਾਖੜਾ ਡੈਮ ਨੂੰ ਬਣਾਉਣ ਮੌਕੇ ਬਣਾਈ ਗਈ ਏਸ਼ੀਆ ਦੀ ਸਭ ਤੋਂ ਵੱਡੀ ਵ੍ਰਕਸ਼ਾਪ ਹੁਣ ਬੰਦ ਹੋਣ ਕਿਨਾਰੇ ਪਹੁੰਚ ਚੁੱਕੀ ਹੈ। ਕਿਸੇ ਸਮੇਂ ਇਸ ਵਰਕਸ਼ਾਪ ਵਿਚ 10 ਹਜ਼ਾਰ ਦੇ ਕਰੀਬ ਕਰਮਚਾਰੀ ਕੰਮ ਕਰਦੇ ਸਨ, ਪਰ ਹੁਣ ਇਹ ਗਿਣਤੀ ਮਾਤਰ 200 ਕਰਮਚਾਰੀਆਂ ਤੱਕ ਸਿਮਟ ਚੁੱਕੀ ਹੈ। ਲੋੜ ਹੈ ਇਸ ਵਰਕਸ਼ਾਪ ਨੂੰ ਮੁੜ ਤੋਂ ਚਾਲੂ ਕਰਨ ਦੀ। ਜਿਸ ਨਾਲ ਲੋਕਾਂ ਨੂੰ ਰੁਜ਼ਗਾਰ ਮਿਲੇਗਾ।

*(ਐਤਵਾਰ, 21 ਅਕਤੂਬਰ, 2018 ਪੰਜਾਬੀ ਜਾਗਰਣ 'ਚੋਂ ਧੰਨਵਾਦ ਸਹਿਤ)*

# ਪਿੰਡ ਅਧਰੇੜਾ-ਜਿੱਥੇ ਇੱਕੋ ਵਿਹੜਾ

- ਪ੍ਰਿੰ. ਬਹਾਦਰ ਸਿੰਘ ਗੋਸਲ
ਮੋ. 9876452223

ਪੰਜਾਬ ਦੇ ਕਈ ਪਿੰਡ ਬੜੇ ਅਨੋਖੇ ਅਤੇ ਬਚਿੱਤਰ ਹਨ। ਅਜਿਹਾ ਹੀ ਇਕ ਪਿੰਡ ਜ਼ਿਲ੍ਹਾ ਰੂਪਨਗਰ ਦੇ ਸ੍ਰੀ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਵਿੱਚ ਕੁਰਾਲੀ ਸ਼ਹਿਰ ਤੋਂ ਥੋੜ੍ਹੀ ਦੂਰ, ਇਕ ਨਦੀ ਦੀ ਢਾਂਗ 'ਤੇ ਵਸਿਆ ਪਿੰਡ-ਅਧਰੇੜਾ ਹੈ। ਇਹ ਪਿੰਡ ਇਸ ਗੱਲੋਂ ਬੜਾ ਨਿਆਰਾ ਹੈ ਕਿ ਇਸ ਪਿੰਡ ਵਿੱਚ ਕੇਵਲ ਇਕ ਹੀ ਜਾਤੀਂ-ਰਾਮਦਾਸੀਏ ਸਿੱਖ (ਜੁਲਾਹੇ-ਬੁਣਕਰ) ਦੇ ਲੋਕ ਵਸਦੇ ਹਨ। ਤਿੰਨ ਘਰ ਪੰਡਤਾਂ ਦੇ ਦੋ ਘਰ ਮਿਸਤਰੀਆਂ ਦੇ ਹਨ ਜਦੋਂ ਕਿ ਇੱਕ ਘਰ ਜੱਟਾਂ ਦਾ ਛੱਡ ਕੇ ਹੋਰ ਜਾਤਾਂ ਦਾ ਕੋਈ ਘਰ ਨਹੀਂ ਹੈ। ਜੱਟਾਂ ਦਾ ਕੇਵਲ ਇੱਕ ਘਰ 1947 ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਆ ਕੇ ਇੱਥੇ ਵਸਿਆ ਹੈ ਅਤੇ ਉਸਨੂੰ ਸਰਕਾਰ ਵੱਲੋਂ ਜ਼ਮੀਨ ਅਲਾਟ ਕੀਤੀ ਗਈ ਸੀ।

ਪਿੰਡ ਦੀ ਪੂਰੀ ਜ਼ਮੀਨ ਬੁਣਕਰਾਂ ਕੋਲ ਹੀ ਹੈ ਕਿ ਉਹ ਖੇਤੀ ਦਾ ਕੰਮ ਕਰਦੇ ਹਨ। ਬੁਣਕਰਾਂ ਦੇ ਹਰ ਘਰ ਕੋਲ ਜ਼ਮੀਨ ਹੈ ਭਾਵੇਂ ਪਰਿਵਾਰਾਂ ਦੀ ਵੰਡ ਕਾਰਨ ਹੁਣ ਇਹ ਜ਼ਮੀਨ ਉਨ੍ਹਾਂ ਪਾਸ ਘੱਟਦੀ ਜਾਂਦੀ ਹੈ। ਪੰਜਾਬ ਦਾ ਇਹ ਇਕੋ ਇੱਕ ਪਿੰਡ ਹੈ ਜਿੱਥੇ ਕੇਵਲ ਜੁਲਾਹੇ ਜਾਤੀ ਨਾਲ ਸਬੰਧਤ ਲੋਕ ਹੀ ਰਹਿੰਦੇ ਹਨ। ਪਹਿਲਾਂ ਬਹੁਤ ਸਾਰੇ ਘਰ ਖੱਡੀਆਂ 'ਤੇ ਕੱਪੜਾ ਬੁਨਣ ਦਾ ਕੰਮ ਕਰਦੇ ਸਨ ਪਰ ਅੱਜ ਕੱਲ੍ਹ ਪਿੰਡ ਵਿੱਚ ਕੋਈ ਵੀ ਹੱਥ ਖੱਡੀ ਨਜ਼ਰ ਨਹੀਂ ਆਉਂਦੀ। ਲੋਕ ਕੱਪੜਾ ਬੁਨਣ ਦਾ ਕੰਮ ਬੰਦ ਕਰ ਚੁੱਕੇ ਹਨ। ਅੱਜ ਕੱਲ੍ਹ ਪਿੰਡ ਦੇ ਲੋਕਾਂ ਦਾ ਮੁੱਖ ਧੰਦਾ ਸਰਕਾਰੀ ਨੌਕਰੀ, ਖੇਤੀ ਕਰਨਾ, ਦੁੱਧ ਦਾ ਧੰਦਾ ਜਾਂ ਮਜ਼ਦੂਰੀ ਹੀ ਰਹਿ ਗਿਆ ਹੈ। ਪਰ ਹਰ ਘਰ ਪਾਸ ਜ਼ਮੀਨ ਹੋਣ ਕਰਕੇ ਅਤੇ ਸਿੱਖਿਆ ਦੇ ਚੰਗੇ ਪ੍ਰਸਾਰ ਕਰਕੇ ਲੋਕ ਆਰਥਿਕ ਪੱਖੋਂ ਖੁਸ਼ਹਾਲ ਹਨ।

ਪਿਡ ਦੇ ਬਜ਼ੁਰਗਾਂ ਦਾ ਕਹਿਣਾ ਹੈ ਕਿ ਇਸ ਪਿੰਡ ਦੀ ਮੋਹੜੀ ਬਾਹਰੋਂ ਆਏ ਅਮਰ ਨਾਂ ਦੇ ਨਿਗਾਹ ਗੋਤ ਵਾਸੀ ਨੇ ਰੱਖੀ ਸੀ ਅਤੇ ਪਿੰਡ ਦਾ ਪਹਿਲਾਂ ਨਾਂ ਅਮਰਗੜ੍ਹ ਹੀ ਪੈ ਗਿਆ ਸੀ। ਪਿੰਡ ਕਾਫ਼ੀ ਵੱਡਾ ਸੀ ਪਰ ਪੁਰਾਣੇ ਸਮਿਆਂ ਵਿੱਚ ਇਕ ਵਾਰ ਨਦੀ ਦਾ ਹੜ੍ਹ ਅੱਧੇ ਪਿੰਡ ਨੂੰ ਰੋੜ ਕੇ ਲੈ ਗਿਆ ਸੀ ਅਤੇ ਅੱਧਾ ਪਿੰਡ ਬਚ ਗਿਆ। ਤਦੋ ਤੋਂ ਹੀ ਇਸ ਪਿੰਡ ਦਾ ਨਾਂ ਬਦਲ ਕੇ ਅਧਰੇੜਾ ਪੈ

ਗਿਆ। ਪਿੰਡ ਵਿੱਚ ਬਹੁਤੇ ਘਰ ਨਿਗਾਹ ਗੋਤ ਦੇ ਹੀ ਹਨ ਪਰ ਫਿਰ ਕੁਝ ਦੇਰ ਬਾਅਦ ਪਿੰਡ ਵਿੱਚ ਆ ਕੇ ਵਸੇ ਲੋਕ ਧਾਲੀਵਾਲ ਅਤੇ ਸਰੋਏ ਗੋਤਾਂ ਦੇ ਵੀ ਹਨ। ਜੱਟਾਂ ਦਾ ਇਕੋ ਇਕ ਘਰ ਢੀਂਡਸਾ ਗੋਤ ਨਾਲ ਸਬੰਧ ਰੱਖਦਾ ਹੈ। ਪੰਡਿਤਾਂ ਦੇ ਕਈ ਘਰ ਕੁਰਾਲੀ ਸ਼ਹਿਰ ਜਾ ਵਸੇ ਹਨ। ਪਿੰਡ ਵਿਚ ਛੇ ਘਰ ਪਾਕਿਸਤਾਨ ਤੋਂ ਆ ਕੇ ਵਸੇ ਹਨ ਅਤੇ ਉਨ੍ਹਾਂ ਸਭ ਪਾਸ ਵੀ ਜ਼ਮੀਨ ਹੈ।

ਪਿੰਡ ਦੇ ਚੜ੍ਹਦੇ ਵਾਲੇ ਪਾਸੇ 1927 ਈ. ਵਿਚ ਅੰਗਰੇਜ਼ਾਂ ਦੁਆਰਾ ਬਣਾਈ ਸਰਹਿੰਦ-ਨੰਗਲ ਰੇਲਵੇ ਲਾਈਨ ਪਿੰਡ ਦੇ ਬਿਲਕੁਲ ਪਾਸ ਤੋਂ ਜਾਂਦੀ ਹੈ ਅਤੇ ਇਕ ਪਾਸੇ ਨਦੀ ਦਾ ਘੇਰ ਹੈ ਜਿਸ ਕਰਕੇ ਪਿੰਡ ਅਲੱਗ ਜਿਹਾ ਹੋਇਆ ਨਜ਼ਰ ਆਉਂਦਾ ਹੈ। ਪਿੰਡ ਵਿੱਚ ਕਈ ਪੁਰਾਣੇ ਖੂਹਾਂ ਦੀ ਨਿਸ਼ਾਨੀ ਪੁਰਾਣੇ ਸਮਿਆਂ ਦੀ ਯਾਦ ਦਿਵਾਉਂਦੀ ਹੈ। ਪਿੰਡ ਵਿੱਚ ਬੁਣਕਰਾਂ ਜੁਲਾਹਿਆਂ ਦੇ 200 ਘਰ ਹਨ ਅਤੇ 900 ਵੋਟਰ ਹਨ ਜਿਹੜੇ ਰਾਜਨੀਤੀ ਵੱਲੋਂ ਵੀ ਸੂਝਵਾਨ ਹਨ। ਪਿੰਡ ਦੇ ਸਰਪੰਚ ਅਤੇ ਨੰਬਰਦਾਰ ਸ. ਜਸਵੰਤ ਸਿੰਘ ਨਿਗਾਹ ਨੇ ਦੱਸਿਆ ਕਿ ਇਸ ਪਿੰਡ ਵਿੱਚ 120 ਏਕੜ ਸ਼ਾਮਲਾਟ ਜ਼ਮੀਨ ਹੈ ਪਰ ਇੱਥੇ ਰੇਤਾ-ਮਿੱਟੀ ਦਾ ਖਣਨ ਦਾ ਕੰਮ ਬਹੁਤ ਜ਼ੋਰਾਂ ਪਰ ਸੀ ਤਾਂ ਪੰਚਾਇਤ ਨੇ ਇਸ ਨੂੰ ਬੰਦ ਕਰਵਾ ਕੇ ਹੁਣ ਇਸ ਜ਼ਮੀਨ ਵਿੱਚ 17 ਹਜ਼ਾਰ ਬੂਟੇ ਲਗਾਏ ਹਨ ਜੋ ਅੱਜ ਕੱਲ ਚੰਗੇ ਰੁੱਖ ਬਣ ਗਏ ਹਨ ਅਤੇ ਪਿੰਡ ਵਾਸੀਆਂ ਦੀ ਕਾਮਯਾਬੀ ਦਾ ਨਤੀਜਾ ਹੈ। ਪਿੰਡ ਦੇ ਦੂਜੇ ਨੰਬਰਦਾਰ ਸ. ਚਮਨ ਸਿੰਘ ਅਤੇ ਸ. ਸਰਬਜੀਤ ਸਿੰਘ ਨੰਬਰਦਾਰ ਵੀ ਪਿੰਡ ਦੀ ਭਲਾਈ ਲਈ ਤੱਤਪਰ ਰਹਿੰਦੇ ਹਨ। ਪਿੰਡ ਵਿੱਚ ਬੀਬੀ ਗੁਰਮੇਲ ਕੌਰ ਇੱਕ ਪ੍ਰਸਿੱਧ ਸਮਾਜ ਸੇਵੀ ਮਹਿਲਾ ਹੈ ਜੋ ਸਦਾ ਪ੍ਰਗਤੀਸ਼ੀਲ ਵਿਚਾਰਾਂ ਦਾ ਪ੍ਰਚਾਰ ਕਰਦੀ ਰਹਿੰਦੀ ਹੈ।

ਪਿੰਡ ਵਿੱਚ ਸਿੱਖੀ ਅਤੇ ਸਿੱਖਿਆ ਦਾ ਚੰਗਾ ਪ੍ਰਸਾਰ ਹੈ ਭਾਵੇਂ ਕਿ ਪਿੰਡ ਵਿਚ ਕੇਵਲ ਇੱਕ ਹੀ ਸਰਕਾਰੀ ਮਿਡਲ ਸਕੂਲ ਅਤੇ ਦੋ ਸਰਕਾਰੀ ਆਂਗਣਵਾੜੀ ਹਨ ਪਰ ਪਿੰਡ ਦੇ ਨੌਜਵਾਨ ਮੁੰਡੇ-ਕੁੜੀਆਂ ਕੁਰਾਲੀ ਜਾਂ ਚੰਡੀਗੜ੍ਹ ਪੜ੍ਹ ਕੇ ਉੱਚੇ ਸਰਕਾਰੀ ਅਫ਼ਸਰ ਬਣ ਚੁੱਕੇ ਹਨ। ਜਿਨ੍ਹਾਂ ਵਿੱਚ ਸੂਬੇਦਾਰ ਬਲਦੇਵ ਸਿੰਘ, ਕੈਪਟਨ ਮਲਕੀਤ ਸਿੰਘ, ਬੁੱਧ ਸਿੰਘ ਹਕੀਮ, ਦੀਵਾਨ ਸਿੰਘ ਨਿਗਾਹ ਚੀਫ ਇੰਜੀਨੀਅਰ ਰੇਲਵੇ, ਸੁਰਜੀਤ ਸਿੰਘ ਉੱਚ ਅਧਿਕਾਰੀ ਏ.ਜੀ. ਪੰਜਾਬ, ਸ. ਹਿੰਮਤ ਸਿੰਘ ਐਸ.ਡੀ.ਓ, ਲੇਖਕ ਸੁੱਚਾ ਸਿੰਘ, ਸ. ਜਸਵੰਤ ਸਿੰਘ ਕਾਮਰੇਡ ਜਨਰਲ ਸਕੱਤਰ ਪੰਜਾਬ ਰੋਡਵੇਜ਼ ਯੂਨੀਅਨ, ਮਾਸਟਰ ਸ਼ਮਸ਼ੇਰ ਸਿੰਘ, ਮਾਸਟਰ

ਹਜ਼ੂਰਾ ਸਿੰਘ, ਗਿਆਨੀ ਕੇਹਰ ਸਿੰਘ, ਮਾਸਟਰ ਬਖਸ਼ੀਸ਼ ਸਿੰਘ ਅਤੇ ਸ. ਨਿਰਮੈਲ ਸਿੰਘ ਜੇ.ਈ. ਨਾਮ ਬਹੁਤ ਹੀ ਸਨਮਾਨ ਯੋਗ ਹਨ।

ਪਿੰਡ ਵਿੱਚ 2-3 ਏਕੜ ਵਿੱਚ ਬਣਿਆ ਫੁਟਬਾਲ ਸਟੇਡੀਅਮ, ਇਲਾਕੇ ਵਿੱਚ ਵਧੀਆ ਫੁੱਟਬਾਲ ਟੀਮ ਪੈਦਾ ਕਰ ਸਕਿਆ ਹੈ। ਨੌਜਵਾਨ ਸਭਾ ਦਾ ਪ੍ਰਧਾਨ ਸ. ਕੁਲਵਿੰਦਰ ਸਿੰਘ ਅਤੇ ਯੂਥ ਭਲਾਈ ਕਲੱਬ ਦਾ ਭੁਪਿੰਦਰ ਸਿੰਘ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵਿੱਚ ਰੁਚੀ ਪੈਦਾ ਕਰਨ ਵਿੱਚ ਕਾਮਯਾਬ ਹੋਏ ਹਨ। ਪਿੰਡ ਦੇ ਇੱਕ ਨੌਜਵਾਨ ਸ. ਸੁੱਖਵਿੰਦਰ ਸਿੰਘ ਅਨੁਸਾਰ ਪਿੰਡ ਵਿੱਚ ਸਿੱਖੀ ਦਾ ਪ੍ਰਚਾਰ ਅਤੇ ਖੇਡਾਂ ਦੇ ਕਲੱਬ ਹੋਣ ਕਾਰਣ ਪਿੰਡ ਵਿੱਚ ਨਸ਼ਿਆਂ ਦਾ ਪ੍ਰਕੋਪ ਨਹੀਂ ਹੈ।

ਭਾਵੇਂ ਪਿੰਡ ਮੁੱਖ ਤੌਰ ਤੇ ਮੁਲਾਜ਼ਮਾਂ ਦਾ ਪਿੰਡ ਹੈ ਪਰ ਪਿੰਡ ਦੇ ਦੋ ਘਰ ਸ. ਚਰਨ ਸਿੰਘ ਅਤੇ ਸ. ਗੁਰਦਿਆਲ ਸਿੰਘ ਦੇ ਪਰਿਵਾਰ ਮੇਲਿਆਂ ਪਰ ਵੱਡੇ ਝੂਲੇ-ਚੰਡੋਲ ਲਾਉਣ ਦਾ ਵੱਡੇ ਪੱਧਰ ਤੇ ਕੰਮ ਕਰਦੇ ਹਨ। ਉਨ੍ਹਾਂ ਦੇ ਕਾਰਨ ਪਿੰਡ ਨੂੰ ਚੰਡੋਲਾਂ ਵਾਲਾ ਪਿੰਡ ਵੀ ਕਹਿੰਦੇ ਹਨ। ਸ.. ਰਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਚੰਡੋਲ ਬਹੁਤ ਸਾਰੀਆਂ ਫਿਲਮਾਂ ਦਾ ਸ਼ਿਗਾਰ ਬਣ ਚੁੱਕੇ ਹਨ ਜਿਨ੍ਹਾਂ ਵਿੱਚ ਉੱਚਾ ਦਰ ਬਾਬੇ ਨਾਨਕ ਦਾ, ਰਾਣੋ, ਅੰਗਰੇਜ਼ ਅਤੇ ਹੋਰ ਕਈ ਮਸ਼ਹੂਰ ਫਿਲਮਾਂ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਹ ਪੰਜਾਬ ਦੇ ਹਰ ਛੋਟੇ ਅਤੇ ਵੱਡੇ ਮੇਲੇ ਵਿੱਚ ਆਪਣੇ ਝੂਲਿਆਂ ਨੂੰ ਲਗਾ ਚੁੱਕੇ ਹਨ ਅਤੇ ਇਸ ਕੰਮ ਵਿੱਚ ਉਨ੍ਹਾਂ ਨੂੰ ਲੋੜ ਅਨੁਸਾਰ ਚੰਗੀ ਕਮਾਈ ਹੋ ਜਾਂਦੀ ਹੈ। ਭਾਵੇਂ ਅੱਜ-ਕੱਲ੍ਹ ਲੇਬਰ ਥੋੜ੍ਹੀ ਮਹਿੰਗੀ ਹੋ ਚੁੱਕੀ ਹੈ। ਉਹ ਰਾਜਸਥਾਨ ਵਿੱਚ ਇੱਕ ਫ਼ਿਲਮ ਦੀ ਸ਼ੂਟਿੰਗ ਦੇ ਸਬੰਧ ਵਿੱਚ ਆਪਣੇ ਝੂਲਿਆਂ ਦਾ ਪ੍ਰਦਰਸ਼ਨ ਕਰ ਚੁੱਕੇ ਹਨ।

ਪਿੰਡ ਵਿੱਚ ਦੋ ਸਾਂਝੇ ਗਰਦੁਆਰਾ ਸਾਹਿਬ ਹਨ ਜਿਨ੍ਹਾਂ ਵਿੱਚ ਗੁਰਦੁਆਰਾ ਨਾਨਕਸਰ ਦੀ ਪਿੰਡ ਵਿੱਚ ਕਾਫੀ ਮਾਣਤਾ ਹੈ। ਪਿੰਡ ਦੇ ਬਾਹਰ ਵੱਲ ਇੱਕ ਡੇਰਾ "ਪੀਰਖਾਨਾ" ਢੱਕੀ ਪੀਰ ਵਾਲੀ ਕਰਕੇ ਇਲਾਕੇ ਵਿੱਚ ਕਾਫ਼ੀ ਮਸ਼ਹੂਰ ਹੈ ਅਤੇ ਇੱਥੇ ਹਰ ਸਾਲ ਜੁਲਾਈ ਦੇ ਮਹੀਨੇ ਵੱਡਾ ਮੇਲਾ ਲੱਗਦਾ ਹੈ। ਪਿੰਡ ਦੇ ਇੱਕ 90 ਸਾਲ ਦੇ ਬਜ਼ੁਰਗ ਸ. ਮਾਨ ਸਿੰਘ ਵੜੈਚ ਨੇ ਦੱਸਿਆ ਕਿ ਪਿੰਡ ਦੇ ਸਾਰੇ ਲੋਕ ਪੀਰਖਾਨੇ ਦੀ ਮਾਨਤਾ ਕਰਦੇ ਹਨ। ਉਸਨੇ ਦੱਸਿਆ ਕਿ 1939 ਦੇ ਦੂਜੇ ਸੰਸਾਰ ਯੁੱਧ ਤੋਂ ਅਤੇ 1947 ਤੱਕ ਦੇ ਸਮਿਆਂ ਤੋਂ ਲੈ ਕੇ ਇਸ ਪਿੰਡ ਵਿੱਚ ਸਦਾ ਸ਼ਾਂਤੀ ਅਤੇ ਪਿਆਰ ਭਰਿਆ ਮਿਲਵਰਤਨ ਦੇਖਿਆ ਗਿਆ ਹੈ।

ਪਿੰਡ ਅਧਰੇੜਾ, ਸਰਕਾਰੀ ਅਹੁਦਿਆਂ ਤੇ ਵੱਡੇ-ਵੱਡੇ ਅਫ਼ਸਰ ਭੇਜਣ ਦੇ ਬਾਵਜੂਦ ਅੱਜ ਵੀ ਬਹੁਤ ਸਾਰੀਆਂ ਮੁਸ਼ਕਿਲਾਂ ਝੱਲ ਰਿਹਾ ਹੈ। ਪਿੰਡ ਦੇ ਵਸਨੀਕਾਂ ਨੂੰ ਅਫ਼ਸੋਸ ਹੈ ਕਿ ਇਸ ਪਿੰਡ ਦੇ ਤਿੰਨ ਨੌਜਵਾਨ ਮੁੰਡੇ ਨਦੀ ਵਿੱਚ ਵਹਿ ਚੁੱਕੇ ਹਨ। ਇਸ ਲਈ ਉਨ੍ਹਾਂ ਦੀ ਪੁਰਜ਼ੋਰ ਮੰਗ ਹੈ ਕਿ ਨਦੀ ਨੂੰ ਸਿੱਧੇ ਰਸਤੇ ਪੁਲ ਬਣਾਇਆ ਜਾਵੇ ਤਾਂ ਜੋ ਪਿੰਡ ਵਾਲਿਆਂ ਨੂੰ ਕੁਰਾਲੀ ਪਹੁੰਚਣ ਲਈ ਪੰਜ ਮੀਲ ਦਾ ਚੱਕਰ ਨਾ ਕੱਟਣਾ ਪਵੇ। ਪਿੰਡ ਵਿੱਚ ਸਰਕਾਰੀ ਸਕੂਲ ਨੂੰ +2 ਪੱਧਰ ਤੱਕ ਦਾ ਕੀਤਾ ਜਾਵੇ। ਪੇਂਡੂ ਡਿਸਪੈਂਸਰੀ ਅਤੇ ਪਸ਼ੂ ਡਿਸਪੈਂਸਰੀ ਦਾ ਪ੍ਰਬੰਧ ਕੀਤਾ ਜਾਵੇ। ਲੋਕਾਂ ਦੀ ਇਹ ਵੀ ਮੰਗ ਹੈ ਕਿ ਰੇਲਵੇ ਫਾਟਕਾਂ ਤੇ ਅੰਡਰ ਬਰਿਜ ਉਸਾਰਿਆ ਜਾਵੇ ਜਾਂ ਓਵਰ ਬਰਿਜ ਬਣਾਇਆ ਜਾਵੇ। ਪਿੰਡ ਵਿੱਚ ਵਾਟਰ ਸਪਲਾਈ ਦਾ ਪ੍ਰਬੰਧ ਠੀਕ ਹੈ ਪਰ ਫਿਰ ਵੀ ਇਸ ਵਿੱਚ ਕਾਫੀ ਸੁਧਾਰ ਦੀ ਗੁੰਜ਼ਾਇਸ਼ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪੁਲਾਂ ਅਤੇ ਸੜਕਾਂ ਦਾ ਸਹੀ ਨਿਰਮਾਣ ਕਰਕੇ ਪਿੰਡ ਅਧਰੇੜੇ ਨੂੰ ਵਿਕਾਸ ਦੀ ਲਹਿਰ ਵਿੱਚ ਜੋੜਿਆ ਜਾਵੇ।

('ਪੰਜਾਬ ਦੇ ਇਹ ਪਿੰਡ ਸੁਣੀਂਦੇ' ਪੁਸਤਕ 'ਚੋਂ ਧੰਨਵਾਦ ਸਹਿਤ)

* * *

# ਅੰਬਾਂ ਵਾਲਾ ਪਿੰਡ ਅੱਲਾਪੁਰ

- ਪ੍ਰਿੰ. ਬਹਾਦਰ ਸਿੰਘ ਗੋਸਲ

ਪੁਰਾਣੇ ਅੰਬਾਲੇ ਅਤੇ ਅਜੋਕੇ ਮੁਹਾਲੀ ਜ਼ਿਲ੍ਹੇ ਦਾ ਪਿੰਡ ਅੱਲਾਪੁਰ ਪੁਆਧ ਦਾ ਉਹ ਨਿਵੇਕਲਾ ਪਿੰਡ ਹੈ ਜਿਸ ਨੂੰ ਕਦੇ ਅੰਬਾਂ ਵਾਲਾ ਪਿੰਡ ਕਰ ਕੇ ਜਾਣਿਆ ਜਾਂਦਾ ਸੀ ਕਿਉਂਕਿ 50-60 ਸਾਲ ਤੋਂ ਪਹਿਲਾਂ ਇਸ ਪਿੰਡ ਵਿੱਚ ਅੰਬਾਂ ਦੇ ਅਨੇਕਾਂ ਬਾਗ ਸਨ ਅਤੇ ਸਾਰੇ ਪਿੰਡ ਦਾ ਰੁਜ਼ਗਾਰ ਅੰਬਾਂ ਪਰ ਹੀ ਨਿਰਭਰ ਕਰਦਾ ਸੀ। ਪਰ ਅੱਜ ਕੱਲ੍ਹ ਅੰਬਾਂ ਦੇ ਸਭ ਰੁੱਖ ਖਤਮ ਹੋ ਗਏ ਹਨ ਅਤੇ ਪਿੰਡ ਵਾਸੀ ਅੰਬੀਆਂ ਨੂੰ ਤਰਸਦੇ ਹਨ। ਪਿੰਡ ਅੱਲਾਪੁਰ ਚੰਡੀਗੜ੍ਹ-ਰੋਪੜ ਸੜਕ 'ਤੇ ਖਰੜ ਅਤੇ ਕੁਰਾਲੀ ਤੋਂ 8 ਕਿਲੋਮੀਟਰ ਦੂਰ ਪਿੰਡ ਸਹੌੜਾਂ ਤੋਂ ਚੜ੍ਹਦੀ ਵੱਲ 2 ਕਿਲੋਮੀਟਰ 'ਤੇ ਹੈ। ਪਿੰਡ ਦੇ ਬਜ਼ੁਰਗਾਂ ਅਨੁਸਾਰ ਪਿੰਡ ਦੀ ਮੋੜੀ ਢਿੱਲੋਂ ਗੋਤ ਦੇ ਖੁਨੀਆ ਅਤੇ ਰੁਨੀਆ ਨਾਂ ਦੇ ਦੋ ਬਜ਼ੁਰਗਾਂ ਨੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਘੁੰਗਰਾਲਾ ਤੋਂ ਆ ਕੇ ਰੱਖੀ ਸੀ। ਫਿਰ ਕੁਝ ਘਰ ਪੰਡਤਾਂ ਦੇ ਆ ਵਸ ਗਏ ਅਤੇ ਕਈ ਘਰ ਬਾਰ ਤੋਂ ਆ ਕੇ ਇੱਥੇ ਵਸੇਵਾ ਕਰਨ ਲੱਗੇ। ਪਿੰਡ ਦਾ ਪਹਿਲਾ ਨਾਮ ਰਾਮਪੁਰ ਸੀ ਜੋ ਪਿੰਡ ਦੇ ਅਜੋਕੇ ਖੇੜਾ ਸਾਹਿਬ ਦੇ ਪਾਸੇ ਵਸਿਆ ਹੋਇਆ ਸੀ ਪਰ ਪਿੰਡ ਵਿੱਚ ਮੁਸਲਮਾਨਾਂ ਦੀ ਬਹੁਤਾਤ ਹੋਣ ਕਰਕੇ ਇਸ ਦਾ ਨਾਂ ਅੱਲਾਪੁਰ ਪੈ ਗਿਆ ਜੋ ਅੱਜ ਤੱਕ ਚਲਦਾ ਹੈ।

ਸਤਾਰਵੀਂ ਸ਼ਤਾਬਦੀ ਸਮੇਂ ਜਦੋਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਸਿੱਖੀ ਦੇ ਪ੍ਰਚਾਰ ਲਈ ਇਸ ਇਲਾਕੇ ਵਿੱਚ ਯਾਤਰਾ ਤੇ ਆਏ ਤਾਂ ਉਨ੍ਹਾਂ ਨੇ ਪਿੰਡ ਦੇ ਬਾਹਰ ਇੱਕ ਬੋਹੜ ਹੇਠਾਂ ਕੁਝ ਦੇਰ ਲਈ ਆਪਣੇ ਘੋੜ ਸਵਾਰਾਂ ਸਮੇਤ ਅਰਾਮ ਕੀਤਾ। ਪਾਸ ਹੀ ਇੱਕ ਬਜ਼ੁਰਗ ਭਾਈ ਪੀਪਾ ਹੱਲ ਵਾਹ ਰਿਹਾ ਸੀ ਉਹ ਗੁਰੂ ਜੀ ਦੀ ਜਲ ਦੀ ਸੇਵਾ ਕਰਨ ਵਾਸਤੇ ਪਾਣੀ ਲੈਣ ਗਿਆ, ਪਰ ਉਸਦੇ ਵਾਪਸ ਆਉਣ ਤੇ ਗੁਰੂ ਜੀ ਜਾ ਚੁੱਕੇ ਸਨ। ਪਰ ਉਹ ਪਿਆਰ ਅਤੇ ਸ਼ਰਧਾ ਦੇ ਵਸ ਉਸ ਥਾਂ ਦੀ ਸੇਵਾ ਕਰਦਾ ਰਿਹਾ ਅਤੇ ਉਸਨੂੰ ਇਸ ਸੇਵਾ ਲਈ ਚਾਂਦੀ ਦਾ ਟਕਾ ਮਿਲਦਾ ਰਿਹਾ। ਉਨ੍ਹਾਂ ਤੋਂ ਬਹੁਤ ਦੇਰ ਬਾਅਦ ਬਾਬਾ ਧਰਮ ਸਿੰਘ ਵਿਵੇਕੀ ਜਿਨ੍ਹਾਂ ਦਾ ਪਿਛੋਕੜ ਜ਼ਿਲ੍ਹਾ ਅੰਮ੍ਰਿਤਸਰ ਦਾ ਸੀ, ਉਸ ਸਥਾਨ ਦੀ ਸੇਵਾ ਕਰਦੇ ਰਹੇ ਜਿਨ੍ਹਾਂ ਦੀ ਬਰਸੀ ਹਰ ਸਾਲ 27 ਜੁਲਾਈ ਨੂੰ ਇਲਾਕਾ ਨਿਵਾਸੀਆਂ ਵੱਲੋਂ ਬੜੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਫਿਰ ਇਸੇ ਸਥਾਨ

ਤੇ ਭਜਨ ਸਿੰਘ ਰਮਤਾ ਬਾਬਾ ਸੇਵਾ ਕਰਦੇ ਰਹੇ ਅਤੇ ਉਨ੍ਹਾਂ ਨੇ ਪੁਰਾਣੇ ਥੜੇ ਵਾਲੇ ਸਥਾਨ ਤੇ ਗੁਰਦੁਆਰਾ ਮੰਜੀ ਸਾਹਿਬ, ਖੇੜਾ ਸੱਤਵੀਂ ਪਾਤਸ਼ਾਹੀ ਦਾ ਨਿਰਮਾਣ ਕਰਵਾਇਆ। ਇਹ ਸਥਾਨ ਪੂਰੇ ਪਿੰਡ ਦੀ ਸਾਂਝੀਵਾਲਤਾ ਅਤੇ ਸ਼ਰਧਾ ਦਾ ਕੇਂਦਰ ਹੈ।

ਇਸ ਸਮੇਂ ਪਿੰਡ ਦੀ ਕੁਲ ਅਬਾਦੀ 1400 ਅਤੇ ਕੁੱਲ ਵੋਟਾਂ 800 ਹਨ ਪਿੰਡ ਦਾ ਰਕਬਾ 500 ਏਕੜ ਦੇ ਲਗਭਗ ਹੈ। ਪਿੰਡ ਵਿੱਚ ਕੁੱਲ 191 ਘਰ ਹਨ ਜਿਨ੍ਹਾਂ ਵਿੱਚ 80 ਜੱਟ ਸਿੱਖਾਂ ਦੇ, 50 ਰਾਮਦਾਸੀਏ ਸਿੱਖਾਂ ਦੇ 15 ਵਾਲਮੀਕਾਂ ਦੇ, 15 ਮੁਸਲਮਾਨ ਪੀਜਿੰਆਂ ਦੇ ਅਤੇ 15 ਕਹਾਰਾਂ ਦੇ ਹਨ। ਪਿੰਡ ਵਿੱਚ ਮੁੱਖ ਢਿੱਲੋਂ, ਭਟੋਏ, ਕੋਰੇ, ਧਾਲੀਵਾਲ ਅਤੇ ਮਹਿੜੇ ਗੋਤਾਂ ਦੇ ਲੋਕ ਵਸਦੇ ਹਨ। ਪਿੰਡ ਵਿੱਚ ਤਿੰਨ ਗੁਰਦੁਆਰੇ, ਹਨੂੰਮਾਨ ਜੀ ਦਾ ਮੰਦਰ, ਵਾਲਮੀਕ ਜੀ ਦਾ ਮੰਦਰ। ਬਾਬਾ ਸਿੱਧ ਦੀ ਸਮਾਧ ਅਤੇ ਨੌ ਗਜੇ ਪੀਰ ਦੀ ਸਮਾਧ, ਸ਼ਰਧਾ ਅਤੇ ਧਾਰਮਿਕ ਅਸਥਾਨ ਹਨ। ਪਿੰਡ ਵਿਚ ਕੇਵਲ ਇੱਕ ਐਲੀਮੈਂਟਰੀ ਸਕੂਲ ਜੋ 1952 ਤੋਂ ਚਲਿਆ ਆ ਰਿਹਾ ਹੈ, ਪਾਣੀ ਦੀ ਸਪਲਾਈ ਲਈ ਵਾਟਰ ਟੈਂਕੀ, ਕਮਊਨਿਟੀ ਸੈਂਟਰ, ਸਬ ਹੈਲਥ ਸੈਂਟਰ ਅਤੇ ਬਹੁਤ ਪੁਰਾਣਾ ਡਾਕਖਾਨਾ ਹੈ।

ਪਿੰਡ ਦੀ ਪੰਚਾਇਤ ਕੋਲ 7 ਏਕੜ ਜ਼ਮੀਨ ਹੈ ਜੋ ਪਿੰਡ ਦੀ ਸਾਂਝੀ ਹੈ। ਪਿੰਡ ਵਿੱਚ ਸਾਂਝੀਵਾਲਤਾ ਅਤੇ ਮਿਲਵਰਤਣ ਸ਼ਲਾਘਾਯੋਗ ਹੈ। ਪਿੰਡ ਦੇ ਵਿਕਾਸ ਵਿੱਚ ਪੰਚਾਇਤ ਦੀ ਮਦਦ ਕਰਨ ਵਿੱਚ ਪਿੰਡ ਵਾਲੀਆਂ ਦਾ ਚੰਗਾ ਸਹਿਯੋਗ ਮਿਲਦਾ ਹੈ।

ਪਿੰਡ ਦੇ ਲੋਕਾਂ ਦਾ ਮੁੱਖ ਧੰਦਾ ਖੇਤੀ, ਦੁੱਧ ਦਾ ਕੰਮ ਅਤੇ ਸਰਕਾਰੀ ਨੌਕਰੀਆਂ ਕਰਨਾ ਹੈ। ਅੰਬਾਂ ਦਾ ਧੰਦਾ ਬਿਲਕੁਲ ਖਤਮ ਹੋ ਚੁੱਕਿਆ ਹੈ। ਇਸ ਪਿੰਡ ਦੀ ਵਿਲੱਖਣਤਾ ਵਿੱਚ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੁਰਾਣਾ ਬਹੁਤ ਵੱਡਾ ਪਿੱਪਲ ਦਾ ਰੁੱਖ ਦੇਖਣਯੋਗ ਹੈ। ਭਾਰਤ ਦੇ ਪਹਿਲੇ ਰੱਖਿਆ ਮੰਤਰੀ ਸ. ਬਲਦੇਵ ਸਿੰਘ ਦੁੱਮਣਾ ਦੀ ਭੈਣ ਬੀਬੀ ਪਰਸਿਨ ਕੌਰ ਇਸ ਪਿੰਡ ਵਿੱਚ ਵਿਆਹੀ ਹੋਣ ਕਰਕੇ ਉਨ੍ਹਾਂ ਦਾ ਇੱਥੇ ਆਉਣ ਜਾਣਾ-ਬਣਿਆ ਰਹਿੰਦਾ ਸੀ। ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਨਾਲ ਸਬੰਧਤ ਸ. ਬੇਅੰਤ ਸਿੰਘ ਮਲੋਆ ਦੇ ਇੱਥੇ ਨਾਨਕੇ ਸਨ ਅਤੇ ਰਾਮਦਾਸੀਆ ਸਿੱਖਾਂ ਦਾ ਪੁਰਾਣਾ ਗੁਰਦੁਆਰਾ ਉਨ੍ਹਾਂ ਦੇ ਨਾਨਾ ਸ. ਨਗੀਨਾ ਸਿੰਘ ਨੇ ਬਣਵਾਇਆ ਸੀ, ਜੋ ਵੱਡੇ ਠੇਕੇਦਾਰ ਅਤੇ ਸਿੰਘ ਸਭਾ ਲਹਿਰ ਨਾਲ ਸਬੰਧਤ ਸਨ।

ਪਿੰਡ ਵਿੱਚ ਵੱਡੇ ਪੱਧਰ ਤੇ ਸਫ਼ਾਈ ਲਈ "ਸਵੱਛ ਭਾਰਤ" ਸਕੀਮ ਤਹਿਤ ਵੱਡੀਆਂ ਗ੍ਰਾਂਟਾਂ ਦੀ ਲੋੜ ਹੈ, ਕਿਉਂਕਿ ਸਫ਼ਾਈ ਵੱਡੇ ਪੱਧਰ ਤੇ ਧਿਆਨ ਮੰਗਦੀ ਹੈ, ਫਿਰਨੀ ਨੂੰ ਪੱਕਾ ਕਰਨਾ, ਟੋਭਿਆਂ ਦੀ ਸਫ਼ਾਈ, ਪਾਣੀ ਦਾ ਨਿਕਾਸ ਕਰਨਾ, ਸਮਸ਼ਾਨ ਘਾਟ ਲਈ ਰਸਤਾ ਪੱਕਾ ਕਰਨਾ, ਬੱਸ ਸੇਵਾ ਦਾ ਪ੍ਰਬੰਧ ਕਰਨਾ ਲੋਕਾਂ ਦੀਆਂ ਪ੍ਰਮੁੱਖ ਮੰਗਾਂ ਹਨ।

('ਪੰਜਾਬ ਦੇ ਇਹ ਪਿੰਡ ਸੁਣੀਂਦੇ' ਪੁਸਤਕ 'ਚੋਂ ਧੰਨਵਾਦ ਸਹਿਤ)

* * *

# ਮੀਰਖਾਨ ਨੇ ਵਸਾਇਆ ਪਿੰਡ-ਖਾਨਪੁਰ (ਖਰੜ)

-ਪ੍ਰਿੰ. ਬਹਾਦਰ ਸਿੰਘ ਗੋਸਲ

ਪੰਜਾਬ ਦੇ ਮੁਹਾਲੀ ਜ਼ਿਲ੍ਹੇ ਵਿੱਚ ਖਰੜ ਤੋਂ ਦੋ ਕਿਲੋਮੀਟਰ ਪੱਛਮ ਵੱਲ ਨਦੀ ਪਾਰ ਵਸਿਆ ਹੋਇਆ ਪਿੰਡ ਖਾਨਪੁਰ, ਕਈ ਗੱਲਾਂ ਕਾਰਨ ਵਿਲੱਖਣ ਪਿੰਡ ਮੰਨਿਆ ਜਾਂਦਾ ਹੈ। ਅਜੋਕੇ ਸਮੇਂ ਇਹ ਪਿੰਡ ਖਰੜ ਤੋਂ ਲੁਧਿਆਣਾ ਜਾਣ ਵਾਲੇ ਮੁੱਖ ਮਾਰਗ ਅਤੇ ਖਰੜ-ਰੋਪੜ ਮੁੱਖ ਮਾਰਗ ਦੇ ਵਿਚਕਾਰ ਸਥਿਤ ਹੈ। ਪੁਆਧ ਖਿੱਤੇ ਵਿੱਚ ਵਸੇ ਇਸ ਪਿੰਡ ਦੀ ਆਪਣੀ ਹੀ ਮਹੱਤਤਾ ਰਹੀ ਹੈ। ਸ਼ੁਰੂ ਤੋਂ ਹੀ ਧਾਰਮਿਕ, ਰਾਜਨੀਤਿਕ ਅਤੇ ਸਿੱਖਿਆ ਪੱਖੋਂ ਇਹ ਪਿੰਡ ਅਗਾਂਹਵਧੂ ਹੀ ਰਿਹਾ ਹੈ। ਪਿੰਡ ਦੇ ਇਤਿਹਾਸ ਅਨੁਸਾਰ ਤਿੰਨ ਭਰਾਵਾਂ ਸੋਧੇ ਖਾਹ, ਮੀਰਖਾਨ ਅਤੇ ਅਮੀਰ ਦਾਸ ਨੇ ਇਸ ਪਿੰਡ ਦੀ ਮੋੜ੍ਹੀ ਬੰਨ੍ਹੀ ਸੀ ਅਤੇ ਪਿੰਡ ਦਾ ਨਾਂ ਮੀਰਖਾਨ ਦੇ ਨਾਂ ਤੇ ਖਾਨਪੁਰ ਰੱਖਿਆ ਗਿਆ। ਫਿਰ ਮੀਰਖਾਨ ਦੇ ਪੁੱਤਰ ਗਨੀ, ਅਬਦੁੱਲਾ ਵਹਾਦ, ਨਸੀਰੋਦੀਨ ਅਤੇ ਭੂਰਾ ਹੋਏ। ਨਸੀਰੋਦੀਨ ਦੇ ਵਾਰਿਸ 1947 ਦੀ ਵੰਡ ਸਮੇਂ ਪਾਕਿਸਤਾਨ ਚਲੇ ਗਏ ਅਤੇ ਉਸ ਖਾਨਦਾਨ ਵਿੱਚੋਂ ਸਰਾਜੋਦੀਨ ਨਾਮ ਦਾ ਵਿਅਕਤੀ ਅਜੇ ਵੀ ਇਸ ਪਿੰਡ ਵਿੱਚ ਵਸਦਾ ਹੈ। ਸ਼ੁਰੂ-ਸ਼ੁਰੂ ਵਿੱਚ ਇਹ ਇੱਕ ਮੁਸਲਮਾਨੀ ਪਿੰਡ ਸੀ ਪਰ ਬਾਅਦ ਵਿੱਚ ਬਹੁਤ ਸਾਰੇ ਲੋਕ ਬਾਹਰ ਤੋਂ ਆ ਕੇ ਵਸ ਗਏ।

ਇਸ ਪਿੰਡ ਦਾ ਸਿੱਖ ਇਤਿਹਾਸ ਨਾਲ ਵੀ ਗੂੜ੍ਹਾ ਸਬੰਧ ਦੱਸਿਆ ਜਾਂਦਾ ਹੈ। ਡਾ. ਜਗਜੀਤ ਸਿੰਘ ਵੱਲੋਂ ਰਚਿਤ ਆਧੁਨਿਕ ਜਨਮ ਸਾਖੀ ਦੇ ਪੰਨੇ 90-91 ਪਰ ਇਸ ਗੱਲ ਦਾ ਵੇਰਵਾ ਮਿਲਦਾ ਹੈ ਕਿ ਸਤੰਬਰ 1515 ਈ. ਵਿੱਚ ਕੁਰਕਸ਼ੇਤਰ ਸੂਰਜ ਗ੍ਰਹਿਣ ਦੇ ਮੌਕੇ ਤੋਂ ਵਾਪਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਬਾਲਾ, ਮਨੀਮਾਜਰਾ ਅਤੇ ਖਰੜ ਤੋਂ ਹੁੰਦੇ ਹੋਏ ਪਿੰਡ ਖਾਨਪੁਰ ਵਿਖੇ ਚਰਨ ਪਾਏ ਅਤੇ ਇੱਥੋਂ ਲੁਧਿਆਣਾ ਅਤੇ ਸੁਲਤਾਨਪੁਰ ਲੋਧੀ ਵੱਲ ਗਏ। ਇਸ ਪਿੰਡ ਦੇ ਝਾੜੂ ਨਾਮੀ ਕਲਾਲ ਨੂੰ ਗੁਰੂ ਜੀ ਦੇ ਮਿਲਣ ਦਾ ਵੇਰਵਾ ਪ੍ਰਾਪਤ ਹੈ। ਭਾਵੇਂ ਪਿੰਡ ਵਿੱਚ ਕੋਈ ਇਤਿਹਾਸਕ ਗੁਰਦੁਆਰਾ ਸਾਹਿਬ ਮੌਜੂਦ ਨਹੀਂ ਪਰ ਪਿੰਡ ਦਾ ਗੁਰਦੁਆਰਾ ਸੱਚ-ਖੰਡ ਸਾਹਿਬ ਪਹਿਲੇ ਗੁਰੂ ਜੀ ਦੀ ਯਾਦਗਾਰ ਨੂੰ ਸਮਰਪਿਤ ਹੈ। ਇੱਥੇ ਹਰ ਪੂਰਨਮਾਸੀ, ਲੜੀਵਾਰ ਅਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ।

ਇਸ ਸਮੇਂ ਪਿੰਡ ਦੀ ਅਬਾਦੀ 17,000 ਅਤੇ ਵੋਟਾਂ 5500 ਹਨ ਪਿੰਡ ਦਾ ਰਕਬਾ 1500 ਏਕੜ ਦੇ ਕਰੀਬ ਹੈ। ਅੱਜ ਕੱਲ੍ਹ ਪਿੰਡ ਖ਼ਾਨਪੁਰ ਐਮ.ਸੀ.ਖ਼ਰੜ ਦੇ ਅਧੀਨ ਆ ਗਿਆ ਅਤੇ ਨੌਜਵਾਨ ਸਮਾਜ ਸੇਵੀ ਸੁਨੀਲ ਕੁਮਾਰ ਮੈਂਬਰ ਐਮ.ਸੀ. ਦੇ ਯਤਨਾਂ ਸਦਕਾ ਪਿੰਡ ਦੀਆਂ ਗਲੀਆਂ ਸਾਫ਼-ਸੁਥਰੀਆਂ ਪੱਕੀਆਂ ਅਤੇ ਦੇਖਣਯੋਗ ਹਨ। ਪਿੰਡ ਵਿਚ ਦੋ ਗੁਰਦੁਆਰੇ, ਗੁਰਦੁਆਰਾ ਸੱਚ-ਖੰਡ ਸਾਹਿਬ ਅਤੇ ਗੁਰਦੁਆਰਾ ਸੇਵਕਸਰ ਸਾਹਿਬ ਸੁਸ਼ੋਭਿਤ ਹਨ। ਦੂਜੇ ਧਰਮ ਸਥਾਨਾਂ ਵਿੱਚ ਦੋ ਮਸਜਿਦਾਂ, 3 ਮੰਦਰ, ਇੱਕ ਗੁੱਗਾ ਮਾੜੀ, ਪਿੰਡ ਦਾ ਖੇੜਾ ਸ਼ਾਮਲ ਹਨ। ਪਿੰਡ ਦੇ ਲਕਸ਼ਮੀ ਨਰਾਇਣ ਮੰਦਿਰ ਅਤੇ ਬਾਬਾ ਲਾਲਾਂ ਵਾਲਾ ਪੀਰ (ਬੇਰੀਆ) ਇਲਾਕੇ ਵਿੱਚ ਪ੍ਰਸਿੱਧ ਹਨ। ਪਿੰਡ ਵਿਚ ਦੋ ਧਰਮਸ਼ਾਲਾਵਾਂ, 2 ਸ਼ਮਸ਼ਾਨਘਾਟ ਸਥਿਤ ਹਨ। ਇਨ੍ਹਾਂ ਸ਼ਮਸ਼ਾਨਘਾਟਾਂ ਵਿਖੇ ਸਸਕਾਰ ਕਰਨ ਲਈ ਗਰੀਬਾਂ ਅਤੇ ਲੋੜਵੰਦਾਂ ਲਈ ਲੱਕੜ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਪਿੰਡ ਵਿੱਚ ਇੱਕ ਸਰਕਾਰੀ ਐਲੀਮੈਂਟਰੀ ਸਕੂਲ, ਸਰਕਾਰੀ ਟਿਊਬਵੈਲ, ਮੈਰਿਜ ਪੈਲਸ ਅਤੇ 3 ਪੁਰਾਣੇ ਖ਼ੂਹ ਮੌਜੂਦ ਹਨ। ਇਸ ਪਿੰਡ ਵਿੱਚ 20 ਘਰ ਜੱਟਾਂ ਦੇ, ਸੈਣੀਆਂ ਦੇ 4, ਨਾਈਆਂ ਦੇ 4, ਛੀਂਬੇ 2, ਪੰਡਿਤਾਂ ਦੇ 4, ਰਾਮਦਾਸੀਏ ਸਿੱਖਾਂ ਦੇ 20, ਬਾਲੀਮੀਕਿਆਂ ਦੇ 25 , ਝਿਊਰਾਂ ਦੇ 2, ਕੁਟੀਕ ਦੇ 25, ਸਿਕਲੀਗਰਾਂ ਦੇ 20 ਘਰ ਅਤੇ ਕੁਝ ਮੁਸਲਮਾਨਾਂ ਦੇ ਘਰ ਵੀ ਹਨ। ਪਿੰਡ ਦੀ ਫਿਰਨੀ ਪੱਕੀ ਹੈ, ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਪ੍ਰਬੰਧ ਹੈ। ਇਸ ਸਮੇਂ ਪਿੰਡ ਵਿੱਚ ਗਿੱਲ, ਸ਼ੇਰਗਿੱਲ, ਲਹਿਣ, ਦੇਹੜ, ਕਟਾਰੀਏ, ਅਗਨੀਹੋਤਰੀ, ਜੋਸ਼ੀ, ਭੌਰ, ਰਾਏ, ਆਹਲੂਵਾਲੀਏ (ਕਲਾਲ) ਗੋਤਾਂ ਦੇ ਵਸਨੀਕ ਹਨ। ਇਸ ਪਿੰਡ ਵਿੱਚ ਬਹੁਤ ਸਮਾਂ ਪਹਿਲਾਂ ਇੱਕ ਵੱਡੀ ਸਰਕਾਰੀ ਧਾਗਾ ਮਿੱਲ, ਇੱਕ ਘਿਓ ਮਿੱਲ ਅਤੇ ਇੱਕ ਗੱਤਾ ਫੈਕਟਰੀਆਂ ਹੁੰਦੀਆਂ ਸਨ ਜਿਨ੍ਹਾਂ ਵਿੱਚ ਪੁਆਧ ਦੇ ਹਜ਼ਾਰਾਂ ਗ਼ਰੀਬ ਲੋਕ ਕੰਮ ਕਰਦੇ ਸਨ ਪਰ ਅੱਜ ਕੱਲ੍ਹ ਇਹ ਬੰਦ ਹੋ ਬੇ-ਅਬਾਦ ਹੋ ਗਈਆਂ ਹਨ ਜੋ ਪਿੰਡ ਲਈ ਬਹੁਤ ਅਫ਼ਸੋਸ ਦੀ ਗੱਲ ਹੈ। ਪਿੰਡ ਦੇ ਲੋਕਾਂ ਦਾ ਧੰਦਾ ਮਜ਼ਦੂਰੀ ਜਾਂ ਸਰਕਾਰੀ ਨੌਕਰੀ ਰਹਿ ਗਿਆ ਹੈ।

ਚੰਡੀਗੜ੍ਹ ਦੇ ਪਹਿਲੇ ਚੀਫ਼ ਕਮਿਸ਼ਨਰ ਸ੍ਰੀ ਐਮ.ਐਸ.ਰੰਧਾਵਾ ਨੂੰ ਇਸ ਪਿੰਡ ਦੀ ਜ਼ਮੀਨ ਅਲਾਟ ਕੀਤੀ ਗਈ ਸੀ। ਖਰੜ ਦੇ ਨਜ਼ਦੀਕ ਹੋਣ ਕਾਰਨ ਪਿੰਡ ਵਿੱਚ ਸਿੱਖਿਆ ਦਾ ਚੰਗਾ ਪ੍ਰਸਾਰ ਰਿਹਾ ਹੈ ਜਿਸ ਸਦਕਾ ਇਸ ਪਿੰਡ ਨੇ ਚੰਗੇ ਡਾਕਟਰ, ਇੰਜੀਨੀਅਰ ਅਤੇ ਅਫ਼ਸਰ ਪੈਦਾ ਕੀਤੇ ਹਨ। ਜਿਨ੍ਹਾਂ ਵਿੱਚ ਸ੍ਰੀ

ਰਾਮ ਸਰੂਪ ਡਿਪਟੀ ਅਕਾਊਂਟੈਂਟ ਜਨਰਲ, ਬੀਬੀ ਸੁਮਨ ਬਾਲਾ ਐਮ.ਡੀ. ਸ੍ਰੀ ਸੁਨੀਲ ਕੁਮਾਰ ਆਰਕੀਟੈਕਟ, ਸ. ਅਜਮੇਰ ਸਿੰਘ ਕਾਨੂੰਗੋ, ਸ. ਤਾਰਾ ਸਿੰਘ ਅਤੇ ਸ. ਸੁਰਿੰਦਰ ਸਿੰਘ ਤਹਿਸੀਲਦਾਰ ਅਤੇ ਕੇ.ਕੇ. ਜੋਸ਼ੀ ਡਿਪਟੀ ਡੀ.ਪੀ.ਆਈ ਪੰਜਾਬ ਰਹੇ ਹਨ। ਪਿੰਡ ਦੇ ਸਾਬਕਾ ਸਰਪੰਚ ਕਾਮਰੇਡ ਨਾਨਕ ਸਿੰਘ ਅਤੇ ਕਾਮਰੇਡ ਮੇਹਰ ਸਿੰਘ ਇਲਾਕੇ ਵਿੱਚ ਕਾਫੀ ਮਸ਼ਹੂਰ ਰਹੇ ਹਨ। ਭਾਵੇਂ ਪਿੰਡ ਵਿੱਚ ਵਿਕਾਸ ਦੇ ਕੰਮ ਜਾਰੀ ਹਨ। ਪਰ ਪਿੰਡ ਦੇ ਲੋਕਾਂ ਦੀ ਮੁੱਖ ਮੰਗ ਵਿਚ ਸਿਵਲ ਡਿਸਪੈਂਸਰੀ, ਪਸ਼ੂਆਂ ਦਾ ਹਸਪਤਾਲ ਖੋਲ੍ਹੇ ਜਾਣ ਅਤੇ ਵਾਟਰ ਸਪਲਾਈ ਸਿਸਟਮ ਵਿੱਚ ਹੋਰ ਸੁਧਾਰ ਕੀਤੇ ਜਾਣਾ ਸ਼ਾਮਲ ਹਨ। ਹੁਣ ਇਸ ਪਿੰਡ ਦੇ ਪੱਛਮ ਅਤੇ ਦੱਖਣ ਵੱਲ ਕਈ-ਕਈ ਮੰਜ਼ਲੇ ਫਲੈਟ ਉਸਰ ਗਏ ਹਨ ਤੇ ਨਵੀਂ ਵੱਸੋਂ ਨੇ ਘੇਰਾ ਘੱਤ ਲਿਆ ਹੈ।

('ਪੰਜਾਬ ਦੇ ਇਹ ਪਿੰਡ ਸੁਣੀਂਦੇ 'ਪੁਸਤਕ 'ਚੋਂ ਧੰਨਵਾਦ ਸਹਿਤ)

* * *

# ਕਬੂਲਪੁਰ-ਹਸਨਪੁਰ ਦਾ ਮੇਲਾ

- ਗੁਰਮੋਹਨ ਸਿੰਘ ਸੰਧਾਰਸੀ

ਮੋ. 9914092348

ਰਾਜਪੁਰਾ ਤਹਿਸੀਲ 'ਚ ਪੈਂਦੇ ਕਬੂਲਪੁਰ-ਹਸਨਪੁਰ ਪਿੰਡ ਸੰਭੂ ਘਨੌਰ ਰੋਡ ਤੋਂ ਦੋ ਮੀਲ ਪਿੱਛੇ ਹਟਕੇ ਸਥਿੱਤ ਹੈ ਜੋ ਪਿੰਡ ਸੰਧਾਰਸੀ ਤੋਂ ਪੱਛਮ ਵੱਲ ਦੋ ਮੀਲ ਦੀ ਦੂਰੀ 'ਤੇ ਹੈ।

**ਪਿੰਡ ਦਾ ਪਿਛੋਕੜ :**

ਗੁੱਗਾ ਮਾੜੀ ਨਾਲ ਸੰਬੰਧਿਤ ਮੇਲੇ ਪੰਜਾਬ ਵਿੱਚ ਕਈ ਥਾਵਾਂ ਉੱਤੇ ਲਗਦੇ ਹਨ। ਪਟਿਆਲਾ ਜ਼ਿਲ੍ਹੇ ਦੇ ਪਿੰਡ ਹਸਨਪੁਰ-ਕਬੂਲਪੁਰ ਦਾ ਮੇਲਾ ਇਹਨਾਂ ਮੇਲਿਆਂ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਹਸਨਪੁਰ-ਕਬੂਲਪੁਰ ਭਾਵੇਂ ਦੋ ਪਿੰਡ ਹਨ, ਪਰੰਤੂ ਇਹ ਪਿੰਡ ਆਪਸ ਵਿੱਚ ਜੁੜੇ ਹੋਏ ਹਨ। ਇਹਨਾਂ ਪਿੰਡਾਂ ਦੀ ਹੱਦ ਨੂੰ ਕੇਵਲ ਇੱਕ ਗਲੀ ਨਾਲ ਹੀ ਵੰਡਿਆ ਗਿਆ ਹੈ। ਪਿੰਡ ਦੇ ਧਾਰਮਿਕ ਸਥਾਨ ਦੋਵੇਂ ਪਿੰਡਾਂ ਦੇ ਸਾਂਝੇ ਸਥਾਨ ਹਨ। ਇਸ ਪਿੰਡ ਦੇ ਪੁਰਾਤਨ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ, ਕਿ ਇਸ ਪਿੰਡ ਦੀ ਮੋੜ੍ਹੀ ਗੱਡਣ ਵਾਲੇ ਦੋ ਸ਼ੇਖ ਭਰਾ ਕਬੂਲਾ ਅਤੇ ਹਸਨਾ ਸਨ। ਜਿਨ੍ਹਾਂ ਦੇ ਨਾਂ 'ਤੇ ਅੱਗੇ ਚਲ ਕੇ ਪਿੰਡ ਦਾ ਨਾਂ ਕਬੂਲਪੁਰ-ਹਸਨਪੁਰ ਪੈ ਗਿਆ। ਇਹ ਪਿੰਡ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਅਤੇ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਪਿੰਡ ਹਸਨਪੁਰ ਵਿੱਚ ਗੁਰੂ ਸਾਹਿਬਾਨ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ, ਜਿੱਥੇ ਗੁਰੂ ਸਾਹਿਬਾਨ ਦੀਆਂ ਕੁੱਝ ਹੱਥ-ਲਿਖਤਾਂ ਅਤੇ ਹੁਕਮਨਾਮੇ ਸਾਂਭੇ ਪਏ ਹਨ ਇਸ ਦੇ ਨਾਲ ਹੀ ਕਬੂਲਪੁਰ ਵਿੱਚ ਗੁਰਦੁਆਰਾ ਸਾਹਿਬ ਸਥਿੱਤ ਹੈ। ਪਿੰਡ ਹਸਨਪੁਰ ਵਿਚਲੀ ਗੁੱਗਾ ਮਾੜੀ ਦਾ ਮੇਲਾ ਵੀ ਘਨੌਰ ਇਲਾਕੇ ਦਾ ਮਸ਼ਹੂਰ ਮੇਲਾ ਹੈ। ਪਿੰਡ ਵਿਚਲੇ ਸਾਰੇ ਧਾਰਮਿਕ ਸਥਾਨਾਂ ਪ੍ਰਤੀ ਸਾਰੇ ਪਿੰਡ ਵਾਸੀ ਸ਼ਰਧਾ ਭਾਵਨਾ ਰੱਖਦੇ ਹਨ, ਪਿੰਡ ਵਿੱਚ ਲਗਭਗ ਸਾਰੀਆਂ ਜਾਤਾਂ ਦੇ ਲੋਕ ਆਪਸੀ ਭਾਈਚਾਰੇ ਦੀ ਭਾਵਨਾ ਨਾਲ ਰਹਿੰਦੇ ਹਨ।

**ਮਾੜੀ ਦਾ ਪਿਛੋਕੜ ਅਤੇ ਵਿਸ਼ੇਸ਼ਤਾ**

ਪਿੰਡ ਵਿੱਚ ਗੁੱਗਾ ਮਾੜੀ ਦਾ ਵਿਸ਼ੇਸ਼ ਸਥਾਨ ਹੈ। ਇਸ ਸਥਾਨ ਉਤੇ ਹਰ ਸਾਲ ਗੁੱਗਾ ਨੌਮੀ ਦਾ ਮੇਲਾ ਭਰਦਾ ਹੈ। ਪਿੰਡ ਵਿੱਚ ਮਾੜੀ ਦਾ ਨਿਰਮਾਣ

ਲਗਭਗ 1967 ਈ. ਦੇ ਆਸ-ਪਾਸ ਹੋਇਆ ਮੰਨਿਆ ਜਾਂਦਾ ਹੈ। ਪਿੰਡ ਵਾਸੀਆਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਮਾੜੀ ਦੇ ਪਹਿਲੇ ਭਗਤ ਰੌਣਕੀ ਰਾਮ ਜੀ ਸਨ, ਜਿਨ੍ਹਾਂ ਨੇ ਬਾਗੜ ਤੋਂ ਇੱਟ ਲਿਆ ਕੇ ਪਿੰਡ ਵਿੱਚ ਮਾੜੀ ਦੀ ਸਥਾਪਨਾ ਕਰਵਾਈ ਦੱਸਿਆ ਜਾਂਦਾ ਹੈ, ਕਿ ਪਿੰਡ ਦੇ ਭਗਤ ਜਦੋਂ ਬਾਗੜ ਮਾੜੀ ਤੋਂ ਇੱਟ ਲੈਣ ਗਏ ਤਾਂ ਉੱਥੇ ਪਿੰਡ ਦੀ ਮਾੜੀ ਨੂੰ ਵਿਸ਼ੇਸ਼ ਵਰ (ਵਰਦਾਨ) ਪ੍ਰਾਪਤ ਹੋਇਆ ਜਿਸ ਵਰਦਾਨ ਸਦਕਾ ਪਿੰਡ ਦੀ ਮਾੜੀ ਵਿੱਚ ਸੱਪ ਦੇ ਡੰਗੇ ਦਾ ਝਾੜਾ ਕੀਤਾ ਜਾਂਦਾ ਹੈ। ਆਸ-ਪਾਸ ਦੇ ਇਲਾਕੇ ਤੋਂ ਇਲਾਵਾ ਦੂਰੋਂ-ਦੁਰਾਡੇ ਤੋਂ ਵੀ ਸੱਪ ਦੇ ਡੰਗੇ ਦੇ ਝਾੜੇ ਲਈ ਲੋਕ ਆਉਂਦੇ ਹਨ। ਇਸ ਸਥਾਨ ਉੱਤੇ ਆਉਣ ਤੋਂ ਬਾਅਦ ਸੱਪ ਦੇ ਡੰਗ ਨਾਲ ਪ੍ਰਭਾਵਿਤ ਵਿਅਕਤੀ ਰਾਜ਼ੀ ਹੁੰਦਾ ਹੈ। ਪਿੰਡ ਵਾਸੀਆਂ ਦੇ ਦੱਸਣ ਮੁਤਾਬਿਕ ਦੋਵੇਂ ਪਿੰਡਾਂ ਨੂੰ ਵਰ ਪ੍ਰਾਪਤ ਹੈ, ਕਿ ਪਿੰਡ ਵਾਸੀਆਂ ਨੂੰ ਪਿੰਡ ਦੀ ਹੱਦ ਦੇ ਅੰਦਰ ਸੱਪ ਕਦੇ ਵੀ ਨਹੀਂ ਡੰਗਦਾ। ਇਸ ਸਥਾਨ ਦੀ ਇਹੀ ਪ੍ਰਮੁੱਖ ਵਿਸ਼ੇਸ਼ਤਾ ਹੈ, ਜਿਸ ਕਾਰਨ ਪਿੰਡ ਕਬੂਲਪੁਰ-ਹਸਨਪੁਰ ਦੀ ਗੁੱਗਾ ਮਾੜੀ ਪ੍ਰਸਿੱਧ ਹੈ।

**ਝਾੜੇ ਦੀ ਪ੍ਰਕਿਰਿਆ ਅਤੇ ਮੇਲਾ**

ਪਿੰਡ ਵਿੱਚ ਹਰ ਸਾਲ ਭਾਦੋਂ ਦੀ ਹਨ੍ਹੇਰੀ ਨੌਮੀਂ ਨੂੰ ਮੇਲਾ ਭਰਦਾ ਹੈ ਪਰੰਤੂ ਸੰਗਤਾਂ ਦਾ ਵੱਧ ਇਕੱਠ ਅਸ਼ਟਮੀ ਵਾਲੇ ਦਿਨ ਹੁੰਦਾ ਹੈ। ਮੇਲੇ ਦੀ ਪ੍ਰਕਿਰਿਆ ਬਾਰੇ ਮਾੜੀ ਦੇ ਮੁਖ ਸੇਵਾਦਾਰ ਭਗਤ ਕਾਲਾ ਜੀ ਨੇ ਦੱਸਿਆ, ਕਿ ਪੂਰਨਮਾਸ਼ੀ ਨੂੰ ਹੀ ਮੇਲੇ ਦਾ ਆਰੰਭ ਹੋ ਜਾਂਦਾ ਹੈ ਅਤੇ ਪੂਰਨਮਾਸ਼ੀ (ਰੱਖੜੀਆਂ ਦੇਂ ਤਿਉਹਾਰ ਵਾਲੇ ਦਿਨ) ਨੂੰ ਕਬੂਲਪੁਰ ਦੇ ਖੇੜੇ ਉੱਤੇ ਸਾਰੀ ਰਾਤ ਚੌਕੀ ਲਗਦੀ ਹੈ। ਇਸ ਤੋਂ ਬਾਅਦ ਭਾਦੋਂ ਦੀ ਏਕਮ ਨੂੰ ਹਸਨਪੁਰ ਦੇ ਖੇੜੇ ਉੱਪਰ ਚੌਕੀ ਲਗਦੀ ਹੈ। ਇਸ ਤੋਂ ਬਾਅਦ ਅਗਲੀ ਚੌਕੀ 6ਵੀਂ ਨੂੰ ਮਾੜੀ ਦੇ ਭਗਤ ਦੇ ਘਰ ਲਗਦੀ ਹੈ। ਅਗਲੀ ਸ਼ਾਮ 7ਵੀਂ ਨੂੰ ਹਸਨਪੁਰ ਦੇ ਨਗਰ ਖੇੜੇ ਦੇ ਸਥਾਨ ਉੱਤੇ ਚੌਕੀ ਲੱਗਦੀ ਹੈ। ਅਸ਼ਟਮੀ ਵਾਲੇ ਦਿਨ ਮਾੜੀ ਵਿੱਚ ਸ਼ਾਮ ਨੂੰ ਭਾਰੀ ਇਕੱਠ ਹੁੰਦਾ ਹੈ, ਇਸ ਦਿਨ ਅਸ਼ਟਮੀ ਵਾਲੇ ਦਿਨ ਵੀ ਚੌਕੀ ਲਗਦੀ ਹੈ। ਮਾੜੀ ਵਿੱਚੋਂ ਦੂਰੋਂ-ਦੂਰੋਂ ਸੰਗਤਾਂ ਆਉਂਦੀਆਂ ਹਨ, ਇਹ ਰਾਤ ਦੀ ਚੌਕੀ ਸਵੇਰੇ ਚਾਰ ਵਜੇ ਦੇ ਕਰੀਬ ਸਮਾਪਤ ਹੁੰਦੀ ਹੈ। ਇਸ ਦਿਨ ਜਿਨ੍ਹਾਂ ਸੰਗਤਾਂ ਦੀਆਂ ਮੰਨਤਾਂ ਪੂਰੀਆਂ ਹੁੰਦੀਆਂ ਹਨ, ਸੰਗਤਾਂ ਆਪਣੀਆਂ ਭੇਟਾਵਾਂ ਮਾੜੀ ਵਿੱਚ ਅਰਪਣ ਕਰਦੀਆਂ ਹਨ। ਇਸ ਤੋਂ ਬਾਅਦ ਵਿੱਚ ਅਗਲੀ ਨੌਮੀਂ ਦੀ ਸਵੇਰ ਨੂੰ ਵੀ ਮਾੜੀ ਵਿੱਚ ਮੱਥਾ ਟਿਕਦਾ ਹੈ ਅਤੇ ਮੇਲਾ ਲਗਦਾ ਹੈ। ਪਿੰਡ ਹਸਨਪੁਰ-ਕਬੂਲਪੁਰ ਦੀ ਮਾੜੀ ਵਿੱਚ ਸੱਪ ਡੰਗਣ ਦੇ ਝਾੜੇ ਦਾ ਇਲਾਜ ਹੁੰਦਾ ਹੈ, ਅਸ਼ਟਮੀ ਰਾਤ ਦੀ ਚੌਕੀ ਦਾ ਸੰਬੰਧ ਵੀ

ਝਾੜੇ ਦੇ ਲੋਕਾਂ ਦੀ ਚੌਕੀ ਨਾਲ ਜੁੜਦਾ ਹੈ। ਝਾੜੇ ਦੀ ਪ੍ਰਕ੍ਰਿਆ ਬਾਰੇ ਭਗਤ ਜੀ ਨਾਲ ਗੱਲਬਾਤ ਕਰਨ ਉੱਤੇ ਜਾਣਕਾਰੀ ਪ੍ਰਾਪਤ ਹੋਈ, ਕਿ ਸੱਪ ਦੇ ਡੰਗੇ ਵਿਅਕਤੀ ਨੂੰ ਮਾੜੀ ਵਿੱਚ ਲਿਆਇਆ ਜਾਂਦਾ ਹੈ ਤਦ ਤੋਂ ਹੀ ਵਿਅਕਤੀ ਦੀ ਪੀੜ (ਦਰਦ) ਘੱਟ ਹੋ ਜਾਂਦੀ ਹੈ। ਬਾਅਦ ਵਿੱਚ ਗੱਦੀ ਉੱਤੇ ਮੌਜੂਦਾ ਭਗਤ ਡੰਗਣ ਵਾਲੀ ਥਾਂ ਉੱਤੇ ਧੂਣੇ ਵਿੱਚੋਂ ਧੂਫ਼ ਲਾ ਦਿੰਦਾ ਹੈ। ਨਿੰਮ ਦੀ ਟਾਹਣੀ ਨਾਲ ਝਾੜਾ ਕਰ ਦਿੰਦਾ ਹੈ, ਵਿਅਕਤੀ ਦੇ ਮੌਲੀ (ਖੰਭਣੀ) ਬੰਨ੍ਹ ਦਿੰਦਾ ਹੈ। ਭਗਤ ਵਿਅਕਤੀ ਨੂੰ ਤਿੰਨ ਦਿਨ ਤੱਕ ਥੱਲੇ ਜ਼ਮੀਨ ਉੱਤੇ ਹੀ ਸੌਣ ਲਈ ਕਹਿੰਦਾ ਹੈ, ਵਿਸ਼ੇਸ਼ ਪ੍ਰਕਾਰ ਦੇ ਪਰਹੇਜ਼ (ਸ਼ਰਾਬ, ਤੜਕੇ ਦੀ ਛਣਕਾਰ ਤੋਂ ਦੂਰ ਰਹਿਣਾ, ਠੰਢੀ ਤਾਸੀਰ ਦੀਆਂ ਵਸਤੂਆਂ ਦੇ ਸੇਵਨ ਦੀ ਮਨਾਹੀ ਆਦਿ) ਦੱਸਦਾ ਹੈ। ਲਗਾਤਾਰ ਤਿੰਨ ਦਿਨਾਂ ਦੇ ਝਾੜੇ ਤੋਂ ਬਾਅਦ ਵਿਅਕਤੀ ਬਿਲਕੁਲ ਠੀਕ ਹੋ ਜਾਂਦਾ ਹੈ, ਬਾਅਦ ਵਿੱਚ ਜ਼ਮੀਨ ਉੱਤੇ ਸੌਣ ਦੀ ਪ੍ਰਕਿਰਿਆ ਖ਼ਤਮ ਹੋ ਜਾਂਦੀ ਹੈ। ਇਸ ਤੋਂ ਬਾਅਦ ਭਗਤ ਵਿਅਕਤੀ ਨੂੰ ਅਸ਼ਟਮੀ ਵਾਲੇ ਦਿਨ ਚੌਕੀ ਭਰਨ ਲਈ ਕਹਿੰਦਾ ਹੈ, ਇਸ ਲਈ ਅਸ਼ਟਮੀ ਵਾਲੇ ਦਿਨ ਜ਼ਿਆਦਾਤਾਰ ਸੰਗਤਾਂ ਉਹ ਹੁੰਦੀਆਂ ਹਨ, ਜਿਨ੍ਹਾਂ ਨੂੰ ਸੱਪ ਦੇ ਡੰਗ ਤੋਂ ਅਰਾਮ ਹੋਇਆ ਹੁੰਦਾ ਹੈ।

ਅਸ਼ਟਮੀ ਵਾਲੇ ਦਿਨ ਜਿਨ੍ਹਾਂ ਸੰਗਤਾਂ ਦੀ ਇਸ ਸੰਬੰਧ ਵਿੱਚ ਚੌਕੀ ਹੁੰਦੀ ਹੈ, ਉਹ ਸਵੇਰੇ ਚੌਕੀ ਖਤਮ ਹੋਣ ਤੋਂ ਪਹਿਲਾਂ ਘਰ ਨੂੰ ਨਹੀਂ ਜਾ ਸਕਦੇ। ਇਸ ਸਥਾਨ ਦੀ ਖ਼ਾਸੀਅਤ ਸੱਪ ਦੇ ਡੰਗ ਦਾ ਇਲਾਜ ਹੈ, ਜਿਸ ਬਾਰੇ ਹੁਣ ਅਸੀਂ ਵਿਸਥਾਰ ਵਿੱਚ ਚਰਚਾ ਕਰਾਂਗੇ। ਤੰਤਰ ਸ਼ਾਸਤਰ ਅਨੁਸਾਰ ਕਿਸੇ ਰੋਗ ਨੂੰ ਦੂਰ ਕਰਨ ਦੀ ਇਕ ਕਿਰਿਆ 'ਝਾੜੂ' ਕਹਾਉਂਦੀ ਹੈ। ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ, 'ਹਥੌਲ਼ਾ' ਉਹ ਝਾੜਾ ਹੈ, ਜਿਸ ਵਿੱਚ ਹੱਥ ਦੀ ਸ਼ਕਤੀ ਨਾਲ ਜਾਂ ਬਰਕਤ ਨਾਲ ਰੋਗੀ ਦੀ ਤਕਲੀਫ਼ ਦੂਰ ਕੀਤੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਝਾੜੇ ਦੀ ਪ੍ਰਕਿਰਿਆ ਮੋਰ ਖੰਭ ਜਾਂ ਟਾਹਣੀ ਨਾਲ ਮੰਤ੍ਰ ਜਾਪ ਕਰਕੇ ਰੋਗ ਕਸ਼ਟ ਦੂਰ ਕਰਨਾ ਦੱਸਿਆ ਹੈ, ਝਾੜਾ ਜਾਂ ਹਥੌਲਾ ਵਰਗੇ ਇਲਾਜ 'ਲੋਕ ਚਿਕਿਤਸਾ' ਦੀ ਸ਼੍ਰੇਣੀ ਵਿੱਚ ਆਉਂਦੇ ਹਨ।

ਸੱਪ ਦੇ ਡੰਗ ਦਾ ਇਲਾਜ ਆਪਣੇ ਪੀਰ ਫ਼ਕੀਰ ਨੂੰ ਧਿਆ ਕੇ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ ਵੀ ਝਾੜਾ ਨਿੰਮ ਦੀ ਟਾਹਣੀ ਨਾਲ ਕੀਤਾ ਜਾਂਦਾ ਹੈ, ਜਿਸ ਪਿੱਛੇ ਕਾਰਨ ਜਾਪਦਾ ਹੈ, ਕਿ ਇੱਕ ਤਾਂ ਨਿੰਮ ਵੀ ਪੁਰਾਤਨ ਭਾਰਤ ਦੀ ਗੁਣ ਭਰਪੂਰ ਔਸ਼ਧੀ ਰਹੀ, ਦੂਜਾ ਨਿੰਮ ਦਾ ਕੌੜਾਪਣ ਸੱਪ ਦੀ ਜ਼ਹਿਰ ਦੇ ਅਸਰ ਨੂੰ ਕੱਟਣ ਵਿੱਚ ਸਹਾਈ ਹੁੰਦਾ ਹੈ। ਝਾੜਾ ਕਰਵਾਉਣ ਤੋਂ

ਬਾਅਦ ਤਿੰਨ ਦਿਨ ਆਪਣੇ ਹੋਏ ਇਲਾਜ ਦੇ ਸ਼ੁਕਰਾਨੇ ਵਜੋਂ ਆਪਣੇ ਇਸ਼ਟ ਦਾ ਸ਼ੁਕਰਾਨਾ ਜ਼ਮੀਨ ਉੱਤੇ ਪੈ ਕੇ ਚੌਕੀ ਦੇ ਰੂਪ ਵਿੱਚ ਕਰਨਾ ਹੁੰਦਾ ਹੈ। ਇਸ ਝਾੜੇ ਦੀ ਪ੍ਰਕਿਰਿਆ ਦੌਰਾਨ ਮੰਤਰਾਂ ਦਾ ਜਾਪ ਵੀ ਖ਼ਾਸ ਅਹਿਮੀਅਤ ਰੱਖਦਾ ਹੈ, ਅਲੱਗ-ਅਲੱਗ ਡੰਗ ਦੇ ਵੱਖੋ-ਵੱਖਰੇ ਮੰਤਰ ਹਨ, ਜਿਨ੍ਹਾਂ ਦੇ ਨਾਲ ਡੰਗ ਦਾ ਇਲਾਜ ਕੀਤਾ ਜਾਂਦਾ ਹੈ। ਸਾਰਾ ਇਲਾਜ ਹੋਣ ਉਤੇ ਰੋਗੀ ਦਾ ਠੀਕ ਹੋਣਾ ਵਿਸ਼ਵਾਸ ਉੱਤੇ ਹੀ ਨਿਰਭਰ ਕਰਦਾ ਹੈ। ਇਸ ਇਲਾਜ ਵਿੱਚ ਵਿਸ਼ਵਾਸ ਕਰਨਾ ਲਾਜ਼ਮੀ ਹੈ, ਕਿਉਂਕਿ ਇਹ ਪ੍ਰਤੱਖ ਹਕੀਕਤ ਹੈ। ਝਾੜੇ ਦੇ ਇਲਾਜ ਤੋਂ ਬਾਅਦ ਅਸ਼ਟਮੀ ਵਾਲੇ ਦਿਨ ਚੌਕੀ ਸ਼ੁਕਰਾਨੇ ਵਜੋਂ ਭਰੀ ਜਾਂਦੀ ਹੈ, ਚੌਕੀ ਭਰਨ ਆਈਆਂ ਸੰਗਤਾਂ ਪੂਰੀ ਸ਼ਰਧਾ ਨਾਲ ਮੱਥਾ ਟੇਕਦੀਆਂਹਨ ਅਤੇ ਕਈ ਸ਼ਰਧਾਲੂ ਪੀਰ ਦੀ ਹਾਜ਼ਰੀ ਡੰਡੌਤ ਕਰਕੇ ਭਰਦੇ ਹਨ।

ਸਵੇਰ ਹੋਣ ਉਪਰੰਤ ਹੀ ਦੂਰੋਂ ਨੇੜਿਉਂ ਆਈਆਂ ਸੰਗਤਾਂ ਚੌਕੀ ਖ਼ਤਮ ਹੋਣ ਤੋਂ ਬਾਅਦ ਵਾਪਸ ਜਾਂਦੀਆਂ ਹਨ। ਅੰਗਲੀ ਸਵੇਰ ਨੌਮੀਂ ਦਾ ਮੇਲਾ ਭਰਦਾ ਹੈ, ਸਾਰੇ ਪਿੰਡ ਵਾਸੀ ਅਤੇ ਨੇੜਲੇ ਪਿੰਡਾਂ ਤੋਂ ਆਈਆਂ ਸੰਗਤਾਂ ਹਾਜ਼ਰੀ ਭਰਦੀਆਂ ਹਨ। ਇਸ ਸਥਾਨ ਉੱਤੇ ਸੁੱਖਾਂ ਵਰ ਆਉਂਦੀਆਂ ਹਨ ਜਿਸ ਦੇ ਸ਼ੁਕਰਾਨੇ ਵਜੋਂ ਸੰਗਤਾਂ ਦਾ ਭਾਰੀ ਇਕੱਠ ਮੇਲੇ ਵਿੱਚ ਸਿਰਕਤ ਕਰਦਾ ਹੈ। ਸੰਪੂਰਨ ਮੇਲੇ ਦਾ ਕਾਰਜ ਪ੍ਰਬੰਧ ਮਾੜੀ ਕਮੇਟੀ ਦੋਵੇਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਿਭਾਉਂਦੀ ਹੈ, ਮੇਲੇ ਦੇ ਦਿਨਾਂ ਵਿੱਚ ਲੰਗਰ ਪਾਣੀ ਦਾ ਪੂਰਾ ਪ੍ਰਬੰਧ ਕੀਤਾ ਜਾਂਦਾ ਹੈ।

ਪਿੰਡ ਦੀ ਮਾੜੀ ਦਾ ਖੇਤਰਫਲ ਲਗਭਗ ਦੋ ਏਕੜ ਵਿੱਚ ਫੈਲਿਆ ਹੈ। ਮਾੜੀ ਦੇ ਵਿੱਚ ਹੀ ਗੋਰਖ ਨਾਥ ਦਾ ਟਿੱਲਾ ਅਤੇ ਧੂਣਾ ਹੈ, ਇਸ ਦੇ ਨਾਲ ਮਾੜੀ ਦੇ ਵਿੱਚ ਕਾਲੀ ਮਾਤਾ ਮੰਦਿਰ, ਸ਼ਹਿਨਸ਼ਾਹ (ਸ਼ੇਖਮਸਾਹ) ਦੀ ਦਰਗਾਹ ਸਥਾਪਿਤ ਹੈ। ਮਾੜੀ ਦੇ ਵਿੱਚ ਹੀ ਰਤਨ ਹਾਜੀ ਅਤੇ ਲਾਲਾਂ ਵਾਲਾ ਪੀਰ (ਲਖਦਾਤਾ ਪੀਰ) ਦੀਆਂ ਸਮਾਧਾਂ ਵੀ ਮੌਜੂਦ ਹਨ। ਇਹਨਾਂ ਸਮਾਧਾਂ ਦੇ ਨਾਲ ਨਾਲ ਮਾੜੀ ਦੇ ਖੇਤਰਫਲ ਵਿੱਚ ਖ਼ੁਆਜਾ ਪੀਰ, ਨਾਹਰ ਸਿੰਘ, ਸਬਲ ਸਿੰਘ ਦੀ ਸਮਾਧ ਸਥਾਪਿਤ ਹੈ। ਮਾੜੀ ਤੋਂ ਥੋੜ੍ਹੀ ਦੂਰ ਹੀ ਪਿੰਡ ਵਿੱਚ ਨਗਰ-ਖੇੜਾ, ਸ਼ਿਵ ਮੰਦਰ ਅਤੇ ਹਨੂਮਾਨ ਮੰਦਰ ਇੱਕੋ ਘੇਰੇ ਵਿੱਚ ਸਥਾਪਿਤ ਹਨ।

ਪਿੰਡ ਕਬੂਲਪੁਰ-ਹਸਨਪੁਰ ਦੇ ਮੇਲਾ ਘਨੌਰ ਹਲਕੇ ਵਿਚ ਮਨਾਏ ਜਾਂਦੇ ਗੁੱਗਾ ਮਾੜੀ ਦੇ ਮੇਲਿਆਂ ਵਿੱਚੋਂ ਪ੍ਰਸਿੱਧ ਮੇਲਾ ਹੈ। ਮੇਲੇ ਦਾ ਸਾਰਾ ਕਾਰਜ ਪ੍ਰਬੰਧ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਮੇਟੀ ਦੀ ਦੇਖ ਰੇਖ ਹੇਠ ਸੁਚੱਜੇ ਢੰਗ ਨਾਲ ਨਿਭਾਇਆ ਜਾਂਦਾ ਹੈ।

# ਸੰਧਾਰਸੀ ਦਾ ਮੇਲਾ

**ਗੁਰਮੋਹਨ ਸਿੰਘ ਸੰਧਾਰਸੀ**

ਪਿੰਡ ਸੰਦਾਰਸੀ ਤਹਿਸੀਲ ਰਾਜਪੁਰਾ (ਪਟਿਆਲਾ) ਸੰਭੂ ਘਨੌਰ ਰੋਡ ਉੱਤੇ ਸਥਿਤ ਹੈ ਜੋ ਸੰਭੂ ਤੋਂ ਦੱਖਣ ਵੱਲ ਚਾਰ ਮੀਲ 'ਤੇ ਹੈ।

**ਮੇਲੇ ਦਾ ਇਤਿਹਾਸਕ ਪਿਛੋਕੜ**

ਪਿੰਡ ਵਿੱਚ ਗੁੱਗਾ ਮਾੜੀ ਦੀ ਸਥਾਪਨਾ ਕਰੀਬ ਸਵਾ ਸੌ ਸਾਲ ਪਹਿਲਾਂ ਹੋਈ। ਪਹਿਲਾਂ-ਪਹਿਲ ਪਿੰਡ ਵਾਸੀ ਨਜ਼ਦੀਕੀ ਪਿੰਡ ਕਾਮੀ ਕਲਾਂ ਵਿਖੇ ਗੁੱਗਾ ਮਾੜੀ ਵਿੱਚ ਮੱਥਾ ਟੇਕਣ ਜਾਂਦੇ ਸਨ। ਫੇਰ ਪਿੰਡ ਦੇ ਬਜ਼ੁਰਗ ਰਾਣਾ ਲਖਮੀਰਾ (ਲੇਖ ਰਾਮ ) ਨੇ ਪਿੰਡ ਦੀ ਸਹੂਲਤ ਲਈ ਕਾਮੀ ਕਲਾਂ ਮਾੜੀ ਵਿੱਚ ਅਰਦਾਸ ਕਰਕੇ, ਉਥੋਂ ਇਟ ਲਿਆ ਕੇ ਪਿੰਡ ਸੰਧਾਰਸੀ ਵਿੱਚ ਮਾੜੀ ਦੀ ਸਥਾਪਨਾ ਕੀਤੀ। ਇੱਟ ਲਿਆਉਣ ਤੋਂ ਭਾਵ ਹੈ, ਕਿ ਜੇਕਰ ਮਾੜੀ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਲਿਆਉਣਾ ਹੋਵੇ ਤਾਂ ਕਿਸੇ ਖ਼ਾਸ ਦਿਨ, ਖ਼ਾਸ ਵਿਧੀ ਨਾਲ ਸਮਾਧ ਵਿੱਚੋਂ ਇਕ ਇੱਟ ਲਿਆ ਕੇ, ਜਿੱਥੇ ਮਾੜੀ ਸਥਾਪਿਤ ਕਰਨੀ ਹੈ ਉਸ ਸਥਾਨ ਉੱਤੇ ਸਥਾਪਿਤ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਮਾੜੀ ਸਥਾਪਨ ਲਈ ਬਾਗੜ ਤੋਂ ਵੀ ਇੱਟ ਲਿਆਈ ਜਾਂਦੀ ਹੈ। ਬਾਗੜ ਤੋਂ ਇੱਟ ਲਿਆਉਣ ਦਾ ਮਹੱਤਵ ਇਸ ਲਈ ਵੀ ਹੈ, ਕਿਉਂਕਿ ਬਾਗੜ ਦੇਸ਼ ਪੀਰ ਜੀ ਦਾ ਜਨਮ ਸਥਾਨ ਹੈ। ਦੱਸਿਆ ਜਾਂਦਾ ਹੈ, ਕਿ ਜਦੋਂ ਸੰਧਾਰਸੀ ਵਿਚ ਮਾੜੀ ਦੀ ਸਥਾਪਨਾ ਹੋਈ ਉਸ ਸਮੇਂ ਜ਼ਮੀਨਾਂ ਦੀ ਮੁਰੱਬੇ-ਬੰਦੀ ਨਹੀਂ ਹੋਈ ਸੀ, ਜਿਸ ਕਾਰਨ ਜ਼ਮੀਨਾਂ ਤਕਰੀਬਨ ਖ਼ਾਲੀ ਹੀ ਪਈਆਂ ਸਨ। ਪਿੰਡ ਵਿੱਚ ਟੋਭੇ ਦੇ ਕਿਨਾਰੇ ਮਾੜੀ ਦੀ ਸਥਾਪਨਾ ਹੋਈ। ਅੱਜ ਕੱਲ੍ਹ ਮਾੜੀ ਦਾ ਖੇਤਰ ਲਗਭਗ ਦੋ ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਪਿੰਡ ਦੀ ਖ਼ੂਬਸੂਰਤੀ ਇਹ ਵੀ ਹੈ, ਕਿ ਪਿੰਡ ਦਾ ਗੁਰਦੁਆਰਾ ਸਾਹਿਬ ਅਤੇ ਮਾੜੀ ਨੇੜੇ-ਨੇੜੇ ਹਨ, ਕੁਝ ਸਮਾਂ ਪਹਿਲਾਂ ਹੀ ਇਹਨਾਂ ਸਥਾਨਾਂ ਵਿਚਕਾਰ ਸਾਂਝੀ ਕੰਧ ਉਸਾਰੀ ਗਈ ਹੈ। ਉਸ ਤੋਂ ਪਹਿਲਾਂ ਇੱਕੋ ਚਾਰ ਦੀਵਾਰੀ ਦੇ ਅੰਦਰ ਇਹ ਦੋਵੇਂ ਧਾਰਮਿਕ ਸਥਾਨ ਸਨ, ਜੋ ਕਿ ਧਾਰਮਿਕ ਏਕਤਾ ਦਾ ਪ੍ਰਤੀਕ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਪਿੰਡ ਵਿੱਚ ਹਰੇਕ ਸਾਲ ਭਾਦੋਂ ਦੀ ਅਸ਼ਟਮੀ ਨੂੰ ਚੌਕੀ ਅਤੇ ਨੌਮੀ ਨੂੰ ਮੇਲਾ ਲਗਦਾ ਹੈ।

**ਸਥਾਨ ਦੀ ਖ਼ਾਸੀਅਤ ਅਤੇ ਸਵਾਰੀ ਆਉਣ ਸਬੰਧੀ ਧਾਰਨਾ**

ਪਿੰਡ ਸੰਧਾਰਸੀ ਦੀ ਗੁੱਗਾ ਮਾੜੀ ਪ੍ਰਤੀ ਆਸ-ਪਾਸ ਦੇ ਇਲਾਕੇ ਅਤੇ ਦੂਰ ਦੁਰਾਡੇ ਦੀ ਸੰਗਤ ਵਿੱਚ ਬਹੁਤ ਸ਼ਰਧਾ ਹੈ। ਇਸ ਸਥਾਨ ਉੱਤੇ ਸੱਚੇ ਮਨ ਨਾਲ ਮੰਗੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਜਿਸ ਸੰਬੰਧੀ ਇੱਥੋਂ ਦੇ ਇਲਾਕਾ ਨਿਵਾਸੀਆਂ ਅਤੇ ਪਿੰਡ ਵਾਸੀਆਂ ਦੇ ਨਿੱਜੀ ਤਜਰਬੇ ਵਜੋਂ ਜਾਚੀ ਪਰਖੀਆਂ ਉਦਾਹਰਨਾਂ ਹਨ। ਇਸ ਸਥਾਨ ਦੀ ਮੁੱਖ ਖ਼ਾਸੀਅਤ ਹੈ, ਕਿ ਇਸ ਸਥਾਨ ਉੱਤੇ ਅਸ਼ਟਮੀ ਦੀ ਰਾਤ ਨੂੰ ਦਰਵਾਜ਼ਾ ਖੁੱਲ੍ਹਦਾ ਹੈ। ਇਸ ਪ੍ਰਕਿਰਿਆ ਲਈ ਸ਼ਬਦ 'ਕੁਆੜ ਖੁੱਲ੍ਹਣਾ' ਵੀ ਵਰਤਿਆ ਜਾਂਦਾ ਹੈ, 'ਕੁਆੜ' ਸ਼ਬਦ ਹਿੰਦੀ ਦੇ 'ਕੇਵਾੜ' ਤੋਂ ਬਣਿਆ ਹੈ। ਜਿਸ ਦੀ ਸ਼ਾਬਦਿਕ ਅਰਥ 'ਦਰਵਾਜਾ' ਹੀ ਬਣਦਾ ਹੈ। ਕੁਆੜ ਖੁੱਲ੍ਹਣਾ ਭਾਵ ਕਿ ਦਰਵਾਜਾ ਖੁੱਲ੍ਹਣ, ਜਦੋਂ ਦਰਵਾਜਾ ਖੁੱਲ੍ਹਦਾ ਹੈ ਤਾਂ ਪੀਰ ਦੀ ਸਵਾਰੀ ਕਿਸੇ ਭਗਤ ਵਿੱਚ ਪ੍ਰਵੇਸ਼ ਕਰ ਜਾਂਦੀ ਹੈ, ਭਗਤ ਖੇਡਣ ਲਗਦਾ ਹੈ ਇਸ ਨੂੰ ਸਵਾਰੀ ਆਉਣਾ ਜਾਂ ਪੌਣ ਆਉਣਾ ਆਦਿ ਕਿਹਾ ਜਾਂਦਾ ਹੈ।

**ਮੇਲੇ ਦਾ ਆਰੰਭ ਅਤੇ ਦਰਵਾਜਾ ਖੁੱਲ੍ਹਣਾ**

ਭਾਦੋਂ ਦੇ ਮਹੀਨੇ ਵਿੱਚ ਮੇਲੇ ਦੀ ਸ਼ੁਰੂਆਤ ਹੋ ਜਾਂਦੀ ਹੈ, ਸਭ ਤੋਂ ਪਹਿਲਾਂ ਭਾਦੋਂ ਵਦੀ ਦੂਜ (2) ਨੂੰ 'ਵਛੇਰਾ' ਨਾਮਕ ਰਸਮ ਦੇ ਨਿਭਾਉਣ ਨਾਲ ਮੇਲਾ ਸ਼ੁਰੂ ਹੋ ਜਾਂਦਾ ਹੈ। ਇਸ ਦਿਨ ਗੁੱਗਾ ਜੀ ਦਾ ਨਿਸ਼ਾਨ 'ਛੜੀ' (ਇਸ ਨੂੰ ਗੁੱਗਾ ਜੀ ਦਾ ਝੰਡਾ ਮੰਨਿਆ ਜਾਂਦਾ ਹੈ ਜਿਸ ਨੂੰ ਬਾਂਸ ਦੁਆਰਾ ਬਣਾਇਆ ਜਾਂਦਾ ਹੈ, ਜਿਸ ਦੇ ਇੱਕ ਸਿਰੇ ਉੱਤੇ ਮੋਰ ਦੇ ਖੰਭ, ਕੌਡੀਆਂ, ਮੌਲੀ, ਪੱਖੇ ਅਤੇ ਨਵੀਆਂ ਚੁੰਨੀਆਂ ਬੰਨ੍ਹੀਆਂ ਜਾਂਦੀਆਂ ਹਨ) ਨੂੰ ਸ਼ਿੰਗਾਰ ਕੇ ਸਾਰੇ ਪਿੰਡ ਵਿੱਚ ਗੇੜਾ ਦਿੱਤਾ ਜਾਂਦਾ ਹੈ, ਗੇੜਾ ਦੇਣ ਤੋਂ ਬਾਅਦ ਇਸ ਛੜੀ ਨੂੰ ਪਿੰਡ ਦੇ ਨਗਰ ਖੇੜੇ ਉੱਤੇ ਰੱਖਿਆ ਜਾਂਦਾ ਹੈ, ਜਿੱਥੇ ਜਾ ਕੇ ਪਿੰਡ ਦੇ ਲੋਕ ਰਾਤ ਦੇ 12 ਵਜੇ ਤੱਕ ਮੱਥੇ ਟੇਕਦੇ ਰਹਿੰਦੇ ਹਨ। ਰਾਤ ਨੂੰ ਜਦੋਂ ਸਾਰਾ ਪਿੰਡ ਮੱਥਾ ਟੇਕ ਲੈਂਦਾ ਹੈ ਤਾਂ ਛੜੀ ਨੂੰ ਵਾਪਸ ਗੁੱਗਾ ਮਾੜੀ ਵਿੱਚ ਰੱਖਿਆ ਜਾਂਦਾ ਹੈ। ਫੇਰ ਭਾਦੋਂ ਦੀ ਪੰਚਮੀ ਨੂੰ ਮਿੱਟੀ ਕੱਢਣ ਦੀ ਰਸਮ ਹੁੰਦੀ ਹੈ, ਜਿਸ ਵਿੱਚ ਰਾਏਪੁਰ (ਨਜ਼ੀਦੀਕੀ ਪਿੰਡ) ਦੀ ਜੱਗ (ਭੰਡਾਰਾ) ਹੁੰਦੀ ਹੈ। ਸ਼ਾਮ ਨੂੰ ਪਿੰਡ ਦਾ ਹਰੇਕ ਮੈਂਬਰ ਆਪਣੇ ਹਿੱਸੇ ਦੀ ਪੰਜ ਗੇੜੇ ਮਿੱਟੀ ਕੱਢਦਾ ਹੈ ਇਸ ਦੌਰਾਨ ਮਿੱਟੀ ਇੱਕ ਸਥਾਨ ਤੋਂ ਪੁੱਟ ਕੇ ਗੋਰਖ ਟਿੱਲੇ 'ਤੇ ਸੁੱਟੀ ਜਾਂਦੀ ਹੈ। ਦੰਤ ਕਥਾ ਅਨੁਸਾਰ ਇਹ ਰਸਮ ਟਿੱਲੇ ਦੀ ਸੇਵਾ ਵਜੋਂ ਨਿਭਾਈ ਜਾਂਦੀ ਹੈ। ਫੇਰ ਭਾਦੋਂ ਵਦੀ ਸੱਤਵੀਂ (7) ਨੂੰ ਪਿੰਡ ਸੰਧਾਰਸੀ ਦਾ

ਭੰਡਾਰਾ ਹੁੰਦਾ ਹੈ, ਸ਼ਾਮ ਨੂੰ ਉਸੇ ਤਰ੍ਹਾਂ 7 ਗੇੜੇ ਮਿੱਟੀ ਕੱਢੀ ਜਾਂਦੀ ਹੈ। ਪੰਚਮੀ ਨੂੰ ਪੰਜ ਅਤੇ ਸੱਤਵੀਂ ਨੂੰ ਸੱਤ ਗੇੜੇ ਮਿੱਟੀ ਕੱਢੀ ਜਾਂਦੀ ਹੈ, ਮਿੱਟੀ ਕੱਢਣ ਵਾਲੀ ਰਸਮ ਰੀਤੀ ਰਿਵਾਜ ਦਾ ਹਿੱਸਾ ਹੁੰਦਾ ਹੈ।

ਮੇਲੇ ਦਾ ਅਗਲਾ ਪੜਾਅ ਅਗਲੀ ਸ਼ਾਮ ਭਾਦੋਂ ਵਦੀ ਅਸ਼ਟਮੀ ਨੂੰ ਪਿੰਡ ਦੀ ਚੌਕੀ ਤੋਂ ਸ਼ੁਰੂ ਹੁੰਦਾ ਹੈ। ਤਕਰੀਬਨ ਸ਼ਾਮ 6,7 ਵਜੇ ਹਰੇਕ ਪਰਿਵਾਰਾਂ ਵਿੱਚੋਂ ਇੱਕ ਮੈਂਬਰ ਅਤੇ ਸਮੂਹ ਪੰਚਾਇਤ ਮਾੜੀ ਵਿੱਚ ਇਕੱਤਰ ਹੋ ਕੇ ਆਰਤੀ ਕਰਦੀ ਹੈ, ਚੌਕੀ ਲਾਉਣ ਲਈ ਮਨਜ਼ੂਰੀ ਲੈਂਦੀ ਹੈ। ਮਾੜੀ ਵਿਚਲੇ ਸਾਰੇ ਸਥਾਨਾਂ 'ਤੇ ਮੱਥਾਂ ਟੇਕਿਆ ਜਾਂਦਾ ਹੈ, ਬਾਕੀ ਸਮਾਧਾਂ ਨੂੰ ਵੱਖ-ਵੱਖ ਭੇਟਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਆਰਤੀ ਤੋਂ ਬਾਅਦ ਪਿੰਡ ਦੇਂ ਲੰਬੜਦਾਰਾਂ ਦੇ ਕੁਝ ਘਰ ਆਪਣੇ ਘਰੋਂ ਦਲੀਏ ਦਾ ਪ੍ਰਸ਼ਾਦ ਲਿਆਉਂਦੇ ਹਨ, ਜੋ ਕਿ ਮੌਜੂਦਾ ਸੰਗਤ ਵਿੱਚ ਵਰਤਾ ਦਿੱਤਾ ਜਾਂਦਾ ਹੈ। ਇਸ ਆਰਤੀ ਤੋਂ ਬਾਅਦ ਸਾਰੀ ਸੰਗਤ ਇੱਕ ਵਾਰ ਆਪਣੇ ਘਰਾਂ ਨੂੰ ਵਾਪਸ ਚਲੀ ਜਾਂਦੀ ਹੈ ਫੇਰ ਇਸ ਤੋਂ ਬਾਅਦ ਤਕਰੀਬਨ 2,3 ਘੰਟੇ ਬਾਅਦ ਪਿੰਡ ਦੇ ਲੋਕ ਅਤੇ ਹੋਰ ਸੰਗਤ ਮਾੜੀ ਵਿੱਚ ਇਕੱਠਾ ਹੋ ਜਾਂਦੀ ਹੈ। ਇਹ ਸੰਗਤ ਚੌਕੀ ਭਰਨ ਲਈ ਮਾੜੀ ਦੀ ਚੌਗਾਠ ਕੋਲ ਇਕੱਠੀ ਹੁੰਦੀ ਹੈ ਮਾੜੀ ਦੀ ਚੌਗਾਠ ਦੇ ਸਾਹਮਣੇ ਸੰਗਤ ਦਰੀਆਂ ਉੱਤੇ ਬੈਠ ਜਾਂਦੀ ਹੈ।

ਇਸ ਸਮੇਂ ਪਿੰਡ ਦੀ ਸਾਰੀ ਸੰਗਤ ਦੇ ਨਾਲ-ਨਾਲ ਬਾਹਰਲੇ ਪਿੰਡਾਂ ਤੋਂ ਆਈ ਸੰਗਤ ਵੀ ਜ਼ਮੀਨ ਉੱਤੇ ਬੈਠ ਕੇ ਹੀ ਚੌਕੀ ਭਰਦੀ ਹੈ। ਸੰਗਤ ਦੇ ਇਕੱਠ ਤੋਂ ਬਾਅਦ ਗੁਣਮੰਤਰੀ (ਗੁੱਗਾ ਕਥਾ ਗਾਉਣ ਵਾਲੇ) ਆਪਣਾ ਗਾਇਨ ਸ਼ੁਰੂ ਕਰਦੇ ਹਨ। ਗੁਣਮੰਤਰੀਆਂ ਦੀ ਟੋਲੀ ਵਿੱਚ ਚਾਰ, ਪੰਜ ਮੈਂਬਰ ਹੁੰਦੇ ਹਨ। ਜਿਨ੍ਹਾਂ ਕੋਲ ਸਾਰੰਗੀਆਂ, ਡੌਰੂ, ਡਫਲੀ ਅਤੇ ਢੋਲ ਵਰਗੇ ਰਿਵਾਇਤੀ ਸਾਜ਼ ਹੁੰਦੇ ਹਨ, ਇਹਨਾਂ ਗੁਣਮੰਤਰੀਆਂ ਨੂੰ ਵਿਸ਼ੇਸ਼ ਤੌਰ ਉੱਤੇ ਬੁਕਿੰਗ ਕਰਕੇ ਲਿਆਂਦਾ ਜਾਂਦਾ ਹੈ। ਇਹ ਗੁਣਮੰਤਰੀ ਗੁੱਗਾ ਗਾਥਾ ਦਾ ਲਗਾਤਾਰ ਗਾਇਨ ਕਰਦੇ ਹਨ। ਸੰਗਤ ਇਹਨਾਂ ਨੂੰ ਆਪਣੀ ਸ਼ਰਧਾ ਮੁਤਾਬਿਕ ਦਾਨ ਦਿੰਦੀ ਰਹਿੰਦੀ ਹੈ। ਇਹਨਾਂ ਦੇ ਗਾਇਨ ਦਾ ਵਿਸ਼ਾ ਵਸਤੂ ਗੁੱਗਾ ਜੀ ਦਾ ਜੀਵਨ ਹੀ ਹੁੰਦਾ ਹੈ। ਫੇਰ ਤਕਰੀਬਨ ਰਾਤ 11 ਵਜੇ ਦੇ ਆਸ ਪਾਸ ਪ੍ਰਚਲਿਤ ਪਰੰਪਰਾ ਦੇ ਅਨੁਸਾਰ ਭਗਤ ਸਾਹਿਬਾਨ ਦਰਵਾਜ਼ੇ ਨੂੰ ਬੰਦ ਕਰਦੇ ਹਨ ਅਤੇ ਉਸ ਦੀ ਜੰਜੀਰ ਨੂੰ ਮੌਲੀ (ਖੰਭਣੀ) ਨਾਲ ਬੰਨ੍ਹ ਦਿੰਦੇ ਹਨ। ਭਗਤਾਂ ਵੱਲੋਂ ਬਕਾਇਦਾ ਸੰਗਤ ਨੂੰ ਸੰਬੋਧਨ ਕੀਤਾ ਜਾਂਦਾ ਹੈ, ਕਿ ਜੇਕਰ ਕਿਸੇ ਨੂੰ ਕੋਈ ਸ਼ੱਕ ਹੈ ਤਾਂ ਦੂਰ ਕਰ ਸਕਦਾ ਹੈ।

ਭਗਤਾ ਦੀ ਇੱਕ ਕਤਾਰ ਦਰਵਾਜੇ ਦੇ ਹੋਰ ਵੀ ਨਜ਼ਦੀਕ ਬੈਠ ਜਾਂਦੀ ਹੈ ਗੁਣਮੰਤਰੀ ਕਥਾ ਦਾ ਗਾਇਨ ਲਗਾਤਾਰ ਕਰਦੇ ਰਹਿੰਦੇ ਹਨ। ਦਰਵਾਜੇ ਨੂੰ ਵਾਰ ਵਾਰ ਧੂਫ਼ ਦਿੱਤੀ ਜਾਂਦੀ ਹੈ ਚਾਰੇ ਪਾਸੇ ਸ਼ਾਂਤ ਵਾਤਾਵਰਣ ਹੁੰਦਾ ਹੈ, ਹਵਾ ਵੀ ਇੱਕ ਵਾਰ ਬਿਲਕੁਲ ਸ਼ਾਂਤ ਹੋ ਜਾਂਦੀ ਹੈ। ਫੇਰ ਅਚਾਨਕ ਹਵਾ ਚੱਲਣ ਲੱਗਦੀ ਹੈ ਤਾਂ ਤਕਰੀਬਨ 12-1 ਵਜੇ ਦੇ ਕਰੀਬ ਦਰਵਾਜਾ ਆਪਣੇ ਆਪ ਖੁੱਲ੍ਹ ਜਾਦਾ ਹੈ। ਦਰਵਾਜਾ ਖੁੱਲਣ ਉਪਰੰਤ ਚਾਰੇ ਪਾਸੇ ਜੈ-ਜੈਕਾਰ ਦੇ ਨਾਅਰੇ ਗੂੰਜਦੇ ਹਨ। ਦਰਵਾਜਾ ਖੁੱਲ੍ਹਣ ਤੋਂ ਬਾਅਦ ਪੀਰ ਦੀ ਸਵਾਰੀ (ਹਵਾ-ਪੋਣ) ਸਾਹਮਣੇ ਬੈਠੇ ਕਿਸੇ ਇੱਕ ਭਗਤ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਜਿਸ ਦੇ ਅਸਰ ਨਾਲ ਭਗਤ ਖੇਲ੍ਹਣ (ਪੀਰ ਦੇ ਅਸਰ ਨਾਲ ਝੂਮਣਾ) ਲੱਗਦਾ ਹੈ। ਭਗਤ ਫੇਰ ਅੰਦਰ ਜਾ ਕੇ ਸਮਾਧ ਉੱਤੇ ਮੱਥਾ ਟੇਕਦਾ ਹੈ ਤਦ ਪੀਰ ਦੀ ਸਵਾਰੀ ਦਾ ਅਸਰ ਘਟਦਾ ਹੈ, ਦਰਵਾਜੇ ਦਾ ਖੁੱਲ੍ਹਣਾ ਹੀ ਚੌਕੀ ਮੰਨਜ਼ੂਰੀ ਦਾ ਪ੍ਰਤੀਕ ਹੈ। ਸਾਰੀ ਸੰਗਤ ਚੌਕੀ ਮੰਨਜ਼ੂਰੀ ਤੋਂ ਬਾਅਦ ਆਪਣੇ ਘਰਾਂ ਨੂੰ ਪਰਤ ਜਾਂਦੀ ਹੈ। ਪਰੰਤੂ ਭਗਤ ਸਾਹਿਬਾਨ ਅਤੇ ਮਾੜੀ ਕਮੇਟੀ ਦੇ ਪ੍ਰਬੰਧਕ ਮਾੜੀ ਵਿੱਚ ਹੀ ਰੁਕਦੇ ਹਨ।

ਅਗਲੀ ਸਵੇਰ ਭਾਦੋਂ ਵਦੀ ਨੌਮੀਂ ਨੂੰ ਸਮੂਹ ਪਿੰਡ ਦੀ ਸੰਗਤ ਅਤੇ ਹਲਕੇ ਦੀ ਸੰਗਤ ਮਾੜੀ ਵਿੱਚ ਮੱਥਾ ਟੇਕਦੀ ਹੈ ਅਤੇ ਮੇਲਾ ਭਰਦਾ ਹੈ। ਮੇਲੇ ਵਿੱਚ ਆਸ-ਪਾਸ ਅਤੇ ਦੂਰ-ਦੁਰਾਡੇ ਤੋਂ ਸਾਰੀ ਸੰਗਤ ਸ਼ਾਮਿਲ ਹੁੰਦੀ ਹੈ ਮੱਥਾ ਟੇਕਣ ਵਾਲਿਆਂ ਦੀ ਭੀੜ ਸਾਰਾ ਦਿਨ ਲੱਗੀ ਰਹਿੰਦੀ ਹੈ। ਕਿਉਂਕਿ ਨੇੜਲੇ ਪਿੰਡਾਂ ਤੋਂ ਵੀ ਸੰਗਤ ਮੱਥਾ ਟੇਕਣ ਆਉਂਦੀ ਹੈ ਅਤੇ ਪਿੰਡ ਵਾਸੀ ਭਾਵੇਂ ਕੋਈ ਵੀ ਸ਼ਹਿਰ ਵਿੱਚ ਵੱਸ ਗਿਆ ਹੋਵੇ, ਪਰੰਤੂ ਚੌਕੀ ਵਾਲੇ ਦਿਨ ਅਤੇ ਮੇਲੇ ਵਾਲੇ ਦਿਨ ਪਿੰਡ ਸੰਧਾਰਸੀ ਵਿੱਚ ਜ਼ਰੂਰ ਆਉਂਦਾ ਹੈ, ਇਸ ਸਥਾਨ ਦੀ ਮੰਨਤਾਂ ਦੂਰ-ਦੂਰ ਤੱਕ ਹੈ। ਇਸ ਸਥਾਨ ਉੱਤੇ ਸੱਚੇ ਮਨ ਨਾਲ ਮੰਗੀਆਂ ਹੋਈਆਂ ਮੁਰਾਦਾਂ ਜ਼ਰੂਰ ਪੂਰੀਆਂ ਹੁੰਦੀਆਂ ਹਨ। ਪਿੰਡ ਦੀ ਸੰਗਤ ਅਤੇ ਬਾਹਰੋਂ ਆਈ ਸੰਗਤ ਸੇਵੀਆਂ ਦੇ ਪ੍ਰਸ਼ਾਦ ਨਾਲ ਮੱਥਾ ਟੇਕਦੀ ਹੈ। ਸੇਵੀਆਂ ਨੂੰ ਕਈ ਚਿੰਤਕਾਂ ਨੇ ਗੁੱਗਾ ਜੀ ਦਾ ਪ੍ਰਸ਼ਾਦ ਇਸ ਕਰਕੇ ਮੰਨਿਆ ਹੈ, ਕਿਉਂਕਿ ਸੇਵੀਆਂ ਦੀ ਦਿੱਖ ਸਪੋਲੀਆਂ (ਸੱਪ ਦੇ ਬੱਚੇ) ਨਾਲ ਮਿਲਦੀ ਹੈ ਸ਼ਾਇਦ ਇਥੇ ਸੇਵੀਆਂ ਨੂੰ ਸਪੋਲੀਆਂ ਦੇ ਪ੍ਰਤੀਕ ਵਜੋਂ ਲਿਆ ਗਿਆ ਹੈ. । ਅਗਲੇ ਦਸਵੀਂ ਵਾਲੇ ਦਿਨ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਂਦਾ ਹੈ। ਦਸਵੀਂ ਵਾਲੇ ਦਿਨ ਵੀ ਭਾਰੀ ਮੇਲਾ ਭਰਦਾ ਹੈ, ਕਿਉਂਕਿ ਇਸ ਦਿਨ ਸੱਭਿਆਚਾਰਕ ਲੋਕ ਗਾਇਨ ਦਾ ਖੁੱਲ੍ਹਾ ਅਖਾੜਾ ਲੱਗਦਾ ਹੈ।

# ਘਾੜ ਦਾ ਪਿੰਡ ਹਿਰਦਾਪੁਰ

ਮਨਮੋਹਨ ਸਿੰਘ ਦਾਊਂ

ਪੁਆਧ ਦੇ ਘਾੜ ਦੇ ਖੇਤਰ ਵਿੱਚ ਪੈਂਦੇ ਪਿੰਡਾਂ ਵਿਚੋਂ ਹਿਰਦਾਪੁਰ ਪਿੰਡ ਦੀ ਇੱਕ ਵੱਖਰੀ ਪਛਾਣ ਹੈ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦਾ ਜ਼ਿਕਰ ਕਰਦਿਆਂ, ਇਸ ਪਿੰਡ ਨੂੰ ਲਗਪਗ 300 ਸਾਲ ਪੁਰਾਣਾ ਮੰਨਿਆ ਜਾਂਦਾ ਹੈ। ਬਜ਼ੁਰਗ ਹਿਰਦਾ ਰਾਮ ਦੇ ਨਾਮ 'ਤੇ ਪਿੰਡ ਹਿਰਦਾਪੁਰ ਦਾ ਨਾਂ ਰੱਖਿਆ ਗਿਆ। ਇਸ ਪਿੰਡ ਦੇ ਪੂਰਬ ਵੱਲ ਹਰੀਪੁਰ ਬਰਦਾਰ ਤਿੰਨ ਕਿਲੋਮੀਟਰ ਹੈ ਜੋ ਬਾਰਵੀਂ ਸਦੀ ਦਾ ਪੰਜਾਬ ਦਾ ਸਭ ਤੋਂ ਵੱਡਾ ਵਪਾਰਕ ਸ਼ਹਿਰ ਹੁੰਦਾ ਸੀ। ਪੱਛਮ ਵੱਲ ਪਰਖਾਲੀ ਪਿੰਡ ਦੋ ਕਿਲੋਮੀਟਰ 'ਤੇ ਹੈ। ਉੱਤਰ ਵੱਲ ਰਾਣਿਆਂ ਦਾ ਜੋਧਪੁਰ ਤਿੰਨ ਕਿਲੋਮੀਟਰ ਹੈ ਤੇ ਦੱਖਣ ਵੱਲ ਗਾਇਕ ਸੁਰਜੀਤ ਬਿੰਦਰਖੀਆ ਦਾ ਪਿੰਡ ਬਿੰਦਰਖ ਦੋ ਕਿਲੋਮੀਟਰ ਹੈ ਜੋ ਬਿੰਦਰੇ ਦੀ ਰੱਖ ਤੋਂ ਬਣਿਆ। ਹੋਰ ਨਜ਼ਦੀਕੀ ਪਿੰਡ ਖੇੜੀ, ਰਾਮਪੁਰ, ਬੜੀ ਤੇ ਕਕੌਟ ਹਨ। ਪਾਣੀ ਦੀ ਘਾਟ ਕਾਰਨ ਇਸ ਖੇਤਰ ਨੂੰ ਘਾੜ ਕਿਹਾ ਜਾਂਦਾ ਹੈ ਅਤੇ ਸ਼ਿਵਾਲਿਕ ਦੀਆਂ ਨੀਮ ਪਹਾੜੀਆਂ ਦੀ ਕੁੱਛੜ 'ਚ ਹੋਣ ਕਾਰਨ ਪੱਧਰਾ ਨਹੀਂ ਜਿਸ ਕਾਰਨ ਇਸ ਇਲਾਕੇ ਵਿੱਚ ਕਿਸਾਨੀ ਦਾ ਧੰਦਾ ਬਹੁਤਾ ਲਾਹੇਵੰਦ ਨਹੀਂ। ਜ਼ਿਮੀਦਾਰਾਂ ਨੂੰ ਬੜੀ ਕਰੜੀ ਮਿਹਨਤ ਕਰਨੀ ਪੈਂਦੀ ਹੈ। ਕਿਸੇ ਸਮੇਂ ਇਸ ਇਲਾਕੇ ਦੇ ਬਹੁਤੇ ਬੰਦੇ ਫੌਜ ਵਿੱਚ ਭਰਤੀ ਹੋਣ ਨੂੰ ਤਰਜੀਹ ਦੇਂਦੇ ਸਨ। ਨਾਲੇ ਤੇ ਚੋਏ ਹਨ ਤੇ ਨਦੀ ਬੁਦਕੀ ਨੇੜਿਓਂ ਵਗਦੀ ਹੈ। ਮਾਰੂ ਖੇਤੀ ਹੋਣ ਕਾਰਨ ਜੀਰੀ, ਕਣਕ, ਚਣੇ, ਮੂੰਗਫਲੀ, ਕਮਾਦ (ਇੱਖ), ਸੂੰਹ (ਤਾਰਾਮੀਰਾ), ਕਪਾਹ, ਅਲਸੀ, ਮਸਰੀ, ਸਰੋਂ ਆਦਿਕ ਫਸਲਾਂ ਬੀਜੀਆਂ ਜਾਂਦੀਆਂ। ਹੁਣ ਟਿਊਬਵੈੱਲ ਲੱਗਣ ਕਾਰਨ ਖੇਤੀ ਸੌਖੀ ਹੋ ਗਈ ਹੈ।

ਇਸ ਵੇਲੇ ਹਿਰਦਾਪੁਰ 'ਚ ਲਗਪਗ 150 ਘਰ ਹਨ। ਪਿੰਡ ਦੀ ਵਸੋਂ ਇੱਕ ਹਜ਼ਾਰ ਤੋਂ ਵੱਧ ਹੈ। ਪਿੰਡ ਦੀ ਜ਼ਮੀਨ ਦਾ ਰਕਬਾ ਇੱਕ ਹਜ਼ਾਰ ਕੀਲੇ ਹੈ ਤੇ 350 ਕੀਲੇ ਸ਼ਾਮਲਾਟ ਵਿੱਚ ਆਉਂਦੀ ਹੈ। ਜ਼ਿਮੀਦਾਰਾਂ ਦਾ ਗੋਤ ਮੰਡ ਹੈ ਜੋ ਕਿਸੇ ਸਮੇਂ ਸਰਹਾਲੀ ਮੰਡਾਂ-ਅੰਮ੍ਰਿਤਸਰ ਦੇ ਨੇੜਿਓਂ ਉੱਠ ਕੇ ਇੱਥੇ ਵਸੇ। ਹੋਰ ਜਾਤਾਂ ਹਰੀਜਨ, ਕਹਾਰ, ਨਾਈ, ਜੁਲਾਹੇ, ਬਾਲਮੀਕੀ, ਮਰਾਸੀ, ਬ੍ਰਾਹਮਣ ਆਦਿਕ ਵਸਦੀਆਂ ਹਨ। ਸਿੱਖਿਆ ਦੇ ਖੇਤਰ 'ਚ ਲਗਭਗ 30 ਅਧਿਆਪਕ

ਨੌਕਰੀ ਪੇਸ਼ਾ ਹਨ। ਪਿੰਡ 'ਚ ਦੋ ਪੁਰਾਣੇ ਖੂਹ ਬੰਦ ਪਏ ਹਨ। ਧਰਮਸਾਲਾ ਇੱਕ ਜੱਟਾਂ ਦੀ ਤੇ ਇੱਕ ਹਰੀਜਨਾਂ ਦੀ ਹੈ। ਇੰਜ ਹੀ ਇੱਕ ਗੁਰਦੁਆਰਾ ਜ਼ਿਮੀਦਾਰਾਂ ਦਾ ਅਤੇ ਇੱਕ ਹਰੀਜਨਾਂ ਦਾ ਹੈ। ਪਿੰਡ ਵਿੱਚ ਕੋਈ ਖੇੜਾ ਜਾਂ ਮਾੜੀ ਨਹੀਂ। ਪਿੰਡ ਵਿੱਚ ਕਦੇ ਲੜਾਈ ਝਗੜਾ ਨਹੀਂ ਹੋਇਆ। ਇਸ ਘਾੜ ਦੇ ਇਲਾਕੇ ਵਿੱਚ ਆਉਣ-ਜਾਣ ਲਈ ਰਸਤਾ ਬਣਾਉਣ ਲਈ ਕੋਈ ਕਿਸੇ ਨੂੰ ਨਹੀਂ ਰੋਕਦਾ, ਇਹ ਇਕ ਪਰੰਪਰਾ ਹੈ। ਪਿੰਡ ਦੀਆਂ ਗਲੀਆਂ ਪੱਕੀਆਂ ਹਨ। ਹੁਣ ਇਸ ਇਲਾਕੇ ਵਿੱਚ ਪਾਣੀ ਦੀ ਸਿੰਜਾਈ ਲਈ ਟਿਊਬਵੈਲਾਂ ਦੀ ਵਰਤੋਂ ਹੋ ਰਹੀ ਹੈ। ਜੰਗਲੀ ਜਾਨਵਰਾਂ ਤੋਂ ਫ਼ਸਲਾਂ ਦੀ ਰੱਖਿਆ ਕਰਨ ਲਈ ਲੋਕਾਂ ਨੂੰ ਰਾਤਾਂ ਨੂੰ ਜਾਗਣਾ ਪੈਂਦਾ ਹੈ। ਪਿੰਡ ਵਿੱਚ ਐਲੀਮੈਂਟਰੀ ਸਕੂਲ ਹੈ। ਬੱਚਿਆਂ ਨੂੰ ਅਗਲੀ ਪੜ੍ਹਾਈ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਖਾਲੀ ਜਾਣਾ ਪੈਂਦਾ ਹੈ। ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਪਿੰਡ ਦੀ ਜ਼ਮੀਨ ਦੀ ਕੀਲੇਬੰਦੀ ਜਾਂ ਮੁਰੱਬੇਬੰਦੀ ਹੁਣ ਤੱਕ ਨਹੀਂ ਹੋਈ। ਆਪਸ ਵਿੱਚ ਜ਼ਮੀਨ ਦਾ ਤਬਾਦਲਾ ਕਰਕੇ ਜ਼ਿਮੀਦਾਰ ਟਿਊਬਵੈਲ ਲਾਉਣ ਦਾ ਉਪਰਾਲਾ ਕਰਦੇ ਹਨ। ਪਿੰਡ ਵਿੱਚ ਤਿੰਨ ਟੋਭੇ ਹਨ ਜਿੱਥੇ ਪਸ਼ੂਆਂ ਲਈ ਪਾਣੀ ਦੀ ਵਰਤੋਂ ਕੁਦਰਤੀ ਸਹੂਲਤ ਹੈ। ਪਿੰਡ ਵਾਸੀ ਲੋਹੜੀ, ਦੀਵਾਲੀ, ਗੜਵੜੇ, ਸਾਂਝੀਮਾਈ ਤੇ ਹੋਲੀ ਬੜੀ ਸਦਭਾਵਨਾ ਨਾਲ ਮਨਾਉਂਦੇ ਹਨ। ਬਿੰਦਰਖ ਦਾ ਮੇਲਾ ਮਾਘੀ ਇਸ ਇਲਾਕੇ ਦਾ ਵੱਡਾ ਮੇਲਾ ਹੈ। ਘਾੜ ਦੇ ਇਸ ਪਿੰਡ ਦੀ ਅਜੀਬ ਸਥਿਤੀ ਹੈ। ਚੰਡੀਗੜ੍ਹ ਤੋਂ ਜਾਣ ਲਈ ਮੁੱਲਾਂਪੁਰ ਗਰੀਬਦਾਸ, ਪੜੌਲ, ਸਿਸਵਾਂ, ਸਿਆਲਬਾ, ਮਾਜਰੀ, ਖੇੜਾ, ਖਿਦਰਾਬਾਦ, ਬਿੰਦਰਖ, ਪਰਖਾਲੀ ਤੇ ਹਿਰਦਾਪੁਰ ਪੁੱਜਿਆ ਜਾ ਸਕਦਾ ਹੈ। ਰੋਪੜ ਤੋਂ ਜਾਣ ਲਈ ਰੰਗੀਲਪੁਰ, ਮੀਆਂਪੁਰ ਸਟੇਸ਼ਨ ਵਾਲਾ, ਭੱਦਲ, ਪਰਖਾਲੀ ਤੇ ਹਿਰਦਾਪੁਰ। ਕੁਰਾਲੀ ਤੋਂ ਸਿਸਵਾਂ ਰਾਹੀਂ ਦਸਾਰਨਾ, ਬੜੌਦੀ ਬਲਾਕ ਤੋਂ ਹਿਰਦਾਪੁਰ ਨੂੰ ਜਾਂਦੀ ਸੜਕ ਰਾਹੀਂ ਪੁੱਜਿਆ ਜਾ ਸਕਦਾ ਹੈ। ਖੇਤੀਬਾੜੀ ਨੂੰ ਉਤਸ਼ਾਹਤ ਕਰਨ ਲਈ ਇਹ ਪਿੰਡ ਖੇਤੀਬਾੜੀ ਵਿਭਾਗ ਦੀਆਂ ਸਹੂਲਤਾਂ ਤੋਂ ਵਾਂਝਾ ਹੀ ਰਿਹਾ ਹੈ। ਇਸੇ ਲਈ ਪੜ੍ਹੇ ਲਿਖੇ ਲੋਕ ਤੇ ਨੌਕਰੀ ਪੇਸ਼ਾ ਕਰਮਚਾਰੀ ਪਿੰਡ ਛੱਡ ਕੇ ਨੇੜੇ ਦੇ ਸ਼ਹਿਰਾਂ ਚੰਡੀਗੜ੍ਹ, ਮੁਹਾਲੀ, ਰੋਪੜ, ਖਰੜ ਜਾਂ ਕੁਰਾਲੀ ਵਸਣਾ ਵਧੇਰੇ ਪਸੰਦ ਕਰਦੇ ਹਨ।

ਇਸ ਪਿੰਡ ਦੀ ਵੱਖਰੀ ਪਛਾਣ ਪੁਆਧੀ ਨਾਵਲਕਾਰ ਜਸਬੀਰ ਮੰਡ ਕਰਕੇ ਵੀ ਉਭਰੀ ਹੈ। ਜਿਸਦਾ ਪਿਤਾ ਬਖਸ਼ੀਸ ਸਿੰਘ ਮੈਟ੍ਰਿਕ ਪਾਸ ਦੂਜੀ

ਸੰਸਾਰ ਜੰਗ ਸਮੇਂ ਫੌਜ ਵਿੱਚ ਭਰਤੀ ਹੋਇਆ ਤੇ ਹੌਲਦਾਰ ਦੇ ਰੈਂਕ ਤੋਂ 1962 'ਚ ਸੇਵਾ-ਮੁਕਤ ਹੋ ਕੇ, ਕਿਸਾਨੀ ਦੇ ਕਿੱਤੇ ਵਿੱਚ ਜੁਟ ਗਿਆ। ਜਸਬੀਰ ਮੰਡ ਨੇ ਕਾਲਜ ਦੀ ਪੜ੍ਹਾਈ ਕਰਕੇ, ਕੁਝ ਵਰ੍ਹੇ ਖੇਤੀ ਕੀਤੀ ਤੇ ਜਾਪਾਨ ਜਾ ਕੇ ਆਪਣਾ ਕਾਰੋਬਾਰ ਕੀਤਾ। ਇਸ ਦੌਰਾਨ ਉਸ ਨੇ 'ਔੜ ਦੇ ਬੀਜ', 'ਆਖਰੀ ਪਿੰਡ ਦੀ ਕਥਾ', 'ਖਾਜ', 'ਬੋਲ ਮਰਦਾਨਿਆਂ ਅਤੇ 'ਆਖਰੀ ਬਾਬੇ' ਨਾਵਲ ਲਿਖ ਕੇ ਪੁਆਧ ਦੇ ਸਾਹਿਤਕ ਜਗਤ 'ਚ ਵੱਖਰੀ ਪਛਾਣ ਹੀ ਨਹੀਂ ਬਣਾਈ, ਸਗੋਂ ਇੱਕ ਸਮਰਥ ਨਾਵਲਕਾਰ ਵਜੋਂ ਸਨਮਾਨ ਪ੍ਰਾਪਤ ਕੀਤੇ। 'ਬੋਲ ਮਰਦਾਨਿਆਂ', ਨਾਵਲ ਬਾਰੇ ਭਰਪੂਰ ਚਰਚਾ ਹੋਈ ਤੇ ਇਸ ਦਾ ਹਿੰਦੀ ਅਨੁਵਾਦ ਐਨ.ਬੀ.ਟੀ ਦਿੱਲੀ ਨੇ ਪ੍ਰਕਾਸ਼ਿਤ ਕੀਤਾ।

ਪਿੰਡ ਵਾਸੀ ਦਿਲਦਾਰ ਸਿੰਘ ਵਲਦ ਬਖਸ਼ੀਸ ਸਿੰਘ ਨੇ ਇਸ ਪਿੰਡ ਬਾਰੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਪਿੰਡ ਦੇ ਲੋਕ ਸ਼ੁਰੂ ਤੋਂ ਹੀ ਸਾਊ-ਬਿਰਤੀ ਦੇ ਮਾਲਕ ਰਹੇ ਹਨ। ਸੰਜੀਦਗੀ ਤੇ ਸੁਹਿਰਦਤਾ ਦੀ ਗੁੜ੍ਹਤੀ ਪੁਰਖਿਆਂ ਤੋਂ ਮਿਲੀ ਹੈ। ਇਸ ਵੇਲੇ ਨੰਬਰਦਾਰ ਸੁੱਚਾ ਸਿੰਘ ਹੈ। ਇਸ ਵੇਲੇ ਜੋ ਗੁਰਦੁਆਰਾ ਸਾਹਿਬ ਨਵੀਂ ਸ਼ਾਨਦਾਰ ਦਿੱਖ ਵਿੱਚ ਹੈ, ਉਹ ਪੁਰਾਣੀਆਂ ਡਾਟਾਂ ਦੀ ਇਮਾਰਤ ਸਾਜ਼ੀ ਦਾ ਨਮੂਨਾ ਹੈ ਤੇ ਕਦੇ ਬਹੁਤ ਛੋਟੇ ਜਿਹੇ ਕਮਰੇ ਵਾਲਾ ਇਲਾਕੇ ਦਾ ਪਹਿਲਾ ਗੁਰਦੁਆਰਾ ਸਾਹਿਬ ਹੁੰਦਾ ਸੀ। ਇਸ ਪਿੰਡ ਦੀ ਆਂਚਲਿਕ-ਸੰਸਕ੍ਰਿਤੀ ਕਦੇ ਇਸ ਦੀਆਂ ਸ਼ਿਵਾਲਿਕ-ਪਹਾੜੀਆਂ ਦੀ ਸੁੰਦਰਤਾ ਕਾਰਨ ਮਨ ਮੋਹ ਲੈਂਦੀ ਸੀ ਜਿਸ ਦਾ ਜ਼ਿਕਰ ਜਸਬੀਰ ਮੰਡ ਦੇ ਨਾਵਲ 'ਔੜ ਦੇ ਬੀਜ' 'ਚ ਬਾਖ਼ੂਬੀ ਚਿਤਰਿਆ ਮਿਲਦਾ ਹੈ ਪਰੰਤੂ ਹੁਣ ਕੁਦਰਤ ਦੇ ਨਾਲ ਛੇੜ-ਛਾੜ ਲੋਭੀਆਂ ਦੇ ਕਾਰਨਾਮਿਆਂ ਨੇ ਕਰ ਦਿੱਤੀ ਹੈ। ਇਸ ਪਿੰਡ ਦੇ ਦਰਵੇਸ ਪੁਰਖਾਂ ਵਿੱਚ ਭਾਈ ਮੰਗਲ ਸਿੰਘ (ਕਥਾਵਾਚਕ), ਖ਼ੁਦਾ ਸਿੰਘ ਟਿੱਬੀਆਂ ਵਾਲਾ, ਬਾਬਾ ਬਸਾਵਾ ਸਿੰਘ, ਮੇਜਰ ਹਰਦਿਆਲ ਸਿੰਘ ਅਤੇ ਨਵੀਂ ਚੇਤਨਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲਾ ਲੋਕ-ਹਿਤੈਸ਼ੀ ਮਾਸਟਰ ਨਿਰਮਲ ਸਿੰਘ ਦੇ ਨਾਮ ਜ਼ਿਕਰਯੋਗ ਹਨ।

* * *

# ਪਿੰਡ ਭੰਖਰਪੁਰ ਦਾ ਅਤੀਤ ਤੇ ਵਰਤਮਾਨ

- ਅਤਰ ਸਿੰਘ

ਪੁਆਧੀ ਖੇਤਰ ਦੇ ਪਹਿਲਾਂ ਪਛੜਿਆ ਹੋਇਆ ਪਿੰਡ ਭੰਖਰਪੁਰ ਤੇਜ਼ੀ ਨਾਲ ਵਿਕਾਸ ਵੱਲ ਵੱਧ ਰਿਹਾ ਹੈ। ਇਥੋਂ ਵਿਦੇਸ਼ਾਂ ਦੇ ਵੱਖ-ਵੱਖ ਮੁਲਕਾਂ ਵਿੱਚ ਪੜ੍ਹਾਈ ਕਰਨ ਗਏ ਢਾਈ ਦਰਜਨ ਪਾੜ੍ਹਿਆਂ ਵਲੋਂ ਮਿਸਾਲ ਕਾਇਮ ਕੀਤੀ ਜਾ ਰਹੀ ਹੈ ਕਿ ਹੁਣ ਭੰਖਰਪੁਰ ਦੀ ਨੁਹਾਰ ਬਦਲ ਰਹੀ ਹੈ ਤੇ ਇੱਥੋਂ ਹੀ ਵਿਦੇਸ਼ ਵਿੱਚ ਗਏ ਕੁਝ ਵਾਸੀਆਂ ਨੇ ਪਿੰਡ ਦੀ ਨੁਹਾਰ ਬਦਲਣ ਲਈ ਬਾਹਰੋਂ ਪੈਸਾ ਵੀ ਭੇਜਿਆ ਹੈ। ਪਹਿਲਾਂ ਕੁੜੀਆਂ ਨੂੰ ਪਿੰਡੋਂ ਬਾਹਰ ਸਕੂਲ ਵਿੱਚ ਨਾ ਭੇਜਣ ਕਰ ਕੇ ਕੁੜੀਆਂ ਉੱਚ ਸਿੱਖਿਆ ਤੋਂ ਵਾਂਝੀਆਂ ਹੀ ਰਹਿ ਜਾਂਦੀਆਂ ਸਨ ਪਰ ਅੱਜ ਕੱਲ੍ਹ ਇੱਥੋਂ ਕੁੜੀਆਂ ਵੀ ਉੱਚ ਸਿੱਖਿਆ ਹਾਸਲ ਕਰ ਰਹੀਆਂ ਹਨ।

ਇੱਕ ਵੱਖਰੀ ਪਛਾਣ ਅਤੇ ਚੌਧਰ ਦੇ ਲਾਲਚ ਤੋਂ ਹਟ ਕੇ ਜਾਣਿਆ ਜਾਂਦਾ ਹੈ ਪਿੰਡ ਭੰਖਰਪੁਰ ਦਾ ਗੁਰੁਦਆਰਾ। 'ਗੁਰਦੁਆਰਾ ਬਾਬੇ ਸਾਹਿਬ' ਜਿੱਥੇ ਇਸ ਇਤਿਹਾਸਕ ਗੁਰਦੁਆਰੇ ਵਿੱਚ ਪਿਛਲੇ 25 ਸਾਲਾਂ ਤੋਂ ਕੋਈ ਚੋਣਾਂ ਨਹੀਂ ਹੋਈਆਂ, ਨਾ ਕੋਈ ਪ੍ਰਧਾਨ ਹੈ ਨਾ ਕੋਈ ਹੋਰ ਆਹੁਦੇਦਾਰ , ਕੇਵਲ ਪਿੰਡ ਦੇ ਹੀ ਲੋਕ ਆਪਸ ਵਿੱਚ ਡਿਊਟੀ ਵੰਡ ਕੇ ਸੇਵਾ ਕਰਦੇ ਹਨ। ਤਹਿਸੀਲ ਡੇਰਾਬਸੀ ਦਾ ਇਹ ਪਿੰਡ ਅੰਬਾਲਾ ਚੰਡੀਗੜ੍ਹ ਕੌਮੀ ਮਾਰਗ 'ਤੇ ਡੇਰਾਬਸੀ ਤੋਂ ਦੋ ਕਿਲੋਮੀਟਰ ਦੂਰ ਹੈ। ਇਸ ਪਿੰਡ ਦੇ ਗੁਰਦੁਆਰੇ ਵਿੱਚ ਸਿੱਖਾਂ ਦੇ ਸੱਤਵੇਂ ਗੁਰੂ ਹਰ ਰਾਏ ਜੀ ਸੰਨ 1655 ਵਿੱਚ ਮਾਲਵਾ ਥਾਨੇਸਰ, ਅੰਬਾਲਾ ਅਤੇ ਪਿੰਡ ਕਾਕਰੂ ਤੋਂ ਆਉਂਦੇ ਹੋਏ ਇਸ ਅਸਥਾਨ 'ਤੇ ਠਹਿਰੇ ਸੀ। ਇਸ ਤੋਂ ਬਾਅਦ ਮਨੀਮਾਜਰਾ ਪੁੱਜੇ ਸਨ। ਇਸ ਦੇ ਨਾਲ ਹੀ ਇਹ ਪਿੰਡ ਹੋਰ ਇਤਿਹਾਸਕ ਪੱਖ ਸਮੋਈ ਬੈਠਾ ਹੈ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਪਿੰਡ ਸਢੌਰਾ ਅਤੇ ਕਪੂਰੀ ਇਲਾਕੇ ਦੀ ਜੰਗ ਨੂੰ ਜਿੱਤਣ ਤੋਂ ਬਾਅਦ ਸੰਨ 1710 ਵਿੱਚ ਪਿੰਡ ਛੱਤ ਬਨੂੜ ਵੱਲ ਵਧੇ ਤਾਂ ਰਾਹ ਵਿੱਚ ਪੈਂਦੇ ਇਸ ਗੁਰਦੁਆਰੇ ਭਾਂਖਰਪੁਰ ਦੇ ਦੁਸ਼ਟ ਚੌਧਰੀ ਨੂੰ ਸੋਧਿਆ ਅਤੇ ਕਿਲ੍ਹੇ 'ਤੇ ਕਬਜ਼ਾ ਕਰ ਕੇ ਖ਼ਾਲਸਾਈ ਨਿਸ਼ਾਨ ਝੁਲਾ ਕੇ ਸਿੱਖ ਰਾਜ ਦੀ ਕਾਇਮੀ ਦਾ ਸਬੂਤ ਦਿੱਤਾ।

ਇਸ ਪਿੰਡ ਦੇ 63 ਸਾਲਾਂ ਤੋਂ ਵਸਨੀਕ ਅਤੇ ਗੁਰਦੁਆਰੇ ਵਿੱਚ ਸੇਵਾ ਕਰਨ ਵਾਲੇ ਗਿਆਨੀ ਧਰਮ ਸਿੰਘ ਭੰਖਰਪੁਰ ਜੋ ਕਿ ਸੇਵਾ ਕਰਨ ਵਾਲੇ ਸਿਹਤ ਵਿਭਾਗ ਵਿੱਚੋਂ ਬਤੌਰ ਇੰਸਪੈਕਟਰ ਸੇਵਾ ਮੁਕਤ ਹੋਏ ਹਨ ਨੇ ਦੱਸਿਆ ਕਿ ਗੁਰਦੁਆਰੇ ਵੱਲੋਂ ਕੋਈ ਵੀ ਸੇਵਾਦਾਰ ਮਾਇਆ ਇਕੱਠੀ ਕਰਨ ਨਹੀਂ ਜਾਂਦਾ ਜੋ ਵੀ ਕੋਈ ਸੇਵਾ ਕਰ ਕੇ ਜਾਂਦਾ ਹੈ ਉਸੇ ਨਾਲ ਗੁਰਦੁਆਰੇ ਦੀ ਨਵੀਂ ਬਿਲਡਿੰਗ ਤਕਰੀਬਨ 6 ਕਰੋੜ ਦੀ ਲਾਗਤ ਨਾਲ ਤਿਆਰ ਕੀਤੀ ਗਈ ਹੈ।

ਇਸ ਪਿੰਡ ਦੀ ਤਕਰੀਬਨ 9000 ਹਜਾਰ ਦੀ ਆਬਾਦੀ ਹੈ ਜਿਸ ਵਿੱਚੋਂ 3700 ਦੇ ਕਰੀਬ ਵੋਟਰ ਹਨ। ਇਸ ਪਿੰਡ ਦੇ ਬਖ਼ਤਾਵਰ ਸਿੰਘ ਅਕਾਲੀਆਂ ਵੱਲੋਂ ਲਾਏ ਗਏ 'ਰਸਤਾ ਰੋਕੋ ਮੋਰਚਾ' 4 ਅਪ੍ਰੈਲ, 1983 ਵਿੱਚ ਪ੍ਰਦਰਸ਼ਨ ਕਰਦਿਆਂ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਮਾਰੇ ਗਏ ਸਨ।

ਇਸ ਪਿੰਡ ਦੀ ਸਰਪੰਚ ਹਰਜਿੰਦਰ ਕੌਰ ਦਾ ਕਹਿਣਾ ਹੈ ਕਿ ਪਿੰਡ ਦੀਆਂ ਫਿਰਨੀਆਂ ਵਾਲੀਆਂ ਸੜਕਾਂ ਦਾ ਬੁਰਾ ਹਾਲ ਹੈ। ਪਿਛਲੇ ਤਕਰੀਬਨ 10 ਸਾਲ ਤੋਂ ਖਸਤਾ ਹਾਲਤ ਵਿੱਚ ਹਨ ਸਰਕਾਰ ਵੱਲੋਂ ਕੋਈ ਫ਼ੰਡ ਜਾਰੀ ਨਹੀਂ ਕੀਤੇ ਗਏ। ਪਿੰਡ ਦੇ ਵਿਚ ਹਰ ਧਰਮ ਦੇ ਲੋਕ ਵਸਦੇ ਹਨ ਅਤੇ ਆਪਸ ਵਿੱਚ ਸਤਿਕਾਰ ਕਰਦੇ ਹਨ ਜਿਸ ਦੀ ਮਿਸਾਲ ਪਿੰਡ ਦੇ ਪੁਰਾਤਨ ਖੇੜਾ ਮੰਦਰ ਅਤੇ ਗੁਰਦੁਆਰੇ ਦੀ ਸਾਂਝੀ ਦੀਵਾਰ ਹੈ।

ਪਿੰਡ ਵਿੱਚ ਇਕ ਸਰਕਾਰੀ ਸਕੂਲ 'ਤੇ ਇਕ ਐਲੀਮੈਂਟਰੀ ਸਕੂਲ ਵੀ ਹੈ। ਇਸੇ ਪਿੰਡ ਦੇ ਵਸਨੀਕ ਵਿਕਰਮਜੀਤ ਸਿੰਘ ਜੋ ਕਿ ਹੁਣ ਅਮਰੀਕਾ ਵਿੱਚ ਰਹਿੰਦੇ ਹਨ, ਹਾਈ ਸਕੂਲ ਦੇ ਕੁਝ ਕੰਮਾਂ ਲਈ ਉਨ੍ਹਾਂ ਨੇ 8 ਲੱਖ ਰੁਪਏ ਫੰਡ ਦਿੱਤੇ ਸਨ। ਇਸੇ ਤਰ੍ਹਾਂ ਕੁਲਦੀਪ ਸਿੰਘ ਜਿਨ੍ਹਾਂ ਦਾ ਪਰਿਵਾਰ ਇਸੇ ਪਿੰਡ ਵਿੱਚ ਰਹਿੰਦਾ ਹੈ, ਹੁਣ ਮਲੇਸ਼ੀਆ ਵਾਸੀ ਨੇ ਵੀ ਐਲੀਮੈਂਟਰੀ ਸਕੂਲ ਲਈ 6 ਲੱਖ ਰੁਪਏ ਦੀ ਮਦਦ ਦਿੱਤੀ ਸੀ।

ਪਿੰਡ ਵਿੱਚ ਲੋਕਾਂ ਦੀ ਸਹੂਲਤ ਲਈ ਸਰਕਾਰੀ ਡਿਸਪੈਂਸਰੀ ਅਤੇ ਅਨਾਜ ਮੰਡੀ ਮੌਜੂਦ ਹਨ। ਬੇਰੁਜ਼ਗਾਰੀ ਨੂੰ ਦੇਖਦਿਆਂ ਪਿੰਡ ਦੇ ਤਕਰੀਬਨ 30 ਨੌਜਵਾਨ ਮੁੰਡੇ ਪੜ੍ਹਾਈ ਕਰਨ ਲਈ ਵਿਦੇਸ਼ਾਂ ਵਿੱਚ ਵੀ ਗਏ ਹੋਏ ਹਨ। ਅੱਜ ਕੱਲ੍ਹ ਦੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਿੰਡ ਵਿੱਚ ਜਾਗਰੂਕਤਾ ਕੈਂਪ ਲਾਏ ਜਾਂਦੇ ਹਨ ਅਤੇ ਰੈਲੀਆਂ ਵੀ ਕੱਢੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਕੁਝ ਸਮੱਸਿਆਵਾਂ ਵੀ ਹਨ ਜਿਵੇਂ ਪਿੰਡ ਵਿੱਚ ਹਾਲੇ ਤੱਕ ਸੀਵਰੇਜ

ਸਿਸਟਮ ਨਹੀਂ ਹੈ। ਗੰਦਾ ਪਾਣੀ ਖੁੱਲ੍ਹੀਆਂ ਨਾਲੀਆਂ ਵਿੱਚ ਹੀ ਛੱਡਿਆ ਜਾਂਦਾ ਹੈ ਜਿਸ ਕਰ ਕੇ ਬਹੁਤ ਪ੍ਰੇਸ਼ਾਨੀ ਹੁੰਦੀ ਹੈ, ਖ਼ਾਸਕਰ ਬਰਸਾਤ ਦੇ ਮੌਸਮ ਵਿੱਚ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਧਰਮ ਸਿੰਘ, ਜਸਵਿੰਦਰ ਸਿੰਘ ਅਤੇ ਮਹਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਕੌਮੀ ਮਾਰਗ 'ਤੇ ਹੋਣ ਕਾਰਨ ਲੋਕਾਂ ਨੂੰ ਬਹੁਤ ਵੱਡੀ ਪ੍ਰੇਸ਼ਾਨੀ ਇਹ ਹੈ ਕਿ ਗੁਰਦੁਆਰਾ ਸਾਹਿਬ ਜਾਣ ਲਈ, ਬੱਚਿਆਂ ਨੂੰ ਸਕੂਲ ਜਾਣ ਲਈ, ਖ਼ਰੀਦਦਾਰੀ ਕਰਨ ਲਈ ਮੁੱਖ ਸੜਕ ਪਾਰ ਕਰਨੀ ਪੈਂਦੀ ਹੈ ਜੋ ਕਿ ਬਹੁਤ ਖ਼ਤਰਨਾਕ ਹੈ। ਕੌਮੀ ਮਾਰਗ ਹੋਣ ਕਾਰਨ ਟ੍ਰੈਫਿਕ ਬਹੁਤ ਹੈ ਹਰ ਵੇਲੇ ਘਟਨਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤਕ ਤਕਰੀਬਨ 15 ਜੀਆਂ ਦੀ ਸੜਕ ਹਾਦਸਿਆਂ ਕਾਰਨ ਮੌਤ ਵੀ ਹੋ ਚੁਕੀ ਹੈ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸਰਕਾਰ ਤੋਂ ਇੱਥੋਂ ਅੰਡਰਪਾਥ ਦੀ ਮੰਗ ਕੀਤੀ ਜਾਂਦੀ ਹੈ ਪਰ ਅਜੇ ਤਕ ਸਰਕਾਰ ਵੱਲੋਂ ਇਸ 'ਤੇ ਕੋਈ ਗ਼ੌਰ ਨਹੀਂ ਕੀਤਾ ਗਿਆ। ਇਸ ਇਲਾਕੇ ਦੀਆਂ ਕੁੜੀਆਂ ਨੂੰ ਪੜ੍ਹਨ ਲਈ ਦੂਰ ਜਾਣਾ ਪੈਂਦਾ ਹੈ ਇਸ ਲਈ ਲੋਕਾਂ ਦੀ ਪਿੰਡ ਵਿੱਚ ਕੁੜੀਆਂ ਦਾ ਕਾਲਜ ਖੋਲ੍ਹਣ ਦੀ ਮੰਗ ਹੈ। ਇਸ ਪਿੰਡ ਦਾ ਵਸਨੀਕ ਪੁਆਧੀ ਲੇਖਕ 'ਕਥਾ ਪੁਰਾਤਨ ਪੁਆਧ ਕੀ' ਅਤੇ 'ਪੁਆਧੀ ਅਖਾੜੇ ਕੀ ਇੱਕ ਰਾਤ' ਦੇ ਰਚੇਤਾ ਗਿਆਨੀ ਧਰਮ ਸਿੰਘ ਭੰਖਰਪੁਰ ਨੇ ਕਿਹਾ ਕਿ ਵੋਟਾਂ ਮੰਗਣ ਆਉਣ ਵਾਲੇ ਸਿਆਸਤਦਾਨਾਂ ਨੂੰ ਪਿੰਡ ਦੇ ਵਿਕਾਸ ਦੀ ਵੀ ਸਾਰ ਲੈਣੀ ਚਾਹੀਦੀ ਹੈ।

ਇਸ ਪਿੰਡ ਦੇ ਨੇੜੇ ਘੱਗਰ ਦਾ ਦਰਿਆ ਪਹਿਲਾਂ ਹੜ੍ਹਾਂ ਕਾਰਨ ਕਾਫ਼ੀ ਨੁਕਸਾਨ ਕਰਦਾ ਰਿਹਾ ਹੈ।

*(21 ਮਾਰਚ, 2021, ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

* * *

# ਫ਼ਤਿਹਪੁਰ ਥੇੜ੍ਹੀ ਆਦਰਸ਼ਕ ਪਿੰਡ

**ਮਨਮੋਹਨ ਸਿੰਘ ਦਾਊਂ**

*ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪੰਜਾਬ ਪ੍ਰੈਸ ਸਕੱਤਰ ਮਿਹਰ ਸਿੰਘ ਖਟੱੜਾ ਨੇ ਪਿੰਡ ਦੀ ਨੁਹਾਰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸੇ ਪਰਿਵਾਰ 'ਚੋਂ ਸਾਬਕਾ ਗ੍ਰਾਮ ਪੰਚਾਇਤ ਦੀ ਸਰਪੰਚ ਬੀਬੀ ਰਾਜਿੰਦਰ ਕੌਰ ਪਿੰਡ ਭਲਾਈ ਦੇ ਕੰਮਾਂ ਵਿੱਚ ਲੱਗੀ ਹੋਈ ਹੈ। ਵੇਰਕਾ ਪਲਾਂਟ ਮੁਹਾਲੀ ਦੇ ਸਾਬਕਾ ਡਾਇਰੈਕਟਰ ਮਲਕੀਤ ਸਿੰਘ ਖਟੱੜਾ ਉੱਦਮੀ ਤੇ ਸਮਾਜ-ਸੇਵੀ ਕਰ ਕੇ ਇਲਾਕੇ 'ਚ ਹਰਮਨ ਪਿਆਰੇ ਹਨ।*

ਫ਼ਤਿਹਪੁਰ ਥੇੜ੍ਹੀ ਪਿੰਡ ਦੀ ਬੜੀ ਦੇਰ ਤੋਂ ਲੋਕਾਂ ਕੋਲੋਂ ਮਹਿਮਾ ਸੁਣੀ ਸੀ। ਇਸ ਪਿੰਡ ਨੂੰ ਵੇਖਣ ਦੀ ਬੜੀ ਤਮੰਨਾ ਸੀ। ਆਖਰ ਮੈਂ 16 ਜਨਵਰੀ, 2016 ਨੂੰ ਇਸ ਪਿੰਡ ਨਾਲ ਗੁਫ਼ਤਗੂ ਕਰਨ ਲਈ ਪਹੁੰਚ ਗਿਆ। ਇਸ ਪਿੰਡ ਨੂੰ ਪਿੰਡ ਘੜੂੰਆਂ ਤੋਂ ਮਾਛੀਪੁਰ ਨੂੰ ਹੋ ਕੇ ਵੀ ਪੁੱਜਿਆ ਜਾ ਸਕਦਾ ਹੈ, ਪ੍ਰੰਤੂ ਮੈਂ ਆਪਣੀ ਕਾਰ ਰਾਹੀਂ ਛੋਟੀ ਮੜੌਲੀ ਤੋਂ ਮਾਛੀਪੁਰ ਦੀ ਸੜਕ ਰਾਹੀਂ ਪੁੱਜਿਆ। ਲੋਕ ਥੇੜ੍ਹੀ ਕਹਿੰਦੇ, ਪ੍ਰੰਤੂ ਕਾਗਜ਼ਾਂ ਵਿੱਚ ਫਤਿਹਪੁਰ ਥੇੜ੍ਹੀ ਅਖਵਾਉਂਦਾ ਹੈ। ਇਸ ਪਿੰਡ ਦੇ ਮੁਹਤਬਰ ਵਿਅਕਤੀ ਸ. ਮਿਹਰ ਸਿੰਘ ਖੱਟੜਾ ਦੇ ਘਰ ਜਾਣ ਦਾ ਮੌਕਾ ਮਿਲ ਗਿਆ। ਪੰਚ ਰਹੇ ਮਿਹਰ ਸਿੰਘ ਖੱਟੜਾ ਨੇ ਬੜੇ ਵਿਸਥਾਰ ਨਾਲ ਜਾਣਕਾਰੀ ਦਿੱਤੀ। 1947 ਤੋਂ ਪਹਿਲਾਂ ਇੱਥੇ ਮੁਸਲਮਾਨਾਂ ਦੀ ਬਹੁਤ ਗਿਣਤੀ ਹੁੰਦੀ ਸੀ। ਥੋੜ੍ਹੇ ਹੀ ਘਰ ਪੱਛੜੀ ਸ਼੍ਰੇਣੀਆਂ ਦੇ ਸਨ। ਲਾਇਲਪੁਰ ਤੋਂ ਚੜ੍ਹਦੇ ਪੰਜਾਬ 'ਚ ਆਏ ਖੱਟੜਾਂ ਤੇ ਧਨੋਆ ਗੋਤ ਦੇ ਲੋਕਾਂ ਨੂੰ ਮੁਸਲਮਾਨਾਂ ਦੇ ਘਰ ਤੇ ਜ਼ਮੀਨਾਂ ਇੱਥੇ ਦਿੱਤੀਆਂ ਗਈਆਂ। ਉਨ੍ਹਾਂ ਨੇ ਆ ਕੇ ਜ਼ਮੀਨਾਂ ਆਬਾਦ ਕੀਤੀਆਂ, ਘਰ ਮੁੜ ਉਸਾਰੇ, ਅਤੇ ਖੇਤੀ ਕਰ ਕੇ ਪਿੰਡ ਦੀ ਨੁਹਾਰ ਬਦਲੀ। ਕਦੇ ਇਹ ਪਿੰਡ ਪਟਿਆਲਾ ਰਿਆਸਤ 'ਚ ਰਿਹਾ, ਕਦੇ ਜ਼ਿਲ੍ਹਾ ਰੋਪੜ 'ਚ ਤੇ ਹੁਣ ਐਸ.ਏ.ਐਸ. ਨਗਰ (ਮੋਹਾਲੀ) ਦੇ ਖਰੜ ਬਲਾਕ ਤੇ ਤਹਿਸੀਲ ਖਰੜ ਦਾ ਹਿੱਸਾ ਹੈ।

ਇਸ ਵੇਲੇ ਇਸ ਪਿੰਡ ਦੇ ਕਰੀਬ 110 ਘਰ ਹਨ ਤੇ ਵੱਸੋਂ 600 ਦੇ ਨੇੜੇ-ਤੇੜੇ ਹੈ। ਮਾਛੀਪੁਰ ਤੇ ਥੇੜ੍ਹੀ ਦੀ ਸਾਂਝੀ ਜ਼ਮੀਨ 'ਤੇ ਸਰਕਾਰੀ ਮਿਡਲ ਸਕੂਲ ਦੀ ਸ਼ਾਨਦਾਰ ਇਮਾਰਤ ਹੈ। ਤਿੰਨ ਕਨਾਲ ਮਾਛੀਪੁਰ ਦੀ ਅਤੇ 14 ਕਨਾਲ ਥੇੜ੍ਹੀ ਦੀ ਜ਼ਮੀਨ ਹੈ। ਪਿੰਡ ਵਾਸੀ ਨੇ ਗੁਰਦੁਆਰਾ ਸਾਹਿਬ ਦੀ ਮੁੜ ਨਵੀਂ ਉਸਾਰੀ ਕੀਤੀ ਹੈ। ਸਰਕਾਰੀ ਡਿਸਪੈਂਸਰੀ ਪਿੰਡ ਬੱਤਾ ਦੀ ਪੈਂਦੀ ਹੈ।

ਧਰਮਸ਼ਾਲਾ ਤੇ ਖੇੜਾ ਸਾਂਝੀਵਾਲਤਾ ਦੇ ਪ੍ਰਤੀਕ ਹਨ। ਪਿੰਡ ਦੇ ਪੁਰਾਤਨ ਹੋਣ ਦੀ ਇੱਕੋ-ਇੱਕ ਨਿਸ਼ਾਨੀ ਗੁੰਬਦਾਂ ਦੇ ਰੂਪ ਵਿੱਚ ਇੱਕ ਮਸੀਤ ਹੈ ਤੇ ਨਾਲ ਹੀ ਇੱਕ ਖੂਹ, ਜੋ ਦੁਰਘਟਨਾਵਾਂ ਹੋਣ ਤੋਂ ਰੋਕਣ ਲਈ ਲੈਂਟਰ ਲਾ ਕੇ ਕੱਜ ਦਿੱਤਾ ਗਿਆ ਹੈ। ਦੁੱਧ ਇਕੱਠਾ ਕਰਨ ਲਈ ਇਸ ਮਸੀਤ ਦੀ ਸਾਫ਼-ਸਫ਼ਾਈ ਕਰ ਕੇ ਇੱਕ ਕਮਰਾ ਵੀ ਸ. ਮਲਕੀਅਤ ਵਿੱਚ ਖੱਟੜਾ ਨੇ ਬਣਵਾ ਦਿੱਤਾ। ਮਲਕੀਅਤ ਸਿੰਘ ਖੱਟੜਾ (ਸਪੁੱਤਰ ਮਿਹਰ ਸਿੰਘ ਖੱਟੜਾ) 25 ਸਾਲ ਦੀ ਉਮਰੇ ਦਸ ਸਾਲ ਸਰਪੰਚ ਰਿਹਾ, ਜਿਸ ਨੇ ਇਸ ਪਿੰਡ ਦੀ ਨੁਹਾਰ ਬਦਲ ਕੇ ਆਦਰਸ਼ਕ ਪਿੰਡ ਬਣਾ ਦਿੱਤਾ। ਪਿੰਡ ਦੀਆਂ ਨਾਲੀਆਂ ਦੀ ਸਫ਼ਾਈ ਬਾਕਾਇਦਾ ਕੀਤੀ ਜਾਂਦੀ ਹੈ। ਸਾਰੀਆਂ ਗਲੀਆਂ ਇੱਟਾਂ ਦੀ ਥਾਂ ਸੀਮਿੰਟਡ ਅਤੇ ਪੇਵਰ (ਸੀਮਿੰਟ ਦੇ ਬਲਾਕ) ਬਣਵਾ ਦਿੱਤੀਆਂ। ਪਾਣੀ ਦੇ ਨਿਕਾਸ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ। ਪਿੰਡ 'ਚੋਂ ਸ਼ਮਸ਼ਾਨ ਭੂਮੀ ਤੱਕ ਪੱਕਾ ਰਸਤਾ ਬਣਾ ਕੇ ਉਸ ਨੂੰ ਵੀ ਸੁੰਦਰ ਦਿੱਖ ਪ੍ਰਦਾਨ ਕੀਤੀ। ਪਿੰਡ ਦੀਆਂ ਰੂੜੀਆਂ ਦਾ ਗੋਬਰ ਤੇ ਕੂੜਾ ਪਹੀਆਂ 'ਚ ਜਾਂ ਗਲੀਆਂ 'ਚ ਖਿਲਰਨ ਤੋਂ ਰੋਕਣ ਲਈ ਛੋਟੀਆਂ-ਛੋਟੀਆਂ (ਲਾਂਘੇ ਰੱਖ ਕੇ) ਦੀਵਾਰਾਂ ਕਰਵਾ ਦਿੱਤੀਆਂ ਤਾਂ ਜੋ ਬਦਬੂ ਨਾ ਆਵੇ ਤੇ ਕੁਹਜ ਨਾ ਦਿੱਸੇ। ਇਸ ਨੌਜੁਆਨ ਸਰਪੰਚ ਦੀ ਲੋਕ-ਭਲਾਈ ਅਤੇ ਉਸਾਰੂ ਸੋਚ ਨੇ ਪਿੰਡ 'ਚ ਕਦੇ ਕੋਈ ਝਗੜਾ ਹੋਣ ਹੀ ਨਹੀਂ ਦਿੱਤਾ। ਕਦੇ ਪੁਲੀਸ ਨੂੰ ਵੀ ਬਦਅਮਨੀ, ਜਾਂ ਕਿਸੇ ਹੋਰ ਮਸਲੇ ਬਾਰੇ ਆਉਣ ਦਾ ਅਵਸਰ ਨਹੀਂ ਮਿਲਿਆ। ਪਿੰਡ 'ਚ ਦੁੱਧ ਦੇ ਧੰਦੇ ਨੂੰ ਉਪਯੋਗੀ ਬਣਾਉਣ ਲਈ ਨਵੀਆਂ-ਨਵੀਆਂ ਸਕੀਮਾਂ ਤੇ ਸਹੂਲਤਾਂ ਉਪਲਬਧ ਕਰਾਉਣ ਲਈ ਪਸ਼ੂ-ਪਾਲਣ ਵਿਭਾਗ ਅਤੇ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰ ਕੇ ਹਰ ਇੱਕ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ ਕੀਤੀ। ਇਨ੍ਹਾਂ ਉੱਦਮਾਂ ਕਰ ਕੇ ਹੀ ਮਲਕੀਅਤ ਸਿੰਘ ਖੱਟੜਾ ਮਿਲਕ ਪਲਾਂਟ ਦਾ ਡਾਇਰੈਕਟਰ ਰਿਹਾ, ਅਤੇ ਮਿਲਕ ਸੋਸਾਇਟੀ ਥੇੜੀ ਦਾ ਪ੍ਰਧਾਨ ਹੈ। ਪਿੰਡ ਵਿੱਚ ਇਸ ਪਰਿਵਾਰ ਦੀ ਹਰਮਨ ਪਿਆਰਤਾ ਦਾ ਸਬੂਤ ਹੈ । ਮਨਜਿੰਦਰ ਕੌਰ ਖੱਟੜਾ, ਜੋ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਚੁਣੇ ਗਏ। ਸਰਕਾਰੀ ਸਕੂਲ ਵਿੱਚ ਮਲਕੀਅਤ ਸਿੰਘ ਖੱਟੜਾ ਨੇ ਆਪਣੇ ਵੱਲੋਂ ਸਮਾਗਮਾਂ ਦੇ ਆਯੋਜਨ ਲਈ 25-25 ਫੁੱਟ ਦੀ ਸਟੇਜ ਬਣਵਾਈ। ਕਮਰਿਆਂ ਦੀ ਉਸਾਰੀ ਕਰਵਾਈ ਤੇ ਆਂਗਣਵਾੜੀ ਖੁੱਲ੍ਹਵਾਈ। ਇਸ ਤੋਂ ਬਿਨਾਂ ਆਪਣੇ ਸਰਪੰਚੀ-ਕਾਲ ਵਿੱਚ ਤਤਕਾਲੀ ਹਲਕਾ ਵਿਧਾਇਕ ਸ. ਬੀਰ ਦੀਵਿੰਦਰ ਸਿੰਘ ਦੇ ਉੱਦਮ ਕਰ ਕੇ ਥੇੜੀ ਤੋਂ ਭਟੇੜੀ ਪਿੰਡ ਤੱਕ ਲਿੰਕ ਰੋਡ ਬਣਵਾਈ। ਘੜੂੰਆਂ ਨੇੜੇ ਬਿਜਲੀ ਗਰਿੱਡ ਨੂੰ ਸੁਚਾਰੂ ਢੰਗ ਨਾਲ ਚਲਾਉਣ

ਵਿੱਚ ਪੂਰੀ ਦਿਲਚਸਪੀ ਲੈਣ ਕਾਰਨ ਪਿੰਡ ਵਿਚ ਬਿਜਲੀ ਗੁਲ ਨਹੀਂ ਹੁੰਦੀ। ਬਹੁਤ ਦੇਰ ਤੋਂ ਜਲ ਸਪਲਾਈ ਦਾ ਪ੍ਰਬੰਧ ਕੀਤਾ ਹੋਇਆ ਹੈ।

ਗੁਰਦੁਆਰਾ ਸਾਹਿਬ ਦੇ ਨੇੜੇ, ਪਿੰਡ ਤੋਂ ਬਾਹਰ ਢੁੱਕਵੀਂ ਥਾਂ ਦੀ ਅਦਲਾ-ਬਦਲੀ ਕਰ ਕੇ ਸ਼ਾਨਦਾਰ ਕਮਿਊਨਿਟੀ ਸੈਂਟਰ ਉਸਾਰਿਆ, ਜਿਸ 'ਤੇ ਲਗਭਗ 30 ਲੱਖ ਰੁਪਏ ਖਰਚਾ ਆਇਆ ਵੱਡਾ ਹਾਲ ਕਮਰਾ 40-76 ਫੁੱਟ ਆਕਾਰ ਦਾ ਹੈ। ਉੱਪਰ ਚੁਬਾਰਿਆਂ ਵਾਲੇ ਕਮਰੇ ਵੀ ਹਨ। ਜਿੰਮ ਵੀ ਹੈ। ਵਧੀਆ ਕਿਚਨ ਤੇ ਵਾਸ਼-ਰੂਮ ਹਨ। ਸਾਰਾ ਪ੍ਰਬੰਧ ਪਿੰਡ ਦੇ ਨੌਜਵਾਨ ਰਲ-ਮਿਲ ਕੇ ਚਲਾਉਂਦੇ ਹਨ। ਖੁਸ਼ੀ-ਗ਼ਮੀ ਦੇ ਸਮਾਗਮਾਂ ਲਈ ਇਸ ਭਵਨ ਉਸਾਰੀ ਲਈ ਤਿੰਨ ਕਨਾਲ ਜ਼ਮੀਨ ਦਾਨ ਕਰਕੇ ਪਰਉਪਕਾਰੀ ਖ਼ਾਨਦਾਨ ਦੀ ਮਿਸਾਲ ਪੈਦਾ ਕੀਤੀ।

ਇਸ ਪਿੰਡ ਦੀਆਂ ਕੁਝ ਵਿਲੱਖਣ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਸਾਲ 2015 ਦੀਆਂ ਗਰਮੀਆਂ ਵਿੱਚ ਨਾਇਬ ਤਹਿਸੀਲਦਾਰ ਸ੍ਰੀ ਤਰਸੇਮ ਮਿੱਤਲ ਅਤੇ ਤਹਿਸੀਲਦਾਰ ਗੁਰਮੀਤ ਸਿੰਘ ਬੈਂਸ ਨੇ ਇਸ ਪਿੰਡ ਨੂੰ ਕਮਿਊਨਿਟੀ ਸੈਂਟਰ ਫੀਲਡ ਚੁਣਿਆ, ਜਿੱਥੇ ਦੇਸ਼ ਦੇ 55 ਜੱਜਾਂ ਨੂੰ ਇਸ ਪਿੰਡ ਦਾ ਟੂਰ ਕਰਵਾਇਆ। ਜ਼ਮੀਨਾਂ ਬਾਰੇ ਜਾਣਕਾਰੀ ਦਿੱਤੀ, ਖੇਤੀਬਾੜੀ ਦੇ ਪੁਰਾਣੇ ਤੇ ਨਵੀਨ ਸੰਦਾਂ ਬਾਰੇ ਪ੍ਰਯੋਗੀ ਜਾਣਕਾਰੀ ਦਿੱਤੀ ਗਈ। ਇਨ੍ਹਾਂ ਜੱਜਾਂ ਵਿੱਚ ਔਰਤਾਂ ਵੀ ਸਨ। ਪਿੰਡ ਵਾਸੀਆਂ ਨੇ ਸੇਵਾ ਤੇ ਸਨਮਾਨ ਕਰ ਕੇ ਨਵੇਂ ਬਣ ਰਹੇ ਜੱਜਾਂ ਦਾ ਦਿਲ ਜਿੱਤਿਆ ਤੇ ਸ਼ੋਭਾ ਖੱਟੀ। ਇਸ ਚੰਗੇਰੇ ਸਹਿਯੋਗ ਸਦਕਾ ਇਹ ਛੋਟਾ ਜਿਹਾ ਪਿੰਡ ਵੱਡ ਉਦੇਸ਼ਾਂ ਦੀ ਪੂਰਤੀ ਲਈ ਯਤਨਸ਼ੀਲ ਰਹਿੰਦਾ ਹੈ। ਕਿੰਨਾ ਚੰਗਾ ਹੋਵੇ, ਪੰਜਾਬ ਦੇ ਹੋਰ ਪਿੰਡ ਵੀ ਇਸ ਪਿੰਡ ਦੀ ਰੀਸ ਕਰਨ ਤੇ ਇਹ ਕਹਿਣ ਦਾ ਗੌਰਵ ਹੋਵੇ:

ਆ ਜਾ ਮੇਰੇ ਪਿੰਡ ਦੀ ਬਹਾਰ ਵੇਖ ਲੈ।
ਸੁਰਗਾਂ ਵਰਗੀ ਖਿੜੀ ਗੁਲਜ਼ਾਰ ਵੇਖ ਲੈ।

ਇੱਕ ਬੋਲੀ ਵੀ ਢੁਕਦੀ ਹੈ ਇਸ ਪਿੰਡ ਬਾਰੇ :

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਥੇੜੀ।
ਸੁਹਣਾ ਜਿਸ ਦਾ ਕਮਿਊਨਿਟੀ ਸੈਂਟਰ,
ਗਲੀਆਂ ਪੱਕੀਆਂ, ਸਾਫ਼ ਨਾਲੀਆਂ,
ਮਾਰ ਕੇ ਵੇਖੀਂ ਗੇੜੀ।

* * *

# ਮਾਂ-ਬੋਲੀ ਨੂੰ ਪ੍ਰਣਾਇਆ ! ਪਿੰਡ ਸਾਰੰਗਪੁਰ

-ਮਨਮੋਹਨ ਸਿੰਘ ਦਾਊਂ

ਚੰਡੀਗੜ੍ਹ ਵਸਾਉਣ ਲਈ ਜਿਨ੍ਹਾਂ 50 ਪਿੰਡਾਂ ਨੂੰ ਉਜਾੜਿਆ ਤੇ ਢਾਹਿਆ ਗਿਆ, ਉਨ੍ਹਾਂ 'ਚੋਂ 22 ਯੂ.ਟੀ. ਚੰਡੀਗੜ੍ਹ ਦੇ ਕਾਇਮ ਰਹੇ ਪਿੰਡਾਂ 'ਚੋਂ ਸਾਰੰਗਪੁਰ ਪਿੰਡ ਹੈ ਜੋ ਪੀ.ਜੀ.ਆਈ. ਚੰਡੀਗੜ੍ਹ ਤੋਂ ਮੁੱਲਾਂਪੁਰ ਨੂੰ ਜਾਂਦੀ ਹਾਈ-ਵੇ 'ਤੇ ਲਗਪਗ ਤਿੰਨ ਕਿੱਲੋਮੀਟਰ ਖੱਬੇ ਹੱਥ ਸਥਿੱਤ, ਆਪਣੀ ਦਰਦ ਕਹਾਣੀ ਸੁਣਾਉਂਦਾ ਹੈ।

ਕਿਸੇ ਸਮੇਂ ਇਸ ਪਿੰਡ ਦਾ ਰਕਬਾ 600 ਏਕੜ ਹੁੰਦਾ ਸੀ। ਕਣਕ, ਮੱਕੀ, ਗੰਨਾ, ਚਰੀ ਤੇ ਕਪਾਹ ਦੀਆਂ ਫਸਲਾਂ ਮਾਰੂ ਖੇਤੀ ਨਾਲ ਲਹਿ ਲਹਾਉਂਦੀਆਂ ਸਨ। ਔਜਲਾ, ਬਾਜਵਾ, ਢੀਂਡਸਾ, ਬਾਸੀ ਅਤੇ ਸਿੱਧੂ ਪਰਿਵਾਰ ਭਰਵੀਂ ਖੇਤੀ ਕਰਦੇ ਸਨ ਤੇ ਆਪਸੀ ਸਾਂਝ ਹੁੰਦੀ ਸੀ। ਗੌੜ ਤੇ ਸਾਰਸਵੱਤ ਪੰਡਤਾਂ ਦੇ ਘਰ ਵੀ ਖੁਸ਼ਹਾਲ ਜੀਵਨ ਬਤੀਤ ਕਰਦੇ ਸਨ। ਧੀਮਾਨ ਗੋਤ ਦੇ ਪਰਿਵਾਰ ਵੀ ਚੰਗੀ ਜ਼ਿੰਦਗੀ ਵਾਲੇ ਸਨ। ਪਿੰਡ ਦੇ ਵਸਨੀਕ ਗੁਰਦੁਆਰਾ, ਮੰਦਰ, ਖੇੜਾ ਤੇ ਗੁੱਗਾ ਮਾੜੀ ਦੀ ਆਸਥਾ ਰੱਖਣ ਵਾਲੇ ਸਾਂਝੇ ਤੌਰ 'ਤੇ ਤਿਉਹਾਰ ਮਨਾਉਂਦੇ ਹੁੰਦੇ ਸਨ।

ਚੰਡੀਗੜ੍ਹ ਦੇ ਉਜਾੜਿਆਂ ਦੀ ਦਾਸਤਾਨ ਸਮੇਂ 1957-58 ਦੌਰਾਨ ਪਟਿਆਲਾ ਕੀ ਰਾਓ ਨਦੀ ਲਈ ਜ਼ਮੀਨ ਸੈਂਕੜਿਆਂ ਦੇ ਭਾਅ ਹੜੱਪ ਕਰ ਲਈ ਗਈ। ਸਾਰੰਗਪੁਰ ਦੀ ਪੰਚਾਇਤ 1955 ਵਿਚ ਸਰਪੰਚ ਚਮੇਲ ਸਿੰਘ ਬਾਜਵਾ ਦੀ ਅਗਵਾਈ ਹੇਠ ਬਣੀ ਉਦੋਂ ਇਸ ਪਿੰਡ ਦੇ 60 ਦੇ ਕਰੀਬ ਘਰ ਸਨ। ਪਿੰਡ ਵਿਚ ਉਦੋਂ 3 ਖੂਹ ਸਨ। 1965-66 'ਚ ਦੋ ਟਿਊਬਵੈੱਲ ਲੱਗੇ ਤੇ ਫਿਰ ਟਿਊਬਵੈੱਲਾਂ ਦਾ ਦੌਰ ਸ਼ੁਰੂ ਹੋ ਗਿਆ।

ਪੱਤਰਕਾਰ ਤਰਲੋਚਨ ਸਿੰਘ ਆਪਣੀ ਪੁਸਤਕ 'ਚੰਡੀਗੜ੍ਹ ਉਜਾੜਿਆਂ ਦੀ ਦਾਸਤਾਨ' ਵਿੱਚ ਲਿਖਦੇ ਹਨ ਕਿ ਚੰਡੀਗੜ੍ਹ ਯੂ.ਟੀ ਪ੍ਰਸ਼ਾਸਨ ਵੱਲੋਂ ਸਾਰੰਗਪੁਰ ਪਿੰਡ ਦੀ ਜ਼ਮੀਨ ਉੱਪਰ ਫਿਲਮੀ ਸਿਟੀ, ਐਜੂਸਿਟੀ, ਮੈਡੀਸਿਟੀ ਆਦਿ ਉਸਾਰਨ ਦੇ ਦਾਅਵੇ ਭ੍ਰਿਸ਼ਟਾਚਾਰ ਦੇ ਅੱਡੇ ਸਾਬਤ ਹੋਏ। ਕੌਡੀਆਂ ਦੇ ਭਾਅ ਗ੍ਰਹਿਣ ਕੀਤੀ ਜ਼ਮੀਨ ਉੱਪਰ ਉਸਾਰੇ ਜਾਣ ਵਾਲੇ ਇਹ ਪ੍ਰੋਜੈਕਟ ਮੁੱਢਲੇ ਦੌਰ ਵਿੱਚ ਹੀ

ਵੱਡੇ ਘਪਲੇ ਹੋਣ ਦੇ ਸੰਕੇਤਾਂ ਦੇ ਘੇਰੇ ਵਿੱਚ ਆ ਗਏ। ਦੁਖਾਂਤ ਇਹ ਹੋਇਆ ਕਿ ਜ਼ਮੀਨਾਂ ਖੁਸ ਜਾਣ ਕਾਰਨ ਖੇਤੀ ਦਾ ਧੰਦਾ ਤੇ ਦੁੱਧ ਦਾ ਧੰਦਾ ਹੱਥੋਂ ਨਿਕਲ ਗਿਆ। ਮੁੜ ਵਸੇਵਾ ਵੀ ਨਾ ਕੀਤਾ। ਉਜੜੇ ਲੋਕਾਂ ਨੂੰ ਨਾ ਨੌਕਰੀਆਂ ਦਿੱਤੀਆਂ ਤੇ ਨਾ ਹੀ ਰਹਿਣ ਲਈ ਫਲੈਟ ਅਲਾਟ ਕੀਤੇ ਸਗੋਂ ਓਪਰੇ ਵਸਨੀਕਾਂ ਨੂੰ ਵਸਣ ਲਈ ਨਜਾਇਜ਼ ਸਹੂਲਤਾਂ ਦਿੱਤੀਆਂ। ਪਿੰਡ ਦੇ ਉੱਘੇ ਸਮਾਜ-ਸੇਵੀ ਤੇ ਸਾਬਕਾ ਸਰਪੰਚ ਸਾਧੂ ਸਿੰਘ (83 ਸਾਲ) ਨੇ ਦੱਸਿਆ ਕਿ ਪਹਿਲੇ ਦੌਰ ਵਿੱਚ ਮੁਰੱਬੇਬੰਦੀ ਸਮੇਂ ਅੰਬਾਲਾ-ਮੁੱਲਾਂਪੁਰ ਸੜਕ ਕੱਢਣ ਲਈ ਪਿੰਡ ਵਾਸੀਆਂ ਨੇ ਇਸ ਸੜਕ ਲਈ ਖੁਦ ਜ਼ਮੀਨ ਦਿੱਤੀ। ਪੁਆਧ ਦੇ ਇਸ ਪਿੰਡ ਨਾਲ ਬੇਇਨਸਾਫ਼ੀ ਦੀ ਕਹਾਣੀ ਕਈ ਪੱਖਾਂ ਤੋਂ ਦੁਖਦਾਇਕ ਹੈ।

ਪਿੰਡ ਸਾਰੰਗਪੁਰ ਨੇ ਯੂ.ਟੀ. ਚੰਡੀਗੜ੍ਹ ਦੇ 22 ਪਿੰਡਾਂ 'ਚੋਂ ਆਪਣੀ ਵੱਖਰੀ ਪਛਾਣ ਮਾਂ-ਬੋਲੀ ਪੰਜਾਬੀ ਲਈ ਮੋਹ ਕਰਕੇ ਬਣਾਈ ਹੈ। ਜਿੱਥੇ ਇਨ੍ਹਾਂ ਉਜਾੜੇ ਗਏ ਪਿੰਡਾਂ ਦੀ ਸੰਸਕ੍ਰਿਤੀ, ਸਭਿਆਚਾਰ, ਇਤਿਹਾਸ, ਵਿਰਸਾ, ਵਿਰਾਸਤ ਤੇ ਪੁਆਧੀ ਪੰਜਾਬੀ ਭਾਸ਼ਾ ਨੂੰ ਠੇਸ ਪਹੁੰਚੀ ਹੈ, ਉਸ ਵਿਰਾਸਤ ਨੂੰ ਸਮਝਦੇ ਹੋਏ, ਸਾਰੰਗਪੁਰ ਨੇ ਚੰਡੀਗੜ੍ਹ ਨੂੰ ਪੰਜਾਬੀ ਭਾਸ਼ਾ ਦੇ ਰੰਗ 'ਚ ਰੰਗਣ ਲਈ ਪੂਰੇ ਉਮਾਹ ਨਾਲ ਜਤਨ ਆਰੰਭੇ ਹਨ। ਇਹ ਪਹਿਲਾ ਪਿੰਡ ਹੈ ਜੋ ਪੰਜਾਬੀ ਭਾਸ਼ਾ ਲਈ ਇੱਕ ਮੁੱਠ ਹੋ ਕੇ ਨਿਤਰਿਆ ਹੈ। ਪਿੰਡ ਦੀ ਜੂਹ ਤੋਂ ਹੀ ਪੰਜਾਬੀ ਮਾਂ ਬੋਲੀ 'ਚ ਤੁਹਾਡਾ ਸੁਆਗਤ ਹੁੰਦਾ ਹੈ। ਪਿੰਡ ਦੇ ਹਰ ਘਰ ਦੇ ਬੂਹੇ 'ਤੇ ਪੰਜਾਬੀ 'ਚ ਨਾਮ ਦੀਆਂ ਤਖਤੀਆਂ ਦੇਖਣ ਨੂੰ ਮਿਲਦੀਆਂ ਹਨ। ਸਰਕਾਰੀ ਅਦਾਰਿਆਂ 'ਤੇ ਵੀ ਪੰਜਾਬੀ ਵਿਚ ਲਿਖਿਆ ਮਿਲਦਾ ਹੈ। ਲਗਪਗ 400 ਦੇ ਮਾਲਕਾਂ ਦੇ ਨਾਂ ਘਰ ਦਾ ਨੰਬਰ ਅਤੇ ਮੋਬਾਇਲ ਨੰਬਰ ਪੜ੍ਹਕੇ ਦਿਲ ਗਦ-ਗਦ ਹੋ ਜਾਂਦਾ ਹੈ। ਇਸ ਯੋਜਨਾ ਨੂੰ ਰੂਪਮਾਨ ਕਰਨ ਲਈ ਬਜ਼ੁਰਗ ਬਾਬਾ ਸਾਧੂ ਸਿੰਘ (ਸਾਬਕਾ ਸਰਪੰਚ) ਤੇ ਉਸ ਦੇ ਹਮਜੋਲੀਆਂ ਸਦਕਾ ਸਫ਼ਲਤਾ ਮਿਲੀ ਹੈ। ਚੰਡੀਗੜ੍ਹ 'ਚ ਪੰਜਾਬੀ ਨੂੰ ਪ੍ਰਮੁੱਖਤਾ ਦੇਣ ਲਈ ਜਿੱਥੇ ਚੰਡੀਗੜ੍ਹ ਪੰਜਾਬੀ ਮੰਚ, ਸਾਹਿਤਕ ਸਭਾਵਾਂ, ਅਕਾਦਮੀਆਂ ਤੇ ਹੋਰ ਸੰਸਥਾਵਾਂ ਯਤਨਸ਼ੀਲ ਹਨ, ਉੱਥੇ ਬਾਬਾ ਸਾਧੂ ਸਿੰਘ ਨੇ ਇਸ ਸੁਪਨੇ ਨੂੰ ਸਾਕਾਰ ਕਰ ਵਿਖਾਇਆ ਹੈ। ਵੱਡੀ ਗੱਲ ਇਹ ਹੈ ਕਿ ਇਸ ਪਿੰਡ ਦੇ ਵਾਸੀਆਂ ਨੇ ਰਾਜਸੀ ਪਾਰਟੀਆਂ ਦੀ ਦਖਲ ਅੰਦਾਜ਼ੀ ਤਜ ਕੇ ਆਪਣੇ ਜਤਨਾਂ ਨਾਲ ਇਸ ਮੁਹਿੰਮ ਨੂੰ ਸਿਰੇ ਚਾੜ੍ਹਿਆ ਹੈ। ਪਿੰਡ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੇ ਪਹਿਲੀ ਭਾਸ਼ਾ ਆਪਣੀ ਮਾਂ -

ਬੋਲੀ ਪੰਜਾਬੀ ਲਿਖਵਾ ਕੇ ਇਸ ਲਹਿਰ ਨੂੰ ਹੋਰ ਵੀ ਪੱਕਿਆਂ ਕੀਤਾ। ਪੰਜਾਬੀ ਹਿਤੈਸ਼ੀਆਂ 'ਚ ਜਸਵਿੰਦਰ ਸਿੰਘ (#146), ਸੁਰਿੰਦਰ ਸਿੰਘ (#43), ਗੁਰਿੰਦਰ ਸਿੰਘ (#151), ਭੁਪਿੰਦਰ ਸਿੰਘ (#41), ਗੁਰਚਰਨ ਸਿੰਘ (#20) ਆਦਿ ਦੇ ਨਾਮ ਜ਼ਿਕਰਯੋਗ ਹਨ। ਪਿੰਡ-ਪੰਚਾਇਤ ਤੇ ਪਿੰਡ ਭਲਾਈ ਕਮੇਟੀ ਦੇ ਸਹਿਯੋਗ ਨਾਲ ਨੌਜੁਆਨਾਂ ਵੱਲੋਂ ਪੰਜਾਬੀ ਭਾਸ਼ਾ ਦੇ ਹੱਕ ਵਿਚ ਖੜ੍ਹਨ ਲਈ ਇਸ ਉੱਦਮ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਸ ਵੇਲੇ ਇਸ ਪਿੰਡ ਦੇ 700 ਕੁ ਘਰ ਹਨ ਤੇ ਅਬਾਦੀ ਕਰੀਬ ਪੰਜ ਹਜਾਰ ਨੂੰ ਪਹੁੰਚਣ ਵਾਲੀ ਹੈ। ਜੱਦੀ ਵੱਸੋਂ ਨਾਲੋਂ ਦੂਜੇ ਪ੍ਰਾਤਾਂ ਤੋਂ ਆ ਕੇ ਵਸੇ ਲੋਕਾਂ ਨਾਲ ਇਸ ਪਿੰਡ ਦਾ ਮੁਹਾਂਦਰਾ ਬਦਲਦਾ ਜਾ ਰਿਹਾ ਹੈ। ਕਿਰਾਏਦਾਰ ਤੇ ਚੰਡੀਗੜ੍ਹ ਨੌਕਰੀ ਪੇਸ਼ਾ ਲੋਕ ਰਹਿ ਰਹੇ ਹਨ।

ਇਹ ਪਿੰਡ ਲਗਪਗ ਚਾਰ ਸੌ ਸਾਲ ਪੁਰਾਣਾ ਦੱਸਿਆ ਜਾਂਦਾ ਹੈ ਉਦੋਂ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਜੰਗਲ ਨੁਮਾ ਇਲਾਕਾ ਮੰਨਿਆ ਜਾਂਦਾ ਸੀ। ਚੰਡੀਗੜ੍ਹ ਵਸਣ ਤੋਂ ਪਹਿਲਾਂ ਸਿੱਖਿਆ ਦੀਆਂ ਸਹੂਲਤਾਂ ਨਹੀਂ ਸਨ। ਕੁਝ ਨਾਮਵਰ ਸ਼ਖ਼ਸੀਅਤਾਂ ਡਾ. ਲਖਮੀਰ ਸਿੰਘ, ਡਾ. ਵਜ਼ੀਰ ਸਿੰਘ, ਰਘਬੀਰ ਸਿੰਘ, ਮਾ. ਬਾਬੂ ਰਾਮ, ਚੇਤ ਸਿੰਘ, ਨਰੰਜਨ ਸਿੰਘ, ਐਕਸੀਅਨ ਹਰਦੇਵ ਸਿੰਘ ਧੀਮਾਨ ਆਦਿ ਸਨਮਾਨਯੋਗ ਹੋਈਆਂ ਹਨ।

***

# ਖੰਡ - ਚੌਥਾ

## ਪੁਆਧ ਦੀਆਂ ਕੁਝ ਪ੍ਰਮੁੱਖ ਸ਼ਖ਼ਸੀਅਤਾਂ

# ਮਹਾਂ ਵਿੱਦਿਆ-ਦਾਨੀ (ਸਰ) ਇੰਦਰਾ ਸਿੰਘ

- ਮਨਮੋਹਨ ਸਿੰਘ ਦਾਊਂ



ਸ੍ਰੀ ਚਮਕੌਰ ਸਾਹਿਬ ਦੇ ਨੇੜੇ ਘੁੱਗ ਵਸਦੇ ਪਿੰਡ ਦੁੱਮਣਾ ਵਿਖੇ ਸਰਦਾਰ ਇੰਦਰਾ ਸਿੰਘ ਦਾ ਜਨਮ 1880ਈ. ਨੂੰ ਸ. ਕਿਸ਼ਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਇੱਕ ਸਾਧਾਰਨ ਕਿਸਾਨ ਪਰਿਵਾਰ 'ਚੋਂ ਤਰੱਕੀ ਦੇ ਮਾਰਗ 'ਤੇ ਤੁਰਨ ਲਈ ਸ. ਇੰਦਰਾ ਸਿੰਘ ਨੇ 1902 ਵਿੱਚ ਓਵਰਸੀਅਰ ਦਾ ਕੋਰਸ ਕੀਤਾ ਜਿਹੜਾ ਉਨ੍ਹਾਂ ਸਮਿਆਂ ਵਿੱਚ ਇੱਕ ਵਡਮੁੱਲੀ ਪ੍ਰਾਪਤੀ ਸੀ। ਪੁਆਧ ਦੇ ਇਸ ਪਿੰਡ 'ਚੋਂ ਕਿਸੇ ਵਿਦਿਆਰਥੀ ਲਈ ਅਜਿਹੀ ਉਪਾਧੀ ਹਾਸਲ ਕਰਨੀ ਸੱਚ-ਮੁੱਚ ਮਾਣ ਵਾਲੀ ਸੀ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇੱਕ ਪੇਂਡੂ ਜਗਿਆਸੂ ਨੇ ਆਪਣੇ ਸੁਪਨੇ ਸਾਕਾਰ ਕਰਨ ਲਈ ਬਿਹਾਰ ਪ੍ਰਾਂਤ ਦੇ ਸ਼ਹਿਰ ਜਮਸ਼ੈਦਪੁਰ ਵਿਖੇ, ਆਪਣੀ ਕਾਰ-ਗੁਜ਼ਾਰੀ ਕਰਨ ਲਈ (ਸਰ) ਸ੍ਰੀ ਦੋਰਬਲੀ ਟਾਟਾ ਨਾਲ ਸਾਂਝ ਪਾ ਕੇ ਸਟੀਲ ਮਿਲ ਲਾਉਣ ਲਈ ਆਪਣਾ ਮਨ ਪੱਕਾ ਕਰ ਲਿਆ ਹੋਵੇ। ਹੌਲੇ-ਹੌਲੇ ਕੰਮ 'ਚ ਮਹਾਰਤ ਹਾਸਲ ਕਰਦਿਆਂ ਸ੍ਰੀ ਇੰਦਰਾ ਸਿੰਘ ਨੇ ਆਪਣਾ ਨਿਜੀ ਸਟੀਲ ਮਿੱਲ ਯੂਨਿਟ ਖੋਲ੍ਹ ਲਿਆ। ਇਸ ਉੱਦਮ ਨਾਲ ਏਨੀ ਸਫ਼ਲਤਾ ਮਿਲੀ ਕਿ ਆਪ ਦੀ ਪ੍ਰਸਿਧੀ ਚਾਰ-ਚੁਫੇਰੇ ਫੈਲ ਗਈ ਤੇ ਪੰਜਾਬ ਵਿੱਚ ਧੁਮਾਂ ਪੈਣ ਲਗੀਆਂ। ਜ਼ਿਕਰਯੋਗ ਹੈ ਕਿ ਸ. ਇੰਦਰ ਸਿੰਘ ਦੀ ਸ਼ਾਦੀ ਸਰਦਾਰਨੀ ਨਿਹਾਲ ਕੌਰ ਪਿੰਡ ਮਾਨਪੁਰ ਹੋਈ। ਆਪ ਦੇ ਗ੍ਰਹਿ ਬਲਦੇਵ ਸਿੰਘ, ਅਜਾਇਬ ਸਿੰਘ, ਮਾਧੋ ਸਿੰਘ, ਸੰਤ ਕੌਰ ਤੇ ਪ੍ਰਸੰਨ ਕੌਰ ਬੱਚਿਆਂ ਨੇ ਜਨਮ ਲਿਆ। ਇਨ੍ਹਾਂ 'ਚੋਂ ਸ ਬਲਦੇਵ ਸਿੰਘ ਨੂੰ ਅਗਲੇਰੀ ਪੜ੍ਹਾਈ ਲਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਕਰਨ ਉਪਰੰਤ ਨਵੀਨ ਉਦਯੋਗਿਕ ਸਿਖਲਾਈ ਪ੍ਰਾਪਤ ਕਰਨ ਲਈ ਇੰਗਲੈਂਡ ਅਤੇ ਅਮਰੀਕਾ ਭੇਜਿਆ। ਵਤਨ ਵਾਪਸੀ ਤੋਂ ਬਾਅਦ ਬਲਦੇਵ ਸਿੰਘ ਨੇ ਆਪਣੇ ਪਿਤਾ ਨਾਲ ਉਦਯੋਗਾਂ ਦੇ ਜਨਰਲ ਮੈਨੇਜਰ ਦੇ ਤੌਰ 'ਤੇ ਕੰਮ ਸਾਂਭਿਆ। ਇਲਾਕੇ ਦੇ ਵਿਦਿਆਰਥੀਆਂ ਦੀ ਸਿੱਖਿਆ ਪ੍ਰਾਪਤ ਕਰਨ ਦੀ

ਔਕੜ ਨੂੰ ਮੁੱਖ ਰਖਦਿਆਂ ਖਾਲਸਾ ਸਕੂਲ ਖੋਲ੍ਹਣ ਦਾ ਬੀੜਾ ਚੁਕਿਆ ਗਿਆ। ਇਸ ਲਹਿਰ ਨੂੰ ਸਫ਼ਲਤਾ ਦੇਣ ਲਈ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਅੰਬਾਲਾ ਜ਼ਿਲ੍ਹਾ 'ਚ ਉਦੋਂ ਸਕੂਲ ਖੁੱਲ੍ਹ ਚੁੱਕੇ ਸਨ। ਈਸਾਈ ਧਰਮ ਨਾਲ ਸਬੰਧਤ ਕ੍ਰਿਸ਼ਚਨ ਸਕੂਲ, ਅੰਗਰੇਜ਼ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਸਥਾਪਤ ਹੋ ਚੁੱਕੇ ਸਨ। ਅੰਦਰ ਖਾਤੇ ਇਨ੍ਹਾਂ ਸਕੂਲਾਂ ਵਿੱਚ ਸਿੱਖ-ਬੱਚਿਆਂ ਨੂੰ ਭਰਮਾ ਕੇ ਇਸਾਈ ਬਣਨ ਲਈ ਵੀ ਉਕਸਾਇਆ ਜਾ ਰਿਹਾ ਸੀ, ਜਿਸ ਦਾ ਉਦੋਂ ਦੇ ਦਾਨਸ਼ਵਰ ਤੇ ਪਤਵੰਤੇ ਸਿੱਖ ਪਰਿਵਾਰਾਂ ਨੇ ਬੜੀ ਦੂਰ-ਦ੍ਰਿਸ਼ਟੀ ਨਾਲ ਵਿਚਾਰਿਆ ਪਰੰਤੂ ਵਿੱਤੀ ਸਹਾਇਤਾ ਦੀ ਘਾਟ ਕਰਨ, ਖਾਲਸਾ ਸਕੂਲ ਖੋਲ੍ਹਣੇ ਤੇ ਉਨ੍ਹਾਂ ਦਾ ਪ੍ਰਬੰਧ ਕਰਨਾ, ਇੱਕ ਵੱਡੀ ਸਮੱਸਿਆ ਸੀ। ਸ੍ਰੀ ਇੰਦਰਾ ਸਿੰਘ ਦੀ ਵਪਾਰ ਵਿੱਚ ਚੜ੍ਹਤ ਹੋਣ ਕਾਰਨ, ਕੁਝ ਜ਼ਿੰਮੇਵਾਰ ਵਿਅਕਤੀਆਂ ਨੇ ਉਨ੍ਹਾਂ ਕੋਲ ਜਾ ਕੇ ਇਸ ਮੁਹਿੰਮ ਨੂੰ ਹੱਲ ਕਰਨ ਲਈ ਬੇਨਤੀ ਕੀਤੀ। ਸ੍ਰੀ ਇੰਦਰਾ ਸਿੰਘ ਦੇ ਸਪੁੱਤਰ ਸ੍ਰ. ਬਲਦੇਵ ਸਿੰਘ ਵੀ ਉਸ ਸਮੇਂ ਰਾਜਸੀ-ਪਿੜ ਵਿੱਚ ਪ੍ਰਵੇਸ਼ ਕਰ ਚੁੱਕੇ ਸਨ। ਇਲਾਕੇ ਦੇ ਬੰਦਿਆਂ ਦੀ ਮੁੱਖ ਮੰਗ ਨੂੰ ਪ੍ਰਵਾਨ ਕਰਦਿਆਂ, 'ਦਾ ਅੰਬਾਲਾ ਬੋਰਡ ਆਫ ਐਜੂਕੇਸ਼ਨ ਜਮਸ਼ੇਦਪੁਰ' ਸਥਾਪਤ ਕਰ ਦਿੱਤਾ ਗਿਆ।

ਪਿਛਾਂਹ ਰਹੇ ਇਲਾਕੇ ਨੂੰ ਸਿੱਖਿਆ ਨਾਲ ਜਗ-ਮਗ ਕਰਨ ਲਈ, ਇੱਕੋ ਹੰਭਲੇ ਨਾਲ ਖਾਲਸਾ ਹਾਈ ਸਕੂਲ ਖਰੜ, ਖਾਲਸਾ ਹਾਈ ਸਕੂਲ ਕੁਰਾਲੀ, ਖਾਲਸਾ ਹਾਈ ਸਕੂਲ ਰੋਪੜ, ਖਾਲਸਾ ਹਾਈ ਸਕੂਲ ਸੋਹਾਣਾ (ਲੰਬਿਆਂ ਸਾਹਿਬ-ਮੁਹਾਲੀ), ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਖਾਲਸਾ ਹਾਈ ਸਕੂਲ ਚਮਕੌਰ ਸਾਹਿਬ ਅਤੇ ਇੰਦਰਾ ਖਾਲਸਾ ਹਾਈ ਸਕੂਲ ਕਾਈਨੌਰ ਖੋਲ੍ਹ ਦਿੱਤੇ ਗਏ ਜਿਨ੍ਹਾਂ 'ਚ ਉੱਚ-ਕੋਟੀ ਦੇ ਸਿੱਖਿਅਕ ਮੁਖੀ ਨਿਯੁਕਤ ਕੀਤੇ ਗਏ। ਇਹ ਕਦਮ ਸਰ ਇੰਦਰ ਸਿੰਘ ਦੁਮਣਾ ਪਰਿਵਾਰ ਦਾ ਸੁਨਹਿਰੀ ਇਨਕਲਾਬ ਲਿਆਉਣ ਵਾਲਾ ਆਖਿਆ ਜਾ ਸਕਦਾ। ਖਾਲਸਾ ਸਕੂਲਾਂ ਅਧੀਨ ਲਿਆਂਦੇ ਚਲ ਰਹੇ ਸਕੂਲਾਂ ਦਾ ਵਿੱਤੀ ਸੰਕਟ ਮੁੱਕ ਗਿਆ ਤੇ ਇਹ ਸਾਰੇ ਖਾਲਸਾ ਸਕੂਲਾਂ ਦਾ ਬੋਲ-ਬਾਲਾ ਹੋਣ ਲੱਗਿਆ ਤੇ ਪੇਂਡੂ ਬੱਚਿਆਂ ਲਈ ਭਵਿੱਖ ਉਜਵਲ ਕਰਨ ਦਾ ਅਵਸਰ ਉਪਲਬਧ ਹੋ ਗਿਆ। ਮੁੱਢਲੀ ਗ੍ਰਾਂਟ ਉਦੋਂ 68,000/- ਰੁ. ਸਥਾਪਤ ਕਰ ਦਿੱਤੀ ਗਈ ਜਿਹੜੀ ਉਨ੍ਹਾਂ ਸਮਿਆਂ ਵਿੱਚ ਇਕ ਬਹੁਤ ਵੱਡੀ ਰਕਮ ਸੀ। ਉਸ ਵੇਲੇ ਇਨ੍ਹਾਂ ਸਕੂਲਾਂ ਦਾ ਜਨਰਲ ਮੈਨੇਜਰ ਸ. ਬਲਦੇਵ ਸਿੰਘ ਨੂੰ ਥਾਪਿਆ

ਗਿਆ ਜਿਨ੍ਹਾਂ ਨੇ ਇਸ ਜ਼ਿੰਮੇਵਾਰੀ ਨੂੰ ਬਹੁਤ ਸ਼ਾਨਦਾਰ ਢੰਗ ਨਾਲ ਨਿਭਾਇਆ। ਉਨ੍ਹਾਂ ਤੋਂ ਬਾਅਦ ਸ. ਰਵੀਇੰਦਰ ਸਿੰਘ, ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ ਨੇ ਇਨ੍ਹਾਂ ਸਕੂਲਾਂ ਦੀ ਵਾਗਡੋਰ ਸੰਭਾਲੀ। ਕੁਝ ਸਮੇਂ ਪਿੱਛੋਂ ਟਰਸੱਟ ਵੱਲੋਂ ਇਲਾਕੇ ਦੀਆਂ ਲੜਕੀਆਂ ਲਈ ਖਾਲਸਾ ਹਾਈ ਸਕੂਲ ਅਤੇ ਗਰਲਜ਼ ਖਾਲਸਾ ਕਾਲਜ ਮੋਰਿੰਡਾ ਖੋਲ੍ਹਿਆ ਗਿਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਦੁੱਮਣਾ ਪਰਿਵਾਰ ਦਾ ਪੁਆਧ ਦੇ ਇਸ ਖੇਤਰ ਵਿੱਚ ਵਿੱਦਿਆ ਦਾ ਚਾਨਣ ਵੰਡਣ ਵਿੱਚ ਅਦੁੱਤੀ ਕਾਰਜ ਕਦੇ ਭੁਲਾਇਆ ਨਹੀਂ ਜਾ ਸਕਦਾ। ਵਰਤਮਾਨ ਸਮਿਆਂ ਵਿੱਚ ਇਹ ਖਾਲਸਾ ਸਕੂਲ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਇੱਥੇ ਇਹ ਵੀ ਜ਼ਿਕਰਯੋਗ ਕਿ ਇਸ ਇਲਾਕੇ ਵਿੱਚ ਕੋਈ ਕਾਲਜ ਨਹੀਂ ਸੀ। ਸ. ਬਲਦੇਵ ਸਿੰਘ ਦੇ ਉੱਦਮ ਸਦਕਾ 1945 ਵਿਚ ਸਰਕਾਰੀ ਕਾਲਜ ਰੋਪੜ ਖੋਲ੍ਹਿਆ ਗਿਆ।

ਦੁਮਣਾ ਪਰਿਵਾਰ 'ਚੋਂ ਸ. ਬਲਦੇਵ ਸਿੰਘ ਅਜ਼ਾਦੀ ਤੋਂ ਪਹਿਲਾਂ ਐਮ.ਐਲ.ਏ., ਮੰਤਰੀ ਪੰਜਾਬ ਅਤੇ ਅਜ਼ਾਦੀ ਤੋਂ ਬਾਅਦ ਨਹਿਰੂ-ਮੰਤਰੀ ਮੰਡਲ ਵਿੱਚ ਅਜ਼ਾਦ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਣੇ ਜਿਨ੍ਹਾਂ ਦਾ ਪੰਡਤ ਨਹਿਰੂ ਬਹੁਤ ਸਤਿਕਾਰ ਕਰਦੇ ਸਨ। ਸਰ ਇੰਦਰਾ ਸਿੰਘ ਨੇ 'ਸਿੱਖ ਐਜੂਕੇਸ਼ਨ ਸੁਸਾਇਟੀ' ਦਾ ਪ੍ਰਬੰਧਕ ਹੁੰਦਿਆਂ, ਬਹੁਤ ਸ਼ਾਨਦਾਰ ਸ਼ੋਭਾ ਖੱਟੀ। ਉਨ੍ਹਾਂ ਨੂੰ ਹਰ ਕੋਈ ਮਿਲ ਕੇ ਮਾਣ ਮਹਿਸੂਸ ਕਰਦਾ ਸੀ। ਸ. ਬਲਦੇਵ ਸਿੰਘ ਵੀ ਅੰਤਿਮ ਸਮੇਂ ਤੱਕ ਆਪਣੇ ਇਲਾਕੇ ਦੇ ਲੋਕਾਂ ਨਾਲ ਪੂਰੀ ਮੁਹੱਬਤ ਪਾਲਦੇ ਰਹੇ ਅਤੇ ਖਾਲਸਾ ਸਕੂਲਾਂ ਨੂੰ ਬੁਲੰਦੀਆਂ 'ਤੇ ਪੁਜਾਣ ਲਈ ਪੂਰਨ ਸਹਿਯੋਗੀ ਤੇ ਯਤਨਸ਼ੀਲ ਰਹੇ।

ਗੁਰੂ ਨਾਨਕ ਦੇ ਪ੍ਰਵਚਨ:


"ਵਿਦਿਆ ਵਿਚਾਰੀ ਤਾ ਪਰਉਪਕਾਰੀ ॥"

ਨੂੰ ਆਪਣੇ ਜੀਵਨ ਵਿੱਚ ਪ੍ਰਯੋਗੀ ਰੂਪ ਦੇਣ ਲਈ ਸਰ ਇੰਦਰਾ ਸਿੰਘ ਨੇ ਆਪਣੇ ਇਲਾਕੇ ਪੁਆਧ ਨੂੰ ਵਿੱਦਿਆ ਨਾਲ ਰੌਸ਼ਨ ਕਰਨ ਲਈ ਜੋ ਪਰ-ਉਪਕਾਰ ਕੀਤਾ, ਉਸ ਦੀ ਮਿਸਾਲ ਖਾਲਸਾ ਸਕੂਲਾਂ ਦੀ ਸਥਾਪਨਾ ਕਰਨਾ ਹੈ।

** * *

# ਪ੍ਰੋ. ਲਖਮੀਰ ਸਿੰਘ ਅੰਗਰੇਜ਼ੀ ਪ੍ਰੋਫੈਸਰ-ਲੇਖਕ

- ਡਾ. ਬਲਜੀਤ ਸਿੰਘ
ਮੋ. 9855108977



ਪੁਆਧ ਖੇਤਰ ਦੇ ਇਤਿਹਾਸਕ ਪਿੰਡ ਵੱਡੀ ਮੜੌਲੀ ਦੇ ਮਹਾਨ ਸ਼ਹੀਦ ਕਾਂਸ਼ੀ ਰਾਮ ਦਾ ਨਾਮ ਗਦਰ-ਪਾਰਟੀ ਦੇ ਮਰਜੀਵੜਿਆਂ ਵਿੱਚ ਬੜਾ ਉੱਘਾ ਹੈ। ਇਸ ਪਿੰਡ ਦੀ ਪੂਰਬੀ ਗੁੱਠ 'ਚ ਲਗਭਗ ਡੇਢ ਕਿਲੋਮੀਟਰ 'ਤੇ ਛੋਟੀ ਮੜੋਲੀ ਸਥਿੱਤ ਹੈ ਜਿਥੇ ਕਦੇ ਬਹੁਤ ਥੋੜ੍ਹੀ ਵੱਸੋਂ ਵਾਲੇ ਮਾਹਲ, ਚਾਹਲ, ਮਾਨ ਗੋਤਾਂ ਦੇ ਜ਼ਿਮੀਦਾਰ ਘਰਾਂ ਤੋਂ ਬਿਨਾਂ ਕੁਝ ਹੋਰ ਵਰਨਾਂ ਦੇ ਲੋਕ ਰਹਿਣ ਲੱਗੇ। ਇਸ ਵੇਲੇ ਛੋਟੀ ਮੜੌਲੀ ਨਵੀਂ ਰੇਲਵੇ ਲਾਇਨ ਜੋ ਚੰਡੀਗੜ੍ਹ ਤੋਂ ਲੁਧਿਆਣੇ ਨੂੰ ਬਣਾਈ ਗਈ ਹੈ, ਉਸ ਤੋਂ ਪਾਰ ਪੈਂਦਾ ਹੈ। ਇਸ ਪਿੰਡ ਦੇ ਬਹੁਤੇ ਲੋਕ ਰੋਟੀ-ਰੋਜ਼ੀ ਲਈ ਚੋਖੀ ਕਮਾਈ ਕਰਨ ਲਈ ਇਟਲੀ 'ਚ ਗਏ ਹੋਏ ਹਨ ਜਿਵੇਂ ਇਹ ਪਿੰਡ ਹੁਣ ਇਟਲੀ ਵਾਲਿਆਂ ਦਾ ਕਿਹਾ ਜਾਂਦਾ ਹੈ। ਵੱਡੇ-ਵੱਡੇ ਤੇ ਕਈ ਮੰਜ਼ਿਲਾਂ ਵਾਲੇ ਮਕਾਨ ਬਣਾਉਣ ਦਾ ਇਸ ਪਿੰਡ ਵਿੱਚ ਰੀਸੋ-ਰੀਸ ਬਹੁਤ ਰਿਵਾਜ ਹੈ। ਇਸ਼ ਵੇਲੇ ਇਸ ਪਿੰਡ ਵਿੱਚ ਸੁੰਦਰ ਦਿੱਖ ਵਾਲਾ ਗੁਰਦੁਆਰਾ ਸਾਹਿਬ ਆਪਣੀ ਵੱਖਰੀ ਪਛਾਣ ਬਣਾ ਰਿਹਾ ਹੈ। ਮੌਜੂਦਾ ਸਰਪੰਚ ਕੁਲਦੀਪ ਸਿੰਘ ਬੜੀ ਪੈਂਠ ਵਾਲਾ, ਪਿੰਡ ਨੂੰ ਹੋਰ ਸੁੰਦਰ-ਸਜੀਲਾ ਤੇ ਆਦਰਸ਼ਕ ਬਣਾਉਣ ਲਈ ਕਾਰਜਸ਼ੀਲ ਹੈ। ਸ੍ਰੀ ਕੁਲਦੀਪ ਸਿੰਘ ਦੇ ਭਰਾ ਸ. ਸੁਰਜੀਤ ਸਿੰਘ (ਚੰਡੀਗੜ੍ਹ ਪੁਲਿਸ ਅਧਿਕਾਰੀ) ਨੇ ਗੁਰਦੁਆਰਾ ਸਾਹਿਬ ਦੀ ਨਵ-ਉਸਾਰੀ ਲਈ ਇੱਕ ਲਖ ਰੁਪਏ ਦਾਨ ਕੀਤੇ।

ਪਿੰਡ ਛੋਟੀ ਮੜੌਲੀ ਦੇ ਜੰਮਪਲ ਪ੍ਰੋ. ਲਖਮੀਰ ਸਿੰਘ, ਦੇਵਿੰਦਰ ਸਿੰਘ ਤੇ ਇੰਜ. ਅਵਤਾਰ ਸਿੰਘ ਨੇ ਉੱਚ-ਵਿੱਦਿਆ ਪ੍ਰਾਪਤ ਕਰਨ ਬਾਅਦ ਦਿੱਲੀ ਦੇ ਵਾਸੀ ਬਣ ਗਏ। ਇਨ੍ਹਾਂ ਤਿੰਨਾਂ ਭਰਾਵਾਂ ਦੇ ਪਿਤਾ ਰਚਨ ਸਿੰਘ ਇੱਕ ਬਹੁਤ ਹੀ ਦਰਵੇਸੀ ਸੁਭਾਅ ਦੇ ਮਾਲਕ ਸਨ ਅਤੇ ਮਾਤਾ ਕੌਰਾਂ ਰੂਪ ਰਾਇ ਨਿਹਾਇਤ ਸੁਘੜ ਸੁਆਣੀ ਸੀ, ਜਿਨ੍ਹਾਂ ਨੂੰ ਪਿੰਡ ਵਾਸੀ ਬੜੇ ਸਤਿਕਾਰ ਨਾਲ ਯਾਦ ਕਰਦੇ

ਹਨ। ਉਨ੍ਹਾਂ ਸਮਿਆਂ ਵਿੱਚ, ਖਾਸ ਤੌਰ ਤੇ ਪੁਆਧ ਵਿੱਚ, ਕੋਈ ਵਿਰਲਾ ਪਰਿਵਾਰ ਹੀ ਉਚੇਰੀ ਸਿੱਖਿਆ ਲੈਣ ਦੇ ਸਮਰਥ ਹੁੰਦਾ ਸੀ।

ਲਖਮੀਰ ਸਿੰਘ ਬਚਪਨ ਤੋਂ ਹੀ ਤੀਖਣ-ਬੁੱਧੀ ਵਾਲਾ ਵਿਦਿਆਰਥੀ ਸੀ। ਪ੍ਰਾਇਮਰੀ ਵਿੱਦਿਆ ਮੜੌਲੀ ਕਲਾਂ ਤੋਂ ਪ੍ਰਾਪਤ ਕੀਤੀ। ਮੈਟ੍ਰਿਕ ਪ੍ਰੀਖਿਆ ਡੀ.ਬੀ. ਹਾਈ ਸਕੂਲ ਮੋਰਿੰਡਾ ਤੋਂ ਕਰਨ ਬਾਅਦ, ਐਮ.ਏ. ਇੰਗਲਿਸ਼ ਦਿੱਲੀ ਯੂਨੀਵਰਸਿਟੀ ਤੋਂ ਹਾਸਲ ਕੀਤੀ। ਸਮੇਂ ਦੇ ਹਾਲਾਤ ਅਜਿਹੇ ਹੋਏ ਕਿ ਦਿੱਲੀ ਹੀ ਰੁਜ਼ਗਾਰ ਦੇ ਸਾਧਨ ਬਣ ਗਏ। ਲਿਖਣ-ਪੜ੍ਹਨ ਦਾ ਸ਼ੌਕ ਵੱਧਦਾ ਗਿਆ। ਅੰਗਰੇਜ਼ੀ ਸਾਹਿਤ ਦਾ ਲਗਾਓ ਵੱਧਦਾ ਗਿਆ। ਆਪ ਦੀ ਪ੍ਰਤਿਭਾ ਦਾ ਇਹ ਨਤੀਜਾ ਸੀ ਕਿ ਏਡੇ ਵੱਡੇ ਮਹਾਂ ਨਗਰ ਵਿੱਚ, ਆਪ ਨੂੰ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਯੂਨੀਵਰਸਿਟੀ ਆਫ਼ ਦਿੱਲੀ ਦੇ ਅੰਗਰੇਜ਼ੀ ਵਿਭਾਗ ਵਿਚ ਬਤੌਰ ਲੈਕਚਰਾਰ ਨੌਕਰੀ ਮਿਲ ਗਈ। ਇਸ ਕਾਲਜ ਵਿਚ ਆਪ ਦਾ ਪੜ੍ਹਾਉਣ ਦਾ ਢੰਗ ਬਹੁਤ ਵੱਖਰਾ ਅਤੇ ਵਿਦਿਆਰਥੀਆਂ ਨਾਲ ਅਪਣੱਤ ਭਰੇ ਵਤੀਰੇ ਵਾਲਾ ਸੀ। ਇਸ ਕਾਲਜ ਤੋਂ ਆਪ 2004 ਵਿੱਚ ਬਤੌਰ ਐਸੋਸੀਏਟ ਪ੍ਰੋਫੈਸਰ ਵੱਜੋਂ ਸੇਵਾ-ਮੁਕਤ ਹੋਏ।


ਇੱਥੇ ਇਹ ਜ਼ਿਕਰਯੋਗ ਹੈ ਕਿ ਲਖਮੀਰ ਸਿੰਘ ਨੂੰ ਆਪਣੀ ਮਾਂ-ਬੋਲੀ ਦੇ ਪੰਜਾਬੀ ਸਾਹਿਤ ਨਾਲ ਅੰਤਾਂ ਦਾ ਮੋਹ ਤੇ ਲਗਾਓ ਹੈ। ਇਸੇ ਕਰਕੇ ਉਨ੍ਹਾਂ ਨੇ ਆਪਣੇ ਅਧਿਆਪਨ ਕਾਰਜ ਦੇ ਨਾਲ-ਨਾਲ ਅੰਗਰੇਜ਼ੀ ਵਿੱਚ ਪੰਜਾਬੀ ਦੀਆਂ ਪੁਸਤਕਾਂ ਦੇ ਰੀਵਿਊ ਲਿਖ ਕੇ ਆਪਣੀ ਕਾਬਲੀਅਤ ਦੀ ਪੈੜ ਬਣਾਈ। ਇਸ ਦੇ ਨਾਲ ਪੰਜਾਬੀ ਸਾਹਿਤ ਦਾ ਘੇਰਾ ਵਿਸ਼ਾਲ ਹੋਇਆ। ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰਾਂ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਕਹਾਣੀਕਾਰ ਕੁਲਵੰਤ ਸਿੰਘ ਵਿਰਕ, ਮਨਮੋਹਨ ਬਾਵਾ ਆਦਿ ਬਾਰੇ ਅੰਗਰੇਜ਼ੀ ਵਿੱਚ ਆਰਟੀਕਲ ਲਿਖ ਕੇ ਆਪਣੀ ਦਿੱਬ-ਦ੍ਰਿਸ਼ਟੀ ਦੀ ਵੱਖਰੀ ਪਛਾਣ ਸਥਾਪਤ ਕੀਤੀ। ਅਧਿਆਪਨ ਦੇ 38 ਸਾਲਾ ਤਜਰਬੇ ਕਾਰਨ, ਆਪ ਨੂੰ ਸਾਹਿਤ, ਇਤਿਹਾਸ ਤੇ ਸਭਿਆਚਾਰ ਨੂੰ ਘੋਖਣ ਦੇ ਸ਼ੌਕ ਨੇ ਪੰਜਾਬ ਦੇ ਅਦਭੁੱਤ ਇਤਿਹਾਸਕ ਸਾਕਿਆਂ ਬਾਰੇ ਲਿਖਣ ਲਈ ਝੰਜੋੜਿਆ, ਜਿਸ ਦੇ ਫਲ-ਸਰੂਪ ਆਪ ਨੇ ਬੜੀ ਖੋਜ-ਦ੍ਰਿਸ਼ਟੀ ਤੋਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਅਤੇ ਚਪੜ-ਚਿੜੀ ਬਾਰੇ ਵਿਸ਼ੇਸ਼ ਆਰਟੀਕਲਜ਼ ਲਿਖ ਕੇ ਵੱਡੀ ਪੱਧਰ 'ਤੇ ਪਾਠਕਾਂ ਨੂੰ ਅਵਗਤ

ਕਿਰਾਇਆ। ਆਪ ਨੇ ਪੰਜਾਬੀ ਦੀਆਂ ਚੋਣਵੀਆਂ ਪੁਸਤਕਾਂ ਜਿਵੇਂ 'ਰੰਗ ਪੁਆਧ ਕੇ', 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ', 'ਨਿਰਾਲੀ ਚਮਕ' ਅਤੇ 'ਪੁਆਧ ਦੀ ਮਿੱਟੀ ਦਾ ਕ੍ਰਿਸ਼ਮਾ' ਬਾਰੇ ਅੰਗਰੇਜ਼ੀ ਦੇ ਉੱਘੇ ਤ੍ਰੈਮਾਸਕ-ਮੈਗਜ਼ੀਨ Eternal Voice ਵਿੱਚ ਪੁਆਧ ਖੇਤਰ ਨਾਲ ਸਬੰਧਤ ਪੁਸਤਕਾਂ ਦੇ ਰੀਵਿਊ ਕਰਕੇ, ਇੱਕ ਵਿਸ਼ੇਸ਼-ਖਿੱਤੇ ਦੀ ਮਹੱਤਤਾ ਬਾਰੇ ਪਾਠਕਾਂ ਨੂੰ ਜਾਣੂ ਕਰਾਇਆ। ਲਗਭਗ 82 ਸਾਲ ਦੀ ਉਮਰ ਨੂੰ ਢੁਕੇ, ਪ੍ਰੋ. ਲਖਮੀਰ ਸਿੰਘ ਨੂੰ ਅਜੇ ਵੀ ਪੁਸਤਕਾਂ ਪੜ੍ਹਨ ਤੇ ਉਨ੍ਹਾਂ ਦੀ ਸਮੀਖਿਆ ਕਰਨ ਦਾ ਸ਼ੌਕ ਜਾਰੀ ਹੈ। ਆਪਦੀ ਸੁਪਤਨੀ ਮਹਿੰਦਰ ਕੌਰ ਵੀ ਅਧਿਆਪਨ ਕਿੱਤੇ ਨਾਲ ਜੁੜੇ ਰਹੇ। ਆਪ ਦੀਆਂ ਦੋ ਬੇਟੀਆਂ ਸਿੰਮੀ ਸਿੰਘ ਤੇ ਨਿੰਮੀ ਸਿੰਘ ਦਿੱਲੀ ਵਿਖੇ ਬਤੌਰ ਅਸਿਸਟੈਂਟ ਪ੍ਰੋਫੈਸਰ (ਫਿਜਿਕਸ) ਸੇਵਾਵਾਂ ਨਿਭਾਅ ਰਹੀਆਂ ਹਨ। ਪ੍ਰੋ. ਲਖਮੀਰ ਸਿੰਘ ਦੇ ਭਰਾ ਦੇਵਿੰਦਰ ਸਿੰਘ ਬਤੌਰ ਲਾਇਬਰੇਰੀਅਨ ਸੇਵਾ-ਮੁਕਤ ਹੋਏ ਅਤੇ ਦੂਜੇ ਭਰਾ ਅਵਤਾਰ ਸਿੰਘ ਇੰਜਨੀਅਰ ਸਨ ਜਿਨ੍ਹਾਂ ਨੇ ਬੱਚਿਆਂ ਲਈ ਦੋ ਪੁਸਤਕਾਂ 'ਦਾਦਾ ਜੀ' ਅਤੇ 'ਰਡਾਰ' ਲਿਖ ਕੇ ਹਿੰਦੀ ਬਾਲ-ਸਾਹਿਤ ਵਿੱਚ ਨਾਮਣਾ ਖੱਟਿਆ। ਪ੍ਰੋ. ਲਖਮੀਰ ਸਿੰਘ ਬਹੁਤ ਸਾਦ-ਮੁਰਾਦਾ ਜੀਵਨ ਵਾਲੇ ਸਾਦਿਕ ਹਨ। ਆਪ ਦੀਆਂ ਦੋ ਭੈਣਾਂ ਲੱਖਮੀਰ ਕੌਰ ਅਤੇ ਦੇਵਿੰਦਰ ਕੌਰ ਹਨ ਜਿਨ੍ਹਾਂ ਨਾਲ ਆਪ ਦੀ ਮੁਹੱਬਤ ਕਾਬਲਿ-ਤਾਰੀਫ਼ ਹੈ ਅਤੇ ਅਗਲੀ ਪੀੜ੍ਹੀ ਨਾਲ ਪੂਰਾ ਲਗਾਓ ਕਾਇਮ ਹੈ। ਪ੍ਰੋ. ਲਖਮੀਰ ਸਿੰਘ ਬਹੁਤ ਹੀ ਦਿਆਲੂ ਸੁਭਾਅ ਦੇ ਮਾਲਕ ਹਨ ਅਤੇ ਸੰਤੋਖ-ਰੂਪੀ ਕਾਇਆ ਵਾਲੇ ਚਿੰਤਕ ਹਨ। "ਆਪਣੀ ਵਿਰਾਸਤ ਨਾਲ ਜੁੜੇ ਰਹਿਣਾ ਚਾਹੀਦਾ ਹੈ"- ਇਹ ਸਕੰਲਪ ਦੁਹਰਾਉਂਦੇ ਰਹਿੰਦੇ ਹਨ। ਆਪ ਦੀ ਅੰਗਰੇਜ਼ੀ ਭਾਸ਼ਾ ਦੀ ਮਹਾਰਤ ਭਾਸ਼ਾ-ਵਿਗਿਆਨੀ ਵਿਦਵਾਨਾਂ ਵਾਲੀ ਹੈ ਜਿਸ ਦੇ ਪਿੱਛੇ ਆਪ ਦੀ ਵਰ੍ਹਿਆਂ ਦੀ ਘਾਲਣਾ ਸਮੋਈ ਹੋਈ ਹੈ। Eternal Voice ਮੈਗਜ਼ੀਨ ਦੇ ਸੰਪਾਦਕਾਂ 'ਚੋਂ ਆਪ ਇੱਕ ਹਨ। ਆਪਣੀ ਜਨਮ ਭੂਮੀ ਪੁਆਧ ਲਈ ਚਿੰਤਤ ਹੋਣਾ ਤੇ ਮੁਹੱਬਤ ਕਰਨੀ, ਉਨ੍ਹਾਂ ਦਾ ਜੀਵਨ-ਲਕਸ਼ ਸਲਾਹੁਣਯੋਗ ਹੈ। ਮਹਾ-ਨਗਰ ਦਿੱਲੀ 'ਚ ਰਹਿੰਦਿਆਂ, ਉਨ੍ਹਾਂ ਦਾ ਸੰਪਰਕ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਪਿਆਰ ਭਰਿਆ ਹੈ।

* * *

# ਉੱਘੇ ਸਮਾਜ ਸੇਵੀ ਸ. ਸੁੱਚਾ ਸਿੰਘ ਐਡਵੋਕੇਟ

- ਡਾ. ਗੁਰਬਚਨ ਸਿੰਘ ਮਾਵੀ
ਮੋ. 9878149511



ਇਸ ਸੰਸਾਰ ਵਿੱਚ ਆਪਣੇ ਆਪ ਲਈ ਜੀਉਣ ਵਾਲੇ ਲੋਕਾਂ ਦੀ ਬਹੁਤਾਤ ਹੈ। ਪਰ ਵਿਰਲੇ ਪਰਉਪਕਾਰੀ ਮਨੁੱਖ ਦੂਜਿਆਂ ਲਈ ਜੀਅ ਕੇ ਆਪਣਾ ਜੀਵਨ ਸਫ਼ਲਾ ਕਰਦੇ ਹਨ। ਅਜਿਹੇ ਮਨੁੱਖਤਾ ਦੀ ਸੇਵਾ ਕਰਨ ਵਾਲੇ ਪੁਰਸ਼ਾਂ ਵਿਚੋਂ ਸ. ਸੁੱਚਾ ਸਿੰਘ ਐਡਵੋਕੇਟ ਰੋਪੜ ਦਾ ਨਾਮ ਉਜਾਗਰ ਹੈ। ਆਪ ਦਾ ਜਨਮ 8 ਅਪ੍ਰੈਲ, 1916 ਨੂੰ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਪਿੰਡ ਬਦਰਪੁਰ ਵਿੱਚ ਹੋਇਆ। ਆਪ ਦੇ ਪਿਤਾ ਸ. ਹਰਸਾ ਸਿੰਘ ਅਤੇ ਮਾਤਾ ਬਸੰਤ ਕੌਰ ਜੀ ਸਨ। ਆਪ ਜੀ ਤਿੰਨ ਭੈਣਾਂ ਦੇ ਇਕਲੌਤੇ ਭਰਾ ਸਨ।

ਆਪ ਦੇ ਵੱਡੇ ਵਡੇਰੇ ਬੱਦੋਕੇ ਧਨੋਆ ਨੇੜੇ ਪੁਲ ਕੰਜਰੀ (ਜ਼ਿਲ੍ਹਾ ਅੰਮ੍ਰਿਤਸਰ ਤੋਂ) ਸਿੱਖਰਾਜ ਦੇ ਪੱਤਣ ਤੋਂ ਬਾਅਦ ਹਿਜਰਤ ਕਰ ਗਏ ਸਨ ਕਿਉਂਕਿ ਇਸ ਪਿੰਡ ਨੂੰ ਅੰਗਰੇਜ਼ ਹਕੂਮਤ ਨੇ ਉਜਾੜ ਦਿੱਤਾ ਸੀ। ਇਸ ਦਾ ਕਾਰਨ ਇਹ ਸੀ ਕਿ ਇਸ ਪਿੰਡ ਦੇ ਪੰਜ ਅਤੇ ਸ. ਸੁੱਚਾ ਸਿੰਘ ਜੀ ਦੇ ਵਡੇਰਿਆਂ ਵਿਚੋਂ 2 ਨੌਜਵਾਨ ਅਕਾਲੀ ਫੂਲਾ ਸਿੰਘ ਜੀ ਦੀ ਫੌਜ, "ਅਕਾਲ ਰੈਜਮੈਂਟ" ਵਿੱਚ ਸ਼ਾਮਲ ਸਨ। ਅੱਜ ਕੱਲ੍ਹ ਪਿੰਡ ਬਦੋਕੇ ਧਨੋਆ ਗੋਤ ਦੇ ਹੋਰ ਪਿੰਡ ਦੇ ਲੋਕਾਂ ਵੱਲੋਂ ਆ ਕੇ ਵਸਾਇਆ ਗਿਆ ਹੈ। ਸ. ਸੁੱਚਾ ਸਿੰਘ ਦੇ ਬਜ਼ੁਰਗ ਸਮੇਂ ਦੇ ਹਾਲਾਤ ਦਾ ਮੁਕਾਬਲਾ ਕਰਦੇ ਹੋਏ ਪਿੰਡ ਬਦਰਪੁਰ ਵਿੱਚ ਵੱਸ ਗਏ। ਇਸ ਪਿੰਡ ਨੂੰ ਵਸਾਉਣ ਵਿੱਚ ਵੀ ਸ. ਸੁੱਚਾ ਸਿੰਘ ਬਜ਼ੁਰਗਾਂ ਦਾ ਬਹੁਤ ਯੋਗਦਾਨ ਸੀ।

ਸ. ਸੁੱਚਾ ਸਿੰਘ ਨੇ ਮੁੱਢਲੀ ਵਿੱਦਿਆ ਪ੍ਰਾਇਮਰੀ ਡਿਸਟ੍ਰਿਕਟ ਬੋਰਡ ਸਕੂਲ ਕਾਲੇਵਾਲ ਤੋਂ ਪ੍ਰਾਪਤ ਕੀਤੀ ਅਤੇ ਖਾਲਸਾ ਹਾਈ ਸਕੂਲ ਕੁਰਾਲੀ ਤੋਂ ਸੰਨ 1930 ਵਿੱਚ ਮੈਟਰਿਕ ਪਾਸ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ.ਦੀ ਡਿਗਰੀ ਸੰਨ 1936 ਵਿੱਚ ਅਤੇ ਲਾਅ ਕਾਲਜ ਲਾਹੌਰ ਤੋਂ ਸੰਨ 1939 ਵਿੱਚ

ਵਕਾਲਤ ਪਾਸ ਕੀਤੀ। ਆਪ ਨੇ ਆਪਣੀ ਜ਼ਿੰਦਗੀ ਦਾ ਸਫ਼ਰ ਰੋਪੜ ਦੀਆਂ ਕਚਹਿਰੀਆਂ ਤੋਂ ਵਕੀਲ ਦੇ ਰੂਪ ਵਿੱਚ ਸ਼ੁਰੂ ਕੀਤਾ। ਆਪਣੀ ਇਮਾਨਦਾਰੀ ਤੇ ਲਗਾਨ ਦਾ ਸਦਕਾ ਆਪ ਜੀ ਇੱਕ ਸਫ਼ਲ ਐਡਵੋਕੇਟ ਬਣ ਕੇ ਉੱਭਰੇ। ਕਈ ਵਾਰ ਅੰਬਾਲਾ ਅਤੇ ਰੋਪੜ ਜ਼ਿਲ੍ਹਾ ਬਾਰ ਐਸੋਸੀਏਸ਼ਨਾਂ ਦੇ ਪ੍ਰਧਾਨ ਬਣੇ। ਇੱਕ ਵਕੀਲ ਦੇ ਤੌਰ ਤੇ ਸਾਰੇ ਇਲਾਕੇ ਜ਼ਿਲ੍ਹਾ ਅੰਬਾਲਾ ਤੇ ਜ਼ਿਲ੍ਹਾ ਰੋਪੜ ਆਪ ਦਾ ਬਹੁਤ ਸਤਿਕਾਰ ਸੀ, ਇੱਥੋਂ ਤੱਕ ਕਿ ਜੱਜ ਸਾਹਿਬਾਨ ਵੀ ਇਨ੍ਹਾਂ ਦੀ ਕਹੀ ਗੱਲ ਉੱਤੇ ਪੂਰਾ ਵਿਸ਼ਵਾਸ ਕਰਦੇ ਸਨ।

ਆਪ ਦਾ ਵਿਆਹ ਸੰਨ 1935 ਵਿਚ ਸ. ਇੰਦਰ ਸਿੰਘ (ਸਤਿਕਾਰਯੋਗ ਪਿਤਾ ਸ. ਬਲਦੇਵ ਸਿੰਘ ਆਜ਼ਾਦ ਭਾਰਤ ਦੇ ਪਹਿਲੇ ਰੱਖਿਆ ਮੰਤਰੀ) ਦੀ ਭਤੀਜੀ ਬੀਬੀ ਹਰਚੰਦ ਕੌਰ ਨਾਲ ਪਿੰਡ ਦੁੰਮਣਾ, ਜ਼ਿਲ੍ਹਾ ਰੋਪੜ ਵਿਖੇ ਹੋਇਆ ਦੁੱਮਣਾ ਪਰਿਵਾਰ ਸ. ਇੰਦਰ ਸਿੰਘ ਤੇ ਉਨ੍ਹਾਂ ਦੇ ਬੇਟਿਆਂ ਬਲਦੇਵ ਸਿੰਘ ਅਤੇ ਸ ਅਜੈਬ ਸਿੰਘ ਨੇ ਇਲਾਕੇ ਵਿੱਚ ਬਹੁਤ ਸਮਾਜ ਸੇਵਾ ਕੀਤੀ। ਸ. ਸੁੱਚਾ ਸਿੰਘ ਦੇ ਘਰ ਚਾਰ ਪੁੱਤਰ ਅਤੇ ਪੰਜ ਪੁੱਤਰੀਆਂ ਨੇ ਜਨਮ ਲਿਆ। ਆਪ ਦੀ ਵੱਡੀ ਭੈਣ ਹਰਭਜਨ ਕੌਰ ਮੇਜਰ ਜਨਰਲ ਸ ਆਤਮਾ ਸਿੰਘ ਪਿੰਡ ਬਹਿਰਾਮਪੁਰ, ਜ਼ਿਲ੍ਹਾ ਰੋਪੜ ਨਾਲ ਵਿਆਹੀ ਹੋਈ ਸੀ। ਛੋਟੀ ਭੈਣ ਸੁਰਜੀਤ ਕੌਰ ਸ. ਗੁਰਦਿਆਲ ਸਿੰਘ ਪੀ.ਸੀ.ਐੱਸ. ਪਿੰਡ ਚਲਾਕੀ ਨੇੜੇ ਮੋਰਿੰਡਾ ਦੀ ਪਤਨੀ ਬਣੀ। ਸਭ ਤੋਂ ਛੋਟੀ ਭੈਣ ਬੀਬੀ ਅਜਮੇਰ ਕੌਰ ਸ. ਬਚਨ ਸਿੰਘ ਜਗੀਰਦਾਰ ਪਿੰਡ ਲੰਗਰ ਛੰਨੀਆ ਜ਼ਿਲ੍ਹਾ ਅੰਬਾਲਾ ਵਿੱਚ ਵਿਆਹੀ ਹੋਈ ਸੀ।

ਵਕਾਲਤ ਕਰਨ ਦੇ ਨਾਲ ਸ. ਸੁੱਚਾ ਸਿੰਘ ਜੀ ਨੇ ਸੈਂਟਰਲ ਕੋਅਪ੍ਰੇਟਿਵ ਬੈਂਕ ਰੋਪੜ ਦੇ ਕੰਮਾਂ ਵਿੱਚ ਵੀ ਦਿਲਚਸਪੀ ਲੈਣੀ ਸ਼ੁਰੂ ਕੀਤੀ। ਇਸ ਬੈਂਕ ਵਿੱਚ ਆਪ ਜੀ ਨੇ 01-04-1944 ਤੋਂ 08-11-1962 ਤੱਕ ਬਤੌਰ ਮੈਨੇਜਿੰਗ ਡਾਇਰੈਕਟਰ (ਐਮ.ਡੀ.) ਸੇਵਾ ਕੀਤੀ। ਇਸ ਸੇਵਾ ਦੀ ਸ਼ਲਾਘਾ ਵਜੋਂ ਪੰਜਾਬ ਸਰਕਾਰ ਵੱਲੋਂ ਆਪ ਜੀ ਨੂੰ ਦੋ ਸਨਮਾਨ ਪੱਤਰ ਵੀ ਪ੍ਰਦਾਨ ਕੀਤੇ ਗਏ। ਆਪ ਜੀ ਵੱਲੋਂ ਲਗਾਇਆ ਇਹ ਬੂਟਾ ਅੱਜ ਕੱਲ੍ਹ ਪੂਰਾ ਪ੍ਰਫੁੱਲਤ ਹੈ। ਇਸ ਦੀਆਂ ਦਰਜਨਾਂ ਬਰਾਚਾਂ ਜ਼ਿਲ੍ਹਾ ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਲੋਕਾਂ ਦੀ ਸੇਵਾ ਕਰ ਰਹੀਆਂ ਹਨ।

ਸ. ਇੰਦਰ ਸਿੰਘ ਦੁੱਮਣਾ ਵੱਲੋਂ ਜ਼ਿਲ੍ਹਾ ਅੰਬਾਲਾ ਵਿੱਚ ਵਿੱਦਿਆ ਦੇ ਪ੍ਰਸਾਰ ਦਾ ਉੱਦਮ ਕੀਤਾ ਗਿਆ। ਆਪ ਨੇ "ਦੀ ਅੰਬਾਲਾ ਬੋਰਡ ਆਫ਼ ਐਜੂਕੇਸ਼ਨ

ਜਮਸ਼ੇਦਪੁਰ-8" ਦੀ ਸਥਾਪਨਾ ਸੰਨ 1936 ਵਿੱਚ ਕੀਤੀ। ਸ. ਸੁੱਚਾ ਸਿੰਘ ਜੀ ਨੇ ਇਸ ਵਿੱਚ ਸ਼ਾਮਲ ਹੋ ਕੇ ਆਪਣੀ ਜ਼ਿੰਦਗੀ ਦੇ ਅਖੀਰਲੇ ਸਾਲ (1981) ਤੱਕ ਬੋਰਡ ਦੇ ਆਨਰੇਰੀ ਸੈਕਟਰੀ ਦੀ ਸੇਵਾ ਨਿਭਾਈ। ਇਸ ਬੋਰਡ ਨੇ ਅੰਬਾਲਾ ਜ਼ਿਲ੍ਹੇ ਵਿੱਚ ਰੋਪੜ, ਕੁਰਾਲੀ, ਖਰੜ, ਸ੍ਰੀ ਚਮਕੌਰ ਸਾਹਿਬ ਅਤੇ ਸੋਹਾਣਾ (ਲੰਬਿਆ) ਵਿੱਚ ਖਾਲਸਾ ਸਕੂਲ ਸਥਾਪਿਤ ਕੀਤੇ। ਇਹ ਸਕੂਲ ਅੱਜ ਤੱਕ ਸਫ਼ਲ ਵਿੱਦਿਆ ਕੇਂਦਰਾਂ ਵੱਜੋਂ ਇਲਾਕੇ ਦੇ ਵਿਦਿਆਰਥੀਆਂ ਦੀ ਸੇਵਾ ਨਿਭਾ ਰਹੇ ਹਨ।

ਇਲਾਕੇ ਦੇ ਲੋਕਾਂ ਲਈ ਉਚੇਰੀ ਵਿੱਦਿਆ ਪ੍ਰਾਪਤੀ ਦੇ ਖੇਤਰ ਵਿੱਚ ਸ. ਸੁੱਚਾ ਸਿੰਘ ਨੇ ਅਹਿਮ ਸੇਵਾ ਕੀਤੀ, ਸਰਕਾਰੀ ਕਾਲਜ ਰੋਪੜ ਦੀ ਸਥਾਪਨਾ ਵਿੱਚ ਆਪ ਨੇ ਅਹਿਮ ਹਿੱਸਾ ਪਾਇਆ।

ਪੰਜਾਬ ਪ੍ਰਾਂਤ ਦੀ ਸਰ ਹਿਯਾਤ ਖਾਂ ਦੀ ਸਰਕਾਰ ਵਿੱਚ ਸ. ਬਲਦੇਵ ਸਿੰਘ ਦੁੱਮਣਾ ਵਜ਼ੀਰ ਸਨ। ਸੰਨ 1942 ਨੂੰ ਖਾਲਸਾ ਸਕੂਲ ਕੁਰਾਲੀ ਦੇ ਮੈਦਾਨ ਵਿੱਚ ਭਾਰੀ ਕਾਨਫਰੰਸ ਕੀਤੀ ਗਈ। ਇਸ ਇਜਲਾਸ ਦੀ ਆਓ ਭਗਤ ਕਮੇਟੀ (Reception Committee) ਦੇ ਸ. ਸੁੱਚਾ ਸਿੰਘ ਪ੍ਰਧਾਨ ਸਨ। ਇਸ ਇਜਲਾਸ ਵਿੱਚ ਸਰਕਾਰੀ ਕਾਲਜ ਸਥਾਪਿਤ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਬਾਅਦ ਇੱਕ ਡੈਪੂਟੇਸ਼ਨ ਸ. ਸੁੱਚਾ ਸਿੰਘ ਦੀ ਪ੍ਰਧਾਨਗੀ ਹੇਠ ਲਾਹੌਰ ਗਿਆ ਅਤੇ ਕਾਲਜ ਦੀ ਸਥਾਪਨਾ ਬਾਰੇ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਇਨ੍ਹਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਸੰਨ 1945 ਵਿੱਚ ਸਰਕਾਰੀ ਕਾਲਜ ਰੋਪੜ ਸ਼ੁਰੂ ਕੀਤਾ ਗਿਆ।

ਸ. ਸੁੱਚਾ ਸਿੰਘ ਦੀ ਸਮਾਜ ਸੇਵਾ ਦਾ ਸਭ ਤੋਂ ਮਹੱਤਵਪੂਰਨ ਕੰਮ "ਸਹਿਕਾਰੀ ਖੰਡ ਮਿੱਲ" ਮੋਰਿੰਡਾ ਦੀ ਸਥਾਪਨਾ ਸੀ। ਸੰਨ 1955-56 ਵਿੱਚ ਸ੍ਰੀ ਲਕਸ਼ਮੀ ਨਰੈਣ ਵਸ਼ਿਸ਼ਟ ਆਈ.ਏ.ਐਸ. ਪੰਜਾਬ ਸਹਿਕਾਰੀ ਮਹਿਕਮੇ ਦੇ ਰਜਿਸਟਰਾਰ ਸਨ। ਵਸ਼ਿਸ਼ਟ ਸਾਹਿਬ ਪਹਿਲਾਂ ਰੋਪੜ ਦੇ ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਵੀ ਰਹਿ ਚੁੱਕੇ ਸਨ। ਜਿਸ ਕਰਕੇ ਸ. ਸੁੱਚਾ ਸਿੰਘ ਦੇ ਆਪ ਸੁਹਿਰਦ ਮਿੱਤਰ ਅਤੇ ਕਦਰਦਾਨ ਸਨ। ਸ. ਸੁੱਚਾ ਸਿੰਘ ਨੇ ਵਸ਼ਿਸ਼ਟ ਸਾਹਿਬ ਕੋਲ ਮੋਰਿੰਡਾ ਬੈਂਕ ਦੀ ਬਰਾਂਚ ਅਤੇ ਖੰਡ ਮਿੱਲ ਦਾ ਪ੍ਰਸਤਾਵ ਰੱਖਿਆ। ਬੈਂਕ ਤਾਂ ਮੌਕੇ ਤੇ ਹੀ ਮਨਜ਼ੂਰ ਕਰ ਦਿੱਤਾ ਗਿਆ ਅਤੇ ਖੰਡ ਮਿੱਲ ਦੀ ਸਥਾਪਨਾ ਕਰਨ ਵਾਸਤੇ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ। ਵਸ਼ਿਸ਼ਟ ਜੀ ਨੂੰ ਸਰਦਾਰ ਸੁੱਚਾ

ਸਿੰਘ ਦੀ ਇਮਾਨਦਾਰੀ ਅਤੇ ਕਾਰਜਕੁਸ਼ਲਤਾ ਉੱਤੇ ਪੂਰਨ ਵਿਸ਼ਵਾਸ ਸੀ। ਵਸ਼ਿਸ਼ਟ ਸਾਹਿਬ ਨੇ ਸ. ਸੁੱਚਾ ਸਿੰਘ ਦੀ ਮੁਲਕਾਤ ਸ੍ਰੀ ਕੇ.ਕੇ.ਪੁਰੀ ਮਾਲਕ "ਸਰਸਵਤੀ ਖੰਡ ਮਿੱਲ" ਜਗਾਧਰੀ ਦੇ ਮਾਲਕ ਨਾਲ ਕਰਵਾਈ। ਪੁਰੀ ਸਾਹਿਬ ਕਈ ਵਾਰ ਕਾਂਗਰਸ ਪਾਰਟੀ ਵੱਲੋਂ ਐਮ.ਪੀ.ਵੀ ਰਹਿ ਚੁੱਕੇ ਸਨ। ਪੁਰੀ ਸਾਹਿਬ ਦੀ ਮਦਦ ਅਤੇ ਵਸ਼ਿਸ਼ਟ ਸਾਹਿਬ ਦੀ ਪੈਰਵਾਈ ਥੱਲੇ ਸ. ਸੁੱਚਾ ਸਿੰਘ ਦੀ ਘਾਲਣਾ ਰੰਗ ਲਿਆਈ ਤੇ ਖੰਡ ਮਿੱਲ ਮੋਰਿੰਡਾ ਦੀ ਸਥਾਪਨਾ ਕਰਨ ਦੀ ਮੰਨਜ਼ੂਰੀ ਮਿਲ ਗਈ। ਸੰਨ 1956 ਵਿੱਚ ਸਹਿਕਾਰੀ ਖੰਡ ਮਿੱਲ ਦੀ ਹਿੱਸੇਦਾਰੀ ਦੇ ਇੱਕ ਸ਼ੇਅਰ ਦੀ ਕੀਮਤ 100 ਰੁਪਏ ਰੱਖੀ ਗਈ। ਲੋਕਾਂ ਵੱਲੋਂ ਸ਼ੇਅਰ ਪਾਉਣ ਦਾ ਕੰਮ ਸੰਨ 1956 ਵਿੱਚ ਸ਼ੁਰੂ ਹੋਇਆ ਅਤੇ ਸੰਨ 1961 ਵਿੱਚ ਪੂਰਾ ਕੀਤਾ ਗਿਆ, ਪੰਜਾਬ ਸਰਕਾਰ ਦਾ ਹਿੱਸਾ 2 ਕਰੋੜ 50 ਲੱਖ ਸੀ, ਇਲਾਕੇ ਦੇ ਲੋਕਾਂ ਦਾ ਹਿੱਸਾ 15 ਲੱਖ 50 ਹਜ਼ਾਰ ਤੇ ਸਹਿਕਾਰੀ ਸੋਸਾਇਟੀ ਦਾ 8 ਲੱਖ 38 ਹਜ਼ਾਰ ਸੀ। ਸ. ਸੁੱਚਾ ਸਿੰਘ ਦੇ ਯਤਨਾਂ ਨੂੰ ਬੂਰ ਪਿਆ ਅਤੇ 17 ਫਰਵਰੀ 1962 ਨੂੰ ਸ. ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਪੰਜਾਬ ਨੇ ਮਿੱਲ ਦਾ ਨੀਂਹ ਪੱਥਰ ਰੱਖਿਆ। ਉਦਘਾਟਨੀ ਸਮਾਰੋਹ ਵਿੱਚ ਸ. ਸੁੱਚਾ ਸਿੰਘ ਦੀ ਜੋ ਪ੍ਰਸੰਸਾ ਹੋਈ ਉਹ ਉਨ੍ਹਾਂ ਦੀ ਘਾਲਣਾ, ਇਮਾਨਦਾਰੀ, ਕਾਰਜ ਕੁਸ਼ਲਤਾ ਦੀ ਮੂੰਹ ਬੋਲਦੀ ਤਸਵੀਰ ਸੀ। ਵਕਾਲਤ ਅਤੇ ਡਾਕਟਰੀ ਦੇ ਦੋ ਅਜਿਹੇ ਕਿੱਤੇ ਹਨ ਜਿਨ੍ਹਾਂ ਵਿੱਚ ਸਮੇਂ ਦੀ ਘਾਟ ਹਰ ਵੇਲੇ ਬਣੀ ਰਹਿੰਦੀ ਹੈ। ਪ੍ਰੰਤੂ ਸ. ਸੁੱਚਾ ਸਿੰਘ ਨੇ ਆਪਣਾ ਕੀਮਤੀ ਸਮਾਂ ਇਸ ਮਿੱਲ ਦੀ ਸਥਾਪਨਾ ਵਿੱਚ ਲਾਇਆ । ਜੋ ਕੰਮ ਵਜ਼ੀਰ ਅਤੇ ਐਮ.ਐਲ.ਏ. ਵੀ ਨਹੀਂ ਕਰ ਸਕੇ ਸਨ ਆਪ ਜੀ ਨੇ ਬਿਨਾਂ ਤਨਖਾਹ ਲਏ ਕਰ ਵਿਖਾਇਆ। ਇਸ ਮਿਹਨਤ ਤੇ ਘਾਲਣਾ ਦਾ ਸਦਕਾ ਜੋ ਮਾਣ, ਸਤਿਕਾਰ ਇਲਾਕੇ ਦੇ ਲੋਕਾਂ ਵਲੋਂ ਆਪ ਜੀ ਨੂੰ ਮਿਲਿਆ ਸ਼ਾਇਦ ਹੀ ਕਿਸੇ ਰਾਜਨੀਤਕ ਨੇਤਾ ਨੂੰ ਮਿਲਿਆ ਹੋਵੇ।

ਪੰਚਾਇਤੀ ਰਾਜ ਕਾਇਮ ਹੋਣ ਤੋਂ ਲੈ ਕੇ ਸ. ਸੁੱਚਾ ਸਿੰਘ ਆਪਣੀ ਜ਼ਿੰਦਗੀ ਦੇ ਅਖੀਰਲੇ ਸਾਲ ਤੱਕ ਪਿੰਡ ਦੇ ਸਰਪੰਚ ਰਹੇ। ਬਲਾਕ ਸੰਮਤੀ ਬੱਸੀ ਪਠਾਣਾ ਤੇ ਮਾਰਕੀਟ ਕਮੇਟੀ ਕੁਰਾਲੀ ਵਿੱਚ ਵੀ ਬਹੁਤ ਸੇਵਾ ਕੀਤੀ। ਆਪ ਆਪਣਾ ਪੂਰਾ ਜੀਵਨ ਦੁਮਣਾ ਪਰਿਵਾਰ ਨਾਲ ਜੁੜੇ ਰਹੇ। ਪਾਰਲੀਮੈਂਟ ਅਤੇ ਅਸੈਂਬਲੀ ਦੀਆਂ ਚੋਣਾਂ ਜੋ ਕਿ ਸ. ਬਲਦੇਵ ਸਿੰਘ, ਸ. ਸੁਰਜੀਤ ਸਿੰਘ (ਬੇਟਾ), ਸ.

ਰਵੀਇੰਦਰ ਸਿੰਘ ਭਤੀਜਾ (ਸ. ਬਲਦੇਵ ਸਿੰਘ) ਦੇ ਸਮੇਂ ਲੜੀਆਂ ਗਈਆਂ ਵਿੱਚ ਵੀ ਸ. ਸੁੱਚਾ ਸਿੰਘ ਨੇ ਬਤੌਰ ਇੰਚਾਰਜ ਸੇਵਾ ਨਿਭਾਈ। ਐਡਵੋਕੇਟ ਸਾਹਿਬ ਦਾ ਖੇਤੀ ਬਾੜੀ ਨਾਲ ਵੀ ਬਹੁਤ ਸਨੇਹ ਸੀ ਅਤੇ ਆਪ ਜੀ ਆਪਣੇ ਪਿੰਡ ਇਸ ਧੰਦੇ ਨੂੰ ਬੜੀ ਸਫ਼ਲਤਾ ਨਾਲ ਕਰਾਉਂਦੇ ਰਹੇ। ਇਲਾਕੇ ਦੇ ਲੋਕਾਂ ਦੇ ਦੁੱਖ ਸੁੱਖ ਦੇ ਹਰ ਵੇਲੇ ਸਾਂਝੀ ਹੁੰਦੇ ਸਨ। ਲੋਕਾਂ ਦੇ ਕੰਮਾਂਕਾਰਾਂ ਵਿਚ ਖਾਸ ਕਰਕੇ ਰੁਜ਼ਗਾਰ ਦੁਆਉਣ ਹਿੱਤ ਜਿਵੇਂ ਕਿ ਖੰਡ ਮਿਲ ਮੋਰਿੰਡਾ, ਕੋ.ਬੈਂਕ ਅਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਸਹਾਇਤਾ ਕਰਦੇ ਰਹੇ।

ਆਪ ਜੀ ਨੂੰ ਸ਼ੱਕਰ ਰੋਗ ਦੀ ਨਾਮੁਰਾਦ ਬਿਮਾਰੀ ਨੇ ਘੇਰ ਲਿਆ। ਜਿਸ ਕਾਰਨ 30 ਮਾਰਚ, 1981 ਨੂੰ ਪੀ.ਜੀ.ਆਈ. ਚੰਡੀਗੜ੍ਹ, ਵਿੱਚ ਆਪਣੇ ਸੁਆਸ ਪੂਰੇ ਕਰਕੇ ਸੰਸਾਰਿਕ ਯਾਤਰਾ ਸੰਪੂਰਨ ਕਰ ਗਏ।

* * *

# ਪੁਆਧੀ ਕਵੀਸ਼ਰ : ਨੱਥਾ ਸਿੰਘ 'ਨਰੜ'

- ਮਨਦੀਪ ਸਿੰਘ

ਕਾਵਿ ਦੀ ਉਤਪਤੀ ਲੋਕ-ਮਨ ਵਿਚ ਪੈਦਾ ਹੋਏ ਖਿਆਲਾਂ ਨੂੰ ਅਭੀਵਿਅਕਤ ਕਰਨ ਦੀ ਕ੍ਰਿਆ ਤੋਂ ਹੋਈ ਹੈ। ਲੋਕਮਨ ਸਭ ਤੋਂ ਪਹਿਲਾਂ ਆਪਣੇ ਆਲੇ-ਦੁਆਲੇ ਦੀਆਂ ਅਸੀਮ ਅਤੇ ਦੈਵੀ-ਸ਼ਕਤੀਆਂ ਤੋਂ ਪ੍ਰਭਾਵਿਤ ਹੋਇਆ।ਮਨੁੱਖ ਨੇ ਪ੍ਰਾਕ੍ਰਿਤਕ ਅਤੇ ਭੌਤਿਕ ਵਸਤੂਆਂ ਤੋਂ ਪ੍ਰੇਰਿਤ ਹੋ ਕੇ ਉਸ ਨੂੰ ਆਪਣੇ ਸੂਖਮ ਭਾਵਾਂ ਵਿਚ ਚਿੱਤਰ ਕੇ, ਉਹਨਾਂ ਦੀ ਉਸਤਤ ਵਿੱਚ ਜਾਂ ਵਡਿਆਈ ਵਿਚ ਜੋ ਸ਼ਬਦ ਉਚਾਰੇ ਉਹ ਕਾਵਿ ਬਣ ਗਏ। ਇਸ ਤਰ੍ਹਾਂ ਲੋਕ-ਪ੍ਰਵਿਰਤੀਆਂ ਲੋਕ-ਸਾਹਿਤ ਦੇ ਮਾਧਿਅਮ ਰਾਹੀਂ ਵਿਦਮਾਨ ਹੋਈਆਂ। ਧਾਰਮਿਕ ਪੁਰਸ਼, ਦੇਵੀ-ਦੇਵਤੇ, ਵੀਰ-ਯੋਧੇ, ਸੂਰਬੀਰ, ਇਤਿਹਾਸਕ ਪਾਤਰ ਆਦਿ ਕਾਵਿ ਦੀ ਸਮੱਗਰੀ ਬਣਦੇ ਰਹੇ।

ਕਵੀਸ਼ਰੀ ਲੋਕ ਮਨ ਦੀ ਅਭੀਵਿਅਕਤੀ ਹੈ। ਲੋਕ-ਮਨ ਦੀਆਂ ਪ੍ਰਵਿਰਤੀਆਂ ਜਿਵੇਂ ਸੰਸਕਾਰ, ਰੀਤੀ-ਰਿਵਾਜ, ਲੋਕ-ਕਥਾਵਾਂ, ਲੋਕ ਵਿਸ਼ਵਾਸ ਆਦਿ ਨੂੰ ਕਾਵਿ ਦੇ ਸੰਚੇ ਵਿਚ ਢਾਲ ਕੇ ਕਲਾਤਮਿਕ ਸ਼ਬਦਾਵਲੀ ਰਾਹੀਂ ਪ੍ਰਗਟਾਇਆ ਜਾਂਦਾ ਹੈ। ਡਾ. ਅਮਰ ਕੋਮਲ ਨੇ ਕਵੀਸ਼ਰੀ ਵਿੱਚ ਲੋਕ ਤੱਤਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਹੈ -"ਕਵੀਸ਼ਰੀ-ਵਿਧੀ ਲੋਕ-ਅਭੀਵਿਅਕਤੀ ਹੀ ਹੈ ਜਿਸ ਵਿਚ ਲੋਕ ਤੱਤਵ ਵਿਦਮਾਨ ਹੁੰਦੇ ਹਨ ਜਿਨ੍ਹਾਂ ਨੂੰ ਲੋਕ ਸਮੂਹ ਨਿਰੰਤਰ ਪ੍ਰਵਾਨਗੀ ਦਿੰਦੇ ਹਨ।"[1] ਇਸ ਤਰ੍ਹਾਂ ਕਵੀਸ਼ਰੀ ਲੋਕ-ਮਨ ਦੀ ਤਰਜਮਾਨੀ ਕਰਦੀ ਹੈ ਜਿਸ ਉਪਰ ਸਮੂਹ ਦੀ ਮੋਹਰ ਛਾਪ ਲੱਗੀ ਹੁੰਦੀ ਹੈ।

ਕਵੀਸ਼ਰੀ ਪਰੰਪਰਾ ਬੇਸ਼ੱਕ ਮੁਖ ਰੂਪ ਵਿੱਚ ਮਾਲਵਾ ਖੇਤਰ ਨਾਲ ਸੰਬੰਧ ਰੱਖਦੀ ਹੈ ਪਰ ਇਸ ਦਾ ਇਕ ਰੰਗ ਪੁਆਧ ਦੀ ਧਰਤੀ 'ਤੇ ਵੀ ਪਿਆ ਹੈ। ਪੁਆਧ ਜਿਸ ਦਾ ਆਪਣਾ ਖੇਤਰ, ਆਪਣੇ ਰੀਤੀ-ਰਿਵਾਜ ਆਪਣੀ ਉਪ-ਬੋਲੀ ਹੈ। ਜਿਸ ਦੇ ਆਧਾਰ 'ਤੇ ਪੁਆਧੀ ਭਾਸ਼ਾ ਦਾ ਬਤੌਰ ਪੰਜਾਬੀ ਉਪ ਬੋਲੀ ਦੇ ਆਪਣਾ ਵੱਖਰਾ ਅਤੇ ਗੌਰਵਮਈ ਸਥਾਨ ਹੈ। ਕਵੀਸ਼ਰੀ ਪਰੰਪਰਾ ਦੇ ਪੱਖੋਂ ਵੀ ਪੁਆਧ ਖੇਤਰ ਨੇ ਲੋਕ-ਸਾਹਿਤ ਨੂੰ ਅਮੀਰ ਕੀਤਾ ਹੈ। ਇਸ ਵੰਨਗੀ ਵਿੱਚ ਪ੍ਰਸਿੱਧ ਪੁਆਧੀ ਕਵੀਸ਼ਰ ਨੱਥਾ ਸਿੰਘ ਨਰੜ (1860-1930) ਦਾ ਆਪਣਾ ਯੋਗਦਾਨ ਹੈ।

ਨੱਥਾ ਸਿੰਘ ਨਰੜੂ ਨੇ ਪੁਆਧ ਵਿੱਚ ਕਵੀਸ਼ਰੀ ਨੂੰ ਲੋਕ-ਪ੍ਰਿਆ ਬਣਾਉਣ ਲਈ ਸਿਰਤੋੜ ਯਤਨ ਕੀਤਾ। ਇਹਨਾਂ ਦੀ ਰਚਨਾ ਵਿੱਚ ਸਾਹਿਤਕਤਾ ਦਾ ਅੰਸ਼ ਵਿਦਮਾਨ ਹੈ। ਬੇਸ਼ੱਕ ਸਾਹਿਤ ਦੇ ਖੇਤਰ ਵਿੱਚ 'ਪੁਆਧ-ਖੇਤਰ' ਨੂੰ ਅਣਗੌਲਿਆ ਹੀ ਰੱਖਿਆ ਗਿਆ ਹੈ ਪਰ ਪੁਆਧ ਖੇਤਰ ਨੇ ਅਨੇਕਾਂ ਸਾਹਿਤਕਾਰ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਨੱਥਾ ਸਿੰਘ ਨਰੜੂ ਵੀ ਉਹਨਾਂ ਸਾਹਿਤਕਾਰਾਂ ਵਿੱਚੋਂ ਇੱਕ ਹੈ। ਇਹਨਾਂ ਨੇ ਪੰਜਾਬੀ ਸਾਹਿਤ ਵਿੱਚ ਗੁਣਾਤਮਕ ਅਤੇ ਗਿਣਾਤਮਕ ਦੋਹਾਂ ਪੱਖਾਂ ਤੋਂ ਵਾਧਾ ਕੀਤਾ। ਇਹਨਾ ਨੇ 'ਸੱਸੀ ਪੁੰਨੂੰ', ਸ਼ੀਰੀ-ਫਰਹਾਦ', 'ਨੂੰਹ ਸੱਸ ਨੂੰਹ ਸਹੁਰਾ' ਕਿੱਸੇ ਲਿਖੇ।[2]

ਭਾਸ਼ਾਈ ਪੱਖ ਤੋਂ ਇਹਨਾਂ ਕਿੱਸਿਆਂ ਦੀ ਵਿਸ਼ੇਸਤਾ ਇਹ ਹੈ ਕਿ ਇਹਨਾਂ ਵਿੱਚ ਸਾਨੂੰ ਪੁਆਧੀ ਉਪਭਾਸ਼ਾ ਦਾ ਰੰਗ ਦੇਖਣ ਨੂੰ ਮਿਲਦਾ ਹੈ। ਜਿਸ ਤੋਂ ਪੁਆਧੀ ਭਾਸ਼ਾ ਦਾ ਸਾਹਿਤ ਵਿੱਚ ਆਪਣਾ ਸਥਾਨ ਨਿਸ਼ਚਿਤ ਹੁੰਦਾ ਹੈ। ਕਿੱਸਾ ਸੱਸੀ-ਪੁੰਨੂੰ ਵਿੱਚ ਪੁਆਧੀ ਸ਼ਬਦਾਵਲੀ ਭਰਪੂਰ ਰੂਪ ਵਿੱਚ ਦੇਖਣ ਨੂੰ ਮਿਲਦੀ ਹੈ ਜੋ ਪੁਆਧੀ ਭਾਸ਼ਾ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਨੂੰ ਸਮੋਈ ਬੈਠੀ ਹੈ। ਹੇਠਾਂ ਅਸੀਂ ਕਿੱਸਾ ਸੱਸੀ-ਪੁੰਨੂੰ ਵਿੱਚੋਂ ਕੁੱਝ ਕੁ ਸਤਰਾਂ ਦੇ ਉਦਾਹਰਣ ਦਿੰਦੇ ਹਾਂ ਜਿਹਨਾਂ ਵਿੱਚ ਪੁਆਧੀ ਸ਼ਬਦਾਵਲੀ ਦੇਖਣ ਨੂੰ ਮਿਲਦੀ ਹੈ।

- ਬਿਸ਼ੇ ਬਿਕਾਰ ਤੋਂ ਮਨ ਫੜ ਗਿਆ ਉਦਾਸੀ।
- ਕਿੰਕੂ ਹੜੀ ਜਾਂਦੀ ਵੀ ਲਗੇਗੀ ਕਿਨਾਰੇ।
- ਇਕਨਾ ਖੇਲ੍ਹਣ ਬੋਲਣ ਨਾਲ ਆਪਣੇ ਹਾਣ ਦੈ।
- ਖੜੀ ਖੜੌਂਤੀ ਰਹਿਗੀ ਨਬਜਾਂ ਸੀ ਠਰੀਆਂ।
- ਰੰਨ ਫੜ ਕੇ ਕਾਲਜਾ ਬੈਗੀ ਆ।
- ਮੂੰਹੋਂ ਮਰਗੀ ਮਰਗੀ ਕੈਗ੍ਰੀ ਆ।
- ਜਿਕੂੰ ਰੰਡੀ ਬਾਹਮਣੀ ਤੜਫਦੀ।
- ਸੁਬਾ ਸਾਰ ਵੇਲਾ ਹੋਯਾ ਰਾਮ ਜਪਣੇ ਦਾ।
- ਕੇਰਾਂ ਦਰਸ਼ਨ ਦੇਹ ਵੇ ਦੁੱਖਾਂ ਦਿਆਂ ਸੀਰੀਆ।
- ਵਿੱਚ ਤਾਂ ਥਲਾਂ ਦੇ ਜਾ ਕੇ ਦੁਖੜੇ ਸੈਂਹਦੀ
- ਮਖਣ ਵਰਗੀਆਂ ਤਲੀਆਂ ਤੇ ਲਗੀ ਵੀ ਮੈਂਹਦੀ।
- ਦੇਖੀ ਡਾਢਿਆ ਕਿਤੇ ਪੌਣ ਚਲਾਮੇ ਜੋਰ ਦੀ।

- ਕਾਨੂੰ ਜਾਂਦੀ ਮਗਰੇ ਪੁਨੂੰ-ਪੁਨੂੰ ਕੈਂਹਦੀ
- ਹੜੀ ਜਾਂਦੀ ਨੀ ਤੈਂ ਪਕੜੀ ਆਪਣੇ ਮਤ ਨੂੰ
- ਕਾਹਨੂੰ ਪਾਉਂਦੀ ਹੈ ਵੇਲਾ ਸ਼ੋਰ ਦਾ।
- ਜੇ ਨਾ ਮਿਲਿਆ ਬੈਹ ਜੂੰਗੀ ਹੱਥਾਂ ਨੂੰ ਧੋ ਕੇ।
- ਪੱਟ ਤਾਂ ਰੰਨ ਦੇ ਜਿਕੇਂ ਕੇਲੇ ਦੀਆਂ ਮੋਛੀਆਂ।

ਉਪਰੋਕਤ ਉਕਤੀਆਂ ਤੋਂ ਦੇਖਿਆ ਜਾਵੇ ਤਾਂ ਇਹਨਾਂ ਵਿਚ ਪੁਆਧੀ ਸ਼ਬਦਾਵਲੀ ਦੀ ਝਲਕ ਦੇਖਣ ਨੂੰ ਮਿਲਦੀ ਹੈ। ਇਹ ਸ਼ਬਦਾਵਲੀ ਵਿਸ਼ੇਸ਼ ਆਪਣੀ ਟਕਸਾਲੀ ਭਾਸ਼ਾ ਨਾਲੋਂ ਵੱਖਰੀ ਹੈ। ਇਹ ਵੱਖਰਤਾ ਹੀ ਪੁਆਧੀ ਭਾਸ਼ਾ ਦੀਆਂ ਭਾਸ਼ਾਈ ਵਿਸ਼ੇਸ਼ਤਾ ਨੂੰ ਦਰਸਾਉਂਦੀ ਹੈ। ਇਸ ਤਰ੍ਹਾਂ ਨੱਥਾ ਸਿੰਘ 'ਨਰਤੂ' ਨੇ ਆਪਣੇ ਕਿੱਸੇ ਵਿੱਚ ਜਿੱਥੇ ਪ੍ਰੀਤ ਕਥਾ, ਸਮਾਜਿਕ ਹਾਲਾਤ ਅਤੇ ਸਭਿਆਚਾਰ ਨੂੰ ਦਰਸਾਇਆ ਹੈ, ਉਥੇ ਇਹਨ੍ਹਾਂ ਨੇ ਆਪਣੇ ਕਿੱਸਿਆਂ ਵਿੱਚ ਪੁਆਧੀ ਸ਼ਬਦਾਵਲੀ ਦੀ ਵਰਤੋਂ ਨਾਲ ਕਿੱਸਾ ਸਾਹਿਤ ਵਿਚ ਪੁਆਧੀ ਭਾਸ਼ਾ ਦਾ ਸਥਾਨ ਵੀ ਸੁਨਿਸ਼ਚਿਤ ਕੀਤਾ ਹੈ।

**ਮਨਦੀਪ ਸਿੰਘ**
ਪਿੰਡ ਤੇ ਡਾਕ . ਢਿੱਲੋਂ
ਜ਼ਿਲ੍ਹਾ ਲੁਧਿਆਣਾ
ਮੋਬਾ. 98157-36352

# ਘੜਾਮ ਦੇ ਭੀਖਣ ਸ਼ਾਹ ਮੀਰਾਂ ਜੀ

**ਜਗਦੀਸ਼ ਸਿੰਘ ਸੋਹਲ**

ਪਟਿਆਲਾ ਸ਼ਹਿਰ ਤੋਂ ਪੂਰਬ ਦੱਖਣ ਵਾਲੇ ਪਾਸੇ 35 ਕਿਲੋਮੀਟਰ ਦੀ ਦੂਰੀ ਤੇ ਹਰਿਆਣਾ ਰਾਜ ਦੀ ਸਰਹੱਦ 'ਤੇ ਸਥਿੱਤ ਪਿੰਡ ਘੜਾਮ ਵਿਖੇ ਭੀਖਣ ਸ਼ਾਹ ਮੀਰਾਂ ਜੀ ਦਾ ਮਕਬਰਾ ਬਣਿਆ ਹੋਇਆ ਹੈ। ਇਸ ਪੀਰ ਦੀ ਦਰਗਾਹ 'ਤੇ ਚੌਵੀ ਘੰਟੇ ਮੇਲੇ ਦੀ ਤਰ੍ਹਾਂ ਸੰਗਤ ਜੁੜੀ ਰਹਿੰਦੀ ਹੈ। ਇਥੇ ਅੱਠਵੀਂ ਗੱਦੀ 'ਤੇ ਬਿਰਾਜਮਾਨ ਬਾਬਾ ਮਸਤ ਦੀਵਾਨਾ ਬੁਲ੍ਹੇਸ਼ਾਹ ਅਤੇ ਬੀਬੀ ਮਸਤ ਦੀਵਾਨੀ ਭੋਲੂ ਸ਼ਾਹ ਜੀ ਪੂਰੀ ਤਨਦੇਹੀ ਨਾਲ ਸੇਵਾ ਨਿਭਾ ਰਹੇ ਹਨ। ਮਕਬਰੇ ਦੇ ਅੰਦਰ ਇਕ ਪਾਸੇ ਗੁਰੂ ਗਰੰਥ ਸਾਹਿਬ ਦੀ ਭੀੜ ਬਿਰਾਜਮਾਨ ਹੈ। ਸਭ ਧਰਮਾਂ ਦੀ ਸੰਗਤ ਪੀਰ ਜੀ ਨੂੰ ਸਿਜਦਾ ਕਰਨ ਲਈ ਆਉਂਦੀ ਹੈ ਅਤੇ ਆਪਣੀ ਇੱਛਾ ਪੂਰਤੀ ਕਰਦੀ ਹੈ। ਇਥੇ ਹਰ ਮਹੀਨੇ ਦੀ ਗਿਆਰਵੀਂ ਨੂੰ ਮੇਲਾ ਲੱਗਦਾ ਹੈ ਅਤੇ ਸਾਲ ਵਿਚ ਇਕ ਵਾਰ ਬਹੁਤ ਵੱਡਾ ਮੇਲਾ ਲੱਗਦਾ ਹੈ। ਮੇਲੇ ਸਮੇਂ ਸਾਰੇ ਦੇਸ਼ ਅਤੇ ਵਿਦੇਸ਼ਾਂ ਤੋਂ ਵੀ ਲੋਕ ਪੀਰ ਜੀ ਦੇ ਦਰਸ਼ਨਾਂ ਲਈ ਆਉਂਦੇ ਹਨ। ਦੇਸੀ ਘਿਉ ਦੀਆਂ ਜਲੇਬੀਆਂ ਅਤੇ ਹੋਰ ਪਕਵਾਨ ਦਾ ਲੰਗਰ ਅਤੁੱਟ ਵਰਤਦਾ ਹੈ।

ਭੀਖਣ ਸ਼ਾਹ ਮੀਰਾਂ ਜੀ ਸੰਨ 1046 ਹਿਜ਼ਰੀ (1635ਈ.) ਵਿੱਚ ਪਿੰਡ ਸਿਆਣਾ (ਹਰਿਆਣਾ) ਵਿਖੇ ਪੈਦਾ ਹੋਏ। ਭੀਖਣ ਸ਼ਾਹ ਨੂੰ ਭੀਖਾ ਨਾਂ ਨਾਲ ਜਾਣਿਆ ਜਾਂਦਾ ਸੀ। ਇਹ ਨਾਂ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਵਰਤਿਆ ਹੈ। 'ਭੀਖਾ' ਨਾਂ ਅਰਬੀ ਦੇ 'ਬੀਕੋਂ' ਤੋਂ ਬਣਿਆ ਹੈ। ਆਪ ਜੀ ਨੇ ਆਪਣੀ ਉਮਰ ਦੇ 84 ਸਾਲ ਪੂਰੇ ਭੋਗੇ ਅਤੇ 1719 ਈ. ਵਿੱਚ ਅੱਲ੍ਹਾ ਨੂੰ ਪਿਆਰੇ ਹੋਏ। ਹਜ਼ਰਤ ਮੀਰਾਂ ਸਾਹਿਬ ਅਜੇ ਦਸ ਸਾਲ ਦੇ ਹੀ ਸਨ ਕਿ ਆਪ ਜੀ ਦੇ ਪਿਤਾ ਗੌਸ ਇਸ ਸੰਸਾਰ ਤੋਂ ਚਲਾਣਾ ਕਰ ਗਏ। ਮਾਤਾ ਜੀ ਨੇ ਆਪ ਨੂੰ ਮਸ਼ਹੂਰ ਆਲਮ ਹਜ਼ਰਤ ਅਖਵੰਦ ਫ਼ਰੀਦ ਸਾਹਿਬ ਕੋਲ ਪੜ੍ਹਨ ਲਈ ਬਿਠਾ ਦਿੱਤਾ। ਜਲਦੀ ਹੀ ਆਪ ਨੇ ਕੁਰਾਨ ਸ਼ਰੀਫ ਦੀ ਪੜ੍ਹਾਈ ਕਰ ਲਈ। ਥੋੜ੍ਹੇ ਸਮੇਂ ਵਿੱਚ ਹੀ ਆਪ ਦੁਨੀਆਂ ਭਰ ਵਿਚ ਮਸ਼ਹੂਰ ਹੋ ਗਏ। ਕਿਹਾ ਜਾਂਦਾ ਹੈ ਕਿ ਜਦੋਂ ਆਪ ਨੂੰ ਆਪਣੇ ਪਿਤਾ ਦੀ ਮੌਤ ਬਾਰੇ ਪਤਾ ਲੱਗਾ ਤਾਂ ਆਪ ਚਿੱਟੇ ਬਸਤਰ ਪਹਿਨ ਕੇ ਜੰਗਲਾਂ ਵਿਚ ਚਲੇ ਗਏ। ਮਾਂ ਦੇ ਪੁੱਛਣ ਤੇ ਆਪ ਜੀ ਨੇ ਕਿਹਾ ਕਿ ਮੇਰਾ ਮਨ ਇਕੱਲੇ ਰਹਿ ਕੇ ਜੰਗਲਾਂ ਵਿਚ ਭਗਤੀ ਕਰਨ ਦਾ ਕਰਦਾ ਹੈ । ਮਾਂ ਨੇ ਕਿਹਾ ਕਿ ਜੇਕਰ ਆਪ ਨੇ ਆਪਣੇ ਵਡੇਰਿਆਂ ਦੀ ਤਰ੍ਹਾਂ ਨਾਂ ਕਮਾਉਣਾ ਹੈ ਤਾਂ ਜਾਓ ਨਹੀਂ ਜੇਕਰ ਫਿਰ ਵੀ

ਤੂੰ ਇਸ ਤਰ੍ਹਾਂ ਕਰੇਂਗਾ ਤਾਂ ਨਾ ਹੀ ਮੈਂ ਤੇਰੀ ਮਾਂ ਹਾਂ ਤੇ ਨਾ ਹੀ ਤੂੰ ਮੇਰਾ ਪੁੱਤਰ ਹੈਂ। ਇਹ ਗੱਲ ਸੁਣਕੇ ਆਪ ਨੇ ਕਾਨੂੰਨ ਗੋਆ ਦੇ ਸਕੂਲ ਘੜਾਮ ਵਿਖੇ ਜਾ ਡੇਰੇ ਲਾਏ। ਪੜ੍ਹਦਿਆਂ ਜੋਤਸ਼ੀ ਨੇ ਕਿਹਾ ਕਿ ਇਹ ਬਹੁਤ ਵੱਡਾ ਬਾਦਸ਼ਾਹ ਹੋਣ ਵਾਲਾ ਹੈ ਜਾਂ ਵਲੀਆਂ ਦਾ ਵਲੀ। ਇਨ੍ਹਾਂ ਦਾ ਬੋਲਬਾਲਾ ਸਾਰੇ ਸੰਸਾਰ ਤੱਕ ਪਹੁੰਚੇਗਾ ਅਤੇ ਜੇ ਕੋਈ ਇਸਦੀ ਵਿਰੋਧਤਾ ਕਰੇਗਾ ਤਾਂ ਉਸਦੇ ਕੰਨ ਬੰਦ ਹੋ ਜਾਣਗੇ।

ਪਹਿਲਾਂ ਪਹਿਲ ਮੀਰਾਂ ਸਾਹਿਬ ਅਲਾਹ ਦੀ ਯਾਦ ਦੀ ਵਿੱਦਿਆ ਲੈਣ ਲਈ ਸੱਚੇ ਨੂਰ ਸ਼ਰੀਅਤ ਦੀ ਸ਼ਮਾ ਦੀ ਮਹਿਫ਼ਲ ਆਦਰਯੋਗ ਮੀਆਂ ਮੁਹੰਮਦ ਕਾਸਮ ਦੀ ਸੇਵਾ ਵਿੱਚ ਚਲੇ ਗਏ। ਮੁਹੰਮਦ ਕਾਸਮ ਜੀ ਉਸ ਸਮੇਂ ਮਾਲਵੇ ਵਿੱਚ ਰਹਿੰਦੇ ਸਨ। ਆਪ ਛੇ ਮਹੀਨੇ ਤੋਂ ਵੱਧ ਸੇਵਾ ਵਿਚ ਰਹੇ। ਜਦੋਂ ਗੁਰੂ ਨੇ ਆਪ ਨੂੰ ਆਦੇਸ਼ ਦਿੱਤਾ ਕਿ ਆਪ ਘੜਾਮ ਵਿੱਚ ਇਸ ਥਾਂ ਠਹਿਰ ਕੇ ਰੱਬ ਦੀ ਯਾਦ ਵਿੱਚ ਮਗਨ ਹੋ ਜਾਵੇ ਅਤੇ ਹੁਣ ਇੱਥੇ ਆਉਣ ਦੀ ਕੋਈ ਲੋੜ ਨਹੀਂ। ਸਮਾਂ ਆਉਣ ਤੇ ਅਸੀਂ ਖੁਦ ਉਥੇ ਆਵਾਂਗੇ। ਸੋ ਗੁਰੂ ਦਾ ਕਿਹਾ ਪ੍ਰਵਾਨ ਕਰਦਿਆਂ ਆਪ ਇਥੇ ਹੀ ਭਗਤੀ ਵਿਚ ਲੀਨ ਹੋ ਗਏ। ਆਪ ਤਿੰਨ ਦਿਨਾਂ ਬਾਅਦ ਇਕ ਟੁਕੜਾ ਰੋਟੀ ਜੋ ਕਿ ਸ਼ਾਲੀ ਦੀ ਹੁੰਦੀ ਸੀ, ਪਾਣੀ ਵਿੱਚ ਭਿਉਂ ਕੇ ਖਾਂਦੇ। ਬਾਰ੍ਹਾਂ ਸਾਲ ਬਾਅਦ ਜਦੋਂ ਗੁਰੂ ਨੇ ਆ ਚਰਨ ਪਾਏ ਤਾਂ ਕੀ ਦੇਖਦੇ ਸਨ ਕਿ ਪਜਾਮੇ ਦਾ ਅਸਲ ਕੱਪੜਾ ਹੀ ਦਿਖਾਈ ਦਿੰਦਾ, ਸਿਰਫ਼ ਉਤੇ ਲੱਗੀਆ ਟਾਕੀਆਂ ਹੀ ਦਿਖਾਈ ਦਿੰਦੀਆਂ ਹਨ ਅਤੇ ਸਰੀਰ ਵੀ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਕਮਜ਼ੋਰ ਹੋ ਗਿਆ ਸੀ। ਮੁਰਸ਼ਦ ਦੇ ਕਹਿਣ ਤੇ ਆਪ ਨੇ ਨਵੇਂ ਬਸਤਰ ਪਹਿਨੇ।

ਬਸੰਤ ਦੀ ਰੁੱਤ ਵਿੱਚ ਆਪ ਇੰਨੇ ਮਸਤ ਹੁੰਦੇ ਕਿ ਆਪ ਗੁੰਮਥਲਾ, ਕੈਂਥਲ, ਹਾਂਸੀ, ਹਿਸਾਰ ਦੇ ਜੰਗਲਾਂ ਵਿਚ ਚਲੇ ਜਾਂਦੇ ਨਾ ਕੁਝ ਖਾਂਦੇ ਅਤੇ ਨਾ ਹੀ ਕੋਈ ਹੋਸ਼ ਦੀ ਗੱਲ ਕਰਦੇ। ਜਦੋਂ ਆਪ ਦੇ ਗੁਰੂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਤਿੰਨ ਮਹੀਨੇ ਦੀ ਨਮਾਜ ਉਲਟਾਉਣ ਦਾ ਹੁਕਮ ਫੁਰਮਾਇਆ। ਵੀਹ ਘੜੀਆਂ ਦਿਨ ਰਾਤ ਵਿੱਚ ਪੰਜ ਪੈਸੇ ਬਰਾਬਰ ਮੂੰਗ ਦੀ ਦਾਲ ਆਪ ਦੀ ਖੁਰਾਕ ਹੁੰਦੀ। ਆਪ ਜੀ ਦੀ ਮਾਤਾ ਨੇ ਜਦੋਂ ਸਾਰਾ ਘਰ ਬਰਬਾਦ ਹੋਣ ਬਾਰੇ ਦੱਸਿਆ ਅਤੇ ਯਾਦ ਕਰਾਇਆ ਕਿ ਛੋਟੀ ਭੈਣ ਦੀ ਸ਼ਾਦੀ ਹੈ ਅਤੇ ਘਰ ਦੀਆਂ ਕੰਧਾਂ ਵੀ ਗਿਰ ਗਈਆਂ ਹਨ ਤਾਂ ਆਪ ਨੇ ਸੱਯਦ ਅਬਦੁਲ ਮੋਮਿਨ ਸੇਖ ਨੈਮਤਉਲਾ ਅਤੇ ਦੋ ਹੋਰ ਸਾਥੀਆਂ ਨੂੰ ਨਾਲ ਲੈ ਕੇ ਮਕਾਨ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਆਪ ਸਿਰਫ਼ ਥੋੜ੍ਹੀ ਮੂੰਗ ਨਾਲ ਹੀ ਗੁਜ਼ਾਰਾ ਕਰਦੇ ਅਤੇ ਘਰ ਦਾ ਸਾਰਾ ਕੰਮ ਕਰਦੇ। ਗੁਰੂ ਜੀ ਨੇ ਆਪ ਨੂੰ ਦੇਖਕੇ ਕਿਹਾ ਕਿ ਮੀਰਾਂ ਜੀ! ਤੁਸੀਂ ਆਪਣੇ

ਆਪ ਉਤੇ ਬਹੁਤ ਜ਼ੁਲਮ ਕੀਤਾ ਹੈ। ਜੇਕਰ ਹਰ ਰੋਜ਼ ਮਕਾਨ ਬਣਾਉਣ ਦਾ ਕਠਿਨ ਕੰਮ ਕਰੋਗੇ, ਫੇਰ ਰੋਜ਼ਾ ਵੀ ਰੱਖੋਗੇ, ਭੁੱਖੇ ਰਹੋਗੇ ਤਾਂ ਇਹ ਜ਼ੁਲਮ ਨਹੀਂ ਤਾਂ ਹੋਰ ਕੀ ਹੈ।

ਮੀਰਾਂ ਜੀ ਅਰੰਭ ਤੋਂ ਹੀ ਬਹੁਤ ਅਕਲ ਵਾਲੇ ਸਨ। ਆਰੰਭ ਤੋਂ ਹੀ ਦਰੱਖਤਾਂ ਦੇ ਪੱਤਿਆਂ ਤੇ ਗੁਜ਼ਾਰਾ ਕਰਦੇ ਸਨ। ਜ਼ਿਆਦਾ ਸਮਾਂ ਜੰਗਲ ਵਿਚ ਰਹਿ ਕੇ ਖੁਸ਼ ਰਹਿੰਦੇ। ਆਬਾਦੀ ਤੋਂ ਬਚ ਕੇ ਰਹਿਣਾਂ ਆਪ ਦੀ ਪੁਰਾਣੀ ਆਦਤ ਸੀ। ਰਾਤ ਦਿਨ ਅੱਲ੍ਹਾ-ਅੱਲ੍ਹਾ ਹੀ ਜ਼ਬਾਨ ਤੇ ਸੀ। ਆਪ ਦੀ ਭਗਤੀ ਦੀ ਆਵਾਜ਼ ਜੇ ਦੁਨੀਆਂ ਵਾਲਿਆਂ ਨੂੰ ਪਹੁੰਚਦੀ ਤਾਂ ਉਨ੍ਹਾਂ ਦੇ ਦਿਲ ਭਰ ਆਉਂਦੇ। ਕੱਪੜੇ ਸਿਰਫ਼ ਤਨ ਢਕਣ ਲਈ ਹੀ ਪਾਉਂਦੇ। ਕੋਈ ਚੀਜ਼ ਆਪਣੇ ਕੋਲ ਰੱਖਣ ਦੀ ਆਦਤ ਨਹੀਂ ਸੀ। ਜੇਕਰ ਕੋਈ ਚੀਜ਼ ਫਾਲਤੂ ਹੁੰਦੀ ਤਾਂ ਗਰੀਬਾਂ ਵਿਚ ਦਾਨ ਕਰ ਦਿੰਦੇ।

ਇਤਿਹਾਸਕ ਤੱਥ ਇਸ ਗੱਲ ਦੇ ਗਵਾਹ ਹਨ ਕਿ ਭੀਖਣ ਸ਼ਾਹ ਜੀ ਨੂੰ ਗੁਰੂ ਗੋਬਿੰਦ ਸਿੰਘ ਦੇ ਜਨਮ ਦਾ ਇਥੇ ਬੈਠਿਆਂ ਇਲਮ ਹੋ ਗਿਆ ਸੀ ਅਤੇ ਉਹ ਕਹਿ ਉੱਠੇ ਸਨ ਕਿ ਲੋਕਾਂ ਨੂੰ ਸ੍ਰੇਸ਼ਟ ਸਿੱਖਿਆ ਦੇਣ ਲਈ ਅਵਤਾਰ ਪ੍ਰਗਟ ਹੋ ਗਿਆ ਹੈ। ਪੀਰ ਜੀ ਨੇ ਸਭ ਕੁਝ ਛੱਡ ਕੇ ਉਸ ਦਿਨ ਪੂਰਬ ਦਿਸ਼ਾ ਵੱਲ ਮੂੰਹ ਕੀਤਾ ਅਤੇ ਆਪਣੀਆਂ ਅੱਖਾਂ ਬੰਦ ਕਰਕੇ ਉਸ ਥਾਂ ਲਈ ਆਦਰ ਪੂਰਬਕ ਹੱਥ ਬੰਨ੍ਹੇ। ਨਿਮਰਤਾ ਸਹਿਤ ਜ਼ਮੀਨ ਤੇ ਮੱਥਾ ਟੇਕਿਆ ਤੇ ਤਿੰਨ ਵਾਰੀ ਸਿਜਦਾ ਕੀਤਾ। ਜਦੋਂ ਮੁਰੀਦਾਂ ਨੇ ਪੁੱਛਿਆ ਕਿ ਗੁਰੂ ਜੀ ਤੁਸੀਂ ਅੱਜ ਉਲਟ ਦਿਸ਼ਾ ਵੱਲ ਮੂੰਹ ਕਰਕੇ ਕਿਉਂ ਸਿਜਦਾ ਕਰ ਰਹੇ ਹੋ? ਉਹ ਹੈਰਾਨ ਸਨ ਕਿਉਂਕਿ ਸਾਰੇ ਮੁਸਲਮਾਨ ਹਮੇਸ਼ਾ ਪੱਛਮ ਦਿਸ਼ਾ ਵਲ ਸਿਰ ਝੁਕਾਉਂਦੇ ਹਨ। ਭੀਖਣ ਸ਼ਾਹ ਨੇ ਕਿਹਾ ਦੀਨ ਤੇ ਦੁਨੀਆਂ ਦਾ ਮਾਲਕ ਆ ਗਿਆ ਹੈ, ਇਹ ਘੁਮੰਡੀਆਂ ਦਾ ਘੁਮੰਡ ਤੋੜੇਗਾ ਅਤੇ ਮਰਯਾਦਾ ਭੰਗ ਕਰਨ ਵਾਲਿਆਂ ਨੂੰ ਨਸ਼ਟ ਕਰੇਗਾ। ਉਸ ਦਾ ਤੇਜ ਤਿੰਨਾਂ ਲੋਕਾਂ ਤਕ ਵਿਸਤਾਰਤ ਹੈ।

ਭੀਖਣ ਸ਼ਾਹ ਜੀ ਅਗਲੇ ਦਿਨ ਹੀ ਬਾਲ ਗੋਬਿੰਦ ਦੇ ਦਰਸ਼ਨ ਕਰਨ ਲਈ ਤੁਰ ਪਏ ਅਤੇ ਦੋ ਸ਼ਰਧਾਵਾਨ ਮੁਰੀਦ ਨਾਲ ਲੈ ਲਏ। ਕੁਰਾਨ ਲੈ ਕੇ ਤੇ ਮੁਸੱਲਾ ਧਾਰਕੇ ਦੋ ਮੁਰੀਦ ਪਿੱਛੇ ਚਲੇ ਜਾ ਰਹੇ ਸਨ। ਦਿੱਲੀ ਨੂੰ ਹੁੰਦਿਆਂ ਕਈ ਦਿਨਾਂ ਦਾ ਰਸਤਾ ਤਹਿ ਕਰਕੇ ਪਟਨਾ ਸ਼ਹਿਰ ਪੁੱਜੇ, ਪੁੱਛ-ਪੁਛਾਉਂਦੇ ਉਸ ਥਾਂ ਤੇ ਪਹੁੰਚ ਗਏ ਜਿੱਥੇ ਗੁਰੂ ਤੇਗ ਬਹਾਦਰ ਦੇ ਘਰ ਇਹ ਸੁਹਣੇ ਬਾਲ ਨੇ ਜਨਮ ਲਿਆ ਸੀ। ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕ੍ਰਿਪਾਲ ਜੀ ਨੂੰ ਮਿਲੇ ਅਤੇ

ਆਪਣੇ ਇੱਥੇ ਆਉਣ ਦਾ ਕਾਰਨ ਦੱਸਿਆ ਕਿ ਜੋ ਸਾਹਿਬਜ਼ਾਦਾ ਹੁਣ ਸਾਰੇ ਜਗਤ ਦੇ ਸਿੱਖਾਂ ਨੂੰ ਪ੍ਰਸੰਨਤਾ ਪ੍ਰਦਾਨ ਕਰਨ ਲਈ ਪੈਦਾ ਹੋਇਆ ਹੈ, ਮੈਂ ਉਸਦੇ ਦਰਸ਼ਨਾਂ ਦੀ ਚਾਹ ਲੈ ਕੇ ਆਇਆਂ ਹਾਂ। ਮੈਨੂੰ ਉਨ੍ਹਾਂ ਦੇ ਦਰਸ਼ਨ ਕਰਵਾਉ ਤਾਂ ਜੋ ਮੇਰਾ ਆਉਣਾ ਸਫ਼ਲ ਹੋ ਸਕੇ। ਜਦੋਂ ਕ੍ਰਿਪਾਲ ਜੀ ਨੇ ਅੰਦਰ ਮਾਤਾ ਗੁਜਰੀ ਜੀ ਨੂੰ ਭੀਖਣ ਸ਼ਾਹ ਬਾਰੇ ਦੱਸਿਆ ਤਾਂ ਉਨ੍ਹਾਂ ਦੇ ਮਨ ਵਿੱਚ ਸੰਸਾ ਪੈਦਾ ਹੋਇਆ ਕਿ ਇਹ ਔਰੰਗਜ਼ੇਬ ਦਾ ਭੇਜਿਆ ਹੋਇਆ ਕੋਈ ਦੂਤ ਹੋ ਸਕਦਾ ਹੈ ਜਿਹੜਾ ਕਿ ਬਾਲਕ ਨੂੰ ਕੋਈ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਬਾਲਕ ਨੂੰ ਨਾ ਦਿਖਾਉਣ ਦੇ ਬਹੁਤ ਬਹਾਨੇ ਕੀਤੇ ਗਏ। ਪਰੰਤੂ ਫ਼ਕੀਰ ਜੀ ਬਾਹਰ ਹੀ ਅੜਕੇ ਬੈਠੇ ਰਹੇ ਅਤੇ ਖਾਣਾ ਪੀਣਾ ਛੱਡ ਦਿੱਤਾ। ਰਾਤ ਪੈਣ ਤੇ ਬਹੁਤ ਕਿਹਾ ਪਰ ਫ਼ਕੀਰ ਨੇ ਕੁਝ ਨਾ ਖਾਧਾ ਅਤੇ ਅਰਦਾਸ ਕਰਨ ਲੱਗੇ ਕਿ ਆਪਣੇ ਪ੍ਰੇਮੀ ਦੀ ਭਾਵਨਾ ਪੂਰੀ ਕਰੋ, ਮੇਰੇ ਪਵਨ ਪ੍ਰੇਮ ਦੀ ਪਰਖ ਕਰੋ। ਆਪ ਘਟ ਘਟ ਦੇ ਜਾਨਣਹਾਰ ਹੋ, ਮਨ ਦਾ ਪਿਆਰ ਜਾਣ ਕੇ ਦਰਸ਼ਨ ਦਿਉ। ਕ੍ਰਿਪਾਲ ਸਮੇਤ ਸਭ ਸੇਵਕਾਂ ਨੇ ਕਿਹਾ ਕਿ ਇਹ ਤਾਂ ਕੋਈ ਮਹਾਂ ਦਰਵੇਸ਼ ਪੀਰ ਹੈ ਅਤੇ ਗੁਰੂ ਪ੍ਰੇਮੀ ਜਾਪਦਾ ਹੈ, ਦਰਸ਼ਨਾਂ ਤੋਂ ਬਿਨਾ ਹੋਰ ਕੋਈ ਚਾਹ ਨਹੀਂ ਹੈ। ਜਦੋਂ ਸਾਰਿਆਂ ਨੇ ਫਕੀਰ ਨੂੰ ਦਰਸ਼ਨਾਂ ਦੀ ਹੱਠ ਛੱਡਣ ਲਈ ਕਿਹਾ ਤਾਂ ਭੀਖਣ ਸ਼ਾਹ ਫਿਰ ਬੋਲਿਆ ਕਿ ਪਟਨੇ ਨਗਰ ਵਿੱਚ ਮੈਂ ਸਿਰ ਝੁਕਾ ਕੇ ਵੜਿਆ ਹਾਂ, ਸਿਰਫ਼ ਗਰੀਬ ਨਿਵਾਜ ਦੇ ਦਰਸ਼ਨਾਂ ਲਈ ਸੈਂਕੜੇ ਕੋਹ ਦਾ ਪੈਂਡਾ ਮਾਰ ਕੇ ਆਇਆ ਹਾਂ। ਮੈਨੂੰ ਸਭ ਤੁਰਕਾਂ ਨਾਲੋਂ ਵੱਖਰਾ ਹੀ ਸਮਝੋ, ਤੇ ਹੇ ਕਿਰਪਾਲੂ ਮੇਰੇ ਉਤੇ ਦਇਆ ਕਰੋ।

ਜਦੋਂ ਮਾਤਾ ਗੁਜਰੀ ਵੱਲੋਂ ਪੁੱਤਰ ਦੇ ਦਰਸ਼ਨ ਕਰਾਉਣ ਦੀ ਇਜਾਜ਼ਤ ਮਿਲ ਗਈ ਤਾਂ ਫ਼ਕੀਰ ਜੀ ਨੇ ਮਿੱਟੀ ਦੀਆਂ ਦੋ ਕੁੱਜੀਆਂ ਵਿਚ ਮਧੁਰ ਪਕਵਾਨ ਪਾ ਕੇ, ਚਿੱਟਾ ਕੱਪੜਾ ਮੂੰਹ ਤੇ ਬੰਨ੍ਹ ਲਿਆ। ਪਹਿਲਾਂ ਆਪਣੇ ਮੁਰੀਦ ਨੂੰ ਨੇੜੇ ਸੱਦਿਆ ਉਸਨੂੰ ਆਪਣੇ ਹੱਥ ਵਿੱਚ ਫੜ ਕੇ ਉੱਚਾ ਕੀਤਾ, ਦੋਵੇਂ ਹੱਥਾਂ ਵਿੱਚ ਰਖਕੇ ਸਤਿਗੁਰੂ ਦੀ ਸਭ ਸਿਫ਼ਤ ਉਚਾਰੀ। ਪਰਖ ਕਰਨ ਲਈ ਨੇੜੇ ਹੋ ਕੇ ਭੀਖਣ ਸ਼ਾਹ ਨੇ ਜਦ ਦੋਵੇਂ ਕੁੱਜੀਆਂ ਨੇੜੇ ਕੀਤੀਆਂ ਤਾਂ ਬਾਲ ਗੁਰੂ ਨੇ ਦੋਵੇਂ ਹੱਥ ਦੋਵੇਂ ਕੁੱਜੀਆਂ ਉੱਤੇ ਲਾ ਲਏ। ਮਨ ਵਿਚ ਬਹੁਤ ਆਨੰਦ ਹੋਇਆ ਜਿਵੇਂ ਕਿਸੇ ਕਠਿਨ ਤਪ ਦਾ ਫਲ ਮਿਲ ਗਿਆ ਹੋਵੇ। ਮਨ ਦੀ ਸਾਰੀ ਭਾਵਨਾ ਪੂਰੀ ਹੋ ਗਈ। ਸੀਸ ਨਿਵਾ ਕੇ ਬੰਧਨਾ ਕੀਤੀ। ਫਿਰ ਪੀਰ ਜੀ ਨੇ ਖਾਣਾ ਖਾਧਾ, ਉਨ੍ਹਾਂ ਨੂੰ ਆਪਣੀ ਕਾਮਨਾ ਪੂਰਨ ਹੋਣ ਤੇ ਖੁਸ਼ੀ ਹੋ ਰਹੀ ਸੀ। ਮੁਰੀਦ ਪੀਰ ਨੂੰ ਪੁੱਛਣ ਲਗੇ ਕਿ ਹੇ ਪੀਰ ਜੀ! ਜੋ ਕੁੱਜੀਆਂ ਆਪ ਨੇ ਲਈਆਂ ਸਨ ਉਹ ਗੁਰੂ ਅੱਗੇ

ਅਰਪਤ ਕਿਉਂ ਨਹੀਂ ਕੀਤੀਆਂ। ਇਨ੍ਹਾਂ ਨਾਲ ਤੁਸੀਂ ਕੀ ਕੀਤਾ ਹੈ ? ਜਿਵੇਂ ਲੈ ਕੇ ਗਏ ਉਵੇਂ ਮੋੜ ਲਿਆਏ ਹੋ, ਸਾਨੂੰ ਇਹ ਆਪ ਜੀ ਦੀ ਗੱਲ ਕੁਝ ਸਮਝ ਨਹੀਂ ਆਈ ਕਿ ਹੱਥ ਧਰਕੇ ਅੱਗੇ ਕਿਉਂ ਕੀਤੇ ਸਨ। ਇਹ ਸੁਣ ਕੇ ਭੀਖਣ ਜੀ ਨੇ ਆਖਿਆ ਕਿ ਤੁਰਕਾਂ ਦਾ ਤੇਜ਼ ਮਿਟਾਵਣ ਲਈ ਇਸ ਮਹਾਂ ਪੁਰਸ਼ ਨੇ ਅਵਤਾਰ ਧਾਰਿਆ ਹੈ, ਇਹ ਜਗਤ ਵਿੱਚ ਆਪਣੇ ਪੰਥ ਦਾ ਵਿਸਤਾਰ ਕਰੇਗਾ। ਮੈਂ ਮਨ ਵਿਚ ਇਹ ਨਿਸ਼ਚਾ ਕੀਤਾ ਸੀ ਕਿ ਇਹ ਦੋਵਾਂ ਉਤੇ ਹੱਥ ਰਖਣਗੇ ਤਾਂ ਹਿੰਦੂ ਤੇ ਤੁਰਕ ਦੋਵੇਂ ਹੀ ਰਹਿਣਗੇ। ਜੇ ਇਕ ਉਤੇ ਹੱਥ ਰੱਖਦੇ ਤਾਂ ਜੱਗ ਵਿੱਚ ਤੁਰਕ ਨਹੀਂ ਰਹਿ ਸਕਦੇ ਸਨ। ਮੈਂ ਇਹ ਇਮਤਿਹਾਨ ਲੈਣ ਲਈ ਆਇਆ ਸਾਂ ਜੋ ਪੂਰਾ ਹੋ ਗਿਆ। ਇਸ ਤੋਂ ਬਾਅਦ ਪੀਰ ਜੀ ਵਾਪਿਸ ਘੜਾਮ ਵਿਖੇ ਆ ਗਏ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕੇਵਲ ਪੰਜ ਸਾਲ ਸੀ ਤਾਂ ਮਾਤਾ ਗੁਜਰੀ ਜੀ ਉਨ੍ਹਾਂ ਨੂੰ ਆਪਣੇ ਪਿੰਡ ਲਖਨੌਰ ਸਾਹਿਬ ਵਿਖੇ ਲੈ ਕੇ ਆਏ। ਗੁਰਦੁਆਰਾ ਲਖਨੌਰ ਜੋ ਕਿ ਅੰਬਾਲਾ ਸ਼ਹਿਰ ਤੋਂ ਅੱਠ ਕਿਲੋਮੀਟਰ ਦੀ ਦੂਰੀ 'ਤੇ ਹੈ, ਦੇ ਕਿਤਾਬਚੇ ਮੁਤਾਬਕ ਇਸੇ ਸਮੇਂ ਦੌਰਾਨ ਹੀ ਮਸ਼ਹੂਰ ਸੱਯਦ ਪੀਰਸ਼ਾਹ ਮੀਰਾਂ ਭੀਖ ਜੋ ਉਸ ਸਮੇਂ ਕਸਬਾ ਘੜਾਮ ਵਿਖੇ ਨਿਵਾਸ ਰੱਖਦਾ ਸੀ, ਦਸਮੇਸ਼ ਪਿਤਾ ਦੇ ਦਰਸ਼ਨਾਂ ਲਈ ਆਪਣੇ ਮੁਰੀਦਾਂ ਸਮੇਤ ਲਖਨੌਰ ਸਾਹਿਬ ਅਤੇ ਆਉਂਦਿਆਂ ਹੀ ਬੜੀ ਨਿਮਰਤਾ ਅਤੇ ਸ਼ਰਧਾ ਨਾਲ ਦਸ਼ਮੇਸ ਪਿਤਾ ਨੂੰ ਨਮਸਕਾਰ ਕੀਤੀ ਅਤੇ ਬੁਰਾ ਮਨਾਉਣ ਵਾਲੇ ਮੁਸਲਮਾਨ ਸਾਥੀਆਂ ਨੂੰ ਇਸ ਤੱਥ ਤੋਂ ਜਾਣੂ ਕਰਵਾਇਆ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਪਾਉਂਟਾ ਸਾਹਿਬ ਦੀ ਲੜਾਈ ਤੋਂ ਬਾਅਦ ਪੀਰ ਭੀਖਣ ਸ਼ਾਹ ਨੂੰ ਮਿਲਣ ਲਈ ਘੜਾਮ ਆਏ ਤਾਂ ਗੁਰੂ ਜੀ ਦੇ ਆਉਣ ਦਾ ਪਤਾ ਲੱਗਣ 'ਤੇ ਆਪ ਉਸ ਸਮੇਂ ਪੈਦਲ ਉੱਠ ਕੇ ਗੁਰੂ ਜੀ ਨੂੰ ਲੈਣ ਲਈ ਤੁਰ ਪਏ। ਘੜਾਮ ਤੋਂ ਦੋ ਕੁ ਕਿਲੋਮੀਟਰ 'ਤੇ ਗੁਰਦੁਆਰਾ ਮਿਲਾਪਸਰ ਸਾਹਿਬ ਬਣਿਆ ਹੋਇਆ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਅਤੇ ਪੀਰ ਭੀਖਣ ਸ਼ਾਹ ਜੀ ਦਾ ਤੀਜੀ ਵਾਰ ਮਿਲਾਪ ਹੋਇਆ ਸੀ।

ਨੋਟ : ਮਹਾਨ ਕੋਸ਼ 'ਚ ਇਸ ਮਹਾਂ-ਪੁਰਖ ਬਾਰੇ ਸ਼ਾਹ ਭੀਕ, ਸ਼ਾਹ ਭੀਖ, ਸੈਯਦ ਭੀਖ ਤੇ ਭੀਖਣ ਸ਼ਾਹ ਨਾਵਾਂ ਨਾਲ ਜ਼ਿਕਰ ਕੀਤਾ ਹੈ।

-ਸੰਪਾਦਕ

# ਕਰਨਲ ਅੱਛਰਾ ਸਿੰਘ ਦੀ ਯਾਦ ਚਟੌਲੀ ਰੇਲਵੇ ਸਟੇਸ਼ਨ

**- ਮਨਮੋਹਨ ਸਿੰਘ ਦਾਊਂ**



ਪੁਆਧ ਦੇ ਸ਼ਹਿਰ ਕੁਰਾਲੀ ਤੋਂ ਰੋਪੜ ਸ਼ਹਿਰ ਨੂੰ ਜਾਂਦੀ ਰੇਲਵੇ ਲਾਈਨ 'ਤੇ ਕਦੇ ਚਟੌਲੀ ਰੇਲਵੇ ਸਟੇਸ਼ਨ ਹੋਇਆ ਕਰਦਾ ਸੀ ਜੋ ਕੁਰਾਲੀ ਤੋਂ ਲਗਪਗ ਤਿੰਨ-ਚਾਰ ਮੀਲ 'ਤੇ ਸਥਿੱਤ ਹੁੰਦਾ ਸੀ। ਪੰਜਾਬ 'ਚ ਅੱਤਵਾਦ ਸਮੇਂ ਵਿਦਰੋਹ ਵੱਜੋਂ ਇਸ ਨੂੰ ਫੂਕ ਦਿੱਤਾ ਗਿਆ ਤੇ ਬੁਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤਾ ਗਿਆ। ਇਸ ਸਟੇਸ਼ਨ ਦੀ ਕਹਾਣੀ ਇੰਜ ਦੱਸੀ ਜਾਂਦੀ ਹੈ। ਕੁਰਾਲੀ ਦਾ ਰੇਲਵੇ ਸਟੇਸ਼ਨ 1927 'ਚ ਸਥਾਪਿਤ ਹੋਇਆ ਸੀ ਤੇ ਉਸ ਤੋਂ ਬਾਅਦ ਪਿੰਡ ਚਟੌਲੀ ਦਾ ਰੇਲਵੇ ਸਟੇਸ਼ਨ ਅੰਗਰੇਜ਼ੀ-ਹਕੂਮਤ ਸਮੇਂ ਬਣਾਇਆ ਗਿਆ। 1923 ਦੀ ਗੱਲ ਹੈ ਕਿ ਰੇਲਵੇ-ਵਿਭਾਗ ਵਾਲੇ ਕੁਰਾਲੀ ਤੋਂ ਰੋਪੜ ਰੇਲਵੇ ਲਾਇਨ ਦਾ ਸਰਵੇ ਕਰ ਰਹੇ ਸਨ। ਕਰਨਲ ਅੱਛਰਾ ਸਿੰਘ ਮਹਾਰਾਜਾ ਪਟਿਆਲਾ ਦੀ (ਸ੍ਰੀ 108 ਮਹਾਰਾਜਾ ਮਹਿੰਦਰ ਬਹਾਦਰ ਸਿੰਘ) ਜੋ ਫੌਜ 'ਚ ਅਹੁਦੇ ਸੀ, ਉਹ ਆਪਣੀ ਜ਼ਮੀਨ ਪਿੰਡ ਫਤਿਹਗੜ੍ਹ ਗੇੜਾ ਮਾਰਨ ਆਇਆ ਹੋਇਆ ਸੀ। ਸਰਵੇ ਅਧਿਕਾਰੀਆਂ ਨੂੰ ਕਰਨਲ ਅੱਛਰਾ ਸਿੰਘ ਨੇ ਆਪਣੀ ਮੁਸ਼ਕਲ ਦੱਸੀ ਕਿ ਮੈਂ ਜਦੋਂ ਫੌਜ 'ਚੋਂ ਛੁੱਟੀ ਆਉਂਦਾ ਤਾਂ ਮੈਨੂੰ ਕੁਰਾਲੀ ਰੇਲਵੇ ਸਟੇਸ਼ਨ 'ਤੇ ਉਤਰ ਕੇ ਆਪਣੇ ਪਿੰਡ ਦੀ ਜ਼ਮੀਨ ਲਈ ਆਉਣਾ ਪੈਂਦਾ। ਕਰਨਲ ਅੱਛਰਾ ਸਿੰਘ ਦੀਆਂ ਫੌਜੀ ਸ਼ਾਨਦਾਰ ਸੇਵਾਵਾਂ ਤੋਂ ਮਹਾਰਾਜਾ ਪਟਿਆਲਾ ਨੇ ਅੰਗਰੇਜ਼ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਸਟੇਸ਼ਨ ਬਣਾਇਆ ਜਾਵੇ। ਉਸ ਦੀ ਇਸ ਉਦਾਰਤਾ ਤੋਂ ਖੁਸ਼ ਹੋ ਕੇ ਉਸ ਦੀ ਸਹੂਲਤ ਲਈ ਚਟੌਲੀ ਰੇਲਵੇ ਸਟੇਸ਼ਨ ਸਥਾਪਤ ਕਰਨ ਦਾ ਫੈਸਲਾ ਕੀਤਾ। ਇਸ ਸਟੇਸ਼ਨ ਬਣਨ ਨਾਲ ਨੇੜੇ ਦੇ ਪਿੰਡਾਂ ਚਟੌਲੀ, ਫਤਿਹਗੜ੍ਹ, ਚਿੰਤਗੜ, ਅਕਾਲਗੜ੍ਹ, ਕਾਕਰੋਂ, ਕਿਸ਼ਨਪੁਰਾ, ਕਰਾਲ ਮਾਜਰਾ, ਸਲੇਮਪੁਰ ਆਦਿ ਪਿੰਡਾਂ ਨੂੰ ਵੀ ਬੜਾ ਲਾਭ ਹੋਇਆ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਇਨ੍ਹਾਂ ਪਿੰਡਾਂ ਦੇ ਨੌਜੁਆਨ ਫੌਜ ਵਿਚ ਅਕਸਰ ਭਰਤੀ ਹੁੰਦੇ ਸਨ ਕਿਉਂਕਿ ਮਾਰੂ ਖੇਤੀ ਕਾਰਨ, ਰੁਜ਼ਗਾਰ ਲਈ

ਫੌਜ ਵਿੱਚ ਭਰਤੀ ਹੋਣਾ ਹੀ ਇੱਕ ਵਸੀਲਾ ਸੀ। ਫੌਜੀ ਭਰਤੀ ਦਾ ਸੈਂਟਰ ਵੀ ਕੁਰਾਲੀ ਹੁੰਦਾ ਸੀ। ਇਹ ਚਟੌਲੀ ਰੇਲਵੇ ਸਟੇਸ਼ਨ ਫਹਿਗੜ੍ਹ ਹੱਦਬਸਤ 126 ਵਿਚ ਪੈਂਦਾ ਸੀ। ਚਟੌਲੀ ਦਾ ਹੱਦਬਸਤ 125 ਹੁੰਦਾ ਸੀ। ਇਹ ਰੇਲਵੇ ਸਟੇਸ਼ਨ ਦੀ ਇਤਿਹਾਸਕ ਜਾਣਕਾਰੀ ਕਰਨਲ ਅੱਛਰਾ ਸਿੰਘ ਦੇ ਪੁਤਰ ਮੇਜਰ ਜੋਗਿੰਦਰ ਸਿੰਘ ਧਨੌਂਰੀ ਦੇ ਪੁੱਤਰ ਅਰਵਿੰਦਰ ਸਿੰਘ ਪੈਂਟਾ (ਕੁਰਾਲੀ) ਰਾਹੀਂ ਪ੍ਰਾਪਤ ਹੋਈ। ਪਿੰਡ ਚਟੌਲੀ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਕੁਝ ਮਿੰਟਾਂ ਲਈ ਹੀ ਖੜ੍ਹਦੀ ਸੀ ਪਰੰਤੂ ਮੁਸਾਫਿਰਾਂ ਨੂੰ ਬੜੀ ਸਹੂਲਤ ਹੋ ਜਾਂਦੀ ਸੀ। ਆਲੇ-ਦੁਆਲੇ ਦੇ ਫੌਜੀਆਂ ਨੂੰ ਕਰਨਲ ਅੱਛਰਾ ਸਿੰਘ ਦੀ ਇਸ ਦੇਣ 'ਤੇ ਬੜਾ ਮਾਣ ਸੀ ਕਿ ਫੌਜੀਆਂ ਦੀ ਸਰਕਾਰ ਨੇ ਦਿੱਕਤ ਨੂੰ ਮਹਿਸੂਸ ਕਰ ਕੇ ਇੱਕ ਰੇਲਵੇ -ਸਟੇਸ਼ਨ ਬਣਾ ਦਿੱਤਾ ਹੈ। ਰੇਲ-ਗੱਡੀ ਦੀ ਕੂਕ ਸੁਣ ਕੇ ਪਿੰਡਾਂ ਦੇ ਲੋਕ ਆਪਣੇ ਬੰਦਿਆਂ ਨੂੰ ਚਟੌਲੀ-ਟੇਸ਼ਨ ਤੋਂ ਲੈਣ-ਜਾਣ ਲਈ ਚੁਕੰਨੇ ਹੋ ਜਾਂਦੇ ਤੇ ਕਰਨਲ ਅੱਛਰਾ ਸਿੰਘ ਦੀ ਬਹਾਦਰੀ ਦੀਆਂ ਗੱਲਾਂ ਕਰਦੇ ਕਿਉਂਕਿ ਮਹਾਰਾਜਾ ਪਟਿਆਲਾ ਨੇ ਕਰਨਲ ਅੱਛਰਾ ਸਿੰਘ ਨੂੰ ਬਹੁਤ ਤਗਮਿਆਂ, ਮਾਣ-ਪੱਤਰਾਂ ਤੇ ਹੋਰ ਕੀਮਤੀ ਸੁਗਾਤਾਂ ਨਾਲ ਅਲੰਕ੍ਰਿਤ ਕੀਤਾ ਹੋਇਆ ਸੀ ਤੇ ਉਸ ਦੇ ਪੁੱਤਰ ਮੇਜਰ ਜੋਗਿੰਦਰ ਸਿੰਘ ਦੀ ਸ਼ਾਨਦਾਰ ਕੋਠੀ ਪਟਿਆਲੇ ਸ਼ੇਰਾਂ ਵਾਲੇ ਗੇਟ ਹੋਇਆ ਕਰਦੀ ਸੀ। ਕਰਨਲ ਅੱਛਰਾ ਸਿੰਘ ਦੇ ਪੁਰਖੇ ਨੌਨਿਧ ਸਿੰਘ, ਮਸਤਾਨ ਸਿੰਘ ਤੇ ਦਲ ਸਿੰਘ ਮਹਾਰਾਜਾ ਪਟਿਆਲਾ ਦੇ ਦਰਬਾਰ 'ਚ ਸੇਵਾਵਾਂ ਨਿਭਾਉਂਦੇ ਰਹੇ ਸਨ ਅਤੇ ਚੰਗੀ ਸ਼ੋਭਾ ਖੱਟੀ ਸੀ।

ਅੱਛਰਾ ਸਿੰਘ ਦਾ ਜਨਮ 1860 ਈ. ਨੂੰ ਪਿਤਾ ਦਲ ਸਿੰਘ ਦੇ ਗ੍ਰਹਿ ਪਿੰਡ ਧਨੌਂਰੀ ਵਿਖੇ ਹੋਇਆ ਦੱਸਿਆ ਜਾਂਦਾ ਹੈ। 1984 ਸਮੇਂ ਪੰਜਾਬ 'ਚ ਅੱਤਵਾਦ ਸਿਖਰਾਂ 'ਤੇ ਸੀ। ਉਸ ਕਾਲੇ-ਦੌਰ ਸਮੇਂ ਰਾਤ ਨੂੰ ਇਕ ਦਿਨ ਵਿੱਚ 35 ਰੇਲਵੇ-ਸਟੇਸ਼ਨ ਫੂਕੇ ਗਏ। ਉਸ ਦੌਰ 'ਚ ਚਟੌਲੀ ਰੇਲਵੇ -ਸਟੇਸ਼ਨ ਵੀ ਢਹਿ-ਢੇਰੀ ਤੇ ਖੰਡਰ ਹੋ ਗਿਆ। ਇਸ ਸਟੇਸ਼ਨ ਬਾਰੇ ਸਰਹਿੰਦ ਤੋਂ 35 ਕਿਲੋਮੀਟਰ ਦੀ ਦੂਰੀ 'ਤੇ ਲੱਗੀ ਬੁਰਜੀ ਗੁਆਹੀ ਭਰਦੀ ਹੈ। ਇਸ ਵੇਲੇ ਇਸ ਸਟੇਸ਼ਨ ਵਾਲੀ ਥਾਂ ਦੇ ਸਾਹਮਣੇ ਬਰਫ਼ ਦੀ ਫੈਕਟਰੀ ਲੱਗੀ ਹੋਈ ਹੈ। ਇਹ ਸਟੇਸ਼ਨ 1927-29 ਨੂੰ ਰਣਬੀਰ ਸਿੰਘ ਪੁੱਤਰ ਹਜ਼ਾਰਾ ਸਿੰਘ ਨੰਬਰਦਾਰ ਦੀ ਜ਼ਮੀਨ 'ਚ ਬਣਿਆ ਦੱਸਿਆ ਜਾਂਦਾ। ਮਿਸਤਰੀ ਸਾਦੀ ਨਾਂ ਦੇ ਕਾਰੀਗਰ ਨੇ ਇਹ ਸਟੇਸ਼ਨ ਬਣਾਇਆ ਸੀ। ਸਟੇਸਨ ਦੀ ਖੂਹੀ ਦਾ ਪਾਣੀ ਬਹੁਤ ਸ਼ੁੱਧ ਤੇ ਮਿਠਾ

ਹੁੰਦਾ ਸੀ। ਦੱਸਿਆ ਜਾਂਦਾ ਹੈ ਕਿ ਪੱਕੀ ਰੁੜਕੀ ਦਾ ਝਿਊਰ ਰਾਮ ਸਿੰਘ ਇੱਥੇ ਜਲ ਦੀ ਸੇਵਾ ਕਰਦਾ ਹੁੰਦਾ ਸੀ। ਪਿੰਡਾਂ ਦੀਆਂ ਪੰਚਾਇਤਾਂ ਨੇ ਮੁੜ ਸਟੇਸ਼ਨ ਬਣਾਉਣ ਲਈ ਕੇਂਦਰ ਸਰਕਾਰ ਨੂੰ ਲਿਖਤ-ਪੜਤ ਕੀਤੀ ਪਰੰਤੂ ਗੱਲ ਸਿਰੇ ਨਹੀਂ ਚੜ੍ਹ ਸਕੀ। ਕੁਝ ਸਾਲਾਂ ਪਿੱਛੋਂ ਸਟੇਸ਼ਨ ਦਾ ਮਲਬਾ (ਇੱਟਾਂ, ਦਰਵਾਜ਼ੇ, ਖਿੜਕੀਆਂ) ਵੀ ਚੁੱਕ ਲਿਆ ਗਿਆ। ਚਟੌਲੀ ਸਟੇਸ਼ਨ ਦਾ ਨਾਮੋ-ਨਿਸ਼ਾਨ ਸਦਾ-ਸਦਾ ਲਈ ਮਿਟ ਗਿਆ। ਰੇਲਵੇ ਲਾਇਨ ਨੂੰ ਪਾਰ ਕਰਦੀ ਪਿੰਡ ਦੀ ਸੜਕ 'ਤੇ ਰੇਲਵੇ ਫਾਟਕ ਜ਼ਰੂਰ ਲਾ ਦਿਤਾ ਗਿਆ ਹੈ। ਇਨ੍ਹਾਂ ਸਾਰਿਆਂ ਵੇਰਵਿਆਂ ਬਾਰੇ ਲੇਖਕ ਗੁਰਦੀਪ ਸਿੰਘ ਵੜੈਚ ਨੇ ਮੈਨੂੰ ਪੂਰਾ ਸਹਿਯੋਗ ਦਿੱਤਾ।

ਕਰਨਲ ਅੱਛਰਾ ਸਿੰਘ ਦੀ ਯਾਦ 'ਚ ਸਮਾਧ ਵੀ ਨੇੜੇ ਹੀ ਬਣੀ ਹੋਈ ਹੈ। ਅੱਛਰਾ ਸਿੰਘ ਦਾ ਦੇਹਾਂਤ 5 ਨਵੰਬਰ, 1945 ਨੂੰ ਹੋਇਆ, ਸਮਾਧ 'ਤੇ ਉੱਕਰੀ ਇਹ ਤਾਰੀਖ ਸਬੂਤ ਹੈ ਕਿ ਆਪ ਨੂੰ ਆਪਣੇ ਪਿੰਡ ਨਾਲ ਅਖੀਰ ਤੱਕ ਮੋਹ ਰਿਹਾ।

ਕਰਨਲ ਅੱਛਰਾ ਸਿੰਘ ਸੁੰਦਰ-ਸਜੀਲਾ ਭਰਵੇਂ ਸਰੀਰ ਵਾਲਾ ਛੇ ਫੁੱਟ ਤੋਂ ਵੱਧ ਉੱਚੀ ਦਰਸ਼ਨੀ ਸ਼ਖ਼ਸੀਅਤ ਸੀ। ਉਸ ਦੀਆਂ ਯਾਦਗਾਰੀ ਨਿਸ਼ਾਨੀਆਂ ਉਸ ਦੇ ਪੜਪੋਤੇ ਅਰਵਿੰਦਰ ਸਿੰਘ ਪੈਂਟਾ ਨੇ ਆਪਣੀ ਰਹਾਇਸ਼ ਕੁਰਾਲੀ ਵਿਖੇ ਬੜੇ ਮਾਣ ਨਾਲ ਸਾਂਭੀਆਂ ਹੋਈਆਂ ਹਨ। ਆਪ ਘੋੜ ਸਵਾਰ ਰਜਮੰਟ 'ਚ ਪਹਿਲੇ ਸੁਆਰਾਂ 'ਚ ਭਰਤੀ ਹੋਏ। ਫਿਰ ਕਮਾਨ ਅਫਸਰ ਅਤੇ ਸਰਦਾਰ ਦਾ ਖਿਤਾਬ ਮਿਲਿਆ। 37 ਸਾਲ ਦੀ ਸੇਵਾ ਬਦਲੇ ਪੈਨਸ਼ਨ ਦਿੱਤੀ ਗਈ। ਭਰਤੀ ਦੌਰਾਨ ਕਈ ਇਮਤਿਹਾਨ ਪਾਸ ਕੀਤੇ। ਬਾਡੀ ਗਾਰਡ ਦੀ ਟ੍ਰੇਨਿੰਗ ਲੈ ਕੇ, ਜ਼ਿੰਮੇਵਾਰੀ ਨਾਲ ਸ਼ੋਭਾ ਖੱਟੀ। 19 ਲਾਂਸਰਜ ਦੇ ਕਮਾਨ ਅਫ਼ਸਰ ਅਧੀਨ ਮਿਊਜ਼ੀਕਲ ਰੈੱਡ ਦੀ ਸਿਖਲਾਈ ਲਿੱਤੀ ਤੇ ਕੋਇਟਾ ਛਾਉਨੀ ਭੇਜਿਆ ਗਿਆ ਤੇ ਮਾਣ ਪ੍ਰਾਪਤ ਕੀਤਾ। ਕਾਰੋਨੇਸ਼ਨ ਦਿੱਲੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਵੱਜੋਂ ਖ਼ੂਬ ਸਨਮਾਨ ਮਿਲਿਆ। 1914 'ਚ ਕਪਤਾਨ ਹੁੰਦਿਆਂ ਮਿਸਰ ਤੇ ਮੈਸੋਪੋਟਾਮੀਆ ਦੀਆਂ ਜੰਗਾਂ 'ਚ ਸ਼ਾਨਦਾਰ ਸੇਵਾਵਾਂ ਕਰ ਕੇ ਕਮਾਨ ਅਫ਼ਸਰ ਦਾ ਅਹੁਦਾ ਮਿਲਿਆ। ਫਿਰ ਅਫ਼ਗਾਨਿਸਤਾਨ ਦੀ (1919) ਜੰਗ ਵਿੱਚ ਜਿੱਤ ਹਾਸਲ ਕੀਤੀ ਅਤੇ ਸਰਦਾਰ ਬਹਾਦਰ ਦੀ ਉਪਾਧੀ ਮਿਲੀ। ਆਪ ਬਹੁਤ ਦੂਰ-ਅੰਦੇਸ਼ ਤੇ ਫਰਮਾ ਬਰਦਾਰ ਫੌਜੀ ਸਨ। ਸਦਾ ਚੜ੍ਹਦੀ ਕਲਾ 'ਚ ਰਹਿੰਦੇ

ਆਪਣੀ ਰਜਮੈਂਟ ਦੇ ਜੁਆਨਾਂ ਨਾਲ ਬਹੁਤ ਗੂੜ੍ਹਾ ਮੇਲ-ਮਿਲਾਪ ਰੱਖਦੇ ਸਨ। ਮੋਤੀ ਬਾਗ ਪੈਲਸ, ਪਟਿਆਲਾ ਵਿਖੇ 19 ਦਸੰਬਰ, 1938 ਨੂੰ ਕਰਨਲ ਅੱਛਰਾ ਸਿੰਘ ਨੂੰ ਸਭ ਤੋਂ ਵੱਡਾ ਸਨਮਾਨ Member of the Nishan-I-Phool--the dignity of Member ਨਾਲ ਮਹਾਰਾਜਾ ਦਰਬਾਰ ਵੱਲੋਂ ਪ੍ਰਦਾਨ ਕੀਤਾ ਗਿਆ। 1914-1918 'ਚ ਹੋਈਆਂ ਜੰਗਾਂ 'ਚ ਬਹਾਦਰੀ ਨਾਲ ਜਿੱਤਾਂ ਕਰਕੇ ਆਪ ਨੂੰ 2 ਨਵੰਬਰ, 1917 ਅਤੇ 7 ਫਰਵਰੀ, 1919 ਨੂੰ ਸੈਕਟਰੀ ਆਫ਼ ਸਟੇਟ ਫਾਰ, ਲੈਫਟੀਨੈਂਟ ਜਨਰਲ ਵੱਲੋਂ ਪ੍ਰਸੰਸਾ-ਪੱਤਰਾਂ ਨਾਲ ਸਨਮਾਨਿਆ ਗਿਆ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨਲ ਅੱਛਰਾ ਸਿੰਘ ਦੀ ਖ਼ੂਬਸੂਰਤ ਹੱਥ ਲਿਖਤ ਪੰਜਾਬੀ ਵਿੱਚ ਲਿਖੇ ਇੱਕ ਦਸਤਾਵੇਜ਼ 'ਚ ਪ੍ਰਤੱਖ ਪੜ੍ਹਿਆ ਜਾ ਸਕਦਾ ਹੈ। ਇਸ ਤੋਂ ਉਨ੍ਹਾਂ ਦੀ ਆਪਣੀ ਮਾਂ ਬੋਲੀ ਪੰਜਾਬੀ ਪ੍ਰਤੀ ਸਤਿਕਾਰ ਦਾ ਸਬੂਤ ਵੀ ਮਿਲਦਾ ਹੈ ਜਿਸ ਦੀ ਵਾਰਤਕ-ਸ਼ੈਲੀ ਬੜੀ ਉਤਸ਼ਾਹਤ ਕਰਨ ਵਾਲੀ ਹੈ।

* * *

# ਜੀਵਨ ਸੰਕਲਪਾਂ ਦਾ ਨਿਬੰਧਕਾਰ

## ਡਾ. ਕਰਨੈਲ ਸਿੰਘ ਸੋਮਲ

**ਮਨਮੋਹਨ ਸਿੰਘ ਦਾਊਂ**



ਪੁਆਧ ਦੇ ਖੇਤਰ ਦੇ ਛਿਪਦੇ ਹੱਦ-ਬੰਨੇ ਪਿੰਡ ਕਲੌੜ ਦੇ ਗੁਰਮਿਤ ਦੇ ਪ੍ਰਮੁੱਖ ਤੇ ਸ਼੍ਰੋਮਣੀ ਵਿਦਵਾਨ ਗਿਆਨੀ ਦਿੱਤ ਸਿੰਘ ਦੇ ਗਰਾਈਂ ਦਾ ਜੰਮਪਲ ਡਾ. ਕਰਨੈਲ ਸਿੰਘ ਸੋਮਲ ਪੰਜਾਬੀ ਦੇ ਅਜੋਕੇ ਨਿਬੰਧਕਾਰਾਂ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਉਣ ਵਾਲਾ ਪ੍ਰਬੁੱਧ ਸਾਹਿਤਕਾਰ ਹੈ। ਹੁਣ ਇਹ ਪਿੰਡ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਪੈਂਦਾ ਹੈ। ਰੁਜ਼ਗਾਰ ਦੀ ਭਾਲ ਕਰਦਿਆਂ ਡਾ. ਕਰਨੈਲ ਸਿੰਘ ਸੋਮਲ ਹੁਣ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਫੇਜ਼ 6 (ਸੈਕਟਰ 56) ਦਾ ਵਾਸੀ ਹੋਣ ਕਾਰਨ, ਪਾਰਕ ਵਾਲੀ ਗਲੀ ਦੇ ਮੋੜ 'ਤੇ ਮੇਰਾ ਗੁਆਂਢੀ ਲੇਖਕ-ਮਿੱਤਰ ਹੈ। ਮਕਾਨ ਨੰ: 337 ਤੇ ਜੋੜ ਫਲ ਤੇਰਾਂ। ਮੇਰਾ ਉਹ ਚੰਗਾ ਸਲਾਹਕਾਰ ਵੀ ਹੈ।

ਕਰਨੈਲ ਸਿੰਘ ਸੋਮਲ ਨੇ 28 ਸਤੰਬਰ, 1940 ਨੂੰ ਮਾਤਾ ਸੁਰਜੀਤ ਕੌਰ ਅਤੇ ਪਿਤਾ ਪ੍ਰੇਮ ਸਿੰਘ ਨੰਬਰਦਾਰ ਦੇ ਗ੍ਰਹਿ ਵਿਖੇ ਜਨਮ ਲਿਆ। ਮੁੱਢਲੀ ਪੜ੍ਹਾਈ ਦਸਵੀਂ ਤੀਕ ਨੇੜੇ ਦੇ ਸਕੂਲ ਤੋਂ ਪਾਸ ਕਰਨ ਉਪਰੰਤ, ਵਿੱਦਿਆ ਦੀ ਪਗਡੰਡੀ 'ਤੇ ਅਜਿਹਾ ਤੁਰਿਆ ਕਿ ਪੰਜਾਬੀ ਅਤੇ ਹਿੰਦੀ ਦੀ ਐਮ.ਏ. ਕਰਕੇ ਤੇ ਪੀ.ਐਚ.ਡੀ. (ਪੰਜਾਬੀ) ਕਰਕੇ ਹੀ ਸਾਹ ਲਿਆ। ਕਿਹੜੀਆਂ-ਕਿਹੜੀਆਂ ਔਕੜਾਂ, ਤੰਗੀਆਂ-ਤੁਰਸ਼ੀਆਂ, ਚਣੌਤੀਆਂ ਤੇ ਮੁਸ਼ਕਲਾਂ ਨੂੰ ਸਾਧੂ ਬਿਰਤੀ ਵਾਂਗ ਸਹਿਨ ਕੀਤਾ, ਇਸ ਲਈ ਉਸ ਦੀ ਸਵੈ-ਜੀਵਨੀ 'ਕਿੱਕਰੀਂ ਫੁੱਲ ਪਏ' (2014) ਪੜ੍ਹ ਕੇ ਹੀ ਜਾਣਿਆ ਜਾ ਸਕਦਾ ਹੈ। ਇਸ ਪੁਸਤਕ ਦੇ ਪ੍ਰਾਰੰਭ 'ਚ ਲਿਖਿਆ ਗਿਆ ਹੈ: "ਕਿਸੇ ਨੇ ਵਗਦੇ ਪਾਣੀ ਤੋਂ ਉਸ ਦੇ ਸੰਗੀਤ ਦਾ ਭੇਤ ਪੁੱਛਿਆ। ਅੱਗੋਂ ਉਸ ਆਖਿਆ, "ਰਸਤੇ ਦੇ ਪੱਥਰ, ਹੋਰ ਅੜਿੱਕੇ ਤੇ ਫਿਰ ਵੀ ਮੇਰਾ ਵਗਦਾ ਰਹਿਣਾ।" ਇਸ ਸਵੈ-ਜੀਵਨੀ ਦਾ ਆਪਣਾ ਵੱਖਰਾ ਹੀ ਰੰਗ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੇ ਪੰਜਾਬੀ ਵਿਕਾਸ ਵਿਭਾਗ ਵਿੱਚ ਪਾਠ-ਪੁਸਤਕਾਂ ਦੀ ਸੋਧ-ਸੁਧਾਈ, ਸੰਪਾਦਨਾ ਤੇ ਭਾਸ਼ਾਈ ਕਾਰਜਾਂ ਵਿੱਚ ਸਲਗਨਤਾ, ਮਿਹਨਤ ਤੇ ਜ਼ਿੰਮੇਵਾਰੀ ਦੀ ਅਜਿਹੀ ਪੈੜ ਸਥਾਪਤ ਕੀਤੀ ਕਿ ਕੋਈ ਵੀ ਪੁਸਤਕ ਡਾ. ਸੋਮਲ ਦੀ ਪ੍ਰਵਾਨਗੀ ਬਿਨਾਂ ਸੰਪੂਰਨ ਨਾ ਮੰਨੀ ਜਾਂਦੀ। ਪੰਜਾਬੀ ਦੇ ਟਕਸਾਲੀ-ਰੂਪ ਲਈ ਆਪ ਨੇ ਖੋਜ-ਗ੍ਰੰਥਾਂ ਦਾ ਅਧਿਐਨ ਕੀਤਾ। ਹਰ ਸ਼ਬਦ ਦੀ ਠੀਕ ਵਰਤੋਂ ਲਈ ਆਪਣੀ ਵਿਦਵਤਾ ਦਾ ਸਿੱਕਾ ਕਾਇਮ ਕੀਤਾ। ਸੇਵਾ-ਮੁਕਤ ਹੋਣ ਪਿੱਛੋਂ ਆਪਦੀ ਸਿਰਜਣਾ ਦਾ ਜਲੌਅ ਪ੍ਰਕਾਸ਼ਵਾਨ ਹੋਇਆ ਤੇ ਨਿਬੰਧ-ਸੰਗ੍ਰਹਿ 'ਜ਼ਿੰਦਗੀ ਉਤਸਵ ਹੈ' 1998 'ਚ ਛਪਿਆ। ਇਨ੍ਹਾਂ ਨਿਬੰਧਾਂ ਦੀ ਭਰਪੂਰ ਸਰਾਹੁਣਾ ਹੋਈ। ਜ਼ਿੰਦਗੀ ਦੇ ਉਜਵਲ ਦ੍ਰਿਸ਼ਾਂ ਵਾਲੀ ਸ਼ੈਲੀ ਪਾਠਕਾਂ ਨੂੰ ਪਸੰਦ ਆਈ ਤੇ ਡਾ. ਸੋਮਲ ਤਕੜੇ ਪੈਰੀਂ ਸਾਹਿਤ ਦੇ ਪਿੜ ਵਿੱਚ ਕਲਮਕਾਰੀ ਕਰਨ ਵਿੱਚ ਜੁਟ ਗਿਆ। ਪੰਜਾਬੀ ਅਤੇ ਹਿੰਦੀ ਅੰਗਰੇਜ਼ੀ ਭਾਸ਼ਾਵਾਂ ਦੀਆਂ ਮਿਆਰੀ ਪੁਸਤਕਾਂ ਪੜ੍ਹਨ ਦੀ ਲਗਨ ਤੇ ਜ਼ਿੰਦਗੀ ਦੇ ਡੂੰਘੇ ਅਨੁਭਵ ਆਪ ਦੀ ਲਿਖਣ-ਕਲਾ ਦੇ ਆਧਾਰ ਬਣੇ। ਆਪ ਲਿਖਦੇ ਹਨ ਕਿ ਮੈਨੂੰ ਸਵੈ-ਜੀਵਨੀਆਂ ਪੜ੍ਹਨ ਦੀ ਚੇਟਕ ਹੈ। ਜਿਸ ਕਾਰਨ ਆਪ ਕੋਲ ਅਮੀਰ ਖ਼ਜ਼ਾਨੇ ਦਾ ਗਿਆਨ ਹੈ।

ਬਕੌਲ ਡਾ. ਸੋਮਲ : "ਪੰਜਾਬੀ ਦਾ ਹਰ ਸ਼ਬਦ ਸਦੀਆਂ ਤੋਂ ਵਗਦੀ ਸਿਰਜਣਾ ਦੀ ਨਦੀ ਦਾ ਚਿੰਨ੍ਹ ਹੈ। ਇਸ ਨੂੰ ਜੋ ਧਿਆਏ ਉਹ ਅਹਿਲਾਦ (ਭਾਵ ਅਨੰਦ) ਤੋਂ ਵਾਂਝਾ ਕਿਉਂ ਰਹੇ।"

ਆਪਦਾ ਬਚਪਨ ਨਾਨਕੇ ਪਿੰਡ ਗੰਢੂਆਂ ਖੁਰਦ (ਨੇੜੇ ਬਸੀ ਪਠਾਣਾ) ਬਹੁਤ ਭਰਪੂਰ ਯਾਦਾਂ, ਉਮੰਗਾਂ ਤੇ ਅਠਖੇਲੀਆਂ ਵਾਲਾ ਬੀਤਿਆ। ਨਾਨਕਾ ਪਿੰਡ ਸਿਮਰਤੀਆਂ 'ਚ ਅਜਿਹਾ ਵਸਿਆ, ਜਿਸ ਨੇ ਜੀਵਨ-ਪੰਧ ਲਈ ਚਾਨਣ ਦੀ ਪਗਡੰਡੀ 'ਤੇ ਤੁਰਨ ਲਈ ਪ੍ਰੇਰਿਆ। ਇਹ ਸੱਚ ਹੈ: "ਪਿੰਡ ਦੇ ਜੰਮਪਲ ਹੀ ਸਮਝ ਸਕਦੇ ਹਨ ਕਿ ਨਵੇਂ ਵਾਹੇ ਖੇਤ ਜਾਂ ਨਵੀਂ ਪੁੱਟੀ ਮਿੱਟੀ ਦੀ ਛੋਹ ਅਤੇ ਗੰਧ ਮਨ ਨੂੰ ਕਿੰਨਾ ਸਰਸ਼ਾਰ ਕਰ ਦਿੰਦੀ ਹੈ।" ਨੰਦਪੁਰ-ਕਲੌੜ ਪਿੰਡ ਜੁੜਵੇਂ ਭਰਾਵਾਂ ਵਾਂਗ ਸਾਂਝ ਰੱਖਦੇ ਹਨ।

ਪੰਜਾਬੀ ਨਿਬੰਧਕਾਰੀ ਦੇ ਖੇਤਰ ਵਿੱਚ ਆਪਣੀ ਵੱਖਰੀ ਸ਼ੈਲੀ ਤੇ ਨਵੇਂ-ਨਵੇਂ ਵਿਸ਼ਿਆਂ ਨੂੰ ਉਜਾਗਰ ਕਰਨਾ, ਆਪ ਦੀ ਤੱਪਸਿਆ ਦੀ ਮਿਸਾਲ ਹਨ।

ਅਧਿਐਨ ਕਰਿਆਂ ਪਤਾ ਲੱਗਦਾ ਕਿ ਆਪਦੇ ਜ਼ਿਕਰਯੋਗ 'ਜੀਵਨ ਜੁਗਤਾਂ ਦੀ ਤਲਾਸ਼' (2001), 'ਜਿਊਣਾ ਆਪਣੀ ਮੌਜ 'ਚ' (2004) 'ਨਿੱਤ ਚੜ੍ਹਦੈ ਨਵੇਂ ਸਾਲ ਦਾ ਸੂਰਜ' (2004), 'ਫੁਰਸਤ ਦੇ ਪਲ' (2007), 'ਕਲਾਮਈ ਜ਼ਿੰਦਗੀ ਦੀ ਤਾਂਘ' (2009), 'ਸਾਡੇ ਅੰਬਰਾਂ ਦੇ ਤਾਰੇ' (2011), ਜ਼ਿੰਦਗੀ ਦੀ ਰੌਣਕ' (2012), 'ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ' (2013), 'ਵਕਤ ਬਦਲ ਗਏ' (2016) ਅਤੇ 'ਜੀਵਨ ਸਦਾ ਜੇਤੂ' 2020 ਨਿੰਬਧ-ਸੰਗ੍ਰਹਿ ਵੰਨ-ਸਵੰਨੇ ਵਿਸ਼ਿਆਂ ਦੀ ਬਾਤ ਪਾਉਂਦੇ ਹਨ। ਮਨੁੱਖ ਦੀ ਕਾਰਜ-ਸ਼ਕਤੀ ਨੂੰ ਪ੍ਰੇਰਨਾ ਦੇਂਦੇ ਹਨ ਅਤੇ ਪ੍ਰਕਿਰਤੀ ਨੂੰ ਆਪਣੀ ਰੂਹ 'ਚ ਵਸਾਉਣ ਲਈ ਖਿੜਨ ਦੀ ਜਾਚ ਸਿਖਾਉਂਦੇ ਹਨ। ਸੁਹਜ ਅਤੇ ਸਨੇਹ ਦੇ ਦਰ ਖੋਲ੍ਹਦੇ ਹਨ। ਬਦਲਦੇ ਜੀਵਨ ਪ੍ਰਸੰਗਾਂ ਦੇ ਸਨਮੁੱਖ ਮਨੁੱਖ ਨੂੰ ਸਜੱਗ ਕਰਦੇ ਹਨ। ਅਣਕਿਆਸੀਆਂ ਹਾਲਤਾਂ ਦੀਆਂ ਚਣੌਤੀਆਂ ਲਈ ਜੂਝਣ ਲਈ ਸ਼ਕਤੀ ਪ੍ਰਦਾਨ ਕਰਦੇ ਹਨ। ਡਾ. ਸੋਮਲ ਲਈ ਜ਼ਿੰਦਗੀ ਦਾ ਹਰ ਪਲ, ਹਰ ਦਿਨ ਤੇ ਹਰ ਉਮਰ ਜਾਗਦੇ ਮਨੁੱਖ ਦੀ ਹੋਣੀ ਨੂੰ ਘੜਨ ਲਈ ਤਤਪਰ ਹੈ। ਵੇਖਣਾ ਤਾਂ ਬੰਦੇ ਨੇ ਹੈ ਕਿ ਕਿਹੜੀ ਦ੍ਰਿਸ਼ਟੀ ਅਪਣਾਉਣੀ ਹੈ ਤੇ ਕਿਹੜੀ ਦਿਸ਼ਾ ਚੁਣਨੀ ਹੈ। ਇਸਤ੍ਰੀ-ਵਰਗ ਦੀਆਂ ਚਿੰਤਾਵਾਂ ਤੇ ਚਣੌਤੀਆ ਲਈ ਡਾ. ਸੋਮਲ ਦੀ ਉਸਾਰੂ ਦ੍ਰਿਸ਼ਟੀ ਔਰਤ ਦੇ ਖੁਸ਼ਹਾਲ ਤੇ ਚੰਗੇਰੇ ਭਵਿੱਖ 'ਤੇ ਪਹਿਰਾ ਹੀ ਨਹੀਂ ਦਿੰਦੀ ਸਗੋਂ ਸਮਾਨਤਾ ਅਤੇ ਹੱਕਾਂ ਲਈ ਇਨਸਾਫ਼ ਦੀ ਪੁਰਜ਼ੋਰ ਸਿਫਾਰਸ਼ ਕਰਦੀ ਹੈ। "ਮੇਰੀਆਂ ਲਿਖਤਾਂ ਖੁਸ਼ੀ, ਮੌਜ, ਉਤਸ਼ਾਹ, ਹਲਾਸ, ਜ਼ਿੰਦਗੀ ਨਾਲ ਪਿਆਰ ਆਦਿ ਭਾਵਾਂ ਤੇ ਵਿਚਾਰਾਂ ਨਾਲ ਭਰਪੂਰ ਹਨ।" (ਕਿੱਕਰੀਂ ਫੁੱਲ ਪਏ) ਇਸੇ ਕਰਕੇ ਸ਼੍ਰੋਮਣੀ ਸਾਹਿਤਕਾਰ ਪ੍ਰੋ. ਪ੍ਰੀਤਮ ਸਿੰਘ (ਪਟਿਆਲਾ) ਡਾ. ਸੋਮਲ ਦੇ ਨਿਬੰਧਾਂ ਬਾਰੇ ਲਿਖਦੇ ਹਨ : ਸੋਮਲ ਕੋਲ ਮਾਮੂਲੀ ਤੋਂ ਮਾਮੂਲੀ ਮਜ਼ਮੂਨ ਨੂੰ ਵੱਖ-ਵੱਖ ਪਹਿਲੂਆਂ ਤੋਂ ਵੇਖਣ ਦੀ ਕੁਸ਼ਲਤਾ ਹੈ, ਸਰਲ ਭਾਸ਼ਾ ਹੈ, ਆਪਣੇ ਪੇਂਡੂ ਆਲੇ-ਦੁਆਲੇ ਵਿੱਚ ਸੱਜਰੇ ਦ੍ਰਿਸ਼ਟਾਂਤਾਂ ਨਾਲ ਆਪਣੀ ਵਾਰਤਾ ਨੂੰ ਪ੍ਰਮਾਣਿਕ ਸਪੱਸ਼ਟਤਾ ਬਖ਼ਸ਼ਣ ਦੀ ਸਮਰੱਥਾ ਹੈ ਤੇ ਜ਼ਿੰਦਗੀ ਬਾਰੇ ਸਿਹਤਮੰਦ ਰਵਈਆ ਹੈ।"

ਵਰਤਮਾਨ ਮਨੁੱਖ ਦੇ ਅੰਸਤੁਲਨ ਜੀਵਨ ਨੂੰ ਸੰਤੁਲਤ ਬਣਾਉਣ ਦੀ ਸੋਝੀ ਕਰਾਉਣ ਵਾਲੇ ਨਿਬੰਧ ਡਾ. ਸੋਮਲ ਦੀ ਕਮਾਈ ਦਾ ਹਾਸਲ ਹਨ। ਇਸ ਗੱਲ ਦੀ ਪੁਸ਼ਟੀ ਡਾ. ਕੇਸਰ ਸਿੰਘ ਕੇਸਰ ਵੀ ਕਰਦੇ ਹਨ: "ਸੋਮਲ ਦੀ ਭਾਸ਼ਾ-ਸ਼ੈਲੀ

ਨਾ ਕੇਵਲ ਚਿੰਤਨਮਈ, ਰਚਨਾਤਮਕ ਜਾਂ ਦਾਰਸ਼ਨਿਕ ਤਰਲਤਾ ਵਾਲੀ ਹੈ, ਸਗੋਂ ਉਸ ਵਿੱਚ ਇੱਕ ਤਾਜ਼ਗੀ, ਅਮੀਰੀ ਤੇ ਹਲੂਣਾ ਦੇਣ ਵਾਲੀ ਸ਼ਕਤੀ ਹੈ।" ਸਮੁੱਚੇ ਰੂਪ ਵਿੱਚ ਡਾ. ਸੋਮਲ ਦੇ ਨਿਬੰਧ ਪੰਜਾਬੀ ਨਿੰਬਧ ਸਾਹਿਤ ਵਿੱਚ ਇਕ ਨਿਗਰ ਵਾਧਾ ਕਰਦੇ ਹਨ ਅਤੇ ਮਾਂ-ਬੋਲੀ ਦਾ ਸਿਰ ਉੱਚਾ ਕਰਦੇ ਹਨ। ਜਿੱਥੋਂ ਤੱਕ ਸੋਮਲ ਦੀ ਸ਼ਖ਼ਸੀਅਤ ਦਾ ਸਬੰਧ ਹੈ: ਉਹ ਕਾਹਲਾ ਨਹੀਂ ਠਰ੍ਹਮੇਂ ਵਾਲਾ, ਬੜਬੋਲਾ ਨਹੀਂ, ਸੰਜਮੀ ਹੈ, ਬਾਹਰਲੇ ਦਿਖਾਵੇ ਵਾਲਾ ਨਹੀਂ ਅੰਤਰ ਮੁੱਖੀ ਹੈ। ਬਰੀਕ ਬੀਨੀ ਨਜ਼ਰ ਵਾਲਾ, ਬੋਚ ਕੇ ਬੋਲਣ ਵਾਲਾ ਮਟਕ ਨਾਲ ਤੁਰਨ ਵਾਲਾ, ਸੰਗਾਊ ਬਿਰਤੀ ਦਾ ਮਾਲਕ ਜਿਸ ਨੂੰ ਤੜਕੇ-ਤੜਕੇ ਸੈਰ ਕਰਨ ਦੀ ਆਦਤ ਹੈ, ਅਸਮਾਨੀ ਰੰਗ ਦਾ ਆਸ਼ਕ, ਅੰਬ ਚੂਸਣ ਵਾਲਾ ਤੇ ਮਿੱਠੀਆਂ ਚੀਜ਼ਾਂ ਖਾਣ ਵਾਲਾ। ਉਸਦੀ ਮੁਸਕਣੀ 'ਚ ਵੀ ਬੌਧਿਕਤਾ ਲੁਕੀ ਹੁੰਦੀ ਹੈ। "ਸਵੇਰੇ ਮੈਂ ਜਦੋਂ ਖਿੜਕੀਆਂ ਦੇ ਪਰਦੇ ਇੱਕ ਪਾਸੇ ਕਰਦਾ ਹਾਂ ਤਾਂ ਚਾਨਣ ਦੇ ਨਾਲ ਘਰ ਭਰ ਜਾਂਦਾ ਹੈ ਮੈਂ ਇਸ ਚਾਨਣ ਅੱਗੇ ਸਿਰ ਨਿਵਾਉਂਦਾ ਹਾਂ। ਅੱਤ ਹਨੇਰਿਆਂ ਭਰੇ ਘਰ ਦੇ ਜੰਮਪਲ ਨੂੰ ਇਹ ਅਮਿਤ ਚਾਨਣ ਮਿਲ ਸਕਿਆ ਹੈ। ਇਹ ਮੇਰੇ ਲਈ ਨਿਆਮਤ ਹੈ।"
(ਕਿੱਕਰੀਂ ਫੁੱਲ ਪਏ)

ਦਸ ਸਾਹਿਤਕ ਨਿਬੰਧ ਪੁਸਤਕਾਂ ਤੋਂ ਬਿਨਾਂ, ਡਾ. ਸੋਮਲ ਦੀਆਂ ਲਗਭਗ 37 ਬਾਲ ਸਾਹਿਤ ਪੁਸਤਕਾਂ ਹਨ ਜਿਹੜੀਆਂ ਆਪਣੀ ਵਾਰਤਕ ਸ਼ੈਲੀ ਕਾਰਨ ਬੱਚਿਆਂ ਨੂੰ ਆਪਣੇ ਨਾਲ ਜੋੜਦੀਆਂ ਹਨ। ਭਾਸ਼ਾ ਦੀ ਸ਼ੁੱਧਤਾ ਦੇ ਜਗਿਆਸੂ ਬਣਨ ਲਈ ਡਾ. ਸੋਮਲ ਨੇ ਵਿਦਿਆਰਥੀਆਂ ਲਈ ਨਿਵੇਕਲੇ ਪੰਜਾਬੀ-ਲੇਖ ਦੋ ਭਾਗ (ਸੀਨੀਅਰ ਅਤੇ ਐਲੀਮੈਂਟਰੀ ਸ਼੍ਰੇਣੀਆਂ ਲਈ), ਰੌਚਕ ਪੰਜਾਬੀ ਵਿਆਕਰਨ ਦੋ ਭਾਗ (ਸੀਨੀਅਰ ਤੇ ਐਲੀਮੈਂਟਰੀ ਸ਼੍ਰੇਣੀਆਂ ਲਈ) ਵੀ ਲਿਖੀਆਂ ਹਨ ਜਿਹੜੀਆਂ ਸਮਕਾਲ ਦੇ ਵਿਸ਼ਿਆਂ ਦੀ ਤਰਜਮਾਨੀ ਕਰਦੀਆਂ ਹਨ।

ਪੰਜਾਬੀ ਜੀਵਨੀ ਸਾਹਿਤ ਦੇ ਖੇਤਰ ਵਿੱਚ ਵੀ ਡਾ. ਸੋਮਲ ਦਾ ਯੋਗਦਾਨ ਬਹੁਤ ਵੱਡਮੁੱਲਾ ਹੈ ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਉਹ ਹਨ 'ਭਾਈ ਦਿੱਤ ਸਿੰਘ ਗਿਆਨੀ-ਜੀਵਨ, ਰਚਨਾ ਅਤੇ ਸ਼ਖ਼ਸੀਅਤ', ਭਾਈ ਰਣਧੀਰ ਸਿੰਘ (ਡੂਮਛੇੜੀ) ਜੀਵਨ ਤੇ ਰਚਨਾ', 'ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ' (ਸੰਪਾਦਨਾ) ਗੁਰਬਖਸ਼ ਸਿੰਘ ਕੇਸਰੀ ਦਾ ਜੀਵਨ ਅਤੇ ਰਚਨਾਵਾਂ ਦਾ ਬਿਓਰਾ। ਸਭ ਤੋਂ ਵੱਡਾ ਲਾਸਾਨੀ ਕਾਰਜ 'ਗਿਆਨੀ ਦਿੱਤ ਸਿੰਘ ਦੀ ਚੋਣਵੀਂ ਰਚਨਾਵਲੀ'

ਜਿਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਖੋਜ ਰਚਨਾਵਲੀ ਦੇ 1052 ਪੰਨੇ ਹਨ ਤੇ ਕੀਮਤ 1400/- ਰੁਪਏ, ਵੱਡ ਅਕਾਰੀ ਗ੍ਰੰਥ। ਅਜਿਹੇ ਖੋਜ ਬਿਰਤੀ ਵਾਲੇ ਲੇਖਕ ਤੋਂ ਬਲਿਹਾਰੇ ਜਾਈਏ।

ਆਪਦਾ ਬੱਚਿਆਂ ਲਈ ਲਿਖਿਆ ਉਚੇਚਾ ਸਫ਼ਰਨਾਮਾ 'ਸੁਮਨ-ਨਗਰੀ ਵਿੱਚ ਸੌ ਦਿਨ 'ਫੁੱਲਾਂ ਦਾ ਸ਼ਹਿਰ' ਹੈ। ਇਸ ਪ੍ਰਕਾਰ ਵਾਰਤਕ ਲਿਖਣ ਦਾ ਲੰਮਾ ਅਭਿਆਸ ਰੱਖਦੇ, ਡਾ. ਸੋਮਲ ਨੇ ਪੰਜਾਬੀ ਵਾਰਤਕ ਵਿੱਚ ਆਪਣਾ ਪ੍ਰਸੰਸਾਮਈ ਯੋਗਦਾਨ ਪਾਇਆ ਹੈ ਜੋ ਨਿਰੰਤਰ ਜਾਰੀ ਹੈ।

ਅਜਿਹੀ ਮਨੋਹਰ ਸ਼ਖ਼ਸੀਅਤ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ 2006 ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ ਵੀ ਉਨ੍ਹਾਂ ਦੀ ਬਾਲ-ਪੁਸਤਕ ਨੂੰ ਪੁਰਸਕ੍ਰਿਤ ਕੀਤਾ ਗਿਆ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾ. ਸੋਮਲ ਨੂੰ ਉਸ ਦੀ ਪੰਜਾਬੀ ਬਾਲ ਸਾਹਿਤ ਨੂੰ ਦੇਣ ਲਈ 2017 ਦਾ ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ ਦਿੱਤਾ ਜਾਣਾ ਮਾਣ ਵਾਲੀ ਗੱਲ ਹੈ। ਹੋਰ ਵੀ ਵੱਡੀ ਪ੍ਰਾਪਤੀ ਇਹ ਹੈ ਕਿ ਡਾ. ਸੋਮਲ ਨੂੰ ਸਾਹਿਤ ਅਕਾਦਮੀ (ਦਿੱਲੀ) ਵੱਲੋਂ ਉਨ੍ਹਾਂ ਦੀ ਬਾਲ ਪੁਸਤਕ (ਸਫ਼ਰਨਾਮਾ) 'ਫੁੱਲਾਂ ਦਾ ਸ਼ਹਿਰ' ਨੂੰ ਰਾਸ਼ਟਰੀ ਬਾਲ-ਸਾਹਿਤ ਪੁਰਸਕਾਰ (2020) ਲਈ ਚੁਣਿਆ ਗਿਆ ਹੈ।

* * *

# ਅਜ਼ਾਦੀ ਘੁਲਾਟੀਆ ਪ੍ਰਤਾਪ ਸਿੰਘ ਬੈਦਵਾਨ

- ਕਮਲਪ੍ਰੀਤ ਕੌਰ
ਮੋ. 8872107770

ਕੁਝ ਅਜਿਹੇ ਗੁੰਮਨਾਮ ਅਜ਼ਾਦੀ ਸੰਗ੍ਰਾਮੀਏ ਵੀ ਹੋਏ ਹਨ ਜਿਨ੍ਹਾਂ ਬਾਰੇ ਇਤਿਹਾਸ ਦੇ ਪੰਨਿਆਂ 'ਤੇ ਜ਼ਿਕਰ ਨਹੀਂ ਹੋਇਆ। ਅਜਿਹਾ ਘੁਲਾਟੀਆ ਸ. ਪ੍ਰਤਾਪ ਸਿੰਘ ਸੀ ਜਿਸ ਦਾ ਜਨਮ ਪਿੰਡ ਸੋਹਾਣਾ ਤਹਿਸੀਲ ਖਰੜ ਜ਼ਿਲ੍ਹਾ ਅੰਬਾਲਾ, (ਹੁਣ ਐਸ. ਏ. ਐਸ ਨਗਰ ਮੁਹਾਲੀ) ਵਿਖੇ ਪਿਤਾ ਸ੍ਰੀ ਕਾਹਲਾ ਸਿੰਘ ਦੇ ਘਰ ਹੋਇਆ। ਪ੍ਰਤਾਪ ਸਿੰਘ ਸ਼ੁਰੂ ਤੋਂ ਹੀ ਲੰਮਾਂ ਲੰਝਾ ਤੇ ਤਕੜੇ ਜੁੱਸੇ ਵਾਲਾ ਦਲੇਰ ਗੱਭਰੂ ਸੀ। ਉਨ੍ਹਾਂ ਸਮਿਆਂ ਵਿੱਚ ਸੋਹਾਣੇ ਤੋਂ ਭਾੜਾ ਵਾਹੁਣ ਲਈ ਗੱਡਿਆਂ ਦਾ ਸਾਧਨ ਸੀ। ਚੋਰਾਂ ਤੇ ਡਾਕੂਆਂ ਦੀ ਰਾਖੀ ਕਰਨ ਲਈ ਪ੍ਰਤਾਪ ਸਿੰਘ ਹੱਥ ਵਿੱਚ ਖੂੰਡਾ ਰੱਖਦਾ ਸੀ ਜਿਸ ਕਾਰਨ ਉਸ ਨੂੰ ਲੋਕੀਂ ਖੂੰਡੇ ਵਾਲਾ ਕਹਿਣ ਲੱਗ ਪਏ। ਉਸ ਦਾ ਪਿੰਡ ਵਿੱਚ ਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਚੰਗਾ ਰੋਹਬ-ਦਾਬ ਸੀ।

ਭਾਰਤ ਦੀ ਅਜ਼ਾਦੀ ਦੇ ਅੰਦੋਲਨਾਂ ਵਿੱਚ ਵੀ ਪ੍ਰਤਾਪ ਸਿੰਘ ਪੂਰਾ ਸਰਗਰਮ ਰਿਹਾ। ਬਹੁਤ ਵਾਰ ਜੇਲ੍ਹ ਵੀ ਗਿਆ। ਵੰਡ ਤੋਂ ਪਹਿਲਾਂ ਆਪ ਮੁਲਤਾਨ ਜੇਲ੍ਹ ਵਿਚ ਰਹੇ ਜਿਥੇ ਆਪ ਦੀ ਮੁਲਾਕਾਤ ਸ. ਪਰਤਾਪ ਸਿੰਘ ਕੈਰੋਂ ਤੇ ਅਬਦੁਲ ਗੁਫ਼ਾਰ ਖਾਨ ਨਾਲ ਵੀ ਹੋਈ। ਆਪ ਨੂੰ ਉਥੇ ਅਜ਼ਾਦੀ ਦਾ ਝੰਡਾ ਲਹਿਰਾਉਣ ਕਾਰਨ, ਅੰਗਰੇਜ਼ ਹਕੂਮਤ ਦੀ ਪੁਲਿਸ ਦਾ ਤਸ਼ੱਦਦ ਸਹਿਣਾ ਪਿਆ। ਪੁਲਿਸ ਨੇ ਲਾਠੀਆਂ ਨਾਲ ਏਨਾ ਕਹਿਰ ਢਾਹਿਆ ਕਿ ਖ਼ੂਨ ਨਾਲ ਜੁੱਤੀ ਵੀ ਭਰ ਗਈ ਪਰੰਤੂ ਆਪ ਨੇ ਈਨ ਨਾ ਮੰਨੀ। ਜਬਰ ਨੂੰ ਪਿੰਡੇ 'ਤੇ ਝੱਲਿਆ। ਇਸ ਅਣ-ਮਨੁੱਖੀ ਤਸ਼ੱਦਦ ਕਾਰਨ ਆਪ ਦੀ ਉਸ ਸਮੇਂ ਮੌਤ ਹੋ ਗਈ।

ਇੱਕ ਵਾਰ ਦੀ ਘਟਨਾ ਦੱਸੀ ਜਾਂਦੀ ਹੈ ਕਿ ਜਦੋਂ ਆਪ ਨੂੰ ਫੜਨ ਲਈ ਥਾਣੇਦਾਰ ਘੋੜੀ 'ਤੇ ਚੜ੍ਹ ਕੇ ਪਿੰਡ ਸੋਹਾਣੇ ਆਇਆ ਤਾਂ ਆਪ ਦੇ ਪੁੱਤਰ ਦਿਆਲ ਸਿੰਘ ਨੇ ਕੁਹਾੜੀ ਨਾਲ ਥਾਣੇਦਾਰ 'ਤੇ ਹਮਲਾ ਕਰ ਦਿੱਤਾ। ਘੋੜੀ ਦੀ ਕਾਠੀ 'ਤੇ ਕੁਹਾੜੀ ਵੱਜੀ ਤੇ ਆਪ ਦਿਆਲ ਸਿੰਘ ਉੱਥੋਂ ਭੱਜ ਗਿਆ। ਥਾਣੇਦਾਰ ਨੇ ਪ੍ਰਤਾਪ ਸਿੰਘ ਨੂੰ ਫੜ ਕੇ ਤਸ਼ੱਦਦ ਕੀਤਾ ਤੇ ਪਤਾ ਲੱਗਿਆ ਕਿ ਆਪ ਦਾ ਪੁੱਤਰ ਵੀ ਬਹੁਤ ਦਲੇਰ ਹੈ।

ਇੱਕ ਹੋਰ ਘਟਨਾ ਵੀ ਲੋਕੀਂ ਯਾਦ ਕਰਦੇ ਹਨ। ਪਿੰਡ ਮੜੌਲੀ ਕਲਾਂ ਖੀਵਾ ਸਿੰਘ ਆਪਣੇ ਨਾਨਕਿਆਂ 'ਚ ਰਹਿੰਦਾ ਸੀ। ਉਸ ਨੇ ਮੜੌਲੀ ਕਲਾਂ ਭਗਤ ਆਸਾ ਰਾਮ ਬੈਦਵਾਣ ਦਾ ਅਖਾੜਾ ਲਾਉਣ ਦੀ ਵਿਉਂਤ ਬਣਾਈ ਪਰੰਤੂ ਪਿੰਡ ਘੜੂੰਆਂ ਤੇ ਮਟੌਰ ਦੇ ਕੁੱਝ ਬੰਦੇ ਅਖਾੜਾ ਲਾਉਣ ਦੀ ਵਿਰੋਧਤਾ ਕਰਨ ਲੱਗੇ। ਪ੍ਰਤਾਪ ਸਿੰਘ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਆਪਣਾ ਖੂੰਡਾ ਲੈ ਗੱਜਿਆ ਤੇ ਵਿਰੋਧੀਆਂ ਨੂੰ ਭਜਾ ਦਿੱਤਾ। ਲੋਕੀਂ ਕਹਿਣ ਕਿ ਖੂੰਡੇ ਵਾਲਾ ਬੰਦਾ ਤਾਂ ਬੜਾ ਸੂਰਮਾ ਹੈ।

ਇਹ ਵੀ ਗੱਲ ਦੱਸੀ ਜਾਂਦੀ ਹੈ ਕਿ ਕਈ ਅੰਦੋਲਨਾਂ 'ਚ ਪ੍ਰਤਾਪ ਸਿੰਘ ਕੈਰੋਂ (ਸਵ. ਮੁੱਖ ਮੰਤਰੀ ਪੰਜਾਬ) ਅਤੇ ਅਬਦੁਲ ਗੁਫ਼ਾਰ ਖਾਂ (ਹਰਿਆਣੇ ਦਾ ਰਿਹਾ ਮੰਤਰੀ) ਪਿੰਡ ਸੋਹਾਣਾ ਲੁਕਦੇ-ਛਿਪਦੇ ਆ ਜਾਂਦੇ ਸੀ। ਉਨ੍ਹਾਂ ਨੂੰ ਰੋਟੀ ਟੁੱਕ ਖਾਣ ਲਈ ਬਾਬਾ ਪ੍ਰਤਾਪ ਸਿੰਘ ਆਪਣੇ ਘਰੋਂ ਰੱਖਾ ਸਿੰਘ ਉਰਫ ਰਾਮਦਾਸੀਆ (ਕਮਿਊਨਿਸਟ) ਰਾਹੀਂ ਭੇਜਦਾ ਹੁੰਦਾ ਸੀ ਤਾਂ ਜੋ ਉਹ ਪਕੜੇ ਜਾਣ ਤੋਂ ਸੁਰਖ਼ਰੂ ਰਹਿਣ। ਬਾਬਾ ਪ੍ਰਤਾਪ ਸਿੰਘ ਦਾ ਹੋਰ ਘੁਲਾਟੀਆਂ ਨਾਲ ਵੀ ਚੰਗਾ ਮੇਲ-ਮਿਲਾਪ ਸੀ। ਉਸ ਨੇ 1947 ਤੋਂ ਪਹਿਲਾਂ ਆਪਣੀ ਬੈਠਕ ਦੇ ਦੁਆਰ 'ਤੇ ਪ੍ਰਤਾਪ ਸਿੰਘ ਬਾਗੀ ਲਿਖਵਾਇਆ ਜਿਸ ਦਾ ਅਰਥ ਸੀ ਕਿ ਉਹ ਅੰਗਰੇਜ਼ ਸਰਕਾਰ ਤੋਂ ਬਾਗੀ ਹੈ। ਬਹੁਤ ਨਿਡਰ ਤੇ ਤਕੜੇ ਜੁੱਸੇ ਕਰ ਕੇ ਹਰ ਕੋਈ ਉਸ ਤੋਂ ਭੈਅ ਖਾਂਦਾ ਸੀ। ਜੇਕਰ ਪਿੰਡ ਵਿੱਚ ਲੜਾਈ ਹੋ ਜਾਣੀ ਤਾਂ ਉਸ ਨੇ ਮਾੜੇ ਤੇ ਲੋੜਵੰਦ ਦੀ ਮਦਦ ਲਈ ਆਪਣਾ ਖੂੰਡਾ ਚੁੱਕ ਲੈਣਾ।

ਇੱਕ ਵਾਰ ਮਣਸਾ ਦੇਵੀ ਦੇ ਮੇਲੇ 'ਤੇ ਹਰਪਾਲ ਸਿਓਂ ਆਪਣੇ ਗੱਡੇ 'ਤੇ ਪੌਂਡੇ (ਗੰਨੇ) ਵੇਚਣ ਜਾ ਰਿਹਾ ਸੀ। ਇੱਕ ਟੋਲਾ ਬਠਿੰਡੇ ਵਾਲਾ ਗੱਡਾ ਲੁੱਟਣ ਲੱਗਿਆ ਤਾਂ ਬਾਬਾ ਪ੍ਰਤਾਪ ਸਿੰਘ ਨੇ ਆਪਣੇ ਖੂੰਡੇ ਦੇ ਜ਼ੋਰ ਨਾਲ ਲਟੇਰਿਆਂ ਨੂੰ ਭਜਾ ਦਿੱਤਾ। ਮੇਲੇ ਵਿੱਚ ਬੱਲੇ-ਬੱਲੇ ਹੋ ਗਈ।

ਪਿੰਡ ਸੋਹਾਣੇ ਦਾ ਇੱਕ ਬੰਦਾ ਪਿੰਡ ਦੀ ਸ਼ਾਮਲਾਟ ਥਾਂ 'ਤੇ ਹਵੇਲੀ ਉਸਾਰਨ ਲੱਗ ਪਿਆ ਤੇ ਪਿੰਡ ਘੜੂੰਏ ਤੋਂ ਬੰਦੇ ਲੈ ਆਇਆ ਤਾਂ ਜੋ ਕਬਜ਼ਾ ਹੋ ਸਕੇ। ਪਿੰਡ ਘੜੂੰਆਂ ਉਨ੍ਹਾਂ ਸਮਿਆਂ ਵਿੱਚ ਲੜਾਈ ਲੜਨ ਲਈ ਮਸ਼ਹੂਰ ਸੀ। ਆਪਸ ਵਿੱਚ ਇੱਕ ਦੂਜੇ ਦੀ ਮਦਦ ਲਈ ਆਬਤ ਲਾਉਣ ਲਈ ਮਸ਼ਹੂਰ ਸਨ। ਜਦੋਂ ਇਸ ਤਰ੍ਹਾਂ ਦੀ ਸਮੱਸਿਆ ਪੈਦਾ ਹੋਈ ਤਾਂ ਬਾਬਾ ਪ੍ਰਤਾਪ ਸਿੰਘ ਨੇ ਆਪਣੇ ਬੰਦੇ ਇਕੱਠੇ ਕਰ ਕੇ ਹੱਲਾ ਬੋਲ ਦਿੱਤਾ ਤੇ ਹਵੇਲੀ ਢਹਿ-ਢੇਰੀ ਕਰ ਦਿੱਤੀ। ਕੇਸ

ਚੱਲਿਆ। ਪੰਚਾਇਤ ਨੇ ਗੁਆਹੀ ਦਿੱਤੀ ਕਿ ਇਹ ਥਾਂ ਤਾਂ ਸ਼ਾਮਲਾਟ ਹੈ, ਇਸ ਕਰਕੇ ਕੇਸ ਬਰੀ ਕਰ ਦਿੱਤਾ ਗਿਆ।

ਬਾਬਾ ਪ੍ਰਤਾਪ ਸਿੰਘ ਦੇ ਤਿੰਨ ਲੜਕੇ ਦਿਆਲ ਸਿੰਘ, ਜੋਗਾ ਸਿੰਘ ਤੇ ਜਮੀਅਤ ਸਿੰਘ ਸਨ। ਅੱਗੇ ਦਿਆਲ ਸਿੰਘ ਦੇ ਚਾਰ ਲੜਕੇ ਜੋਗਿੰਦਰ ਸਿੰਘ, ਮੇਵਾ ਸਿੰਘ, ਗੱਜਣ ਸਿੰਘ ਤੇ ਕੇਸਰ ਸਿੰਘ। ਕੇਸਰ ਸਿੰਘ ਬੈਦਵਾਨ ਨੇ ਭਗਤ ਆਸਾ ਰਾਮ ਦੀ ਪੁਆਧੀ ਅਖਾੜਾ ਪਰੰਪਰਾ ਤੇ ਗਾਉਣ ਨੂੰ ਸੰਭਾਲਿਆ ਜੋ ਅਜੇ ਵੀ ਯਤਨਸ਼ੀਲ ਹੈ। ਇਸ ਸਾਹਿਤਕ ਸੇਵਾ ਲਈ ਪੁਆਧੀ ਪੰਜਾਬੀ ਸੱਥ ਮੁਹਾਲੀ ਨੇ ਕੇਸਰ ਸਿੰਘ ਬੇਦਵਾਨ ਨੂੰ ਸਾਲਾਨਾ ਸਨਮਾਨ ਸਮਾਗਮ (2020) ਮੌਕੇ ਸਨਮਾਨਿਤ ਕੀਤਾ। ਇਸ ਖਾਨਦਾਨ ਦੀ ਲੋਕ ਭਲਾਈ ਦੇ ਕੰਮਾਂ ਵਿਚ ਸਦਾ ਹੀ ਉਸਾਰੂ ਭੂਮਿਕਾ ਰਹੀ।

ਕੇਸਰ ਸਿੰਘ ਬੈਦਵਾਨ ਦੇ ਦੱਸਣ ਅਨੁਸਾਰ ਉਨ੍ਹਾ ਦਾ ਬਾਬਾ ਪ੍ਰਤਾਪ ਸਿੰਘ ਆਪਣੇ ਮੁਕੱਦਮੇ ਦੀ ਤਾਰੀਖ ਭੁਗਤਣ ਵਾਸਤੇ ਸੋਹਾਣੇ ਤੋਂ ਪੈਦਲ ਕਸੌਲੀ ਜਾਂਦਾ ਰਿਹਾ, ਇਹ ਅੰਗਰੇਜ਼ ਸਮਿਆਂ ਦੀ ਗੱਲ ਹੈ। ਜਦੋਂ ਵੱਡੀ ਪਲੇਗ ਪਈ (1914) ਤਾਂ ਪਿੰਡ ਵਿੱਚ ਬਹੁਤ ਮੌਤਾਂ ਹੋਈਆਂ। ਉਨ੍ਹਾਂ ਦਾ ਸਸਕਾਰ ਕਰਨ ਵਿੱਚ ਬਾਬਾ ਪ੍ਰਤਾਪ ਸਿੰਘ ਨੇ ਬੜਾ ਪਰਉਪਕਾਰ ਕੀਤਾ। ਭਾਰਤ ਦੀ ਅਜ਼ਾਦੀ ਦੇ ਅੰਦੋਲਨ 'ਚ ਹਿੱਸਾ ਪਾਉਣ ਵਾਲੇ ਅਜਿਹੇ ਅਣਗੌਲੇ ਵਿਅਕਤੀ 'ਤੇ ਪੁਆਧ ਨੂੰ ਮਾਣ ਹੈ।

* * *

# ਖੰਡ- ਪੰਜਵਾਂ

## ਪੁਆਧੀ ਵਾਰਤ਼ਕ ਰੰਗ ਵਾਲੀਆਂ ਤੇ ਪੁਆਧ ਬਾਰੇਂ ਕਾਵਿ-ਰਚਨਾਵਾਂ

# ਸ਼ੇਰਨੀ ਦਾ ਦੁੱਧ-ਸੋਨੇ ਦਾ ਕਟੋਰਾ

ਗਿ. ਧਰਮ ਸਿੰਘ ਭੰਖਰਪੁਰ

ਜਿਸ ਨੂੰ ਖੜੇ ਨੂੰ ਕਿਸੇ ਨੇ ਪੁੱਛਿਆ ਨੀ ਉਸ ਨੂੰ ਬੈਠੇ ਨੂੰ ਕੌਣ ਪੁੱਛਾਆ। ਯਹਾਂ ਤਉ ਖੜੇ ਕਾ ਖਾਲਸਾ ਵਾਲੀ ਬਾਤ ਆ।

ਭਾਈ ! ਤਕੜੇ ਕੇ ਤਉ ਹਮੇਸ਼ਾ ਏ ਸੰਤ ਬੀਹੇ ਸੌ ਹੁੰਦੇ ਆਏ ਆਂ, ਕਮਜ਼ੋਰ ਨੂੰ ਕਿਹੜਾ ਪੁੱਛਾਅ। ਚੱਕੀ-ਰਾਹੇ ਜਿੱਤਰਾਂ ਮੇਲੇ ਮਾ ? ਯੋਹੀ ਹਾਲ ਮਾਰ੍ਹੇ ਪੁਆਧ ਗੈਲ ਹੁੰਦਾ ਰਿਹਾ ਇਬ ਤੱਕ।

'ਰੁੱਤ ਫਿਰੀ' ਸਮਾਂ ਬਦਲਿਆ, ਰੁਲੇ-ਖੁਲੇ ਪੁਆਧ ਕੇ ਭਾਗ ਜਾਗੇ, ਪੁਆਧੀਆਂ ਕੇ ਦਿਲਾਂ ਕੇ ਬਿੱਚ ਤੇ ਇੱਕ 'ਬਾਜ ਨਿਕਲੀ-

ਹੇ ਧਰਤਿ,<br>
ਪੁਆਧ ਕੀਏ,<br>
ਕਰਮਾਂਵਾਲੀਏ,<br>
ਬਾਤਾਂ ਕਰ ਲਿਆਂ ਤੇਰੀਆਂ...।

ਸੰਨ ਦੋ ਹਜ਼ਾਰ ਚਾਰ ਕਾ ਸਾਲ ਪੁਆਧੀ ਲੋਕਾਂ ਬਾਸਤਾ ਕਿਸਮਤ ਵਾਲਾ ਸਾਲ ਨਿਕਲਿਆ, ਜਦ ਡਾ. ਨਿਰਮਲ ਸਿੰਘ ਲਾਂਬੜਾ ਅਰ ਸਰਦਾਰ ਮੋਤਾ ਸਿੰਘ ਸਰਾਏ ਕੀ ਇੱਛਾ ਅਰ ਉੱਦਮ ਸਦਕਾ ਪਹਿਲੀ ਵਾਰੀ ਕੋਈ "ਪੁਆਧੀ-ਸੱਥ" ਬਜੂਦ ਮਾ ਆਈ ਦੇਖੀ। ਇਸ ਤੇ ਪਹਿਲਾਂ ਤਉ ਰੱਬ ਕਾ ਨਾਉਏ ਤਾ ਬੱਸ।

ਭਗਤ ਆਸਾ ਰਾਮ ਬੈਦਵਾਨ, ਗਿਆਨੀ ਦਿੱਤ ਸਿੰਘ ਵਰਗੇ ਪਹਿਲਾਂ ਪੁਆਧੀ-ਬੋਲੀ ਕੇ ਕਈ ਮਹਾਂਪੁਰਸ਼ ਹੋਏ। ਮੇਰੇ ਜੈਸੇ ਦੱਬੜੂ-ਘੁੱਸੜੂ ਸੇ ਪੁਆਧੀ ਕੇ ਲਿਖਾਰੀ ਤੀਹ ਪੈਂਤੀ ਸਾਲਾਂ ਤੇ ਕਾਗ਼ਜ਼ ਕਾਲੇ ਕਰਦੇ ਰਹੇ ਤੇ ਕਦੀਓ-ਕਦੀ ਪੁਆਧੀ ਰੰਗ ਕੀ ਰਚਨਾ ਕਿਸੀ ਅਖ਼ਬਾਰ ਮਾ ਛੱਪ ਜਾ ਤੀ। ਔਹ ਬੀ, ਅਖ਼ਬਾਰ ਵਾਲਿਆਂ ਕੇ ਰਹਿਮ ਕੇ ਉਪਰ, ਭਾਈ, ਪੁਆਧ ਕੇ ਲਿਖਾਰੀ ਪੁਆਧੀ ਬੋਲੀ ਮਾ ਲਿਖਣੇ ਤੇ ਈ ਸਰਮਾਵਾਂ ਤੇ। 'ਦਰਿਆਓ-ਘੱਗਰ ਬੋਲਿਆ' ਮੇਰੀ ਲਿਖਤ ਪੰਜਾਬੀ ਟ੍ਰਿਬਿਊਨ ਮਾ 1987 ਮਾ ਛਪੀ, ਕਈ ਪੜ੍ਹਨੇ ਵਾਲੇ ਖਚਰੀ ਸੀ ਹਾਂਸੀ ਹਸੇ। ਬਈ ਯੋਹ ਕਿਹੜੀ ਬੋਲੀ ਆ ਬਈ ? ਬਾਂਦਰ ਕਿਆ ਜਾਣਾ ਅਦਰਕ ਕੇ ਅਚਾਰ ਨੂੰ, ਨਾਲੇ ਮੇਰੀ ਮਾਂ ਕਿਸੀ ਨੂੰ ਅੱਛੀ ਲਗਾਅ ਯਾ ਨਾ ਲੱਗਾ, ਮੇਰੀ ਤਉ ਮਾਂ ਆ; ਮਨੂੰ ਕਿਉਂ ਨਾ ਅੱਛੀ ਲਗਾ ਗੀ।

ਪੁਆਧੀ ਸੱਥ ਮੁਹਾਲੀ ਕਾ ਸਭ ਤੇ ਪਹਿਲਾਂ ਸਨਮਾਨ-ਸਮਾਗਮ 14 ਨਵੰਬਰ 2004 ਨੂੰ ਰੱਖਿਆ ਗਿਆ। ਇਸ ਸਾਰੇ ਪ੍ਰੋਗਰਾਮ ਕੇ ਸਰਪ੍ਰਸਤ 'ਸ. ਮਨਮੋਹਨ ਸਿੰਘ ਦਾਊ" ਸੋਨੇ ਪਰ ਸੁਹਾਗੇ ਵਾਲਾ ਕੰਮ। ਦੂਰ-ਦਰਸ਼ੀ, ਹਿੰਮਤੀ, ਦਲੇਰੀ, ਨਿਮਰਤਾ ਵਰਗੇ ਅਤੇ ਗੁਣਾਂ ਕੇ ਖ਼ਜ਼ਾਨੇ। ਨਾਲੇ ਸ਼ੇਰਨੀ ਕੇ ਦੁੱਧ ਵਾਸਤਾ ਸੋਨੇ ਕੇ ਕਟੋਰੇ ਕੀਓ ਲੋੜ ਪਵਾ, ਐਹੁ ਮਿਲ ਗਿਆ ਸ. ਮਨਮੋਹਨ ਸਿੰਘ ਦਾਊਂ ਜੀ ਕੇ ਰੂਪ ਮਾ। ਜੀਵਨ ਸਾਥਣ ਔਹ ਬੀ ਗੈਲ ਖੜੀ, ਹਰ ਵਕਤ। ਦੌਆਂ ਕੀ ਸਭਾਗੀ ਜੋੜੀ-ਇਹ ਜੋੜੀ ਜੁਗ ਜੀਵੇ ਚਾਰ ਤਿਹਾਈ। ਦੇਹ ਅਸੀਸ ਕਹੇ ਜਗਦੀਸ।

ਇਬ ਪੁਆਧੀ ਸੱਥ ਗਾਡੀ-ਰਾਹ ਪਰ ਚਲ ਪਈ, ਮਸੀਂ ਕਹਾਣੀ ਲੋਟ ਆਈ। ਕੋਈ ਪੁਆਧੀ ਲੋਕਾਂ ਨੂੰ ਸਾਹਿਤਕ ਜਥੇਦਾਰ ਤਉ ਮਿਲਿਆ ਆਗੂ ਤੇ ਬਿਨਾਂ ਵੀ ਲੋਕ ਕਿਧਰ ਤੁਰਾਂ। ਰਹਿਬਰ ਤਉ ਕੋਈ ਚਾਹੀਦਾ ਏ ਤਾ।

ਸ. ਮਨਮੋਹਨ ਸਿੰਘ ਦਾਊਂ ਜੀ ਕੀ ਸਰਪ੍ਰਸਤੀ ਤਲਾ ਪੁਆਧੀ ਬੋਲੀ ਕੀ ਬੱਲੇ-ਬੱਲੇ ਹੋਣ ਲੱਗੀ। ਮੀਟਿੰਗਾਂ, ਸਭਾਵਾਂ, ਸੈਮੀਨਾਰ, ਗੋਸ਼ਟੀਆਂ, ਸਲਾਨਾ ਸਮਾਗਮ ਹੋਣੇ ਸ਼ੁਰੂ ਹੋ ਗੇ। ਪੁਆਧੀਆਂ ਕੀ ਗਈ ਗੁਆਚੀ ਪਛਾਣ ਫੇਰ ਤੇ ਬਣਨੀ ਸ਼ੁਰੂ ਹੋਈ। ਲੋਕਾਂ ਨੂੰ ਪਤਾ ਲੱਗਣ ਲੱਗਿਆਂ ਬਈ, ਪੁਆਧ, ਅਰਪੁਆਧੀ ਬੋਲੀ ਬੀ ਕੋਈ ਹੈ ? ਮ੍ਹਾਰੇ ਪੁਆਧ ਖੇਤਰ ਕੀ ਪੂਰੇ ਭਾਰਤ-ਪੰਜਾਬ ਕੇ ਇਤਿਹਾਸ ਮਾ ਕਿਆ ਭੂਮਿਕਾ ਰਹੀਆ ਆ ਇਬ ਤੱਕ। ਉਸ ਕਾ ਭੀ ਲੋਕਾਂ ਨੂੰ ਪਤਾ ਚਲਿਆ। ਦੇਸ਼ਾਂ ਬਦੇਸ਼ਾਂ ਤੱਕ ਪੁਆਧੀ ਬੋਲੀ ਕੀ ਗੂੰਜ ਸੁਣਾਈ ਦੇਣ ਲੱਗੀ। ਯੂਨੀਵਰਸਿਟੀਆਂ ਕੀਆਂ ਬੀ ਅੱਖਾਂ ਸੀ ਖੁੱਲ੍ਹੀਆਂ। ਖ਼ੁਦ ਬੀ ਪੁਆਧੀ ਲੋਕ ਜਾਗਰੂਕ ਹੋਏ। ਭਿੰਡਾਂ ਮਾ ਡਲਾ ਮਾਰ ਨੇ ਕੀ ਦੇਰ ਤੀ ਸਾਰੇ ਈ ਛਲਾਗਾਂ ਮਾਰਨ ਲਗੇ। ਗਰਮ ਹੋਕਾ ਦੁੱਧ ਠੰਢਾ ਬੀ ਹੋ ਲਿਆ ਤਾ ਅਰ ਠੰਢਾ ਹੋ ਕਾ ਸੌਂ ਵੀ ਗਿਆ ਤਾ, ਬੱਸ ਇਬ ਜਾਗ ਲਾਣੇ ਕੀ ਜ਼ਰੂਰਤ ਤੀ, ਔਹ ਮਨਮੋਹਨ ਸਿੰਘ ਦਾਊਂ ਨੇ ਪੂਰੀ ਕਰਦੀ।

ਸਾਲ 2009 ਕਾ ਸਾਲਾਨਾ ਪੁਆਧੀ ਸਨਮਾਨ ਸਮਾਗਮ ਰੱਖਿਆ ਗਿਆ। ਹਰੇਕ ਖੇਤਰ ਮਾਂ ਮੱਲਾਂ ਮਾਰਨ ਵਾਲੇ ਰੁਲੇ-ਖੁਲ੍ਹੇ ਲੋਕਾਂ ਨੂੰ ਸਨਮਾਨ ਦੇਣੇ ਕਾ ਪ੍ਰੋਗਰਾਮ। ਸ. ਮਨਮੋਹਨ ਸਿੰਘ ਦਾਊਂ ਜੀ ਕਾ ਫੋਨ ਆਇਆ

– "ਗਿਆਨੀ ਜੀ! ਇਬ ਕੇ ਸਮਾਗਮ ਮਾ ਥਾਨੂੰ ਵੀ ਸਨਮਾਨਤ ਕਰਨੇ ਕਾ ਮਤਾ ਪਕਾਇਆ ਸੱਥ ਨੇ" ਪਹੁੰਚਣਾ।

–ਮਾਫ਼ ਕਰ ਦੇਓ ਇਬ ਕੀ ਬਾਰ, ਹਰਨੀਆਂ ਕਾ ਅਪਰੇਸ਼ਨ ਹੋਣੇ ਕਰਕੇ ਮਾਫ਼ੀ ਚਾਹੂੰ।

– "ਚਲੋ ਠੀਕ ਆ! ਮਜ਼ਬੂਰੀਆਂ।"

ਸਾਲ ਲੰਘ ਗਿਆ, ਸਾਲ 2010 ਕਾ ਸਮਾਗਮ ਆ ਗਿਆ। ਮੋਬਾਇਲ ਕੀ ਘੰਟੀ ਖੜਕੀ–

–"ਗਿਆਨੀ ਜੀ! ਇਬ ਕਾ?" ਬੋਲ ਦਾਊਂ ਜੀ ਕਾ ਤਾ।

–"ਜੀ ਅਠਾਈ ਤਾਰੀਖ ਨੂੰ ਕੁੜੀ ਕੀ ਬਰਾਤ" ਇਬ ਕਾ ਬੀ ਨਾ।* ਪਤਾ ਨੀ ਕੈਸੀ ਗੁਰੂ ਨੇਤ ਵਰਤੀ।

ਪੁਆਧੀ ਸੱਥ ਮੁਹਾਲੀ ਕੰਨੀ ਤੇ 2011 ਕੇ ਸਲਾਨਾ ਸਮਾਗਮ ਮਾ ਮੇਰੇ ਜੈਸੇ ਬੰਦੇ ਨੂੰ ਬੀ 'ਮਾਣ' ਬਖ਼ਸ ਕਾ ਸੱਥ ਨੇ ਕਿਰਤਾਰਥ ਕਰ ਦੀਏ, ਨਹੀਂ ਤਉ–

ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਵਾਲੀ ਕਹਾਣੀ ਤੀ। ਭਾਈ ਤਾਹੀਓਂ ਸਿਆਣੇ ਕਹੇ ਕਰਾਂ ਤੇ, ਬਾਈ ਜੇ ਅਪਣਾ ਮਾਰਾ ਤਉ ਤਾਂ ਵੀ ਛਾਉਂ ਮਾ ਗੇਰਾ।

ਸ. ਮਨਮੋਹਨ ਸਿੰਘ ਦਾਊਂ ਕੀ ਗਿਣਤੀ ਸ਼੍ਰੋਮਣੀ ਸਾਹਿਤਕਾਰਾਂ ਮਾ ਇਬ, ਯੋਹ ਵੀ ਪੁਆਧੀਆਂ ਵਾਸਤਾ ਫ਼ਕਰ ਵਾਲੀ ਬਾਤ। ਆਪ ਉਹ ਲੇਖਕ ਕਵੀ ਸਭ ਕੁਛ ਹੈ ਈ, ਹੋਰਾਂ ਨੂੰ ਵੀ ਪ੍ਰੇਰ ਪ੍ਰੇਰ ਕਾ ਇਸ ਰਸਤੇ ਪਰ ਤੋਰਿਆ ਮਾਣ ਵੀ ਦੀਆ ਸਨਮਾਨ ਬੀ ਦੀਆ। ਪੁਆਧੀ ਭਾਸ਼ਾ ਬੋਲੀ ਸਾਹਿਤਕ ਪੱਖ ਮਾ ਦਾਊਂ ਜੀ ਕੀ ਬਹੁਤ ਬੜੀ ਭੂਮਿਕਾ ਆ। ਬੜੇ ਬੜੇ ਸਮਾਗਮਾਂ ਕਾ ਆਯੋਜਨ ਕਰਨਾ ਪਰ ਉਹਨਾਂ ਨੂੰ ਸਫ਼ਲ ਬਣਾਨਾ ਬੜਾ ਕਠਿਨ ਕਾਰਜ ਆ, ਅੱਜ ਕੱਲ੍ਹ ਕੇ ਪਦਾਰਥਵਾਦੀ ਸਮੇਂ ਕੇ ਬਿੱਚ। ਬੜੀ ਬੜੀ ਸੰਸਥਾ ਕੀ 'ਮੈਂਆ' ਨਿਕਲ ਜਾ ਅਰ ਠੁੱਸ ਹੋ ਕਾ ਰਹਿ ਜਾਂ। ਮੁੜ ਕਾ ਹੱਥ ਲਾ ਲਾ ਕਾ ਦੇਖਦੇ ਰਹਿਜਾਂ। ਇਸ ਰਸਤੇ ਪਰ ਚਲਣਾ ਬੜਾ ਕਠਨ ਸਾ ਕੰਮ ਆ। ਕੋਈ ਆਰਥਕ ਲਾਭ ਨਹੀਂ ਸਗਵਾਂ ਘਰ ਫੂਕ ਕਾ ਤਮਾਸ਼ਾ ਦੇਖਣਾ। ਯੋਹ ਅਨੋਖਾ ਤਮਾਸ਼ਾ, ਜਿਸ ਵਾਸਤਾ ਘਰ ਵੀ ਫੂਕਣਾ, ਟੈਮ ਬੀ ਕੱਢਣਾ, ਲੱਤਾਂ ਤੋੜ ਗਸਾਈਆਂ ਵਾਲਾ ਕੰਮ ਵੀ ਕਰਨਾ। ਦੁਨੀਆਂ ਦਾਰਾਂ ਕੀ ਤਰ੍ਹਾਂ ਕਢਣੇ-ਪਾਣੇ ਨੂੰ ਵੀ ਕੁਛ ਨੀ-ਬਿਲਕੁਲ ਮਲੰਗੀ ਰਸਤਾ। ਇਸ ਰਸਤੇ ਪਰ ਤੇਜ ਰਫ਼ਤਾਰ ਗੈਲ ਅੱਗਾ ਤੇ ਅੱਗਾ ਚਲਣੇ ਵਾਲਾ ਮਲੰਗ ਪੁਆਧੀ ਸਾਹਿਤਕਾਰ ਸ. ਮਨਮੋਹਨ ਸਿੰਘ ਦਾਊਂ।

ਜੇਕਰ ਆਦਿ ਤੇ ਕਥਾ ਸ਼ੁਰੂ ਕਰ ਕਾ ਲਿਖਣੀ ਸ਼ੁਰੂ ਕਰੀ ਜਾ ਹਾ ਫਿਰ ਤਾਉ ਮਨਮੋਹਨ ਸਿੰਘ ਦਾਊਂ ਕੇ ਜੀਵਨ ਪਰ, ਇੱਕ ਇੱਕ ਪੱਖ ਨੂੰ ਲੇ ਕਾ ਬੜੇ ਬੜੇ ਗ੍ਰੰਥ ਲਿਖੇ ਜਾ ਸਕਾਂ। ਕਿਸੀ ਇੱਕ ਗ੍ਰੰਥ ਮਾ ਦਾਊਂ ਜੀ ਕਾ ਸਰਬ-ਪੱਖੀ ਜੀਵਨ ਬਿਆਨ ਕਰਨਾ ਪ੍ਰਾਪਤੀਆਂ ਲਿਖਣੀਆਂ, ਕੁੱਜੇ ਮਾ ਸਮੁੰਦਰ ਬੰਦ ਕਰਨੇ ਵਾਲੀ ਬਾਤ ਆ। ਕੁੱਜੇ ਮਾ ਨਾ ਸਮੁੰਦਰ ਨੇ ਆਣਾ, ਨਾ ਕਹਾਣੀ ਬਣਨੀ। ਕਹਾਣੀ ਬਹੁਤ ਲੰਬੀ ਆ ਨਾ।

ਬੱਸ ਮੇਰਾ ਤਉ ਇਤਨਾ ਕੁ ਤਿਲ-ਫੁੱਲ ਦਾਊਂ ਜੀ ਪ੍ਰਵਾਨ ਕਰ ਲੇਂ। ਮੈਂ ਆਪਣਾ ਲਿਖਿਆ ਸਫ਼ਲ ਸਮਝੂ ਅਰ ਆਪਣੇ ਆਪ ਨੂੰ ਸਭਾਗਾ। 'ਸਿਮ੍ਰਤੀ ਗ੍ਰੰਥ' ਕੀਆਂ ਵਧਾਈਆਂ।


ਗਿਆਨੀ ਧਰਮ ਸਿੰਘ ਭੰਖਰਪੁਰ

ਰੂਬੀ ਬੁੱਕ ਸਟੋਰ

ਮੋਬਾ. 9878161006

# ਪੁਆਧੀ ਕਾ ਮਲਵੈਣ ਗੈਲ ਵਿਆਹ

**ਗੁਰਦੇਵ ਸਿੰਘ ਭੁੱਲਰ**

ਕਾਲਜ ਮਾਂ ਪੜ੍ਹਦੇ ਉਹ ਪੱਕੇ ਆੜੀ ਬਣਗੇ। ਕਾਲਜ ਕੀ ਪੜ੍ਹਾਈ ਖਤਮ ਕਰਕੇ ਨੌਕਰੀਆਂ ਲੱਗਗੇ। ਇਸੀ ਟੈਮ ਮਾ ਉਹ ਰਿਸਤੇਦਾਰਾਂ ਮਾ ਬਦਲਗੇ। ਮਲਵਈ ਛੋਕਰੇ ਕਾ ਪੁਆਧੀ ਕੇ ਘਰਾਂ ਗੋਂ (ਗਾਉਂ) ਪਹਿਲਾਂ ਆਣ-ਜਾਣ ਹੋਣ ਕਰਕੇ ਉਸ ਨੇ ਆਪਣੇ ਘਰਦਿਆਂ ਨੂੰ ਆਪਣੀ ਭੈਣ ਕਾ ਰਿਸ਼ਤਾ ਬੈਦਵਾਣਾਂ ਕੇ ਇੱਕ ਗੌਂ ਮਾ ਕਰ ਦਿਆ। ਜਦ ਵਿਆਹ ਕੀ ਤਰੀਕ ਪੱਕੀ ਕਰਨੀ ਤੀ ਤਾਂ ਕੁੜੀ ਕਾ ਭਾਈ ਛੋਕਰੇ ਕੇ ਗੌਂ ਮਾ ਆਇਆ। ਚਾਹ ਪਾਣੀ ਪੀ ਕੇ ਉਹ ਬਾਹਰ ਅੰਬਾਂ ਕੇ ਬਾਗ ਮਾ ਬਾਬਿਆਂ ਕੋਲ ਜਾ ਬੈਠੇ।

'ਆ ਬਈ..। ਹੋਰ ਥਾਰੇ ਬਾਪੂ ਚਾਚੇ ਉਨਕਾ ਕਿਆ ਹਾਲ ਐ ? ਫਸਲ ਬਾੜੀ ਠੀਕ ਐ।' ਬਾਬੇ ਉਸ ਤੋਂ ਪੁੱਛਿਆ ਨਾਲੇ ਸਿਰ 'ਤੇ ਪਿਆਰ ਦਿਆ।

'ਬਾਬਾ ਜੀ ਸਭ ਠੀਕ ਐ।' ਮਲਵਈ ਛੋਕਰਾ ਬੋਲਿਆ।

ਕੁਛ ਦੇਰ ਰਸਮੀ ਗੱਲਾਂ ਬਾਤਾਂ ਹੋਈਆਂ। ਫੇਰ ਅਸਲੀ ਬਾਤ ਪੁੱਛੀ।

'ਬਾਬਾ ਜੀ ਵਿਆਹ ਕਦੋਂ ਕਰੀਏ ?'

'ਮਾਰ੍ਹਾ ਵਿਚਾਰ ਤਾਂ ਠੰਢ ਮਾ ਤਾ ਸਾਊ' ਬਾਬੇ ਨੇ ਜੁਆਬ ਦਿਆ। ਉਨ੍ਹਾਂ ਹਿਸਾਬ ਕਿਤਾਬ ਲਾ ਕੇ ਫਰਵਰੀ ਮਾ ਤਰੀਕ ਪੱਕੀ ਕਰ ਤੀ।

ਵਿਆਹੀ ਆਈ ਨਵੀਂ ਮਲਵੈਣ ਕੁੜੀ ਨੂੰ ਜਦੋਂ ਉਸ ਕੀ ਨਣਦ ਨੇ ਸਵੇਰੇ ਸਵੇਰੇ ਚਾਹ ਕਾ ਭਰ ਕੇ ਗਲਾਸ ਫੜਾਇਆ ਤਾਂ ਮੂਹਰੇ 'ਤੇ ਵਿਆਂਹਦੜ ਬੋਲੀ, 'ਬਾਹਲੀ ਐ।'

ਪੁਆਧਣ ਨਣਦ ਚਾਹ ਕਾ ਗਲਾਸ ਮੋੜ ਕੇ ਝਲਿਆਨੀ (ਰਸੋਈ) ਮਾ ਚਲੀ ਗਈ। ਉਸ ਨੇ ਚਾਹ ਨੂੰ ਪਤੀਲੀ ਮਾ ਪਾਇਆ ਲੱਗਗੀ ਉਬਾਲਣ। ਪੰਦਰਾਂ ਮਿੰਟਾਂ ਬਾਅਦ ਉਸੀ ਚਾਹ ਨੂੰ ਉਹੀ ਗਲਾਸ ਮਾ ਪਾ ਕੇ ਮੁੜ ਭਾਬੀ ਨੂੰ ਜਾ ਫੜਾਈ। ਨਵੀਂ ਭਾਬੀ ਹੱਕੀ ਬੱਕੀ। ਚਾਹ ਤਾਂ ਉਤਨੀ ਈ ਐ। ਪੁਆਧੀ ਲਾੜਾ ਸਭ ਕੁਝ ਦੇਖ ਰਿਹਾ ਤਾ। ਸਮੱਸਿਆ ਉਲਝਦੀ ਦੇਖ ਉਸ ਨੇ ਆਪਣੀ ਭੈਣ ਨੂੰ ਕਿਹਾ, 'ਸਾਊ ਚਾਹ ਬਹੁਤੀ ਹੈ। ਇਸ ਮਾ ਤੇ ਕੱਢ ਕੇ ਘੱਟ ਕਰਦੇ। ਯੌ ਮਾਲਵੇ ਮਾ ਬਹੁਤੀ ਚੀਜ਼ ਨੂੰ "ਬਾਹਲੀ' ਕਹਾਂਗੇ। ਅੱਗੋਂ ਭੈਣ ਨੇ ਕਿਹਾ, 'ਬਾਈ

ਮੈਂ ਤਾਂ ਸਮਝੀ ਕਿਤੀ ਭਾਬੀ ਨੇ ਕਿਹਾ ਚਾਹ 'ਬਾਲਣੀ' ਹੈ ਮੈਂ ਤਾਂ ਪਤੀਲੀ ਮਾ ਕੇ ਇਸ ਨੂੰ ਦੇ ਦੀਆਂ ਦਸ ਉਬਾਲੀਆਂ।'

ਇਸੀ ਤਰ੍ਹਾਂ ਦੋ ਤਿੰਨ ਦਿਨ ਬਾਅਦ ਜਦ ਨਵੀਂ ਬਹੂ ਤਿਆਰ ਹੋਣ ਲੱਗੀ ਉਸ ਨੇ ਆਪਣੀ ਨਣਦ ਨੂੰ ਕਿਹਾ, "ਭੈਣ ਪਰਲੀ ਸਭਾਤ ਵਿਚੋਂ ਕਰੇਲਾ ਤਾਂ ਲਿਆਈਂ।'

ਭੈਣ ਭਾਬੀ ਦਾ ਕਰਿਆ ਇਸ਼ਾਰਾ ਸਮਝ ਕੇ ਦੂਜੇ ਦਲਾਨ ਵਿਚ ਗਈ। ਉਥੇ ਇਧਰ ਉਧਰ ਦੇਖੇ। ਕਾਫੀ ਚਿਰ ਬਾਅਦ ਕਰੇਲਾ ਟੋਲ੍ਹਦੀ ਰਹੀ। ਉਸ ਨੇ ਆਪਣੀ ਛੋਟੀ ਭਾਬੀ ਜਿਹੜੀ ਪੁਆਧਣ ਤੀ ਉਸ ਨੂੰ ਬਾਤ ਕਹੀ, 'ਏ ਭਾਬੀ ਬੜੀ ਭਾਬੀ ਕਰੇਲਾ ਮੰਗਾ। ਉਹ ਕਾਸ ਨੂੰ ਕਰੇਲਾ ਕਹਾ।' ਛੋਟੀ ਭਾਬੀ ਨੇ ਨਣਦ ਨੂੰ ਪੁੱਛਿਆ, "ਉਹ ਕਿਆ ਕਰ ਰਹੀ ਐ ?"

ਨਣਦ ਨੇ ਜੁਆਬ ਦਿਆ, 'ਸਿਰ ਬਾਹ ਲਿਆ ਤਿਆਰ ਹੋ ਰਹੀ ਐ।'

"ਅੱਛਾ! ਭੈਣ ਐਂ ਕਰ ਤੋਂ ਉਸ ਕਾ ਯੋ ਛੋਟਾ ਟਰੰਕ ਜਾ ਲੈ ਜਾ ਉਸ ਪਾ। ਆਪੇ ਲੈ ਲੂ ਜੋ ਲੈਣਾ ਉਸ ਨੇ। ਮਾਰ੍ਹੀ ਸਮਝ ਮਾ ਨਾ ਆਵਾ ਹਾਲੀ ਉਸ ਕੀ ਹਮਕੋ ਤੁਮਕੋ।' ਛੋਟੀ ਭਾਬੀ ਕਾ ਕਿਹਾ ਮੰਨ ਕੇ ਨਣਦ ਬੜੀ ਭਾਬੀ ਦਾ ਛੋਟਾ ਟਰੰਕ (ਸੂਟਕੇਸ) ਚੱਕ ਕੇ ਲੈ ਗਈ।

"ਲੈ ਭਾਬੀ ਲੇ ਲੈ ਇਸ ਮਾ ਤੇ ਜੋ ਲੈਣਾ। ਮਿਨੂ 'ਨੀ ਮਿਲਿਆ ਕਰੇਲਾ ਕੁਰੇਲਾ।' ਨਣਦ ਨੇ ਸੂਟਕੇਸ ਉਸ ਕੋਲ ਰੱਖ ਆਪ ਵੀ ਮੰਜੇ ਪਰ ਬੈਠ ਗਈ।

ਨਵੀਂ ਭਾਬੀ ਨੇ ਸੂਟਕੇਸ ਖੋਲ੍ਹਿਆ। ਉਸ ਮਾ 'ਤੇ ਸੁਰਮੇਦਾਨੀ ਕੱਢੀ। ਸੂਟਕੇਸ ਬੰਦ ਕਰਿਆ। ਨਾਲ ਕਿਹਾ, ਭੈਣ ਸਾਡੇ ਇਸ ਨੂੰ ਆਖਦੇ ਐਂ ਕਰੇਲਾ।" ਨਣਦ, ਸੱਸ, ਦਰਾਣੀ, ਬੜੀ ਬੇਬੇ (ਦਾਦੀ) ਜਿਹੜੀਆਂ ਉਥੇ ਈ ਬੈਠੀਆਂ ਤੀਆਂ ਸਭ ਹੱਸ ਕੇ ਲੋਟ ਪੋਟ ਹੋ ਗਈਆਂ, 'ਮਾਰ੍ਹੇ ਤਾਂ ਇਸ ਨੂੰ ਸੁਰਮੇਦਾਨੀ ਕਹਾਂ ਬਾਈ। ਜੇ ਤੋਂ ਸੁਰਮਚੂ ਆਲੀ ਵੀ ਕਹਿ ਦੰਦੀ ਤਾਂ ਛੇਤੀ ਟੋਲ ਲੈਣੀ ਤੀ" ਨਣਦ ਨੇ ਜੁਆਬ ਦਿਆ।

ਦਾਦੀ ਅੰਮਾ ਨੇ ਕਿਹਾ, "ਕੁੜੇ ਫੇਰ ਸੁਰਮੇਦਾਨੀ ਲਿਆ ਕਹਾਂ।"

"ਬੇ ਜੀ ਸਾਡੇ ਵੱਲ ਚਾਰ ਲੱਤਾਂ ਵਾਲੀ ਪਿੱਤਲ ਦੀ ਛੋਟੀ ਡੱਬੀ ਜੀ ਹੁੰਦੀ ਐ। ਉਸ ਨੂੰ ਆਂਹਦੇ ਨੇ ਸੁਰਮੇਦਾਨੀ ਨਵੀਂ ਬਹੂ ਦਾ ਜੁਆਬ ਤਾ।

"ਅੱਛਾ ਬਾਈ ਬੋਲੀ ਬੋਲੀ ਮਾ ਫਰਕ ਐ। ਦਾਦੀ ਮਾਂ ਜੋ ਘਾੜ ਕੇ ਇਲਾਕੇ ਕੀ ਤੀ ਉਸ ਨੇ ਜੁਆਬ ਦਿਆ, ਕੋਈ ਨੀ ਪੁੱਤ ਬੋਲੀ ਤਾਂ ਚਾਰ ਕੋਹ ਬਾਅਦ ਬਦਲ

ਜਾਂਦੀ ਐ।' ਮੇਰੀ ਬੋਲੀ ਵੀ ਤੇਰੇ ਬਾਬੇ ਨਾਲ ਨੀ ਮਿਲਦੀ ਤੀ। ਮੈਂ ਵੀ ਪਹਿਲਾਂ-ਪਹਿਲਾਂ ਇਨਕੀ 'ਉਚਰੋ ਕੀ ਮੁਚਰੋਂ ਸਮਝ ਨਹੀਂ ਸਕੇ ਤੀ।'

ਹਾਲੀ ਸੁਰਮੇਦਾਨੀ ਆਲਾ ਮਸਲਾ ਮੁੱਕਿਆ ਈ ਤਾ 'ਮਾਂਜੇ' ਆਲਾ ਮੁਦਾ ਆਣਾ ਖੜ੍ਹਾ ਹੋਇਆ। ਇਸ ਤਰ੍ਹਾਂ ਦੁਪਹਿਰੇ ਕੇ ਬਾਅਦ ਗੋਂ ਮਾ ਤੇ ਲਾਗਣ ਆਈ। ਉਸ ਨੇ ਕਿਹਾ, 'ਏ ਬੜੀ ਲਾਣੇਦਾਰਨੀ। ਫਲਾਣੇ ਕੇ ਛੋਕਰੇ ਕੀ ਜੰਨ ਚੜ੍ਹਨੀ ਐ ਸਵੇਰ ਨੂੰ। ਨਾਲੇ ਥਮੇ ਕੱਪੜੇ ਦੇਖ ਆਇਓ ਨਾਲੇ ਮਾਂਜਾ ਦੇ ਆਇਓ।"

ਦਾਦੀ ਅੰਮਾ ਨੇ ਕਿਹਾ, "ਕੁੜੇ ਕਿਰਪੀ ਚਾਹ ਤਾਂ ਪੀ ਜਾ।"

"ਨਾ ਲਾਣੇਦਾਰਨੀ ਹਾਲੀ ਤਾਂ ਕਈ ਘਰਾਂ ਮਾ ਕਹਿਣਾ। ਫੇਰ ਆਊਂਗੀ ਕਿਦਣੀ ਨਾਲੇ ਚਾਹ ਪਿਊਂਗੀ ਨਾਲੇ ਨਵੀਂ ਬਹੂ ਦੇਖ ਜਾਊਂਗੀ,' ਲਾਗਣ ਤਾਂ ਇਤਨਾ ਕਹਿ ਕੇ ਚਲੀ ਗਈ। ਨਵੀਂ ਬਹੂ ਨੇ ਹੌਲੀ ਦੇ ਕੇ ਆਪਣੀ ਨਣਦ ਨੂੰ ਪੁੱਛਿਆ, 'ਭੈਣ ਇੱਧਰਲੇ ਪਾਸੇ ਜਿਸ ਮਾਂਜੇ ਕਾ ਵਿਆਹ ਹੁੰਦਾ ਉਨ੍ਹਾਂ ਦੇ ਕੱਪੜੇ ਦੇਖਦੇ ਗਏ ਝਾੜੂ ਵੀ ਦੇ ਕੇ ਆਉਂਦੇ ਐਂ।"

"ਨਹੀਂ ਭਾਬੀ, ਨਹੀਂ ਝਾੜੂ ਨੀ ਦੇ ਕੇ ਆਂਦੇ। ਨਾਲੇ ਤਾਂ ਘਰਦਿਆਂ ਦੇ ਕੱਪੜੇ ਦੇਖ ਕੇ ਆਵਾਂ ਨਾਲੇ ਥਾਲ ਦਾਣਿਆਂ ਕਾ ਭਾਰ ਥੋੜ੍ਹੇ ਜੇ ਸ਼ਗਨ ਦੇ ਪੈਸੇ। ਇਸ ਨੂੰ ਮਾਰ੍ਹੇ ਮਾਂਜਾ ਕਹਾਂ।" ਨਣਦ ਨੇ ਜੁਆਬ ਦਿਆ। ਨਾਲੇ ਪੁੱਛਿਆ, 'ਅੱਛਾ ਭਾਬੀ ਐਂ ਦੱਸ ਥਾਰੇ ਮਾਂਜਾ ਕਾਸ ਨੂੰ ਕਹਾਂ।"

"ਸਾਡੇ ਤਾਂ ਪਿੜਾ ਵਿਚ ਕਣਕ 'ਕੱਠੀ ਕਰਨ ਵਾਲੇ ਬੌਹਕਰ ਨੂੰ ਆਂਹਦੇ ਆਂ।' ਭਾਬੀ ਨੇ ਜੁਆਬ ਦਿੱਤਾ ਨਾਲ ਵਿਹੜੇ ਕੇ ਇਕ ਕੋਨੇ ਮਾ ਪਏ ਝਾੜੂ ਵੱਲ ਇਸ਼ਾਰਾ ਕਰ ਕੇ ਕਿਹਾ, 'ਉਹ ਪਿਆ ਐ ਬੌਹਕਰ।"

ਹੌਲੇ-ਹੌਲੇ ਸੱਸ, ਨਣਦ, ਦਾਦੀ ਮਾਂ ਅਤੇ ਦੋਵੇਂ ਨੂੰਹਾਂ ਆਪਸ ਵਿਚ ਬੋਲੀ ਦੀ ਸ਼ਬਦਾਵਲੀ ਦੇ ਅਰਥਾਂ ਨੂੰ ਸਮਝਣ ਲੱਗੀਆਂ। ਹੁਣ ਵੀ ਤੀਹ ਸਾਲਾਂ ਬਾਅਦ ਜਦੋਂ ਦੋਹੇਂ ਸਾਲਾ-ਭਣੋਈਆ ਕਿਧਰੇ ਪਰਿਵਾਰ ਸਮੇਤ ਇਕੱਠੇ ਹੁੰਦੇ ਹਨ ਤਾਂ ਮਜ਼ਾਕ ਸ਼ੁਰੂ। 'ਫੇਰ ਮਾਰ੍ਹਾ ਵਿਚਾਰ ਤਾਂ ਠੰਢਮਾ ਤਾ।"

*(28-02-2010 ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

* * *

# ਹਮੇਂ ਪੁਆਧੀ ਹੋਆਂ

**ਅਰਵਿੰਦਰ ਜੌਹਲ**
ਮੋ. 9855420229

ਪੁਆਧ ਵਿਚ ਮਾਂ ਮੇਰੀ ਸਹੁਰੇ ਅਤੇ ਮੇਰੇ ਪੇਕੇ। ਮਾਂ ਪੜ੍ਹੇ-ਲਿਖੇ ਲੁਧਿਆਣੇ ਜ਼ਿਲ੍ਹੇ ਦੀ ਧੀ ਅਤੇ ਉਤੋਂ ਪੰਜਾਬੀ ਦੀ ਮਾਸਟਰਨੀ। ਬੜਾ ਗਰੂਰ ਸੀ ਉਹਨੂੰ ਆਪਣੇ ਇਲਾਕੇ ਉਤੇ। ਮਾਂ ਕੁੱਟ-ਕੁੱਟ ਕੇ ਮੈਨੂੰ ਟਕਸਾਲੀ ਪੰਜਾਬੀ ਸਿਖਾਉਂਦੀ ਪਰ ਸੀ ਤਾਂ ਆਖ਼ਰ ਮੈਂ ਪੁਆਧੀਆਂ ਦੀ ਧੀ। ਸਾਰਾ ਸਾਲ ਉਹ ਮੇਰੀ ਭਾਸ਼ਾ ਸੰਵਾਰਦੀ ਰਹਿੰਦੀ ਪਰ ਛੁੱਟੀਆਂ 'ਚ ਉਹ ਮੈਨੂੰ ਪਿੰਡ ਕੀ ਲਿਜਾਂਦੀ ਕਿ ਮਹੀਨੇ ਵਿੱਚ ਵਿਚ ਮੈਂ ਉਹਦੀ ਸਾਰੀ ਮਿਹਨਤ ਪਿੰਡ ਦੇ ਛੱਪੜ 'ਚ ਹੜ੍ਹਾ ਦਿੰਦੀ। ਮਾਸਟਰਨੀ ਦੀ ਧੀ ਪਿੰਡੋਂ ਮੁੜਨ ਵੇਲੇ ਫਰ-ਫਰ ਪੁਆਧੀ ਬੋਲਦੀ।

ਪੜ੍ਹਾਈ ਦੇ ਮਾਮਲੇ 'ਚ ਮਾਂ ਕਦੇ ਕੋਈ ਲਿਹਾਜ਼ ਨਹੀਂ ਸੀ ਕਰਦੀ। ਸਕੂਲ ਵਿੱਚ ਜੁਆਕਾਂ ਦੇ ਕੀਤੇ ਜਾਣ ਵਾਲੇ ਝਿੜਕੇ ਤੇ ਛਿੱਤਰ ਪਰੇਡ ਦਾ ਅਭਿਆਸ ਛੁੱਟੀਆਂ ਵਿਚ ਮੇਰੇ ਉੱਤੇ ਜਾਰੀ ਰਹਿੰਦਾ। ਤੜਕੇ ਹੀ ਮੈਨੂੰ ਮੱਖਣ ਨਾਲ ਪਰੌਂਠੇ ਛਕਾ ਕੇ ਵਿਹੜੇ 'ਚ ਜਾਮਣ ਦੇ ਦਰੱਖਤ ਹੇਠਾਂ ਮੰਜੀ ਡਾ ਕੇ ਪੜ੍ਹਨ ਲਈ ਬਿਠਾ ਦਿੰਦੀ। ਬਾਹਰ ਮੇਰੀਆਂ ਸਖੀਆਂ ਦੀ ਟੋਲੀ ਦੁੜੰਗੇ ਮਾਰਦੀ ਫਿਰਦੀ। ਮੈਂ ਦੂਰੋਂ ਹੀ ਹਸਰਤ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਨੂੰ ਦੇਖਦੀ। ਉਹ ਮਾਂ ਦੀ ਨਜ਼ਰ ਬਚਾ ਕੇ ਮੈਨੂੰ ਬਾਹਰ ਆਉਣ ਦੇ ਇਸ਼ਾਰੇ ਕਰਦੀਆਂ ਪਰ ਮੇਰੀ ਕੋਈ ਪੇਸ਼ ਨਾ ਜਾਂਦੀ। ਇਕ ਦਿਨ ਮਾਂ ਮੇਰੇ ਕੋਲੋਂ ਉਠ ਕੇ ਅੰਦਰ ਚਲੀ ਗਈ ਤੇ ਮੌਕੇ ਦਾ ਫਾਇਦਾ ਉਠਾ ਕੇ ਉਹ ਸਾਰੀਆਂ ਮੇਰੇ ਕੋਲ ਆ ਗਈਆਂ। ਇਕ ਬੋਲੀ, "ਇਹ ਆਜਾ... ਖੇਲਾਂ ਮਾਰ੍ਹੇ ਗੈਲ" ਮੇਰਾ ਜਵਾਬ ਸੀ, "ਇਬੀ ਨਾ ਆ ਸਕਾਂ, ਇਬੀ ਤਾਂ ਮੇਰਾ ਕੰਮ ਪੜ੍ਹਿਆ ਕਰਨੇ ਆਲਾ।" ਉਹ ਅੰਦਰ ਜਾ ਚੁੱਕੀ ਮਾਂ ਵੱਲ ਵੀ ਚੌਕਸੀ ਰੱਖ ਰਹੀਆਂ ਸਨ। ਉਨ੍ਹਾਂ 'ਚੋਂ ਇਕ ਨੇ ਮੇਰੇ ਵੱਲ ਹਮਦਰਦੀ ਭਰੀਆਂ ਨਜ਼ਰਾਂ ਨਾਲ ਦੇਖਦਿਆਂ ਕਿਹਾ, "ਤੌਂ ਆਪਣੀ ਬੀਬੀ ਕੇ ਸਕੂਲ ਮਾ ਹੀ ਪੜ੍ਹਾਂ ?" ਮੈਂ ਜਵਾਬ ਦਿੱਤਾ "ਨਹੀਂ.. ਹੋਰ ਸਕੂਲ ਮਾ ਪੜ੍ਹਾਂ।" ਇਹ ਸੁਣ ਕੇ ਉਸ ਨੇ ਸੁੱਖ ਦਾ ਸਾਹ ਲੈਂਦਿਆਂ ਕਿਹਾ, "ਚਲ ਯੌ ਤੇ ਠੀਕ ਐ।" ਅਚਾਨਕ ਉਨ੍ਹਾਂ ਚੋਂ ਇਕ ਦੀ ਨਜ਼ਰ ਕੁਝ ਦੂਰ ਪਏ ਆਚਾਰ ਵਾਲੇ ਭਾਂਡੇ 'ਤੇ ਪਈ। ਉਸਨੇ ਨੇੜੇ

ਜਾ ਕੇ ਮਰਤਬਾਨ ਵਿੱਚ ਮੂੰਹ ਪਾ ਕੇ ਆਚਾਰ ਦਾ ਮੁਆਇਨਾ ਕਰਦਿਆਂ ਕਿਹਾ, "ਇਹ ਥਾਰ੍ਹੇ ਆਚਾਰ ਨੂੰ ਕਿਆ ਹੋਇਆ" ਮੈਂ ਜਵਾਬ ਦਿੱਤਾ, "ਲਗਾ ਯੌ ਖਰਾਬ ਹੋ ਗਿਆ।" ਏਨੇ 'ਚ ਅੰਦਰੋਂ ਮਾਂ ਬਾਹਰ ਵੱਲ ਨੂੰ ਤੁਰ ਪਈ ਸੀ। ਉਸਨੂੰ ਮੇਰੇ ਵੱਲੋਂ ਬੋਲੇ ਗਏ ਫਿਰਕੇ ਸੁਣਾਈ ਦੇ ਰਹੇ ਸਨ। ਮਾਂ ਨੂੰ ਨੇੜੇ ਆਉਂਦਿਆਂ ਦੇਖ ਕੇ, ਮੈਂ ਸਖੀਆਂ ਨੂੰ ਫੌਰੀ ਉਥੋਂ ਪੱਤਰਾ ਵਾਚਣ ਦਾ ਇਸ਼ਾਰਾ ਕਰਦਿਆਂ ਹੌਲੀ ਜਿਹੀ ਕਿਹਾ, "ਥਮ੍ਹੇਂ ਚਲੋ ਮੈਂ ਆਮਾਂ ਕੰਮ ਕਰ ਕੇ।" ਮਾਂ ਦੇ ਚੇਹਰੇ ਨੂੰ ਦੇਖ ਕੇ ਲੱਗਦਾ ਸੀ ਕਿ ਮੇਰੀ ਫਰਾਟੇਦਾਰ ਨੁਕਸ-ਰਹਿਤ ਪੁਆਧੀ ਸੁਣ ਕੇ ਉਹ ਹੈਰਾਨ ਪ੍ਰੇਸ਼ਾਨ ਹੋਈ ਪਈ ਸੀ। ਉਸ ਦੇ ਚਿਹਰੇ ਤੇ ਇਕ ਰੰਗ ਆ ਰਿਹਾ ਸੀ ਤੇ ਇਕ ਜਾ ਰਿਹਾ ਸੀ। ਮੇਰੇ 'ਤੇ ਆਪਣੀ ਖਿਝ ਉਤਾਰਦਿਆਂ ਉਸ ਨੇ ਕਿਹਾ, "ਠੀਕ ਤਰ੍ਹਾਂ ਨਹੀਂ ਬੋਲ ਹੁੰਦਾ ਤੇਰੇ ਕੋਲੋਂ"। ਮੈਂ ਕਿਹਾ "ਠੀਕ ਤਾਂ ਬੋਲਾਂ।" ਮੇਰੇ ਜਵਾਬ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਮਾਂ ਇਕ ਵਾਰੀ ਤਾਂ ਮੇਰੇ ਚਪੇੜ ਮਾਰਨ ਨੂੰ ਅਹੁਲੀ ਪਰ ਉਸ ਨੇ ਇਸ ਗੱਲ ਦਾ ਅਹਿਸਾਸ ਵੀ ਸੀ ਕਿ ਉਹ ਆਪਣੇ ਸਹੁਰੇ ਘਰ 'ਚ ਹੈ। ਇਸ ਲਈ ਉਸ ਨੇ ਕੌੜਾ ਘੁੱਟ ਭਰਦਿਆਂ ਮੈਨੂੰ ਚਪੇੜ ਮਾਰਨ ਦੀ ਥਾਂ ਝੰਜੋੜਨ ਨਾਲ ਹੀ ਕੰਮ ਚਲਾਉਂਦਿਆਂ ਕਿਹਾ, 'ਠੀਕ ਬੋਲਾਂ ਦੀ ਲਗਦੀ, ਚੱਲ ਮੁੜ ਕੇ ਪਿੰਡੋਂ ਤੈਨੂੰ ਬੁਲਾਉਂਦੀ ਆਂ ਚੰਗੀ ਤਰ੍ਹਾਂ ਮੈਂ।" ਉਸ ਝੰਜੋੜ ਨੇ ਮੈਨੂੰ ਸਿਰ ਤੋਂ ਪੈਰਾਂ ਤੀਕ ਹਿਲਾ ਦਿੱਤਾ। ਮੌਕੇ ਦੀ ਨਜ਼ਾਕਤ ਨੂੰ ਦੇਖ ਮੈਂ ਮਾਂ ਨਾਲ ਵਾਅਦਾ ਕੀਤਾ ਕਿ ਅੱਗੋਂ ਨੂੰ ਮੈਂ 'ਏਦਾਂ' ਨਹੀ ਬੋਲਾਂਗੀ। ਮਸਾਂ ਬੰਦ-ਖਲਾਸੀ ਕਰਵਾ ਕੇ ਮੈਂ ਆਪਣੀਆਂ ਸਹੇਲੀਆਂ ਨਾਲ ਖੇਡਣ ਲਈ ਦੌੜੀ। ਮੇਰੇ ਵਾਅਦੇ ਨੇ ਮਾਂ ਦੇ ਮੂੰਹ 'ਤੇ ਇਸ ਗੱਲ ਦਾ ਸਕੂਨ ਲੈ ਆਂਦਾ ਸੀ ਕਿ ਉਸ ਨੇ ਆਪਣੀ ਧੀ ਨੂੰ 'ਸਹੀ' ਰਾਹੇ ਤੁਰਨ ਲਈ ਪ੍ਰੇਰ ਲਿਆ ਹੈ।

ਮਾਂ ਵਿਚਾਰੀ ਦਾ ਸੰਤਾਪ ਕਿਤੇ ਏਥੇ ਹੀ ਥੋੜ੍ਹਾ ਮੁੱਕਿਆ। ਛੁੱਟੀਆਂ ਮੁੱਕਣ 'ਤੇ ਸ਼ਹਿਰ ਆ ਕੇ ਵੀ ਪੁਆਧੀ ਭਾਸ਼ਾ ਸਹਿਜ ਹੀ ਮੇਰੇ ਬੋਲ-ਚਾਲ 'ਤੇ ਹਾਵੀ ਹੋ ਜਾਂਦੀ। ਪਿੰਡੋਂ ਮੁੜਨ ਵਾਲੀ ਇਸ ਕੁੜੀ ਨੂੰ ਸੁਣ ਕੇ ਇਹ ਕਹਿਣਾ ਔਖਾ ਸੀ ਕਿ ਮਹੀਨਾਂ ਪਹਿਲਾਂ ਇਹ ਇਥੋਂ ਹੀ ਗਈ ਸੀ। ਇਕ ਦਿਨ ਦੁਪਹਿਰ ਵੇਲੇ ਸਕੂਲੋਂ ਮਾਂ ਦੇ ਨਾਲ ਉਸ ਦੀ ਇਕ ਸਹੇਲੀ ਵੀ ਘਰ ਆ ਗਈ। ਦੋਹਾਂ ਨੇ ਘਰ ਰੋਟੀ ਖਾ ਕੇ ਅੱਗੋਂ ਕਿਤੇ ਜਾਣਾ ਸੀ। ਸਕੂਲੋਂ ਮੁੜਦਿਆਂ ਹੀ ਮਾਂ ਦੀ ਸਹੇਲੀ ਨੂੰ 'ਸਤਿ ਸ੍ਰੀ ਅਕਾਲ' ਬੁਲਾਉਣ ਮਗਰੋਂ ਮੇਰਾ ਮਾਂ ਨੂੰ ਸੁਆਲ ਸੀ, 'ਅੱਜ ਕਿਆ ਬਣਾਇਆ ਖਾਣੇ ਮਾ ?" ਮਾਂ ਆਪਣੀ ਸਹੇਲੀ ਕਰ ਕੇ ਮੇਰਾ ਇਹ ਫਿਕਰਾ ਚੁੱਪ-

ਚਾਪ ਜਰ ਗਈ ਤੇ ਹੌਲੀ ਜਿਹੇ ਬੋਲੀ, "ਆਲੂ ਬੈਂਗਣ।" "ਮੈਂ ਨਾ ਖਾਣੇ ਕੀ ਯੌ ਸਬਜ਼ੀ, ਮਨੂੰ ਅੱਛੀ ਨਾ ਲਗਾ", ਮੇਰਾ ਇਹ ਜਵਾਬ ਸੁਣ ਕੇ ਮਾਂ ਦੇ ਸਿਰ ਉੱਤੇ ਤਾਂ ਸੌ ਘੜੇ ਪਾਣੀ ਦੇ ਪੈ ਗਏ। ਉਸ ਦੇ ਸਕੂਲ ਦੀ ਅੰਤਾਂ ਦੀ ਨਫੀਸ ਤੇ ਖ਼ੁਸ਼ਬੂਆਂ ਨਾਲ ਲੱਦੀ ਮੈਡਮ ਦੇ ਸਾਹਮਣੇ ਮੈਂ ਉਸ ਦਾ ਨੱਕ ਕਟਵਾ ਦਿੱਤਾ ਸੀ। ਜਿੱਚ ਹੋਈ ਉਹ ਕਦੇ ਆਪਣੀ ਸਹੇਲੀ ਵੱਲ ਵੇਖਦੀ ਅਤੇ ਕਦੇ ਮੇਰੇ ਵੱਲ। ਅੰਤਾਂ ਦੀ ਖਿਝੀ ਉਹ ਮੈਨੂੰ ਬੋਲੀ, "ਮੈਂ ਅੱਗੋਂ ਤੋਂ ਛੁੱਟੀਆਂ 'ਚ ਤੈਨੂੰ ਪਿੰਡ ਲਿਜਾਣਾ ਹੀ ਨਹੀਂ। ਉਥੇ ਚਾਰ ਦਿਨ ਕੀ ਰਹਿ ਆਉਂਦੀ ਹੈ, ਆ ਕੇ ਬੋਲਣ ਲੱਗ ਜਾਂਦੀ ਹੈ 'ਕੀਕਨਿਆਂ ਵਾਂਗੂ।" ਮਾਂ ਦਾ ਇਹ ਕੀਕਨਿਆਂ ਵਾਲਾ ਮੇਹਣਾ ਹਮੇਸ਼ਾ ਮੇਰੇ ਦਿਲ ਵਿੱਚ ਹੀ ਰਿਹਾ। ਜਦੋਂ ਵੀ ਕਦੇ ਪੁਆਧੀਆਂ ਦੀ ਗੱਲ ਤੁਰਦੀ, ਮੇਰੇ ਜ਼ਿਹਨ 'ਚ 'ਕੀਕਨੇ' ਲਫ਼ਜ਼ ਗੂੰਜਣ ਲੱਗ ਜਾਂਦਾ। ਮਾਂ ਦੇ ਇਸ ਸ਼ਬਦ 'ਚ ਉਸ ਦੇ ਇਲਾਕੇ ਦਾ ਗਰੂਰ ਤੇ ਪੁਆਧੀਆਂ ਨੂੰ ਛੁਟਿਆ ਕੇ ਦੇਖਣ ਦੀ ਭਾਵਨਾ ਸੀ। ਠੀਕ ਹੈ ਮਾਂ ਦੇ ਤਾਂ ਸਹੁਰੇ ਸਨ ਪੁਆਧ 'ਚ, ਉਹ ਤਾਂ ਅਜਿਹਾ ਆਖ ਸਕਦੀ ਸੀ ਪਰ ਮੈਂ ਤਾਂ ਪੁਆਧੀਆਂ ਦੀ ਧੀ ਸੀ। ਮਾਂ ਪੁਆਧੀ ਨੂੰ ਲੈ ਕੇ ਮੇਰੀ ਅਜਿਹੀ ਝਾੜ-ਝੰਬ ਹਮੇਸ਼ਾਂ ਮੇਰੇ ਪਿਓ ਦੀ ਗ਼ੈਰ-ਹਾਜ਼ਰੀ ਵਿੱਚ ਹੀ ਕਰਦੀ। ਮੈਨੂੰ 'ਕੀਕਨੇ' ਦਾ ਮੇਹਣਾ ਜਰਨਾ ਔਖਾ ਲੱਗਦਾ। ਮੈਨੂੰ ਵੀ ਆਪਣੇ ਪੁਆਧ 'ਤੇ ਮਾਣ ਹੁੰਦਾ। ਜੀਅ ਤਾਂ ਕਰਦਾ ਕਿ ਮਲਵੈਣ ਮਾਂ ਨੂੰ ਜਵਾਬ ਦਿਆਂ, 'ਹਮੇਂ ਕੀਕਨੇ ਨ੍ਹੀਂ ਪੁਆਧੀ ਹੋਆਂ।" ਪਰ ਉਸਨੂੰ ਉਮਰ ਭਰ ਇਹ ਗੱਲ ਕਹਿ ਨਾ ਸਕੀ ਕਿਉਂਕਿ ਮਾਂ ਤਾਂ ਆਖ਼ਰ ਮਾਂ ਸੀ।

ਪਤਾ ਨਹੀਂ ਕਿਉਂ, ਵਿਦਵਾਨ ਜਦੋਂ ਵੀ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਅਤੇ ਪਛਾਣ ਦੀ ਗੱਲ ਕਰਦੇ ਨੇ ਤਾਂ ਹਮੇਸ਼ਾ ਹੀ ਮਾਂ-ਬੋਲੀ ਦੀ ਹਾਲ ਦੁਹਾਈ ਪਾਉਂਦੇ ਰਹਿੰਦੇ ਨੇ। ਵਿਦਵਾਨਾਂ ਦੀਆਂ ਗੱਲਾਂ ਵਿਦਵਾਨ ਜਾਨਣ, ਪਰ ਮੇਰੇ ਮਨ ਵਿੱਚ ਤਾਂ ਆਪਣੀ 'ਮਾਂ ਦੀ ਬੋਲੀ' ਨਾਲ ਹਮੇਸ਼ਾਂ ਹੀ ਸ਼ਰੀਕਾ ਰਿਹਾ ਜਿਸ ਸਾਹਮਣੇ ਸਾਨੂੰ ਹਮੇਸ਼ਾਂ ਹੀ 'ਕੀਕਨੇ' ਸਾਬਤ ਕਰ ਦਿੱਤਾ ਜਾਂਦਾ। ਮੇਰੀ ਪਛਾਣ ਤਾਂ ਮੇਰੀ 'ਮਾਂ-ਬੋਲੀ' ਨਹੀਂ ਸਗੋਂ ਮੇਰੀ 'ਪਿਓ-ਬੋਲੀ' ਪੁਆਧੀ ਹੈ ਜਿਸ ਉੱਤੇ ਮੈਨੂੰ ਬੜਾ ਗ਼ਰੂਰ ਹੈ।

*(28-02-2010 ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

* * *

# ਕੁੜਤਾ ਨੌਂ ਮਹੀਨੇ ਮਾ ਬਣਿਆ

-ਗਿ. ਰਾਮ ਸਿੰਘ ਨੰਡਿਆਲੀ
ਮੋ. 9463890304

ਮੇਰੇ ਪਿੰਡ ਮਾ ਇਕ ਦਰਜੀ ਐ, ਨੌਂ ਉਸ ਕਾ ਬਲਦੇਵ ਸਿੰਘ ਐ। ਅਰ ਲੋਕ ਉਸ ਨੂੰ ਭੂਰਾ ਕਹਾਂ। ਦੇਖਣੇ ਮਾ ਬੜੀ ਵਧੀਆ ਸਭੌਅ ਬਹੁਤ ਚੰਗਾ। ਔਹ ਬਹੁ ਹਸਮੁਖ ਐ। ਜੋ ਮਰਜ਼ੀ ਕਹਿ ਲਿਉ ਗੁੱਸਾ ਨੀ ਕਰਦਾ। ਸਿਲਾਈ ਕਾ ਕੰਮ ਬਹੁਤ ਸੋਹਣਾ ਕਰਾ। ਕੱਪੜੇ ਮਾ ਜਾਨ ਪਾ ਦੇ ਐ। ਉਸ ਨੂੰ ਇਕ ਬਮਾਰੀ ਐ ਕੱਪੜੇ ਵਕਤ ਸਿਰ ਨੀ ਦਿੰਦਾ। ਜਿਹੜਾ ਬੁੜਾ-ਠੇਰਾ ਕੱਪੜੇ ਸਿਉਣੇ ਦੇ ਦੇ ਐ, ਉਸ ਕੇ ਫੁੱਲ ਬੀ ਚੁਗੇ ਜਾਹਾਂ ਪਰ ਕੱਪੜੇ ਨੀ ਮਿਲਦੇ। ਮੇਰੇ ਛੋਟੇ ਭਾਈ ਨੇ ਦੋ ਸੂਟ ਸਿਉਣੇ ਦਏ। ਔਹ ਬਮਾਰ ਰਹੇ ਤਾ। ਜਦ ਔਹ ਮਰ ਗਿਆ। ਦਰਜੀ ਮੇਰੇ ਤੇ ਪਿੱਛੈ ਇਕ ਸੂਟ ਦੇ ਗਿਆ।

ਦੂਸਰਾ ਸੂਟ ਬਹੁ ਦਿਨ ਪਿੱਛੇ ਬਿਨਾ ਸਿਊਂਏ ਦੇ ਗਿਆ। ਮੇਰੇ ਦੂਏ ਭਾਈ ਨੈ ਕੱਪੜੇ ਸਿਉਣੇ ਦਏ ਤੇ। ਮੇਰਾ ਖਿਆਲ ਐ ਦੋ ਸਾਲ ਹੋ ਗੇ ਇਬ ਤੱਕ ਨੀ ਮਿਲੇ। ਪਿਛਲੇ ਸਾਲ ਮੈਂ ਉਸ ਨੂੰ ਕੁੜਤਾ ਸਿਉਣਾ ਦੇ ਦਿਆ। ਉਸ ਨੈ ਬਹੁ ਦਿਨ ਸਿਊਂ ਕੇ ਨੀ ਦਿਆ। ਜਦ ਮੈਂ ਜਾਣਾ ਕਹੈ ਤਾ ਕੱਲ੍ਹ ਨੂੰ ਲੈਜੀਂ। ਮੈਂ ਬਹੁਤ ਅੱਕ ਗਿਆ। ਮੈਂ ਕਿਹਾ ਲੈ ਬਈ ਅੱਜ ਤੇ ਤਨੂੰ ਨੀ ਪੁੱਛਦਾ। ਕੁੜਤਾ ਦੇਣਾ ਦੇ ਦੇ ਨਹੀਂ ਤੇਰੀ ਮਰਜ਼ੀ ਐ। ਫੇਰ ਔਹ ਮੇਰਾ ਕੁੜਤਾ ਸਿਉਂ ਕੇ ਨੌਂ ਮਹੀਨੇ ਬਾਅਦ ਘਰਾਂ ਦੇ ਗਿਆ।

## ਨੰਦ ਦਰਜੀ

ਹਮੇ ਨੰਦ ਦਰਜੀ ਨੂੰ ਭੂਰੇ ਦਰਜੀ ਕਾ ਬਾਪ ਕਹੈਂ ਤੇ। ਔਹ ਉਸ ਤੇ ਬੀ ਟਪਿਆ ਬਾ ਤਾ। ਉਸ ਮਾ ਇਕ ਸਿਫ਼ਤ ਤੀ, ਔਹ ਕੱਪੜੇ ਮੌਸਮ ਤੇ ਉਲਟ ਦਹੇ ਤਾ। ਜੇ ਸਰਦੀਆਂ ਮਾ ਪਾਣੇ ਆਲੇ ਕੱਪੜੇ ਸਿਉਣੇ ਦਏ ਤਾਂ ਔਹ ਅਗਲੀ ਗਰਮੀਆਂ ਮਾ ਈ ਮਿਲੇਂ ਤੇ । ਜੇ ਗਰਮੀਆਂ ਮਾ ਸਿਉਣੇ ਦਏ ਤਾਂ ਉਹ ਸਰਦੀਆਂ ਮਾ ਦਹੈ ਤਾ। ਉਸ ਕੀ ਜੋ ਪੱਕੀ ਆਦਤ ਤੀ। ਲੋਕ ਫੇਰ ਕੱਪੜੇ ਉਲਟ ਦੇਣ ਲਗ ਗੇ। ਸਰਦੀਆਂ ਮਾ ਪਾਣੇ ਆਲੇ ਗਰਮੀਆਂ ਮਾ ਅਰ ਗਰਮੀਆਂ ਮਾ ਪਾਣੇ ਆਲੇ ਸਰਦੀਆਂ। ਇਬ ਤੋ ਔਹ ਧਰਮ ਰਾਜ ਕੀ ਕਚੈਹਰੀ ਮਾ ਸੁਰਗਾਂ ਅਰ ਨਰਕਾਂ ਆਲਿਆਂ ਕੈ ਕੱਪੜੇ ਸਿਉਂ ਰਿਆ।

# ਮਾਰ੍ਹੇ ਪਿੰਡ ਕਾ ਫ਼ੱਕਰ ਬੰਦਾ

**ਉੱਤਮਵੀਰ ਸਿੰਘ ਦਾਊਂ**

ਮਾਰ੍ਹੇ ਪਿੰਡ ਦਾਊਂ ਮਾ ਜ਼ਿਮੀਦਾਰਾਂ ਕੇ ਘਰਾਂ ਮਾ ਤੇ ਬਾਬੇ ਚੰਨਣ ਸਿਓਂ ਕੇ ਕੋੜਮੇ ਮਾ ਤੇ ਛੜਾ ਤਾਇਆ ਸੂਰਪ ਸਿਓਂ ਦੋ ਜਮਾਤਾਂ ਈ ਪੜ੍ਹਿਆ ਬਾ ਤਾ। ਮਾਰ੍ਹੇ ਦਾਦੇ ਮਾਸਟਰ ਸਰੂਪ ਸਿਓਂ ਲੰਬੜਦਾਰ ਕੇ ਨਾਮ ਪਰ ਊ ਕਾ ਨਾਓਂ ਹੋਣੇ ਕੀ ਬਜ੍ਹਾ ਤੇ ਪਿੰਡ ਆਲੇ ਊ ਨੂੰ ਬੀ 'ਮਾਸਟਰ' ਈ ਕਹੈਂ ਤੇ। ਉਹ ਘਰ ਕੀ ਖੇਤੀ ਮਾ ਬੀ ਹੱਥ ਬਟਾਵੈ ਤਾ। ਅਰ ਡੰਗਰ ਬੀ ਚਾਰੈ ਕਰੇ ਤਾ। ਸੂਰਜ ਚੜ੍ਹਨ ਸਾਰ ਡੰਗਰਾਂ ਕੇ ਵੱਗ ਨੂੰ ਹੱਕ ਲਿਹਾ ਤਾ। ਅਰ ਟੋਭੇ ਆਲੀ ਗੋਹਰ ਕੇ ਛਿਪਦੇ ਪਾਸੇ ਪਵਾ ਢੱਕੀ ਮਾ ਚਾਰਨ ਲੈ ਜਹਾ ਤਾ। ਊ ਕਾ ਮੈਸਾਂ ਗੈਲ ਮੋਹ ਐਨਾ ਤਾ, ਬਈ ਕਦੀ ਊ ਨੇ ਹੱਥ ਮਾ ਫੜੀ ਸੋਟੀ ਮੈਸਾਂ ਕੇ ਨੀ ਤੀ ਮਾਰੀ। ਮੈਸਾਂ ਨੂੰ ਆਪਣੇ ਬੋਲਾਂ ਕੀ ਗੈਲ ਈ ਕਾਬੂ ਕਰ ਲਿਹਾ ਕਰੈ ਤਾ। ਊ ਨੇ ਦੁਪਹਿਰ ਕੀ ਰੋਟੀ ਮੋਢੇ ਧਰੇ ਪਰਨੇ ਮਾ ਬੰਨ੍ਹ ਕੇ ਲੈ ਜਾਣੀ। ਤੀਏ ਪਹਿਰ੍ਹ ਡੰਗਰ ਘਰਾਂ ਮੋੜ ਲਿਆਣੇ। ਹਮੈ ਊ ਕੇ ਪੈਰਾਂ ਮਾ ਕਦੀ ਜੁੱਤੀ ਪਾਈ ਨੀ ਤੀ ਦੇਖੀ। ਖੱਦਰ ਕਾ ਕੁੜਤਾ ਪਜਾਮਾ ਈ ਊ ਕਾ ਬਾਣਾ ਤਾ, ਚਾਹੇ ਸਰਦੀ ਹੋਆ। ਚਾਹੇ ਗਰਮੀ। ਊਂ ਠੰਢ ਕੇ ਦਿਨਾਂ ਮਾ ਖੇਸ ਕੀ ਬੁੱਕਲ ਮਾਰ ਲਿਹਾ ਤਾ। ਊ ਕਾ ਕੱਦ ਦਰਮਿਆਨਾ ਤਾ। ਊਂ ਸਰੀਰ ਕਾ ਨਰੋਆ ਤਾ। ਟੱਬਰ ਮਾ ਤੇ ਆਪਣੇ ਬੜੇ ਪੋਤੇ ਦਲਬਾਗ ਕੀ ਗੈਲ ਊ ਕਾ ਖਾਸਾ ਲਗਾਓ ਤਾ। ਜਦ ਕਦੀ ਸਰੀਕੇ ਮਾ ਕਿਸੀ ਕਾ ਬਿਆਹ ਹੋਐ ਤਾ, ਉਹ ਜੋਟਿਆਂ ਕੇ ਹਿਸਾਬ ਮਾ ਲੱਡੂਆਂ ਕੇ ਗੈਲ ਜਲੇਬੀਆਂ ਖਾ ਜਹਾ ਤਾ। ਮੇਰੇ ਬਰਗੇ ਬਰਤਾਵੇ ਨੇ ਕਈ ਬਾਰ ਕਹਿਣਾ, "ਤਾਏ ਹੋਰ ਰੱਖ ਦਿਹਾਂ।" ਊ ਨੇ ਹੱਥ ਕਾ ਇਸ਼ਾਰਾ ਤਲੈ (ਥੱਲ੍ਹੇ) ਪਏ ਥਾਲ ਕੀ ਓਰ ਕਰ ਦੇਣਾ। ਕਈ ਬਾਰ ਊ ਕੇ ਲੰਗੋਟੀਏ ਯਾਰਾਂ ਨੇ ਮਸ਼ਕਰੀ ਕਰਨੀ, "ਸਰੂਪ ਇਬ ਬੱਸ ਬੀ ਕਰ ਜਹਾ।" ਊ ਨੇ ਤਪਾਕ ਜੁਆਬ ਦੇਣਾ, "ਪਚ ਜਹੈਂਗੇ, ਇਸ ਮਾ ਕਿਆ ਬੜੀ ਬਾਤ ਆ।" ਊ ਕਾ ਆਣ ਜਾਣ ਦੈਰੇ ਮਾ ਈ ਤਾ। ਘਰਾਂ ਤੇ ਖੇਤ ਅਰ ਪਿੰਡ ਕੀ ਢੱਕੀ ਤੀਕਰ ਈ ਊ ਕੀ ਦੁਨੀਆਂ ਤੀ। ਉਹ ਪਿੰਡ ਕੇ ਬਾਹਰ ਦੋ ਬਾਰ ਈ ਗਿਆ, ਇਕ ਬਾਰ ਆਪਣੇ ਭਾਣਜੇ ਕੇ ਬਿਆਹ ਮਾ। ਦੂਈ ਬਾਰ ਅੱਖਾਂ ਕੇ ਪਰੇਸਨ ਕੀ ਖ਼ਾਤਰ ਖੈੜ (ਖਰੜ)।

ਊਂ ਖੈੜ ਆਲੀ ਮੇਨ ਸੜਕ ਪਰ ਜਾਣੇ ਤੇ ਉਹ ਬੜਾ ਡਰੈ ਤਾ। ਕਹੇ ਤਾ, "ਮੋਟਰ ਦੈੜ ਦੂਗੀ।" ਉਹ ਆਪੇ ਮਾ ਈ ਮਸਤ ਰਿਹੈ ਕਰੈ ਤਾ, ਜਮੀ ਫ਼ੱਕਰ ਬੰਦਿਆਂ ਕੀ ਤਰ੍ਹਾਂ। ਪਿੰਡ ਕੀ ਕਿਸੀ ਲਾਗ-ਡਾਟ ਮਾ ਤੌਂ ਊ ਨੇ ਕਿਆ ਔਣਾ ਤਾ। ਘਰ ਕੇ ਸਾਰੇ ਜੀਅ ਊ ਕਾ ਪੂਰਾ ਆਦਰ ਮਾਣ ਕਰੈਂ ਤੇ। ਗੌਣ ਸੁਣਨੇ ਕਾ ਬੜਾ ਸ਼ੌਂਕੀ ਤਾ। ਪਿੰਡ ਮਾ ਹਰ ਐਤਵਾਰ ਅਰ ਸੰਗਰਾਂਦ ਨੂੰ ਮੇਲਾ ਭਰਨੇ ਕੀ ਬਜ੍ਹਾ ਤੇ ਗਵੰਤਰੀ ਆਬੈ ਕਰੈਂ ਤੇ। ਇਬ ਬੀ ਆਮੈ। ਊਂ ਉਨ ਕਾ ਔਣ ਜਾਣ ਇਬ ਕੁਸ ਘਟ ਗਿਐ। ਮੇਲੇ ਆਲੇ ਦਿਨ ਉਹ ਆਪਣੇ ਗਭਲੇ ਭਤੀਜੇ ਮੇਵੇ ਨੂੰ ਡੰਗਰ ਚਾਰਨ ਖਾਤਰ ਭੇਜ ਦਿਹਾ ਕਰੇ ਤਾ। ਅਰ ਆਪ ਧਰਮਸਾਲਾ ਕੇ ਮੂਹਰੇ ਪਵਾ ਚੌਂਤਰੇ ਪਰ ਲੱਗੇ ਖਾੜੇ ਮਾ ਬੈਠ ਕੇ ਗੌਣ ਸੁਣੇ ਕਰੈ ਤਾ। ਇਸੀ ਕੀ ਬਜ੍ਹਾ ਤੇ ਬਹੁਤੇ ਕਿੱਸੇ-ਕਥਾਵਾਂ ਊ ਨੂੰ ਮੂੰਹ ਜਬਾਨੀ ਯਾਦ ਹੋ 'ਗੀਆਂ ਤੀਆਂ। ਕਈ ਬਾਰ ਉਹ ਆਪੇ ਜੋੜੀਆਂ ਤੁਕਾਂ ਨੂੰ ਮਸਤੀ ਮਾ ਗਾਬੈ ਕਰੈ ਤਾ।

> ਕਰ ਖੋਟ ਨਾ ਜਿੰਦੜੀ ਗੁਆ, ਯੌਹ ਤੇਰਾ ਨੀ ਧਰਮ ਬੰਦਿਆ।
> ਤੇਰੇ ਮਗਰ ਮਗਰ ਈ ਐ ਜਾਣਾ, ਤੇਰਾ ਯੌਹ ਕਰਮ ਬੰਦਿਆ।

ਊ ਕੇ ਦੋ ਪੱਕੇ ਟਿਕਾਣੇ ਤੇ। ਇਕ ਪਿੰਡ ਕੀ ਖੇੜੇ ਆਲੀ ਜਗ੍ਹਾ, ਦੂਈ ਮਾਰ੍ਹੇ ਮਹੱਲੇ ਕਾ ਬੜੇ ਦਰਵਾਜੇ ਆਲਾ ਚੌਂਤਰਾ । ਹੁਮੇ ਬਹੁਤੀ ਵਾਰ ਊ ਨੂੰ ਮਾਰ੍ਹੇ ਬੜੇ ਦਰਵਾਜੇ ਆਲੇ ਚੌਂਤਰੇ ਪਰ ਈ ਮਿਲੈ ਕਰੈਂ ਤੇ। ਊਂ ਉਹ ਬੋਲੇ ਬੜਾ ਘੱਟ ਤਾ। ਜਦ ਹਮੈ ਸੰਝਾਂ ਨੂੰ ਕੋਈ ਕਿੱਸਾ-ਪ੍ਰਸੰਗ ਸੁਣਨੈ ਕੀ ਜਿੱਦ ਕਰਨੀ ਤੌਂ ਐਨਾ ਹੀ ਕਹੈ ਤਾ, "ਲੌਂ ਬਈ ਗੌਰ ਕੇ ਗੈਲ ਸੁਣਿਓ, ਗਲਾਈ (ਇੱਲਤ) ਨਾ ਕਰਿਓ।" ਫੇਰ ਡੂਢ-ਦੋ ਘੰਟੇ ਲੜੀ ਨੀ ਤਾ ਟੁੱਟਣ ਦਿਹਾ। ਕਿਆ ਸੀਤਾ ਸਵੰਬਰ, ਦਰੋਪਤੀ ਸਵੰਬਰ, ਰਾਜਾ ਰਸਾਲੂ, ਜਾਨੀ ਚੋਰ, ਪੂਰਨ ਭਗਤ, ਵਾਰਿਸ ਸ਼ਾਹ ਕੀ ਹੀਰ, ਭਗਤ ਆਸਾ ਰਾਮ ਬੈਦਵਾਣ ਕੀਆਂ ਬੈਂਤਾਂ ਹੇਕਾਂ ਲਾ ਕੇ ਗਾਬੈ ਤਾ, ਜੋ ਹਮੈ ਊ ਕੀ ਜਬਾਨੀ ਬੜੀ ਬਾਰ ਸੁਣੈ ਤੇ। ਊ ਕੀ ਖ਼ੂਬੀ ਯੌਹ ਤੀ, ਉਹ ਕਥਾ-ਪ੍ਰਸੰਗ ਸਣੌਣ ਕੇ ਬਾਦ ਚੁੱਪ ਹੋ ਜਹਾ ਤਾ। ਸੈਤ ਮਾਰ੍ਹੇ ਕਿਸੀ ਸੁਆਲ ਕੀ ਡੀਕ ਮਾ। ਜਦ ਮਾਰ੍ਹੇ ਮਾ ਤੇ ਕਿਸੀ ਨਿਆਣੇ ਨੇ ਕਥਾ-ਪ੍ਰਸੰਗ ਕੇ ਬਾਰੇ ਮਾ ਊ ਨੂੰ ਕੋਈ ਸੁਆਲ ਪੁੱਛਣਾ, "ਤਾਏ ਐਕਣਾਂ ਕਾਸ ਤੇ ਹੋਆ।" ਫੇਰ ਉਹ ਵਿਧੀ-ਵਿਧਾਨ, ਹੋਣੀ-ਅਣਹੋਣੀ ਅਰ ਲੇਖਾਂ ਕੀ ਲਿਖੀ ਬਿਧਨਾ ਕਾ ਹਿਸਾਬ ਦੱਸਣ ਖਾਤਰ

ਜੁਆਬ ਦੇ ਦਿਹਾ ਕਰੈ ਤਾ। ਉਸ ਟੈਮ ਉਹ ਮਾਨੂੰ ਵੇਦਾਂ-ਕਤੇਬਾਂ ਕਾ ਵੱਡਾ ਗਿਯਾਤਾ ਲਗੈ ਤਾ। ਕਈ ਬਾਰ ਉਹ ਮਾਗ੍ਰੀ ਸਮਝ ਤੇ ਪਰੇ ਕੀਆਂ ਗੂੜ੍ਹ-ਗਿਆਨ ਕੀਆਂ ਬਾਤਾਂ ਬੀ ਕਰ ਜਹਾ ਤਾ। ਗੈਲ ਈ ਉਹ ਯੌਹ ਗੱਲ ਕਹੇ ਤਾ, "ਥਮ੍ਹੈ ਪੜ੍ਹਨ-ਲਿਖਣ ਆਲੇ ਛੋਕਰੇ ਆਂ, ਯੌਹ ਬਾਤਾਂ ਥਾਗ੍ਰੇ ਕੰਮ ਆਊਂਗੀਆਂ।" ਉਸ ਟੈਮ ਐਨੀ ਸਮਝ ਨੀ ਤੀ, ਇਬ ਉਸ ਕੀਆਂ ਕਈ ਬਾਤਾਂ ਕੀ ਸਮਝ ਪੈਣ ਲੱਗ ਪਈ ਆ। ਊ ਕਾ ਸਿੱਖੀ ਸਰੂਪ ਆਪਣੇ ਨਾਮ ਬਰਗਾ ਈ ਨਾਥ-ਜੋਗੀਆਂ ਬਰਗਾ, ਅਰ ਹਾਸਾ ਸੌਣ ਕੀ ਬੱਦਲੀ ਬਰਗਾ ਤਾ। ਇਬ ਤਾਏ ਸਰੂਪ ਨੂੰ ਪੂਰੇ ਹੋਏ ਨੂੰ ਦੋ ਕੁ ਸਾਲ ਹੋ 'ਗੇ। ਊ ਕੀ ਮੌਤ ਕੁਦਰਤੀ ਬੁੜ੍ਹਾ ਹੋਣੈ ਕੇ ਕਰ ਕੇ ਹੋਈ। ਊਂ ਸਾਰੀ ਉਮਰ ਕਦੀ ਬਮਾਰ ਨੀ ਤਾ ਪਿਆ। ਊ ਕੀਆਂ ਬਾਤਾਂ ਨੂੰ ਯਾਦ ਕਰ, ਮਨੂੰ ਊ ਕੀ ਯਾਦ ਇਬ ਬੀ ਕਈ ਬਾਰ ਆ ਜਹਾ। ਅਰ ਚਿਹਰਾ ਅੱਖਾਂ ਸਾਮ੍ਹਣੇ ਘੁਮ ਜਹਾ।

*ਸੰਪਰਕ : 87290-00242*

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

# ਬੂਹੇ ਕੀ ਸਭਾ

ਡਾ. ਰਾਜਿੰਦਰ ਸਿੰਘ ਕੰਬੋਜ
ਮੋਬਾ. 9855112234

ਇੱਕ ਦਿਨ ਸਬੇਰੇ-ਸਬੇਰੇ ਬੇਬੇ ਕਾ ਫੋਨ ਆਇਆ 'ਓ ਬਾਈ ਜੂਮੇ (ਸ਼ੁੱਕਰਵਾਰ ) ਨੂੰ ਸਭਾ ਕਾ ਪੈਹਲਾ ਦਵਾਨ ਐ, ਆ ਜੀਏ । ਊਈਂ ਨਾ ਬਹਾਨਾ ਮਾਰੀ ਜਾਈਏ, ਬਈ ਛੁੱਟੀ ਨੀ ਹੈ, ਜੇ ਛੁੱਟੀ ਨਹੀਂ ਬੀ ਹੈ ਤੋ ਬੀ ਬਾਰ (ਸ਼ਨਿੱਚਰਵਾਰ) ਨੂੰ ਆ ਜੀਏ, ਐਤਵਾਰ ਨੂੰ ਮੁੜ ਜੀਏ ।' 'ਕੋਈ ਨੀ ਬੇਬੇ ਫਿਕਰ ਨਾ ਕਰ ਮੈਂ ਆ ਜਾ ਗਾਂ ?'ਮੇਰਾ ਏਨਾ ਕੈਹਣੇ 'ਤੇ ਈ ਬੇਬੇ ਨੂੰ ਤਸੱਲੀ ਹੋ ਗੀ ਬਈ ਮੈਂ ਸਭਾ ਨੂੰ ਗੌਂ ਮਾ ਆਮਾਂਗਾ । ਮੇਰਾ ਗੌਂ 'ਬੂਹਾ' ਚੰਡੀਗੜ੍ਹ ਰਾਜਪੁਰਾ ਰੋਡ ਪਰ ਬਨੂੰੜ ਅਰ ਰਾਜਪੁਰੇ ਕੇ ਬਿੱਚ ਮਾ ਚੜ੍ਹਦੇ ਕੰਨੀ ਐ । ਇਸ ਸਾਲ 2021 ਮਾ ਮਾਰ੍ਹੇ ਗੌਂ ਬੂਹੇ ਕੀ ਸਭਾ ਕਾ 118 ਵਾਂ ਦਵਾਨ ਤਾ ? ਸਭਾ ਹਰ ਸਾਲ ਮਾਰਚ ਕੇ ਮਹੀਨੇ ਮਾ ਹੋਵਾ । ਕਿਤਨੇ ਮਾਣ ਕੀ ਬਾਤ ਐ ਕਿ ਮਾਰ੍ਹੇ ਪੁਆਧ ਲਾਕੇ (ਇਲਾਕੇ) ਕਿ ਇਸ ਸਭਾ ਨੂੰ ਲਗਦੇ ਸਦੀ ਤੇ ਬੀ ਬੱਧ ਸਮਾਂ ਹੋਗਿਆ ? ਜਦ ਹਮ ਨਿਆਣੇ ਹੋਮੇ ਤੇ ਮਾਨੂੰ ਯਾਦ ਐ ਕਿ ਸਭਾ ਮਾ ਇਤਨੀ ਭੀੜ ਹੋਵੇ ਤੀ ਬਈ ਜੇ ਕੋਈ ਗੁੰਮ ਹੋ ਜੇ ਤਾ ਤੋ ਲੋਸਮੈਂਟ (ਅਨਾਊਂਸਮੈਂਟ) ਕਰਵਾਣੀ ਪਵੇਤੀ। ਉਨਾਂ ਦਿਨਾਂ ਮਾ ਮੋਬੈਲ (ਮੋਬਾਈਲ) ਤੋ ਹੋਮੇ ਨੀ ਤੇ ? ਬੂਹੇ ਕੇ ਗੁਰਦੁਆਰਾ ਸਾਹਿਬ ਕੇ ਪਾਠੀ ਅਮਰਜੀਤ ਸਿੰਘ (ਸਸੀ) ਨੇ ਬਤਾਇਆ ਕਿ 'ਬੂਹੇ ਕੀ ਸਭਾ ਨੂੰ ਲਗਪਗ 117 ਸਾਲ ਪਹਿਲਾਂ ਸੰਤ ਕਿਰਪਾ ਸਿੰਘ ਨੇ ਸ਼ੁਰੂ ਕਰਿਆ ਤਾ ?' ਯੋ 1900 ਈਸਵੀ ਕੇ ਸ਼ੁਰੂ ਕੇ ਦਹਾਕਿਆਂ ਕੀ ਬਾਤ ਹੈ, ਮਾਰ੍ਹੇ ਇਸ ਲਾਕੇ (ਇਲਾਕੇ) ਪਰ ਬੀ ਅੰਗਰੇਜਾਂ ਕਾ ਈ ਰਾਜ ਤਾ ਅਰ ਇਸ ਲਾਕੇ ਮਾ ਸਿੱਖ ਧਰਮ ਕਾ ਪ੍ਰਚਾਰ ਬਹੁਤ ਘੱਟ ਹੋ ਰਿਆ ਤਾ,ਇਸ ਘਾਟ ਨੂੰ ਪੂਰਾ ਕਰਿਆ ਬੂਹੇ ਕੀ ਇਸ ਸਭਾ ਨੇ । ਇਸ ਸਭਾ ਕੇ ਸ਼ੁਰੂ ਹੋਣੇ ਕਾ ਪੈਹਲਾ ਕਾਰਨ ਯੋਹੀ ਤਾ ? ਉਸ ਟੈਮ ਕੀ ਅਰੰਭ ਹੋਈ ਸਭਾ ਮਾ ਅੰਮ੍ਰਿਤ ਛਕਾਣੇ ਕੀ ਪਰੰਪਰਾ ਨੂੰ ਬੂਹੇ ਕੀ ਸਭਾ ਮਾ ਤਕਰੀਬਨ 105 ਸਾਲ ਨਿਭਾਇਆ ਅਰ ਹਰ ਸਾਲ ਸਭਾ ਪਰ ਬਹੁਤ ਸਾਰੇ ਲੋਕਾਂ ਨੂੰ ਅੰਮ੍ਰਿਤ ਛਕਾਇਆ ਗਿਆ ? ਯੋ ਦੂਸਰਾ ਕਾਰਨ ਤਾ ਸਭਾ ਕੇ ਸ਼ੁਰੂ ਹੋਣੇ ਕਾ ? ਇਨਾਂ ਸਭ ਜੁੰਮੇਵਾਰੀਆਂ ਅਰ ਸਰਗਰਮੀਆਂ ਕਾ ਕੇਂਦਰ ਰਿਹਾ ਬੂਹੇ ਕਾ ਮੁੱਖ ਗੁਰਦੁਆਰਾ ਸਾਹਿਬ ।

ਮੇਰੇ ਬਾਪੂ ਜੀ(ਸ. ਪ੍ਰੇਮ ਸਿੰਘ ਮਾਸਟਰ) ਜਿਨਾਂ ਨੈ 2015 ਤੱਕ 60-65 ਸਾਲ ਪੂਰੀ ਸੋਝੀ ਮਾ ਸਭਾ ਦੇਖੀ,ਬਤਾਏ ਕਰੇ ਤੇ ਕੇ ਦੇਸ ਛੱਡੋ ਪ੍ਰਦੇਸਾਂ ਮਾ ਤੇ ਬੀ ਮੰਨੇ-ਪ੍ਰਮੰਨੇ ਢਾਡੀਆਂ ਮਾ ਤੇ ਸ਼ੈਦ ਏ ਕੋਈ ਢਾਡੀ-ਜਥਾ ਯਾ ਕਵੀਸ਼ਰੀ-ਜਥਾ ਹੋਵੈ ਜਿਸ ਨੇ ਬੂਹੇ ਕੀ ਸਭਾ ਮਾ ਆਪਣੀ ਹਾਜਰੀ ਨਾ ਲਵਾਈ ਹੋਵੈ । ਬੂਹੇ ਕੀ ਸਭਾ ਮਾ ਸਟੇਜ ਪਰ ਸਮਾਂ ਮਿਲਣਾ ਢਾਡੀ-ਜਥੇ ਯਾ ਕਵੀਸ਼ਰੀ-ਜਥਾ ਬਾਸਤੇ ਮਾਣ ਕੀ ਬਾਤ ਹੋਵੈ ਤੀ, ਹੁਣ ਬੀ ਹੈ । ਕਿਸੀ ਸਮੇਂ ਬਹੁਤ ਮਸ਼ਹੂਰ ਰਹੇ ਢਾਡੀ-ਜਥੇ ਸੋਹਣ ਸਿੰਘ ਸ਼ੀਤਲ, ਗਿਆਨੀ ਦਇਆ ਸਿੰਘ ਦਿਲਬਰ, ਜਸਵੰਤ ਸਿੰਘ ਤਾਨ, ਬਿੱਕਰ ਸਿੰਘ ਪ੍ਰਦੇਸੀ, ਜੋਗਿੰਦਰ ਸਿੰਘ ਸ਼ੇਰਪੁਰੀ, ਸਵਰਨ ਸਿੰਘ ਅਜ਼ਾਦ, ਰਾਮ ਸਿੰਘ ਝੱਬੇਵਲ, ਹਜ਼ਾਰਾ ਸਿੰਘ ਚੀਮਾ, ਨਰੈਣ ਸਿੰਘ ਚੰਦਨ, ਹਰਦਿਆਲ ਸਿੰਘ ਬਾਠਾਂਵਾਲੇ, ਜਰਨੈਲ ਸਿੰਘ ਸੁਮਨ, ਮਲਕੀਤ ਸਿੰਘ ਬੀ. ਏ., ਰਾਮ ਸਿੰਘ ਸ਼ੰਭੂ ਵਾਲ਼ੇ ਅਰ ਕਵੀਸ਼ਰੀ ਜਥੇ ਅਮਰ ਸਿੰਘ ਬਸੀ ਵਾਲ਼ੇ ਆਦਿ ਹੋਰ ਸਾਰੇ ਨਾਮ ਹੈਂ, ਜਿਨਾਂ ਨੂੰ ਸਾਰਿਆਂ ਨੂੰ ਲਿਖਿਆ ਨੀ ਜਾ ਸਕਦਾ ਜੋ ਬੂਹੇ ਕੀ ਸਭਾ ਮਾ ਸੰਗਤਾਂ ਨੂੰ ਆਪਣੀਆਂ ਵਾਰਾਂ ਗੈਲ ਨਿਹਾਲ ਕਰਦੇ ਰਹੇ ਹੈਂ। ਸਭਾ ਕੇ ਪੈਹਲੇ ਦਵਾਨ ਤੇ ਦੋ ਦਿਨ ਪੈਹਲਾਂ ਅਖੰਡ-ਪਾਠ ਸਾਹਿਬ ਅਰੰਭ ਹੋਵਾਂ ਅਰ ਸਭਾ ਕੇ ਪੈਹਲੇ ਦਵਾਨ ਵਾਲ਼ੇ ਦਿਨ ਭੋਗ ਪੈ ਕੈ ਕਥਾ-ਕੀਰਤਨ ਤੇ ਬਾਅਦ ਢਾਡੀ-ਦਰਬਾਰ ਅਰੰਭ ਹੋ ਜਾ । ਸਭਾ ਕੇ ਤਿੰਨੇ ਦਿਨ ਸੰਗਤਾਂ ਨੂੰ ਸਿੱਖ ਇਤਿਹਾਸ ਕੀ ਗੌਰਵ ਗਾਥਾਵਾਂ ਸੁਣਾ ਕੇ ਮਹਾਨ ਪਰੰਪਰਾ ਗੈਲ ਜਾਣੂ ਕਰਵਾਏ ਜਾਣੇ ਕੀ ਪ੍ਰਥਾ ਅੱਜ ਬੀ ਜਾਰੀ ਐ । ਦਵਾਨ ਸਾਰੀ ਰਾਤ ਚਲੇ ਤਾ, ਦਵਾਨ ਮਾ ਢਾਡੀ-ਜਥੇ/ਕਵੀਸ਼ਰੀ ਜਥੇ ਤੜਕੇ 2.30 ਬਜੇ ਤਕ ਵਾਰਾਂ/ਗਾਥਾਵਾਂ ਸੁਣਾਣੇ ਮਾ ਲੱਗੇ ਰਹੇ ਤੇ, ਫੇਰ ਉਸ ਕੇ ਬਾਅਦ ਸੁਖਮਨੀ ਸਾਹਿਬ ਕਾ ਪਾਠ, ਆਸਾ ਕੀ ਵਾਰ, ਕਥਾ ਵਿਚਾਰ ਉਸ ਕੇ ਬਾਅਦ ਫੇਰ ਢਾਡੀ ਦਰਬਾਰ ਸ਼ੁਰੂ ਹੋ ਜੇ ਤਾ । ਲੋਕਾਂ ਨੂੰ ਢਾਡੀ-ਜਥਿਆਂ ਨੂੰ ਸੁਣਨੇ ਕਾ ਇਤਨਾ ਸ਼ੌਕ ਹੋਵੇ ਤਾ ਬਈ ਲੋਕ ਤੜਕੈ-ਤੜਕੈ ਜਾ ਕੈ ਬਰਸੀਨ ਬੱਡ ਲਿਆਮੇ ਤੇ ਬਈ ਕੋਈ ਜਥਾ ਸੁਣੇ ਬਿਨਾਂ ਨਾ ਰੈਹ ਜੇ ? ਇਸ ਸਭਾ ਮਾ ਸ਼ੁਰੂ ਤੇ ਲੇ ਕੈ ਯੋਹੀ ਪਰੰਪਰਾ ਰਹੀ ਹੈ, ਜਿਸ ਨੈ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਅਰ ਧਰਮ ਗੈਲ ਜੋੜਨੇ ਮਾ ਬਹੁਤ ਬੜਾ ਰੋਲ ਨਿਭਾਇਆ । ਨੌਕਰੀ ਕਰਕੈ ਬਾਹਰ ਰਹਿਣ ਵਾਲ਼ੇ ਬੂਹੇ ਕੇ ਬਾਸ਼ਿੰਦੇ ਇਸ ਸਭਾ ਮਾ ਪਹੁੰਚਣੇ ਕੀ ਕੋਸ਼ਿਸ਼ ਬੀ ਕਰਾਂ ਆਰ ਪਹੁੰਚਾ ਬੀ । ਇਸੀ ਸਭਾ ਕਾ ਈ

ਨਤੀਜਾ ਐ ਕਿ ਮਾਰ੍ਹੇ ਲਾਕੇ ਕੇ ਅਨਪੜ੍ਹ ਲੋਕਾਂ ਨੂੰ ਬੀ ਸਿੱਖ ਇਤਿਹਾਸ ਅਰ ਆਪਣੇ ਵਿਰਸੇ ਕੀ ਪੂਰੀ ਜਾਣਕਾਰੀ ਐ ਅਰ ਆਪਣੇ ਵਿਰਸੇ ਗੈਲ ਜੁੜੇ ਬੇ ਬੀ ਐਂ ?

ਇਸ ਸਭਾ ਨੂੰ ਸ਼ੁਰੂ ਕਰਨੇ ਵਾਲ਼ੇ ਸੰਤ ਕਿਰਪਾ ਸਿੰਘ ਸਾਰੇ ਧਰਮਾਂ ਕਾ ਬਰਾਬਰ ਸਤਿਕਾਰ ਕਰੇਂ ਤੇ ਅਰ ਉਨਾਂ ਕੇ ਮਨ ਮਾ ਧਾਰਮਿਕ ਭੇਦ-ਭਾਵ ਯਾ ਜਾਤ-ਪਾਤ ਕੀ ਭਾਵਨਾ ਬਿਲਕੁਲ ਬੀ ਨੀ ਤੀ ? ਪਿੰਡ ਕੇ95 ਸਾਲਾ ਬਜ਼ੁਰਗ ਬਖਸ਼ੀਸ਼ ਸਿੰਘ ਲੰਬੜਦਾਰ ਨੇ ਦੱਸਿਆ ਕਿ 1947 ਕੇ ਦੇਸ-ਬਟਵਾਰੇ ਤੇ ਬਾਅਦ ਜਦ ਉਹ ਥੂਹੇ ਮਾ ਆ ਕੈ ਰੈਹਣ ਲਗੇ ਤੋ ਉਨਾਂ ਨੇ ਦੇਖਿਆ ਕਿ ਜੇ ਗੁਰਦੁਆਰਾ ਸਾਹਿਬ ਮਾ ਜੇ ਕੋਈ ਮੁਸਲਿਮ ਭਾਈਚਾਰੇ ਕਾ ਬੰਦਾ ਆ ਜਾਂਦਾ ਤੋ ਸੰਤ ਕਿਰਪਾ ਸਿੰਘ ਉਸ ਨੂੰ ਕਹੇਂ ਤੇਂ'ਭਾਈ ਗੁਰਦੁਆਰੇ ਮਾ ਜਹਾਂ ਤੱਨੂੰ ਠੀਕ ਲਗਾ ਵਹਾਂ ਆਪਣੀ ਨਮਾਜ਼ ਪੜ੍ਹ ਲੈ, ਮਾਨੂੰ ਕੋਈ ਤਰਾਜ ਨੀ'ਅਰ ਵਾਹ ਪੜ੍ਹ ਜਾਂਦਾ,ਜੇ ਕੋਈ ਹਿੰਦੂ ਭਾਈਚਾਰੇ ਕਾ ਬੰਦਾ ਆ ਜਾਂਦਾ ਤੋ ਸੰਤ ਜੀ ਉਸ ਨੂੰ ਬੀ ਯੋਹੀ ਕਹੇਂ ਤੇਂ'ਭਾਈ ਗੁਰਦੁਆਰੇ ਮਾ ਜਹਾਂ ਤੱਨੂੰ ਠੀਕ ਲਗਾ ਵਹਾਂ ਆਪਣੀ ਪਾਠ-ਪੂਜਾ ਕਰ ਲੇ,ਗੀਤਾ ਕਾ ਪਾਠ ਕਰ ਲੇ,ਮਾਨੂੰ ਕੋਈ ਤਰਾਜ ਨੀ' ਅਰ ਵਹਾਂ ਗੀਤਾ-ਪਾਠ ਬੀ ਹੋ ਜਾਂਦਾ ? ਬਖਸ਼ੀਸ਼ ਸਿੰਘ ਮੁਤਾਬਕ ਉਨ ਕੀ ਦਰਿਆ-ਦਿਲੀ ਕਰਕੇ ਈ ਹਰ ਭਾਈਚਾਰਾ ਇਸ ਸਭਾ ਕਾ ਹਿੱਸਾ ਬਣੇ ਤਾ ਅਰ ਯੋ ਪਰੰਪਰਾ ਇਬ ਬੀ ਚਲ ਰੀ ਐ ? ਸੰਤ ਕਿਰਪਾ ਸਿੰਘ ਜੀ ਕੇ ਸਮੇਂ ਸਭਾ ਮਾ ਬੜੀ-ਬੜੀ ਦੂਰ 'ਤੇ ਸੰਤ-ਮਹਾਤਮਾ ਬੀ ਆਏ ਕਰੇਂ ਤੇ ।ਸੰਤ ਜੀ ਕੇ ਜੀਵਨ ਗੈਲ ਸੰਬੰਧਿਤ ਕਈ ਦੰਦ-ਕਥਾਵਾਂ ਵੀ ਪ੍ਰਚਲਿਤ ਹੈਂ । ਪਿੰਡ ਕੇ ਇੱਕ ਬਜ਼ੁਰਗ ਨੈ ਮੰਨੂੰ ਬਤਾਇਆ ਕਿ ਬਾਈ ਮੈਂ ਸੁਣਿਆ ਕਿ 'ਇੱਕ ਬਾਰ ਬਾਹਰ 'ਤੇ ਆਏ ਇੱਕ ਸੰਤ ਨੈ ਸੰਤ ਕਿਰਪਾ ਸਿੰਘ ਕੀ ਪਰੀਖਿਆ ਲੇਣੇ ਬਾਸਤੇ ਸੰਤ ਕਿਰਪਾ ਸਿੰਘ ਨੂੰ ਕਿਹਾ ਕਿ ਮੰਨੂੰ ਤੋ ਤੋਂ ਬੱਸ ਇੱਕ ਬਾਰ ਦੇਸੀ ਘੀ ਮਾ ਰਜਾ ਦੇ ।ਸੰਤ ਕਿਰਪਾ ਸਿੰਘ ਨੈ ਆਪਣਾ ਗੜਵਾ ਦੇਸੀ ਘੀ ਕਾ ਭਰ ਕੈ ਉਸ ਸੰਤ ਨੂੰ ਫੜਾ ਦੀਆ, ਬਾਈ ਲੋਕ ਕਹਾਂ ਕਿ ਨਾ ਦੇਸੀ ਘੀ ਮਾ ਸੰਤ ਰਜਿਆ, ਨਾ ਸੰਤ ਕਿਰਪਾ ਸਿੰਘ ਕੇ ਗੜਵੇ ਮਾ ਦੇਸੀ ਘੀ ਮੁੱਕਿਆ ।ਸੰਤ ਕਿਰਪਾ ਸਿੰਘ ਕੇਵਲ ਸਭਾ ਕੇ ਦਿਨਾਂ ਮਾ ਹੀ ਨਹੀਂ ਬਲਕਿ ਸਾਰਾ ਹੀ ਸਮਾਂ ਧਰਮ-ਪ੍ਰਚਾਰ ਅਰ ਲੋਕ ਸੇਵਾ ਮਾ ਲਗੇ ਰਹੇਂ ਤੇ । ਪਿੰਡ ਕੇ ਬਜ਼ੁਰਗਾਂ ਨੈ ਮੰਨੂੰ ਬਤਾਇਆ ਕਿ ਅੰਬਾਂ ਕੇ

ਪੱਕਣੇ ਕੇ ਸਮੇਂ ਸੰਤ ਕਿਰਪਾ ਸਿੰਘ ਬਹੁਤ-ਬਹੁਤ ਦੂਰ 'ਤੇ ਸੰਤਾਂ ਨੂੰ ਬੁਲਾ ਕੈ ਸੰਤ-ਸੰਮੇਲਨ ਕਰਵਾਏ ਅਰ ਦਿਵਾਨ ਸਜਾਏ ਕਰੇਂ ਤੇ ? ਬੁਲਾਏ ਵੇ ਸੰਤਾਂ ਨੂੰ ਆਪ ਧੋ-ਧੋ ਕੈ ਅੰਬ ਚੂਪਣੇ ਨੂੰ ਦੀਏ ਕਰੇਂ ਤੇ ।

ਇਸ ਸਭਾ ਕਾ ਤੀਸਰਾ ਮਕਸਦ ਤਾ ਲੋਕਾਂ ਮਾ ਭਾਈਚਾਰਕ ਸਾਂਝ ਬਣਾ ਕੈ ਰੱਖਣਾ । ਆਪਣੀ ਸੋਝੀ ਸੰਭਲਣੇ ਤੇ ਬਾਅਦ 70 ਸਾਲ 'ਤੇ ਇਬ ਤੱਕ ਸਭਾ ਦੇਖ ਰਹੇ ਇਸ ਗੌਂ ਕੇ ਜੰਮਪਲ ਅਰ ਇਬ ਮੋਹਾਲੀ ਰਹਿ ਰਹੇ ਸ. ਤੇਜਾ ਸਿੰਘ ਬੂਹਾ ਨੈ ਬਤਾਇਆ ਕਿ ਉਨਾਂ ਨੈ ਦੇਖਿਆ ਕਿ ਉਨਾਂ ਕੀ 40 ਸਾਲ ਕੀ ਉਮਰ ਤੱਕ ਨੇੜੇ-ਨੇੜੇ ਕੇ ਪਿੰਡਾਂ ਗਰਦੀਨਗਰ, ਆਲਮਪੁਰ, ਛੋਟੀ ਮੋਹੀ, ਕਾਲੋਮਾਜਰਾ, ਚਮਾਰੂ, ਨੇਪਰਾਂ ਕੇ ਲੋਕ ਤੋ ਪੈਦਲ ਬੀ ਆਜੇਂ ਤੇ, ਥੋੜ੍ਹੀ ਦੂਰ ਕੇ ਪਿੰਡਾਂ ਸੂਰਜਗੜ੍ਹ, ਘੜਾਮਾ, ਸ਼ੰਭੂ, ਜੰਗਪੁਰਾ, ਬੂਟਾ ਸਿੰਘ ਵਾਲਾ, ਬੱਲ ਮਾਜਰਾ ਆਦਿ ਬਹੁਤ ਸਾਰੇ ਪਿੰਡ ਜਿਨਾਂ ਕੇ ਨਾਮ ਬਹੁਤ ਜਿਆਦਾ ਹੋਣੇ ਕਰਕੈ ਲਿਖੇ ਨੀ ਗਏ,ਵਾਲ਼ੇ ਗੱਡਿਆਂ, ਸਾਈਕਲਾਂ, ਬੱਸਾਂ ਪਰ ਆਏ ਕਰੇਂ ਤੇ । ਇਬ ਤੋਂ ਲੋਕਾਂ ਪਾ ਆਪਣੇ-ਆਪਣੇ ਸੁਕੂਟਰ, ਮੋਟਰ-ਸਾਈਕਲ ਅਰ ਕਾਰਾਂ ਹੈਂ, ਉਨਾਂ ਪਰ ਪਹੁੰਚ ਜਾਵਾਂ । ਇਬ ਤੋਂ ਪੱਕੀਆਂ ਸੜਕਾਂ ਬਣ ਗੀਆਂ ਪੈਹਲਾਂ ਤੋਂ ਲੋਕ ਕੱਚੀਆਂ ਗ੍ਹੋਰੀਆਂ ਨੂੰ ਮਾ ਹੋ-ਹੋ ਕੈ ਬੀ ਪਹੁੰਚੇਂ ਤੇ ? ਭੀੜ ਇਤਨੀ ਹੋ ਜੇ ਤੀ ਕਿ ਦਵਾਨ ਮਾ ਪੈਰ ਰੱਖਣੇ ਕੀ ਬੀ ਜਗ੍ਹਾ ਨੀ ਲੱਭੇ ਤੀ, ਪਿੰਡ ਮਾ ਅਰ ਆਲ਼ੇ ਦੁਆਲ਼ੇ ਮੀਲ-ਮੀਲ ਤੱਕ ਬੰਦਾ ਈ ਬੰਦਾ ਨਜ਼ਰ ਆਵੇ ਤਾ ? ਆਮ ਦਿਨਾਂ ਮਾ ਦੋ-ਤਿੰਨ ਮਿੰਟ ਮਾ ਪਿੰਡ ਪਾਰ ਜਾਣੇ ਵਾਲ਼ੀ ਬੱਸ ਨੂੰ ਉਨਾਂ ਦਿਨਾਂ ਮਾ 22-25 ਮਿੰਟ ਲੱਗ ਜੇ ਤੇ । ਸਭਾ ਮਾਰਚ ਮਹੀਨੇ ਮਾ ਹੋਣੇ ਕਰਕੈ ਪਿੰਡ ਕੇ ਸਰਕਾਰੀ ਸਕੂਲ ਕੇ ਇਸ ਮਹੀਨੇ ਹੋਣੇ ਵਾਲ਼ੇ ਪੇਪਰਾਂ ਕੀ ਡੇਟ-ਸ਼ੀਟ (ਬੋਰਡ ਪੇਪਰਾਂ ਨੂੰ ਛੋੜ ਕੈ) ਸਭਾ ਕੀ ਤਰੀਕਾਂ ਮੁਤਾਬਕ ਬਣੇ ਤੀ । ਪਿੰਡ ਕੇ ਸਰਪੰਚ ਅਰ ਪਤਵੰਤੇ ਸੱਜਣਾਂ ਕੀ ਬੇਨਤੀ ਪਰ ਸਭਾ ਵਾਲ਼ੇ ਦਿਨਾਂ ਮਾ ਸਕੂਲ ਮਾ ਬੱਚਿਆਂ ਨੂੰ ਛੁੱਟੀਆਂ ਰਹੇ ਤੀਆਂ ।ਲੋਕਾਂ ਕੀ ਇਤਨੀ ਭੀੜ ਨੈ ਇਸ ਸਭਾ ਨੂੰ ਹੌਲ਼ੀ-ਹੌਲ਼ੀ ਵਪਾਰਿਕ ਗਤੀਵਿਧੀਆਂ ਕਾ ਕੇਂਦਰ ਬੀ ਬਣਾ ਦੀਆ ਤਾ ? ਪੁਰਾਣੇ ਟੈਮ ਮਾ ਸਭਾ ਪਰ ਦੋ ਪੈਹਲਾਂ ਈ ਦਕਾਨਾਂ ਲੱਗ ਜੇ ਤੀਆਂ , ਬੜੀ-ਬੜੀ ਦੂਰ ਤੇ ਦਕਾਨਦਾਰ ਅਰ ਹੋਰ ਤਮਾਸ਼ਿਆਂ ਆਲ਼ੇ ਆਏ ਕਰੇਂ ਤੇ । ਉਨਾਂ ਦਿਨਾਂ ਮਾ ਅੰਬਾਲੇ, ਰਾਜਪਰੇ ਅਰੇ ਬਨੂੰੜ ਕੀਆਂ ਗੋਲ-ਗੱਪਿਆਂ, ਚਾਟ-

ਟਿੱਕੀਆਂ ਪਕੌੜਿਆਂ, ਕੁਲਫ਼ੀਆਂ ਆਦਿ ਕੀਆਂ ਅੱਧੀਆਂ ਤੇ ਜਿਆਦਾ ਦਕਾਨਾਂ ਤੋ ਬੂਹੇ ਕੀ ਸਭਾ ਮਾ ਆਜੇ ਤੀਆਂ । ਫੇਰ ਬੀ ਯੋ ਹਾਲ ਹੋਵੇ ਤਾ ਕੇ ਇਨਾਂ ਦਕਾਨਾਂ ਪਰ ਕੁਛ ਲੈਣੇ ਨੂੰ ਆਪਣੀ ਬਾਰੀ ਡੀਕਣੀ (ਉਡੀਕਣੀ ) ਪਵੇ ਤੀ । ਬੜੇ-ਬੜੇ ਝੂਟਿਆਂ ਵਾਲ਼ੇ ਬੀ ਪਹੁੰਚੇ ਕਰੇਂ ਤੇ । ਉਨਾਂ ਦਿਨਾਂ ਮਾ ਤੀਮੀਆਂ/ ਕੁੜੀਆਂ ਨੂੰ ਸ਼ੈਹਰ ਤੋ ਘੱਟ ਏ ਜਾਣਾ ਮਿਲੇ ਤਾ ? ਸੋ ਸਭਾ ਮਾ ਚੂੜੀਆਂ, ਪਾਉਡਰ-ਸੁਰਖੀ, ਨਕਲੀ ਗਹਿਣਿਆਂ, ਅਰ ਤੀਮੀਆਂ ਕੇ ਹੋਰ ਸਮਾਨ ਕਈਆਂ ਦੁਕਾਨਾਂ ਬੀ ਖ਼ੂਬ ਲਗੇ ਕਰੇ ਤੀਆਂ । ਤੀਮੀਆਂ/ਕੁੜੀਆਂ ਆਪਣੀ ਜ਼ਰੂਰਤ ਕਾ ਸਮਾਨ ਅਰਾਮ 'ਤੇ ਖਰੀਦ ਲੇ ਤੀਆਂ । ਕੈਹਣੇ ਕਾ ਭਾਵ ਹਰ ਤਰ੍ਹਾਂ ਕੇ ਸਮਾਨ ਕਿ ਦੁਕਾਨ ਲਗੇ ਤੀ ।

15-16 ਸਾਲ ਕੀ ਉਮਰ ਮਾ ਥੂਹੇ ਮਾ ਬਿਆਹ ਕੈ ਆਈ ਅਰ ਇਸ ਸਭਾ ਕੀ 60 ਸਾਲ ਤੇ ਗਵਾਹ ਮੇਰੀ ਬੇਬੇ ਨੈ ਬਤਾਇਆ 'ਵੇ ਬਾਈ ਸਭਾ ਮਾ ਤੋਂ ਹਰ ਘਰ ਮਾ ਪ੍ਰਾਹੁਣਿਆਂ ਕੀ ਹੇੜ ਆਈ ਹੋਵੇ ਤੀ , ਕਿਸੀ ਕੈ ਤੇ ਮੰਗਮਾਂ (ਮੰਗਵਾਂ) ਮੰਜਾ-ਬਿਸਤਰਾ ਬੀ ਨੀ ਮਿਲੇ ਤਾ । ਪ੍ਰਾਹੁਣਿਆਂ ਨੂੰ ਮੰਜੀਆਂ ਪਰ ਸਲਾਮੇ (ਸੁਲਾਵੇਂ) ਤੇ ਅਰ ਘਰ ਕੇ ਮਰਦਾਂ ਅਰ ਘਰ ਕੀਆਂ ਤੀਮੀਆਂ/ਕੁੜੀਆਂ ਅਰ ਬਾਹਰ ਤੇ ਆਈਆਂ ਬਾਕੀ ਤੀਮੀਆਂ ਨੂੰ ਥੱਲੇ ਪਰਾਲੀ ਬਛਾ ਕੈ, ਉੱਪਰ ਚਾਦਰਾਂ, ਦਰੀਆਂ ਯਾ ਗੱਦੇ ਜੋ ਬੀ ਹੋਵੇ ਤਾ, ਬਛਾ ਕੈ ਸੌਣਾ ਮਿਲੇ ਤਾ ?'ਬੇਬੇ ਮਨ ਹਲਕਾ ਕਰਦੀ ਬੋਲੀ 'ਵੇ ਬਾਈ, ਮਾਨੂੰ ਤੋ ਯੋ ਸਭਾ 20-25 ਸਾਲ 'ਤੇ ਈ ਚੱਜ ਗੈਲ ਦੇਖਣੇ ਨੂੰ ਮਿਲੀ ਐ, ਜਦ ਇਬ ਬੁੜੀਆਂ ਹੋ ਗੀਆਂ ? ਪਹਿਲਾਂ ਤੋਂ ਪ੍ਰਾਹੁਣਿਆਂ ਕੀ ਰੋਟੀਆਂ ਪਕਾਦੀਆਂ ਯਾ ਚਾਹ-ਦੁੱਧ ਬਣਾਦੀਆਂ ਮਰਗੀਆਂ । ਗੁਰਦੁਆਰੇ ਮਾ ਤੋ ਕੋਈ ਬੀ ਪ੍ਰਾਹੁਣਾ ਲੰਗਰ ਛਕਣ ਜਾਵੇ ਈ ਨੀ ਤਾ, ਬਸ ਘਰਾਂ ਈ ਖਾਏ ਤੇ । ਸਭਾ ਪਰ ਲਗੀਆਂ ਦੁਕਾਨਾਂ ਪਰ 'ਤੇ ਪ੍ਰਾਹੁਣਿਆਂ ਵਾਸਤੈ ਜਲੇਬੀਆਂ ਅਰ ਪਕੌੜਿਆਂ ਕੇ ਥਾਲ਼ ਤੋਂ ਭਰੇ ਈ ਰਹੇਂ ਤੇ । ਦਵਾਨ ਮਾ ਜਾ ਕੈ ਅਜੇ ਬੈਠੇਂ ਈ ਤੇ ਕੋਈ ਬਲਾਣ ਆਜੇ ਤਾ ਬਈ ਪ੍ਰਾਹੁਣੇ ਆ ਗੇ, ਰੋਟੀ ਬਣਾ ਦਿਓ, ਚਾਹ ਬਣਾ ਦਿਓ । ਹਮ ਤੋਂ ਬਸ ਰੋਟੀ ਜੋਗੀਆਂ ਈ ਤੀ, ਪ੍ਰਾਹੁਣਿਆਂ ਕੀ ਚਾਹ-ਰੋਟੀ ਏ ਨੀ ਮੁੱਕੇ ਤੀ । ਫੇਰ ਬੀ ਬਾਈ ਮੇ ਦਿਨ ਬੜੇ ਚੰਗੇ ਤੇ । ਰਿਸ਼ਤੇਦਾਰਾਂ ਕੇ ਬੀ ਅੱਗੈ ਰਿਸ਼ਤੇਦਾਰ, ਅੱਗੈ ਉਨ ਕੇ ਬੀ ਰਿਸ਼ਤੇਦਾਰ ਸਭਾ ਵਾਲ਼ੇ ਦਿਨਾਂ ਮਾ ਆ ਕੈ ਰਹਿ ਜੇ ਤੇ, ਮਨ ਖ਼ੁਸ਼ ਹੋ ਜੇ ਤਾਂ ਮਿਲ਼ ਕੈ ? ਮਜਾਲ ਐ

ਕਿ ਸੇਵਾ ਮਾ ਕੋਈ ਕਮੀ ਰਹਿ ਜੈ, ਸਭ ਨੂੰ ਬਰਾਬਰ ਇੱਜਤ-ਮਾਣ ਮਿਲੇ ਤਾ । ਨਾ ਖਾਣੇ-ਪੀਣੇ ਮਾ ਕੋਈ ਕਮੀ ਨਾ ਮੰਜੇ ਬਿਸਤਰੇ ਮਾ । ਥਾਰੀ ਦਾਦੀ ਤੋ ਮਾਰ੍ਹੇ ਸਿਰ ਪਰ ਡੰਡਾ ਲੇ ਕੈ ਖੜ੍ਹ ਜੈ ਤੀ, ਬਈ ਪ੍ਰਾਹੁਣਿਆਂ ਕੇ ਖਾਂਣੇ-ਪੀਣੇ ਮਾ ਕੋਈ ਕਮੀ ਨਾ ਰਹਿ ਜੈ । ਘਰ ਕੀਆਂ ਧੀਆਂ ਤੋ ਕਈ ਬਾਰ ਹਫ਼ਤਾ-ਹਫ਼ਤਾ ਪਹਿਲਾਂ ਬੀ ਆ ਜੇ ਤੀਆਂ, ਘਰ ਕੀਆਂ ਧੀਆਂ ਅਰ ਨਿਆਣਿਆਂ ਨੂੰ ਤੋ ਸਭਾ ਪਰ ਖਰਚਣੇ ਨੂੰ ਖ਼ੂਬ ਪੈਸੇ ਮਿਲੇ ਤੇ ?'ਮੈਂ ਬੇਬੇ ਨੂੰ ਹੱਸਦੇ-ਹੱਸਦੇ ਪੁਛਿਆ 'ਬੇਬੇ ਫੇਰ ਤੋ ਬਾਥਰੂਮ ਕੇ ਬਾਹਰ ਸਬੇਰੀਂ-ਸਬੇਰੀਂ ਲੈਨ (ਲਾਈਨ) ਲੱਗ ਜਾਂਦੀ ਹੋਣੀ ।' ਬੇਬੇ ਬੋਲੀ ਨਾ ਬਾਈ ਮੂੰਹ ਨ੍ਹੇਰੇ ਜੰਗਲ਼-ਪਾਣੀ ਤੋ ਸਾਰੇ ਬਾਹਰ ਖੇਤਾਂ ਮਾ ਈ ਜਾਮੇ ਤੇ, ਮਰਦ ਤੋ ਬਾਹਰ ਤੇ ਈ ਖੂਹ ਯਾ ਬੰਬੀ ਪਰ ਨ੍ਹਾ ਕੈ ਈ ਆਮੇ 'ਤੇ । ਤੇਰੇ ਬਾਪੂ ਉਣੇ ਆਂਦੇ-ਆਂਦੇ ਬਰਸੀਨ ਬੀ ਲਿਆਮੇ ਤੇ । ਮਰਦਾਂ ਕੇ ਘਰ ਆਣੇ 'ਤੇ ਪਹਿਲਾਂ ਤੀਮੀਆਂ ਬੀ ਮੂੰਹ ਨ੍ਹੇਰੇ ਬਾਹਰ ਜੰਗਲ਼-ਪਾਣੀ ਜਾ ਕੇ ਨ੍ਹਾਣੇ (ਨਹਾਉਣ) ਕਾ ਕੰਮ ਨਬੇੜ ਲੇ ਤੀਆਂ ?

ਸਭਾ ਤੇ ਪੈਹਲਾਂ ਘਰਾਂ ਕੀ ਸਾਫ਼ ਸਫ਼ਾਈ ਕਾ ਕੰਮ ਇਸ ਤਰ੍ਹਾਂ ਸ਼ੁਰੂ ਹੋ ਜੇ ਤਾ ਜਿਸ ਤਰ੍ਹਾਂ ਦਿਵਾਲ਼ੀ ਹੋਵੈ । ਸਭਾ ਕਰਕੈ ਥੂਹੇ ਪਿੰਡ ਕੇ ਘਰ ਸਾਲ ਮਾ ਦੋ ਬਾਰ ਚੰਗੀ ਤਰ੍ਹਾਂ ਸਾਫ਼ ਹੋਜਾਂ । ਕਈ ਘਰਾਂ ਨੂੰ ਪਾਂਡੂ ਯਾ ਨਵਾਂ ਰੰਗ ਇਸ ਤਰ੍ਹਾਂ ਕਰਿਆ ਜਾਹਾ ਜਿਸ ਤਰ੍ਹਾਂ ਘਰ ਮਾ ਬਿਆਹ ਹੋਵੈ । ਇੱਕ ਬਾਰ ਸਭਾ ਕੀ ਪੁਰਾਣੀਆਂ ਬਾਤਾਂ ਬਤਾਂਦੇ-ਬਤਾਂਦੇ ਮੇਰੀ ਬੂਆ (ਭੂਆ) ਨੈ ਮੰਨੂੰ ਬਹੁਤ ਹਾਸੇ ਵਾਲ਼ੀ ਬਾਤ ਸੁਣਾਈ ਤੀ । ਬੂਆ ਬੋਲੀ 'ਬਾਈ ਜਦ ਤੇਰੀ ਮਾਂ ਨਵੀਂ ਬਿਆਲੀ ਆਈ ਤੋ ਉਸ ਸਾਲ ਤੇਰੀ ਮਾਂ ਕੀ ਪਹਿਲੀ ਸਭਾ ਤੀ । ਉਸ ਨੂੰ ਥੂਹੇ ਕੀ ਸਭਾ ਕੇ ਤੌਰ-ਤਰੀਕੇ ਤੋ ਪਤਾ ਨੀ ਤੇ । ਥਾਰੀ ਦਾਦੀ ਨੈ ਘਰ ਨੂੰ ਪਾਂਡੂ ਕਰਨੇ ਵਾਲ਼ੀਆਂ ਬਲਾਈਆਂ ਬੀ ਤੀਆਂ, ਉਨਾਂ ਨੂੰ ਪਾਂਡੂ ਕਰਦਾ ਦੇਖ ਕੈ ਤੇਰੀ ਬੇਬੇ ਖੁਸ਼ ਹੋ ਗੀ ਕਿ ਸ਼ੈਦ (ਸ਼ਾਇਦ) ਘਰ ਮਾ ਮੈਂ ਨਵੀਂ ਬਹੁ ਆਣੇ ਕਰਕੈ ਪਾਂਡੂ ਹੋ ਰਿਆ । ਬਾਈ ਤੇਰੀ ਦਾਦੀ ਬੋਲੀ ਜਿਆਦਾ ਖੁਸ਼ ਨਾ ਹੋ, ਯੋ ਪਾਂਡੂ ਤੇਰੇ ਕਰਕੈ ਨੀ, ਸਭਾ ਕਰਕੈ, ਸਭਾ ਮਾ ਤੋ ਬਿਆਹ ਤੇ ਬੀ ਬੱਧ ਪ੍ਰਾਹੁਣੇ ਹੋ ਜਾਂ ।' ਬੇਬੇ ਬੀ ਹੱਸਦੀ-ਹੱਸਦੀ ਬੋਲੀ 'ਹਾਂ ਬਾਈ, ਨਮੀ ਬਿਆਹੀ ਬਹੁਆਂ (ਨੂੰਹਾਂ) ਨੂੰ ਖ਼ਾਸ ਹਦੈਤਾਂ (ਹਦਾਇਤਾਂ) ਦੇਹੇਂ ਤੇ ਬਈ ਸਭਾ ਪਰ ਆਣੇ ਵਾਲ਼ੇ ਪ੍ਰਾਹੁਣਿਆਂ ਕੀ ਖਾਤਰਦਾਰੀ ਮਾ ਕੋਈ ਕਮੀ ਨੀ ਛੱਡਣੀ ।ਆਪਣੇ ਕੁੜਮਾਂ/ਜਵਾਈਆਂ ਯਾ

ਹੋਰ ਨਮੇ ਰਿਸ਼ਤੇਦਾਰਾਂ ਨੂੰ ਖ਼ਾਸ ਤੌਰ ਪਰ ਬਲਾ ਕੈ, ਸਭਾ ਦਿਖਾ ਕੈ ਆਪਣਾ ਅਰ ਆਪਣੇ ਗੌਂ ਕਾ ਪ੍ਰਭਾਵ ਪਾਏ ਕਰੇਂ ਤੇ ? ਬਹੁਤ ਸਾਰੇ ਤੋ ਰਿਸ਼ਤੇ-ਨਾਤੇ ਬੀ ਇਸ ਸਭਾ ਮਾ ਈ ਹੋ ਜੇ ਤੇ । ਆਏ ਬੇ ਪ੍ਰਾਹੁਣੇ ਸਭਾ ਮਾ ਆਏ ਮੁੰਡੇ-ਕੁੜੀਆਂ ਯਾ ਬੂਹੇ ਕੇ ਮੁੰਡੇ ਕੁੜੀਆਂ ਨੂੰ ਦੇਖ ਕੈ ਈ ਪਸੰਦ ਕਰ ਲੇਂ ਤੇ ਅਰ ਫੇਰ ਪੱਕ-ਠੱਕ ਹੋ ਕੈ ਅਗਲੀ ਸਭਾ ਮਾ ਉਨ ਕੇ ਬੀ ਪ੍ਰਾਹੁਣੇ ਬਣ ਕੈ ਆਣੇ ਕਾ ਇੰਤਜ਼ਾਮ ਹੋ ਜੇ ਤਾ। ਪਿੰਡ ਕੇ ਬਜ਼ੁਰਗ ਦੱਸਾਂ ਕਿ ਉਸ ਟੈਮ ਤੋ ਹੋਰ ਪਿੰਡਾਂ ਕੇ ਕਈ ਪਰਵਾਰਬੂਹੇ ਮਾ ਆਪਣੀ ਕੁੜੀ ਯਾ ਆਪਣੇ ਮੁੰਡੇ ਕਾ ਰਿਸ਼ਤਾ ਕਰ ਦੇਂ ਤੇ ਕਿ ਚਲੋ ਬੂਹੇ ਕਿ ਸਭਾ ਮਾ ਆ ਕੈ ਰਹਿਣਾ ਕਾ ਫ਼ਿਕਰ ਨੀ ਹੋਵੇਗਾ । ਇਸ ਤਰ੍ਹਾਂ ਬਹੁਤ ਸਾਰੇ ਰਿਸ਼ਤੇ ਇਸ ਸਭਾ ਕੀ ਬੀ ਦੇਣ ਐਂ ।

ਸੰਤ ਕਿਰਪਾ ਸਿੰਘ ਕੇ ਚੋਲਾ ਤਿਆਗਣੇ (ਪਰਲੋਕ ਗਮਨ) ਤੇ ਬਾਅਦ, ਸਭਾ ਨੂੰ ਸੰਤ ਸਾਵਣ ਸਿੰਘ ਨੈ ਜਾਰੀ ਰੱਖਿਆ । ਸੰਤ ਕਿਰਪਾ ਸਿੰਘ ਅਰ ਸੰਤ ਸਾਵਣ ਸਿੰਘ ਦੋਨਾਂ ਨੈ ਆਪਣਾ ਸਾਰਾ ਜੀਵਨ ਧਰਮ-ਪ੍ਰਚਾਰ ਅਰ ਸਮਾਜ-ਸੇਵਾ ਮਾ ਈ ਲਗਾ ਦੀਆ, ਯਹਾਂ ਤੱਕ ਕੈ ਬਿਆਹ ਬੀ ਨੀ ਕਰਵਾਇਆ । ਸੰਤ ਸਾਵਣ ਸਿੰਘ ਅਕਾਲੀ ਦਲ ਦੇ ਮੈਂਬਰ ਹੋਣੇ ਕੈ ਗੈਲ-ਗੈਲ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੇ ਮੈਂਬਰ ਬੀ ਤੇ । ਸੰਤ ਸਾਵਣ ਸਿੰਘ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਕੇ ਬਹੁਤ ਖ਼ਾਸ ਤੇ । ਪਿੰਡ ਕੇ ਬਜ਼ੁਰਗਾਂ ਅਰ ਸ. ਤੇਜਾ ਸਿੰਘ ਬੂਹਾ ਮੁਤਾਬਕ ਸੰਤ ਸਾਵਣ ਸਿੰਘ ਤੇ ਬਾਅਦ ਇਸ ਸਭਾ ਗੈਲ ਰਾਜਨੀਤਿਕ ਪੱਖ ਬੀ ਜੁੜ ਗਿਆ । ਸੰਤ ਸਾਵਣ ਸਿੰਘ ਕੇ ਸਮੇਂ ਮਾ ਪੰਜਾਬ ਕਾ ਬਹੁਤ ਸਾਰੇ ਮੁੱਖ-ਮੰਤਰੀ ਅਰ ਮੰਤਰੀ ਇਸ ਸਭਾ ਪਰ ਆਏ । ਲਛਮਣ ਸਿੰਘ ਗਿੱਲ ਤੇ ਪ੍ਰਕਾਸ਼ ਸਿੰਘ ਬਾਦਲ (ਮੁੱਖ-ਮੰਤਰੀ), ਆਤਮਾ ਸਿੰਘ (ਮਾਲ-ਮੰਤਰੀ) ਜਥੇਦਾਰ ਗੁਰਚਰਨ ਸਿੰਘ ਟੌਹੜਾ (ਪ੍ਰਧਾਨ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਆਦਿ ? ਉਨਾਂ ਦਿਨਾਂ ਮਾ ਗਭਲਾ ਦਵਾਨ ਐਤਵਾਰ ਨੂੰ ਰੱਖਿਆ ਜਾਵੇ ਤਾ । ਉਸ ਦਿਨ ਬੜੇ-ਬੜੇ ਨੇਤਾ ਆ ਕੇ ਹਾਜ਼ਰੀ ਲਵਾਏ ਕਰੇ ਤੇ ? ਸੰਤ ਸਾਵਣ ਸਿੰਘ ਕੇ ਸੰਸਾਰ ਨੂੰ ਅਲਵਿਦਾ ਕੈਹਣੇ ਤੇ ਬਾਅਦ ਉਨਾਂ ਕੀ ਗ਼ੈਰ-ਹਾਜ਼ਰੀ ਮਾ ਗੁਰਦੁਆਰਾ ਸਾਹਿਬ ਕੇ ਪ੍ਰਬੰਧ ਕੀ ਜਿੰਮੇਦਾਰੀ ਕਾ ਮਸਲਾ ਖੜ੍ਹਾ ਹੋ ਗਿਆ । ਕਈਆਂ ਨੂੰ ਯੋ ਬੀ ਲਗਣ ਲੱਗ ਗਿਆ ਕਿ ਸ਼ੈਦ ਇਬ ਸਭਾ ਨੀ ਲਗੇਗੀ । ਇਸ ਸਮੇਂ ਮਾ

ਪਿੰਡ ਵਾਲਿਆਂ ਨੈ ਬੜੀ ਬਹਾਦਰੀ ਦਖਾਈ, ਯੋ ਫ਼ੈਸਲਾ ਲੀਆ ਕਿ ਸਭਾ ਹਰ ਹਾਲ ਮਾ ਲਗੇਗੀ ? ਫੇਰ ਗੁਰਦੁਆਰਾ ਸਾਹਿਬ ਕੇ ਸਾਰੇ ਪ੍ਰਬੰਧ ਜੋ ਪੈਹਲਾਂ ਸੰਤ ਸਾਵਣ ਸਿੰਘ ਕੇ ਪਾਸ ਤਾ, ਬਾਸਤੈ ਇੱਕ ਕਮੇਟੀ ਬਣਾ ਲੀ ਗਈ । ਗੁਰਦੁਆਰਾ ਸਾਹਿਬ ਜੋ ਸਭਾ ਦਾ ਕੇਂਦਰੀ ਧੁਰਾ ਐ ਅਰ ਜਿਸ ਕੇ ਨਾਮ ਕਾਫ਼ੀ ਜ਼ਮੀਨ ਬੀ ਹੈ ਕਾ ਸਾਰਾ ਪ੍ਰਬੰਧ ਫੇਰ ਇਸ ਕਮੇਟੀ ਕੇ ਪਾਸ ਆ ਗਿਆ । ਗੁਰਦੁਆਰਾ ਸਾਹਿਬ ਕੀ ਬਾਤ ਹੋਵੈ ਅਰ ਮਹਾਨ ਆਤਮਾ, ਤਿਆਗ ਕੀ ਮੂਰਤ ਮਾਤਾ ਰਾਮ ਕੌਰ ਜੀ ਕਾ ਜ਼ਿਕਰ ਨਾ ਆਵੇ ਯੋ ਤੋ ਹੋ ਈ ਨੀ ਸਕਦਾ । ਮਾਤਾ ਰਾਮ ਕੌਰ ਮੋਹੀ ਪਿੰਡ ਕੀ ਧੀ ਤੀ ਅਰ ਥੂਹੇ ਮਾ ਉਨਾਂ ਕਾ ਬਿਆਹ ਹੋਇਆ ਤਾ । ਭਰੀ ਜਵਾਨੀ ਮਾ ਈ ਬਚਾਰੀ ਵਿਧਵਾ ਹੋ ਗੀ ? ਉਨਾਂ ਨੈ ਦੁਬਾਰਾ ਬਿਆਹ ਨੀ ਕਰਵਾਇਆ ਅਰ ਆਪਣਾ ਸਾਰਾ ਜੀਵਨ ਗੁਰਦੁਆਰਾ ਸਾਹਿਬ ਮਾ ਈ ਲੰਗਰ ਕੀ ਸੇਵਾ ਕਰਦੇ ਅਰ ਨਾਮ ਜਾਪਦੇ-ਜਪਦੇ ਉਸ ਪਰਮਾਤਮਾ ਕੇ ਲੇਖੇ ਲਾ ਦੀਆ । ਮਾਤਾ ਰਾਮ ਕੌਰ ਜੀ ਨੈ ਪਤੀ ਵਾਲ਼ੀ ਉਸ ਕੇ ਹਿੱਸੇ ਮਾ ਆਈ 40 ਬੀਘੇ ਜ਼ਮੀਨ ਬੀ ਗੁਰਦੁਆਰਾ ਸਾਹਿਬ ਕੇ ਨਾਮ ਕਰ ਦੀ । ਗੁਰਦੁਆਰਾ ਸਾਹਿਬ ਕਾ ਪ੍ਰਬੰਧ ਥੋੜ੍ਹੇ ਬਹੁਤੇ ਬਦਲਾਵਾਂ ਗੈਲ ਇਬ ਬੀ ਉਸੀ ਤਰ੍ਹਾਂ ਚੱਲ ਰਿਆ ਐ । 20 ਕੁ ਸਾਲ ਪੈਹਲਾਂ ਤੱਕ ਤੋ ਸਭਾ ਪਿੰਡ ਕੇ ਬਾਹਰਵਰ ਖਾਲੀ ਸ਼ਾਮਲਾਟ ਜਗਾ ਮਾ ਲੱਗਦੀ ਰਹੀ, ਫੇਰ ਉਸ ਜਗ੍ਹਾ ਮਾ ਟੈਲੀਫੂਨ ਐਕਸਚੇਂਜ ਬਣਨੇ ਕਰਕੈ ਅਰ ਲੋਕਾਂ ਕੀ ਭੀੜ ਘਟਣੇ ਕਰਕੈ ਇਬ ਪਿੰਡ ਕੇ ਗੁਰਦੁਆਰਾ ਸਾਹਿਬ ਮਾ ਈ ਲਗਣ ਲੱਗ ਗੀ ।ਇਬ ਪਿਛਲੇ ਕੁਛ ਕ ਸਾਲਾਂ 'ਤੇ ਰਾਤ ਨੂੰ ਦਵਾਨ ਥੋੜ੍ਹਾ ਜਲਦੀ ਸਮਾਪਤ ਹੋਣ ਲੱਗ ਗਿਆ ਐ ਜੋ ਦੁਖ ਕੀ ਬਾਤ ਐ ਪਰ ਖ਼ੁਸ਼ੀ ਕੀ ਬਾਤ ਬੀ ਐ ਕਿ ਟੈਮ ਏ ਘਟਿਆ, ਲੀਹ ਤੋਂ ਚੱਲ ਏ ਰਹੀ ਐ । ਚਾਹੇ ਬਾਹਰ ਕੇ ਰਿਸ਼ਤੇਦਾਰ ਇਬ ਆਣੇ ਘਟਗੇ, ਦੁਕਾਨਾਂ ਬੀ ਘੱਟ ਲਗਣ ਲੱਗ ਗੀਆਂ ਪਰ ਸਭਾ ਕੇ ਦਵਾਨ ਲੱਗ ਰੇ ਐਂ, ਉਸੀ ਤਰ੍ਹਾਂ ਅਖੰਡ-ਪਾਠ ਕੇ ਭੋਗ ਅਰ ਕਥਾ-ਕੀਰਤਨ ਤੇ ਬਾਅਦ ਤਿੰਨ ਦਿਨ ਦਵਾਨ ਲਗ ਰੇ ਐਂ । ਕਈ ਚੀਜ਼ਾਂ ਕਾ ਪ੍ਰਬੰਧ ਇਬ ਨੌਜਵਾਨ ਪੀੜ੍ਹੀ ਕੇ ਹੱਥਾਂ ਮਾ ਐ, ਜੋ ਯੋ ਸੋਚਾ ਕਿ ਜੋ ਮਰਜੀ ਹੋ ਜੈ, ਨਾ ਤੋ ਇਸ ਸਭਾ ਮਾ ਰਾਜਨੀਤੀ ਬਾੜੇਂਗੇ ਅਰ ਨਾ ਇਸ ਨੂੰ ਬੰਦ ਹੋਣ ਦੇਂਗੇ ।

* * *

# ਬੜੈਲ ਨੇ ਝੱਲਿਆ, ਸ਼ਹਿਰ ਦਾ ਕਹਿਰ

**ਕਸ਼ਮੀਰ ਕੌਰ ਸੰਧੂ**

ਸ਼ਹਿਰੀਕਰਣ ਨੇ ਪਿੰਡ ਉਜਾੜੇ।
ਰੁਲ ਗਏ ਕੁਦਰਤ ਦੇ ਨਜ਼ਾਰੇ॥

ਮੇਰਾ ਪਿਆਰਾ ਪਿੰਡ ਬੜੈਲ।
ਉਸਦੇ ਖੇਤ ਖਾ ਗਿਆ ਸ਼ਹਿਰ॥

ਵਸ ਗਿਆ ਇੱਥੇ ਫ਼ੁਰਤੀ ਨਾਲ।
ਚੰਡੀਗੜ੍ਹ ਜਿਹਾ ਸ਼ਹਿਰ ਕਮਾਲ॥

ਇਤਿਹਾਸਾਂ ਦੀ ਖੇਹ-ਖਰਾਬੀ।
ਵਿਕ ਗਿਆ ਪਿੰਡ ਦਾ ਕਿਲ੍ਹਾ ਨਵਾਬੀ॥

ਵੱਡ-ਵਡੇਰੀ ਦੌਲਤ ਖੋ ਗਈ।
ਬਾਗ਼-ਬਹਾਰਾਂ ਦੀ ਰੁੱਤ ਖੋ ਗਈ॥

ਦੁਨੀਆ-ਭਰ ਦੇ ਅੰਬ-ਬਿਰਖਾਂ ਵਿਚ।
ਜੰਗਲ-ਜੂਹਾਂ ਤੇ ਮਿਲਖਾਂ ਵਿੱਚ॥

ਬੜੈਲ ਦਾ ਇਕ ਅੰਬ-ਬਿਰਖ ਸੀ ਅੱਵਲ।
ਅੱਜ ਵੀ ਦਿਲ ਉਹਦੇ ਲਈ ਬਿਹਬਲ॥

ਗੱਡਾ ਭਰ ਕੇ ਅੰਬ ਉਤਰਦੇ
ਪੱਕੇ ਮਿੱਠੇ ਢੇਰ ਟਪਕਦੇ।

ਰਿਸ਼ੀ ਜਿਹਾ ਅੰਬੀਂ ਦਾ ਬੂਟਾ।
ਧਰਤੀ ਤੇ ਸੁਰਗਾਂ ਦਾ ਝੂਟਾ॥

ਅੱਖੀਂ ਵੇਖਿਆ ਜਾ ਕੇ ਕੋਲ।
ਕੁਦਰਤ ਦਾ ਤੋਹਫ਼ਾ ਅਨਮੋਲ॥

ਟਾਹਣੇ ਉੱਪਰੋਂ ਹੇਠਾਂ ਆਂਦੇ।
ਆ ਕੇ ਧਰਤੀ ਤੇ ਟਿਕ ਜਾਂਦੇ॥

ਧਰਤ ਤੋਂ ਫੇਰ ਫਲਕ ਵੱਲ ਜਾਂਦੇ।
ਤਪੱਸਵੀ ਦੀ ਕੁਟੀਆ ਬਣ ਜਾਂਦੇ॥

ਸਾਡਾ ਦੇਸ਼ , ਸਾਡੀ ਸਰਕਾਰ
ਸੁਣੀਂ ਕਿਸੇ ਨਾ ਕੋਈ ਪੁਕਾਰ॥

ਦੈਂਤ ਜਿਹੇ ਬੁਲਡੋਜ਼ਰ ਆ ਗਏ।
ਪਲਾਂ 'ਚ ਅੰਬ-ਬਿਰਖ ਨੂੰ ਢਾ ਗਏ॥

ਤਿੰਨ ਬੀਘੇ ਵਿਚ ਫੈਲਿਆ ਹੋਇਆ
ਉਹ ਅੰਬ-ਬਿਰਖ ਅੱਜ ਸੁਫ਼ਨਾ ਹੋਇਆ॥

ਉਸ ਇਤਿਹਾਸਕ ਅੰਬ ਦੀ ਥਾਂ ਤੇ
ਵਸ ਗਿਆ ਸੈਕਟਰ ਤੇਤੀ ਆ ਕੇ॥

ਪੁੱਛਦੀ ਸੀ ਕਲ੍ਹ ਕੋਇਲ ਰਾਣੀ-
"ਕਿਥੇ ਗਿਆ ਬਹਾਰ ਦਾ ਹਾਣੀ??"

ਪਿੰਡਾਂ ਨੂੰ ਖਾ ਜਾਂਦਾ ਸ਼ਹਿਰ।
ਕੁਦਰਤ 'ਤੇ ਢਾ ਜਾਂਦਾ ਕਹਿਰ॥

****

## ਦਾਸਤਾਨਿ-ਪੁਆਧ

ਮਨਮੋਹਨ ਸਿੰਘ ਦਾਊਂ

ਉਸਰ ਗਈਆਂ ਬਹੁ-ਮੰਜ਼ਲੀ ਇਮਾਰਤਾਂ
ਤੇ ਸੜਕਾਂ ਫਲਾਈ ਓਵਰ ਚੌੜੀਆਂ
ਮੇਰੇ ਪੁਆਧ ਵਿੱਚ।

ਦਿੱਸਣ ਨਾ ਹੁਣ ਸਿਆੜਾਂ ਵਾਲੇ
ਲਹਿਰਦੇ ਖੇਤ, ਖਲਵਾੜੇ ਤੇ ਪਥਵਾੜੇ
ਮੇਰੇ ਪੁਆਧ ਵਿੱਚ।

ਮੱਕੀ, ਛੋਲੇ, ਮੂੰਗਫਲੀ, ਕਪਾਹ, ਇੱਖ
ਮਾਂਹ, ਮਸਰੀ, ਮੋਠ, ਮੂੰਗੀ,
ਸਰੋਂ, ਸੂੰਹ, ਅਲਸੀ ਨਾ ਦਿਸਣ ਖੇਤੀਂ
ਮੇਰੇ ਪੁਆਧ ਵਿੱਚ।

ਸਣ, ਸਣੀ, ਤਾਰਾ-ਮੀਰਾ ਦੇ ਫੁੱਲ ਸੁਗੰਧੜੇ
ਨਾ ਨਜ਼ਰੀਂ ਪੈਣ ਕਿਧਰੇ
ਮੇਰੇ ਪੁਆਧ ਵਿੱਚ।

ਅੰਬਾਂ ਦੀ ਧਰਤੀ ਕਹਿੰਦੇ ਸੀ ਜਿਸ ਨੂੰ
ਉੱਜੜ ਗਏ ਉਹ ਬਾਗ ਸੰਘਣੇ
ਮੇਰੇ ਪੁਆਧ ਵਿੱਚ।

ਜੋ ਚੋਏ, ਚੋਈਆਂ, ਨਾਲੇ, ਨਦੀਆਂ
ਗਾਉਂਦੀਆਂ ਸੀ ਰਾਗ ਭਗਤ ਆਸਾ ਰਾਮ ਦਾ
ਭੂਮੀ-ਮਾਫ਼ੀਆਂ ਹੜੱਪ ਲਈਆਂ
ਮੇਰੇ ਪੁਆਧ ਵਿੱਚ।

ਜਾਮਣਾਂ, ਜਮੋਏ, ਟਾਹਲੀਆਂ, ਢੱਕ, ਕਿੱਕਰਾਂ
ਨਿੰਮ, ਡੇਕਾਂ, ਬੋਹਲ, ਪਿੱਪਲ, ਪਿਲਕਣਾਂ
ਠੇਕੇਦਾਰਾਂ ਪੁੱਟ ਸੁੱਟੇ ਧੜਾ-ਧੜ
ਮੇਰੇ ਪੁਆਧ ਵਿੱਚ।

ਪਿੰਡ ਦੀਆਂ ਡੌਲਾਂ, ਵੱਟਾਂ, ਪਗਡੰਡੀਆਂ
ਗੋਹਰਾਂ, ਪੇਹੇ, ਪਹੀਆਂ, ਫਿਰਨੀਆਂ
ਮੇਟ ਦਿੱਤੀਆਂ ਕੰਪਨੀਆਂ ਨੇ
ਮੇਰੇ ਪੁਆਧ ਵਿੱਚ।

ਪੂਰ ਦਿੱਤੇ ਖੂਹ, ਟੋਭੇ, ਛੱਪੜ, ਛੱਪੜੀਆਂ
ਬੰਦ ਹੋਏ ਨਲਕੇ ਤੇ ਜਲ-ਬੰਬੀਆਂ
ਗਰਕ ਗਿਆ ਪਾਣੀ ਕਿਧਰੇ
ਮੇਰੇ ਪੁਆਧ ਵਿੱਚ।

ਕਾਂ, ਚਿੜੀ, ਗੁਟਾਰਾਂ, ਬਗਲੇ ਤੇ ਬਟੇਰੇ
ਇੱਲਾਂ, ਮੋਰ, ਤੋਤੇ ਤੇ ਮੁਰਗਾਬੀਆਂ
ਰੁੱਸ ਗਏ ਕਬੂਤਰ ਕਿਧਰੇ
ਮੇਰੇ ਪੁਆਧ ਵਿੱਚ।

ਭੱਜ ਗਏ ਨੇ ਬਾਰਾਂ ਸਿੰਗੇ ਹਿਰਨ ਕਿਧਰੇ
ਸਾਹੇ, ਗੋਹਾਂ, ਨਿਊਲੇ, ਸੇਹਾਂ ਪਿਆਰੀਆਂ
ਮੇਰੇ ਪੁਆਧ ਵਿੱਚ।

ਚੇਤੇ ਆਉਣ ਲੋਪ ਕੀਤੇ ਪਿੰਡ ਛੱਬੀ
ਚੰਡੀਗੜ੍ਹ, ਵਸਾਉਣ ਲਈ
ਸਭਿਆਚਾਰ ਵਿਰਾਸਤ ਦੇ ਪ੍ਰਤੀਕ ਸਨ
ਮੇਰੇ ਪੁਆਧ ਵਿੱਚ।

ਉੱਜੜ ਕੇ ਮੁੜ ਵੱਸਣਾ
ਬਹੁਤ ਮੁਹਾਲ ਹੁੰਦਾ ਲੋਕਾਂ ਨੂੰ
ਢੱਠੇ ਘਰਾਂ ਦੀ ਇਹ ਦਾਸਤਾਂ
ਮੇਰੇ ਪੁਆਧ ਵਿੱਚ।

ਬਦਲਣਾ ਸੀ, ਬਦਲ ਜਾਣਾ ਨਿਯਮ ਹੈ।
ਪਰ ਮਾਂ ਬੋਲੀ ਤੇ ਧਰਤ ਦੀ ਕੁੱਖ ਬੋਚਣਾ
ਲੋਕ-ਤੰਤਰੀ ਸੱਤਾ ਦਾ ਇਹ ਫ਼ਰਜ਼ ਹੈ।
ਮੇਰੇ ਪੁਆਧ ਵਿੱਚ।

* * *

# ਖੰਡ - ਛੇਵਾਂ ਅੰਤਿਕਾ

ੴ ਸਤਿਗੁਰ ਪ੍ਰਸਾਦਿ॥
## ਸ੍ਰੀ ਗੁਰੂ ਸਿੰਘ ਸਭਾ ਜ਼ਿਲ੍ਹਾ ਰੋਪੜ ਮਾਸਕ ਪੱਤਰ
## ਸਿੰਘ ਸਭਾ ਸੰਦੇਸ਼

**ਨੰਬਰ 37, ਅਪ੍ਰੈਲ 1983** **-ਕੈਪਟਨ ਧਰਮ ਸਿੰਘ ਬਡਾਲਾ**

(ਸ਼ਹੀਦੀ ਅੰਕ 2 )

*ਇਹ ਦੁਰਲੱਭ ਲਿਖਤ ਕੈਪਟਨ ਧਰਮ ਸਿੰਘ (ਬਡਾਲਾ ਨੇੜੇ ਖਰੜ) ਦੀ ਜੋ ਸਿੰਘ ਸਭਾ ਸੰਦੇਸ਼ ਨਾਂ ਥੱਲੇ 1983 ਨੂੰ ਸ੍ਰੀ ਗੁਰੂ ਸਿੰਘ ਸਭਾ ਜ਼ਿਲ੍ਹਾ ਰੋਪੜ ਮਾਸਕ, ਪੱਤਰ 'ਚੋਂ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਕੈਪਟਨ ਧਰਮ ਸਿੰਘ ਦੀ ਵਿਦਵਤਾ ਦੇ ਪੱਖੋਂ ਇਹ ਇਤਿਹਾਸਕ ਜਾਣਕਾਰੀ ਸਾਨੂੰ ਆਪਣੇ ਵਿਰਸੇ ਤੇ ਗੌਰਵ ਕਰਨ ਲਈ ਸੁਚੇਤ ਕਰਦੀ ਹੈ।* – **ਸੰਪਾਦਕ**

ਅਸੀਂ ਪਿਛਲੇ ਅੰਕ ਵਿਚ ਦੱਸ ਚੁੱਕੇ ਹਾਂ ਕਿ ਮੁੱਠੀ ਭਰ ਗਿਣਤੀ ਸਿੱਖ ਕੌਮ ਨੇ ਆਪਣਾ ਲਹੂ ਵਹਾਕੇ ਬਦੇਸੀ ਜਾਬਰਾਂ ਦੇ ਰਸਤੇ ਸਦਾ ਲਈ ਬੰਦ ਕਰ ਦਿੱਤੇ ਸਨ ਜਿਹਨਾਂ ਰਾਹੀਂ ਉਹ ਸਤ ਸੌ ਸਾਲ ਤੋਂ ਹਿੰਦ 'ਤੇ ਹਮਲੇ ਕਰਦੇ ਅਤੇ ਲੁੱਟ ਮਾਰ ਕਰਦੇ ਆ ਰਹੇ ਹਨ ਮਗਰ ਦੁੱਖ ਦੀ ਗੱਲ ਹੈ ਕਿ ਹਿੰਦ ਦੀਆਂ ਦੂਜੀਆਂ ਬਹੁਤ ਗਿਣਤੀਆਂ ਦੀਆਂ ਕੌਮਾਂ ਮਰਹੱਟੇ, ਰਾਜਪੂਤ ਜਾਟ ਆਦਿ ਅੰਗਰੇਜ਼ ਹਕੂਮਤ ਨੂੰ ਹਿੰਦ ਵਿੱਚ ਦਾਖਲ ਹੋਣ ਤੋਂ ਰੋਕ ਨਾ ਸਕੀਆਂ। 1849 ਈ. ਵਿਚ ਪੰਜਾਬ 'ਤੇ ਕਬਜ਼ਾ ਕਰਕੇ ਅੰਗਰੇਜ਼ ਸਾਰੇ ਹਿੰਦ ਦੇ ਹਾਕਮ ਬਣ ਬੈਠੇ ਸਨ। 1857 ਵਿੱਚ ਯੂ.ਪੀ. ਦੇ ਕੁਝ ਯੋਧਿਆਂ ਨੇ ਤਸ਼ਦਦ ਦਾ ਸਹਾਰਾ ਲੈ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰਨੀ ਚਾਹੀ, ਜੋ ਅਸਫਲ ਰਹੀ। ਇਸ ਘਟਨਾ ਨੂੰ ਦਸ ਸਾਲ ਹੀ ਬੀਤੇ ਸਨ ਕਿ ਪੰਜਾਬ ਵਿੱਚ ਨਾਮਧਾਰੀ ਸਿੱਖਾਂ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਸ਼ੁਰੂ ਕੀਤਾ। ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਭੁੰਨਕੇ ਅਤੇ ਬਾਬਾ ਰਾਮ ਸਿੰਘ ਨੂੰ ਕੈਦ ਕਰਨ ਰੰਗੂਨ ਭੇਜ ਦਿਤਾ। ਇਸ ਤਰ੍ਹਾਂ ਇਹ ਸੰਘਰਸ਼ ਅਸਫ਼ਲ ਬਣਾ ਦਿੱਤਾ।

ਸਿੱਖ ਕੌਮ ਨੂੰ ਪੰਜਾਬ ਦਾ ਰਾਜ ਖੁਸ ਜਾਣ ਕਾਰਨ ਭਾਰੀ ਢਾਹ ਲੱਗ ਗਈ ਸੀ। ਸਿੱਖੀ ਚਲਨ ਅਤੇ ਸਿੱਖ ਰਹਿਤ ਮਰਿਯਾਦਾ ਦਾ ਵਿਰੋਧੀ ਹੜ੍ਹ ਚਲ ਪਿਆ ਸੀ ਸਿੱਖਾਂ ਦੀ ਗਿਣਤੀ ਇਕ ਕਰੋੜ ਤੋਂ ਘਟਕੇ ਵੀਹ ਲੱਖ ਤਕ ਅਪੜ ਗਈ ਸੀ, ਖਾਲਸੇ ਦੀ ਤਲਵਾਰ ਲੱਕ ਨਾਲੋਂ ਖੁਸ ਕੇ ਕੰਘੇ ਨਾਲ ਬੰਨ੍ਹੀ ਜਾ ਚੁੱਕੀ ਸੀ। ਖਾਲਸੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਅਸੂਲ ਸ਼ਾਂਤਮਈ ਹਥਿਆਰ ਵਰਤਦਿਆਂ ਆਜ਼ਾਦੀ ਦੇ ਸੰਘਰਸ਼ ਨੂੰ ਕਾਇਮ ਰਖਿਆ। ਇਸ ਸਮੇਂ ਗੁਰੂ ਸਾਹਿਬ ਨੇ ਕੌਮ ਦੀ ਸਹਾਇਤਾ ਆਪ ਕੀਤੀ ਅਤੇ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ। ਸਿੰਘ ਸਭਾ ਲਹਿਰ ਦੇ ਮੁਖੀਆਂ ਨੇ ਗਰੂ ਡੰਮ, ਛੂਤ ਛਾਤ, ਮੜੀ ਮਸਾਣ ਅਤੇ ਮੂਰਤੀ ਪੂਜਾ ਵਿਰੁੱਧ ਅਤੇ ਪੰਜਾਬੀ ਗੁਰਮੁਖੀ ਪ੍ਰਣਾਲੀ ਦਾ ਮੁੱਢ ਬੰਨ੍ਹ ਖਾਲਸੇ ਦਾ ਆਦਰਸ਼ ਨਿਆਰਾਪਣ ਦਾ ਅਦੁਤੀ ਪ੍ਰਚਾਰ ਆਰੰਭ ਕੀਤਾ। ਇਸ ਸਭਾ ਦੇ ਮੁਖੀ ਗਿਆਨੀ ਦਿੱਤ ਸਿੰਘ ਨੇ ਤੀਹ ਦੇ ਲੱਗਭਗ ਪੁਸਤਕਾਂ ਪ੍ਰਕਾਸ਼ਤ ਕਰਕੇ ਸਿੱਖੀ ਜਜ਼ਬੇ ਦਾ ਜੋਸ਼ ਭਰ ਦਿੱਤਾ। ਜਿਸ ਦੇ ਫਲ ਸਰੂਪ ਅਕਾਲੀ ਲਹਿਰ ਨੇ ਜਨਮ ਲਿਤਾ। ਵੀਹਵੀਂ ਸਦੀ ਦੇ ਅਰੰਭ ਵਿਚ ਬਹੁਤ ਸਾਰੇ ਪੰਜਾਬੀ ਬਦੇਸਾਂ ਵਿਚ ਪੁੱਜ ਅਜ਼ਾਦੀ ਦੇ ਜੀਵਨ ਦਾ ਫਰਕ ਦੇਖ ਚੁੱਕੇ ਸਨ। ਬਦੇਸ਼ਾਂ ਤੋਂ ਮੁੜ ਰਹੇ ਕੁਝ ਸਿੱਖਾਂ ਨੂੰ ਸੰਨ 1914 ਵਿੱਚ ਬੱਜ-ਬੱਜ ਦੇ ਘਾਟ ਪਰ ਗੋਲੀਆਂ ਨਾਲ ਭੁੰਨਿਆ ਗਿਆ, ਫਾਂਸੀ ਤੇ ਲਟਕਾਏ ਗਏ, ਜੇਹਲ ਕੋਠੜੀਆਂ ਵਿੱਚ ਡੱਕੇ ਗਏ, ਜੋ ਕਿਸੇ ਢੰਗ ਬੱਚ ਨਿਕਲੇ ਉਹ ਗ਼ਦਰੀ ਬਾਬਿਆਂ ਦੇ ਨਾਮ ਨਾਲ ਪ੍ਰਸਿਧ ਹੋਏ। 1919 ਦੀ ਵਿਸਾਖੀ ਜਲ੍ਹਿਆਂ ਵਾਲੇ ਬਾਗ਼ ਦੀ ਖ਼ੂਨੀ ਕਹਾਣੀ ਦੇ ਨਾਮ ਨਾਲ ਪ੍ਰਸਿੱਧ ਹੈ ਜਦੋਂ ਕਿ ਲਾਹੌਰ ਦੇ ਅੰਗਰੇਜ਼ ਫੌਜੀ ਜਰਨੈਲ ਡਾਇਰ ਨੇ ਇਕ ਹਜ਼ਾਰ ਦੇ ਲਗਭਗ ਨਿਰਦੋਸ਼ੇ ਸਿੱਖ, ਹਿੰਦੂ ਅਤੇ ਮੁਸਲਮਾਨਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਅੰਮ੍ਰਿਤਸਰ ਸ਼ਹਿਰ ਵਿਚ ਫਾਂਸੀ ਗੱਡ ਕੇ ਅਨੇਕਾਂ ਸਿੱਖ ਹਿੰਦੂ ਅਤੇ ਮੁਸਲਮਾਨ ਫਾਂਸੀ ਦੇ ਤਖ਼ਤੇ ਲਟਕਾ ਦਿੱਤੇ।

ਅਠਾਰਵੀਂ ਅਤੇ ਉਨੀਂਵੀਂ ਸਦੀ ਵਿੱਚ ਖਾਲਸਾ ਪੰਥ ਜੰਗੀ ਰੁਝੇਵਿਆਂ ਵਿਚ ਰੁਝਾ ਹੋਣਾ ਕਾਰਨ ਆਪਣੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਸਾਧਾਂ-ਮਹੰਤਾ ਨੂੰ ਨੀਅਤ ਕਰ ਚੁੱਕਾ ਸੀ। ਵੀਹਵੀਂ ਦੇ ਅਰੰਭ ਵਿੱਚ ਇਹ ਸਾਧ ਮਹੰਤ

ਪੁਜਾਰੀ ਗੁਰਦੁਆਰਿਆਂ ਦੇ ਮਾਲਕ ਬਣ ਬੈਠੇ ਸਨ। ਗੁਰਦੁਆਰਿਆਂ ਦੀ ਆਮਦਨ ਨਿੱਜੀ ਜਾਇਦਾਦ ਸਮਝ ਮਨ ਮਰਜ਼ੀਆਂ ਕਰਨੀਆਂ ਅਰੰਭ ਦਿੱਤੀਆਂ, ਏਥੋਂ ਤੱਕ ਕਿ ਖੁਲ੍ਹੇ ਆਮ ਯਾਤਰੂਆਂ ਦੀ ਬੇ-ਹੁਰਮਤੀ ਕਰਨੀ, ਸ਼ਰਾਬ ਦੇ ਦੌਰ ਚਲਣੇ, ਵੇਸਵਾ ਦਾ ਨਾਚ ਹੋਣਾ ਆਦਿ ਕੁਕਰਮ ਕਰਨੇ ਸ਼ੁਰੂ ਹੋ ਗਏ। ਪੰਥ-ਪ੍ਰੇਮੀਆਂ ਨੇ ਇਹਨਾਂ ਹੋ ਰਹੀਆਂ ਕੁਰੀਤੀਆਂ ਤੋਂ ਗੁਰਦੁਆਰੇ, ਮੁਕਤ ਕਰਵਾਉਣ ਲਈ ਵਿਚਾਰਾਂ ਅਰੰਭ ਕਰ ਦਿੱਤੀਆਂ।

21 ਅਕੂਤਬਰ, 1920 ਨੂੰ ਅੰਮ੍ਰਿਤਸਰ ਦੀਆਂ ਵਸਨੀਕ ਪਛੜੀਆਂ ਸ਼੍ਰੇਣੀਆਂ ਖਾਲਸਾ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਕਾਬਜ਼ ਮਹੰਤਾਂ ਤੋਂ ਆਜ਼ਾਦ ਕਰਵਾਇਆ। ਇਸ ਪੰਥ ਹਿਤੈਸ਼ੀਆਂ ਦੇ ਹੌਂਸਲੇ ਵਧ ਗਏ। 26 ਜਨਵਰੀ, 1921 ਨੂੰ ਗੁਰਦੁਆਰਾ ਤਰਨਤਾਰਨ ਵਿਖੇ ਮਹੰਤਾਂ ਅਤੇ ਪੰਥਕ ਪ੍ਰੇਮੀਆਂ ਵਿਚਕਾਰ ਹੋ ਰਹੇ ਵਿਚਾਰ ਵਟਾਂਦਰੇ ਵਿੱਚ ਭੂਤਰੇ ਹੋਏ ਮਹੰਤਾਂ ਦੇ ਸਾਥੀਆਂ ਨੇ ਹਮਲਾ ਕਰਕੇ ਦੋ ਸਿੰਘ ਸ਼ਹੀਦ ਕਰ ਦਿੱਤੇ ਅਤੇ 7 ਸਿੰਘ ਜ਼ਖ਼ਮੀ ਕੀਤੇ, ਇਹ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਹਨ।

ਨਨਕਾਣੇ ਸਾਹਿਬ ਦਾ ਮਹੰਤ ਜੋ ਗੁਰਦੁਆਰੇ ਦੀ ਇਕ ਸੌ ਮੁਰਬਾ ਜ਼ਮੀਨ ਅਤੇ ਲੱਖਾਂ ਰੁਪਏ ਸਲਾਨਾ ਆਮਦਨ ਦਾ ਮਾਲਕ ਬਣ ਚੁੱਕਾ ਸੀ। ਜਨਮ ਅਸਥਾਨ ਪਰ ਖੁਲ੍ਹੇਆਮ ਸ਼ਰਾਬ ਦੀ ਵਰਤੋਂ ਕਰਦਾ ਅਤੇ ਵੇਸਵਾ ਨਾਚ ਕਰਵਾਉਂਦਾ ਸੀ, ਸ੍ਰ ਗੁ.ਪ੍ਰ.ਕ ਅਤੇ ਸ਼੍ਰੋਮਣੀ ਅਕਾਲੀ ਦਲ ਜੋ ਹੁਣੇ ਹੀ ਵਜੂਦ ਵਿਚ ਆਏ ਸਨ ਦੇ ਮੈਂਬਰਾਂ ਨੇ ਇਕ ਇਕਤ੍ਰਤਾ ਵਿੱਚ ਫੈਸਲਾ ਕੀਤਾ ਕਿ ਮਾਰਚ ਦੇ ਪਹਿਲੇ ਹਫ਼ਤੇ ਨਨਕਾਣੇ ਸਾਹਿਬ ਵਿੱਚ ਵੱਡੀ ਕਾਨਫਰੰਸ ਕਰਕੇ ਮਹੰਤ ਨੂੰ ਇਹਨਾਂ ਕੀਤੇ ਜਾ ਰਹੇ ਕੁਕਰਮਾਂ ਤੋਂ ਵਰਜਿਆ ਜਾਵੇ। ਮਹੰਤ ਨੂੰ ਵੀ ਇਸ ਫੈਸਲੇ ਦੀ ਖ਼ਬਰ ਮਿਲ ਗਈ। ਮਹੰਤ ਨੇ ਅੰਗਰੇਜ਼ ਗਵਰਨਰ ਅਤੇ ਡਿਪਟੀ ਕਮਿਸ਼ਨਰ ਦੀ ਸ਼ਹਿ ਪਰ ਬਹੁਤ ਸਾਰੇ ਗੁੰਡੇ ਅਤੇ ਹਥਿਆਰਬੰਦ ਪਠਾਣ ਨੌਕਰ ਰੱਖ ਕੇ ਸਿੱਖਾਂ ਦਾ ਮੁਕਾਬਲਾ ਕਰਨ ਲਈ ਤਿਆਰੀਆਂ ਅਰੰਭ ਕੀਤੀਆਂ। 20 ਫਰਵਰੀ, 1921 ਨੂੰ ਦੌ ਸੌ ਸਿੰਘਾਂ ਨੇ ਜਥੇਦਾਰ ਲਛਮਣ ਸਿੰਘ ਦੀ ਅਗਵਾਈ ਵਿਚ ਜਨਮ ਅਸਥਾਨ ਵਿਖੇ ਪੁਜ ਕੇ ਕੀਰਤਨ ਅਰੰਭ ਕਰ ਦਿੱਤਾ। ਮਹੰਤ ਦੇ ਹੁਕਮ ਨਾਲ

ਗੁੰਡਿਆਂ ਨੇ ਕੱਟ ਵੱਢ ਕਰਕੇ ਅਤੇ ਗੋਲੀਆਂ ਨਾਲ ਭੁੰਨ ਕੇ ਜਥੇ ਦੇ ਸਿੰਘ ਸ਼ਹੀਦ ਕਰ ਦਿੱਤੇ, ਮ੍ਰਿਤਕ ਅਤੇ ਜ਼ਖ਼ਮੀ ਸਰੀਰ ਮਿੱਟੀ ਦਾ ਤੇਲ ਪਾ ਕੇ ਜਨਮ ਸਥਾਨ ਤੇ ਹੀ ਸਾੜ ਦਿੱਤੇ। ਇਸ ਸਮੇਂ ਡੇਢ ਸੌ ਦੇ ਲਗਭਗ ਸਿੰਘ ਸ਼ਹੀਦ ਹੋਏ।

1922 ਵਿਚ ਗੁਰੂ ਕੇ ਬਾਗ ਦਾ ਮੋਰਚਾ ਲੱਗ ਗਿਆ। ਮਹੰਤ ਨੇ ਸਿੰਘਾਂ ਨੂੰ ਗੁਰਦੁਆਰੇ ਦੀ ਹੱਦ ਵਿੱਚੋਂ ਗੁਰੂ ਕੇ ਲੰਗਰ ਲਈ ਲੱਕੜਾਂ ਵੱਢਣ ਤੋਂ ਰੋਕ ਦਿੱਤਾ। ਐਸ.ਪੀ., ਬੀ.ਟੀ. ਦੀ ਪੁਲੀਸ ਨੇ ਡਾਗਾਂ ਮਾਰ-ਮਾਰ ਸਿੰਘਾਂ ਤੇ ਜੱਥੇ 'ਤੇ ਸੁਣ ਨਾ ਸਕਣ ਵਾਲੇ ਅਤਿਆਚਾਰ ਆਰੰਭ ਕੀਤੇ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਖਸ਼ੇ ਸਾਂਤੀਮਈ ਅਸੂਲ ਨੂੰ ਮੁੱਖ ਰੱਖਦਿਆਂ ਸਬਰ ਤੇ ਸਿਦਕ ਨਾਲ ਡਾਂਗਾਂ ਖਾਂਦੇ ਅਤੇ ਮੂੰਹ ਤੋਂ ਸਤਿਨਾਮ ਵਾਹਿਗੁਰੂ ਉਚਾਰਦੇ ਬੇਹੋਸ਼ ਹੋ ਜਾਂਦੇ।29 ਦਿਨ ਤਕ ਇਹ ਜਬਰ ਵੱਡੇ ਵਿਕਰਾਲ ਰੂਪ ਵਿਚ ਚਲਦਾ ਰਿਹਾ। ਇਹ ਕੌਤਕ ਦੇਖਣ ਲਈ ਦੇਸ਼ ਭਰ ਦੇ ਮੁਖੀ ਅੰਮ੍ਰਿਤਸਰ ਪੁਜਣ ਲੱਗੇ। ਲਾਟ ਪਾਦਰੀ ਐਂਡਰਿਉਜ਼ ਨੇ ਬੀ.ਟੀ: ਦੀਆਂ ਡਾਗਾਂ ਤੇ ਸਿੰਘਾਂ ਦੀ ਸ਼ਾਂਤੀ ਦਾ ਅਲੌਕਿਕ ਦਰਿਸ਼ ਦੇਖਿਆ ਤਾਂ ਉਹਨਾਂ (ਲਾਟ ਪਾਦਰੀ ਨੂੰ) ਹਜਰਤ ਈਸਾ ਦੀ ਕੁਰਬਾਨੀ ਯਾਦ ਆ ਗਈ। ਪਾਦਰੀ ਐਡਰਿਊਜ਼ ਵੱਲੋਂ ਹਿੰਦ ਸਰਕਾਰ ਤੇ ਜ਼ੋਰ ਪਾਉਣ ਪਰ ਸਿੰਘਾਂ ਪਰ ਲਾਠੀ ਚਲਣੀ ਬੰਦ ਹੋ ਗਈ ਅਤੇ ਗ੍ਰਿਫਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਸ੍ਰੀ ਅਕਾਲ ਤਖਤ ਤੋਂ ਇਕ-ਇਕ ਸੌ ਸਿੰਘਾਂ ਦੇ ਜਥੇ ਚਲਦੇ ਅਤੇ ਗ੍ਰਿਫਤਾਰੀ ਦਿੰਦੇ। ਅਖੀਰੀ ਜਥਾ ਇਕ ਸੌ ਫੌਜੀ ਪੈਨਸ਼ਨਾਂ ਦਾ ਸੀ, ਜੋ ਵਰਦੀ ਗਲਾਂ ਵਿੱਚ ਮੈਡਲ ਲਟਕਾ ਗ੍ਰਿਫਤਾਰ ਹੋਏ। ਇਹ ਜਥਾ 29 ਅਕਤੂਬਰ, 1922 ਨੂੰ ਅਟਕ ਜੇਲ੍ਹ ਰਾਹੀਂ ਅੰਮ੍ਰਿਤਸਰ ਤੋਂ ਚਲਿਆ। ਪੰਜਾ ਸਾਹਿਬ ਦੀ ਸਿੱਖ ਸੰਗਤ ਨੇ ਇਸ ਜਥੇ ਨੂੰ ਲੰਗਰ ਵਰਤਾਉਣ ਲਈ ਉਪਰਾਲਾ ਕੀਤਾ। ਪਤਾ ਲੱਗਾ ਕਿ ਗੱਡੀ ਹਸਨ ਅਬਦਾਲ (ਪੰਜਾ ਸਾਹਿਬ) ਸਟੇਸ਼ਨ 'ਤੋਂ ਨਹੀਂ ਖਲੋਵੇਗੀ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਨੇ ਅਰਦਾਸਾ ਸੋਧ ਰੇਲ ਦੀ ਪਟੜੀ 'ਤੇ ਆਸਣ ਜਮਾ ਲਿਆ। ਰੇਲ ਦੇ ਇੰਜਣ ਦੇ ਪਹੀਆਂ ਨੇ ਇਹਨਾਂ ਦੋਹਾਂ ਸਿੰਘ ਸੂਰਬੀਰਾਂ ਦੇ ਸਰੀਰਾਂ ਨੂੰ ਕੁਚਲਿਆ ਥੋੜ੍ਹੀ ਦੂਰ ਤੇ ਜਾ ਕੇ ਖੜੀ ਹੋਣ ਪਰ ਮਜ਼ਬੂਰ ਹੋ ਗਈ। ਕੈਦੀ ਸਿੰਘਾਂ ਨੂੰ ਖੁਲ੍ਹੇ ਦਿਲ ਨਾਲ ਲੰਗਰ ਛਕਾਇਆ ਗਿਆ ਅਤੇ ਗੱਡੀ ਦੇ

ਕੈਦੀ ਮੁਸਾਫਰ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡਦੇ ਅਟਕ ਜੇਲ੍ਹ ਨੂੰ ਰਵਾਨਾ ਹੋ ਗਏ। 1924 ਵਿਚ ਗੁਰਦੁਆਰਾ ਗੰਗ ਸਰ (ਜੈਤੋਂ) ਵਿਖੇ ਸੰਗਤ ਵੱਲੋਂ ਅਰੰਭ ਕੀਤਾ ਅਖੰਡ ਪਾਠ ਨਾਭੇ ਦੇ ਸਰਕਾਰੀ ਕਰਮਚਾਰੀਆਂ ਨੇ ਅੰਗਰੇਜ਼ ਸਰਕਾਰ ਦੀ ਸਹਿ ਪਰ ਖੰਡਨ ਕਰ ਦਿੱਤਾ ਸੀ। ਇਹ ਸਿੱਖ ਧਰਮ ਵਿੱਚ ਸਰਕਾਰ ਵੱਲੋਂ ਸਿੱਧੀ ਮੁਖਾਲਫ਼ਤ ਸੀ। ਰੋਸ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜੱਥੇ ਅਖੰਡ ਪਾਠ ਮੁੜ ਜਾਰੀ ਕਰਨ ਲਈ ਗੰਗਸਰ ਭੇਜੇ ਜਾਣੇ ਅਰੰਭ ਹੋਏ। ਅੰਗਰੇਜ਼ ਸਰਕਾਰ ਜੱਥਿਆਂ ਨੂੰ ਗ੍ਰਿਫਤਾਰ ਕਰਦੀ ਅਤੇ ਦੂਰ ਦੁਰਾਡੇ ਜੰਗਲ ਵਿੱਚ ਛੱਡ ਆਉਂਦੀ, 1924 ਈ: ਮਹੀਨਾ ਮਾਘ ਦੀ ਬਸੰਤ ਪੰਚਮੀ ਨੂੰ 500 ਸਿੰਘਾਂ ਦਾ ਸ਼ਹੀਦੀ ਜੱਥਾ ਸ੍ਰ. ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਵਾਨਾ ਹੋਇਆ, 21 ਫਰਵਰੀ, 1924 ਨੂੰ ਇਹ ਜੱਥਾ ਗੰਗਸਰ ਲਾਗੇ ਜਾ ਪੁੱਜਾ। ਦਰਸ਼ਕਾਂ ਵਿੱਚ ਡਾਕਟਰ ਕਿਚਲੂ, ਪ੍ਰਿੰਸੀਪਲ਼ ਗਡਵਾਨੀ, ਅਮਰੀਕਾ ਦਾ ਪੱਤਰ ਪ੍ਰੇਰਕ ਮਿ. ਜ਼ਮੰਦ, ਬ੍ਰਤਾਲਵੀ, ਹਿੰਦੁਸਤਾਨੀ ਪੱਤਰਕਾਰਾਂ ਦੇ ਮੁਖੀ ਪੁਜੇ ਹੋਏ ਸਨ 7000 ਦੇ ਲਗਭਗ ਲੋਕੀਂ ਭੀ ਜੱਥੇ ਦੇ ਸੱਜੇ ਖੱਬੇ ਅਤੇ ਪਿੱਛੇ-ਪਿੱਛੇ ਜਾ ਰਹੇ ਸਨ। ਜੱਥੇ ਦੇ ਨਾਭੇ ਦੀ ਸਰਹੱਦ ਵਿੱਚ ਦਾਖਲ ਹੁੰਦਿਆਂ ਸਰਕਾਰ ਵੱਲੋਂ ਕੜ-ਕੜ ਗੋਲੀ ਚਲਾਈ ਗਈ, 90 ਸਿੰਘ ਸ਼ਹੀਦ ਹੁਏ ਅਤੇ 100 ਦੇ ਲਗਭਗ ਜ਼ਖ਼ਮੀ ਹੋ ਗਏ। ਜੱਥੇ ਨਾਲ ਜਾ ਰਹੀ ਇਕ ਬੀਬੀ ਕੁਛੜ ਛੋਟਾ ਬਾਲ ਸੀ ਜੋ ਗੋਲੀ ਚੱਲਣ ਨਾਲ ਦੰਮ ਤੋੜ ਗਿਆ। ਇਸ ਬੀਬੀ ਨੇ ਕਤਾਰ ਵਿਚੋਂ ਬਾਹਰ ਨਿਕਲ ਆਪਣੇ ਦੁਪੱਟੇ ਨੂੰ ਪਾੜ ਬਾਲ ਦੀ ਲੋਥ ਨੂੰ ਲਪੇਟ ਸੜਕ ਦੇ ਕੰਢੇ ਰਖ ਦੌੜ ਕੇ ਆਪਣੀ ਕਤਾਰ ਵਿਚ ਜਾ ਪੁੱਜੀ। ਵਾਹਿਗੁਰੂ ਦਾ ਕੌਤਕ ਇਸ ਬੀਬੀ ਨੂੰ ਵੀ ਕਈ ਗੋਲੀਆਂ ਆ ਲੱਗੀਆਂ ਅਤੇ ਸ਼ਹੀਦ ਹੋ ਗਈ। ਗੋਲੀ ਚਲਣੀ ਬੰਦ ਹੋ ਗਈ। ਸੰਗਤ "ਮੁਹਿ ਮਰਨੇ ਕਾ ਚਾਉ ਹੈ" ਪੜ੍ਹਦੀ ਗੁਰਦੁਆਰੇ ਅੰਦਰ ਦਾਖ਼ਲ ਹੋ ਗਈ, ਸਰਕਾਰ ਹਾਰ ਖਾ ਕੇ ਦੌੜ ਗਈ। ਜੱਥੇ ਨੇ ਅਖੰਡ ਪਾਠ ਜਾਰੀ ਕਰ ਦਿੱਤਾ।

ਇਸ ਜਿੱਤ ਪਰ ਮਹਾਤਮਾ ਗਾਂਧੀ ਨੇ ਪ੍ਰਸੰਸਾ ਕਰਦਿਆਂ ਕਿਹਾ ਸੀ ਸਿੱਖਾਂ ਨੇ ਭਾਰਤ ਦੀ ਅਜ਼ਾਦੀ ਦੀ ਪਹਿਲੀ ਪੌੜੀ ਪ੍ਰਾਪਤ ਕਰ ਲਈ ਹੈ। 1926 ਵਿਚ ਸਾਈਮਨ ਕਮਿਸ਼ਨ ਦੇ ਬਾਈਕਾਟ ਵਜੋਂ ਲਾਹੌਰ ਵਿਚ ਵੱਡਾ ਜਲੂਸ ਨਿਕਲਿਆ,

ਜੋ ਇਨਕਲਾਬ ਜ਼ਿੰਦਾਬਾਦ ਅਤੇ ਸਾਈਮਨ ਕਮਿਸ਼ਨ "ਮੁਰਦਾਬਾਦ ਦੇ ਨਾਹਰੇ ਮਾਰ ਰਿਹਾ ਸੀ" ਪੁਲੀਸ ਕਪਤਾਨ ਸਕਾਟ ਨੇ ਲਾਠੀਚਾਰਜ ਕੀਤਾ। ਭਗਤ ਸਿੰਘ ਅਤੇ ਉਸਦੇ ਸਾਥੀ ਕ੍ਰਾਂਤੀਕਾਰੀ ਜਲੂਸ ਵਿਚ ਸ਼ਾਮਲ ਸਨ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕਪਤਾਨ ਪੁਲੀਸ ਨੂੰ ਸੋਧਨੇ ਦਾ ਪ੍ਰੋਗਰਾਮ ਤਿਆਰ ਕੀਤਾ, ਮਗਰ ਭਲੇਖੇ ਵਿਚ ਕਪਤਾਨ ਦਾ ਅਸਿਸਟੈਂਟ ਸਾਂਡਰਸ ਭਗਤ ਸਿੰਘ ਅਤੇ ਰਾਜਗੁਰੂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਿਆ। ਇਕ ਥਾਣੇਦਾਰ ਚੰਨਨ ਸਿੰਘ ਵੀ ਮਾਰਿਆ ਗਿਆ। ਮੁਕੱਦਮਾ ਚਲਿਆ। ਭਗਤ ਸਿੰਘ ਅਤੇ ਉਸਦੇ ਸਾਥੀ 23 ਮਾਰਚ, 1931 ਦੀ ਰਾਤ ਨੂੰ ਫਾਂਸੀ ਦੇ ਤਖ਼ਤੇ ਤੇ ਚਾੜ੍ਹੇ ਗਏ। ਜੇਲ੍ਹ ਦੀ ਪਿਛਲੀ ਕੰਧ ਵਿਚ ਪਾੜ ਲਾ ਕੇ ਸ਼ਹੀਦਾਂ ਦੀਆਂ ਲੋਥਾਂ ਬਾਹਰ ਕਢੀਆਂ ਗਈਆਂ, ਇਕ ਟਰੱਕ ਵਿਚ ਪਾ ਕੇ ਫਿਰੋਜ਼ਪੁਰ ਲਾਗੇ ਦਰਿਆ ਦੇ ਕੰਢੇ ਅਗਨੀ ਭੇਟ ਕਰਕੇ ਅਧ ਸੜੀਆਂ ਦਰਿਆ ਵਿਚ ਵਹਾ ਦਿੱਤੀਆਂ।

"ਅਜ਼ਾਦੀ ਦੇ ਕ੍ਰਾਂਤੀਕਾਰੀਆਂ ਵਿਚ 18 ਸਾਲ ਚੜ੍ਹਦੀ ਜੁਆਨੀ ਦਾ ਕਰਤਾਰ ਸਿੰਘ 'ਸਰਾਭਾ' ਦਾ ਨਾਮ ਵੀ ਵਰਨਣ ਯੋਗ ਹੈ, ਜਿਸ ਨੇ ਇਸ ਛੋਟੀ ਉਮਰ ਵਿਚ ਭਾਰਤ ਦੀ ਸੁਤੰਤਰਤਾ ਲਈ ਆਪਣਾ ਯੋਗਦਾਨ ਪਾ ਕੇ ਸ਼ਹੀਦੀ ਪ੍ਰਾਪਤ ਕੀਤੀ।"

"ਤੁਝੇ ਜ਼ਿਬ੍ਹਾ ਕਰਨੇ ਕੀ ਖੁਸ਼ੀ ਹੈ ਔਰ ਮੁਝੇ ਮਰਨੇ ਕਾ ਸ਼ੌਕ"
"ਮੇਰੀ ਵੀ ਮਰਜ਼ੀ ਵਹੁ ਹੈ। ਜੋ ਮੇਰੇ ਸੱਯਾਦ ਕੀ ਹੈ"

ਧਨ ਹਨ ਸਿਖ ਅਤੇ ਧੰਨ ਉਹਨਾਂ ਦਾ ਦੇਸ਼-ਭਗਤੀ ਲਈ ਜੂਝਣ ਦਾ ਚਾਉ॥

ਅਸੀਂ ਆਪਣੇ ਇਹਨਾਂ ਮਹਾਨ ਸ਼ਹੀਦਾਂ ਨੂੰ ਸਤਿਕਾਰ ਨਾਲ ਨਮਸਕਾਰ ਕਰਦੇ ਹਾਂ।

ਅੰਤ ਵਿਚ ਅਸੀਂ ਹਕੂਮਤ ਅਤੇ ਮਾਇਆ ਵਿੱਚ ਗਰੱਸਿਆਂ ਨੂੰ ਚਤਾਵਨੀ ਦਿੰਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਾਜਿਆ ਖਾਲਸਾ ਪੰਥ ਜਬਰ ਨਾਲ ਦਬਾਇਆ ਨਹੀਂ ਜਾ ਸਕੇਗਾ। ਦਿੱਲੀ ਦੀਆਂ ਖੇਡਾਂ ਸਮੇਂ ਹਤਿਆਰਿਆਂ ਨੇ ਭਾਰਤ ਦੀ ਸਾਂਝੀ ਸੜਕ ਤੇ ਥਾਂਉ ਥਾਈਂ ਚੌਕੀਆਂ ਬਿਠਾਕੇ ਦੇਖ ਲਿਆ ਕਿ ਬਾਵਜੂਦ ਇਤਨੀਆਂ ਕਰੜੀਆਂ ਰੋਕਾਂ ਦੇ ਗੁਰੂ ਸਿੰਘ ਆਪਣੇ ਨਿਸ਼ਾਨੇ 'ਤੇ ਪੁੱਜਣ ਵਿਚ ਸਫ਼ਲ ਹੋ ਗਏ।

ਅਸੀਂ ਆਪਣੇ ਪ੍ਰਧਾਨ ਮੰਤਰੀ ਨੂੰ ਵੀ ਕਹਿਣਾ ਚਾਹੁੰਦੇ ਹਾਂ ਕਿ ਉਹ ਪੰਜਾਬ ਦੀਆਂ ਸਿਆਸੀ ਅਤੇ ਆਰਥਿਕ ਲੋੜਾਂ ਵਲ ਉਚੇਚਾ ਧਿਆਨ ਦੇਣ, ਪੰਜਾਬ ਦੀਆਂ ਸਰਹੱਦਾਂ ਪਾਕਿਸਤਾਨ ਨਾਲ ਜੁੜੀਆਂ ਹੋਣ ਕਾਰਣ ਪੰਜਾਬ ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਾ ਕੇ ਹੀ ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਵਿਚ ਵਸਦੇ ਲੋਕੀਂ ਸੁੱਖ ਦੀ ਨੀਂਦਰ ਸੌਂ ਸਕਦੇ ਹਨ।

ਨੋਟ :- ਇਸ ਪੱਤ੍ਰਿਕਾ ਦੇ ਛਾਪਣ ਲਈ ਕਪਤਾਨ ਧਰਮ ਸਿੰਘ ਜੀ ਵਲੋਂ 50 ਰੁਪਏ ਦੀ ਸੇਵਾ ਹੈ। ਗੁਰੂ ਮਹਾਰਾਜ ਸੇਵਕ ਨੂੰ ਦੇਹ ਅਰੋਗਤਾ ਤੇ ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਨ ਤੇ ਇਸ ਤਰ੍ਹਾਂ ਸੰਦੇਸ਼ ਦੇ ਲਿਖਣ ਦੀ ਸੇਵਾ ਕਰਦੇ ਰਹਿਣ।

* * *

# ਡਾ. ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ

ਮਿਊਜ਼ੀਅਮ ਖੁੱਲ੍ਹਣ ਦਾ ਸਮਾਂ :
ਸਵੇਰੇ 9:00 ਵਜੇ ਤੋਂ ਸ਼ਾਮੀ 5:00 ਵਜੇ ਤੱਕ
(ਮੁਫ਼ਤ ਦਾਖਲਾ, ਕੋਈ ਟਿਕਟ ਨਹੀਂ)
ਹਰੇਕ ਸੋਮਵਾਰ ਮਿਊਜ਼ੀਅਮ ਬੰਦ ਰਹੇਗਾ

**ਸਥਿੱਤ:**

1. ਚੰਡੀਗੜ੍ਹ ਤੋਂ ਮੁਲਾਂਪੁਰ ਹਾਈਵੇ ਟੀ ਪੁਆਇੰਟ ਤੋਂ ਸੱਜੇ ਹੱਥ ਮੁੜ ਕੇ ਸਿਸਵਾਂ ਰੋਡ 'ਤੇ 1 ਕਿਲੋਮੀਟਰ ਖੱਬੇ ਹੱਥ ਸਥਿੱਤ ।
2. ਕੁਰਾਲੀ ਤੋਂ ਸਿਸਵਾਂ ਰੋਡ ਰਾਹੀਂ ਲਗਭਗ 15 ਕਿੱਲੋਮੀਟਰ ਖੱਬੇ ਹੱਥ ਸਥਿੱਤ ।

ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜੀਵਨ ਝਲਕ

ਮਿੱਠ ਬੋਲੜੇ ਨੇਕ ਇਨਸਾਨ, ਪਰਉਪਕਾਰੀ ਡਾਕਟਰ, ਉੱਚਕੋਟੀ ਦੇ ਸਾਹਿਤਕਾਰ, ਚਿੰਤਕ ਤੇ ਬਹੁਗੁਣੀ ਸ਼ਖ਼ਸੀਅਤ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਜਨਮ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਗਲੋਟੀਆਂ ਖੁਰਦ (ਹੁਣ ਪਾਕਿਸਤਾਨ) ਦੇ ਸਾਧਾਰਨ ਕਿਸਾਨ ਪਰਿਵਾਰ ਵਿੱਚ 22 ਮਈ, 1897 ਈ. ਨੂੰ ਪਿਤਾ ਸੁੰਦਰ ਸਿੰਘ ਅਤੇ ਮਾਤਾ ਇੰਦਰ ਕੌਰ ਦੇ ਘਰ ਹੋਇਆ । ਬਚਪਨ ਵਿੱਚ ਹੀ ਮਾਂ-ਪਿਓ ਦਾ ਸਾਇਆ ਸਿਰ ਤੋਂ ਉੱਠਣ ਕਰ ਕੇ, ਦੀਵਨ ਸਿੰਘ ਦਾ ਪਾਲਣ ਪੋਸ਼ਣ ਦਾਦੀ ਤੇ ਚਾਚਾ ਸੋਹਣ ਸਿੰਘ ਨੇ ਕੀਤਾ । ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਸਕੌਚ ਮਿਸ਼ਨ ਸਕੂਲ ਡਸਕਾ, ਖਾਲਸਾ ਸਕੂਲ ਸਿਆਲਕੋਟ ਤੇ ਆਗਰਾ ਮੈਡੀਕਲ ਕਾਲਜ ਤੋਂ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ । ਸਿਆਲਕੋਟ ਦੇ ਪਿੰਡ ਕੰਗ ਦੀ ਜੰਮਪਲ ਇੰਦਰ ਕੌਰ ਨਾਲ ਡਾ. ਦੀਵਾਨ ਸਿੰਘ ਦਾ ਵਿਆਹ ਹੋਇਆ ਜਿਸ ਦੀ ਕੁੱਖੋਂ ਚਾਰ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ । 13 ਅਪ੍ਰੈਲ, 1919 ਮੈਡੀਕਲ ਪ੍ਰੀਖਿਆ ਪਾਸ ਕਰਕੇ ਇੰਡੀਅਨ ਮੈਡੀਕਲ ਡਿਪਾਰਟਮੈਂਟ ਵਿੱਚ ਭਰਤੀ ਹੋ ਗਏ । ਪਹਿਲੀ ਨਿਯੁਕਤੀ ਰਾਵਲਪਿੰਡੀ ਫਿਰ ਲਾਹੌਰ, ਡਗਸ਼ਈ, ਰੰਗੂਨ ਤੇ ਅਪ੍ਰੈਲ 1927 ਵਿੱਚ ਅੰਡੇਮਾਨ ਦੇ ਟਾਪੂ

ਪੋਰਟ ਬਲੇਅਰ ਵਿੱਚ ਸਿਵਲ ਡਾਕਟਰ ਦੇ ਤੌਰ 'ਤੇ ਭੇਜੇ ਗਏ ਤੇ ਹਮੇਸ਼ਾ ਲਈ ਹੀ ਉੱਥੋਂ ਦੇ ਹੋ ਗਏ । ਦੂਸਰੀ ਸੰਸਾਰ ਜੰਗ ਸਮੇਂ ਜਪਾਨ ਦੁਆਰਾ 23 ਮਾਰਚ, 1942 ਨੂੰ ਅੰਡੇਮਾਨ ਦੇ ਟਾਪੂਆਂ ਉੱਤੇ ਕਬਜ਼ਾ ਕਰ ਲਿਆ ਗਿਆ । ਡਾ.ਦੀਵਾਨ ਸਿੰਘ ਲੋਕਾਂ ਦੇ ਹਿਤਾਂ ਦੀ ਰਾਖੀ ਕਰਦਾ ਲਗਾਤਾਰ ਜਪਾਨੀਆਂ ਦੇ ਗ਼ਲਤ ਆਦੇਸ਼ ਮੰਨਣ ਤੋਂ ਨਾਂਹ ਕਰਦਾ ਰਿਹਾ ਸੀ । 23 ਅਕਤੂਬਰ, 1943 ਨੂੰ ਜਪਾਨੀਆਂ ਦੁਆਰਾ ਝੂਠੇ ਜਾਸੂਸੀ ਦੇ ਕੇਸ ਵਿੱਚ ਡਾ.ਦੀਵਾਨ ਸਿੰਘ ਨੂੰ ਕੈਦ ਕਰ ਲਿਆ ਗਿਆ। ਉਸ ਨੂੰ ਤਿੰਨ ਮਹੀਨੇ ਅਮਾਨਵੀ ਤਸੀਹੇ ਦਿੱਤੇ ਗਏ ਕਿ ਉਹ ਅੰਗਰੇਜ਼ਾਂ ਦੀ ਜਾਸੂਸੀ ਦਾ ਇਲਜ਼ਾਮ ਕਬੂਲ ਕਰੇ ਪਰ ਉਸ ਨੇ ਝੂਠਾ ਇਲਜ਼ਾਮ ਮੰਨਣ ਤੋਂ ਇਨਕਾਰ ਕਰ ਦਿੱਤਾ । 83 ਦਿਨਾਂ ਦੇ ਲਗਾਤਾਰ ਤਸੀਹੇ ਸਹਾਰਦਿਆਂ, ਸੱਚਾਈ 'ਤੇ ਪਹਿਰਾ ਦਿੰਦਿਆਂ, ਉਹਨਾਂ ਨੇ 14 ਜਨਵਰੀ, 1944 ਨੂੰ ਸ਼ਹਾਦਤ ਪ੍ਰਾਪਤ ਕੀਤੀ ।

**ਡਾ. ਦੀਵਾਨ ਸਿੰਘ ਦੁਆਰਾ ਪੰਜਾਬੀ ਵਿੱਚ ਲਿਖੀਆਂ ਪੁਸਤਕਾਂ:**

1. ਵਗਦੇ ਪਾਣੀ (ਕਾਵਿ ਸੰਗ੍ਰਹਿ) 1938
2. ਅੰਤਿਮ ਲਹਿਰਾਂ (1962)
3. ਮੇਰਾ ਜੀਵਨ ਮੇਰਾ ਗੀਤ (ਨਿਬੰਧ ਸੰਗ੍ਰਹਿ) (1983)
4. ਸਹਿਜ ਸੰਚਾਰ (ਸਾਹਿਤਕ ਲੇਖ) (1985)
5. ਮਲਿਆਂ ਦੇ ਬੇਰ (1986)

**ਡਾ. ਦੀਵਾਨ ਸਿੰਘ ਕਾਲੇਪਾਣੀ ਤੇ ਉਹਨਾਂ ਦੀਆਂ ਲਿਖਤਾਂ ਬਾਰੇ ਛਪੀਆਂ ਪੁਸਤਕਾਂ:**

1 ਇੱਕ ਲਾਸਾਨੀ ਸ਼ਹੀਦ ਦੀਵਾਨ ਸਿੰਘ ਕਾਲੇਪਾਣੀ (ਐਨ. ਇਕਬਾਲ ਸਿੰਘ)

2 A TITAN IN THE ANDAMANS (Mohinder Singh Dhillon

3 ਡਾ. ਦੀਵਾਨ ਸਿੰਘ ਕਾਲੇਪਾਣੀ (ਮਹਿੰਦਰ ਸਿੰਘ)

4 DIWAN SINGH KALEPANI SMRITI GRANTH (N. IQBAL SINGH)

5 SYMPHONY OF FLOWING WATERS (GURDIAL SINGH AARIF)

6 ਡਾ.ਦੀਵਾਨ ਸਿੰਘ ਕਾਲੇਪਾਣੀ ਰਚਨਾਵਲੀ (ਭਾਸ਼ਾ ਵਿਭਾਗ ਪੰਜਾਬ)

7 ਵਾਰਤਾਕਾਰ ਦੀਵਾਨ ਸਿੰਘ ਕਾਲੇਪਾਣੀ (ਜਗੀਰ ਸਿੰਘ ਢੇਸਾ)

8 ਇੱਕ ਸੁਨਹਿਰੀ ਦਿਲ (ਪ੍ਰੋਫੈਸਰ ਹਰਦਿਆਲ ਸਿੰਘ)

9 ਦੀਵਾਨ ਸਿੰਘ ਕਾਲੇਪਾਣੀ (ਸੂਬਾ ਸਿੰਘ)

## ਮਿਊਜ਼ੀਅਮ ਬਾਰੇ ਜਾਣਕਾਰੀ

**ਸਥਾਪਨਾ-**

ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਪਰਿਵਾਰ ਨੇ ਸਾਂਝੇ ਤੌਰ ਤੇ ਆਪਣੇ ਮਹਾਨ ਪੁਰਖੇ ਦੀ ਯਾਦ ਵਿੱਚ, ਡਾ.ਮਹਿੰਦਰ ਸਿੰਘ ਢਿੱਲੋਂ ਦੇ ਸਿਰਤੋੜ ਯਤਨਾਂ ਸਦਕਾ, ਇਹ ਮਿਊਜ਼ੀਅਮ 1998 ਈ. ਵਿੱਚ ਸਥਾਪਿਤ ਕੀਤਾ । ਲਗਭਗ ਡੇਢ ਏਕੜ ਰਕਬੇ ਵਿੱਚ ਬਣੇ ਇਸ ਮਿਊਜ਼ੀਅਮ ਦਾ ਰਸਮੀ ਤੌਰ ਤੇ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੁਆਰਾ 23 ਦਸੰਬਰ, 2013 ਨੂੰ ਕੀਤਾ ਗਿਆ ।

**ਮਿਊਜ਼ੀਅਮ ਦੇ ਪੰਜ ਭਾਗ ਹਨ:**

**1. ਪਹਿਲਾ ਭਾਗ - ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਸੰਖੇਪ ਜੀਵਨੀ, ਰਾਸ਼ਟਰੀ ਤੇ ਅੰਤਰਰਾਸ਼ਟਰੀ ਘਟਨਾਵਾਂ ਦਾ ਵੇਰਵਾ ।**

ਪਹਿਲਾ ਹਾਲ ਕਮਰਾ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜੀਵਨੀ 'ਤੇ ਝਾਤ ਪਾਉਂਦਾ ਹੈ । ਡਾ. ਕਾਲੇਪਾਣੀ ਦੀ ਜੀਵਨੀ ਦੇ ਨਾਲ-ਨਾਲ ਉਸ ਸਮੇਂ ਭਾਰਤ ਅੰਦਰ ਵਾਪਰ ਰਹੀਆਂ, ਮੁੱਖ ਘਟਨਾਵਾਂ ਦਾ ਵੇਰਵਾ ਵੀ ਵੇਖਣ ਨੂੰ ਮਿਲਦਾ ਹੈ ਤੇ ਨਾਲ ਹੀ ਉਸ ਸਮੇਂ ਪੂਰੀ ਦੁਨੀਆਂ ਅੰਦਰ ਹੋ ਰਹੀਆਂ ਰਾਜਨੀਤਕ, ਸਮਾਜਿਕ, ਆਰਥਿਕ ਗਤੀਵਿਧੀਆਂ ਦਾ ਵੇਰਵਾ ਦਿੱਤਾ ਗਿਆ ਹੈ ।

**2. ਦੂਜਾ ਭਾਗ - ਡਾ. ਦੀਵਾਨ ਸਿੰਘ ਅਤੇ ਪੰਜਾਬੀਅਤ**

ਪ੍ਰੋ.ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਅਤੇ ਭਾਈ ਵੀਰ ਸਿੰਘ ਬਾਰੇ ਡਾ. ਕਾਲੇਪਾਣੀ ਦੀਆਂ ਕਵਿਤਾਵਾਂ ਕਲਾਤਮਿਕਤਾ ਅਤੇ ਚਿੰਤਨ 'ਤੇ ਅਧਾਰਿਤ ਹਨ ।

**3. ਤੀਜਾ ਭਾਗ - ਡਾ. ਦੀਵਾਨ ਸਿੰਘ ਅਤੇ ਧਰਮ**

ਡਾ. ਦੀਵਾਨ ਸਿੰਘ ਦੇ ਧਰਮ ਦੀ ਪੇਸ਼ਕਾਰੀ ਨੂੰ ਮੂਰਤੀਮਾਨ ਕਰਦੀਆਂ ਈਸਾ, ਨਾਨਕ ਤੇ ਬੁੱਧ ਦੀਆਂ ਤਸਵੀਰਾਂ ਨਾਲ ਕਾਵਿ-ਟੁਕੜੀਆਂ ਪੜ੍ਹਨ ਨੂੰ ਮਿਲਦੀਆਂ ਹਨ ।

**4. ਭਾਗ ਚੌਥਾ - ਡਾ. ਦੀਵਾਨ ਸਿੰਘ ਦਾ ਮਾਨਵਤਾਵਾਦ**

ਡਾ.ਕਾਲੇਪਾਣੀ ਦੀਆਂ ਮਾਨਵਤਾਵਾਦ ਨਾਲ ਸਬੰਧਿਤ ਲਿਖਤਾਂ ਅਤੇ ਕਾਲੇਪਾਣੀ ਦੀਆਂ ਕੋਠੜੀਆਂ ਦੀਆਂ ਤਸਵੀਰਾਂ ਨੂੰ ਚਿੱਤਰਮਾਨ ਕੀਤਾ ਗਿਆ ਹੈ ।

5. ਭਾਗ ਪੰਜਵਾਂ - ਡਾ. ਦੀਵਾਨ ਸਿੰਘ ਦਾ ਦੇਸ਼ ਪ੍ਰੇਮ

ਕਾਲੇਪਾਣੀ ਜੇਲ੍ਹ ਦੇ ਵਰਾਂਡੇ ਦੀ ਇੱਕ ਵੱਡ ਅਕਾਰੀ ਤਸਵੀਰ ਦਰਸ਼ਕ ਨੂੰ ਅਸਲੀਅਤ ਹੋਣ ਦਾ ਭੁਲੇਖਾ ਪਾਉਂਦੀ ਹੈ । ਇਸ ਅੰਤਮ ਭਾਗ ਵਿੱਚ ਡਾ. ਦੀਵਾਨ ਸਿੰਘ ਦੇ ਦੇਸ਼ ਪ੍ਰੇਮ ਨੂੰ ਲਿਖਤਾਂ ਤੇ ਚਿੱਤਰਾਂ ਸਹਿਤ ਵਿਖਾਇਆ ਗਿਆ ਹੈ ।ਅੰਡੇਮਾਨ ਦੀ ਸੈਲੂਲਰ ਜੇਲ੍ਹ (ਕਾਲੇਪਾਣੀ ਦੀ ਜੇ੍ਹਲ) ਵਿੱਚ ਬਣੀਆਂ ਕੋਠੜੀਆਂ ਦੇ ਆਕਾਰ ਦੀ ਕਾਲੇਪਾਣੀ ਦੀ ਜੇਲ੍ਹ ਦਾ ਹੂਬਹੂ ਨਮੂਨਾ ਇੱਕ ਕੋਠੜੀ ਵੀ ਇਥੇ ਬਣਾਈ ਗਈ ਹੈ । ਕੋਠੜੀ ਵਿੱਚ ਲਿਖੀਆਂ ਇਬਾਰਤਾਂ ਜਪਾਨੀ ਹਾਕਮਾਂ ਦੇ ਮਨੁੱਖਤਾ 'ਤੇ ਕੀਤੇ ਵਹਿਸ਼ੀਆਨਾ ਜ਼ੁਲਮਾਂ ਦੀਆਂ ਬਾਤਾਂ ਪਾਉਂਦੀਆਂ ਹਨ।

**ਸੱਚ ਦਾ ਬੁਰਜ**

ਮਿਊਜ਼ੀਅਮ ਦੇ ਵਿਹੜੇ ਅੰਦਰ ਡਾ. ਦੀਵਾਨ ਸਿੰਘ ਦੀ ਉਮਰ ਦਾ ਪ੍ਰਤੀਕ 47 ਫੁੱਟ ਉੱਚਾ ਸੱਚ ਦਾ ਬੁਰਜ ਬਣਾਇਆ ਗਿਆ ਹੈ ਜਿਸ 'ਤੇ ਕਵਿਤਾ ਅੰਕਿਤ ਹੈ ।

**ਡਾ. ਸਾਹਿਬ ਦਾ ਆਦਮਕੱਦ ਬੁੱਤ**

ਮਿਊਜ਼ੀਅਮ ਦੇ ਸਾਹਮਣੇ ਨਾਲ ਲੱਗਦੇ ਪਾਰਕ ਵਿੱਚ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਪੱਥਰਾਂ ਉੱਪਰ ਆਦਮਕੱਦ ਬੁੱਤ ਸਥਾਪਿਤ ਕੀਤਾ ਹੋਇਆ ਹੈ । ਜੋ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੈ । ਇਹ ਬੁੱਤ 'ਪਾਣੀ ਵਗਦੇ ਹੀ ਰਹਿਣ' ਕਵਿਤਾ ਨੂੰ ਮੂਰਤੀਮਾਨ ਕਰਦਾ ਹੈ ।

**ਲਾਇਬ੍ਰੇਰੀ**

ਮਿਊਜ਼ੀਅਮ ਬਿਲਡਿੰਗ ਨਾਲ ਦੇ ਦੂਸਰੇ ਹਿੱਸੇ ਵਿੱਚ ਲਾਇਬ੍ਰੇਰੀ ਸਥਿੱਤ ਹੈ ਜਿੱਥੇ ਡਾ. ਕਾਲੇਪਾਣੀ ਦੁਆਰਾ ਲਿਖਤਾਂ ਤੇ ਉਹਨਾਂ ਦੀਆਂ ਜੀਵਨੀ ਪੁਸਤਕਾਂ ਸਮੇਤ ਪੰਜਾਬੀ, ਅੰਗਰੇਜ਼ੀ, ਹਿੰਦੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਕਹਾਣੀਆਂ, ਨਾਵਲ, ਕਵਿਤਾਵਾਂ, ਰਸਾਲੇ ਆਦਿਕ 1500 ਦੇ ਕਰੀਬ ਪੁਸਤਕਾਂ ਰੱਖੀਆਂ ਗਈਆਂ ਹਨ। ਪੁਸਤਕਾਂ ਪੜ੍ਹਨ ਵਾਲਾ ਕੋਈ ਵੀ ਪੁਸਤਕ ਪ੍ਰੇਮੀ ਇੱਥੇ ਆ ਕੇ ਪੜ੍ਹ ਸਕਦਾ ਹੈ ।

**ਪੁਰਾਣੇ ਦਸਤਾਵੇਜ਼**

ਡਾ.ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਨਾਲ ਸਬੰਧਤ ਪੁਰਾਣੇ ਦੁਰਲੱਭ ਦਸਤਾਵੇਜ਼, ਜਪਾਨੀ ਅਤੇ ਅਮਰੀਕੀ ਵਿਦਵਾਨਾਂ ਨਾਲ ਵਿਚਾਰ

ਵਟਾਂਦਰਾ, ਜਪਾਨੀ ਫੌਜ ਦਾ ਅੰਡੇਮਾਨ ਤੇ ਕਬਜ਼ਾ, ਮਿਊਜ਼ੀਅਮ ਦਾ ਨਿਰਮਾਣ ਤੇ ਹੋਰ ਇਤਹਾਸਕ ਘਟਨਾਵਾਂ ਦੇ ਵੇਰਵੇ ਪੜ੍ਹਨ ਨੂੰ ਮਿਲਦੇ ਹਨ ਜੋ ਸ਼ੀਸ਼ੇ ਦੇ 9 ਫਰੇਮਾਂ ਵਿੱਚ ਲਾਇਬ੍ਰੇਰੀ ਅੰਦਰ ਰੱਖੇ ਗਏ ਹਨ ।

- **ਇਥੇ ਸਾਹਿਤਕ/ਸੱਭਿਆਚਾਰਕ ਸਮਾਗਮ ਕਰਵਾਉਣ ਦੀ ਵੀ ਸਹੂਲਤ ਹੈ ।**
- **ਹੁਣ ਤੱਕ ਹੋਏ ਸਮਾਗਮਾਂ ਦਾ ਵੇਰਵਾ**
  1. ਕਵੀ ਦਰਬਾਰ 21-05-2004
  2. 14ਵਾਂ ਸਾਲਾਨਾ ਸਨਮਾਨ ਸਮਾਰੋਹ 26 ਨਵੰਬਰ, 2017 (ਵੱਲੋਂ ਪੁਆਧੀ ਪੰਜਾਬੀ ਸੱਥ ਮੁਹਾਲੀ)
  3. ਬਾਲ ਦਿਵਸ ਤੇ ਵਿਸ਼ੇਸ਼ ਹਰ ਵਰ੍ਹੇ ਆਸ-ਪਾਸ ਦੇ ਸਕੂਲਾਂ ਦੇ ਬੱਚਿਆਂ ਦੇ ਭਾਸ਼ਣ/ਕਵਿਤਾ/ਪੇਟਿੰਗ
     ਮੁਕਾਬਲੇ ਕਰਵਾਏ ਜਾਂਦੇ ਹਨ ।

**ਇਹ ਰਮਣੀਕ ਅਸਥਾਨ ਨਿਊ ਚੰਡੀਗੜ੍ਹ ਖੇਤਰ ਵਿੱਚ ਬਹੁਤ ਮਨਮੋਹਕ ਤੇ ਵੇਖਣ ਯੋਗ ਹੈ ।**

ਨੋਟ : ਡਾ. ਦੀਵਾਨ ਸਿੰਘ ਦਾ ਜਨਮ ਲਹਿੰਦੇ ਪੰਜਾਬ 'ਚ ਹੋਇਆ, ਸ਼ਹੀਦੀ ਅੰਡੇਮਾਨ ਕਾਲੇਪਾਣੀ ਵਿਖੇ ਹੋਈ ਅਤੇ ਯਾਦਗਾਰੀ ਮਿਊਜ਼ੀਅਮ ਪੁਆਧ ਦੀ ਧਰਤ 'ਤੇ ਬਣਿਆ।

*****



ਮਨਮੋਹਨ ਸਿੰਘ ਦਾਊਂ

ਸ. ਮਨਮੋਹਨ ਸਿੰਘ ਦਾਊਂ ਦੀ ਆਪਣੀ ਜਨਮ-ਭੂਮੀ ਪੁਆਧ ਦਾ ਪਿੰਡ ਦਾਊਂ ਹੈ। ਉਸਦੀ ਸਾਹਿਤਕ, ਸਭਿਆਚਾਰਕ, ਇਤਿਹਾਸਕ ਪਿਛੋਕੜ ਨਾਲ ਸੱਚੀ-ਸੁੱਚੀ ਮੁਹੱਬਤ ਹੈ। ਸ੍ਰੀ ਦਾਊਂ ਨੇ ਆਪਣੀ ਤੌਫ਼ੀਕ, ਯੋਗਤਾ, ਬੁੱਧੀ ਅਤੇ ਨਿਰੰਤਰ ਕੀਤੇ ਸ਼ੋਧ-ਖੋਜ ਦੇ ਯਤਨਾਂ ਸਦਕਾ, ਪੁਆਧ ਦੀ ਸੰਸਕ੍ਰਿਤੀ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਪੰਜਾਬੀ ਹਲਕਿਆਂ ਵਿੱਚ ਪ੍ਰਚਾਰਿਆ ਹੈ। ਪੁਆਧ ਨੂੰ ਇਤਿਹਾਸਕ, ਭੂਗੋਲਿਕ ਅਤੇ ਸਾਹਿਤਕ ਅਥਵਾ ਭਾਸ਼ਾ ਦ੍ਰਿਸ਼ਟੀ ਤੋਂ ਜੋ ਪ੍ਰਗਾਸਿਆ ਹੈ, ਉਹ ਆਪ ਦੀਆਂ ਸਮੁੱਚੀਆਂ ਸਾਹਿਤਕ ਪ੍ਰਾਪਤੀਆਂ ਦਾ ਨਰੋਆ ਅੰਗ ਕਹਿ ਸਕਦੇ ਹਾਂ। ਪੁਆਧ ਬਾਰੇ ਇੱਕ ਸੰਸਥਾ ਵਾਂਗ ਕਾਰਜ-ਸ਼ੀਲ ਹੋ ਕੇ ਜੁਟਣਾ, ਸ੍ਰੀ ਦਾਊਂ ਦੇ ਹੀ ਹਿੱਸੇ ਆਇਆ ਹੈ।

ਸ੍ਰੀ ਦਾਊਂ ਵੱਲੋਂ ਹਥਲੀ ਖੋਜ-ਪੁਸਤਕ 'ਪੁਆਧ ਕੀਆਂ ਝਲਕਾਂ' ਵੱਡ-ਅਕਾਰੀ ਰਚਨਾ ਦੀ ਸੰਪਾਦਨਾ ਇਕ ਇਤਿਹਾਸਕ ਦਸਤਾਵੇਜ਼ ਹੈ। ਸਾਹਿਤਕ ਵਿਰਸੇ ਦੀ ਨਿਰੰਤਰ ਸੇਵਾ ਸੰਭਾਲ ਕਰਦਿਆਂ, ਸ੍ਰੀ ਦਾਊਂ ਲੋਕ-ਮਨਾਂ ਦਾ ਕਰਮਯੋਗੀ ਬਣ ਗਿਆ ਹੈ।

ਪੁਆਧ ਬਾਰੇ ਇਹ ਪੁਸਤਕ ਪਾਠਕਾਂ, ਵਿਦਵਾਨਾਂ, ਅਕਾਦਮਿਕ ਅਦਾਰਿਆਂ ਤੇ ਖੋਜਾਰਥੀਆਂ ਲਈ ਮੁੱਲਵਾਨ ਸਾਬਤ ਹੋਵੇਗੀ, ਮੇਰਾ ਇਹ ਅਕੀਦਾ ਹੈ।

**ਡਾ. ਅਮਰ ਕੋਮਲ**
ਸਨਮਾਨਿਤ ਸਾਹਿਤਕਾਰ
ਮੋ. 8437873565

Forever Learning
ISBN 978-93-5205-457-2
9 789352 054572
www. unistarbooks.com ₹ 350/-